ੴ ਸਤਿਗੁਰ ਪ੍ਰਸਾਦਿ ॥

ਸ਼ਬਦਾਰਥ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੋਥੀ ਪਹਿਲੀ

ਪ੍ਰਕਾਸ਼ਕ :
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ ॥

ਸ਼ਬਦਾਰਥ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੋਥੀ ਪਹਿਲੀ

ਪ੍ਰਕਾਸ਼ਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਅਕਤੂਬਰ, ੨੦੦੯ ੫੦੦੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭੂਮਿਕਾ

੧.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਕਰਨ ਤੇ ਸਮਝਣ ਵਿੱਚ ਔਖਿਆਈ ਹੋ ਰਹੀ ਹੈ। ਇਸ ਦਾ ਕਾਰਨ ਸਾਡੇ ਵਿੱਚ ਉੱਦਮ ਦਾ ਘਾਟਾ ਹੈ, ਪਰ ਕੁਝ ਕਾਰਨ ਇਹ ਵੀ ਹੈ ਕਿ ਬਾਣੀ ਦੀ ਪੜ੍ਹਾਈ ਅਤੇ ਇਸ ਨੂੰ ਸੌਖਾ ਕਰ ਦੱਸਣ ਲਈ ਪੁਸਤਕਾਂ ਭੀ ਘੱਟ ਲਿਖੀਆਂ ਗਈਆਂ ਹਨ। ਜਿਹੜੀਆਂ ਮਿਲਦੀਆਂ ਭੀ ਹਨ, ਉਨ੍ਹਾਂ ਦੀ ਕੀਮਤ ਬਹੁਤ ਹੋਣ ਕਰ ਕੇ ਆਮ ਲੋਕੀਂ ਉਨ੍ਹਾਂ ਤੋਂ ਲਾਭ ਨਹੀਂ ਉਠਾ ਸਕਦੇ।

ਇਸ ਔਕੜ ਨੂੰ ਦੂਰ ਕਰਨ ਲਈ 'ਗੁਰ ਸੇਵਕ ਸਭਾ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ 'ਸ਼ਬਦਾਰਥ' ਟੀਕਾ ਕਰਾਉਣ ਦਾ ਉੱਦਮ ਅਰੰਭਿਆ। ਇਹ ਕੰਮ ੨੮ ਮਈ ੧੯੩੬ ਤੋਂ ਸ਼ੁਰੂ ਹੋ ਕੇ ੧੫ ਸਤੰਬਰ ੧੯੪੧ ਨੂੰ ਸੰਪੂਰਣ ਹੋਇਆ। ਇਸ ਦੇ ਲਿਖਣ ਦੀ ਸੇਵਾ ਪ੍ਰੋਫ਼ੈਸਰ ਤੇਜਾ ਸਿੰਘ, ਐਮ. ਏ., ਖਾਲਸਾ ਕਾਲਜ ਅੰਮ੍ਰਿਤਸਰ, ਬਾਵਾ ਹਰਕ੍ਰਿਸ਼ਨ ਸਿੰਘ, ਐਮ. ਏ., ਪ੍ਰਿੰਸੀਪਲ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਅਤੇ ਪ੍ਰੋਫ਼ੈਸਰ ਨਰਾਇਣ ਸਿੰਘ, ਐਮ. ਏ., ਗੁਰੂ ਨਾਨਕ ਕਾਲਜ ਗੁਜਰਾਂਵਾਲਾ, ਦੇ ਸਪੁਰਦ ਕੀਤੀ ਗਈ, ਅਤੇ ਛਪਵਾਉਣ ਆਦਿ ਦਾ ਕੰਮ ਬਾਵਾ ਸਰੂਪ ਸਿੰਘ, ਮਾਲਕ ਬਾਵਾ ਬ੍ਰਦਰਜ਼ ਲਾਹੌਰ, ਦੇ ਜ਼ਿੰਮੇ ਸੀ।

ਸ਼ੁਰੂ ਤੋਂ ਹੀ ਇਸ ਕੰਮ ਵਿੱਚ ਸੇਵਕਾਂ ਨੂੰ ਖੱਟੀ ਖੱਟਣ ਦਾ ਖ਼ਿਆਲ ਨਹੀਂ ਸੀ, ਇਸ ਲਈ ਆਰੰਭ ਵਿੱਚ ਛਪਾਈ ਕਾਗ਼ਜ਼ ਆਦਿ ਦਾ ਅੱਟਾ-ਸੱਟਾ ਲਾ ਕੇ ਚਹੁੰਆਂ ਜਿਲਦਾਂ ਦੀ ਭੇਟਾ ੧੧) ਰੱਖੀ ਗਈ। ਪਰ ਛਪਾਈ ਵਿੱਚ ਬਹੁਤ ਸਮਾਂ ਲੱਗ ਜਾਣ ਕਰ ਕੇ ਅਤੇ ਲੜਾਈ ਦੇ ਕਾਰਨ-ਜੋ ਹੁਣ ਤੱਕ ਜਾਰੀ ਹੈ-ਕਾਗ਼ਜ਼, ਸਿਆਹੀ, ਜਿਲਦਾਂ ਆਦਿ ਦਾ ਮੁੱਲ ਬਹੁਤ ਚੜ੍ਹ ਜਾਣ ਕਰ ਕੇ ਖ਼ਰਚ ਅੰਦਾਜ਼ੇ ਤੋਂ ਚਾਰ ਹਜ਼ਾਰ ਵਧੀਕ ਹੋ ਗਿਆ, ਇਸ ਲਈ ਭੇਟਾ ੧੧ ਦੀ ਥਾਂ ੧੩ ਕਰਨੀ ਪਈ। ਕੁੱਲ ਕਾਪੀਆਂ: ੨੦੦੦ ਛਪਵਾਈਆਂ ਗਈਆਂ ਸਨ। ਹੁਣ ਦੂਜੀ ਐਡੀਸ਼ਨ ਵਿੱਚ ਪਹਿਲੀਆਂ ਦੋ ਜ਼ਿਲਦਾਂ ਲਈ ਭੇਟਾ ਫ਼ੀ ਜ਼ਿਲਦ ੭॥) ਰੱਖੀ ਗਈ ਹੈ। ਬਾਕੀ ਦੀਆਂ ਦੋ ਜ਼ਿਲਦਾਂ ਦੇ ਛਪਣ ਉੱਤੇ ਉਸ ਸਮੇਂ ਦੀਆਂ ਕੀਮਤਾਂ ਤੇ ਖ਼ਰਚਾਂ ਦੇ ਮੁਤਾਬਕ ਭੇਟਾ ਵਧ ਘਟ ਕੀਤੀ ਜਾਵੇਗੀ।

੨.

ਇਸ ਟੀਕੇ ਵਿੱਚ ਸਾਰੀ ਬਾਣੀ ਨੂੰ ਚਾਰ ਪੋਥੀਆਂ ਵਿੱਚ ਵੰਡ ਕੇ ਸ਼ਬਦਾਂ ਨੂੰ ਨਖੇੜ ਕੇ ਛਾਪਿਆ ਗਿਆ ਹੈ। ਜਿਹੜੇ ਸ਼ਬਦ ਉਚਾਰਨ ਕਰਨ ਵੇਲੇ, ਜਾਂ ਅਰਥ ਕਰਨ ਲੱਗਿਆਂ, ਇਕੱਠੇ ਲੈਣੇ ਹਨ, ਉਨ੍ਹਾਂ ਨੂੰ ਬਹੁਤ ਨੇੜੇ ਕਰ ਕੇ ਛਾਪਿਆ ਹੈ। ਨਾਲ ਨਾਲ ਔਖੇ ਪਦਾਂ ਦੇ ਅਰਥ ਦਿੱਤੇ ਹਨ, ਗੂੜ੍ਹ ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਯਤਨ ਕੀਤਾ ਹੈ, ਅਤੇ ਸ਼ਬਦਾਂ ਵਿੱਚ ਆਏ ਖ਼ਿਆਲਾਂ ਦੀ ਲੜੀ ਦੱਸ ਕੇ ਸਮੁੱਚਾ ਭਾਵ ਭੀ ਦਿੱਤਾ ਹੈ। ਚਾਰੇ ਪੋਥੀਆਂ ੧੪੩੦ ਪੰਨਿਆਂ ਵਿੱਚ ਪੂਰੀਆਂ ਕੀਤੀਆਂ ਹਨ, ਅਤੇ ਹਰ ਇਕ ਪੰਨੇ ਵਿੱਚ ਉਹੋ ਬਾਣੀ ਹੈ ਜੋ ੧੪੩੦ ਪੰਨੇ ਵਾਲੀ ਬੀੜ ਦੇ ਪੰਨੇ ਵਿੱਚ ਛਪੀ ਮਿਲਦੀ ਹੈ। ਇਸ ਦਾ ਲਾਭ ਇਹ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਜਦ ਕਿਸੇ ਲਫ਼ਜ਼ ਦਾ ਅਰਥ ਜਾਨਣ ਦੀ ਲੋੜ ਪਏ, ਪੜ੍ਹਨ ਵਾਲਾ ਝਟ ਇਸ 'ਸ਼ਬਦਾਰਥ' ਦਾ ਉਹੋ ਪੰਨਾ ਕੱਢ ਕੇ ਦੇਖ ਲਏਗਾ। ਹਰ ਇਕ ਪੰਨੇ ਦੇ ਸਾਰੇ ਔਖੇ ਸ਼ਬਦਾਂ ਦੇ ਅਰਥ ਉਸੇ ਪੰਨੇ ਉੱਤੇ ਦਿੱਤੇ ਹਨ। ਇਹ ਸੰਕੋਚ ਨਹੀਂ ਕੀਤੀ ਗਈ ਕਿ ਜਿਹੜਾ ਸ਼ਬਦ ਸਮਝ ਆਏ ਹਾਂ, ਉਸ ਨੂੰ ਮੁੜ-ਮੁੜ ਨਾ ਸਮਝਾਈਏ। ਪਾਠ ਦੀ ਸੁਧਾਈ ਉਸ ਬੀੜ ਨਾਲ ਮੇਲ ਕੇ ਕੀਤੀ ਗਈ ਹੈ, ਜਿਹੜੀ ਸ. ਸ. ਚਰਨ ਸਿੰਘ ਜੀ ਸ੍ਰੀ ਕਰਤਾਰ ਪੁਰ ਵਾਲੀ ਬੀੜ ਤੋਂ ਕਰ ਕੇ ਲਿਆਏ ਸਨ। ਅਸੀਂ ਉਨ੍ਹਾਂ ਦੇ ਭ੍ਰਾਤਾ ਸਰਦਾਰ ਪ੍ਰੀਤਮ ਸਿੰਘ ਜੀ ਦੇ ਅਤੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸ ਸੋਧੀ ਹੋਈ ਬੀੜ ਦੇ ਦਰਸ਼ਨ ਕਰਾਏ।

ਦੂਜੀ ਐਡੀਸ਼ਨ ਵਿੱਚ ਇਹ ਗੱਲਾਂ ਹੋਰ ਵਧਾਈਆਂ ਗਈਆਂ ਹਨ :

(੧) ਵਿਦਵਾਨ ਸੱਜਣਾਂ ਵੱਲੋਂ ਆਈਆਂ ਰਾਵਾਂ ਤੇ ਸਲਾਹਵਾਂ ਦੇ ਮੁਤਾਬਕ ਅਰਥਾਂ ਦੀ ਸੋਧ। ਕਈ ਥਾਂ 'ਤੇ ਅਰਥ ਵਧੇਰੇ ਸਪਸ਼ਟ ਕੀਤੇ ਗਏ ਹਨ।

(੨) ਜਿਹੜੀਆਂ ਤੁਕਾਂ ਇਕ ਤੋਂ ਵਧੀਕ ਵਾਰੀ ਆਈਆਂ ਹਨ, ਉਨ੍ਹਾਂ ਦਾ ਥਹੁ ਪਤਾ।

(੩) ਪਾਠ ਦੀ ਵਧੇਰੇ ਸੁਧਾਈ, ਖ਼ਾਸ ਕਰ ਕੇ ਨਾਂਵੇਂ ਮਹਿਲਾ ਦੀ ਬਾਣੀ ਦੀ। ਗਉੜੀ ਅਤੇ ਆਸਾਂ ਰਾਗਾਂ ਵਿੱਚ ਕਿਧਰੇ-ਕਿਧਰੇ ਸ਼ਬਦਾਂ ਦੇ ਸਿਰਲੇਖਾਂ ਦੇ ਤਲੇ ਇਕ ਬਰੀਕ ਜਿਹਾ ਅੰਕ ਦਿੱਤਾ ਹੁੰਦਾ ਹੈ (ਦੇਖੋ ਪੰਨਾ ੨੦੪, ਫੁਟ ਨੋਟ †), ਇਸ ਦਾ ਭਾਵ ਲੱਭ ਕੇ ਸਮਝਾਇਆ ਹੈ।

ਤੀਜੀ, ਚੌਥੀ ਤੇ ਪੰਜਵੀਂ ਐਡੀਸ਼ਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੀ ਗਈ ਸੀ।
ਹੁਣ ਛੇਵੀਂ ਐਡੀਸ਼ਨ ਵੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਛਾਪੀ ਜਾ ਰਹੀ ਹੈ।

੩.

ਅਰਥ ਦੇਖਣ ਲਈ ਇਕ ਦੋ ਗੱਲਾਂ ਦੱਸਣੀਆਂ ਜ਼ਰੂਰੀ ਹਨ। ਕਿਸੇ ਸਫ਼ੇ ਦੇ ਔਖੇ ਸ਼ਬਦਾਂ ਦੇ ਅਰਥ ਉਸੇ ਨੰਬਰ ਦੇ ਸਾਮ੍ਹਣੇ ਸਫ਼ੇ ਉੱਤੇ ਮਿਲਣਗੇ। ਇਹ ਅਰਥ ਕੁਝ ਅੰਕ (੧, ੨, ੩ ਆਦਿ) ਦੇ ਕੇ ਨੋਟਾਂ ਦੀ ਸ਼ਕਲ ਵਿੱਚ ਹਨ ਅਤੇ ਕੁਝ * † ‡ ਆਦਿ ਨਿਸ਼ਾਨ ਦੇ ਕੇ ਫੁਟ ਨੋਟਾਂ ਦੀ ਸ਼ਕਲ ਵਿੱਚ। ਕਈ ਨੋਟਾਂ ਦੇ ਅੰਕ ਸ਼ਬਦਾਂ ਦੇ ਅੰਤ ਵਿਚ ਲੱਗੇ ਹਨ ਅਤੇ ਕਈ ਸ਼ਬਦਾਂ ਦੇ ਪਹਿਲਾਂ। ਫ਼ਰਕ ਇਹ ਹੈ ਕਿ ਜਿਥੇ ਕੇਵਲ ਇਕ ਸ਼ਬਦ ਦਾ ਅਰਥ ਦੇਣਾ ਹੈ, ਉਥੇ ਨੋਟ ਵਾਲਾ ਅੰਕ ਪਿੱਛੋਂ ਦਿੱਤਾ ਹੈ, ਪਰ ਜਿਥੇ ਇਕ ਤੋਂ ਵਧੀਕ ਸ਼ਬਦਾਂ ਦਾ ਜਾਂ ਸਾਰੀ ਤੁਕ ਦਾ ਅਰਥ ਦੇਣਾ ਹੈ, ਉਥੇ ਅੰਕ ਪਹਿਲਾਂ ਦਿੱਤਾ ਹੈ। ਉਦਹਾਰਣ ਵੱਜੋਂ ਲਓ ਪੰਨਾ ੧੯੮ :

[੪]ਮਨ ਅਸਵਾਰ ਜੈਸੇ ਤੁਰੀ[੫] ਸੀਗਾਰੀ॥

ਅੰਕ ੪ 'ਮਨ ਅਸਵਾਰ' ਤੋਂ ਪਹਿਲਾਂ ਦਿੱਤਾ ਹੈ, ਕਿਉਂਕਿ ਇਥੇ ਇਕ ਤੋਂ ਵਧੀਕ ਸ਼ਬਦਾਂ ਉੱਤੇ ਨੋਟ ਦੇਣਾ ਸੀ, ਪਰ ਅੰਕ ੫ 'ਤੁਰੀ' ਤੋਂ ਉਪਰੰਤ ਆਇਆ ਹੈ, ਕਿਉਂਕਿ ਇਥੇ ਕੇਵਲ ਇਕ ਸ਼ਬਦ ਸੀ। ਲਫ਼ਜ਼ ਦਾ ਅਰਥ ਦੇ ਕੇ ਕਈ ਵਾਰੀ ਆਸ-ਪਾਸ ਦੇ ਸਾਰੇ ਖ਼ਿਆਲ ਨੂੰ ਸਪਸ਼ਟ ਕੀਤਾ ਹੁੰਦਾ ਹੈ, ਜਿਵੇਂ ਇਥੇ 'ਤੁਰੀ' ਦਾ ਅਰਥ ਦੇ ਕੇ ਡੰਡੀ ਤੋਂ ਬਾਅਦ ਸਾਰੀ ਤੁੱਕ ਦਾ ਭਾਵ ਦੇ ਦਿੱਤਾ ਹੈ। ਜਿਥੇ ਚੌਗੁਠਾ ਬਰੈਕਟ [] ਹੋਵੇ, ਉਸ ਵਿੱਚ ਕੇਵਲ ਅੱਖਰੀ ਅਰਥ ਜਾਂ ਬੁਨਿਆਦੀ ਭਾਵ, ਜਾਂ ਬੋਲੀ ਦਾ ਨਿਰਣਾ ਕੀਤਾ ਹੁੰਦਾ ਹੈ; ਜੋ ਅਰਥ ਪ੍ਰਕਰਣ ਅਨੁਸਾਰ ਹੈ, ਉਹ ਇਸ ਬਰੈਕਟ ਤੋਂ ਬਾਹਰ ਦਿੱਤਾ ਹੈ।

੪.

ਬਾਣੀ ਦੇ ਸਮਝਣ ਵਿੱਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਤ, ਖ਼ਾਸ ਕਰ ਕੇ ਸ਼ਬਦਾਂਤਿਕ ਲਗਾਂ-ਮਾਤਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਨੂੰ ਨਹੀਂ ਹੋ ਸਕਦਾ, ਪਰ ਬਾਣੀ ਨੂੰ ਅਭਿਆਸ ਨਾਲ ਪੜ੍ਹਨ ਨਾਲ ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਵਹਾਉ ਦੇ ਪਿੱਛੇ-ਪਿੱਛੇ ਚੱਲ ਕੇ ਕੁਝ ਕੁ ਥਹੁ ਲੱਗਣਾ ਸੰਭਵ ਹੈ ਕਿ ਇਹ ਵਹਾਉ ਕਿਸ ਪਾਸੇ ਚਲਦਾ ਹੈ। ਬਾਣੀ ਬੇ-ਨਿਯਮੀਂ ਨਹੀਂ ਲਿਖੀ ਹੋਈ, ਕਿਸੇ ਨਾ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ ਸਦੀਆਂ ਦੀ ਅਣ-ਗਹਿਲੀ ਪਿੱਛੋਂ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਹੈ, ਪਰ ਫਿਰ ਭੀ ਸਾਰਾ ਯਤਨ ਨਿਰਾਰਥ ਨਹੀਂ ਜਾਂਦਾ, ਕੁਝ ਨਾ ਕੁਝ ਪੱਲੇ ਪੈ ਹੀ ਜਾਂਦਾ ਹੈ, ਨਹੀਂ ਤਾਂ ਟੀਕੇ ਕਰਨੇ ਜਾਂ ਕਥਾ ਵਖਿਆਨ ਦੁਆਰਾ ਬਾਣੀ ਦੇ ਪਾਠ ਜਾਂ ਭਾਵ ਬਾਬਤ ਕੁਝ ਵੀ ਕਹਿਣਾ ਨਹੀਂ ਬਣਦਾ।

ਵੰਨਗੀ ਮਾਤਰ ਕੁਝ ਕੁ ਨੇਮ ਇਹ ਹਨ :--

ਮੁਕਤਾ

੧. (ੳ) ਜਿਨ੍ਹਾਂ ਨਾਵਾਂ ਦੇ ਅੰਤ ਔਂਕੜ ਹੋਵੇ, ਉਹ ਆਮ ਕਰ ਕੇ ਇਕ-ਵਚਨ *(Singular)* ਹੁੰਦੇ ਹਨ। ਉਨ੍ਹਾਂ ਦਾ ਬਹੁ-ਵਚਨ *(plural)* ਬਨਾਉਣ ਲਈ ਅੰਤਲੇ ਅੱਖਰ ਨਾਲੋਂ ਔਂਕੜ ਲਾਹ ਕੇ ਮੁਕਤ ਕੀਤਾ ਜਾਂਦਾ ਹੈ। ਜਿਵੇਂ :- ਨੇਹ, 'ਤਿਨ ਨੇਹੁ ਲਗਾ ਰਬ ਸੇਤੀ' (ਵਾਰ ਆਸਾ)। 'ਸਭਿ ਕੂੜੇ ਤੂਟੇ ਨੇਹ' (ਸ੍ਰੀਰਾਗੁ ਮ: ੧)। ਪਹਿਲੀ ਤੁਕ ਵਿੱਚ 'ਨੇਹੁ' ਇਕ-ਵਚਨ ਹੈ ਤੇ ਦੂਜੀ ਵਿੱਚ ਬਹੁ-ਵਚਨ ਹੋਣ ਕਰ ਕੇ 'ਹ' ਮੁਕਤਾ ਹੈ।

(ਅ) ਬਹੁ-ਵਚਨ ਨਾਂਵ ਦੇ ਵਿਸ਼ੇਸ਼ਣ *(adjective)* ਦਾ ਭੀ ਅੰਤਲਾ ਅੱਖਰ ਮੁਕਤਾ ਹੁੰਦਾ ਹੈ; ਜਿਵੇਂ- "ਅਮੁਲ ਗੁਣ ਅਮੁਲ ਵਾਪਾਰ" (ਜਪੁ)।

੨. (ੳ) ਇਤਸਰੀ-ਲਿੰਗ ਨਾਵਾਂ *(feminine nouns)* ਦੇ ਅੰਤ ਵਿੱਚ ਔਂਕੜ ਨਹੀਂ ਹੁੰਦਾ, ਮੁਕਤਾ ਹੁੰਦਾ ਹੈ: ਜਿਵੇਂ ਦੇਹ: "ਮਨੁ ਤਨੁ ਦੇਹ ਸੁਖਾਲੀ" (ਸੋਰਠਿ ਮ: ੫)। ਇਸੇ ਤਰ੍ਹਾਂ ਸਾਰ (ਖ਼ਬਰ), ਵਾਰ (ਵੇਰ),

ਵਾਤ, ਧੋਖ, ਆਸ ਭੁਖ ਕਲਮ, ਵਾਟ, ਸੇਵ, ਵੇਲ ਆਦਿ।

ਨੋਟ :-- ਕਈ ਇਸਤਰੀ-ਲਿੰਗ ਨਾਵਾਂ ਦੇ ਅੰਤ ਔਂਕੜ ਮੂਲਿਕ ਅੰਗ ਹੋਣ ਕਰ ਕੇ ਜ਼ਰੂਰ ਆਉਂਦਾ ਹੈ। ਦੇਖੋ ਨੇਮ ੨੮।

(ਅ) ਇਸਤਰੀ-ਲਿੰਗ ਨਾਂਵ ਦੇ ਵਿਸ਼ੇਸ਼ਣ ਦਾ ਭੀ ਅੰਤਲਾ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ, ਜਿਵੇਂ: "ਫਕੜ ਜਾਤੀ ਫਕੜੁ ਨਾਉ" (ਮ: ੧, ਵਾਰ ਸ੍ਰੀਰਾਗ) ਇਥੇ 'ਜਾਤੀ' ਇਸਤਰੀ-ਲਿੰਗ ਹੈ, ਇਸ ਲਈ ਇਸ ਦੇ ਵਿਸ਼ੇਸ਼ਣ 'ਫਕੜ' ਦਾ ਅੰਤਲਾ ਅੱਖਰ ਮੁਕਤਾ ਹੈ। ਕਵਣ : "ਕਵਣ ਥਿਤਿ ਕਵਣੁ ਵਾਰੁ" (ਜਪੁ)।

੩. (ੳ) ਜਦ ਕੋਈ ਨਾਂਵ ਸੰਬੋਧਨ ਕਾਰਕ *(vocative case)* ਵਿੱਚ ਹੋਵੇ, ਅਰਥਾਤ ਹੇ ਅਮੁਕੇ ਮਨੁੱਖ ਕਰ ਕੇ ਬੁਲਾਇਆ ਹੋਵੇ, ਤਾਂ ਉਸ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ, ਜਿਵੇਂ :- 'ਨਾਨਕ ਪਾਵਹੁ ਸੂਖ ਘਨੇਰੇ' (ਸੁਖਮਨੀ)। 'ਸੁਨਿ ਮੀਤਾ ਨਾਨਕੁ ਬਿਨਵੰਤਾ' (ਸੁਖਮਨੀ)। ਪਹਿਲੀ ਤੁਕ ਵਿੱਚ ਅਰਥ 'ਹੇ ਨਾਨਕ' ਹੈ, ਇਸ ਕਰ ਕੇ 'ਕ' ਮੁਕਤਾ ਹੈ, ਦੂਜੀ ਵਿੱਚ ਕਰਤਾ ਕਾਰਕ ਹੈ, ਇਸ ਲਈ ਅੰਤ ਔਂਕੜ ਹੈ।

(ਅ) ਇਸ ਸੰਬੋਧਨ ਕਾਰਕ ਵਾਲੇ ਨਾਂਵ ਨਾਲ ਜੋ ਵਿਸ਼ੇਸ਼ਣ ਹੋਵੇ, ਉਹ ਭੀ ਮੁਕਤਾ-ਅੰਤ ਹੋਵੇਗਾ; 'ਨਾਨਕ ਕਾਢਿ ਲੇਹੁ ਪ੍ਰਭ ਦਇਆਲ' (ਸੁਖਮਨੀ)

੪. *ਸੰਬੰਧ ਕਾਰਕ (Possessive case) ਵਿੱਚ ਸੰਬੰਧੀ ਨਾਂਵ ਦੇ ਅੰਤਲੇ ਅੱਖਰ ਨਾਲੋਂ ਔਂਕੜ ਲਹਿ ਕੇ ਮੁਕਤਾ*
ਹੋ ਜਾਂਦਾ ਹੈ।

ਮੋਖ ਦੁਆਰੁ : 'ਮੰਨੈ ਪਾਵਹਿ ਮੋਖੁ ਦੁਆਰੁ' (ਜਪੁ)।

ਇਸੇ ਤਰ੍ਹਾਂ ਗੁਰ ਸਿੱਖ, ਗੁਰ ਬਾਣੀ, ਸਾਧ ਸੰਗੁ, ਆਦਿ।

ਇਸੇ ਲਈ 'ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ' (ਸਦੁ) ਵਿੱਚ 'ਪੁਰਾਣ ਦੀ ਕਥਾ' ਅਰਥ ਨਹੀਂ ਹੋ ਸਕਦਾ, ਕਿਉਂਕਿ 'ਪੁਰਾਣੁ' ਦੇ ਅੰਤ ਔਂਕੜ ਹੈ।

੫. *ਜਿਨ੍ਹਾਂ ਨਾਵਾਂ ਦੇ ਨਾਲ ਬਿਨੁ, ਕਉ, ਸੇਤੀ, ਵਿਚਿ ਆਦਿ ਸੰਬੰਧਕੀ ਪਦ (prepositions) ਆਉਣ, ਉਨ੍ਹਾਂ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ :-*

ਮਹਿ : 'ਸਗਲ ਉਦਮ ਮਹਿ ਉਦਮੁ ਭਲਾ' (ਸੁਖਮਨੀ)।

'ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ' (ਸ੍ਰੀਰਾਗੁ ਮ: ੧)।

ਕੰਨਾ

੬. ਬਹੁਵਾਚਕ *(plural)* : ਚੰਦੁ ਤੋਂ ਚੰਦਾ, ਰਸੁ ਤੋਂ ਰਸਾ, ਪੁੰਨੁ ਤੋਂ ਪੁੰਨਾ, ਬੰਧਨੁ ਤੋਂ ਬੰਧਨਾ, ਵਾਦੁ ਤੋਂ ਵਾਦਾ; ਦਾਸੁ ਤੋਂ ਦਾਸਾ।

ਸਿਹਾਰੀ

੭. (ੳ) ਸਿਹਾਰੀ ਸਭ ਤੋਂ ਵਧ ਕੇ ਸਥਾਨ-ਵਾਚੀ ਸੰਬੰਧਕੀ ਪਦਾਂ *(prepositions)* ਦੇ ਅੰਤ ਵਿੱਚ ਵਰਤੀ ਗਈ ਹੈ; ਜਿਵੇਂ :- ਵਿਚਿ, ਉਪਰਿ, ਬਾਹਰਿ, ਅੰਦਰਿ, ਸੰਗਿ, ਪਾਸਿ, ਨਜੀਕਿ, ਬਰਾਬਰਿ, ਗੈਲਿ, ਤੁਲਿ, ਮਹਿ, ਨਿਕਟਿ, ਵਲਿ, ਪਾਰਿ, ਆਦਿ।

(ਅ) ਇਕ-ਵਚਨੀ ਨਾਵਾਂ ਦੇ ਅੰਤ ਵਿੱਚ ਸਥਾਨ-ਵਾਚੀ ਸੰਬੰਧਕੀ ਚਿੰਨ੍ਹ ਵਜੋਂ :-

ਰਾਹੀਂ, ਦੁਆਰਾ : 'ਕਿਤ ਸੰਜਮਿ ਇਹ ਜਾਇ' (ਵਾਰ ਆਸਾ), ਕਿਸ ਸੰਜਮ ਦੁਆਰਾ।

ਵਿਚਿ : 'ਸੁਣਿਐ ਲਾਗੈ ਸਹਜਿ ਧਿਆਨੁ' (ਜਪੁ, ਸਹਜ ਵਿੱਚ)।

ਤੋਂ ਜਾਂ ਥੋਂ : 'ਧੁਰਿ ਮਾਰੇ ਪੂਰੈ ਸਤਿਗੁਰੂ', (ਵਾਰ ਗੋ:) ਧੁਰ ਤੋਂ।

ਨਾਲ : 'ਝਖੜਿ ਵਾਉ ਨ ਡੋਲਈ' (ਵਾਰ ਸਤਾ), ਝਖੜ ਨਾਲ।

ਨੋਟ : ਪਰ ਮੁਕਤਾਂਤ ਇਸਤਰੀ-ਲਿੰਗ ਹੋਵੇ, ਤਾਂ ਸਥਾਨ-ਵਾਚੀ ਸਿਹਾਰੀ ਨਹੀਂ ਲੱਗਦੀ।

੮. ਸਥਾਨ-ਵਾਚਕ ਜਾਂ ਕਾਲ-ਵਾਚਕ ਕਿਰਿਆ-ਵਿਸ਼ੇਸ਼ਣਾਂ *(Adverbs)* ਨਾਲ।

'ਹਰਿ ਅੰਤਰਿ ਬਾਹਰਿ ਨਾਲਿ ਹੈ' (ਬਿਹਾਗੜਾ ਮ: ੪)।

'ਹੁਣਿ ਸੁਣੀਐ ਕਿਆ ਰੂਆਇਆ' (ਵਾਰ ਆਸਾ)।

ਇਸੇ ਤਰ੍ਹਾਂ ਬੇਗਿ, ਅਬਿ, ਜਦਿ, ਕਦਿ, ਵਤਿ, ਫੇਰਿ, ਬਹੁਰਿ, ਫੁਨਿ, ਪੁਨਰਪਿ, ਤਤਕਾਲਿ, ਓੜਕਿ, ਆਦਿ।

੯. ਸਿਹਾਰੀ ਪੂਰਬ-ਪੂਰਣ ਕਾਰਦੰਤਕ *(conjunctive participle)* ਦੇ ਧਾਤੂ ਸ਼ਬਦ ਦੇ ਅੰਤ ਵਿੱਚ ਭੀ ਆਉਂਦੀ ਹੈ; ਅਰਥਾਤ ਜਿਸ ਸ਼ਬਦ ਦੇ ਅਰਥ ਹੋਣ, ਅਮਕਾ ਕੰਮ ਕਰ ਕੇ, ਉਸ ਦੇ ਅੰਤ ਸਿਹਾਰੀ ਹੁੰਦੀ ਹੈ:

ਛੋਡਿ, ਬੈਸਿ : 'ਮਾਸੁ ਛੋਡਿ ਬੈਸਿ ਨਕੁ ਪਕੜਹਿ' (ਮ: ੧, ਵਾਰ ਮਲਾਰ)।

ਬੀਜਿ : 'ਬੀਜੁ ਬੀਜਿ ਦੇਖਿਓ ਬਹੁ ਪਰਕਾਰਾ' (ਸੂਹੀ ਮ: ੫)।

੧੦. ਉੱਪਰ ਦੱਸੀ ਕਾਰਦੰਤਕ *(Participle)* ਜਾਂ ਭਾਵਾਰਥ ਦੇ ਨਾਲ ਆਣਾ, ਜਾਣਾ, ਬਹਿਣਾ, ਰਹਿਣਾ, ਸਕਣਾ ਆਦਿ ਸਹਾਇਕ-ਕਿਰਿਆ ਲਾ ਕੇ ਜੋ ਸੰਯੁਕਤ-ਕਿਰਿਆ *(compound verbs)* ਬਣਦੀਆਂ ਹਨ, ਉਨ੍ਹਾਂ ਵਿੱਚ ਭੀ ਕਾਰਦੰਤਕ ਦੇ ਅੰਤ ਵਿੱਚ ਸਿਹਾਰੀ ਹੁੰਦੀ ਹੈ :

ਬਨਿ : 'ਸੇਵਕ ਕਉ ਸੇਵਾ ਬਨਿ ਆਈ' (ਸੁਖਮਨੀ)।

ਕਢਿ : 'ਇਕਨਾ ਭਾਣੈ ਕਢਿ ਲਏ' (ਵਾਰ ਆਸਾ)।

ਇਸੇ ਤਰ੍ਹਾਂ ਛਡਿ ਬਹਹਿ, ਲਿਖਿ ਜਾਣੈ, ਪੂਰਿ ਰਹਿਓ, ਪੀਵਿ ਰਹੇ, ਲਗਾ ਪੜਨਿ, ਆਦਿ।

੧੧. ਕਈ ਵੇਰ ਪ੍ਰਤੱਖ ਅਨੁਮਤਜਾਰਥ ਲਕਾਰ *(imperative mood)* ਨਾਲ :

ਜਪਿ, ਸਾਲਾਹਿ, ਸਿਮਰਿ, ਆਹਿ : 'ਏਕੋ ਜਪਿ ਏਕੋ ਸਾਲਾਹਿ॥'

'ਏਕੁ ਸਿਮਰਿ ਏਕੋ ਮਨਿ ਆਹਿ' (ਸੁਖਮਨੀ)।

ਧਰਿ : ਧਰਿ ਜੀਅਰੇ ਇਕ ਟੇਕ ਤੂ' (ਬਾ: ਅ: ਮ: ੫)।

੧੨. ਗੁਰਬਾਣੀ ਵਿੱਚ ਇਕ ਤਰ੍ਹਾਂ ਦੀ ਅਧੀਨ ਵਾਕੰਸ (subordinate clause) ਆਉਂਦੀ ਹੈ, ਜੋ ਹੁਣ ਲੋਪ ਹੋ ਗਈ ਹੈ। (ਇਹਦੇ ਮੁਕਾਬਲੇ ਉੱਤੇ ਅੱਜ-ਕਲ੍ਹ ਅਸੀਂ ਕਹਿੰਦੇ ਹਾਂ : ਹੁਕਮ ਮੰਨਿਆ, ਸਿਰ ਨਿਵਾਇਆ, ਮਨ ਦੇ ਜਿਤਿਆਂ, ਧਾਨ ਦੇ ਖਾਧਿਆਂ ਆਦਿ।) ਇਸ ਅਧੀਨ ਵਾਕੰਸ ਵਿੱਚ ਮੁੱਖ-ਵਾਕ ਦਾ ਕਾਰਨ ਦਿੱਤਾ ਹੁੰਦਾ ਹੈ।

ਜਿਵੇਂ : 'ਕੂੜਿ ਕਮਾਣੈ ਕੂੜੋ ਹੋਵੈ', 'ਹੁਕਮਿ ਮੰਨਿਐ ਹੋਵੈ ਪਰਵਾਣੁ॥'

ਇਨ੍ਹਾਂ ਵਿੱਚ ਪਹਿਲੇ ਦੋ ਸ਼ਬਦ ਅਧੀਨ ਵਾਕੰਸ ਹਨ; ਪਹਿਲਾ ਸ਼ਬਦ ਨਾਂਵ ਹੈ, ਦੂਜਾ ਕਿਰਿਆ। ਨਾਂਵ ਦੇ ਅੰਤ ਸਿਹਾਰੀ ਹੈ ਤੇ ਕਿਰਿਆ ਦੇ ਅੰਤ ਦੁਲਾਵਾਂ।

ਮਨਿ ਜੀਤੈ : ਮਨਿ ਜੀਤੈ ਜਗੁ ਜੀਤੁ' (ਜਪੁ)।

ਧਾਨਿ ਖਾਧੈ : 'ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ' (ਮ: ੩, ਆਸਾ ਪੱਟੀ)।

ਲੋਕਿ ਪਤੀਣੈ, ਸਤਿਗੁਰਿ ਮਿਲਿਐ, ਨਾਮਿ ਸਲਾਹਿਐ, ਸਾਜਨਿ ਮਿਲਿਐ, ਪਾਰਸਿ ਪਰਸਿਐ, ਪਿੰਡਿ ਮੂਐ, ਮੁਖਿ ਜੋਰਿਐ।

੧੩. (ੳ) ਜਦ ਸਮਾਨ ਵਰਤਮਾਨ ਕਿਰਿਆ *(present imperfect verb)* ਦੇ ਅੰਤ ਵਿੱਚ ਨੰਨਾ ਹੋਵੇ ਅਤੇ ਉਸ ਦਾ ਕਰਤਾ ਬਹੁਵਚਨ ਅਨਯ ਪੁਰਖ *(third person plural)* ਹੋਵੇ ਤਾਂ ਅੰਤਲੇ ਨੰਨੇ ਨਾਲ ਸਿਹਾਰੀ ਜ਼ਰੂਰ ਹੋਵੇਗੀ :

ਗਾਵਨਿ, ਜਾਣਨਿ : 'ਗਾਵਨਿ ਤੁਧ ਨੋ ਚਿਤੁ ਗੁਪਤੁ ਲਿਖਿ ਜਾਣਨਿ' (ਸੋ ਦਰੁ)।

ਵਾਇਨਿ, ਨਚਨਿ : 'ਵਾਇਨਿ ਚੇਲੇ ਨਚਨਿ ਗੁਰ' (ਵਾਰ ਆਸਾ)।

ਜਪੁ ਜੀ ਦੀ ਤੁਕ 'ਸੁਣਿਐ ਮੁਖਿ ਸਾਲਾਹਣ ਮੰਦੁ' ਵਿੱਚ 'ਸਾਲਾਹਣ' ਦਾ ਅਰਥ 'ਸਲਾਹੁੰਦੇ ਹਨ' ਨਹੀਂ ਹੋ ਸਕਦਾ।

(ਅ) ਜਦ ਅੰਤਲੇ ਸਸੇ-ਨੰਨੇ ਵਾਲੀ ਕਿਰਿਆ ਭਵਿਖਤ ਕਾਲ *(Future Tense)* ਵਿੱਚ ਹੋਵੇ ਤੇ ਉਸ ਦਾ ਕਰਤਾ ਬਹੁਵਚਨ ਅਨਯ-ਪੁਰਖ ਹੋਵੇ, ਤਾਂ ਭੀ ਅੰਤ ਵਿੱਚ ਸਿਹਾਰੀ ਹੁੰਦੀ ਹੈ: ਜਿਵੇਂ- ਪਉਸਨਿ, ਜਾਸਨਿ, ਸਿੰਞਪਸਨਿ, ਬਹਸਨਿ।

੧੪. ਜਦ ਬਹੁ-ਵਚਨ ਅਨਯ ਪੁਰਖ (third person plural) ਦੀ ਕਿਰਿਆ ਸਮਾਨ ਵਰਤਮਾਨ ਕਾਲ (Present imperfact) ਵਿੱਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ : ਜਿਵੇਂ :- 'ਮਾਰਹਿ ਲੂਟਹਿ ਨੀਤ ਨੀਤ' (ਗੌ: ਮ: ੧)

੧੫. ਜਦ ਇਕ-ਵਚਨ ਮਧਮ ਪੁਰਖ (Second person singular) ਦੀ ਕਿਰਿਆ ਸਮਾਨ ਵਰਤਮਾਨ ਕਾਲ (*Present imperfect*) ਵਿੱਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ : ਜਿਵੇਂ :- 'ਵੇਲਿ ਪਰਾਈ ਜੋਹਹਿ ਜੀਅੜੇ' (ਗੌ: ਮ: ੧) 'ਹੰਸੁ ਚਲਿਆ ਤੂੰ ਪਿਛੈ? ਰਹੀ ਏਹਿ ਛੁਟੜਿ ਹੋਈਅਹਿ ਨਾਰੀ' (ਗੌ: ਮ: ੧)।

ਨੋਟ: ਜਦ ਉੱਤਮ ਪੁਰਖ ਬਹੁ-ਵਚਨ ਹੋਵੇ (First Person Plural) ਤਾਂ ਇਸ ਦੀ ਸਮਾਨ ਵਰਤਮਾਨ ਵਾਲੀ ਕਿਰਿਆ ਦਾ 'ਹ' ਮੁਕਤਾ ਹੁੰਦਾ ਹੈ : ਜਿਵੇਂ ਰੀਸਾ ਕਰਹਿ ਤਿਨਾੜੀਆ' (ਵਾਰ ਸ੍ਰੀਰਾਗ ਮ: ੪); 'ਆਵਹੁ ਭੈਣੇ ਗਲਿ ਮਿਲਹ' (ਸ੍ਰੀਰਾਗੁ ਮ: ੧)।

੧੬. ਮੂਲਿਕ ਸਿਹਾਰੀ; ਅਰਥਾਤ ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿੱਚੋਂ ਆਉਂਦਿਆਂ ਆਪਣੇ ਨਾਲ ਅੰਤਲੀ ਸਿਹਾਰੀ ਲਿਆਇਆ ਹੋਵੇ, ਤਾਂ ਉਹ ਸਿਹਾਰੀ ਕਾਇਮ ਰਹਿੰਦੀ ਹੈ :
ਹਰਿ, ਨਾਰਿ, ਰਾਸਿ, ਜੁਗਤਿ, ਧੁਨਿ, ਭੂਮਿ, ਧਰਤਿ, ਪ੍ਰੀਤਿ, ਦ੍ਰਿਸਟਿ, ਸਿਮ੍ਰਿਤਿ, ਮੇਦਨਿ ਰੈਣਿ, ਰੁਤਿ, ਸ੍ਰਿਸਟਿ, ਅਗਨਿ, ਜੋਤਿ, ਥਿਤਿ, ਸ਼ਾਂਤਿ, ਹਸਤਿ, ਨਿਧਿ, ਰਿਧਿ, ਸਿਧਿ, ਜੋਨਿ, ਬਿਭੂਤਿ, ਸੁਰਤਿ, ਧੂਰਿ ਆਦਿ।

੧੭. ਇਸਤਰੀ-ਲਿੰਗ ਵਾਚਕ ਸਿਹਾਰੀ :

(ੳ) ਭੰਡਾਰਣਿ, ਅਹਰਣਿ, ਸੋਹਾਗਣਿ, ਪਰਦੇਸਨਿ, ਬੈਰਨਿ, ਮਾਲਿਨਿ, ਸਾਹਨਿ, ਸਾਪਨਿ, ਦਾਮਨਿ, ਪੜੋਸਨਿ, ਸਉਕਨਿ, ਤੇਜਣਿ, ਆਣਿ, ਕਾਮਣਿ, ਤਰੁਣਿ, ਪਾਲਿ, ਦਾਤਿ, ਤਪਤਿ ਆਦਿ। ਅਰਬੀ ਤੋਂ ਆਏ ਇਸਤਰੀ-ਲਿੰਗ ਨਾਂਵ ਜਿਨ੍ਹਾਂ ਦੇ ਅੰਤਿ 'ਤੇ' ਦੀ ਥਾਂ ਤਤਾ ਹੋਵੇ ਸਿਹਾਰੀ ਨਾਲ ਆਉਂਦੇ ਹਨ : ਕੁਦਰਤਿ, ਸਿਫਤਿ, ਹਿਕਮਤਿ, ਮਿਹਰਾਮਤਿ, ਸਰੀਅਤਿ, ਕੀਮਤਿ, ਮੁਹਲਤਿ, ਨੀਅਤਿ, ਸੂਰਤਿ।

(ਅ) ਵਿਸ਼ੇਸ਼ਣੀ ਪਦ ਜਦ ਇਸਤਰੀ-ਲਿੰਗ ਵਾਲੇ ਨਾਂਵ ਕਰ ਕੇ ਵਰਤੇ ਜਾਂਦੇ ਹਨ, ਤਾਂ ਭੀ ਅੰਤ ਸਿਹਾਰੀ ਆਉਂਦੀ ਹੈ। ਬੇਪੀਰਿ, ਕੂੜਿਆਰਿ, ਸੁੰਦਰਿ, ਸੁਜਾਣਿ, ਚਤੁਰਿ, ਚੰਚਲਿ, ਸੁਘਰਿ, ਨਿਰਗੁਨਿ, ਪਰਧਾਨਿ, ਕੁਰੂਪਿ, ਸਰੂਪਿ, ਸੇਵਕਿ।

੧੮. ਸੰਖਿਆ-ਵਾਚਕ, ਅਨਿਸਚਿਤ ਪੜਨਾਂਵਾਂ ਜਾਂ ਵਿਸ਼ੇਸ਼ਣਾਂ (indefinite numeral pronouns or adjectives) ਦੀ ਬਹੁ-ਵਾਚਕ ਸੰਖਿਆ *(plural)* ਪ੍ਰਗਟ ਕਰਨ ਲਈ ਭੀ ਸਿਹਾਰੀ ਆਉਂਦੀ ਹੈ।
'ਧਰਤੀ ਹੋਰੁ ਪਰੈ ਹੋਰੁ ਹੋਰੁ' (ਜਪੁ) ਵਿੱਚ 'ਹੋਰੁ' ਇਕ-ਵਚਨ ਹੈ ਪਰ
'ਏਤੇ ਕੀਤੇ ਹੋਰਿ ਕਰੇਹਿ' (ਜਪੁ) ਵਿੱਚ 'ਹੋਰਿ' ਬਹੁ-ਵਚਨ ਹੈ।
'ਇਕਿ ਦਾਤੇ ਇਕਿ ਭੇਖਾਰੀ ਜੀ' ਵਿੱਚ 'ਇਕਿ' ਬਹੁ-ਵਚਨ ਹੈ।
'ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ। ਸੰਤ ਜਨਾ ਕੈ ਹਿਰਦੈ ਸਭਿ ਧਰਮ' (ਸੁਖਮਨੀ)।

ਪਹਿਲੀ ਤੁਕ ਵਿੱਚ 'ਸਭੁ' ਇਕ-ਵਚਨ ਹੈ, ਦੂਜੀ ਵਿੱਚ 'ਸਭਿ' ਬਹੁ-ਵਚਨ ਹੈ।

੧੯. ਨਿਸਚੇ-ਵਾਚਕ ਪੜਨਾਂਵ ਜਾਂ ਵਿਸ਼ੇਸ਼ਣ *(demonstrative pronouns or adjectives)* ਇਹੁ, ਏਹੁ, ਓਹੁ, ਜਦ ਪੁਲਿੰਗ ਇਕ-ਵਚਨ *(masculine singular)* ਹੋਣ ਤਾਂ ਅੰਤ ਔਂਕੜ ਹੁੰਦਾ ਹੈ, ਜਾਂ ਜਦ ਇਸਤਰੀ-ਲਿੰਗ *(feminine)* ਹੋਣ ਤਾਂ ਅੰਤ ਮੁਕਤਾ ਹੁੰਦਾ ਹੈ ; ਪਰ ਜਦ ਇਹ ਬਹੁ-ਵਚਨ ਹੋਣ ਤਾਂ ਅੰਤਲੇ 'ਹ' ਨਾਲ ਸਿਹਾਰੀ ਲੱਗਦੀ ਹੈ;
'ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥' (ਜਪੁ)। 'ਤੂ ਓਨਾ ਕਾ ਤੇਰੇ ਓਹਿ' (ਸ੍ਰੀਰਾਗੁ ਮ: ੧)।

੨੦. (ੳ) *ਜਦ ਕਿਰਿਆ ਭੂਤ ਕਾਲ (past tense) ਵਿੱਚ ਹੋਵੇ, ਤਾਂ ਉਸ ਦੇ ਕਰਤਾ ਉੱਤੇ ਜ਼ੋਰ ਦੇਣ ਲਈ ਕਰਤਾ ਦੇ ਅੰਤਲੇ ਅੱਖਰ ਨਾਲ ਸਿਹਾਰੀ ਹੁੰਦੀ ਹੈ।*

ਗੁਰਿ : 'ਗੁਰਿ ਹਾਥੁ ਧਰਿਓ ਮੇਰੈ ਮਾਥਾ' (ਜੈਤਸਰੀ ਮ: ੪)।

ਪ੍ਰਭਿ : 'ਸਰਬ ਕਲਿਆਣ ਪ੍ਰਭਿ ਕੀਨੇ' (ਸੋਰਠਿ ਮ: ੫)।

ਇਸੇ ਤਰ੍ਹਾਂ : ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ' (ਸਵਯੇ ਮ: ੪)।

'ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ' (ਤੁਖਾਰੀ ਮ: ੧)।

(ਅ) *ਕਰਤਾ ਕਾਰਕ ਦੀ ਨਿਸ਼ਾਨੀ (ਇਕ ਵਚਨ ਹੋਵੇ ਤਾਂ)।*

'ਆਪਿ' ਕਰਤਾ ਹੈ; 'ਆਪੁ' ਕਰਮ ਹੈ ਅਤੇ ਅਰਥ ਹੈ, ਆਪਣਾ ਆਪ।

'ਜਿਨ ਕਉ ਆਪਿ ਦੇਇ ਵਡਿਆਈ' (ਮ: ੪, ਵਾਰ ਗੌ:)।

'ਜਿਥੈ ਗੁਰੂ ਆਪੁ ਰਖਿਆ' (ਸਦੁ)।

ਇਸੇ ਤਰ੍ਹਾਂ ਤਿਨਿ, ਜਿਨਿ, ਖੁਦਿ ਦਾ ਹਾਲ ਹੈ; ਪਰ ਜਿੰਨ, ਤਿਨ ਬਹੁ-ਵਚਨ ਹੋਣ ਕਰ ਕੇ ਮੁਕਤਾਂਤ ਆਉਂਦੇ ਹਨ।

'ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ' (ਜੈਤਸਰੀ ਮ: ੪)

'ਜਿਨ ਚਾਖਿਆ ਸੇ ਜਨ ਤ੍ਰਿਪਤਾਨੇ' (ਸੁਖਮਨੀ)।

੨੧. *ਕਈ ਵੇਰ ਕਵਿਤਾ ਦੀ ਲੋੜ ਅਨੁਸਾਰ ਲੰਮੀ ਅਵਾਜ਼ ਨੂੰ ਛੋਟੀ ਕਰਨ ਲਈ ਹੋਰਨਾਂ ਲਗਾਂ ਮਾਤਰਾ ਦੀ ਥਾਂ ਸਿਹਾਰੀ ਵਰਤੀ ਹੁੰਦੀ ਹੈ :*

ਚਾਲਸਿ=ਚਾਲਸੀ, ਉਤਰਸਿ=ਉਤਰਸੀ, ਦੁਬਲਿ=ਦੁਬਲੀ,

ਸੁਆਮਿ=ਸੁਆਮੀ, ਦਰਬਾਰਿ=ਦਰਬਾਰੀ, ਨੇਰਿ=ਨੇੜੇ, ਤਲਿ=ਤਲੇ,

ਕਿੰਨਿ=ਕਿੰਨੇ, ਸਾਸਤ੍ਰਗਿ=ਸਾਸਤ੍ਰਗਜ, ਧੰਨਿ=ਧੰਨਜ, ਸਤਿ=ਸਤਜ।

ਬਿਹਾਰੀ

੨੨. *ਬਹੁ-ਵਚਨੀ ਨਾਂਵਾਂ ਦੇ ਅੰਤ ਸੰਬੰਧਕੀ ਅਰਥ ਦਿੰਦੀ ਹੈ :*

ਪੁਤ੍ਰੀ=ਪੁਤ੍ਰੀਂ ਪੁਤ੍ਰਾਂ ਨੇ; ਅਖੀ=ਅੱਖੀਂ, ਅੱਖਾਂ ਨੂੰ ਜਾਂ ਦੁਆਰਾ, ਥਣੀ=ਥਣਾਂ ਕਰ ਕੇ।

੨੩. *ਉਸ ਕਿਰਿਆ ਦੇ ਅੰਤ ਵਿੱਚ ਜਿਸ ਦੇ ਅਰਥ ਹੋਣ, ਮੈਂ ਕਰਾਂ ਜਾਂ ਕਰਦਾ ਹਾਂ।*

ਸੋਚੀ=ਸੋਚੀਂ, ਮੈਂ ਸੋਚਾਂ, ਠਗੀ=ਠਗੀਂ, ਮੈਂ ਠੱਗਦਾ ਹਾਂ।

੨੪. (ੳ) *ਨੇਮ ੧੩ ਵਾਲੀ ਸਿਹਾਰੀ ਦੀ ਥਾਂ :*

ਲਹਨੀ=ਲਹਨਿ, ਲੈਂਦੇ ਹਨ, ਚਲਨੀ=ਚਲਨਿ, ਚੇਤਨੀ=ਚੇਤਨਿ, ਚੇਤਦੇ।

(ਅ) *ਸੰਬੰਧਕੀ ਅਰਥਾਂ ਵਿੱਚ :*

ਨਦਰੀ=ਨਦਰਿ, ਨਦਰ ਨਾਲ, ਵਿਜੋਗੀ=ਵਿਜੋਗਿ, ਵਿਜੋਗ ਨਾਲ।

ਔਂਕੜ

੨੫. *ਪੁਲਿੰਗ ਇਕ-ਵਚਨ (masculine singular) ਦੀ ਨਿਸ਼ਾਨੀ :*

'ਇਹੁ ਸਰੀਰੁ ਕਰਿ ਡੰਡੀ' (ਰਾਮਕਲੀ ਮ: ੩)। 'ਅਮੁਲੁ ਧਰਮੁ ਅਮੁਲੁ ਦੀਬਾਣੁ' (ਜਪੁ)।

ਨੋਟ: ਭਾਵ-ਵਾਚੀ ਨਾਵਾਂ (abstract nouns) ਦੇ ਅੰਤ ਵਿੱਚ ਕਈਆਂ ਹੋਰਨਾਂ ਸ਼ਬਦਾਂ ਵਿੱਚ ਜਿਥੇ ਛੋਟਾ ਵਵਾ ਹੁੰਦਾ ਹੈ, ਉਥੇ ਕਈ ਵਾਰ ਵਵੇ ਦੀ ਥਾਂ ਔਂਕੜ ਹੋ ਜਾਂਦਾ ਹੈ, ਜਿਵੇਂ : ਸਤ੍ਵ ਦੀ ਥਾਂ ਸਤੁ, ਬਿਸ੍ੰਭਰ ਦੀ ਥਾਂ ਬਿਸੁੰਭਰ, ਮਹਤ੍ਵ ਦੀ ਥਾਂ ਮਹਤੁ, ਤਤ੍ਵ ਦੀ ਥਾਂ ਤਤੁ। ਇਸੇ ਤਰ੍ਹਾਂ ਪੈਰਾਂ ਵ੍ਹਾਲੇ ਛੋਟੇ ਰਾਰੇ ਦੀ ਥਾਂ ਔਂਕੜ ਆ ਜਾਂਦਾ ਹੈ। ਜਿਵੇਂ : ਮੰਤ੍ਰ ਦੀ ਥਾਂ ਮੰਤੁ, ਕਲਤ੍ਰ ਦੀ ਥਾਂ ਕਲਤੁ, ਪਵਿਤ੍ਰ ਦੀ ਥਾਂ ਪਵਿਤੁ।

੨੬. ਸਧਾਰਨ ਭੂਤ ਕਾਲ ਕਿਰਿਆ (past tense) ਜਿਸ ਦੇ ਅੰਤ ਨੰਨਾ ਹੋਵੇ ਅਤੇ ਜਿਸ ਦਾ ਕਰਤਾ ਇਕ-ਵਚਨ ਅਨਜ ਪੁਰਖ (third person singular) ਹੋਵੇ, ਉਸ ਦੇ ਨੰਨੇ ਨਾਲ ਔਂਕੜ ਚਾਹੀਏ :-

ਬਖਸਿਅਨੁ=ਉਸ ਨੇ ਬਖਸ਼ਿਆ, ਉਤਾਰਿਅਨੁ, ਰਖਿਅਨੁ, ਲਈਅਨੁ, ਨਿਕਾਲਿਅਨੁ।

੨੭. ਜਦੋਂ ਕਿਰਿਆ ਦਾ ਅਰਥ ਹੋਵੇ, 'ਪਿਆ ਕਰੇ', 'ਪਿਆ ਮਰੇ', 'ਸੜ' ਜਾਵੇ, ਤਾਂ ਅੰਤ ਵਿੱਚ ਔਂਕੜ

ਆਉਂਦਾ ਹੈ, ਜਿਵੇਂ 'ਲੋਗੁ ਨਿੰਦਉ (ਗੌ: ਕਬੀਰ)=ਲੋਕ ਪਿਆ ਨਿੰਦੇ, ਸਾਹਿਬੁ ਰੋਸੁ ਧਰਉ ਕਿ ਪਿਆਰੁ' (ਗੌੜੀ ਕਬੀਰ), 'ਜਲਨੁ ਸਿ ਬਾਹੜੀਆਹਾ' (ਵਡਹੰਸ ਮ: ੧)।

੨੮.(ੳ) ਕਈ ਅਜੇਹੇ ਸ਼ਬਦ ਹਨ, ਜਿਨ੍ਹਾਂ ਦੇ ਅੰਤ ਵਿੱਚ ਔਂਕੜ ਮੂਲਿਕ ਅੰਗ ਹੋਣ ਕਰ ਕੇ ਹਰ ਹਾਲਤ ਵਿੱਚ ਕਾਇਮ ਰਹਿੰਦਾ ਹੈ :

ਕਿਤੁ, ਸਭਤੁ, ਬਿਨੁ, ਬਿੰਦੁ।

(ਅ) ਇਸਤਰੀ-ਲਿੰਗ ਨਾਂਵਾਂ ਦੇ ਅੰਤ ਵਿੱਚ ਜੋ ਨਾ ਨੇਮ ੨ ਦੇ ਹੇਠਾਂ ਆਉਂਦੇ ਹਨ ਤੇ ਨਾ ਨੇਮ ੧੭ ਦੇ ਹੇਠਾਂ, ਸਗੋਂ ਉਨ੍ਹਾਂ ਦੇ ਅੰਤ ਮੂਲਿਕ ਔਂਕੜ ਹੁੰਦਾ ਹੈ, ਅਰਥਾਤ ਜਿਸ ਬੋਲੀ ਵਿੱਚੋਂ ਆਏ ਹਨ, ਔਂਕੜ ਨਾਲ ਲਿਆਏ ਹਨ :

ਧਾਤੁ, ਬਿਖੁ, ਰਤੁ, ਮਲੁ, ਮਸੁ, ਵਸਤੁ, ਵਥੁ, ਰੇਣੁ, ਧੇਨੁ।

ਦੁਲੈਂਕੜੇ

੨੯. ਲਹਿੰਦੀ ਪੰਜਾਬੀ ਦੇ ਕਿਸੇ ਨਾਂਵ ਨਾਲ ਜਦ ਉਸ ਦੇ ਪਿੱਛੇ ਸੰਬੰਧਕੀ ਪਦ (ਕੂੰ, ਜੇਡੁ, ਤੇ) ਵਰਤਿਆ ਜਾਣਾ ਹੋਵੇ। ਵਸਤੂ : 'ਵਸਤੂ ਅੰਦਰਿ', 'ਜਿੰਦੂ : ਜਿੰਦੂ ਕੂੰ ਸਮਝਾਇ' 'ਖਾਕੂ ਜੇਡੁ', 'ਸਸੂ ਤੇ ਪਿਰਿ ਕੀਨੀ ਵਾਖਿ'।

੩੦. ਸੰਬੰਧਕੀ ਅਰਥਾਂ ਵਿੱਚ ਖੇਹੂ=ਖੇਹ ਵਿੱਚ।

ਲਾਂ

੩੧. ਸਿਹਾਰੀ ਦੀ ਥਾਂ :

ਪੜੇ=ਪੜਿ : 'ਕਬਿਤ ਪੜੇ ਪੜਿ ਕਬਿਤਾ ਮੂਏ' (ਸੋਰਠਿ ਕਬੀਰ)।

ਕੂੜੇ=ਕੂੜਿ, ਕੂੜ ਵਿੱਚ, 'ਅਸੰਖ ਕੂੜਿਆਰ ਕੂੜੇ ਫਿਰਾਹਿ' (ਜਪੁ)

ਸੰਗੇ=ਸੰਗਿ, ਸਾਥੇ=ਸਾਥਿ, ਧੁਰੇ=ਧੁਰਿ, ਉਪਰੇ=ਉਪਰਿ।

ਦੁਲਾਈਆਂ

੩੨. ਸਥਾਨ-ਵਾਚੀ ਸੰਬੰਧਕੀ ਅਰਥਾਂ ਵਿੱਚ।

ਦੂਜੈ=ਦੂਜੇ ਨੂੰ, 'ਦੂਜੈ ਲਗੀ ਜਾਇ' (ਵਾਰ ਆਸਾ)।

ਰਿਦੈ=ਰਿਦੇ ਵਿੱਚ, ਮੰਦੈ=ਮੰਦੇ ਵਿੱਚ, ਜੰਘੀਐ=ਜੰਘਾਂ ਨਾਲ,

ਕਹਣੈ=ਕਹਣ ਨਾਲ, ਸੂਐ=ਸੂਏ ਉੱਤੇ, ਚਉਕੈ=ਚਉਕੇ ਵਿੱਚ।

੩੩. ਨਾਂਵ ਦੇ ਅੰਤ ਵਿੱਚ ਜਿਹਦੇ ਨਾਲ ਸੰਬੰਧਕੀ ਪਦ (ਅੰਦਰ, ਨਾਲ ਆਦਿ) ਵਰਤਿਆ ਜਾਣਾ ਹੋਵੇ 'ਘਰੈ ਅੰਦਰਿ', 'ਨਾਵੈ ਨਾਲਿ' 'ਨਾਵੈ ਨੋ ਲੋਚਦੀ'।

ਕਨੌੜਾ

੩੪. ਸਥਾਨ-ਵਾਚੀ ਸੰਬੰਧਕ ਦੇ ਤੌਰ 'ਤੇ :

ਆਪੌ=ਆਪ ਤੋਂ, ਮੁਹੌ=ਮੂੰਹ ਤੋਂ, ਜੀਭੌ= ਜੀਭ ਤੋਂ।

ਨੋਟ : ਜਦ ਦੋ ਸ਼ਬਦ ਆਮ ਤੌਰ 'ਤੇ ਇਕੱਠੇ ਆਉਂਦੇ ਹੋਣ, ਤਾਂ ਭਾਵੇਂ ਉਤਲੇ ਨੇਮਾਂ ਅਨੁਸਾਰ ਔਂਕੜ ਜਾਂ ਸਿਹਾਰੀ ਦੋਹਾਂ ਨਾਲ ਲਗਣੀ ਜ਼ਰੂਰੀ ਦਿੱਸੇ, ਫਿਰ ਭੀ ਨੇਮ ਵਾਲੀ ਲਗ ਮਾਤਰ ਕਈ ਵੇਰ ਇਕੋ ਨਾਲ ਲੱਗੀ ਹੁੰਦੀ ਹੈ। ਜਿਵੇਂ :

ਮਿਤ੍ਰ-ਸਤ੍ਰੁ, ਗਹਰ-ਗੰਭੀਰੁ, ਰੂਪ-ਰੰਗੁ, ਜੰਮਣ-ਮਰਣੁ, ਆਵਣ-ਜਾਣੁ, ਗੁਰ-ਕਰਤਾਰਿ, ਪ੍ਰੇਮ-ਪਿਆਰਿ, ਨਰਕ-ਘੋਰਿ, ਕਾਮ-ਕ੍ਰੋਧਿ।

✡ ✡ ✡

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਤਤਕਰਾ ਰਾਗਾਂ ਕਾ

ਪੋਥੀ ਪਹਿਲੀ

ਪੋਥੀ ਦੂਜੀ

ਪੋਥੀ ਤੀਜੀ

ਪੋਥੀ ਚੌਥੀ

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸਿਰੀਰਾਗੁ

(ਮਹਲਾ ੧)

ਰਾਗੁ ਗਉੜੀ

❁ ❁ ❁

੧[੧]ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ[੨] ਅਜੂਨੀ[੩] ਸੈਭੰ[੪] ਗੁਰ ਪ੍ਰਸਾਦਿ[੫] ॥☼

॥ ਜਪੁ† ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ‡ ॥ ੧ ॥ ਸੋਚੈ ਸੋਚਿ[੬] ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ [੭]ਲਾਇ ਰਹਾ ਲਿਵ ਤਾਰ ॥ ਭੁਖਿਆ[੮] ਭੁਖ ਨ ਉਤਰੀ ਜੇ [੯]ਬੰਨਾ ਪੁਰੀਆ ਭਾਰ ॥ ਸਹਸ[੧੦] ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ[੧੧] ॥ [੧੨]ਹੁਕਮਿ ਰਜਾਈ ਚਲਣਾ ਨਾਨਕ §ਲਿਖਿਆ ਨਾਲਿ ॥ ੧ ॥ ¶ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ[੧੩] ॥ [੧੪]ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥ [੧੫]ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ::ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ

੧ 'ਓ' ਸਰਗੁਣ ਰੂਪ ਵਾਹਿਗੁਰੂ। ਉਚਾਰਣ 'ਓਅੰਕਾਰ' ਹੈ। ਉਸ ਦਾ ਨਾਮ "ਸਤਿ" ਅਥਵਾ ਸਦਾ ਕਾਇਮ ਰਹਿਣ ਵਾਲਾ; ਯਥਾ 'ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥" (ਮਾਰੂ ਮ: ੫)
ਉਹ ਪੈਦਾ ਕਰਨ ਵਾਲਾ ਪੁਰਖ (ਹਸਤੀ) ਹੈ ਗੁਰਬਾਣੀ ਵਿੱਚ ਕਰਤਾ ਪੁਰਖ, ਅਕਾਲ ਪੁਰਖ, ਵਾਹਿਗੁਰੂ ਲਈ ਕੱਠੇ ਵਰਤੇ ਹਨ; ਯਥਾ, 'ਕਰਤੈ ਪੁਰਖਿ ਤਾਲੁ ਦਿਵਾਇਆ', ਅਕਾਲ ਪੁਰਖ ਅਗਾਧਿ ਬੋਧ' (ਗਉੜੀ ਮਹਲਾ ੫)।

੨ ਨਾ ਮਰਨ ਵਾਲੀ ਹਸਤੀ।

੩ ਜਨਮ ਵਿੱਚ ਨਾ ਆਉਣ ਵਾਲਾ।

੪ (ਸੰ: ਸ੍ਵ ਯੰ ਭੂ) ਆਪਣੇ ਆਪ ਤੋਂ ਹੈ। ਕਈ ਥਾਂ 'ਤੇ ਬਾਣੀ ਵਿੱਚ 'ਸੰਭਉ' 'ਸੰਭਵਿਉ' 'ਸੰਭਵਿਅਉ' (ਆਪਣੇ ਆਪ ਤੋਂ ਪੈਦਾ ਹੋਇਆ) ਆਉਂਦਾ ਹੈ।

੫ ਗੁਰੂ ਦੀ ਕਿਰਪਾ ਦੁਆਰਾ।

੬ ਸੋਚ ਜਾਂ ਸਮਝ ਵਿੱਚ।

੭ ਇਕ ਟਕ ਧਿਆਨ ਜਮਾਈ ਰੱਖਾਂ।

੮ ਤ੍ਰਿਸ਼ਨਾ ਦੇ ਅਧੀਨ ਰਹਿਣ ਨਾਲ।

੯ ਪੁਰੀਆਂ ਦੇ ਭਾਰ ਬੰਨ੍ਹ ਲਵਾਂ, ਸਾਰੇ ਲੋਕਾਂ ਦੇ ਦੇਸ਼ ਆਪਣੇ ਵੱਸ ਕਰ ਲਵਾਂ। "ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ" (ਪ੍ਰਭਾਤੀ ਮ: ੧)

੧੦ ਹਜ਼ਾਰਾਂ। 'ਸਹਸ ਭਾਂਤਿ ਕਰਹਿ ਚਤੁਰਾਈ॥ ਸੰਗਿ ਤੁਹਾਰੈ ਏਕ ਨ ਜਾਈ॥' (ਗਉੜੀ ਮ: ੫, ਪੰ: ੨੬੦)

੧੧ ਕੰਧ, ਪਰਦਾ।

੧੨ ਰਜ਼ਾ (ਹੁਕਮ) ਵਾਲੇ ਦੀ ਆਗਿਆ ਵਿੱਚ।

੧੩ ਬਨਸਪਤੀ ਤੋਂ ਵਧ ਕੇ ਵਡਿਆਈ ਜੀਵਾਂ ਨੂੰ ਮਿਲੀ ਤੇ ਜੀਵਾਂ ਤੋਂ ਵਧ ਕੇ 'ਮਾਣਸ ਕਉ ਪ੍ਰਭਿ ਦੀਈ ਵਡਿਆਈ॥' (ਮਾਰੂ ਮਹਲਾ ੫)

੧੪ ਮਨੁੱਖ ਵਿੱਚ ਹੁਕਮ ਦੀ ਜੋਤ ਦੇ ਆਸਰੇ ਵਿਚਾਰ ਅਤੇ ਨਿਸਚੇ ਦੇ ਗੁਣ ਵਧਦੇ ਗਏ ਅਤੇ ਅੰਤ ਨੂੰ ਉਸ ਵਿਚ ਉੱਤਮਤਾ ਤੇ ਨੀਚਤਾ ਦੇ ਇਖ਼ਲਾਕੀ ਭਾਵ ਪੈਦਾ ਹੋ ਗਏ: 'ਪਾਪ ਪੁੰਨ ਤਹ ਭਈ ਕਹਾਵਤ' (ਸੁਖਮਨੀ)। ਮਨੁੱਖ ਆਪਣੇ ਆਪ ਨੂੰ ਇਕ ਜ਼ਿੰਮੇਵਾਰ ਹਸਤੀ ਮੰਨਣ ਲੱਗਾ, ਅਤੇ ਸੁਖਾਂ ਦੁੱਖਾਂ ਨੂੰ ਆਪਣੇ ਚੰਗੇ ਮੰਦੇ ਕੰਮਾਂ ਦਾ ਫਲ ਕਰ ਕੇ ਭੋਗਣ ਲੱਗਾ।

੧੫ ਜੇ ਕਿਸੇ ਨੂੰ ਰੱਬ ਤੋਂ ਤ੍ਰਾਣ ਮਿਲਿਆ ਹੁੰਦਾ ਹੈ ਤਾਂ ਉਹ ਰੱਬ ਦੇ ਤ੍ਰਾਣ ਨੂੰ ਗਾਉਂਦਾ ਹੈ। ਜ਼ੋਰ ਵਾਲੇ ਲੋਕ ਰੱਬ ਦੇ ਜ਼ੋਰ ਵਾਲਾ ਹੋਣ ਉੱਤੇ ਜ਼ੋਰ ਦਿੰਦੇ ਹਨ।

* ਇਹ ਵਾਰਤਕ ਰਚਨਾ ਸਿੱਖੀ ਦਾ 'ਮੂਲ ਮੰਤਰ' ਹੈ; ਅਰਥਾਤ ਇਸ ਵਿੱਚ ਉਹ ਬੁਨਿਆਦੀ ਗੱਲਾਂ ਦੱਸੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਸਿੱਖ ਧਰਮ ਦੇ ਨੇਮਾਂ ਦੀ ਨੀਂਹ ਰੱਖੀ ਗਈ ਹੈ। ਇਹ ਨੀਂਹ ਵਾਹਿਗੁਰੂ ਦੀ ਹਸਤੀ ਦੀ ਹੈ, ਜਿਸ ਦਾ ਸਰੂਪ ਇਨ੍ਹਾਂ ਲਫ਼ਜ਼ਾਂ ਵਿੱਚ ਦਿੱਤਾ ਹੋਇਆ ਹੈ । ਇਹ ਮੂਲ ਮੰਤਰ ਹਰ ਰਾਗ ਦੇ ਆਦਿ ਵਿੱਚ ਆਉਂਦਾ ਹੈ। ਇਸੇ ਨੂੰ ਸੰਖੇਪ ਕਰ ਕੇ '੧ਓ ਸਤਿਗੁਰ ਪ੍ਰਸਾਦਿ' ਭੀ ਲਿਖਿਆ ਹੈ। ਦੇਖੋ ਭਾ: ਗੁਰਦਾਸ, ਵਾਰ ੩, ਪੌ: ੧੫।

† ਇਹ ਇਸ ਬਾਣੀ ਦਾ ਨਾਂ ਹੈ, ਜੋ ਮੁੜ-ਮੁੜ ਜਪਣ ਲਈ ਰਚੀ ਗਈ। ਇਕ ਪੁਰਾਤਨ ਜਪੁ ਦੇ ਟੀਕੇ ਵਾਲੀ ਸਾਖੀ ਵਿੱਚ, ਜੋ ਸੰਨ ੧੭੦੧ ਵਿੱਚ ਨਕਲ ਕੀਤੀ ਗਈ, ਲਿਖਿਆ ਹੈ ਕਿ ਜਪੁ ਜੀ 'ਆਦਿ ਸਚੁ' ਵਾਲੇ ਸ਼ਲੋਕ ਤੋਂ ਸ਼ੁਰੂ ਹੁੰਦਾ ਹੈ : ਏਹੁ ਸਲੋਕ ਮੁਢ ਬਾਬੇ ਨਾਨਕ ਜਪ ਦੇ ਰੱਖਿਆ।' ਇਸੇ ਸਾਖੀ ਵਿੱਚ ਅੱਗੇ ਜਾ ਕੇ ਲਿਖਿਆ ਹੈ : ਸਤਿਨਾਮੁ ਕਰਤਾ ਪੁਰਖੁ...ਗੁਰ ਪ੍ਰਸਾਦਿ॥ ਆਗੈ ਜਪੁ ਚਲਿਆ।

‡ ਇਹ ਸ਼ਲੋਕ ਸੁਖਮਨੀ ਸਾਹਿਬ ਦੀ ੧੭ਵੀਂ ਅਸ਼ਟਪਦੀ ਦੇ ਆਦਿ ਵਿੱਚ ਵੀ ਆਉਂਦਾ ਹੈ।

§ ਸਾਡੇ ਮਨ, ਸਾਡੇ ਤਨ, ਸਾਡੇ ਭਾਵਾਂ ਵਿੱਚ ਮੁਢ ਤੋਂ ਰੱਬ ਨੇ ਆਪਣਾ ਹੁਕਮ ਉਕਰਿਆ ਹੋਇਆ ਹੈ: 'ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ' (ਗਉੜੀ ਮਹਲਾ ੫) 'ਬੀਜ ਮੰਤ੍ਰੁ ਸਰਬ ਕੋ ਗਿਆਨੁ' (ਸੁਖਮਨੀ)।

¶ ਹੁਕਮ ਦਾ ਵਾਸਾ ਮਨੁੱਖ ਦੇ ਅੰਦਰ ਦੱਸ ਕੇ ਹੁਣ ਹੁਕਮ ਦਾ ਪਸਾਰਾ ਰਚਨਾ ਵਿੱਚ ਦੱਸਦੇ ਹਨ। ਸ੍ਰਿਸ਼ਟੀ ਦੇ ਸਮੁੱਚੇ ਇਤਿਹਾਸ ਉੱਤੇ ਨਜ਼ਰ ਮਾਰ ਕੇ ਦੱਸਦੇ ਹਨ ਕਿ ਸ਼ੁਰੂ ਤੋਂ ਰੱਬ ਦਾ ਹੁਕਮ ਸ੍ਰਿਸ਼ਟੀ ਦੀ ਬਣਤਰ, ਇਹਦੇ ਜੀਵਾਂ ਦੀ ਸਰੀਰਕ ਅਤੇ ਆਤਮਕ ਉਸਾਰੀ ਅਤੇ ਉਨ੍ਹਾਂ ਦੀ ਗਤੀ ਬਣਾਉਣ ਵਿੱਚ ਕੰਮ ਕਰਦਾ ਆਇਆ ਹੈ।

:: ਪਿੱਛੇ ਦੱਸਿਆ ਸੀ ਕਿ ਰੱਬ ਦਾ ਹੁਕਮ ਮਨੁੱਖ ਦੇ ਦਿਲ ਅਤੇ ਕੁਦਰਤ ਦੇ ਅੰਦਰ ਵਰਤ ਰਿਹਾ ਹੈ। ਹੁਣ ਦੱਸਦੇ ਹਨ ਕਿ ਏਸ ਰੱਬੀ-ਪ੍ਰਵੇਸ਼ ਨੂੰ ਸਾਰੇ ਲੋਕ ਇਕੋ ਜਿਹਾ ਨਹੀਂ ਦੇਖ ਸਕਦੇ, ਭਾਵੇਂ ਇਸ ਯਤਨ ਵਿੱਚ ਲੱਗਿਆਂ ਉਨ੍ਹਾਂ ਨੇ ਆਪੋ ਆਪਣੀ ਸਮਝ ਅਨੁਸਾਰ ਉਸ ਦੀ ਹੋਂਦ ਦੀਆਂ ਕੁਝ-ਕੁਝ ਝਾਕੀਆਂ ਦਿੱਤੀਆਂ ਹਨ।

ਵਡਿਆਈਆ ਚਾਰ[1] ॥ ਗਾਵੈ ਕੋ ਵਿਦਿਆ [2]ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ [3]ਕਥਨਾ ਕਥੀ ਨ ਆਵੈ ਤੋਟਿ ॥ [4]ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ [5]ਜੁਗਾ ਜੁਗੰਤਰਿ ਖਾਹੀ ਖਾਹਿ ॥ *ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ[6] ਵੇਪਰਵਾਹੁ ॥ ੩ ॥ [7]ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ [8]ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ [9]ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ †ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥ ‡ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ[10] ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ[11] ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ[12] [13]ਸੁਖੁ ਘਰਿ ਲੈ ਜਾਇ ॥ [14]ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ[15] ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥ ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ §ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ¶ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥ ਜੇ ਜੁਗ ਚਾਰੇ ਆਰਜਾ[16] ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ[17] ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ [18]ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥ ::ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ[19] ਆਕਾਸ ॥ ਸੁਣਿਐ ਦੀਪ[20] ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ[21] ॥ ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥ ਸੁਣਿਐ [22]ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ

੧ ਸੋਹਣੀਆਂ।
੨ ਔਖੇ ਵੀਚਾਰ ਨੂੰ (ਵਿੱਦਿਆ ਰਾਹੀਂ ਗਾਉਂਦਾ ਹੈ)।
੩ ਬਿਆਨ ਕੀਤਾ ਮੁੱਕਦਾ ਨਹੀਂ।
੪ ਕਰੋੜਾਂ ਹੀ ਕਰੋੜਾਂ ਨੇ ਆਖ-ਆਖ ਕੇ ਫੇਰ ਆਖੀ।
੫ ਸਮੇਂ ਦੇ ਸਾਰੇ ਗੇੜਾਂ ਵਿੱਚ ਖਾਂਦੇ ਹੀ ਖਾਂਦੇ ਹਨ।
੬ ਖੁਸ਼ ਹੁੰਦਾ ਹੈ।
੭ ਉਹ ਮਾਲਕ ਸੱਚਾ ਹੈ, ਸੱਚੇ ਨਾਉਂ ਕਰ ਕੇ (ਜਿਵੇਂ ਜਪੁ ਦੇ ਸ਼ੁਰੂ ਵਿੱਚ ਦਿੱਤਾ ਹੈ) ਉਸ ਨੂੰ ਕਥਨ ਕਰਨ ਲੱਗਿਆਂ ਤਰ੍ਹਾਂ-ਤਰ੍ਹਾਂ ਦਾ ਭਾਵ ਪ੍ਰਗਟ ਹੁੰਦਾ ਹੈ (ਜਿਵੇਂ ਤੀਜੀ ਪੌੜੀ ਵਿੱਚ ਦੱਸਿਆ ਹੈ)। "ਪਸੂ ਪੰਖੀ ਮ੍ਰਿਗਾਵਲੀ ਭਾਖਿਆ ਭਾਉ ਆਲਾਉ ਸੁਣਾਏ।" (ਭਾ: ਗੁਰਦਾਸ, ਵਾਰ ੧੭)।
੮ (ਅਸਾਂ ਇਹ ਭੀ ਸੁਣ ਲਿਆ ਕਿ) ਲੋਕੀਂ ਆਖਦੇ ਹਨ, ਮੰਗਦੇ ਹਨ ਕਿ ਹੇ ਵਾਹਿਗੁਰੂ! ਦੇਹ, ਦੇਹ ਅਤੇ ਬਖ਼ਸ਼ਿੰਦ ਦਿੰਦਾ ਹੈ (ਜਿਵੇਂ ਦੂਜੀ ਪਉੜੀ ਦੀ ਦਸਵੀਂ ਤੁਕ ਤੋਂ ਲੈ ਕੇ ਅੰਤ ਤੱਕ ਦੱਸਿਆ ਹੈ)।
੯ (ਇਹ ਤਾਂ ਸੁਣ ਲਿਆ) ਹੁਣ ਦੱਸੋ ਕਿ ਉਸ ਦੇ ਅੱਗੇ ਕੀ ਢੋਆ ਰੱਖੀਏ ਜਿਸ ਨਾਲ ਉਸ ਦੇ ਦਰਬਾਰ ਦੇ ਦਰਸ਼ਨ ਹੋਣ?
੧੦ ਮਾਇਆ ਤੋਂ ਬੇਲਾਗ।
੧੧ ਸਿਫ਼ਤਾਂ ਦਾ ਖ਼ਜ਼ਾਨਾ।
੧੨ ਹਟਾ ਕੇ, ਦੂਰ ਕਰ ਕੇ।
੧੩ ਦਿਲ ਵਿੱਚ ਅਨੰਦ ਦਾ ਵਾਸਾ ਕਰਾ ਲੈਂਦਾ ਹੈ।
੧੪ ਗੁਰੂ ਦਾ ਵਾਕ ਹੀ ਸ਼ਬਦ ਅਤੇ ਗੁਰੂ ਦਾ ਵਾਕ ਹੀ ਵੇਦ ਹੈ, ਕਿਉਂਕਿ ਗੁਰੂ ਦੀ ਰਸਨਾ ਵਿੱਚ ਪ੍ਰਭੂ ਆਪ ਵੱਸਦਾ ਹੈ। ਸਭਿ ਨਾਦ ਬੇਦ ਗੁਰਬਾਣੀ॥ (ਰਾਮਕਲੀ ਮ: ੧, ਪੰਨਾ ੮੭੯)।
੧੫ ਵਿਸ਼ਨੂੰ (ਗੋਇ=ਪ੍ਰਿਥਵੀ; ਰਖੁ=ਰੱਖਿਅਕ)।
੧੬ ਉਮਰ।
੧੭ ਸਿਫ਼ਤ, ਸੋਭਾ।
੧੮ ਉਹ ਕੀੜਿਆਂ ਅੰਦਰ ਕੀੜਾ (ਭਾਵ ਬਹੁਤ ਹੀ ਨੀਚ ਕਰ ਕੇ) ਗਿਣਿਆ ਜਾਏਗਾ, ਅਤੇ ਮਾੜੇ ਆਦਮੀ ਭੀ ਉਸ ਨੂੰ ਮਾੜਾ ਆਖਣਗੇ।
੧੯ ਧਰਤੀ ਹੇਠਾਂ ਖੜੋਤਾ ਫ਼ਰਜ਼ੀ ਬਲਦ।
੨੦ ਦੇਸ।
੨੧ ਅਨੰਦ।
੨੨ ਸ਼ਿਵ ਜੀ, ਬ੍ਰਹਮਾ ਤੇ ਇੰਦਰ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ, ਅਤੇ ਉਨ੍ਹਾਂ ਨੂੰ ਛੱਡ ਕੇ ਕੇਵਲ ਵਾਹਿਗੁਰੂ ਦੇ ਸਲਾਹੁਣ ਵਾਲਾ ਹੋ ਜਾਂਦਾ ਹੈ, ਕਿਉਂਕਿ ਗੁਰੂ ਦੀ ਸਿੱਖਿਆ ਸੁਣਨ ਤੋਂ ਸਰੀਰ ਨਾਲ ਪਰਮਾਤਮਾ ਦੇ ਜੁੜਨ ਦੀ ਜੁਗਤੀ ਦੇ ਭੇਦ ਮਲੂਮ ਹੋ ਜਾਂਦੇ ਹਨ, ਅਰਥਾਤ ਇਸ ਗੱਲ ਦਾ ਭੇਦ ਲੱਭ ਪੈਂਦਾ ਹੈ ਕਿ ਮਾਦੀ ਦੁਨੀਆਂ ਦੇ ਸਥੂਲ ਸਰੀਰ ਕਿਸ ਢੰਗ ਨਾਲ ਪਰਮਾਤਮਾ ਦੀ ਸੂਖਮ ਹਸਤੀ ਨਾਲ ਜੁੜੇ ਹੋਏ ਹਨ, ਅਤੇ ਕਿਵੇਂ ਉਸ ਆਤਮਕ ਸ਼ਕਤੀ ਦੇ ਹਿਲਾਏ ਹਿਲਦੇ ਤੇ ਚਲਾਏ ਚਲਦੇ ਹਨ।

* ਹੁਕਮ ਵਾਲੇ ਦਾ ਹੁਕਮ ਇਹ ਕਾਰਵਾਈ ਚਲਾ ਰਿਹਾ ਹੈ।

† ਕਰਮਾਂ ਕਰ ਕੇ ਸਰੀਰ ਦਾ ਜਾਮਾ ਵਟਾ ਲਈਦਾ ਹੈ, ਪਰ ਮੁਕਤੀ ਜਾਂ ਵਾਹਿਗੁਰੂ ਦਾ ਦਰ ਰੱਬ ਦੀ ਬਖ਼ਸ਼ਿਸ਼ ਤੋਂ ਹੀ ਮਿਲਦਾ ਹੈ।

‡ ਵਾਹਿਗੁਰੂ (ਮੰਦਰ ਆਦਿ ਵਿੱਚ) ਟਿਕਾਇਆ ਜਾਂ (ਮੂਰਤੀ ਵਾਂਗ) ਬਣਾਇਆ ਨਹੀਂ ਜਾ ਸਕਦਾ।

§ ਜਿਤਨੀ ਸ੍ਰਿਸ਼ਟੀ ਪੈਦਾ ਕੀਤੀ ਹੋਈ ਵੇਖਦਾ ਹਾਂ, ਉਸ ਵਿੱਚ ਬਿਨਾਂ ਕੰਮ ਕੀਤੇ ਕੀ ਲੱਭਦਾ ਹੈ ਜੋ ਮੈਂ ਲਵਾਂ?

¶ ਜੇ ਕੇਵਲ ਗੁਰੂ ਦਾ ਉਪਦੇਸ਼ ਸੁਣਾਂ ਤਾਂ ਮੇਰੀ ਸਮਝ ਵਿੱਚੋਂ ਹੀ ਹੀਰਿਆਂ ਮੋਤੀਆਂ ਵਰਗੇ ਗੁਣ ਪ੍ਰਗਟ ਹੋ ਪੈਣ।

:: ਗੁਰੂ ਦੀ ਸਿੱਖਿਆ ਸੁਣਨ ਨਾਲ ਸਿੱਧਾਂ, ਪੀਰਾਂ ਤੇ ਵੱਡੇ ਨਾਥਾਂ ਸੰਬੰਧੀ ਪਤਾ ਲੱਗ ਜਾਂਦਾ ਹੈ ਕਿ ਉਹ ਕਿੰਨੇ ਕੁ ਪਾਣੀ ਵਿੱਚ ਹਨ; ਅਰਥਾਤ ਉਹ ਕਿਸ ਪਾਏ ਦੇ ਆਗੂ ਹਨ ਅਤੇ ਉਨ੍ਹਾਂ ਦੀਆਂ ਗੱਲਾਂ (ਜ਼ਮੀਨ ਅਸਮਾਨ ਬਾਬਤ) ਕਿੰਨੀਆਂ-ਕੁ ਮੰਨਣ ਯੋਗ ਹਨ।

[੧]ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥ ਸੁਣਿਐ ਸਤੁ ਸੰਤੋਖੁ ਗਿਆਨੁ ॥ [੨]ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ [੩]ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥ ਸੁਣਿਐ [੪]ਸਰਾ ਗੁਣਾ ਕੇ ਗਾਹ ॥ ਸੁਣਿਐ [੫]ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ [੬]ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੧[*] ॥ ਮੰਨੇ ਕੀ ਗਤਿ[੭] ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ [੮]ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥ ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ [੯]ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥ ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ [੧੦]ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥ ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ[੧੧] ॥ [੧੨]ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥ ਪੰਚ[੧੩] ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ ॥ [੧੪]ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ ॥ [੧੫]ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ[੧੬] ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ[੧੭] ॥ [੧੮]ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ [੧੯]ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥ ਅਸੰਖ ਜਪ ਅਸੰਖ ਭਾਉ[੨੦] ॥ ਅਸੰਖ ਪੂਜਾ ਅਸੰਖ [੨੧]ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ [੨੨]ਜੋਗ

੧ ਸ਼ਾਸਤਰਾਂ ਸਿਮਰਤੀਆਂ ਅਤੇ ਵੇਦਾਂ ਆਦਿ ਪੁਸਤਕਾਂ (ਜਿਨ੍ਹਾਂ ਵਿੱਚ ਉੱਪਰ ਦੱਸੇ ਦੇਵਤਿਆਂ ਤੇ ਉਨ੍ਹਾਂ ਦੀਆਂ ਤਾਕਤਾਂ ਦਾ ਜ਼ਿਕਰ ਹੈ) ਦਾ ਗਿਆਨ ਹੋ ਜਾਂਦਾ ਹੈ।

੨ ਗੁਰੂ ਦੀ ਸਿੱਖਿਆ ਸੁਣਨੀ ਅਠਾਹਠਾਂ ਤੀਰਥਾਂ ਵਿੱਚ ਨ੍ਹਾਉਣ ਦੇ ਬਰਾਬਰ ਹੈ।

੩ ਪੂਰਣ ਗਿਆਨ ਵਾਲੀ ਹਾਲਤ ਦਾ ਨਕਸ਼ਾ ਅੱਖਾਂ ਅੱਗੇ ਬੱਝ ਜਾਂਦਾ ਹੈ।

੪ ਗੁਣਾਂ ਦੇ ਸਮੁੰਦਰਾਂ ਨੂੰ ਗਾਹੀਦਾ ਹੈ, ਜੀਵਨ ਦੀਆਂ ਡੂੰਘਿਆਈਆਂ ਵਿੱਚ ਵਰਤੀਣ ਵਾਲੇ ਗੁਣਾਂ ਨੂੰ ਦ੍ਰਿੜ੍ਹ ਕਰ ਲਈਦਾ ਹੈ।

੫ ਪਤਾ ਲੱਗ ਜਾਂਦਾ ਹੈ ਕਿ ਧਾਰਮਿਕ (ਪੀਰ) ਸੰਸਾਰਕ (ਪਾਤਿਸ਼ਾਹ) ਅਤੇ ਦੋਹਾਂ ਪੱਖਾਂ ਦੇ ਸਾਂਝੇ ਆਗੂ (ਸ਼ੇਖ) ਕਿਵੇਂ ਹੋਈਦਾ ਹੈ?

੬ ਡੂੰਘੇ ਸਮੁੰਦਰ ਦੀ ਤਹਿ ਲੱਭ ਲੈਂਦਾ ਹੈ, ਔਖੇ ਸਵਾਲਾਂ ਨੂੰ ਹੱਲ ਕਰ ਲੈਂਦਾ ਹੈ।

੭ ਹਾਲਤ।

੮ ਪਵਿੱਤਰ ਸ਼ਬਦ, ਪਾਕ ਕਲਾਮ।

੯ ਜ਼ਿੰਦਗੀ ਦੇ ਸਾਰੇ ਮੰਡਲਾਂ (ਗਰੀਬੀ, ਅਮੀਰੀ, ਗ੍ਰਿਹਸਤ, ਉਦਾਸ ਆਦਿ ਹਾਲਤਾਂ) ਦੀ ਪਛਾਣ।

੧੦ ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਉਹ ਲੋਕਾਂ ਦੇ ਚਲਾਏ ਖ਼ਾਸ ਖ਼ਾਸ ਬੱਝਵੇਂ ਤਰੀਕਿਆਂ ਦਾ ਪਾਬੰਦ ਨਹੀਂ ਹੁੰਦਾ, ਫ਼ਿਰਕੇਬੰਦੀ ਵਿੱਚ ਨਹੀਂ ਪੈਂਦਾ। ਉਹ ਨਾ ਕਿਸੇ ਦਾ ਮੱਗ ਫੜਦਾ ਹੈ ਨਾ ਪੰਥ, ਉਸ ਨੂੰ ਤਾਂ ਧਰਮ ਨਾਲ ਸੰਬੰਧ ਹੋ ਗਿਆ ਹੈ।

੧੧ ਸੁਧਾਰਦਾ ਹੈ।

੧੨ ਗੁਰੂ ਦਾ ਸ਼ਬਦ ਮੰਨਣ ਨਾਲ ਮਨੁੱਖ ਆਪ ਤਰਦਾ ਹੈ ਅਤੇ ਹੋਰ ਜੋ ਸਿੱਖਿਆ ਲੈਣ ਆਉਣ, ਉਨ੍ਹਾਂ ਨੂੰ ਉਪਦੇਸ਼-ਦਾਤਾ ਹੋ ਕੇ ਤਾਰਦਾ ਹੈ। ਹੇ ਨਾਨਕ! ਗੁਰੂ ਦਾ ਸ਼ਬਦ ਮੰਨਣ ਨਾਲ ਮਨੁੱਖ ਦਰ-ਦਰ ਨਹੀਂ ਮੰਗਦਾ ਫਿਰਦਾ। ਜਿਸ ਨੂੰ ਇਹੋ ਜਿਹਾ ਗੁਰੂ ਮਿਲ ਜਾਏ, ਉਹ ਅੱਜ ਮੁਸਲਮਾਨ, ਕਲ੍ਹ ਹਿੰਦੂ, ਪਰਸੋਂ ਈਸਾਈ ਨਹੀਂ ਹੁੰਦਾ ਫਿਰਦਾ।

੧੩ ਚੌਧਰੀ, ਆਗੂ, ਮੁਖੀਆ।

੧੪ ਕਰਤੇ ਦੇ ਕੰਮਾਂ ਦੀ ਕੋਈ ਗਿਣਤੀ ਨਹੀਂ ਉਦਾਹਰਣ ਵੱਜੋਂ ਦੇਖੋ, ਲੋਕਾਂ ਦਾ ਮੰਨਿਆ ਹੋਇਆ ਬਲਦ, ਅਸਲ ਵਿੱਚ ਰੱਬ ਦੀ ਕਿਰਪਾ ਦਾ ਬਣਾਇਆ ਹੋਇਆ ਕਾਨੂੰਨ ਹੈ, ਜਿਸ ਨੇ ਸੰਸਾਰ ਦੇ ਸਿਸਟਮ (ਪ੍ਰਬੰਧ) ਵਿੱਚ ਸੰਤੋਖ ਨੂੰ ਵਰਤਾਇਆ ਹੋਇਆ ਹੈ। ਜਿਹੜਾ ਹੇਠ ਲਿਖੀ ਔਕੜ ਨੂੰ ਹੱਲ ਕਰੇ, ਉਹੋ ਆਪਣੇ ਪੱਖ ਨੂੰ ਸਿੱਧ ਕਰਨ ਵਿੱਚ ਕਾਮਯਾਬ ਹੋ ਸਕਦਾ ਹੈ।

੧੫ ਉਨ੍ਹਾਂ ਸਾਰਿਆਂ ਨੂੰ ਇਕ ਵਗਦੀ ਕਲਮ ਨੇ ਲਿਖਿਆ ਹੈ, ਭਾਵ ਨਿੱਤ ਨਵੇਂ ਜੀਵ ਪੈਦਾ ਹੁੰਦੇ ਰਹਿੰਦੇ ਹਨ, ਲੇਖਾ ਲਗਾਤਾਰ ਲਿਖਿਆ ਜਾ ਰਿਹਾ ਹੈ।

੧੬ ਸੋਹਣਾ।

੧੭ ਅੰਦਾਜ਼ਾ।

੧੮ ਇਕੋ ਹੁਕਮ ਨਾਲ ਪਸਾਰਾ (ਸ੍ਰਿਸ਼ਟੀ ਦਾ ਵਿਸਥਾਰ) ਕੀਤਾ। ਵੇਖੋ ਮਾਰੂ ਮ: ੫ ਘਰੁ ੪, ਪੰ: ੧੦੦੩, ਅਤੇ ਭਾਈ ਗੁਰਦਾਸ, ਵਾਰ ੨੧, ਪੌੜੀ ੧੭।

੧੯ ਤਾਕਤ, ਬਲ। ਮੇਰੀ ਕੀ ਤਾਕਤ ਹੈ ਕਿ ਮੈਂ ਉਸ ਦਾ ਬਿਆਨ ਕਰਾਂ। ਮੈਂ ਤਾਂ ਇਕ ਵੇਰ ਕੁਰਬਾਨ ਵੀ ਨਹੀਂ ਜਾ ਸਕਦਾ।

੨੦ ਪ੍ਰੇਮ ਬੰਦਗੀ।

੨੧ ਤਪ ਤਪੇ ਜਾ ਰਹੇ ਹਨ।

੨੨ ਜੋਗੀ।

* 'ਸੁਣਿਐ' ਦੀਆਂ ਪੌੜੀਆਂ ਵਿੱਚ ਗੁਰੂ ਦੀ ਸਿੱਖਿਆ ਸੁਣਨ ਨਾਲ ਜੋ ਮਤ ਵਿੱਚੋਂ ਰਤਨ ਜਵਾਹਰ ਮਾਣਿਕ ਪ੍ਰਗਟ ਹੁੰਦੇ ਹਨ, ਉਨ੍ਹਾਂ ਦਾ ਜ਼ਿਕਰ ਹੈ। ਪਹਿਲਾਂ ਜ਼ਿਮੀਂ, ਅਸਮਾਨ ਬਾਬਤ ਜੋਗੀਆਂ ਦੇ ਫੈਲਾਏ ਹੋਏ ਭਰਮ ਦੂਰ ਹੁੰਦੇ ਹਨ, (੭ਵੀਂ ਪੌੜੀ) ਅਤੇ ਪਤਾ ਲੱਗਦਾ ਹੈ ਕਿ ਸਰੀਰਕ ਦੁਨੀਆਂ ਕਿਵੇਂ ਵਾਹਿਗੁਰੂ ਨਾਲ ਜੁੜੀ ਹੋਈ ਉਸ ਦੇ ਹੁਕਮ ਵਿੱਚ ਚੱਲ ਰਹੀ ਹੈ (੮ਵੀਂ ਪੌ:)। ਫਿਰ ਇਖ਼ਲਾਕੀ ਗੁਣਾਂ ਦੀ ਸੋਝੀ ਹੁੰਦੀ ਹੈ (੯ਵੀਂ ਪੌੜੀ); ਫਿਰ ਸ਼ਖ਼ਸੀ ਗੁਣਾਂ ਤੋਂ ਲੰਘ ਕੇ ਸਮਾਜਕ ਜੀਵਨ ਦੇ ਉੱਚੇ ਗੁਣਾਂ ਦਾ ਪਤਾ ਲੱਗਦਾ ਹੈ।

'ਮੰਨੈ' ਦੀਆਂ ਪੌੜੀਆਂ ਵਿੱਚ ਗੁਰ-ਸਿੱਖਿਆ ਉੱਤੇ ਅਮਲ ਕਰਨ ਨਾਲ ਜੋ ਮਨੁੱਖੀ ਜੀਵਨ ਢਲਦਾ ਤੇ ਬਣਦਾ ਹੈ, ਉਸ ਦਾ ਨਕਸ਼ਾ ਖਿੱਚਿਆ ਹੈ। ਇਥੇ ਅਲੰਕਾਰ ਇਹ ਵਰਤਿਆ ਹੈ ਕਿ ਇਕ ਸੁੱਤੇ ਹੋਏ ਰਾਹੀ ਨੂੰ ਕੋਈ ਆ ਕੇ ਜਗਾਂਦਾ ਹੈ। ਜਿਉਂ-ਜਿਉਂ ਉਸ ਨੂੰ ਸੁਰਤ ਆਉਂਦੀ ਹੈ, ਉਹ ਆਪਣੇ ਆਲੇ ਦੁਆਲੇ ਦੇ ਭਵਣਾਂ ਨੂੰ ਵੇਖਦਾ ਤੇ ਸਮਝਦਾ ਹੈ। ਉਹ ਆਪਣੇ ਲਈ ਇਕ ਚੰਗਾ ਰਸਤਾ ਚੁਣ ਲੈਂਦਾ ਹੈ ਅਤੇ ਉਸ ਉੱਤੇ ਬੇਖਟਕਾ ਹੋ ਕੇ ਤੁਰਦਾ-ਤੁਰਦਾ ਅੰਤ ਆਪਣਾ ਪੰਧ ਮੁਕਾ ਕੇ ਜਿਸ ਥਾਂ ਅਪੜਨਾ ਸੀ, ਅਪੜ ਪੈਂਦਾ ਹੈ। ਫਿਰ ਆਪਣੇ ਟੱਬਰ ਤੇ ਸਾਥੀਆਂ ਨੂੰ ਭੀ ਉਥੇ ਲੈ ਜਾਂਦਾ ਹੈ।

ਇਹੋ ਜਿਹਾ ਸਿਖਿਆ-ਪੂਰਤ ਮਨੁੱਖ 'ਪੰਚ' ਬਣ ਜਾਂਦਾ ਹੈ।

ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ[੧] ਅਸੰਖ ਦਾਤਾਰ ॥ [੨]ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੭* ॥ ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ [੩]ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ [੪]ਕੂੜੇ ਫਿਰਾਹਿ ॥ ਅਸੰਖ [੫]ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ [੬]ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥ ਅਸੰਖ ਨਾਵ ਅਸੰਖ ਥਾਵ ॥ [੭]ਅਗੰਮ ਅਗੰਮ ਅਸੰਖ ਲੋਅ ॥ [੮]ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ[੯] ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ [੧੦]ਗੁਣ ਗਾਹ ॥ [੧੧]ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ [੧੨]ਸੰਜੋਗੁ ਵਖਾਣਿ ॥ [੧੩]ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ [੧੪]ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥ ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ[੧੫] ॥ [੧੬]ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥ [੧੭]ਤੀਰਥੁ ਤਪੁ ਦਇਆ [੧੮]ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ[੧੯] ਤੀਰਥਿ ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥ †ਸੁਅਸਤਿ[੨੦] ਆਥਿ[੨੧] ਬਾਣੀ[੨੨] ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ [੨੩]ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਕਿਵ ਕਰਿ

੧ ਸਖ਼ੀ, ਦਾਨੀ।
੨ ਅਣਗਿਣਤ ਬਹਾਦਰਾਂ ਦੇ ਮੂੰਹੋਂ ਲੋਹੇ ਖਾਂਦੇ ਹਨ, ਤਲਵਾਰਾਂ ਦੀਆਂ ਚੋਟਾਂ ਮੂੰਹ ਤੇ ਖਾਂਦੇ ਹਨ, ਪਿੱਠ ਨਹੀਂ ਦਿੰਦੇ। ਦਸਮੇਸ਼ ਜੀ ਨੇ "ਸਾਰ ਕੀ ਧਾਰ ਭਛੱਯਾ" ਫੁਰਮਾਇਆ ਹੈ।
੩ ਜ਼ੋਰ (ਧੱਕੇ) ਦਾ ਰਾਜ ਕਰ ਜਾਂਦੇ ਹਨ।
੪ ਕੂੜ ਵਿੱਚ ਪਏ ਗੇੜੇ ਕੱਢਦੇ ਹਨ।
੫ ਮੰਦ ਇੱਛਾ ਵਾਲੇ ਮੈਲ ਖਾ ਕੇ ਆਪਣਾ ਆਹਾਰ ਕਰਦੇ ਹਨ, ਅਰਥਾਤ ਰੋਜ਼ੀ ਕਮਾਉਂਦੇ ਹਨ।
੬ ਨੀਵਾਂ ਨਾਨਕ ਇਹ ਗੱਲ ਆਖਦਾ ਹੈ।
੭ ਜਿਥੇ ਸਾਡੀ ਪਹੁੰਚ ਨਹੀਂ।
੮ 'ਅਣਗਿਣਤ' ਆਖਦਿਆਂ ਵੀ ਸਿਰ 'ਤੇ ਭਾਰ ਹੁੰਦਾ ਹੈ; ਅਰਥਾਤ 'ਅਣਗਿਣਤ' ਆਖਣਾ ਭੀ ਭੁੱਲ ਹੈ।
੯ ਬੋਲੀ ਦੇ ਸ਼ਬਦਾਂ ਦੁਆਰਾ।
੧੦ ਗੁਣਾਂ ਦੀਆਂ ਵਿਚਾਰਾਂ ਜਾਂ ਬਹਿਸਾਂ।
੧੧ ਅੱਖਰਾਂ ਦੁਆਰਾ ਬਾਣੀ (ਬੋਲੀ) ਦਾ ਲਿਖਣਾ ਅਤੇ ਬੋਲਣਾ ਬਣਦਾ ਹੈ। "ਜਹਾ ਬੋਲ ਤਹ ਅਛਰ ਆਵਾ" (ਗੌ: ਕਬੀਰ) ਅਰਥ 'ਲਿਖਣ ਤੇ ਬੋਲਣ ਦੀ ਬਾਣਿ' ਨਹੀਂ ਹੋ ਸਕਦਾ। (ਦੇਖੋ ਨੇਮ ੪)।
੧੨ ਰੱਬ ਨਾਲ ਜੋ ਸਾਡਾ ਰਿਸ਼ਤਾ ਹੈ, ਉਸ ਨੂੰ ਬਿਆਨ ਕੀਤਾ ਜਾਂਦਾ ਹੈ (ਅੱਖਰਾਂ ਦੁਆਰਾ)।
੧੩ ਜਿਸ ਨੇ ਇਹ ਸੰਜੋਗ ਦੇ ਅੱਖਰ ਲਿਖੇ ਹਨ, ਅਰਥਾਤ ਸੰਬੰਧ ਬਣਾਏ ਹਨ, ਉਹ ਇਨ੍ਹਾਂ ਅੱਖਰਾਂ ਦੇ ਹੇਠਾਂ ਨਹੀਂ ਹੈ। "ਦਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥" (ਬਾਵਨ ਅੱਖਰੀ ਮ: ੫)।
੧੪ ਜੋ ਕੁਝ ਉਸ ਬਣਾਇਆ ਹੈ (ਭਾਵ ਸਾਰੀ ਰਚਨਾ) ਉਸ ਦਾ ਨਾਮ ਹੀ ਹੈ।
੧੫ ਪਿਆਰ ਨਾਲ।
੧੬ ਪੁੰਨੀ ਜਾਂ ਪਾਪੀ ਹੋਣਾ ਕੇਵਲ ਕਹਿਣ ਮਾਤਰ ਹੀ ਨਹੀਂ।
੧੭ ਜੇ ਕਿਸੇ ਨੂੰ ਨਾਮ ਦਾ ਕਿਣਕਾ ਭਰ ਭੀ ਮਾਣ ਮਿਲ ਜਾਏ, ਤਾਂ ਸਮਝੋ ਕਿ ਉਸ ਨੇ ਤੀਰਥ ਆਦਿ ਪੁੰਨ ਖੱਟ ਲਏ।
੧੮ ਪੁੰਨ ਦਾਨ।
੧੯ ਅੰਦਰਵਾਰ।
੨੦ ਨਮਸਕਾਰ ਹੈ ਉਸ ਨੂੰ।
੨੧ ਮਾਇਆ।
੨੨ ਓਅਮ, ਕੁੰਨ ਆਦਿ ਸ਼ਬਦ।
੨੩ ਜੇ ਇਸ ਬਾਬਤ ਕੋਈ ਪੁਰਾਣਿਕ ਲੇਖ ਲਿਖਿਆ ਭੀ ਹੋਵੇ, ਤਾਂ ਭੀ ਸਮਝੋ ਕਿ ਉਹ ਵੇਲਾ ਪੰਡਤਾਂ ਨੂੰ ਨਹੀਂ ਲੱਭਾ, (ਐਵੇਂ ਪਏ ਕਹਿੰਦੇ ਹਨ)। ਉਹ ਵਕਤ ਕਾਜ਼ੀਆਂ ਨੂੰ ਭੀ ਨਹੀਂ ਲੱਭਾ, ਜੋ ਕੁਰਾਨ ਵਾਲੀ ਲਿਖਤ ਲਿਖਦੇ ਹਨ।

* ੧੭ਵੀਂ ਅਤੇ ੧੮ਵੀਂ ਪਉੜੀ ਨੂੰ ਇਕੱਠਾ ਕਰ ਕੇ ਲੈਣਾ ਹੈ। ਪਹਿਲੀ ਵਿੱਚ ਜੋ ਇਕ ਖ਼ਿਆਲ ਲਿਆ ਹੈ, ਉਸ ਦੇ ਮੁਕਾਬਲੇ ਵਿੱਚ ਦੂਜੀ ਪਉੜੀ ਵਿੱਚ ਕੁਝ ਆਖਿਆ ਹੈ। ਦੇਖੋ, ਜਿਥੇ ਇੰਨੇ ਜਪ, ਪਾਠ ਤੇ ਵਿਚਾਰ ਹੁੰਦੇ ਹੋਣ, ਉਥੇ ਵਿੱਦਿਆ ਦੇ ਚਾਨਣੇ ਨਾਲ ਸਿਆਣਪ ਹੀ ਸਿਆਣਪ ਖਿਲਰੀ ਹੋਣੀ ਚਾਹੀਦੀ ਹੈ, ਪਰ ਇਥੇ ਅਣਗਿਣਤ ਮੂਰਖ ਅੰਨ੍ਹੇ ਘੁੱਪ ਹੋ ਕੇ ਪਏ ਫਿਰਦੇ ਹਨ। ਜਿਥੇ ਇੰਨੇ ਲੋਕ ਸੰਸਾਰ ਤੋਂ ਉਚਾਟ ਹੋਣ ਕਰ ਕੇ ਇਹਦੇ ਰਾਜ ਭਾਗ ਨੂੰ ਲੱਤ ਮਾਰ ਕੇ ਝੱਟ ਫਕੀਰ ਹੋ ਜਾਣ, ਅਤੇ ਜਿਥੇ ਇੰਨੇ ਦਾਨੀ ਹੋਣ ਕਿ ਆਪਣਾ ਸਭ ਕੁਝ ਲੁਟਾ ਦੇਣ, ਉਥੇ ਤਾਂ ਪਰਾਈ ਚੀਜ਼ ਦਾ ਲਾਲਚ ਨਹੀਂ ਹੋਣਾ ਚਾਹੀਦਾ। ਪਰ ਇਥੇ ਬੇਗਿਣਤ ਲੋਕ ਚੋਰ ਤੇ ਹਰਾਮ ਦੀ ਖਾਣ ਵਾਲੇ ਪਏ ਵਿਚਰਦੇ ਹਨ। ਜਿਥੇ ਇੰਨੇ ਬਹਾਦਰ ਲੋਕ ਵੱਸਦੇ ਹੋਣ ਜੋ ਤਲਵਾਰ ਅੱਗੇ ਕਦੇ ਪਿੱਠ ਨਾ ਦੇਣ, ਉਥੇ ਤਾਂ ਕਿਸੇ ਦੀ ਮਜ਼ਾਲ ਨਹੀਂ ਹੋਣੀ ਚਾਹੀਦੀ ਜੋ ਕਿਸੇ ਉੱਤੇ ਜ਼ੁਲਮ ਕਰ ਸਕੇ। ਪਰ ਦੇਖਦੇ ਕੀ ਹਾਂ ਕਿ ਇਥੇ ਆ ਕੇ ਕਈ ਜ਼ੋਰ ਨਾਲ ਰਾਜ ਕਰ ਜਾਂਦੇ ਹਨ ਅਤੇ ਬੇਦੋਸ਼ਿਆਂ ਦੇ ਗਲੇ ਵੱਢਦੇ ਤੇ ਤਰ੍ਹਾਂ-ਤਰ੍ਹਾਂ ਦੇ ਪਾਪ ਕਮਾ ਜਾਂਦੇ ਹਨ। ਜਿਥੇ ਮਨ ਨੂੰ ਸਾਧਨ ਲਈ ਇਕਾਗ੍ਰਤਾ ਆਦਿ ਇੰਨੇ ਸਾਧਨ ਸਾਧੇ ਜਾਂਦੇ ਹੋਣ, ਉਥੇ ਕੂੜ ਨਿੰਦਿਆ ਆਦਿ ਮਨ ਦੇ ਖੋਟ ਘੱਟ ਹੋਣੇ ਚਾਹੀਦੇ ਹਨ, ਪਰ ਇਥੇ ਤਾਂ ਝੂਠਿਆਂ ਤੇ ਮੰਦੀ ਵਾਸ਼ਨਾ ਵਾਲਿਆਂ ਦੀ ਕੋਈ ਹੱਦ ਹੀ ਨਹੀਂ। ਕਾਰਨ ਇਹ ਕਿ ਲੋਕਾਂ ਨੇ ਵਾਹਿਗੁਰੂ ਦੀ ਰਜ਼ਾ ਨੂੰ-ਜੋ ਸਭ ਨੇਮਾਂ ਦੀ ਜੜ੍ਹ ਹੈ-ਛੱਡ ਕੇ ਚੰਦ ਕਰਮਾਂ ਨੂੰ ਹੀ ਨੇਕੀ ਮੰਨ ਲਿਆ ਹੈ।

† ਵਾਹਿਗੁਰੂ ਦਾ ਪ੍ਰੇਮ ਹੀ ਸਭ ਤੋਂ ਉੱਤਮ ਸਾਧਨ ਦੱਸ ਕੇ ਗੁਰੂ ਜੀ ਮਨੁੱਖ ਨੂੰ ਇਸ ਇਕ ਦੇ ਪ੍ਰੇਮ ਵਿੱਚ ਪੱਕਾ ਕਰਨ ਲਈ ਦੱਸਦੇ ਹਨ ਕਿ ਰੱਬ ਹੀ ਕਰਨ ਕਾਰਨ ਸਮਰੱਥ ਹੈ, ਉਸ ਦੀ ਥਾਂ ਮਾਇਆ ਜਾਂ ਓਅਮ, ਕੁੰਨ ਆਦਿ ਕਿਸੇ ਸ਼ਬਦ ਜਾਂ ਬ੍ਰਹਮਾ ਨੇ ਸ੍ਰਿਸ਼ਟੀ ਨਹੀਂ ਰਚੀ, ਉਸ ਨੇ ਆਪ ਹੀ ਰਚੀ ਹੈ। ਫਿਰ ਮਨੁੱਖ ਦੇ ਅੰਦਰਲੇ ਭਾਵਾਂ ਨੂੰ ਇਕੋ ਰੱਬ ਵੱਲ ਮੋੜਨ ਲਈ ਰੱਬ ਦਾ ਰੂਪ ਹੀ ਅਜਿਹਾ ਦੱਸਿਆ ਹੈ ਜੋ ਮਨੁੱਖ ਦੀਆਂ ਸਾਰੀਆਂ ਭੁੱਖਾਂ ਨੂੰ ਪੂਰਾ ਕਰਨ ਵਾਲਾ ਹੋਵੇ। ਉਹ ਸੱਤ ਸਰੂਪ ਹੈ (ਇਸ ਨਾਲ ਜਾਣਨ ਦੀ ਭੁੱਖ ਪੂਰੀ ਹੁੰਦੀ ਹੈ), ਉਹ ਸੁੰਦਰਤਾ ਹੈ (ਇਸ ਨਾਲ ਰੂਪ ਰਸ ਮਾਣਨ ਦੀ ਭੁੱਖ ਪੂਰੀ ਹੁੰਦੀ ਹੈ) ਅਤੇ ਉਹ ਮਨ ਵਿੱਚ ਸਦਾ ਨੇਕੀ ਦੇ ਚਾਉ ਦੀ ਸ਼ਕਲ ਵਿੱਚ ਰਹਿੰਦਾ ਹੈ (ਇਸ ਨਾਲ ਇਖ਼ਲਾਕੀ ਭੁੱਖ ਪੂਰੀ ਹੁੰਦੀ ਹੈ)।

ਆਖਾ ਕਿਵ ਸਾਲਾਹੀ ਕਿਉ ਵਰਨੀ[੧] ਕਿਵ ਜਾਣਾ ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ[੨] ਜਾਣੈ ਅਗੈ ਗਇਆ ਨ ਸੋਹੈ ॥ ੨੧ ॥ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ [੩]ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ[੪] ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨* ॥ [੫]ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ [੬]ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ [੭]ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥ ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ[੮] ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ[੯] ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ ੨੪ ॥ ਬਹੁਤਾ ਕਰਮੁ[੧੦] ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ[੧੧] ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ[੧੨] ॥ ਕੇਤੇ ਖਪਿ ਤੁਟਹਿ ਵੇਕਾਰ[੧੩] ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ[੧੪] ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ[੧੫] ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥ ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ [੧੬]ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ [੧੭]ਅਮੁਲੁ ਧਰਮੁ ਅਮੁਲੁ ਦੀਬਾਣੁ ॥ [੧੮]ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ[੧੯] ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ[੨੦] ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥

੧ ਵਰਣਨ ਕਰਾਂ, ਬਿਆਨ ਕਰਾਂ।

੨ ਆਪਣੇ ਆਪ ਤੋਂ, ਅਰਥਾਤ ਇਹ ਸਮਝੇ ਕਿ ਅਮਕਾ ਕੰਮ ਮੇਰੇ ਤੋਂ ਹੋਇਆ ਹੈ।

੩ ਵੇਦ ਇਕੋ ਗੱਲ ਆਖਦੇ ਹਨ ਕਿ ਅੰਤ ਢੂੰਡ ਢੂੰਡ ਕੇ ਥੱਕ ਗਏ ਹਾਂ (ਪਰ ਨਹੀਂ ਲੱਭਾ)। ਮੁਸਲਮਾਨ ਆਦਿ ਪੱਛਮੀਂ ਲੋਕਾਂ ਦੀਆਂ ਪੁਸਤਕਾਂ ਆਖਦੀਆਂ ਹਨ ਕਿ ਸ੍ਰਿਸ਼ਟੀ ਦੇ ਅਠ੍ਹਾਰਾਂ ਹਜ਼ਾਰ ਆਲਮ ਜਾਂ ਦੁਨੀਆਂ ਹਨ, ਪਰ ਅਸਲ ਵਿੱਚ ਇਸ ਦਾ ਭਾਵ ਭੀ ਉਹੀ ਹੈ ਜੋ ਉੱਤੇ ਦੱਸਿਆਂ ਵੇਦਾਂ ਦਾ ਹੈ। "ਸਹਸ ਅਠਾਰਹ ਆਲਮ ਭਾਈ। ਨੇਕੀ ਬਦੀ ਸਭ ਕਰਿ ਕਰਿ ਜਾਈ॥" (ਭਗਤ ਕਾਹਨਾ)। 'ਹਜ਼ਦਹ ਹਜ਼ਾਰ ਸਜਦਾ ਬਸੂਏ ਤੋ ਮੇ ਕੁਨੰਦ' (ਭਾ: ਨੰਦ ਲਾਲ)।

੪ ਨਾਸ, ਬਰਬਾਦੀ। ਲੇਖਾ ਕਰਦਿਆਂ ਆਪ ਮੁੱਕ ਜਾਈਦਾ ਹੈ ਪਰ ਲੇਖਾ ਨਹੀਂ ਮੁੱਕਦਾ।

੫ ਸ਼ਲਾਘਾ ਕਰਨ ਵਾਲੇ ਸ਼ਲਾਘਾ ਕਰਦੇ ਹਨ, ਪਰ ਸਮਝ ਉਨ੍ਹਾਂ ਨੂੰ ਵੀ ਨਹੀਂ ਪੈਂਦੀ ਕਿ ਉਸ ਦੀ ਵਡਿਆਈ ਕਿੰਨੀ ਕੁ ਹੈ।

੬ ਜਿਵੇਂ ਸਮੁੰਦਰ ਵਿੱਚ ਨਦੀਆਂ ਤੇ ਨਾਲੇ ਪੈਂਦੇ ਹਨ, ਪਰ ਉਸ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਅਰਥਾਤ ਉਸ ਦੇ ਸਾਰੇ ਪੇਟ ਤੇ ਡੂੰਘਿਆਈਆਂ ਦੀ ਸਾਰ ਨਹੀਂ ਲੈ ਸਕਦੇ।

੭ ਓਹ ਪਾਤਸ਼ਾਹ ਜੋ ਸਮੁੰਦਰਾਂ ਦੇ ਮਾਲਕ ਹੋਣ ਅਤੇ ਜਿਨ੍ਹਾਂ ਦੇ ਪਾਸ ਮਾਲ ਦੌਲਤ ਪਹਾੜਾਂ ਨਾਲ ਮਿਣੀ ਜਾਣ ਵਾਲੀ ਹੋਵੇ, ਓਹ ਭੀ ਉਸ ਕੀੜੀ ਦੇ ਬਰਾਬਰ ਨਹੀਂ, ਜਿਸ ਨੂੰ ਤੂੰ ਦਿਲੋਂ ਨਹੀਂ ਵਿਸਰਦਾ।

੮ ਮਨਤਵ, ਮਨੋਰਥ।

੯ ਵਿਲ੍ਕਦੇ ਹਨ, ਤਰਲੇ ਲੈਂਦੇ ਹਨ।

੧੦ ਬਖ਼ਸ਼ਿਸ਼।

੧੧ [ਅਰਬੀ] ਤਮਹ, ਲਾਲਚ।

੧੨ ਅੰਦਾਜ਼ਾ।

੧੩ ਵਿਕਾਰੀ ਆਦਮੀ, ਵਿਸ਼ੇ ਭੋਗਣ ਵਾਲੇ।

੧੪ ਬੰਧਨ ਤੋਂ ਛੁਟਕਾਰਾ, ਆਜ਼ਾਦੀ। "ਸਾਧ ਸੰਗਤਿ ਮਿਲਿ ਬੰਦ-ਖਲਾਸੀ" (ਭਾ: ਗੁਰਦਾਸ)।

੧੫ [ਫ਼ਾਰਸੀ] ਵੱਧ ਕੇ ਗੱਲ ਕਰਨ ਵਾਲਾ, ਗੱਪੀ।

੧੬ ਅਮੋਲਕ ਹਨ, ਓਹ ਜੋ ਇਨ੍ਹਾਂ ਗੁਣਾਂ ਲਈ ਹੱਟੀ ਉੱਤੇ ਆਉਂਦੇ ਹਨ ਅਤੇ ਗੁਣਾਂ ਨੂੰ ਵਿਹਾਜ ਕੇ ਲੈ ਜਾਂਦੇ ਹਨ, ਅਰਥਾਤ ਗੁਣਾਂ ਦੇ ਗਾਹਕ।

੧੭ ਅਮੋਲਕ ਕਾਨੂੰਨ ਹੈ ਤੇ ਅਮੋਲਕ ਹੀ ਕਚਹਿਰੀ ਹੈ।

੧੮ ਅਮੋਲਕ ਤੋਲ ਹੈ, ਅਮੋਲਕ ਪੈਮਾਨਾ ਹੈ। ਪਰਵਾਣੁ [ਸੰ: ਪਰਿਮਾਣ]=ਪੈਮਾਨਾ, ਮਾਪ (ਜਿਸ ਨਾਲ ਸਾਡੇ ਕਰਮ ਮਾਪੇ ਜਾਂਦੇ ਹਨ ਕਿ ਉਹ ਰੱਬ ਦੇ ਕਾਨੂੰਨ ਨੂੰ ਕਿੰਨਾ ਕੁ ਪੂਰਾ ਕਰਦੇ ਹਨ)।

੧੯ ਨਿਸ਼ਾਨ ਪ੍ਰਵਾਨਗੀ ਦਾ।

੨੦ ਚੁੱਪ ਹੋ ਗਏ।

* ਚੂੰਕਿ ਭਗਤੀ ਲਈ ਜ਼ਰੂਰੀ ਹੈ ਕਿ ਪਹਿਲਾਂ 'ਰੱਬ ਵੱਡਾ ਹੈ' ਦਾ ਭਾਵ ਪੈਦਾ ਹੋਵੇ, ਇਸ ਲਈ ੨੨ਵੀਂ ਪਉੜੀ ਤੋਂ ਲੈ ਕੇ 'ਸੋ ਦਰੁ' ਤੱਕ ਰੱਬ ਦੀ ਵਡਿਆਈ ਨੂੰ ਹੀ ਵੱਖੋ-ਵੱਖ ਪਾਸਿਆਂ ਤੋਂ ਵਿਖਾਇਆ ਹੈ। ਪਹਿਲਾਂ (੨੧-੨੨ਵੀਂ ਪਉੜੀ) ਮਾਦੀ ਦੁਨੀਆਂ ਦਾ ਬੇਓੜਕ ਆਕਾਰ; ਫਿਰ (੨੪ਵੀਂ ਪੌ:) ਇਸ ਆਕਾਰ ਵਿੱਚ ਵੇਖਣ ਤੇ ਸੁਣਨ ਜੋਗੀਆਂ ਬੇਅੰਤ ਚੀਜ਼ਾਂ; ਫਿਰ (੨੫ਵੀਂ ਪੌ:) ਕਈ ਤਰ੍ਹਾਂ ਦੀਆਂ ਸੰਸਾਰਕ ਦਾਤਾਂ; ਫਿਰ (੨੬ਵੀਂ ਪੌ:) ਸਭ ਤੋਂ ਉੱਚੀਆਂ ਇਖ਼ਲਾਕੀ ਤੇ ਆਤਮਕ ਗੁਣਾਂ ਦੀਆਂ ਦਾਤਾਂ। ਇਥੋਂ ਤੱਕ ਗੁਰੂ ਜੀ ਨੇ ਵਾਹਿਗੁਰੂ ਦੀ ਵਡਿਆਈ ਦਲੀਲਾਂ ਦੇ ਕੇ ਦ੍ਰਿੜ ਕਰਾਈ ਹੈ। ਅੱਗੋਂ ੨੭ਵੀਂ ਪਉੜੀ ਵਿੱਚ ਉਸ ਵਡਿਆਈ ਦਾ ਨਕਸ਼ਾ ਸਾਡੇ ਸਾਹਮਣੇ ਸਿੱਧੇ ਤੌਰ 'ਤੇ ਲਿਆਉਂਦੇ ਹਨ। ੨੨ਵੀਂ, ੨੩ਵੀਂ ਤੇ ੨੪ਵੀਂ ਪਉੜੀਆਂ ਵਿੱਚ ਸਾਡੀ ਦਿਮਾਗ਼ੀ ਤਾਕਤ ਨੂੰ ਚਕ੍ਰਿਤ ਕੀਤਾ ਸੀ। ੨੫ਵੀਂ ਤੇ ੨੬ਵੀਂ ਵਿੱਚ ਸਾਡੇ ਇਖ਼ਲਾਕੀ ਭਾਵ ਨੂੰ ਹੈਰਾਨ ਕੀਤਾ ਸੀ। ੨੭ਵੀਂ ਪਉੜੀ ਵਿੱਚ ਸਾਡੇ ਰੂਪ ਪ੍ਰਖਣ ਵਾਲੇ ਵਲਵਲਿਆਂ ਦੇ ਰਾਹੀਂ ਰੱਬ ਦੀ ਵਡਿਆਈ ਦੱਸੀ ਹੈ। ਇਸ ਵਿੱਚ ਇਕ ਦਰਬਾਰ ਰੱਚ ਕੇ ਦਸਿਆ ਹੈ, ਜਿਸ ਵਿੱਚ ਧਰਤ ਅਸਮਾਨ ਦੀਆਂ ਸਾਰੀਆਂ ਤਾਕਤਾਂ ਨੂੰ ਰੱਬ ਦੇ ਅਧੀਨ ਕਰ ਕੇ ਬਿਠਾਂਦੇ ਹਨ। ਜਿਨ੍ਹਾਂ ਦੇਵੀ ਦੇਵਤਿਆਂ ਨੂੰ ਲੋਕੀਂ ਮਾਰਣ, ਜਿਵਾਲਣ ਤੇ ਪਾਲਣ ਵਾਲੇ ਅਧਿਕਾਰ ਰੱਖਦੇ ਹੋਏ ਮੰਨਦੇ ਸਨ, ਉਹ ਭੀ ਉਸ ਦੇ ਦਰਵਾਜ਼ੇ ਉੱਤੇ ਹੱਥ ਬੱਧੀ ਖੜੋਤੇ ਅਤੇ ਨਿਮਾਣੇ ਹੋ ਕੇ ਗੁਣ ਗਾ ਰਹੇ ਹਨ।

ਆਖਹਿ ਗੋਪੀ ਤੈ ਗੋਵਿੰਦ[੧] ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ[੨] ਆਖਹਿ ਦੇਵ ॥ ਆਖਹਿ [੩]ਸੁਰਿ ਨਰ ਮੁਨਿ ਜਨ ਸੇਵ[੪] ॥ ਕੇਤੇ ਆਖਹਿ [੫]ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ[੬] ॥ ਤਾ ਲਿਖੀਐ [੭]ਸਿਰਿ ਗਾਵਾਰਾ ਗਾਵਾਰੁ ॥ ੨੬ ॥ ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ[੮] ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ [੯]ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ[੧੦] ਗਾਵੈ ਰਾਜਾ ਧਰਮੁ ਦੁਆਰੇ[੧੧] ॥ *ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ [੧੨]ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ[੧੩] ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ [੧੪]ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ †ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ[੧੫] ਪਇਆਲੇ[੧੬] ॥ ਗਾਵਨਿ ਰਤਨ‡ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ [੧੭]ਖਾਣੀ ਚਾਰੇ ॥ ਗਾਵਹਿ [੧੮]ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ[੧੯] ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ §ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ¶ਰਹਣੁ ਰਜਾਈ ॥ ੨੭ ॥ ::ਮੁੰਦਾ ਸੰਤੋਖੁ ਃਃਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ 0ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਃਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ[੨੦] ਤਿਸੈ ਆਦੇਸੁ[੨੧] ॥ ਆਦਿ ਅਨੀਲੁ[੨੨] ਅਨਾਦਿ[੨੩] ਅਨਾਹਤਿ[੨੪] ਜੁਗੁ ਜੁਗੁ ਏਕੋ ਵੇਸੁ ॥ ੨੮ ॥ ਭੁਗਤਿ[੨੫] ਗਿਆਨੁ ਦਇਆ ਭੰਡਾਰਣਿ[੨੬] ਘਟਿ ਘਟਿ ਵਾਜਹਿ ਨਾਦ[੨੭] ॥ ()ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ []ਸੰਜੋਗੁ ਵਿਜੋਗੁ ਦੁਇ ਕਾਰ

੧ ਕ੍ਰਿਸ਼ਨ।
੨ ਦੈਂਤ, ਰਾਖ਼ਸ਼।
੩ ਸੁਰੀ-ਨਰ ਅਤੇ ਮੁਨੀ-ਜਨ, ਮਹਾਤਮਾ ਆਦਮੀ ਅਤੇ ਰਿਸ਼ੀ ਲੋਕ। 'ਸੁਰਿ ਨਰ, ਦੇਵ, ਅਸੁਰ ਤ੍ਰੈਗੁਨੀਆ' (ਆਸਾ ਮ: ੫)। 'ਸੁਰਿ' ਦੇ 'ਰ' ਨਾਲ ਸਿਹਾਰੀ ਹੋਣ ਕਰ ਕੇ 'ਸੁਰਿਨਰ' ਦੇ ਅਰਥ 'ਦੇਵਤਾ ਅਤੇ ਮਨੁੱਖ' ਨਹੀਂ ਹੋ ਸਕਦੇ, ਬਲਕਿ ਦੈਵੀ ਗੁਣਾ ਵਾਲੇ ਮਨੁੱਖ ਹਨ।
੪ ਸੇਵਣ ਵਾਲੇ।
੫ ਆਖਣ ਲੱਗੇ ਹਨ।
੬ ਬੋਲ ਨੂੰ ਵਿਗਾੜਣ ਵਾਲਾ, ਬਕਵਾਸੀ। 'ਅਸੀ ਬੋਲ ਵਿਗਾੜ ਵਿਗਾੜਹ ਬੋਲ' (ਸਿਰੀਰਾਗੁ ਮ: ੧)।
੭ ਗਵਾਰਾਂ ਵਿੱਚ ਸ਼੍ਰੋਮਣੀ ਗਵਾਰ, ਵੱਡਾ ਗਵਾਰ।
੮ ਵਾਜੇ।
੯ ਰਾਗਣੀਆਂ ਸਮੇਤ।
੧੦ ਅੱਗ।
੧੧ ਤੇਰੇ ਦੁਆਰੇ ਉੱਤੇ।
੧੨ ਸਣੇ ਦੇਵਤਿਆਂ ਦੇ ਤੇਰੇ ਦਰ 'ਤੇ।
੧੩ ਵਿਚਾਰ ਅੰਦਰ।
੧੪ ਕਰੜੇ ਬਹਾਦੁਰ।
੧੫ ਮਾਤ ਲੋਕ ਦੀਆਂ।
੧੬ ਪਤਾਲਾਂ ਦੀਆਂ।
੧੭ ਚਾਰੇ ਖਾਣੀਆਂ-ਅੰਡਜ (ਅੰਡਿਆਂ ਤੋਂ ਪੈਦਾ ਹੋਏ ਜੀਵ), ਜੇਰਜ (ਜੇਰ ਤੋਂ ਪੈਦਾ ਹੋਏ), ਸੇਤਜ (ਪਸੀਨੇ ਤੋਂ), ਉਤਭੁਜ (ਧਰਤੀ 'ਚੋਂ ਪੈਦਾ ਹੋਏ ਜੀਵ)।
੧੮ ਦੇਸ, ਲੋਕ ਅਤੇ ਬ੍ਰਹਮੰਡ।
੧੯ ਰਸ ਵਾਲੇ, ਰਸੀਏ।
੨੦ ਪਰਨਾਮ, ਨਮਸਕਾਰਾਂ। "ਜੋਗੀ ਕਰਨਿ ਆਦੇਸੁ ਮਿਲਿ" (ਭਾ: ਗੁਰਦਾਸ)।
੨੧ ਜੋ 'ਆਦਿ-ਈਸ' ਜਾਂ ਮੁੱਢਲਾ ਈਸ਼ਵਰ ਹੈ।
੨੨ ਬੇਲਾਗ, ਪਵਿੱਤਰ।
੨੩ ਜਿਸ ਦਾ ਮੁੱਢ ਨਹੀਂ।
੨੪ ਜੋ ਮਾਰਿਆ ਨਹੀਂ ਜਾਂਦਾ।
੨੫ ਭੋਜਨ।
੨੬ ਭੰਡਾਰਾ ਵੰਡਣ ਵਾਲੀ।
੨੭ ਸਿੰਗੀਆਂ। ਹਰ ਇਕ ਦਿਲ ਦੇ ਅੰਦਰ ਜੋ ਵਾਹਿਗੁਰੂ ਦੇ ਨਾਮ ਦੀ ਧੁਨੀ ਵੱਜ ਰਹੀ ਹੈ, ਉਹ ਤੁਹਾਡੇ ਨਾਦ ਹੋਣ।

* ਧਰਮਰਾਜ ਦੇ ਮੁਣਸ਼ੀ ਚਿੱਤਰਗੁਪਤ ਭੀ ਤੈਨੂੰ ਗਾਉਂਦੇ ਹਨ, ਜੋ ਮਨੁੱਖਾਂ ਦੇ ਕਰਮਾਂ ਨੂੰ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੇ ਲੇਖੇ ਉੱਤੇ ਧਰਮਰਾਜ ਜੀਵਾਂ ਦੀ ਗਤੀ ਵਿਚਾਰਦਾ ਹੈ।

† ਹਰ ਇਕ ਜੁਗ ਦਾ ਵੱਖਰਾ-ਵੱਖਰਾ ਵੇਦ ਮੰਨਿਆ ਗਿਆ ਹੈ। ਦੇਖੋ ਵਾਰ ਆਸਾ, ੧੩ਵੀਂ ਪਉੜੀ ਦੇ ਸ਼ਲੋਕ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ।

‡ ਚੰਦ੍ਰਮਾ, ਧਨੰਤਰ, ਕਾਮਧੇਨ ਆਦਿ ਚੌਦਾਂ ਰਤਨ ਜੋ ਸਮੁੰਦਰ ਨੂੰ ਮਥ ਕੇ ਕੱਢੇ ਗਏ ਸਨ।

§ ਭਾਵੇਂ ਸਾਰੀ ਰਚਨਾ ਨਾਸ ਹੋ ਜਾਵੇ, ਉਹ ਆਪ ਨਾਸ ਨਹੀਂ ਹੋਵੇਗਾ।

¶ ਉਸ ਦੀ ਰਜ਼ਾ ਵਿੱਚ ਰਹਿਣਾ ਹੀ ਬਣਦਾ ਹੈ।

:: ਕੰਨ ਦੀਆਂ ਮੁੰਦਰਾਂ ਸੰਤੋਖ ਨੂੰ ਬਣਾ। ਸੰਤੋਖ ਧਾਰਨ ਲਈ ਆਪਣੀਆਂ ਖਾਹਸ਼ਾਂ ਨੂੰ ਛੇਦਣਾ ਪੈਂਦਾ ਹੈ; ਇਸ ਲਈ ਸੰਤੋਖ ਨੂੰ ਮੁੰਦਰਾਂ ਕਿਹਾ ਹੈ।

°° ਸਰਮੁ=ਸ੍ਰਮ=ਉਦਮ, ਮਿਹਨਤ। ਪਤੁ=ਪਤਰੁਕਾ, ਖੱਪਰ, ਚਿੱਪੀ। ਮਿਹਨਤ ਦਾ ਖੱਪਰ ਤੇ ਝੋਲੀ ਬਣਾ, ਅਰਥਾਤ ਮੰਗਣ ਦੀ ਥਾਂ ਮਿਹਨਤ ਕਰ।

o ਤੇਰੀ ਖ਼ਿੰਥਣੀ ਇਹ ਹੋਵੇ ਕਿ ਮਰਣਾ ਹੈ; ਤੇਰੀ ਰਹੁਰੀਤ ਇਹ ਹੋਵੇ ਕਿ ਦੇਹੀ ਨੂੰ ਕੁਆਰੀਆਂ ਵਾਕੁਰ ਪਵਿੱਤਰ ਰੱਖਣਾ ਹੈ; ਅਤੇ ਡੰਡਾ ਨਿਸਚੇ ਦਾ ਹੋਵੇ। ਜੁਗਤਿ=ਜੋਗੀਆਂ ਦੀ ਰਹਿਣੀ।

° ਸਾਰਿਆਂ ਨੂੰ ਆਪਣੇ ਨਾਲ ਦਾ ਸਮਝਣਾ, ਇਹ ਤੇਰਾ ਆਈ ਪੰਥ ਹੋਵੇ। ਜੋਗੀਆਂ ਦੇ ਬਾਰ੍ਹਾਂ ਪੰਥਾਂ ਵਿੱਚੋਂ ਇਕ ਪੰਥ, ਜਿਨ੍ਹਾਂ ਦੇ ਨਾਵਾਂ ਦੇ ਅੰਤ ਵਿੱਚ 'ਆਈ' ਹੁੰਦਾ ਹੈ। ਜਿਵੇਂ: ਬਾਲ-ਗਦਾਈ। ਇਸ ਪੰਥ ਵਾਲੇ ਸਹਿਣ-ਸ਼ੀਲਤਾ ਅਤੇ ਰਵਾਦਾਰੀ ਲਈ ਮਸ਼ਹੂਰ ਹਨ।

() ਰੱਬ ਆਪ ਮਾਲਕ ਹੈ ਜਿਸ ਦੀ ਸਾਰੀ ਸ੍ਰਿਸ਼ਟੀ ਨੱਥੀ ਹੋਈ ਹੈ। ਕਰਾਮਾਤਾਂ ਕਰਨ ਦੀ ਚਾਹ ਹੋਰ ਹੀ ਪਾਸੇ ਦਾ ਸਵਾਦ ਹੈ। ਜਿਹੜੇ ਕਰਾਮਾਤ ਕਰਨਾ ਚਾਹੁੰਦੇ ਹਨ ਉਹ ਰੱਬ ਦੀ ਰਜ਼ਾ ਵਿੱਚ ਪਰੋਤੇ ਨਹੀਂ ਰਹਿਣਾ ਚਾਹੁੰਦੇ, ਓਹ ਉਸ ਤੋਂ ਸੁਤੰਤਰ ਹੋ ਕੇ ਵਿਚਰਨਾ ਚਾਹੁੰਦੇ ਹਨ। ਇਹ ਚੇਸ਼ਟਾ ਹੀ ਵੱਖਰੀ ਹੈ; ਇਸ ਦਾ ਧਰਮ ਨਾਲ ਕੋਈ ਸੰਬੰਧ ਨਹੀਂ।

[] 'ਮੇਲ' ਤੇ 'ਵਿਛੋੜੇ' ਦੇ ਦੋਵੇਂ ਅਸੂਲ ਸੰਸਾਰ ਦਾ ਕੰਮ ਚਲਾ ਰਹੇ ਹਨ। ਜਿਵੇਂ ਉੱਤੇ ਦਸਿਆ ਹੈ, ਸਾਰੇ ਜੀਵ ਰੱਬ ਦੀ ਰਜ਼ਾ ਵਿੱਚ ਪ੍ਰੋਤੇ ਹੋਏ ਹਨ। ਜਦ ਤੋੜੀ ਮਨੁੱਖ ਇਹ ਮੰਨ ਕੇ ਤੁਰਦਾ ਹੈ, ਉਹ 'ਸੰਜੋਗੁ' ਵਿੱਚ ਹੈ ਪਰ ਜਦ ਉਹ ਹਉਮੈ ਦੇ ਵੱਸ ਹੋ ਕੇ ਰਜ਼ਾ ਤੋਂ ਖਿਸਕਦਾ ਹੈ, ਤਾਂ ਉਹ ਵਿਜੋਗੁ ਵਿੱਚ ਪੈ ਜਾਂਦਾ ਹੈ।

ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥ [੧]ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ[੨] ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ[੩] ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥ [੪]ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ [੫]ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥ ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ [੬]ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ [੭]ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ [੮]ਕੂੜੀ ਕੂੜੈ ਠੀਸ ॥ ੩੨ ॥ ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ [੯]ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ [੧੦]ਜੁਗਤੀ ਛੁਟੈ ਸੰਸਾਰੁ ॥ [੧੧]ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥ ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ [੧੨]ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ[੧੩] ॥ ਨਦਰੀ ਕਰਮਿ ਪਵੈ ਨੀਸਾਣੁ ॥ [੧੪]ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪ ॥ ਧਰਮ ਖੰਡ* ਕਾ ਏਹੋ ਧਰਮੁ[੧੫] ॥ ਗਿਆਨ ਖੰਡ ਕਾ [੧੬]ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ [੧੭]ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ [੧੮]ਕਰਮ ਭੂਮੀ ਮੇਰ [੧੯]ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ [੨੦]ਦੇਵੀ ਵੇਸ ॥ †ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ [੨੧]ਕੇਤੀਆ ਖਾਣੀ ਕੇਤੀਆ ਬਾਣੀ[੨੨] ਕੇਤੇ [੨੩]ਪਾਤ ਨਰਿੰਦ ॥ ਕੇਤੀਆ [੨੪]ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥ ਗਿਆਨ ਖੰਡ ਮਹਿ ਗਿਆਨੁ ਪਰਚੰਡੁ[੨੫] ॥ ਤਿਥੈ ਨਾਦ[੨੬] ਬਿਨੋਦ[੨੭] ਕੋਡ[੨੮] ਅਨੰਦੁ ॥ ਸਰਮ[੨੯] ਖੰਡ ਕੀ ਬਾਣੀ[੩੦] ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

੧ ਇਹ ਮੰਨਿਆ ਜਾਂਦਾ ਹੈ ਕਿ ਇਕ ਮਾਇਆ ਕਿਸੇ ਵਿਉਂਤ ਨਾਲ ਸੂਈ ਅਤੇ ਉਸ ਤੋਂ ਤਿੰਨ ਚੇਲੇ ਜਾਂ ਪੁੱਤਰ ਪੈਦਾ ਹੋਏ; ਇਕ ਸੰਸਾਰ ਦੇ ਰਚਣ ਵਾਲਾ ਬ੍ਰਹਮਾ, ਇਕ ਪਾਲਣ ਦੇ ਸਮਿਆਨ ਰੱਖਣ ਵਾਲਾ ਵਿਸ਼ਨੂੰ ਅਤੇ ਇਕ ਮੌਤ ਦੇ ਹੁਕਮ ਚੜ੍ਹਾਣ ਲਈ ਕਚਹਿਰੀ ਲਾਣ ਵਾਲਾ ਸ਼ਿਵ। ੨ ਜੀਵਾਂ ਨੂੰ।

੩ ਹੈਰਾਨਗੀ, ਅਸਚਰਜ ਗੱਲ।

੪ ਰੱਬ ਨੇ ਲੋਕ-ਲੋਕ ਵਿੱਚ ਆਪਣਾ ਆਸਣ ਜਮਾਇਆ ਹੋਇਆ ਹੈ, ਅਤੇ ਨਾਲ-ਨਾਲ ਹੀ ਉਹਦੇ ਖ਼ਜ਼ਾਨੇ ਹਨ। ਇਸ ਲਈ ਵਿਸ਼ਨੂੰ ਦੀ ਕੋਈ ਲੋੜ ਨਹੀਂ ਰਹਿੰਦੀ।

੫ ਉਹ ਆਪ ਪੈਦਾ ਕਰਨ ਵਾਲਾ ਸ੍ਰਿਸ਼ਟੀ ਨੂੰ ਬਣਾ ਕੇ ਉਸ ਦੀ ਸੰਭਾਲਨਾ ਕਰਦਾ ਹੈ, ਅਰਥਾਤ ਬ੍ਰਹਮਾ ਜਾਂ ਵਿਸ਼ਨੂੰ ਦੀ ਲੋੜ ਨਹੀਂ।

੬ ਇਸ ਪਤੀ ਦੇ ਰਸਤੇ ਵਿੱਚ ਪਉੜੀਆਂ ਹਨ ਜਿਨ੍ਹਾਂ ਉੱਤੇ ਚੜ੍ਹ ਕੇ ਈਸ਼ਵਰ ਨਾਲ ਇਕ ਮਿਕ ਹੋ ਜਾਈਦਾ ਹੈ।

੭ ਰੱਬ ਦੀਆਂ ਅਸਮਾਨੀ (ਉੱਚੀਆਂ) ਗੱਲਾਂ ਸੁਣ ਕੇ ਨੀਵੇਂ ਤੋਂ ਨੀਵੇਂ ਜੀਵ ਨੂੰ ਭੀ ਮਿਲਣ ਦਾ ਚਾਅ ਪੈਦਾ ਹੋ ਜਾਂਦਾ ਹੈ।

੮ ਹੋਰ ਝੂਠਿਆਂ ਦੀਆਂ ਗੱਪਾਂ ਹਨ।

੯ ਜੋ ਦਿਲ ਵਿੱਚ ਇੰਨਾ ਰੌਲਾ ਪਾਂਦੇ ਹਨ, ਫੂੰਫਾਂ ਪੈਦਾ ਕਰਦੇ ਹਨ।

੧੦ ਉਸ ਵਿਉਂਤ ਦੇ ਲੱਭਣ ਲਈ ਜਿਸ ਨਾਲ ਸੰਸਾਰ ਛੁੱਟ ਜਾਂਦਾ ਹੈ (ਜਨਮ ਮਰਨ ਦੂਰ ਹੋ ਜਾਂਦਾ ਹੈ)। ੧੧ ਜਿਸ (ਵਾਹਿਗੁਰੂ) ਦੇ ਹੱਥ ਵਿੱਚ ਜ਼ੋਰ ਹੈ, ਉਹੋ ਸ੍ਰਿਸ਼ਟੀ ਰੱਚ ਰੱਚ ਕੇ ਸੰਭਾਲਨਾ ਕਰਦਾ ਹੈ। ਆਪਣੇ ਜ਼ੋਰ ਨਾਲ ਨਾ ਕੋਈ ਚੰਗਾ ਹੋ ਸਕਦਾ ਹੈ ਨਾ ਮੰਦਾ।

੧੨ ਇਸ (ਦੇਸ਼ ਕਾਲ ਦੀ ਰਚਨਾ) ਵਿੱਚ ਧਰਤੀ ਨੂੰ ਫ਼ਰਜ਼ ਕਮਾਣ ਦੀ ਥਾਂ ਬਣਾ ਕੇ ਰੱਖਿਆ ਹੈ।

੧੩ ਇਹ ਮੰਨਿਆ ਜਾਂਦਾ ਹੈ, ਉਸ ਖੰਡ ਵਿੱਚ; ਇਹ ਗੱਲ ਪ੍ਰਤੱਖ ਹੈ ਉਥੇ।

੧੪ ਊਰੇ ਜਾਂ ਪੂਰੇ ਹੋਣ ਦੀ ਪਰਖ ਉਥੇ ਹੀ ਹੁੰਦੀ ਹੈ, ਪਰ (ਹੇ ਨਾਨਕ!) ਇਸ ਗੱਲ ਦਾ ਪਤਾ ਉਥੇ ਜਾ ਕੇ ਹੀ ਲੱਗਦਾ ਹੈ ਕਿ ਕੌਣ ਕੱਚਾ ਹੈ ਤੇ ਕੌਣ ਪੱਕਾ। ੧੫ ਨੇਮ।

੧੬ ਸੁਣਾਓ, ਦੱਸੋ ਵਰਤਾਰਾ।

੧੭ ਕਿਤਨੇ ਹੀ (ਵਿਸ਼ਨ ਰੂਪ) ਕ੍ਰਿਸ਼ਨ ਅਤੇ ਸ਼ਿਵ ਮਲੂਮ ਹੁੰਦੇ ਹਨ। ੧੮ ਕਰਮ ਕਮਾਣ ਦੀਆਂ ਧਰਤੀਆਂ। ੧੯ ਸੁਮੇਰ ਪਰਬਤ।

੨੦ ਦੇਵੀ ਦੇ ਰੂਪ ਹਿੰਦ ਵਿੱਚ ਲੱਛਮੀ, ਦੁਰਗਾ, ਕਾਲੀ, ਚੰਡੀ, ਭਗਵਤੀ ਆਦਿ, ਅਤੇ ਯੂਨਾਨ, ਮਿਸਰ ਆਦਿ ਦੇਸਾਂ ਵਿੱਚ ਜੂਨੋ, ਫ਼ਿਊਰੀ, ਆਇਸਸ ਆਦਿ।

੨੧ (ਜੀਵਾਂ ਦੀਆਂ ਚਾਰ ਖਾਣੀਆਂ ਦੀ ਥਾਂ) ਕਈ ਖ਼ਾਣੀਆਂ ਦਿਸਣਗੀਆਂ ਅਤੇ ਕਿਤਨੀਆਂ ਹੀ ਉਨ੍ਹਾਂ ਦੀਆਂ ਆਵਾਜ਼ਾਂ ਤੇ ਬੋਲੀਆਂ ਦਾ ਪਤਾ ਲੱਗੇਗਾ। ੨੨ ਬੋਲੀਆਂ।

੨੩ ਪਾਤਸ਼ਾਹਾਂ ਦੇ ਖ਼ਾਨਦਾਨ।

੨੪ ਉੱਚੀਆਂ ਬਿਰਤੀਆਂ ਅਤੇ ਉਨ੍ਹਾਂ ਬਿਰਤੀਆਂ ਅਨੁਸਾਰ ਸੇਵਾ ਕਰਨ ਵਾਲੇ।

੨੫ ਜਗਿਆ ਹੋਇਆ। ੨੬ ਰਾਗ।

੨੭ ਦੇਖਣ ਵਾਲੀਆਂ ਚੀਜ਼ਾਂ ਦਾ ਸਵਾਦ।

੨੮ ਤਮਾਸ਼ੇ, ਕੌਤਕ। ੨੯ ਉੱਦਮ, ਕਰੜਾ ਜਤਨ।

੩੦ ਬਣਾਵਟ, ਪ੍ਰਗਟ ਕਰਨ ਦਾ ਵਸੀਲਾ [ਅਰਥ: ਉਦਮ ਦੇ ਦਰਜੇ ਉੱਤੇ ਪਹੁੰਚ ਕੇ ਧਰਮ ਲਈ ਪ੍ਰੇਰਣਾ ਰੂਪ ਦੇ ਰਾਹੀਂ ਪ੍ਰਗਟ ਹੁੰਦੀ ਹੈ।]

* ਖੰਡਾਂ ਵਾਲੀਆਂ ਪਉੜੀਆਂ ਵਿੱਚ ਉਨ੍ਹਾਂ ਪਉੜੀਆਂ ਦਾ ਵਿਸਥਾਰ ਹੈ, ਜਿਨ੍ਹਾਂ ਉੱਤੇ ਚੜ੍ਹ ਕੇ ਮਨੁੱਖ ਆਪਣੇ ਜੀਵਨ ਦੀ ਧੁਰ ਟੀਸੀ ਉੱਤੇ ਜਾ ਖੜੋਂਦਾ ਹੈ। ਜਦ ਉਸ ਵਿੱਚ ਪਹਿਲੇ ਪਹਿਲ ਧਾਰਮਿਕ ਬਿਰਤੀ ਜਾਗਦੀ ਹੈ, ਤਾਂ ਉਸ ਦੀ ਨਜ਼ਰ ਕੁਦਰਤ ਦੇ ਬਾਹਰਲੇ ਕੰਮਾਂ ਉੱਤੇ ਪੈਂਦੀ ਹੈ।, ਜਿਨ੍ਹਾਂ ਵਿੱਚ ਬੱਝਵੇਂ ਨੇਮ ਕੰਮ ਕਰ ਰਹੇ ਹਨ; ਜਿਵੇਂ ਇਹ ਕਿ ਜਿਹੋ ਜਿਹੇ ਕਾਰਨ ਇਕੱਠੇ ਹੋਣ, ਉਹੋ ਜਿਹੇ ਕਾਰਜ ਪੈਦਾ ਹੁੰਦੇ ਹਨ। ਇਨ੍ਹਾਂ ਨੂੰ ਵੇਖ਼ ਕੇ ਮਨੁੱਖ ਆਪਣੀ ਅਗਵਾਈ ਲਈ ਜੋ ਨੇਮ ਬਣਾਂਦਾ ਹੈ, ਉਹ ਨਿਰੋਲ ਇਖ਼ਲਾਕੀ ਹੁੰਦੇ ਹਨ, ਜਿਵੇਂ ਇਹ ਕਿ ਚੰਗੇ ਕੰਮਾਂ ਦਾ ਫਲ ਚੰਗਾ ਤੇ ਮੰਦੇ ਕੰਮਾਂ ਦਾ ਫਲ ਮੰਦਾ ਹੁੰਦਾ ਹੈ। ਇਹ ਦਰਜਾ ਫਰਜ਼ ਜਾਂ ਕਾਨੂੰਨ ਦਾ ਹੈ। ਅੱਗੇ ਜਾ ਕੇ ਦਰਜਾ ਵਿਚਾਰ ਦਾ ਹੈ। ਇਸ ਵਿੱਚ ਮਨੁੱਖ ਨੂੰ ਦੇਸ਼ ਕਾਲ ਦਾ ਦਾਇਰਾ ਹੋਰ ਵੀ ਖੁਲ੍ਹਾ ਹੋ ਜਾਣ ਕਰ ਕੇ ਇਤਿਹਾਸਿਕ ਰੁਚੀ ਪੈਦਾ ਹੋ ਜਾਂਦੀ ਹੈ, ਜਿਸ ਨਾਲ ਉਹ ਵੇਖਦਾ ਹੈ ਕਿ ਧਰਮ ਕਮਾਉਣ ਦਾ ਜਤਨ ਕੇਵਲ ਉਹ ਹੀ ਨਹੀਂ ਕਰ ਰਿਹਾ, ਬਲਕਿ ਧ੍ਰੂ ਅਤੇ ਬੁਧ ਜਿਹੇ ਸੁਰਤੀ ਸੇਵਕ ਇਸੇ ਕੰਮ ਵਿੱਚ ਲੱਗੇ ਰਹੇ ਹਨ। ਇਸ ਦਿਮਾਗ਼ੀ ਸਮਝ ਤੋਂ ਅੱਗਾਂਹ ਲੰਘ ਕੇ ਦਰਜਾ ਉੱਦਮ ਦਾ ਹੈ, ਜਿਸ ਵਿੱਚ ਅੰਦਰ ਦੀਆਂ ਬਿਰਤੀਆਂ ਤੇ ਵਲਵਲੇ ਇਉਂ ਘੜੇ ਜਾਂਦੇ ਹਨ ਕਿ ਦੁੱਖ ਜਾਂ ਅਨਿਆਂ ਨੂੰ ਵੇਖਦੇ ਸਾਰ ਮਨੁੱਖ ਦਾ ਦਿਲ ਆਪੇ ਨੇਕੀ ਕਰਨ ਨੂੰ ਉੱਛਲ ਪੈਂਦਾ ਹੈ। ਉਹਦੇ ਲਈ ਨੇਕੀ ਦਾ 'ਰੂਪ' ਹੀ ਕਾਫ਼ੀ ਖਿੱਚ ਰੱਖਦਾ ਹੈ। ਇਹ ਸਾਰੀ ਤਿਆਰੀ ਅਮਲ ਦੇ ਦਰਜੇ ਤੱਕ ਪੁਚਾਣ ਲਈ ਸੀ। ਉਥੇ ਪੁੱਜ ਕੇ ਨੇਕੀ ਦੀਆਂ ਸਾਰੀਆਂ ਤਾਕਤਾਂ ਜਥੇਬੰਦ ਹੋ ਕੇ ਮਨੁੱਖ ਨੂੰ ਧਾਰਮਿਕ ਜੋਧਾ ਬਣਾ ਦਿੰਦੀਆਂ ਹਨ। ਅੰਤਲਾ ਦਰਜਾ ਸੱਚੇ ਰੱਬ ਨਾਲ ਇਕ ਮਿੱਕ ਹੋਣ ਦਾ ਹੈ, ਜੋ "ਕਿਵ ਸਚਿਆਰਾ ਹੋਈਐ" ਦਾ ਜਵਾਬ ਹੈ। ਉਸ ਹਾਲਤ ਵਿੱਚ "ਜਿਵ ਜਿਵ ਹੁਕਮੁ ਤਿਵੈ ਤਿਵ ਕਾਰ" ਹੁੰਦੀ ਹੈ।

† ਉਥੇ ਕਿਤਨੇ ਹੀ ਦੇਵਤੇ, ਦੈਤ ਤੇ ਰਿਸ਼ੀ ਲੋਕ ਦਿਸਦੇ ਹਨ ਤੇ ਕਿਤਨੇ ਹੀ ਸਮੁੰਦਰ ਵਿੱਚੋਂ ਮਥ ਕੇ ਕੱਢੇ ਰਤਨ (ਨਾ ਕੇਵਲ ੧੪ ਰਤਨ ਬਲਕਿ ਅਨੇਕ)।

ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ[੧] [੨]ਸਿਧਾ
ਕੀ ਸੁਧਿ ॥ ੩੬ ॥ [੩]ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ
ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ [੪]ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ
ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ[੫]
ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ[੬]
ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ[੭] ॥ ੩੭ ॥ *ਜਤੁ ਪਾਹਾਰਾ[੮]
ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ[੯] ਹਥੀਆਰੁ ॥ ਭਉ ਖਲਾ ਅਗਨਿ
ਤਪ[੧੦] ਤਾਉ ॥ ਭਾਂਡਾ ਭਾਉ[੧੧] ਅੰਮ੍ਰਿਤੁ[੧੨] ਤਿਤੁ ਢਾਲਿ ॥ [੧੩]ਘੜੀਐ ਸਬਦੁ
ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ
ਨਦਰਿ ਨਿਹਾਲ ॥ ੩੮ ॥ ਸਲੋਕੁ† ॥ [੧੪]ਪਵਣੁ ਗੁਰੂ ਪਾਣੀ ਪਿਤਾ ਮਾਤਾ
ਧਰਤਿ ਮਹਤੁ[੧੫] ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ
ਜਗਤੁ ॥ ਚੰਗਿਆਈਆ ਬੁਰਿਆਈਆ [੧੬]ਵਾਚੈ ਧਰਮੁ ਹਦੂਰਿ ॥ [੧੭]ਕਰਮੀ
ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ[੧੮]
ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਸੋ ਦਰੁ‡ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ
ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ
ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ ਤੁਧਨੋ ਪਵਣੁ
ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਨਿ ਤੁਧਨੋ ਚਿਤੁ
ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ ਗਾਵਨਿ ਤੁਧਨੋ
ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ ਤੁਧਨੋ ਇੰਦ੍ਰ
ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ ਤੁਧਨੋ ਸਿਧ ਸਮਾਧੀ
ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ ਗਾਵਨਿ ਤੁਧਨੋ ਜਤੀ ਸਤੀ

੧ ਸੁਰੀ ਸੰਪਦਾ ਦੇ ਮਨੁੱਖ, ਮਹਾਤਮਾ ਲੋਕ।
੨ ਆਤਮਕ ਕਮਾਈ ਵਾਲੇ ਲੋਕ।
੩ ਅਮਲ (ਕਰਣੀ) ਦੇ ਦਰਜੇ ਉੱਤੇ ਪਹੁੰਚ ਕੇ ਪ੍ਰਗਟ ਹੋਣ ਦਾ ਵਸੀਲਾ ਬਲ ਹੈ, ਅਰਥਾਤ ਮਨੁੱਖ ਦੇ ਕੰਮ ਬਲ ਵਾਲੇ ਹੋਣਗੇ।
੪ ਸੀਤਾ ਹੀ ਸੀਤਾ। ਗੁਰੂ ਸਾਹਿਬ ਨੇ ਬਹਾਦਰ ਇਸਤਰੀਆਂ ਦੀ ਮਿਸਾਲ ਦੇਣ ਲਈ ਸੀਤਾ ਦਾ ਨਾਂ ਚੁਣਿਆ ਹੈ।
੫ ਲੋਕ।
੬ ਖੁਸ਼ ਹੁੰਦਾ ਹੈ।
੭ ਲੋਹਾ।
੮ ਪਹਾਰਾ, ਜਿਥੇ ਸੁਨਿਆਰਾ ਬਹਿ ਕੇ ਕੰਮ ਕਰਦਾ ਹੈ।
੯ ਗੁਰਬਾਣੀ।
੧੦ ਕਰੜੀ ਘਾਲਨਾ, ਸੇਵਾ। "ਸਤਿਗੁਰ ਕੀ ਸੇਵਾ ਇਹ ਤਪੁ ਪਰਵਾਣੁ" (ਵਾਰ ਰਾਮਕਲੀ ਮ: ੩)।
੧੧ ਪ੍ਰੇਮ।
੧੨ ਅਮਰ ਹਸਤੀ।
੧੩ ਇਸ ਤਰ੍ਹਾਂ ਸੱਚੀ ਟਕਸਾਲ ਦਾ ਸ਼ਬਦ ਘੜੀਦਾ ਹੈ; ਇਕ ਸੱਚਾ ਟਕਸਾਲੀ ਆਚਰਣ ਘੜਿਆ ਜਾਂਦਾ ਹੈ। ਸਬਦੁ=ਜ਼ਿੰਦਗੀ ਦਾ ਰਸਤਾ ਜਾਂ ਤਰੀਕਾ। "ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ" (ਅਨੰਦੁ)।
੧੪ ਹਵਾ ਨੂੰ ਗੁਰੂ ਇਸ ਲਈ ਕਿਹਾ ਹੈ ਕਿ ਜਿਵੇਂ ਗੁਰੂ ਬਿਨਾਂ ਮਨੁੱਖ ਦੀ ਸੁਰਤ ਮੁਰਦਾ ਰਹਿੰਦੀ ਹੈ, ਤਿਵੇਂ ਸਥੂਲ ਸਰੀਰ ਹਵਾ ਬਿਨਾਂ ਸਾਹ ਨਹੀਂ ਲੈ ਸਕਦਾ। 'ਪਾਣੀ ਪਿਤਾ ਜਗਤ ਕਾ' ਇਸ ਲਈ ਹੈ ਕਿ "ਪਹਿਲਾ ਪਾਣੀ ਜੀਉ ਹੈ"। ਇਸੇ ਦੇ ਮਿਲਣ ਨਾਲ ਚੀਜ਼ਾਂ ਪੈਦਾ ਹੁੰਦੀਆਂ ਅਤੇ ਹਰੀਆਂ ਭਰੀਆਂ ਰਹਿੰਦੀਆਂ ਹਨ।
੧੫ ਵੱਡੀ, ਵਿਸਥਾਰ ਵਾਲੀ।
੧੬ ਉਹ ਮੁਨਸਿਫ਼ ਆਪਣੇ ਸਾਹਮਣੇ ਪੜਤਾਲਦਾ ਹੈ।
੧੭ ਆਪੋ ਆਪਣੇ ਕਰਮਾਂ ਅਨੁਸਾਰ ਕੋਈ ਤਾਂ ਰੱਬ ਦੇ ਨੇੜੇ ਹੋ ਜਾਂਦੇ ਹਨ ਤੇ ਕੋਈ ਦੂਰ ਸੁੱਟੇ ਜਾਂਦੇ ਹਨ। ਸਵਰਗ ਇਹੋ ਹੈ, ਕਿ ਮਨੁੱਖ ਰੱਬ ਦਾ ਨੇੜ ਪ੍ਰਾਪਤ ਕਰ ਲਵੇ ਅਤੇ ਨਰਕ ਇਹੋ ਹੈ ਕਿ ਉਹ ਮਨੁੱਖ ਰੱਬ ਤੋਂ ਦੂਰ ਹੋ ਜਾਵੇ।
੧੮ ਮਿਹਨਤ।

* ਧਾਰਮਕ ਜ਼ਿੰਦਗੀ ਬਣਾਨਾ ਨਿਰਾ ਸਮਝਣ ਸਮਝਾਣ ਦਾ ਕੰਮ ਨਹੀਂ। ਇਹਦੇ ਲਈ ਅਮਲੀ ਤਰੀਕੇ ਵਰਤਣੇ ਪੈਂਦੇ ਹਨ। ਇਹ ਇਵੇਂ ਹੀ ਹੈ ਜਿਵੇਂ ਸੁਨਿਆਰਾ ਕਿਸੇ ਧਾਤੂ ਨੂੰ ਲੈ ਕੇ ਅੱਗ ਵਿੱਚ ਪਾ ਕੇ ਤਾਉਂਦਾ ਤੇ ਢਾਲਦਾ ਹੈ ਅਤੇ ਉਸ ਉੱਤੇ ਜ਼ੋਰ ਨਾਲ ਹਥੌੜੇ ਦੀਆਂ ਸੱਟਾਂ ਮਾਰ-ਮਾਰ ਕੇ ਚੰਡਦਾ ਤੇ ਕਿਸੇ ਸ਼ਕਲ ਵਿੱਚ ਲਿਆਉਂਦਾ ਹੈ।

† ਇਹੋ ਸ਼ਲੋਕ ਮਾਝ ਦੀ ਵਾਰ ਵਿੱਚ ਗੁਰੂ ਅੰਗਦ ਜੀ ਦਾ ਕਰ ਕੇ ਲਿਖਿਆ ਹੈ। ਕੇਵਲ ਇਕ ਦੋ ਸ਼ਬਦਾਂ ਦਾ ਹੀ ਭੇਦ ਹੈ। ਹੋਰ ਵੇਖੋ ਮਾਰੂ ਸੋਹਲੇ ਮ: ੧(੧), ਅਤੇ ਭਾਈ ਗੁਰਦਾਸ ਵਾਰ ੨(੧੯) ਅਤੇ ੬(੫)।

‡ 'ਸੋ ਦਰੁ' ਬਾਣੀ ਦਾ ਨਾਂ ਹੈ। ਇਸ ਵਿੱਚ ਇਕੋ ਸ਼ਬਦ ਸ਼ਾਮਲ ਹੈ। ਦੇਖੋ ਰਾਗ ਆਸਾ ਦੇ ਅਰੰਭ ਵਿੱਚ ਦਿੱਤਾ ਹੋਇਆ ਸ਼ਬਦ, ਪੰਨਾ ੩੪੭। ਰਾਗਾਂ ਦੇ ਤਤਕਰੇ ਵਿੱਚ ਵੀ ਇਸੇ ਸ਼ਬਦ ਨੂੰ 'ਸੋ ਦਰੁ' ਕਿਹਾ ਹੈ। ਇਹੋ ਸ਼ਬਦ ਜਪੁ ਜੀ ਦੀ ੨੭ਵੀਂ ਪਉੜੀ ਵਿੱਚ ਆਉਂਦਾ ਹੈ। ਇਨ੍ਹਾਂ ਤਿੰਨਾਂ ਥਾਵਾਂ ਵਿੱਚ ਦਿੱਤੇ ਪਾਠ ਵਿੱਚ ਕੁਝ-ਕੁਝ ਫ਼ਰਕ ਹੈ। ਇਸੇ ਭਾਵ ਦਾ ਸ਼ਬਦ ਦੇਖੋ ਆਸਾ ਮ: ੫, ਛੰਤ ੨।

ਇਥੋਂ ਲੈ ਕੇ ਪੰਜਾਂ ਸ਼ਬਦਾਂ ਵਿੱਚ ਵਾਹਿਗੁਰੂ ਦੀ ਹਸਤੀ ਲਈ ਖਿੱਚ ਪੈਦਾ ਕਰ ਕੇ ਮਨੁੱਖ ਨੂੰ ਸਿਮਰਨ ਲਈ ਪ੍ਰੇਰਿਆ ਹੈ।

ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜਨਿ
ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ ॥ ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ
ਤੀਰਥ ਨਾਲੇ ॥ ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ
ਚਾਰੇ ॥ ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ
ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ
ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ
ਮਾਇਆ ਜਿਨਿ ਉਪਾਈ ॥ ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ
ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ
ਜਾਈ ॥ ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥ ੧ ॥
ਆਸਾ ਮਹਲਾ ੧* ॥ ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ
ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ [1]ਰਹੇ ਸਮਾਇ ॥
੧ ॥ ਵਡੇ ਮੇਰੇ ਸਾਹਿਬਾ [2]ਗਹਿਰ ਗੰਭੀਰਾ [3]ਗੁਣੀ ਗਹੀਰਾ ॥ ਕੋਇ ਨ ਜਾਣੈ
ਤੇਰਾ ਕੇਤਾ ਕੇਵਡੁ ਚੀਰਾ[4] ॥ ੧ ॥ ਰਹਾਉ† ॥ ਸਭਿ ਸੁਰਤੀ[5] ਮਿਲਿ ਸੁਰਤਿ
ਕਮਾਈ ॥ ਸਭ ਕੀਮਤਿ[6] ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ [7]ਗੁਰ
ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥ ੨ ॥ ਸਭਿ ਸਤ[8]
ਸਭਿ ਤਪ ਸਭਿ ਚੰਗਿਆਈਆ ॥ ਸਿਧਾ[9] ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ[10] ਕਿਨੈ ਨ ਪਾਈਆ ॥ [11]ਕਰਮਿ ਮਿਲੈ ਨਾਹੀ ਠਾਕਿ
ਰਹਾਈਆ ॥ ੩ ॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ
ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ[12] ॥ ਨਾਨਕ ਸਚੁ
ਸਵਾਰਣਹਾਰਾ ॥ ੪ ॥ ੨ ॥ ਆਸਾ ਮਹਲਾ ੧‡ ॥ ਆਖਾ ਜੀਵਾ ਵਿਸਰੈ
ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥ ੧ ॥ ਸੋ ਕਿਉ ਵਿਸਰੈ ਮੇਰੀ ਮਾਇ ॥
[13]ਸਾਚਾ ਸਾਹਿਬੁ ਸਾਚੈ ਨਾਇ ॥ ੧ ॥ ਰਹਾਉ ॥ ਸਾਚੇ ਨਾਮ ਕੀ ਤਿਲੁ
ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ [14]ਆਖਣ
ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥ ੨ ॥ ਨਾ ਓਹੁ ਮਰੈ ਨ ਹੋਵੈ
ਸੋਗੁ ॥ ਦੇਦਾ ਰਹੈ ਨ [15]ਚੂਕੈ ਭੋਗੁ ॥ [16]ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ
ਕੋ ਹੋਆ ਨਾ ਕੋ ਹੋਇ ॥ ੩ ॥ ਜੇਵਡੁ ਆਪਿ ਤੇਵਡ§ ਤੇਰੀ ਦਾਤਿ ॥ ਜਿਨਿ

੧ ਲੀਨ ਹੋ ਗਏ।
੨ ਡੂੰਘੇ ਸੁਭਾਅ ਵਾਲਾ।
੩ ਗੁਣਾਂ ਕਰ ਕੇ ਗੰਭੀਰ, ਅਥਾਹ ਗੁਣਾਂ ਵਾਲਾ।
੪ [ਫ਼ਾਰਸੀ] ਪੱਲਾ, ਵਿਸਥਾਰ, ਖਿਲਾਰਾ।
੫ ਸੁਰਤੀਂ, [ਸ਼੍ਰੋਤ੍ਰਿਯ] ਸ਼੍ਰੁਤੀ ਵਾਲਿਆਂ ਨੇ, ਵੇਦ ਜਾਣਨ ਵਾਲਿਆਂ ਨੇ।
੬ ਮੁੱਲ ਪਾਉਣ ਵਾਲਿਆਂ ਨੇ, ਅੰਦਾਜ਼ਾ ਲਾਉਣ ਵਾਲਿਆਂ ਨੇ।
੭ [ਗੁਰਹਾਈ (ਗੁਰੂਹਾਇ)=ਗੁਰੂ ਦਾ ਬਹੁਵਚਨ] ਗੁਰੂਆਂ ਦੇ ਗੁਰੂ।
੮ ਪੁੰਨ, ਦਾਨ।
੯ ਕਰਾਮਾਤਾਂ ਵਾਲਿਆਂ।
੧੦ ਕਰਾਮਾਤ।
੧੧ ਕਿਰਪਾ ਦੁਆਰਾ ਮਿਲਦੀ ਹੈ ਤੇ ਮਿਲਦੀ ਨੂੰ ਕੋਈ ਰੋਕ ਨਹੀਂ ਸਕਦਾ।
੧੨ [ਫ਼ਾਰਸੀ] ਤਦਬੀਰ, ਜਤਨ।
੧੩ ਸੱਚੇ ਨਾਮ ਕਰ ਕੇ ਸੱਚਾ ਮਾਲਕ ਅਖਵਾਂਦਾ ਹੈ ਭਾਵ ਉਹਦੇ ਗੁਣ ਸੱਚਾਈ ਵਾਲੇ ਹਨ, ਇਸ ਲਈ ਉਹ ਸੱਚਾ ਅਖਵਾਂਦਾ ਹੈ।
੧੪ ਆਖਣ ਪੈਣ, ਆਖਣ ਲੱਗਣ।
੧੫ ਖਾਨਾ ਨਹੀਂ ਮੁੱਕਦਾ।
੧੬ ਉਸ ਦੀ ਖੂਬੀ ਏਹੋ ਹੈ ਕਿ ਉਸ ਦੇ ਬਿਨਾਂ ਹੋਰ ਕੋਈ ਨਹੀਂ, ਨਾ ਕੋਈ ਹੋਇਆ ਹੈ, ਅਤੇ ਨਾ ਅੱਗੋਂ ਕੋਈ ਹੋਵੇਗਾ।

* ਦੇਖੋ ਪੰਨਾ ੩੪੮।

† ਇਸ ਸਿਰਲੇਖ ਵਾਲੀ ਤੁਕ ਇਸ ਤੋਂ ਪਹਿਲੋਂ ਆਉਂਦੀ ਹੈ, ਅਤੇ ਇਸ ਵਿੱਚ ਸਾਰੇ ਸ਼ਬਦ ਦਾ ਸਮੁੱਚਾ ਭਾਵ ਜਾਂ ਕੇਂਦਰੀ ਖ਼ਿਆਲ ਦਿੱਤਾ ਹੁੰਦਾ ਹੈ। ਕਈਆਂ ਸ਼ਬਦਾਂ ਵਿੱਚ ਇਕ ਤੋਂ ਵਧੀਕ ਰਹਾਉ ਭੀ ਆਉਂਦੇ ਹਨ।

‡ ਦੇਖੋ ਪੰਨਾ ੩੪੯। 'ਜਿਸ ਨੇ ਆਪਣੇ ਰੱਬ ਦੇ ਰਸਤੇ ਤੋਂ ਮੂੰਹ ਮੋੜ ਲਿਆ, ਉਹ ਮਰ ਗਿਆ'-ਕੁਰਾਨ, ਸੂਰਾ ਬਕਰ, ਰਕੂਹ ੨੭, ਪਾਰਾ ੨।

§ 'ਦਾਤਿ' ਇਸਤਰੀ-ਲਿੰਗ ਹੋਣ ਕਰ ਕੇ ਇਸ ਦੇ ਵਿਸ਼ੇਸ਼ਣ 'ਤੇਵਡ' ਦੇ ਅੰਤ ਮੁਕਤਾ ਅੱਖਰ ਹੈ।

ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ[੧] ॥ ੪ ॥ ੩ ॥ ਰਾਗੁ ਗੂਜਰੀ ਮਹਲਾ ੪* ॥ ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ[੨] ਕਰਉ ਗੁਰ ਪਾਸਿ ॥ ਹਮ [੩]ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ[੪] ॥ ੧ ॥ ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ[੫] ਨਾਮੁ ਮੇਰਾ [੬]ਪ੍ਰਾਨ ਸਖਾਈ ਹਰਿ ਕੀਰਤਿ[੭] ਹਮਰੀ ਰਹਰਾਸਿ[੮] ॥ ੧ ॥ ਰਹਾਉ ॥ ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ[੯] ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ[੧੦] ॥ ੩ ॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ [੧੧]ਧੁਰਿ ਮਸਤਕਿ ਲਿਖਿਆ ਲਿਖਾਸਿ[੧੨] ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥ ੪ ॥ ੪ ॥ ਰਾਗੁ ਗੂਜਰੀ ਮਹਲਾ ੫† ॥ ਕਾਹੇ ਰੇ ਮਨ ਚਿਤਵਹਿ[੧੩] ਉਦਮੁ[੧੪] ਜਾ ਆਹਰਿ[੧੫] ਹਰਿ ਜੀਉ ਪਰਿਆ[੧੬] ॥ [੧੭]ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥ ਮੇਰੇ ਮਾਧਉ[੧੮] ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦੁ[੧੯] ਪਾਇਆ ਸੂਕੇ ਕਾਸਟ[੨੦] ਹਰਿਆ ॥ ੧ ॥ ਰਹਾਉ ॥ ਜਨਨਿ[੨੧] ਪਿਤਾ ਲੋਕ ਸੁਤ[੨੨] ਬਨਿਤਾ[੨੩] ਕੋਇ ਨ ਕਿਸ ਕੀ ਧਰਿਆ[੨੪] ॥ [੨੫]ਸਿਰਿ ਸਿਰਿ ਰਿਜਕੁ ਸੰਬਾਹੇ[੨੬] ਠਾਕੁਰੁ ਕਾਹੇ ਮਨ ਭਉ ਕਰਿਆ ॥ ੨ ॥ ਊਡੇ ਊਡਿ ਆਵੈ ਸੈ ਕੋਸਾ ਤਿਸੁ‡ ਪਾਛੈ ਬਚਰੇ[੨੭] ਛਰਿਆ[੨੮] ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ [੨੯]ਮਨ ਮਹਿ ਸਿਮਰਨੁ ਕਰਿਆ ॥ ੩ ॥ ਸਭਿ ਨਿਧਾਨ§ ਦਸ ਅਸਟ ਸਿਧਾਨ¶ ਠਾਕੁਰ ਕਰ ਤਲ[੩੦] ਧਰਿਆ ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ[੩੧] ॥ ੪ ॥ ੫ ॥

ਰਾਗੁ ਆਸਾ ਮਹਲਾ ੪ ਸੋ ਪੁਰਖੁ:: ੴ ਸਤਿਗੁਰ ਪ੍ਰਸਾਦਿ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ[੩੨] ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ ਹਰਿ ਆਪੇ ਠਾਕੁਰੁ[੩੩] ਹਰਿ ਆਪੇ ਸੇਵਕੁ ਜੀ

੧ ਕਮਜ਼ਾਤ, ਨੀਚ।
੨ ਬੇਨਤੀ।
੩ ਕੀੜੇ ਮਕੌੜੇ=ਦੀਨ, ਨਿਮਾਣੇ।
੪ [ਕ੍ਰਿਆ] ਪ੍ਰਗਟਾਵੇ, ਜਗਾਵੇ (ਨਾਮ ਨੂੰ)।
੫ ਗੁਰ ਆਸ਼ੇ ਅਨੁਸਾਰ ਦੱਸਿਆ ਹੋਇਆ।
੬ ਪ੍ਰਾਣਾਂ ਦਾ ਸਹਾਈ।
੭ ਸਿਫ਼ਤ।
੮ ਰਹੁਰੀਤ, ਮਰਯਾਦਾ।
੯ ਰੱਜ ਜਾਂਦੇ ਹਨ।
੧੦ ਜੀਉਣਗੇ, ਜੋ ਅੱਗੋਂ ਜੀਉਣਾ ਹੈ। (ਲਾਨ੍ਤ ਹੈ ਉਸ ਜ਼ਿੰਦਗੀ ਉੱਤੇ ਜੋ ਬੀਤ ਚੁੱਕੀ ਹੈ ਜਾਂ ਅਜੇ ਆਉਣੀ ਹੈ)।
੧੧ ਧੁਰ ਤੋਂ ਮੱਥੇ ਉੱਤੇ, ਰੱਬ ਵੱਲੋਂ ਭਾਗਾਂ ਵਿੱਚ।
੧੨ ਲੇਖ।
੧੩ ਸੋਚਦਾ ਹੈਂ।
੧੪ ਜਤਨ।
੧੫ ਉਦਮ ਜਾਂ ਇੰਤਜ਼ਾਮ ਵਿੱਚ।
੧੬ ਪਿਆ ਹੋਇਆ ਹੈ (ਵਾਹਿਗੁਰੂ)।
੧੭ ਪਹਾੜੀ ਪੱਥਰ, ਚਿਟਾਨ।
੧੮ ਮਾਧਵ, ਮਾਇਆ ਦਾ ਮਾਲਕ, ਕਰਤਾਰ।
੧੯ ਸਭ ਤੋਂ ਉੱਚਾ ਦਰਜਾ।
੨੦ ਲੱਕੜ।
੨੧ ਮਾਤਾ।
੨੨ ਪੁੱਤਰ।
੨੩ ਇਸਤਰੀ।
੨੪ ਆਸਰਾ।
੨੫ ਹਰੇਕ ਜੀਵ ਨੂੰ।
੨੬ ਪੁਚਾਂਦਾ ਹੈ।
੨੭ ਬੱਚੇ।
੨੮ ਛੱਡੇ ਹੋਏ ਹੁੰਦੇ ਹਨ।
੨੯ ਕੀ ਤੂੰ ਦਿਲ ਵਿੱਚ ਸੋਚਿਆ ਹੈ?
੩੦ ਹੱਥ ਦੀ ਤਲੀ 'ਤੇ।
੩੧ ਪਾਰਾਵਾਰ, ਅੰਤ ਵਿਸਥਾਰ ਦਾ।
੩੨ ਪੈਦਾ ਕਰਨ ਵਾਲਿਆ!
੩੩ ਮਾਲਕ।

* ਦੇਖੋ ਪੰਨਾ ੪੯੨। ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵਿਆਹ ਦੇ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਉਚਾਰਣ ਕੀਤਾ।

† ਦੇਖੋ ਪੰਨਾ ੪੯੫।

‡ ਕੂੰਜ ਤੋਂ ਭਾਵ ਹੈ।

§ ਨਿਧੀਆਂ ਦੇ ਖ਼ਜ਼ਾਨੇ ਜੋ ਨੌਂ ਗਿਣੇ ਜਾਂਦੇ ਹਨ: ਪਦਮ (ਸੋਨਾ, ਚਾਂਦੀ), ਮਹਾਂ ਪਦਮ (ਹੀਰੇ, ਜਵਾਹਰਾਤ), ਸੰਖ (**ਸੁੰਦਰ ਭੋਜਨ** ਤੇ ਕੱਪੜੇ), ਮਕਰ (ਸ਼ਸਤਰ ਵਿਦਿਆ ਦੀ ਪ੍ਰਾਪਤੀ, ਰਾਜ ਦਰਬਾਰ ਵਿੱਚ ਮਾਣ), ਕੱਛਪ (ਕੱਪੜੇ ਦਾਣੇ ਦੀ ਸੁਦਾਗਰੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਮੁਕੰਦ (ਰਾਗ ਆਦਿ ਕੋਮਲ ਹੁਨਰਾਂ ਦੀ ਪ੍ਰਾਪਤੀ), ਵਰਚ ਜਾਂ ਖਰਬ ।

¶ ਅਠਾਰਾਂ ਸਿਧੀਆਂ ਜਾਂ ਕਰਾਮਾਤੀ ਸ਼ਕਤੀਆਂ। ਉਹ ਇਹ ਹਨ : ਅਨਿਮਾ (ਦੂਜੇ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵੱਡਾ ਕਰ ਲੈਣਾ), ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨਿੱਛਤ ਭੋਗਾਂ ਦੀ ਪ੍ਰਾਪਤੀ), ਪ੍ਰਕਾਮਯ (ਹੋਰਨਾਂ ਦੇ ਮਨ ਦੀ ਜਾਣ ਲੈਣੀ), ਈਸ਼ਿਤਾ (ਇੱਛਾਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ), ਅਨੁਰਮਿ (ਭੁੱਖ ਤੇਹ ਦਾ ਨਾ ਹੋਣਾ), ਦੂਰ ਸ੍ਰਵਣ (ਦੂਰੋਂ ਗੱਲ ਸੁਣ ਲੈਣੀ), ਦੂਰ ਦਰਸ਼ਨ (ਦੂਰ ਦੇ ਨਜ਼ਾਰੇ ਦੇਖ ਲੈਣੇ), ਮਨੋਵੇਗ (ਖਿਆਲ ਦੀ ਰਫਤਾਰ ਨਾਲ ਛੇਤੀ ਜਾਣਾ), ਕਾਮ ਰੂਪ (ਮਨਿੱਛਤ ਰੂਪ ਧਾਰਨਾ), ਪਰਕਾਇ ਪ੍ਰਵੇਸ਼ (ਦੂਜੇ ਦੀ ਦੇਹ ਵਿੱਚ ਪ੍ਰਵੇਸ਼), ਸ੍ਵਛੰ ਮ੍ਰਿਤਯੂ (ਜਦੋਂ ਚਾਹੇ ਮਰਨਾ), ਸੁਰ ਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ ਕਰਨੀਆਂ), ਸੰਕਲਪ ਸਿਧਿ (ਜੋ ਚਾਹੁਣਾ, ਸੋ ਪੂਰਾ ਹੋਣਾ), ਅਪ੍ਰਤਿਹਤਗਤਿ (ਬਿਨਾਂ ਰੋਕ ਹਰ ਥਾਂ ਜਾ ਸਕਣਾ)।

:: ਦੇਖੋ ਪੰਨਾ ੩੪੮। ਇਨ੍ਹਾਂ ਚਹੁਆਂ ਸ਼ਬਦਾਂ ਵਿੱਚ ਮਨੁੱਖ ਨੂੰ ਵਾਹਿਗੁਰੂ ਦੇ ਸਨਮੁਖ ਖੜਾ ਕਰ ਕੇ ਬੇਨਤੀ ਕਰਨੀ ਸਿਖਾਈ ਹੈ।

ਕਿਆ ਨਾਨਕ ਜੰਤ ਵਿਚਾਰਾ ॥ ੧ ॥ ਤੂੰ [੧]ਘਟ ਘਟ ਅੰਤਰਿ ਸਰਬ ਨਿਰੰਤਰਿ[੨]
ਜੀ ਹਰਿ ਏਕੋ ਪੁਰਖੁ ਸਮਾਣਾ ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ
ਚੋਜ[੩] ਵਿਡਾਣਾ[੪] ॥ ਤੂੰ ਆਪੇ ਦਾਤਾ ਆਪੇ ਭੁਗਤਾ[੫] ਜੀ ਹਉ ਤੁਧੁ ਬਿਨੁ
ਅਵਰੁ ਨ ਜਾਣਾ ॥ ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ
ਆਖਿ ਵਖਾਣਾ[੬] ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ
ਕੁਰਬਾਣਾ ॥ ੨ ॥ ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ[੭] ਜਨ ਜੁਗ
ਮਹਿ ਸੁਖਵਾਸੀ[੮] ॥ ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ
ਜੀ ਤਿਨ ਕਾ ਭਉ ਸਭੁ ਗਵਾਸੀ ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ
ਜੀ ਤੇ ਹਰਿ ਹਰਿ ਰੂਪਿ ਸਮਾਸੀ[੯] ॥ ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ
ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥ ੩ ॥ ਤੇਰੀ ਭਗਤਿ ਤੇਰੀ ਭਗਤਿ
ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ
ਜੀ ਹਰਿ ਅਨਿਕ ਅਨੇਕ ਅਨੰਤਾ ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ
ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ ਤੇਰੇ ਅਨੇਕ ਤੇਰੇ ਅਨੇਕ ਪੜਹਿ
ਬਹੁ ਸਿਮ੍ਰਿਤਿ* ਸਾਸਤ† ਜੀ ਕਰਿ ਕਿਰਿਆ[੧੦] ਖਟੁ ਕਰਮ‡ ਕਰੰਤਾ[੧੧] ॥ ਸੇ
ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥
੪ ॥ ਤੂੰ ਆਦਿ ਪੁਰਖੁ ਅਪਰੰਪਰੁ[੧੨] ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ[੧੩] ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥ ਤੁਧੁ ਆਪੇ
ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ[੧੪] ਸਭ ਗੋਈ[੧੫] ॥ ਜਨੁ ਨਾਨਕੁ
ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ[੧੬] ॥ ੫ ॥ ੧ ॥ ਆਸਾ ਮਹਲਾ
੪§ ॥ ਤੂੰ ਕਰਤਾ ਸਚਿਆਰੁ ਮੈਡਾ[੧੭] ਸਾਂਈ ॥ ਜੋ ਤਉ ਭਾਵੈ ਸੋਈ ਥੀਸੀ[੧੮]
ਜੋ ਤੂੰ ਦੇਹਿ ਸੋਈ ਹਉ[੧੯] ਪਾਈ ॥ ੧ ॥ ਰਹਾਉ ॥ ਸਭ ਤੇਰੀ ਤੂੰ ਸਭਨੀ
ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ[੨੦] ਲਾਧਾ ਮਨਮੁਖਿ[੨੧] ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ
ਮਿਲਾਇਆ ॥ ੧ ॥ ਤੂੰ ਦਰੀਆਉ ਸਭ ਤੁਝ ਹੀ ਮਾਹਿ[੨੨] ॥ ਤੁਝ ਬਿਨੁ ਦੂਜਾ
ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥ ¶ਵਿਜੋਗਿ ਮਿਲਿ ਵਿਛੁੜਿਆ
ਸੰਜੋਗੀ ਮੇਲੁ ॥ ੨ ॥ ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ
ਸਦ ਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
ਸਹਜੇ[੨੩] ਹੀ ਹਰਿ ਨਾਮਿ ਸਮਾਇਆ ॥ ੩ ॥ ਤੂ ਆਪੇ ਕਰਤਾ ਤੇਰਾ ਕੀਆ

੧ ਹਰ ਇਕ ਦਿਲ ਵਿੱਚ।
੨ (ਸਭ ਦੇ) ਪੂਰੀ ਤਰ੍ਹਾਂ ਅੰਦਰ।
੩ ਕੌਤਕ, ਤਮਾਸ਼ੇ।
੪ ਹੈਰਾਨ ਕਰਨ ਵਾਲੇ, ਅਸਚਰਜ।
੫ ਖਾਣ ਵਾਲਾ।
੬ ਬਿਆਨ ਕਰਾਂ।
੭ ਓਹ।
੮ ਸੁਖ ਨਾਲ ਰਹਿਣ ਵਾਲੇ।
੯ ਸਮਾਣਗੇ, ਲੀਨ ਹੋਣਗੇ।
੧੦ ਧਾਰਮਕ ਕੰਮ, ਧਾਰਮਕ ਸੰਸਕਾਰ।
੧੧ ਕਰਦੇ।
੧੨ ਪਰ੍ਹੇ ਤੋਂ ਪ੍ਰੇਰੇ, ਬੇਹੱਦ।
੧੩ ਨਾ ਚਲਾਇਮਾਨ, ਅਹਿੱਲ, ਕਾਇਮ।
੧੪ ਪੈਦਾ ਕਰ ਕੇ, ਬਣਾ ਕੇ।
੧੫ ਲੈ ਕੀਤੀ, ਮੁਕਾ ਦਿੱਤੀ।
੧੬ ਜਾਣਨ ਵਾਲਾ।
੧੭ [ਲਹਿੰਦੀ] ਮੇਰਾ।
੧੮ [ਲਹਿੰਦੀ] ਹੋਵੇਗਾ।
੧੯ ਮੈਂ।
੨੦ ਓਹ ਧਰਮੀਂ ਪੁਰਸ਼ ਜੋ ਗੁਰੂ ਵੱਲ ਮੂੰਹ ਕਰ ਕੇ ਚਲਦਾ ਹੈ, ਭਾਵ ਆਪਣੀ ਜ਼ਿੰਦਗੀ ਦੀ ਡੋਰ ਗੁਰੂ ਦੇ ਹੱਥ ਫੜਾ ਕੇ ਚਲਦਾ ਹੈ। ਗੁਰਮੁਖਿ ਦੇ ਲੱਛਣਾਂ ਲਈ ਦੇਖੋ ਸਿਧ ਗੋਸਟਿ।
੨੧ ਉਹ ਅਧਰਮੀ ਪੁਰਸ਼ ਹੈ ਜੋ ਆਪਣੇ ਮਨ ਵੱਲ ਮੂੰਹ ਕਰ ਕੇ ਚਲਦਾ ਹੈ, ਗੁਰੂ ਤੋਂ ਬੇਮੁਖ, ਆਪ-ਹੁਦਰਾ।
੨੨ ਵਿੱਚ।
੨੩ ਸੁਤੇ ਹੀ, ਕੁਦਰਤੀ ਤੌਰ 'ਤੇ।

* ਹਿੰਦੂ ਰਿਸ਼ੀਆਂ ਦੇ ਲਿਖੇ ਹੋਏ ਧਾਰਮਕ ਪੁਸਤਕ ਜੋ ਉਨ੍ਹਾਂ ਨੇ ਵੇਦਾਂ ਜਾਂ ਵੱਡਿਆਂ ਦੇ ਵਾਕਾਂ ਨੂੰ ਚੇਤੇ ਕਰ-ਕਰ ਕੇ ਹਿੰਦੂ ਸਮਾਜ ਦੀ ਅਗਵਾਈ ਲਈ ਲਿਖੇ। ਇਹ ਸਤਾਈ ਦੇ ਕਰੀਬ ਹਨ।

† ਸ਼ਾਸਤਰ, ਹਿੰਦੂ ਫ਼ਲਸਫ਼ੇ ਦੇ ਗ੍ਰੰਥ (ਦਰਸ਼ਨ) ਜੋ ਗਿਣਤੀ ਵਿੱਚ ਛੀ ਹਨ : ਸਾਂਖ, ਪਤੰਜਲ ਜਾਂ ਯੋਗ, ਨਿਆਇ; ਵੈਸ਼ੈਸ਼ਿਕ, ਮੀਮਾਨਸਾ, ਵੇਦਾਂਤ।

‡ ਛੇ ਕਰਮ, ਜੋ ਮਨੂ ਸਿਮ੍ਰਿਤੀ ਅਨੁਸਾਰ ਇਹ ਹਨ: ਪੜ੍ਹਨਾ, ਪੜ੍ਹਾਉਣਾ, ਯਗ ਕਰਨਾ, ਕਰਾਉਣਾ, ਦਾਨ ਦੇਣਾ ਤੇ ਲੈਣਾ। ਇਸ ਤਰ੍ਹਾਂ ਯੋਗ ਮੱਤ, ਵੈਸ਼ਨਵ ਮੱਤ ਅਤੇ ਹੋਰ ਕਈ ਮੱਤਾਂ ਅਨੁਸਾਰ ਇਹ ਖੱਟ ਕਰਮ ਵੱਖੋ-ਵੱਖਰੇ ਹਨ।

§ ਦੇਖੋ ਪੰਨਾ ੩੬੫।

¶ ਵਿਛੋੜੇ ਦੇ ਨੇਮ ਅਨੁਸਾਰ ਮਿਲਿਆ ਹੋਇਆ ਵਿਛੜ ਜਾਂਦਾ ਹੈ, ਪਰ ਸੰਜੋਗ ਦੇ ਨੇਮ ਅਨੁਸਾਰ ਫਿਰ ਮੇਲ ਹੋ ਜਾਂਦਾ ਹੈ। 'ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ। ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ' (ਮਾਰੂ ਮ: ੧)। ਦੇਖੋ ਪੰਨਾ ੬, ਫੁਟ ਨੋਟ ▯।

ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ[1] ਪਰਗਟੁ ਹੋਇ ॥ ੪ ॥ ੨ ॥ ਆਸਾ ਮਹਲਾ ੧* ॥ †ਤਿਤੁ[2] ਸਰਵਰੜੈ[3] ਭਈਲੇ[4] ਨਿਵਾਸਾ[5] ਪਾਣੀ ਪਾਵਕੁ[6] ਤਿਨਹਿ[7] ਕੀਆ ॥ ਪੰਕਜੁ[8] ਮੋਹ ਪਗੁ[9] ਨਹੀ ਚਾਲੈ ਹਮ ਦੇਖਾ ਤਹ[10] ਡੂਬੀਅਲੇ[11] ॥ ੧ ॥ ਮਨ ਏਕੁ ਨ ਚੇਤਸਿ[12] ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥ ਨਾ ਹਉ ਜਤੀ[13] ਸਤੀ[14] ਨਹੀ ਪੜਿਆ ਮੂਰਖ ਮੁਗਧਾ[15] ਜਨਮੁ ਭਇਆ ॥ ਪ੍ਰਣਵਤਿ[16] ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥ ੨ ॥ ੩ ॥ ਆਸਾ ਮਹਲਾ ੫‡ ॥ §ਭਈ ਪਰਾਪਤਿ ਮਾਨੁਖ ਦੇਹੁਰੀਆ[17] ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ[18] ॥ ¶ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥ ਸਰੰਜਾਮਿ[19] ਲਾਗੁ ਭਵਜਲ[20] ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ[21] ਮਾਇਆ ਕੈ ॥ ੧ ॥ ਰਹਾਉ ॥ ਜਪੁ ਤਪੁ ਸੰਜਮੁ[22] ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ[23] ॥ ਕਹੁ ਨਾਨਕ ਹਮ [24]ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ[25] ॥ ੨ ॥ ੪ ॥

ਸੋਹਿਲਾਃ ਰਾਗੁ ਗਉੜੀ ਦੀਪਕੀ: ਮਹਲਾ ੧ ੴ ਸਤਿਗੁਰ ਪ੍ਰਸਾਦਿ ॥
[26]ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥ ੧ ॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥ ੧ ॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ[27] ਦੇਖੈਗਾ[28] ਦੇਵਣਹਾਰੁ ॥ ਤੇਰੇ ਦਾਨੈ[29] ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ[30] ॥ ੨ ॥ [31]ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥ ਘਰਿ ਘਰਿ ਏਹੋ ਪਾਹੁਚਾ[32] ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ[33] ਆਵੰਨਿ ॥ ੪ ॥ ੧ ॥ ਰਾਗੁ ਆਸਾ ਮਹਲਾ ੧( ) ॥ [34]ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥ ੧ ॥ ਰਹਾਉ ॥ [35]ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ

੧ ਗੁਰੂ ਦੇ ਰਾਹੀਂ। ੨ ਉਸ।
੩ ਤਲਾ ਵਿੱਚ, ਸੰਸਾਰ ਰੂਪੀ ਤਲਾ ਵਿੱਚ।
੪ ਹੋਇਆ ਹੈ। ੫ ਵਾਸਾ, ਰਿਹਾਇਸ਼।
੬ ਅੱਗ (ਤ੍ਰਿਸ਼ਨਾਰੂਪ)।
੭ ਉਸ ਨੇ, ਵਾਹਿਗੁਰੂ ਨੇ।
੮ ਪੰਕਜੁ=ਚਿੱਕੜ। 'ਪੰਕਜ ਮੋਹ ਸਰਿ ਹਾਂ। ਪਗੁ ਨਹੀ ਚਲੈ ਹਰਿ ਹਾਂ' (ਆਸਾ ਮ: ੫)।
੯ ਪੈਰ। ੧੦ ਉਥੇ, ਉਸ ਤਲਾ ਵਿੱਚ।
੧੧ ਡੁੱਬਦਾ। ੧੨ ਚੇਤੇ ਕਰਦਾ, ਸਿਮਰਨ ਕਰਦਾ।
੧੩ ਇੰਦ੍ਰੀਆਂ ਨੂੰ ਕਾਬੂ ਰੱਖਣ ਵਾਲਾ, ਕਾਮ ਰਹਿਤ। ੧੪ ਸੱਤ ਦਾ ਧਾਰਨੀ, ਸੱਚਾ।
੧੫ ਬੇਸਮਝੀ ਵਾਲਾ। ੧੬ ਬੇਨਤੀ ਕਰਦਾ ਹੈ।
੧੭ ਦੇਹੀ, ਜਨਮ। ੧੮ ਵਾਰੀ, ਮੌਕਾ।
੧੯ [ਫ਼ਾਰਸੀ] ਆਹਰ, ਇੰਤਜ਼ਾਮ।
੨੦ ਸੰਸਾਰ ਦਾ ਸਮੁੰਦਰ। ੨੧ ਪਿਆਰ ਵਿੱਚ।
੨੨ [ਸੰ-ਯਮ] ਚੰਗੀ ਤਰ੍ਹਾਂ ਬੰਨ੍ਹਣਾ, ਮਨ ਨੂੰ ਵਿਕਾਰਾਂ ਤੋਂ ਰੋਕਣ ਦਾ ਕੰਮ।
੨੩ ਹਰਿ ਰੂਪ ਰਾਜਾ। ੨੪ ਨੀਚ ਕਰਮਾਂ ਵਾਲੇ ਹਾਂ। ੨੫ ਸ਼ਰਮ, ਲੱਜਾ. 'ਰਾਖਹੁ ਸਰਮ ਅਸਾੜੀ ਜੀਉ' (ਮਾਝ ਮ: ੫)।
੨੬ ਜਿਸ ਘਰ ਵਿੱਚ, ਅਰਥਾਤ ਮਨ ਦੀ ਜਿਸ ਹਾਲਤ ਵਿੱਚ ਵਾਹਿਗੁਰੂ ਦੀ ਸਿਫ਼ਤ ਆਖੀ ਜਾ ਸਕੇ ਅਤੇ ਉਸ ਦਾ ਵਿਚਾਰ ਹੋ ਸਕੇ, ਉਸ ਹਾਲਤ ਵਿੱਚ ਹੋ ਕੇ ਕਰਤਾਰ ਨੂੰ ਯਾਦ ਕਰੋ ਤੇ ਉਸ ਦਾ ਜਸ ਗਾਵੋ।
੨੭ ਸੰਭਾਲੇ ਜਾਂਦੇ ਹਨ (ਜੀਵ)। ੨੮ ਖ਼ਬਰ ਸਾਰ ਲਵੇਗਾ। ੨੯ ਦਾਨ ਦੀ। ਦੇਖੋ ਭਾ: ਗੁਰਦਾਸ ੮ (੫)। ੩੦ ਗਿਣਤੀ, ਲੇਖਾ।
੩੧ ਮੌਤ ਨਾਲ ਸਾਡੇ ਵਿਆਹ ਦਾ ਸੰਮਤ ਤੇ ਦਿਹਾੜਾ ਮਿਥਿਆ ਹੋਇਆ ਹੈ। ਹੇ ਸੱਜਣੋ! ਸਾਰੇ ਰਲ ਕੇ ਤੇਲ ਚੋਵੋ ਅਤੇ ਅਸੀਸਾਂ ਦੇਵੋ ਕਿ ਮੇਰਾ ਆਪਣੇ ਪਤੀ ਨਾਲ ਮੇਲ ਹੋਵੇ। [ਲਾੜੀ ਦੇ ਆਪਣੇ ਨਵੇਂ ਘਰ ਪ੍ਰਵੇਸ਼ ਕਰਨ ਸਮੇਂ ਮਿੱਤਰ ਸਰਬੰਧੀ ਬੂਹੇ 'ਤੇ ਤੇਲ ਚੋਂਦੇ ਅਤੇ ਸੁਹਾਗ ਦੇ ਗੀਤ ਗਾਂਦੇ ਹਨ।]
੩੨ ਵਿਆਹ ਦਾ ਸੱਦਾ। (ਨਿੱਤ-ਨਿੱਤ ਜੋ ਮੌਤ ਦੇ ਸੱਦੇ ਲੋਕਾਂ ਨੂੰ ਪੈਂਦੇ ਹਨ, ਭਾਵ ਸਾਡੇ ਆਸ-ਪਾਸ ਜੋ ਮੌਤਾਂ ਹੋ ਰਹੀਆਂ ਹਨ, ਇਹ ਮਾਨੋ ਜੀਉਂਦਿਆਂ ਨੂੰ ਘਰ ਘਰ ਸੱਦੇ ਮਿਲ ਰਹੇ ਹਨ ਕਿ ਉਹ ਦਿਨ ਤੁਹਾਡੇ ਲਈ ਵੀ ਆ ਰਹੇ ਹਨ। ਆਓ! ਉਸ ਸੱਦਾ ਦੇਣ ਵਾਲੇ ਵਾਹਿਗੁਰੂ ਨੂੰ ਯਾਦ ਕਰੀਏ।) ੩੩ ਦਿਨ।
੩੪ ਛੀ ਸ਼ਾਸਤਰ (ਸਾਂਖ, ਨਿਆਇ; ਵੈਸ਼ੇਸ਼ਿਕ, ਮੀਮਾਨਸਾ, ਯੋਗ ਅਤੇ ਵੇਦਾਂਤ) ਹਨ, ਛੀ ਹੀ ਇਨ੍ਹਾਂ ਦੇ ਚਲਾਣ ਵਾਲੇ (ਕਪਲ, ਗੌਤਮ, ਕਣਾਦ, ਜੈਮਨੀ, ਪਤੰਜਲੀ, ਵਿਆਸ) ਅਤੇ ਛੀ ਹੀ ਉਨ੍ਹਾਂ ਦੇ ਸਿਧਾਂਤ ਹਨ; ਪਰ ਇਨ੍ਹਾਂ ਸਾਰਿਆਂ ਗੁਰੂਆਂ ਦਾ ਮੂਲ ਗੁਰੂ (ਵਾਹਿਗੁਰੂ) ਇਕੋ ਹੈ, ਕੇਵਲ ਉਸ ਨੇ ਆਪਣੇ ਭਾਵਾਂ ਦਾ ਪ੍ਰਕਾਸ਼ ਕਈ ਰੂਪਾਂ ਵਿੱਚ ਕੀਤਾ ਹੋਇਆ ਹੈ। ਤੂੰ ਭਾਈ! ਉਹ ਸ਼ਾਸਤਰ ਜਾਂ ਸਿਧਾਂਤ ਮੰਨ, ਜਿਸ ਵਿੱਚ ਕਰਤੇ ਦੀ ਸਿਫ਼ਤ ਹੁੰਦੀ ਹੋਵੇ, ਇਸੇ ਵਿੱਚ ਤੇਰੀ ਉੱਚਤਾ ਜਾਂ ਭਲਿਆਈ ਹੈ। ਦੇਖੋ ਭਾ: ਗੁਰਦਾਸ ੮ (੧੩)।
੩੫ ਵਿਸਾ=੧੫ ਅੱਖ ਦੇ ਫੋਰ; ਚਸਾ=੧੫ ਵਿਸੁਏ; ਪਲ=੩੦ ਚਸੇ; ਘੜੀ=੬੦ ਪਲ; ਪਹਿਰ=ਸਾਢੇ ੭ ਘੜੀਆਂ; ਰਾਤ ਦਿਨ=੮ ਪਹਿਰ; ਥਿਤਾਂ ੧੫; ਵਾਰ ੭; ਰੁੱਤਾਂ ੬। ਦੇਖੋ ਭਾ: ਗੁਰਦਾਸ ੨ (੧੪)।

* ਦੇਖੋ ਪੰ: ੩੫੭। † ਮਨੁੱਖ ਦਾ ਉਸ ਤਲਾ ਵਿੱਚ ਵਾਸਾ ਹੋਇਆ ਹੈ (ਜਿਸ ਵਿੱਚ) ਉਸ (ਵਾਹਿਗੁਰੂ) ਨੇ ਪਾਣੀ ਦੀ ਥਾਂ ਅੱਗ ਪਾਈ ਹੈ। (ਉਸ ਵਿੱਚ) ਚਿੱਕੜ ਮੋਹ ਦਾ ਹੈ, (ਜਿਸ ਕਰ ਕੇ) ਪੈਰ ਨਹੀਂ ਚਲਦਾ। ਅਸਾਂ (ਮਨੁੱਖ ਨੂੰ) ਉਥੇ ਡੁੱਬਦਾ ਦੇਖਿਆ ਹੈ। ‡ ਦੇਖੋ ਪੰ: ੩੭੮।

§ ਇਹ ਜੋ ਤੈਨੂੰ ਮਨੁੱਖਾ ਜੀਵਨ ਮਿਲਿਆ ਹੈ, ਇਹ ਰੱਬ ਦੇ ਮਿਲਣ ਦਾ ਇਕ ਅਵਸਰ ਹੈ।

¶ ਹੋਰ ਕੰਮ ਤੇਰੇ ਕਿਸੇ ਅਰਥ ਨਹੀਂ।

॰ ਇਹ ਇਸ ਬਾਣੀ ਦਾ ਨਾਂ ਹੈ, ਜੋ 'ਤਿਤੁ ਘਰਿ ਗਾਵਹੁ ਸੋਹਿਲਾ' ਤੋਂ ਲੈ ਕੇ ਸਿਰਲੇਖ ਬਣਾਇਆ ਹੈ। ਹੋਰਨਾਂ ਕਈਆਂ ਬਾਣੀਆਂ ਦਾ ਨਾਂ ਭੀ ਇਸੇ ਤਰ੍ਹਾਂ ਉਨ੍ਹਾਂ ਵਿੱਚੋਂ ਕੋਈ ਉੱਘਾ ਸ਼ਬਦ ਲੈ ਕੇ ਬਣਾਇਆ ਗਿਆ ਹੈ; ਜਿਵੇਂ ਜਪੁ, ਸੋ ਦਰੁ, ਸੁਖਮਨੀ ਆਦਿ। ਸੋਹਿਲਾ=ਜਸ।

ਇਹ ਸੰਕੇਤਕ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹੀ ਜਾਂਦੀ ਹੈ, ਇਸੇ ਲਈ ਇਸ ਦਾ ਆਕਾਰ ਛੋਟਾ ਹੈ। ਉਸ ਵੇਲੇ ਮਨ ਥੱਕਾ ਹੁੰਦਾ ਹੈ, ਇਸ ਲਈ ਕਿਸੇ ਲੰਮੀ ਜਾਂ ਡੂੰਘੀ ਵਿਚਾਰ ਦੇ ਲਾਇਕ ਨਹੀਂ ਹੁੰਦਾ। ਖ਼ਿਆਲ ਵੀ ਖਿੰਡਾਓ ਵਿੱਚੋਂ ਕੱਢ ਕੇ ਇਕਾਗਰਤਾ ਵੱਲ ਲਿਆਉਣ ਵਾਲੇ ਅਤੇ ਅਨੇਕਤਾ ਵਿੱਚ ਏਕਤਾ ਦਰਸਾਉਣ ਵਾਲੇ ਹਨ। ਖ਼ਿਆਲ ਨੂੰ ਹੋਰ ਸੌਖਾ ਕਰ ਕੇ ਸਮਝਾਉਣ ਲਈ ਰੂਪਕ ਅਲੰਕਾਰ ਨੂੰ ਬਹੁਤ ਵਰਤਿਆ ਹੈ। ਕਿਧਰੇ ਸੱਜ-ਵਿਆਹੀ ਵਹੁਟੀ ਦੇ ਨਵੇਂ ਘਰ ਵੜਨ ਲੱਗਿਆਂ ਸਰਬੰਧਨਾਂ ਬੂਹੇ 'ਤੇ ਤੇਲ ਚੋ ਰਹੀਆਂ ਹਨ। ਕਿਧਰੇ ਇਕੋ ਸੂਰਜ ਨੂੰ ਕਈਆਂ ਰੁੱਤਾਂ, ਮਹੀਨਿਆਂ, ਦਿਨਾਂ, ਰਾਤਾਂ ਦਾ ਕਾਰਣ ਦੱਸ ਕੇ ਰੱਬ ਦੀ ਅਨੇਕਤਾ ਵਿੱਚ ਏਕਤਾ ਦਾ ਰੂਪ ਦੱਸਿਆ ਹੈ। ਕਿਧਰੇ ਸਥੂਲ ਦੁਨੀਆਂ ਦੇ ਪਿੱਛੇ ਇਕ ਅਗੰਮੀ ਜੋਤ ਦੇ ਪ੍ਰਕਾਸ਼ ਨੂੰ ਆਰਤੀ ਦੇ ਰੂਪ ਵਿੱਚ ਦੱਸਿਆ ਹੈ। ਕਿਧਰੇ ਮਨੁੱਖ ਨੂੰ ਹਉਮੈ ਦਾ ਕੰਡਾ ਚੁਭੋਂ ਕੇ ਲੰਗੜਾ ਬਣਾ ਦੱਸਿਆ ਹੈ।

: ਗਉੜੀ ਰਾਗ ਵਿੱਚ ਇਸ ਨੂੰ 'ਪੂਰਬੀ ਦੀਪਕੀ' ਕਰ ਕੇ ਲਿਖਿਆ ਹੈ। ਦੇਖੋ ਪੰਨਾ ੧੫੭। () ਦੇਖੋ ਪੰ: ੩੫੭।

ਵੇਸ☼ ॥ ੨ ॥ ੨ ॥ ਰਾਗੁ ਧਨਾਸਰੀ ਮਹਲਾ ੧† ॥ ‡ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ[੧] ਮੰਡਲ[੨] ਜਨਕ[੩] ਮੋਤੀ ॥ ਧੂਪੁ ਮਲਆਨਲੋ[੪] ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ॥ ਭਵ ਖੰਡਨਾ[੫] ਤੇਰੀ ਆਰਤੀ ॥ [੬]ਅਨਹਤਾ ਸਬਦ ਵਾਜੰਤ ਭੇਰੀ[੭] ॥ ੧ ॥ ਰਹਾਉ ॥ §ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ [੮]ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ [੯]ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਵਲ ਮਕਰੰਦ[੧੦] ਲੋਭਿਤ ਮਨੋ ਅਨਦਿਨੋੁ ਮੋਹਿ ਆਹੀ[੧੧] ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ[੧੨] ਕਉ ਹੋਇ [੧੩]ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥ ਰਾਗੁ ਗਉੜੀ ਪੂਰਬੀ ਮਹਲਾ ੪¶ ॥ ਕਾਮਿ ਕਰੋਧਿ ਨਗਰੁ[੧੪] ਬਹੁ ਭਰਿਆ ਮਿਲਿ ਸਾਧੂ[੧੫] ਖੰਡਲ ਖੰਡਾ[੧੬] ਹੇ ॥ [੧੭]ਪੂਰਬਿ ਲਿਖਤ ਲਿਖੇ ਗੁਰੁ ਪਾਇਆ [੧੮]ਮਨਿ ਹਰਿ ਲਿਵ ਮੰਡਲ ਮੰਡਾ ਹੇ ॥ ੧ ॥ ਕਰਿ ਸਾਧੂ ਅੰਜੁਲੀ[੧੯] ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥ ੧ ॥ ਰਹਾਉ ॥ ਸਾਕਤ[੨੦] ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥ ੨ ॥ ਹਰਿ ਜਨ ਹਰਿ ਹਰਿ ਨਾਮਿ ਸਮਾਣੇ [੨੧]ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ[੨੨] ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥ ਹਮ ਗਰੀਬ ਮਸਕੀਨ[੨੩] ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ[੨੪] ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ[੨੫] ਹੇ ॥ ੪ ॥ ੪ ॥ ਰਾਗੁ ਗਉੜੀ ਪੂਰਬੀ ਮਹਲਾ ੫:: ॥ ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ[੨੬] ॥ ਈਹਾ[੨੭] ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ[੨੮] ॥ ੧ ॥ ਅਉਧ[੨੯] ਘਟੈ ਦਿਨਸੁ ਰੈਣਾਰੇ[੩੦] ॥ ਮਨ ਗੁਰ ਮਿਲਿ ਕਾਜ ਸਵਾਰੇ ॥ ੧ ॥ ਰਹਾਉ ॥ ਇਹੁ ਸੰਸਾਰੁ ਬਿਕਾਰੁ ਸੰਸੇ[੩੧] ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ:: ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥ ੨ ॥ ਜਾ ਕਉ ਆਏ ਸੋਈ ਬਿਹਾਝਹੁ[੩੨] [੩੩]ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ[੩੪] ਮਹਲੁ[੩੫] ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥ ੩ ॥ ਅੰਤਰਜਾਮੀ ਪੁਰਖ ਬਿਧਾਤੇ[੩੬] ਸਰਧਾ ਮਨ ਕੀ ਪੂਰੇ ॥ ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥ ੪ ॥ ੫ ॥

੧ ਤਾਰਕਾ=ਤਾਰੇ। ੨ ਭਵਨ, ਸਮੂਹ।
੩ ਮਾਨੋ ਜਿਵੇਂ ਕਿ।
੪ ਮਲਯਾਨਿਲ, ਮਲਯ ਨੂੰ ਛੂਹ ਕੇ ਆਈ ਹਵਾ। 'ਮਲਯ' ਮਦਰਾਸ ਦੇ ਕੋਲ ਇਕ ਪਹਾੜ ਹੈ, ਜਿਸ ਉੱਤੇ ਚੰਦਨ ਹੁੰਦਾ ਹੈ।
੫ ਸੰਸਾਰ ਭਾਵ ਜਨਮ ਮਰਨ ਦੇ ਕੱਟਣ ਵਾਲੇ।
੬ ਅਨਾਹਤ ਸ਼ਬਦ, ਉਹ ਸ਼ਬਦ ਜੋ ਬਿਨਾਂ ਵਜਾਏ ਵਜਦਾ ਹੈ; ਉਹ ਸੰਗੀਤ ਜੋ ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਆਤਮਾ ਦੇ ਅੰਦਰ ਅਨੁਭਵ ਹੁੰਦਾ ਹੈ।
੭ ਨਗਾਰਾ।
੮ ਇਹ ਹੈਰਾਨ ਕਰਨ ਵਾਲੀਆਂ ਗੱਲਾਂ ਵੇਖ ਕੇ ਮੈਂ ਮੋਹਿਤ ਹੋ ਰਹੀ ਹਾਂ।
੯ ਇਹ ਜੋਤ ਜੋ ਹਰ ਇਕ ਚੀਜ਼ ਵਿੱਚ ਕੰਮ ਕਰ ਰਹੀ ਹੈ; ਹਰ ਇਕ ਆਦਮੀ ਆਪ ਨਹੀਂ ਦੇਖ ਸਕਦਾ। ਇਹ ਕੇਵਲ ਗੁਰੂ ਦੀ ਸਿੱਖਿਆ ਦੁਆਰਾ ਹੀ ਪ੍ਰਤੱਖ ਹੁੰਦੀ ਹੈ; ਅਰਥਾਤ ਗੁਰੂ ਦੱਸੇ ਤਾਂ ਹੀ ਨਜ਼ਰ ਆਉਂਦੀ ਹੈ।
੧੦ ਫੁੱਲ ਦਾ ਰਸ ਜਾਂ ਸ਼ਹਿਦ। (ਹੇ ਹਰੀ! ਆਪ ਦੇ ਚਰਨਾਂ ਕਵਲਾਂ ਦੇ ਰਸ ਲਈ ਮਨ ਲਲਚਾ ਰਿਹਾ ਹੈ, ਅਤੇ ਹਰ ਰੋਜ਼ ਮੈਨੂੰ ਪਿਆਸ ਲੱਗੀ ਰਹਿੰਦੀ ਹੈ।) ੧੧ ਹੈ। ੨ ਪਪੀਹਾ।
੧੩ ਜਾਂ ਤੇ, ਜਿਸ ਤੋਂ (ਤੇਰੇ ਨਾਮ ਵਿੱਚ ਵਾਸਾ ਹੋ ਜਾਵੇ)। ੧੪ ਸਰੀਰ ਰੂਪੀ ਸ਼ਹਿਰ।
੧੫ ਗੁਰੂ ਨੂੰ। ੧੬ ਤੋੜ ਦਿੱਤਾ ਹੈ।
੧੭ ਪਿਛਲੀ ਲਿਖਤ ਲਿਖੀ ਦੇ ਅਨੁਸਾਰ; ਧੁਰੋਂ ਪਏ ਸੰਜੋਗਾਂ ਅਨੁਸਾਰ।
੧੮ ਮਨ ਵਿੱਚ ਹਰੀ ਦਾ ਪ੍ਰੇਮ ਮੰਡਿਆ ਹੈ, ਭਰਿਆ ਹੈ।
੧੯ ਦੋਵੇਂ ਹੱਥ ਜੋੜ ਕੇ ਪ੍ਰਣਾਮ ਕਰਨਾ।
੨੦ ਸ਼ਕਤੀ ਦੇ ਉਪਾਸ਼ਕਾਂ ਨੇ, ਮਾਇਆ ਨੂੰ ਪਿਆਰ ਕਰਨ ਵਾਲਿਆਂ ਨੇ।
੨੧ ਸੰਸਾਰ ਦੇ ਜਨਮ ਮਰਨ ਦਾ ਦੁੱਖ ਤੋੜ ਦਿੱਤਾ ਹੈ। ੨੨ ਨਾ ਨਾਸ ਹੋਣ ਵਾਲਾ।
੨੩ ਆਜਜ਼, ਨਿਮਾਣੇ। ੨੪ ਆਸਰਾ।
੨੫ ਮੰਡਿਆ ਹੈ, ਭੋਗਿਆ ਹੈ।
੨੬ ਵੇਲਾ, ਸਮਾਂ। (ਇਸਤਰੀ ਲਿੰਗ ਹੈ।)
੨੭ ਇਥੇ, ਇਸ ਜਹਾਨ ਵਿੱਚ। ੨੮ ਸੁਖਾਲਾ।
੨੯ ਉਮਰ। ੩੦ ਰਾਤ। ੩੧ ਸ਼ੱਕ, ਭਰਮ। (ਇਹ ਸੰਸਾਰ ਭਰਮ ਵਿੱਚ ਪਿਆ ਹੋਇਆ ਨਿਕੰਮਾ ਹੈ।)
੩੨ ਵਣਜ ਕਰੋ।
੩੩ ਗੁਰੂ ਦੁਆਰਾ ਹਰੀ ਮਨ ਵਿੱਚ ਆ ਕੇ ਵਸੇਰਾ ਕਰੇਗਾ।
੩੪ ਆਪਣੇ ਘਰ ਵਿੱਚ, ਆਤਮ ਸਰੂਪ ਵਿੱਚ; ਵਾਹਿਗੁਰੂ ਜੋ ਸਾਡਾ ਘਰ ਹੈ, ਉਸ ਵਿੱਚ।
੩੫ ਰਹਿਣ ਦੀ ਥਾਂ।
੩੬ ਹੇ ਰਚਣ ਵਾਲੇ, ਕਰਤਾਰ।

* ਜਿਸ ਤਰ੍ਹਾਂ ਭਾਵੇਂ ਰੁੱਤਾਂ, ਮਹੀਨਿਆਂ, ਦਿਨਾਂ ਆਦਿ ਦੀਆਂ ਵੰਡਾਂ ਬਤੇਰੀਆਂ ਹਨ, ਫਿਰ ਭੀ ਉਨ੍ਹਾਂ ਦਾ ਕਾਰਨ ਸੂਰਜ ਇਕੋ ਹੈ, ਏਸੇ ਤਰ੍ਹਾਂ ਭਿੰਨ-ਭਿੰਨ ਮਜ਼੍ਹਬਾਂ ਅਤੇ ਭਿੰਨ-ਭਿੰਨ ਖ਼ਿਆਲਾਂ ਦੇ ਹੁੰਦਿਆਂ ਉਨ੍ਹਾਂ ਦਾ ਸੋਮਾ ਵਾਹਿਗੁਰੂ ਇਕ ਹੈ।

† ਦੇਖੋ ਪੰਨਾ ੬੬੩। ਇਹ ਸ਼ਬਦ ਗੁਰੂ ਜੀ ਨੇ ਜਗਨਨਾਥ ਪੁਰੀ ਦੇ ਮੰਦਰ ਵਿੱਚ ਉਚਾਰਿਆ ਸੀ। ਗੁਰੂ ਜੀ ਪਾਂਡਿਆਂ ਦੀ ਆਰਤੀ ਵਿੱਚ ਸ਼ਾਮਲ ਨਹੀਂ ਹੋਏ ਸਨ, ਕਾਰਨ ਪੁੱਛਣ 'ਤੇ ਇਹ ਸ਼ਬਦ ਉਚਾਰਨ ਕੀਤਾ। ਇਸ ਭਾਵ ਦਾ ਸ਼ਬਦ ਦੇਖੋ ਆਸਾ ਮ: ੫, 'ਆਠ ਪਹਰ ਉਦਕ'-ਪੰਨਾ ੩੯੩।

‡ ਅਸਮਾਨ ਰੂਪੀ ਥਾਲ ਹੈ। ਉਸ ਵਿੱਚ ਸੂਰਜ (ਰਵਿ) ਤੇ ਚੰਨ ਦੀਵੇ ਬਣੇ ਹੋਏ ਹਨ, ਅਤੇ ਤਾਰਿਆਂ ਦਾ ਸਮੂਹ ਮਾਨੋ ਮੋਤੀ ਹਨ। ਮਲਯਗਿਰੀ ਦੇ ਚੰਦਨ ਦੀ ਸੁਗੰਧੀ ਧੂਪ ਹੈ, ਹਵਾ ਚੌਰ ਕਰ ਰਹੀ ਹੈ, ਅਤੇ ਹੇ ਜੋਤੀ ਸਰੂਪ! ਸਾਰੀ ਹਰਿਆਵਲ ਫੁੱਲਾਂ ਦਾ ਕੰਮ ਦੇ ਰਹੀ ਹੈ।

§ ਹਜ਼ਾਰਾਂ ਤੇਰੀਆਂ ਅੱਖਾਂ ਹਨ, ਫਿਰ ਵੀ ਤੇਰੀ ਕੋਈ ਅੱਖ ਨਹੀਂ, ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਆਪਣੀ ਕੋਈ ਸ਼ਕਲ ਨਹੀਂ। ਹਜ਼ਾਰਾਂ ਤੇਰੇ ਨਿਰਮਲ ਚਰਨ ਹਨ, ਪਰ ਅਸਲ ਵਿੱਚ ਤੇਰਾ ਕੋਈ ਪੈਰ ਨਹੀਂ। ਹਜ਼ਾਰਾਂ ਤੇਰੀਆਂ ਸੁਗੰਧੀ ਲੈਣ ਵਾਲੀਆਂ ਨਾਸਾਂ ਹਨ, ਪਰ ਅਸਲ ਵਿੱਚ ਤੇਰੀ ਕੋਈ ਨਾਸ ਨਹੀਂ। ਅਰਥਾਤ ਜਿਤਨੀਆਂ ਸਾਕਾਰ ਰੂਪ ਵਾਲੀਆਂ ਹਸਤੀਆਂ ਅੱਖਾਂ ਨਾਲ ਦੇਖਦੀਆਂ, ਪੈਰਾਂ ਨਾਲ ਚਲਦੀਆਂ, ਨੱਕ ਨਾਲ ਸੁੰਘਦੀਆਂ ਹਨ, ਓਹ ਇਹ ਕਰਮ ਤੇਰੀ ਹੀ ਦਿੱਤੀ ਹੋਈ ਤਾਕਤ ਨਾਲ ਕਰਦੀਆਂ ਹਨ, ਪਰ ਤੂੰ ਆਪ ਸਾਕਾਰ (ਅੱਖ, ਮੂੰਹ, ਨੱਕ, ਪੈਰ ਵਾਲੀ) ਹਸਤੀ ਨਹੀਂ ਏਂ।

¶ ਦੇਖੋ ਪੰਨਾ ੧੭੧। :: ਦੇਖੋ ਪੰਨਾ ੨੦੫।

⁘ ਕੌਣ ਸੁੱਤੇ ਤੇ ਕਿਵੇਂ ਜਾਗਦੇ ਹਨ?-ਦੇਖੋ ਗਉੜੀ ਗੁਆਰੇ: ਮ: ੫ (ਨੈਨਹੁ ਨੀਦ), ਪੰਨਾ ੧੮੨।

੧ੴ ਸਤਿਗੁਰ ਪ੍ਰਸਾਦਿ ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧* ਘਰੁ† ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ[1] ਅਗਰਿ[2] ਚੰਦਨਿ [3]ਲੀਪਿ ਆਵੈ ਚਾਉ ॥ [4]ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ [5]ਪਲਘਿ ਲਾਲ ਜੜਾਉ ॥ [6]ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥ ਸਿਧੁ[7] ਹੋਵਾ [8]ਸਿਧਿ ਲਾਈ [9]ਰਿਧਿ ਆਖਾ ਆਉ ॥ [10]ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥ ਸੁਲਤਾਨੁ ਹੋਵਾ ਮੇਲਿ[11] ਲਸਕਰ ਤਖਤਿ ਰਾਖਾ ਪਾਉ[12] ॥ [13]ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ[14] ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥ ਸਿਰੀਰਾਗੁ ਮਹਲਾ ੧ ॥ ਕੋਟਿ ਕੋਟੀ[15] ਮੇਰੀ ਆਰਜਾ[16] [17]ਪਵਣੁ ਪੀਅਣੁ ਅਪਿਆਉ ॥ [18]ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥ [19]ਸਾਚਾ ਨਿਰੰਕਾਰੁ ਨਿਜ ਥਾਇ ॥ [20]ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ [21]ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ[22] ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ

੧ ਕੇਸਰ।
੨ ਇਕ ਕਿਸਮ ਦੀ ਖੁਸ਼ਬੂਦਾਰ ਲੱਕੜੀ (ਊਦ) ਨਾਲ।
੩ ਇਨ੍ਹਾਂ ਖੁਸ਼ਬੂਦਾਰ ਚੀਜ਼ਾਂ ਨਾਲ ਲਿੰਬ ਕੇ ਇਉਂ ਬਣਾਇਆ ਹੋਵੇ ਕਿ ਦੇਖ-ਦੇਖ ਕੇ ਮਨ ਪਿਆ ਖੁਸ਼ ਹੋਵੇ।
੪ ਮਤਾਂ ਐਸੇ ਮਕਾਨਾਂ ਨੂੰ ਵੇਖ ਕੇ ਮੈਂ ਭੁਲੇਖਾ ਖਾ ਜਾਵਾਂ, ਤੇ ਤੇਰਾ ਨਾਮ ਵਿਸਰ ਜਾਵੇ ਅਤੇ ਮੁੜ ਕੇ ਚਿੱਤ ਵਿੱਚ ਹੀ ਨਾ ਆ ਸਕੇ।
੫ ਪਲੰਘ ਨਾਲ ਲਾਲ ਜੜੇ ਹੋਏ ਹੋਣ।
੬ ਸੁੰਦਰ ਇਸਤਰੀ ਹੋਵੇ, ਜਿਸ ਦੇ ਮੂੰਹ ਉੱਤੇ ਜਵਾਹਰਾਤ ਸੁਹਾਉਂਦੇ ਹੋਣ, ਤੇ ਉਹ ਪਿਆਰ ਵਿੱਚ ਹਾਵ ਭਾਵ ਕਰਦੀ ਹੋਵੇ। ਰੰਗਿ=ਪਿਆਰ ਜਾਂ ਖੁਸ਼ੀ ਵਿੱਚ। ਪਸਾਉ=ਪਸਾਰਾ, ਹਾਵ ਭਾਵ।
੭ ਕਰਾਮਾਤਾਂ ਕਰਨ ਵਾਲਾ।
੮ ਸਿਧੀਆਂ (ਜਾਂ ਕਰਾਮਾਤੀ ਸ਼ਕਤੀਆਂ) ਲਾਵਾਂ, ਜਿਵੇਂ ਬਜ਼ਾਰ ਲਾਈਦਾ ਹੈ, ਭਾਵ ਦਿਖਾਵਾ ਕਰਾਂ।
੯ ਰਿਧੀਆਂ (=ਧਨ ਸੰਪਦਾ ਪੈਦਾ ਕਰਨ ਦੀਆਂ ਤਾਕਤਾਂ) ਨੂੰ ਆਖਾਂ ਕਿ ਮੇਰੇ ਪਾਸ ਆਓ; ਅਰਥਾਤ ਮੇਰੇ ਵੱਸ ਵਿੱਚ ਹੋਣ।
੧੦ ਮੈਂ (ਕਰਾਮਾਤੀ ਤਾਕਤਾਂ ਨਾਲ) ਨਜ਼ਰੋਂ ਓਹਲੇ ਜਾਂ ਜ਼ਾਹਰ ਹੋ ਬੈਠਾਂ, ਅਤੇ ਲੋਕ ਮੇਰੇ ਉੱਤੇ ਸ਼ਰਧਾ ਰੱਖਣ।
੧੧ ਇਕੱਠੇ ਕਰ ਕੇ।
੧੨ ਪੈਰ।
੧੩ ਲੋਕਾਂ ਉੱਤੇ ਹੁਕਮ ਕਰਨ ਅਤੇ ਮਾਮਲਾ ਉਗਰਾਹੁਣ ਦੀ ਤਾਕਤ। ਹਾਸਲੁ=ਮਹਸੂਲ, ਮਾਮਲਾ।
੧੪ ਪਉਣ ਵਤ, ਵਿਅਰਥ।
੧੫ ਕਰੋੜਾਂ ਹੀ ਕਰੋੜ (ਵਰ੍ਹੇ)।
੧੬ ਉਮਰ।
੧੭ ਹਵਾ ਹੀ ਮੇਰਾ ਪੀਣਾ ਤੇ ਖਾਣਾ ਹੋਵੇ।
੧੮ ਐਸੀ ਕੰਦਰਾ ਵਿੱਚ ਬੈਠਾਂ ਕਿ ਚੰਨ ਤੇ ਸੂਰਜ ਦੋਵੇਂ ਦੇਖ ਹੀ ਨਾ ਸਕਾਂ, ਅਤੇ ਸਉਣ ਨੂੰ ਸੁਫ਼ਨੇ ਵਿੱਚ ਭੀ ਥਾਉਂ ਨਾ ਲੱਭੇ।
੧੯ ਸੱਚਾ ਨਿਰੰਕਾਰ ਆਪਣੇ ਸਰੂਪ ਵਿੱਚ ਸਥਿਤ ਹੈ, ਭਾਵ ਉਹ ਆਪਣੀ ਥਾਂ ਆਪ ਹੀ ਹੈ। ਜੈਸਾ ਉਹ ਹੈ, ਉਸ ਦਾ ਗਿਆਨ ਉਸ ਨੂੰ ਆਪ ਹੀ ਹੈ। 'ਜਸ ਓਹੁ ਹੈ ਤਸ ਲਖੈ ਨ ਕੋਈ' (ਕਬੀਰ ਬ: ਅ:)।
੨੦ ਉਸ ਦੇ ਗੁਣ ਸੁਣੇ ਸੁਣਾਏ ਹੀ ਆਖੇ ਜਾਂਦੇ ਹਨ, ਪਰ ਜੇ ਉਸ ਨੂੰ ਭਾਵੇ ਤਾਂ ਮਿਹਰ ਕਰਦਾ ਹੈ (ਆਪਣਾ ਆਪ ਦੱਸਣ ਦੀ)।
੨੧ ਕੁਠਿਆ ਜਾਵਾਂ, ਕਟਿਆ ਜਾਵਾਂ, ਕਈ ਵਾਰੀ, ਅਤੇ ਚੱਕੀ ਵਿੱਚ ਪਾ ਕੇ ਪੀਸਿਆ ਜਾਵਾਂ।
੨੨ ਸੁਆਹ।

* ਸਭ ਤੋਂ ਪਹਿਲਾਂ 'ਵਾਹਿਗੁਰੂ ਲਈ ਤਾਂਘ' ਦਾ ਮਜ਼ਮੂਨ ਲੈਂਦੇ ਹਨ। ਇਹੋ ਅਗਲੇ ੩੩ ਸ਼ਬਦਾਂ ਦਾ ਵਿਸ਼ਾ ਹੈ।

† ਤਾਲ ਜਾਂ ਸੁਰ ਦੇ ਟਿਕਾਣੇ ਦਾ ਨੰਬਰ। (ਈਰਾਨੀ ਰਾਗ ਵਿੱਚ ਦੋ-ਗਾਹ, ਸਿਹ-ਗਾਹ, ਚਹਾਰ-ਗਾਹ ਆਦਿ ਆਉਂਦੇ ਹਨ।) ਗੁਰਬਾਣੀ ਵਿੱਚ ੧ ਤੋਂ ੧੭ ਤੱਕ ਘਰ ਦਿੱਤੇ ਹਨ।

ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ
ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ[੧] ॥ ਮਸੂ[੨]
ਤੋਟਿ ਨ ਆਵਈ [੩]ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ
ਪਵੈ ਹਉ ਕੇਵਡੁ ਆਖਾ ਨਾਉ ॥ ੪ ॥ ੨ ॥ ਸਿਰੀਰਾਗੁ ਮਹਲਾ ੧[*] ॥ ਲੇਖੈ[੪]
ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ [੫]ਵਾਟ ਚਲਾਈਆ ਲੇਖੈ [੬]ਸੁਣਿ
ਵੇਖਾਉ ॥ ਲੇਖੈ [੭]ਸਾਹ ਲਵਾਈਅਹਿ [੮]ਪੜੇ ਕਿ ਪੁਛਣ ਜਾਉ ॥ ੧ ॥ ਬਾਬਾ
ਮਾਇਆ ਰਚਨਾ ਧੋਹੁ[੯] ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ[੧੦] ਨ
ਓਹੁ[੧੧] ॥ ੧ ॥ ਰਹਾਉ ॥ [੧੨]ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥
ਜਿਥੈ[੧੩] ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ
ਜੇਤੜੇ ਸਭਿ ਬੰਨਹਿ [੧੪]ਪੰਡ ਪਰਾਲਿ ॥ ੨ ॥ ਸਭੁ ਕੋ ਆਖੈ[੧੫] ਬਹੁਤੁ ਬਹੁਤੁ
ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ[੧੬] ਨ ਵਡਾ ਹੋਇ ॥
ਸਾਚਾ ਸਾਹਬੁ ਏਕੁ ਤੂ ਹੋਰਿ [੧੭]ਜੀਆ ਕੇਤੇ ਲੋਅ ॥ ੩ ॥ ਨੀਚਾ ਅੰਦਰਿ
ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ
ਸਿਉ ਕਿਆ ਰੀਸ ॥ [੧੮]ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ
ਬਖਸੀਸ ॥ ੪ ॥ ੩ ॥ ਸਿਰੀਰਾਗੁ ਮਹਲਾ ੧ ॥ ਲਬੁ[੧੯] ਕੁਤਾ ਕੂੜੁ ਚੂਹੜਾ
[੨੦]ਠਗਿ ਖਾਧਾ ਮੁਰਦਾਰੁ ॥ [੨੧]ਪਰ ਨਿੰਦਾ ਪਰ ਮਲੁ[੨੨] ਮੁਖ ਸੁਧੀ[੨੩] ਅਗਨਿ
ਕ੍ਰੋਧੁ ਚੰਡਾਲੁ ॥ [੨੪]ਰਸ ਕਸ [੨੫]ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥
੧ ॥ ਬਾਬਾ [੨੬]ਬੋਲੀਐ ਪਤਿ ਹੋਇ ॥ ਊਤਮ ਸੇ ਦਰਿ[੨੭] ਊਤਮ ਕਹੀਅਹਿ
ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ[੨੮]
ਰਸੁ [੨੯]ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ
ਮਾਸੁ ॥ ਏਤੇ ਰਸ ਸਰੀਰ ਕੇ [੩੦]ਕੈ ਘਟਿ ਨਾਮ ਨਿਵਾਸੁ ॥ ੨ ॥ ਜਿਤੁ ਬੋਲਿਐ
ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ [੩੧]ਵਿਗੁਚਣਾ ਸੁਣਿ
ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ [੩੨]ਹੋਰਿ ਕਿ ਕਹਣ ਵਖਾਣ ॥
੩ ॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ [੩੩]ਅਵਰ ਸੁਆਲਿਉ ਕਾਇ ॥ ਨਾਨਕ [੩੪]ਨਦਰੀ
ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥ ੪ ॥ ਸਿਰੀਰਾਗੁ ਮਹਲਾ ੧ ॥ ਅਮਲੁ
ਗਲੋਲਾ[੩੫] ਕੂੜ ਕਾ ਦਿਤਾ ਦੇਵਣਹਾਰਿ ॥ ਮਤੀ[੩੬] ਮਰਣੁ ਵਿਸਾਰਿਆ ਖੁਸੀ
ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ[੩੭] ਰਾਖਣ ਕਉ ਦਰਵਾਰੁ ॥
੧ ॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ
ਦਰਗਹ ਚਲੈ ਮਾਣੁ ॥ ੧ ॥ ਰਹਾਉ ॥ †ਸਚੁ ਸਰਾ ਗੁੜ ਬਾਹਰਾ

੧ ਭਾਵ ਲਿਖਤਾਂ ਦਾ ਸਿਧਾਂਤ ਕੱਢਾਂ।
੨ ਸਿਆਹੀ ਨੂੰ।
੩ ਕਲਮ ਨੂੰ ਹਵਾ ਵਾਂਗ ਚਲਾਵਾਂ।
੪ ਹਿਸਾਬ ਵਿੱਚ, ਹੱਦ ਵਿੱਚ।
੫ ਪੈਂਡਾ ਕਰਦੇ ਹਾਂ; ਭਾਵ ਸਫ਼ਰ ਭਾਵੇਂ ਕਿੰਨਾ ਲੰਮਾ ਹੋਵੇ ਕਦੀ ਨਾ ਕਦੀ ਮੁੱਕ ਹੀ ਜਾਂਦਾ ਹੈ।
੬ ਸੁਣੀਦਾ ਤੇ ਵੇਖੀਦਾ ਹੈ; ਭਾਵ ਗੱਲਾਂ ਤੇ ਨਜ਼ਾਰੇ ਕਦੀ ਨਾ ਕਦੀ ਮੁੱਕ ਜਾਂਦੇ ਹਨ।
੭ ਸ੍ਵਾਸ ਲਈਦੇ ਹਨ।
੮ ਇਹ ਗੱਲ ਇੰਨੀ ਸਾਫ਼ ਤੇ ਆਮ ਸਮਝ ਵਾਲੀ ਹੈ ਕਿ ਇਹਦੇ ਲਈ ਪੜ੍ਹਿਆਂ ਨੂੰ ਕੀ ਪੁੱਛਣ ਜਾਣਾ ਹੈ।
੯ ਧੋਖਾ, ਛਲ।
੧੦ ਮਾਇਆ। 'ਏਹ' ਮਾਇਆ ਲਈ ਵਰਤਿਆ ਹੋਣ ਕਰ ਕੇ ਇਸਤਰੀ-ਲਿੰਗ ਹੈ, ਇਸ ਲਈ 'ਹ' ਮੁਕਤਾ ਹੈ।
੧੧ ਨਾਮ ਜਾਂ ਹਰੀ। 'ਨਾਮੁ' ਪੁਲਿੰਗ ਹੋਣ ਕਰ ਕੇ ਉਸ ਦਾ ਪੜਨਾਂਵ 'ਓਹੁ' ਔਂਕੁੜ ਨਾਲ ਆਇਆ ਹੈ।
੧੨ (ਜਾਇ) ਜੰਮ ਕੇ ਮਨੁੱਖ ਨੂੰ ਜੀਉਣਾ ਤੇ ਫਿਰ ਮਰਨਾ ਪੈਂਦਾ ਹੈ, ਇਸ ਅਰਸੇ ਵਿੱਚ ਮਨੁੱਖ ਇਥੇ ਖਾਂਦਾ ਪੀਂਦਾ ਹੈ। ਕਾਲਿ=ਸਮੇਂ ਲਈ, ਕੁਝ ਚਿਰ ਲਈ।
੧੩ ਰੱਬ ਦੇ ਹਜ਼ੂਰ, ਪ੍ਰਲੋਕ ਵਿੱਚ, ਜਿਥੇ ਕਰਮਾਂ ਦਾ ਲੇਖਾ ਸਮਝਾਇਆ ਜਾਂਦਾ ਹੈ।
੧੪ ਪਰਾਲੀ ਦੀ ਪੰਡ, ਫੋਕੀ ਕਾਵਾਂ-ਰੌਲੀ।
੧੫ ਭਾਵ ਵਾਹਿਗੁਰੂ ਦੀ ਬਾਬਤ।
੧੬ ਆਖਣ ਨਾਲ।
੧੭ ਲੋਕਾਂ ਦੇ ਲੋਕ ਭਰੇ ਪਏ ਹਨ ਜੀਵਾਂ ਨਾਲ।
੧੮ ਜਿਸ ਦੇਸ਼ ਵਿੱਚ ਨੀਵਿਆਂ ਦੀ ਸੰਭਾਲਣਾ ਹੁੰਦੀ ਹੈ, ਉਥੇ ਤੇਰੀ ਮਿਹਰ ਦੀ ਨਜ਼ਰ ਹੁੰਦੀ ਹੈ।
੧੯ ਲਾਲਚ।
੨੦ ਠੱਗ ਕੇ ਖਾਣਾ।
੨੧ ਪਰਾਈ ਨਿੰਦਾ ਮਾਨੋ ਮੂੰਹ ਵਿੱਚ ਨਿਰੀ ਪਰਾਈ ਮੈਲ ਹੈ।
੨੨ ਪਰ ਮਲੁ=ਪਰਾਈ ਮੈਲੁ।
੨੩ ਨਿਰੀ।
੨੪ ਕਸੈਲਾ ਆਦਿ ਸੁਆਦਿ, ਐਸ਼, ਭੋਗ।
੨੫ ਆਪਣੇ ਆਪ ਨੂੰ ਸਲਾਹੁਣਾ, ਖ਼ੁਦ-ਪਸੰਦੀ।
੨੬ ਉਹ ਬੋਲ ਬੋਲੀਏ ਜਿਸ ਨਾਲ ਇੱਜ਼ਤ ਮਿਲੇ।
੨੭ ਰੱਬ ਦੇ ਦਰਬਾਰ ਵਿੱਚ।
੨੮ ਇਸਤਰੀ।
੨੯ ਖ਼ੁਸ਼ਬੋਦਾਰ ਚੀਜ਼ਾਂ ਨੂੰ ਮਲ ਕੇ ਕੱਢੀ ਹੋਈ ਸੁਗੰਧੀ।
੩੦ ਕਿਸ ਦਿਲ ਵਿੱਚ ਨਾਮ ਵਾਸਾ ਕਰੇ (ਜਦ ਇੰਨੇ ਰਸਾਂ ਨੇ ਥਾਂ ਮੱਲਿਆ ਹੋਇਆ ਹੈ)?
੩੧ ਖ਼ੁਆਰ ਹੋਣਾ ਹੈ, ਹੇ ਮੂਰਖ ਮਨ! ਸੁਣ।
੩੨ ਹੋਰ ਕੀ ਆਖਣੇ ਜਾਂ ਬਿਆਨ ਕਰਨੇ ਹਨ।
੩੩ ਉਨ੍ਹਾਂ ਤੋਂ ਬਿਨਾਂ ਹੋਰ ਕਿਵੇਂ ਸੋਹਣੇ ਹੋ ਸਕਦੇ ਹਨ?
੩੪ ਮਿਹਰ ਤੋਂ ਵਾਂਝੇ ਹੋਏ ਲੋਕ ਨਾ ਦਾਨ ਵਿੱਚ ਦਿਲਚਸਪੀ ਰੱਖਦੇ ਹਨ, ਨਾ ਵਾਹਿਗੁਰੂ ਦੇ ਨਾਮ ਵਿੱਚ।
੩੫ ਗ਼ਲੋਲਾ [ਫ਼ਾਰਸੀ] ਮਾਵਾ।
੩੬ ਮਤਿਆਂ ਹੋਇਆਂ ਨੇ, ਮਸਤਿਆਂ ਹੋਇਆਂ ਨੇ।
੩੭ [ਯੂਨਾਨੀ] ਉਨ੍ਹਾਂ ਗਿਆਨੀਆਂ ਭਾਵ ਪ੍ਰਹੇਜ਼ਗਾਰਾਂ ਨੂੰ ਸੱਚ ਦਿੱਤਾ ਗਿਆ ਤਾਂ ਕਿ ਉਹ ਦਰਬਾਰ ਵਿੱਚ ਰੱਖ ਸਕਣ, ਰੱਬ ਦੇ ਦਰਬਾਰ ਨਾਲ ਬਣਾਈ ਰੱਖਣ, ਰੱਬ ਦੇ ਹਜ਼ੂਰ ਵਿੱਚ ਟਿਕ ਸਕਣ।

* ਸਾਰੇ ਸ਼ਬਦ ਦਾ ਭਾਵ ਇਹ ਹੈ ਕਿ ਮਾਇਆ ਦੀ ਰਚਨਾ ਸਾਰੀ ਗਿਣਤੀ ਮਿਣਤੀ ਵਿੱਚ ਅਤੇ ਅਸਥਿਰ ਹੈ, ਕੇਵਲ ਵਾਹਿਗੁਰੂ ਦੀ ਹਸਤੀ ਹੀ ਵੱਡੀ ਅਤੇ ਅਮਿੱਤ ਹੈ। ਇਤਨੇ ਛੋਟੇ ਹੋਣ ਕਰ ਕੇ ਸਾਨੂੰ ਚਾਹੀਦਾ ਹੈ ਕਿ ਉਸ ਵੱਡੇ ਨੂੰ ਯਾਦ ਕਰੀਏ, ਅਤੇ ਸੰਸਾਰ ਵਿੱਚ ਨੀਚਾਂ ਦੀ ਸੰਭਾਲਣਾ ਕਰੀਏ।

† ਸੱਚ ਇਕ ਕਿਸਮ ਦੀ ਸ਼ਰਾਬ ਹੈ, ਜਿਸ ਵਿੱਚ ਗੁੜ ਨਹੀਂ ਪੈਂਦਾ, ਬਲਕਿ ਗੁੜ ਦੀ ਥਾਂ ਸੱਚੇ ਨਾਮ ਦਾ ਰਸ ਹੁੰਦਾ ਹੈ। ਭਾਵ, ਸੱਚ ਦੀ ਜ਼ਿੰਦਗੀ ਦੁਨਿਆਵੀ ਨੁਕਤੇ ਤੋਂ ਫਿੱਕੀ ਜਿਹੀ ਮਲੂਮ ਹੁੰਦੀ ਹੈ, ਪਰ ਨਾਮ ਦੇ ਪਿਆਰ ਵਿੱਚ ਹੋ ਕੇ ਸੱਚ ਕਮਾਈਏ ਤਾਂ ਜ਼ਿੰਦਗੀ ਸਵਾਦੀ ਬਣ ਜਾਂਦੀ ਹੈ।

ਜਿਸੁ ਵਿਚਿ ਸਚਾ ਨਾਉ ॥ [1]ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ
ਜਾਉ ॥ ਤਾ ਮਨੁ ਖੀਵਾ[2] ਜਾਣੀਐ ਜਾ ਮਹਲੀ[3] ਪਾਏ ਥਾਉ ॥ ੨ ॥ [4]ਨਾਉ
ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ ਤਾ ਮੁਖੁ ਹੋਵੈ ਉਜਲਾ
ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ
ਪਾਸਿ ॥ ੩ ॥ ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ
ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥ ਹੋਰਿ ਗਲਾਂ ਸਭਿ ਕੂੜੀਆ
ਤੁਧੁ ਭਾਵੈ ਪਰਵਾਣੁ ॥ ੪ ॥ ੫ ॥ ਸਿਰੀਰਾਗੁ ਮਹਲੁ ੧[*] ॥ [5]ਜਾਲਿ ਮੋਹੁ
ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ[6] ਕਲਮ ਕਰਿ ਚਿਤੁ
ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ[7] ਲਿਖੁ [8]ਲਿਖੁ
ਅੰਤੁ ਨ ਪਾਰਾਵਾਰੁ ॥ ੧ ॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ
ਮੰਗੀਐ ਤਿਥੈ ਹੋਇ ਸਚਾ ਨੀਸਾਣੁ[9] ॥ ੧ ॥ ਰਹਾਉ ॥ ਜਿਥੈ ਮਿਲਹਿ
ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ[10] ਨਿਕਲਹਿ
ਜਿਨ ਮਨਿ ਸਚਾ ਨਾਉ ॥ ਕਰਮਿ[11] ਮਿਲੈ ਤਾ ਪਾਈਐ [12]ਨਾਹੀ ਗਲੀ ਵਾਉ
ਦੁਆਉ ॥ ੨ ॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ
ਸਲਾਰ[13] ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ
ਜਾਣੀਐ ਵਿਣੁ ਨਾਵੈ ਵੇਕਾਰ ॥ ੩ ॥ [14]ਭੈ ਤੇਰੈ ਡਰੁ ਅਗਲਾ ਖਪਿ ਖਪਿ
ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ
ਚਲਿਆ ਸਭਿ ਕੂੜੇ ਤੁਟੇ ਨੇਹ ॥ ੪ ॥ ੬ ॥ ਸਿਰੀਰਾਗੁ ਮਹਲਾ ੧ ॥ †ਸਭਿ
ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ[15]
ਨਾਦ[16] ਕੀਏ ॥ ਛਤੀਹ ਅੰਮ੍ਰਿਤ [17]ਭਾਉ ਏਕੁ ਜਾ ਕਉ ਨਦਰਿ ਕਰੇਇ ॥
੧ ॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ
ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ‡ਰਤਾ ਪੈਨਣੁ ਮਨੁ ਰਤਾ ਸੁਪੇਦੀ
ਸਤੁ ਦਾਨੁ ॥ ਨੀਲੀ ਸਿਆਹੀ [18]ਕਦਾ ਕਰਣੀ ਪਹਿਰਣੁ[19] ਪੈਰ ਧਿਆਨੁ ॥
ਕਮਰਬੰਦੁ[20] ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੨ ॥ ਬਾਬਾ ਹੋਰੁ ਪੈਨਣੁ
ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
੧ ॥ ਰਹਾਉ ॥ §ਘੋੜੇ ਪਾਖਰ[21] ਸੁਇਨੇ ਸਾਖਤਿ[22] ਬੂਝਣੁ ਤੇਰੀ ਵਾਟ ॥
ਤਰਕਸ[23] ਤੀਰ ਕਮਾਣ ਸਾਂਗ[24] ਤੇਗਬੰਦ ਗੁਣ ਧਾਤੁ ॥ ¶ਵਾਜਾ ਨੇਜਾ
ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥ ੩ ॥ ਬਾਬਾ ਹੋਰੁ ਚੜਣਾ
ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
੧ ॥ ਰਹਾਉ ॥ ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥

੧ ਭਾਵ ਸੱਚੇ ਨਾਮ ਨੂੰ।
੨ ਮਸਤ।
੩ ਵਾਹਿਗੁਰੂ ਦੇ ਹਜ਼ੂਰ।
੪ ਨਾਮ ਰੂਪੀ ਜਲ (ਇਸ਼ਨਾਨ ਲਈ) ਅਤੇ ਦਾਨ ਆਦਿ ਨੇਕੀਆਂ ਦੀ ਸੁਗੰਧੀ ਤਨ ਵਿੱਚ ਵਾਸ਼ਨਾ ਹੋਵੇ ਤਾਂ ਮੁਖ ਪਵਿੱਤਰ ਹੁੰਦਾ ਹੈ। ਇਹ ਲੱਖਾਂ ਦਾਤਾਂ ਵਿੱਚੋਂ ਇਕ ਦਾਤਿ ਗ੍ਰਹਣ ਕਰਨ ਯੋਗ ਹੈ। ਉਸ ਦਾਤੇ ਪਾਸ ਆਪਣੇ ਦੁੱਖ ਫੋਲੇ ਜਾਣੇ ਚਾਹੀਦੇ ਹਨ, ਜਿਸ ਪਾਸ ਸਾਰੇ ਸੁਖ ਹਨ।
੫ ਮੋਹ ਨੂੰ ਸਾੜ ਕੇ ਤੇ ਰਗੜ ਕੇ ਸਿਆਹੀ ਬਣਾ ਅਤੇ ਮਤਿ ਨੂੰ ਸ੍ਰੇਸ਼ਟ ਕਾਗ਼ਜ਼ ਬਣਾ।
੬ ਪ੍ਰੇਮ।
੭ ਉਸਤਤੀ (ਰੱਬ ਦੀ)।
੮ ਇਹ ਲਿਖ ਕਿ ਉਸ ਦਾ ਅੰਤ ਤੇ ਹੱਦ ਬੰਨਾ ਕੋਈ ਨਹੀਂ।
੯ ਪ੍ਰਵਾਨਗੀ ਦੀ ਸਹੀ (ਕਿ ਤੁਹਾਡਾ ਲੇਖਾ ਠੀਕ ਹੈ)।
੧੦ ਪ੍ਰਵਾਨਗੀ ਦੇ ਤਿਲਕ।
੧੧ (ਵਾਹਿਗੁਰੂ ਦੀ) ਕਿਰਪਾ ਨਾਲ।
੧੨ ਐਵੇਂ-ਕੈਵੇਂ ਦੀਆਂ ਫਜ਼ੂਲ ਗੱਲਾਂ ਨਾਲ ਨਹੀਂ ਪਾ ਸਕੀਦਾ। 'ਅੰਧਾ ਅਖਰੁ ਵਾਉ ਦੁਆਉ' (ਗੌ: ਮ: ੧)।
੧੩ ਸਰਦਾਰ।
੧੪ ਤੇਰੇ ਰੁਅਬ ਕਰ ਕੇ ਮੈਨੂੰ ਬਹੁਤ ਡਰ ਲੱਗਦਾ ਹੈ ਅਤੇ ਮੇਰਾ ਸ਼ਰੀਰ ਕੁੜ੍ਹ-ਕੁੜ੍ਹ ਕੇ ਛਿਜ ਰਿਹਾ ਹੈ।
੧੫ ਮਸਾਲੇ।
੧੬ ਨਾਮ ਦਾ ਕੀਰਤਨ ਕਰਨ ਨਾਲ।
੧੭ ਇਕ-ਰਸ ਪ੍ਰੇਮ।
੧੮ ਕਦਹ [ਅਰਬੀ] ਕਰਨੀ, ਕੱਟਣੀ।
੧੯ ਪੈਰਾਹਨ, ਜਾਮਾ।
੨੦ ਲੱਕ ਬੰਨ੍ਹਣ ਵਾਲਾ ਪਟਕਾ।
੨੧ ਕਾਠੀ।
੨੨ ਦੁਮਚੀ।
੨੩ ਤੀਰ ਰੱਖਣ ਦਾ ਥੈਲਾ ਜਾਂ ਭੱਥਾ।
੨੪ ਬਰਛੀ।

* ਇਹ ਸ਼ਬਦ ਗੁਰੂ ਜੀ ਨੇ ਪਾਂਧੇ ਪਾਸ ਪੜ੍ਹਨ ਵੇਲੇ ਉਚਾਰਿਆ ਸੀ।

† ਨਾਮ ਨੂੰ ਮੰਨਣ ਨਾਲ ਸਾਰੇ ਮਿੱਠੇ ਰਸ ਪ੍ਰਾਪਤ ਹੋ ਗਏ, ਸੁਣਨ ਨਾਲ ਲੂਣੇ ਰਸ, ਮੂੰਹੋ ਬੋਲਣ ਨਾਲ ਖੱਟੇ ਰਸ ਤੇ ਕੀਰਤਨ ਕਰਨ ਨਾਲ ਮਸਾਲੇ ਪੈ ਗਏ।

‡ ਨਾਮ ਵਿੱਚ ਮਨ ਦਾ ਰੰਗਿਆ ਹੋਣਾ ਸੂਹੀ ਪੁਸ਼ਾਕ ਹੈ। ਪੁੰਨ ਦਾਨ ਕਰਨਾ ਚਿੱਟੀ ਪੁਸ਼ਾਕ ਹੈ, ਦਿਲ ਦੀ ਕਾਲਖ਼ ਦੂਰ ਕਰਨੀ ਨੀਲੀ ਪੁਸ਼ਾਕ ਹੈ, ਹਰੀ ਦੇ ਚਰਨਾਂ ਦਾ ਧਿਆਨ ਵੱਡਾ ਜਾਮਾ ਹੈ।

§ ਤੇਰੇ ਰਸਤੇ ਦਾ ਗਿਆਨ ਮਾਨੋ ਘੋੜੇ ਸਣੇ ਕਾਠੀਆਂ ਤੇ ਸੋਨੇ ਨਾਲ ਜੜਤ ਦੁਮਚੀਆਂ ਹਨ। ਗੁਣਾਂ ਵੱਲ ਧਾਉਣਾ ਮਾਨੋ ਤਰਕਸ਼, ਤੀਰ ਕਮਾਨ, ਬਰਛੀਆਂ ਅਤੇ ਤਲਵਾਰ ਦੇ ਗਾਤਰੇ ਹਨ।

¶ ਇੱਜ਼ਤ ਨਾਲ ਉੱਘਾ ਹੋ ਕੇ ਰਹਿਣਾ ਮਾਨੋ ਧੌਂਸਾ ਤੇ ਨੇਜਾ ਹਨ। ਤੇਰੀ ਮਿਹਰ ਮਾਨੋ ਮੇਰੀ ਉੱਚੀ ਕੁਲ ਹੈ।

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥ ੪ ॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ੪ ॥ ੭ ॥ ਸਿਰੀਰਾਗੁ ਮਹਲਾ ੧* ॥ ਕੁੰਗੂ[੧] ਕੀ ਕਾਂਇਆ[੨] ਰਤਨਾ ਕੀ ਲਲਿਤਾ[੩] [੪]ਅਗਰਿ ਵਾਸੁ ਤਨਿ ਸਾਸੁ ॥ [੫]ਅਠਸਠਿ ਤੀਰਥ ਕਾ ਮੁਖਿ ਟਿਕਾ [੬]ਤਿਤੁ ਘਟਿ ਮਤਿ ਵਿਗਾਸੁ ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ[੭] ॥ ੧ ॥ ਬਾਬਾ [੮]ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥ ੧ ॥ ਰਹਾਉ ॥ [੯]ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ ਨਾਉ ਸਦਾਏ ਆਪਣਾ [੧੦]ਹੋਵੈ ਸਿਧੁ ਸੁਮਾਰੁ ॥ ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥ ੨ ॥ ਜਿਨ ਕਉ ਸਤਿਗੁਰਿ[੧੧] ਥਾਪਿਆ ਤਿਨ ਮੇਟਿ ਨ ਸਕੈ ਕੋਇ ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ[੧੨] ਸਦਾ ਸਚੁ ਸੋਇ ॥ ੩ ॥ [੧੩]ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥ ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥ ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥ ੪ ॥ ੮ ॥ ਸਿਰੀਰਾਗੁ ਮਹਲਾ ੧ ॥ ਗੁਣਵੰਤੀ ਗੁਣ ਵੀਥਰੈ[੧੪] ਅਉਗੁਣਵੰਤੀ ਝੂਰਿ ॥ ਜੇ ਲੋੜਹਿ ਵਰੁ ਕਾਮਣੀ[੧੫] ਨਹ ਮਿਲੀਐ ਪਿਰ ਕੂਰਿ[੧੬] ॥ [੧੭]ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥ ੧ ॥ ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥ [੧੮]ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥ ੧ ॥ ਰਹਾਉ ॥ [੧੯]ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥ ਮੋਤੀ ਹੀਰਾ ਨਿਰਮਲਾ [੨੦]ਕੰਚਨ ਕੋਟ ਰੀਸਾਲ ॥ [੨੧]ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥ ੨ ॥ ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ ਗੁਰੁ ਸਰੁ ਸਾਗਰੁ ਬੋਹਿਥੋ[੨੨] ਗੁਰੁ ਤੀਰਥੁ ਦਰੀਆਉ ॥ ਜੇ ਤਿਸੁ ਭਾਵੈ ਊਜਲੀ [੨੩]ਸਤ ਸਰਿ ਨਾਵਣ ਜਾਉ ॥ ੩ ॥ ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥ ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ ਨਾਨਕ ਪੂਰਾ ਜੇ ਮਿਲੈ [੨੪]ਕਿਉ ਘਾਟੈ ਗੁਣ ਤਾਸ ॥ ੪ ॥ ੯ ॥ ਸਿਰੀਰਾਗੁ ਮਹਲਾ ੧† ॥ ਆਵਹੁ ਭੈਣੇ ਗਲਿ ਮਿਲਹ [੨੫]ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ[੨੬] ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥ ੧ ॥ [੨੭]ਕਰਤਾ ਸਭੁ ਕੋ ਤੇਰੈ ਜੋਰਿ ॥ [੨੮]ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥ ੧ ॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ[੨੯] ਕਿਨੀ ਗੁਣੀ ॥ ਸਹਜਿ[੩੦] ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥

੧ ਕੇਸਰ।
੨ ਸਰੀਰ।
੩ ਜੀਭ (ਬਿਲਕੇਸ੍ਵਰ ਦੇ ਪਾਸ ਰਹਿਣ ਵਾਲੀ ਇਕ ਨਦੀ, ਉਸ ਵਾਕੁਰ ਤੇਜ਼ ਚੱਲਣ ਵਾਲੀ ਜੀਭ)।
੪ ਊਦ ਦੀ ਲੱਕੜੀ ਦੀ ਵਾਸ਼ਨਾ ਸਰੀਰ ਵਿੱਚ ਦਾ ਸਾਹ ਹੋਵੇ।
੫ ਅਠਾਹਠ ਤੀਰਥਾਂ ਦਾ ਮੂੰਹ ਤੇ ਟਿੱਕਾ ਹੋਵੇ, ਭਾਵ ਸਾਰੇ ਤੀਰਥਾਂ ਦਾ ਚੱਕਰ ਲਾ ਕੇ ਹਰ ਥਾਂ ਤੋਂ ਟਿੱਕਾ ਲਵਾ ਕੇ ਆਇਆ ਹੋਵੇ।
੬ ਐਹੋ ਜੇਹੇ ਸਰੀਰ ਵਿੱਚ ਬੁੱਧੀ ਦਾ ਚਾਨਣਾ ਹੋਵੇ; ਅਰਥਾਤ ਉੱਜਲ ਬੁੱਧੀ ਹੋਵੇ।
੭ ਗੁਣਾਂ ਦਾ ਭਾਂਡਾ, ਗੁਣਾਂ ਦਾ ਸੰਗ੍ਰਹ।
੮ ਨਾਮ ਦੇ ਪਾਸੇ ਨਾ ਲੱਗਣ ਵਾਲੀ ਬੁੱਧੀ ਹੋਰ ਹੋਰ ਤਰ੍ਹਾਂ ਦੀ ਹੈ। ਕੂੜ ਭਾਵੇਂ ਸੌ ਵਾਰ ਕਮਾਈਏ, ਕੂੜਾ ਜ਼ੋਰ ਹੀ ਵਧਦਾ ਹੈ।
੯ ਪੂਜਾ ਲੱਗਦੀ ਹੋਵੇ, ਭਾਵ ਲੋਕ ਪੂਜਦੇ ਹੋਣ।
੧੦ ਕਰਾਮਾਤੀ ਗਿਣਿਆ ਜਾਂਦਾ ਹੋਵੇ।
੧੧ ਸਤਿਗੁਰੂ ਨੇ। [ਭੂਤਕਾਲ ਦੇ ਕਰਤਾ ਨਾਲ ਸਿਹਾਰੀ ਆਈ ਹੈ। ਦੇਖੋ ਨੇਮ ੨੦ ੳ।]
੧੨ ਲਗਾਤਾਰ।
੧੩ ਨਾਮ ਤੋਂ ਬਿਨਾਂ ਰਹਿਣ ਵਾਲੇ ਦਾ ਸਰੀਰ ਮਰਨ ਪਿੱਛੋਂ ਸੜ ਕੇ ਮਿੱਟੀ ਨਾਲ ਮਿਲ ਜਾਂਦਾ ਹੈ, ਅਤੇ ਉਸ ਵੇਲੇ ਉਸ ਦੇ ਜੀਵ ਦਾ ਕੀ ਹਾਲ ਹੁੰਦਾ ਹੋਣਾ ਹੈ?
੧੪ ਵਿਸਥਾਰ ਕਰਦੀ ਜਾਂ ਖਿਲਾਰਦੀ ਹੈ।
੧੫ ਹੇ ਇਸਤਰੀ!
੧੬ ਕੂੜ ਦੁਆਰਾ, ਝੂਠੇ ਸਾਧਨਾਂ ਨਾਲ।
੧੭ ਉਹ ਪਤੀ ਦੂਰ ਹੈ, ਉਸ ਪਾਸ ਜਾਣ ਲਈ ਤੇਰੇ ਪਾਸ ਕੋਈ ਬੇੜੀ ਜਾਂ ਤੁਲ੍ਹਾ ਨਹੀਂ, ਤੂੰ ਨਹੀਂ ਪੁੱਜ ਸਕੇਂਗੀ।
੧੮ ਜੇ ਪੂਰਾ ਗੁਰੂ ਇਉਂ ਕਰੇ; ਅਰਥਾਤ ਬਿਧ ਬਣਾਵੇ।
੧੯ ਪ੍ਰਭੂ ਇਕ ਸੋਹਣਾ ਹਰਿਮੰਦਰ ਹੈ। ਉਸ ਵਿੱਚ ਤਰ੍ਹਾਂ-ਤਰ੍ਹਾਂ ਦੇ ਅਮੋਲਕ ਗੁਣ ਹਨ।
੨੦ ਸੋਨੇ ਦੇ ਸੋਹਣੇ ਕਿਲ੍ਹੇ ਹਨ। ਕੋਟ= ਕਿਲ੍ਹੇ। ਰੀਸਾਲ= ਰਸ ਵਾਲੇ, ਅਨੰਦ ਦੇਣ ਵਾਲੇ, ਸੁੰਦਰ।
੨੧ ਪਉੜੀ ਤੋਂ ਬਿਨਾਂ ਇਸ ਕਿਲ੍ਹੇ ਉੱਤੇ ਕਿਵੇਂ ਚੜ੍ਹਾਂ? ਉੱਤਰ—ਹਰੀ-ਗੁਰੂ ਦਾ ਧਿਆਨ ਕਰ, ਉਸ ਨੂੰ ਦੇਖ ਲਏਂਗਾ।
੨੨ ਜਹਾਜ਼।
੨੩ ਸੱਚੇ ਸਰੋਵਰ (ਗੁਰੂ) ਵਿੱਚ ਨ੍ਹਾਉਣ ਜਾਵਾਂ; ਅਰਥਾਤ ਸੱਚੇ ਗੁਰੂ ਦੀ ਸ਼ਰਨੀ ਲੱਗ ਕੇ ਉਪਦੇਸ਼ ਲਵਾਂ।
੨੪ ਤਿਸ ਦੇ ਗੁਣ ਕਿਉਂ ਘਟਣਗੇ? ਉਹ ਤਾਂ ਚੜ੍ਹਦੀਆਂ ਕਲਾਂ ਵਿੱਚ ਰਹੇਗਾ।
੨੫ ਪਿਆਰੀਆਂ ਸਖੀਆਂ।
੨੬ ਸਭ ਕੁਝ ਕਰ ਸਕਣ ਵਾਲਾ।
੨੭ ਹੇ ਕਰਨਹਾਰ! ਸਭ ਕੋਈ ਤੇਰੇ ਬਲ ਨਾਲ ਜੀਉ ਰਿਹਾ ਹੈ।
੨੮ ਇਕ ਗੱਲ ਸੋਚੀਏ।
੨੯ ਭੋਗਿਆ, ਮਾਣਿਆ।
੩੦ ਧੀਰਜ ਨਾਲ।

* ਸ਼ਬਦ ਨੰ: ੧ ਵਾਕੁਰ, ਇਥੇ ਭੀ ਭਾਵ ਇਹ ਹੈ ਕਿ ਭਾਵੇਂ ਮਨੁੱਖ ਕਿਤਨਾ ਹੀ ਸੁੰਦਰ, ਪੂਜਨੀਕ ਪੰਡਿਤ ਅਤੇ ਸਿਆਣਾ ਹੋਵੇ, ਉਸ ਨੂੰ ਆਪਣੀ ਸਾਰੀ ਮਤਿ ਵਾਹਿਗੁਰੂ ਦੇ ਨਾਮ ਦੀ ਉਸਤਤ ਕਰਨ ਵਿੱਚ ਲਾਉਣੀ ਚਾਹੀਦੀ ਹੈ। ਵੱਡਿਆਂ ਦੀ ਵਡਿਆਈ ਹੀ ਇਸੇ ਵਿੱਚ ਹੈ ਕਿ ਉਨ੍ਹਾਂ ਅੰਦਰ ਨਾਮ ਦਾ ਪ੍ਰਤਾਪ ਹੁੰਦਾ ਹੈ; ਨਹੀਂ ਤਾਂ ਸੱਖਣੀ ਜ਼ਿੰਦਗੀ ਕੀ ਹੈ? ਦੇਖੋ ਵਾਰ ਸ੍ਰੀਰਾਗੁ ਪੌ: ੧੧।

† ਗੁਰੂ ਜੀ ਨੇ ਇਹ ਸ਼ਬਦ ਸ਼ੇਖ ਬ੍ਰਹਮ ਨੂੰ ਸੁਣਾਇਆ ਸੀ।

ਪਿਰੁ ਰੀਸਾਲੂ[੧] ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥ ੨ ॥ ਕੇਤੀਆ[੨]
ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ
ਕਰਹਿ ਦਿਨੁ ਰਾਤਿ ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥ ੩ ॥
ਸਚੁ ਮਿਲੈ ਸਚੁ ਊਪਜੈ [੩]ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ
ਊਗਵੈ ਗੁਰ ਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ
ਮਿਲਾਇ ॥ ੪ ॥ ੧੦ ॥ ਸਿਰੀਰਾਗੁ ਮਹਲਾ ੧ ॥ [੪]ਭਲੀ ਸਰੀ ਜਿ ਉਬਰੀ
ਹਉਮੈ ਮੁਈ ਘਰਾਹੁ ॥ [੫]ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ॥
[੬]ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ ॥ ੧ ॥ ਮਨ ਰੇ ਸਚੁ ਮਿਲੈ
ਭਉ ਜਾਇ ॥ ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥
੧ ॥ ਰਹਾਉ ॥ ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ ॥ ਮੰਗਣ
ਵਾਲੇ ਕੇਤੜੇ ਦਾਤਾ ਏਕੋ ਸੋਇ ॥ ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ
ਸੁਖੁ ਹੋਇ ॥ ੨ ॥ ਜਗੁ ਸੁਪਨਾ ਬਾਜੀ[੭] ਬਨੀ ਖਿਨ[੮] ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ[੯] ਵਿਜੋਗੀ ਉਠਿ ਜਾਇ ॥ ਜੋ ਤਿਸੁ ਭਾਣਾ ਸੋ ਥੀਐ
ਅਵਰੁ ਨ ਕਰਣਾ ਜਾਇ ॥ ੩ ॥ ਗੁਰਮੁਖਿ ਵਸਤੁ ਵੇਸਾਹੀਐ[੧੦] ਸਚੁ ਵਖਰੁ[੧੧]
ਸਚੁ ਰਾਸਿ ॥ ਜਿਨੀ ਸਚੁ ਵਣੰਜਿਆ [੧੨]ਗੁਰ ਪੂਰੇ ਸਾਬਾਸਿ ॥ *ਨਾਨਕ
ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥ ੪ ॥ ੧੧ ॥ ਸਿਰੀਰਾਗੁ ਮਹਲੁ
੧ ॥ †ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ
ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਚੁ ਮਿਲੈ ਸੰਤੋਖੀਆ ਹਰਿ ਜਪਿ
[੧੩]ਏਕੈ ਭਾਇ ॥ ੧ ॥ ਭਾਈ ਰੇ ਸੰਤ ਜਨਾ ਕੀ ਰੇਣੁ[੧੪] ॥ [੧੫]ਸੰਤ ਸਭਾ ਗੁਰੁ
ਪਾਈਐ ਮੁਕਤਿ ਪਦਾਰਥੁ ਧੇਣੁ ॥ ੧ ॥ ਰਹਾਉ ॥ ਊਚਉ ਥਾਨੁ ਸੁਹਾਵਣਾ
ਊਪਰਿ ਮਹਲੁ ਮੁਰਾਰਿ[੧੬] ॥ ‡ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ
ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ[੧੭] ਬੀਚਾਰਿ ॥ ੨ ॥
§ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ ਕਿਉ ਗੁਰ ਬਿਨੁ
ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ ਨਿਜ ਘਰਿ[੧੮] ਮਹਲੁ ਪਛਾਣੀਐ
ਨਦਰਿ ਕਰੇ ਮਲੁ ਧੋਇ ॥ ੩ ॥ ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ
ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ ਨਾਨਕ
[੧੯]ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥ ੪ ॥ ੧੨ ॥ ਸਿਰੀਰਾਗੁ
ਮਹਲਾ ੧ ॥ ਧ੍ਰਿਗੁ[੨੦] ਜੀਵਣੁ ਦੋਹਾਗਣੀ[੨੧] ਮੁਠੀ [੨੨]ਦੂਜੈ ਭਾਇ ॥ ਕਲਰ
ਕੇਰੀ ਕੰਧ ਜਿਉ ਅਹਿਨਿਸਿ[੨੩] ਕਿਰਿ ਢਹਿ ਪਾਇ ॥ ਬਿਨੁ ਸਬਦੈ ਸੁਖੁ ਨਾ
ਥੀਐ ਪਿਰ ਬਿਨੁ ਦੂਖੁ ਨ ਜਾਇ ॥ ੧ ॥ ਮੁੰਧੇ[੨੪] ਪਿਰ ਬਿਨੁ ਕਿਆ ਸੀਗਾਰੁ ॥

੧ ਰਸ ਵਾਲਾ, ਅਨੰਦੀ, ਸੁੰਦਰ।

੨ ਕਿਤਨੀਆਂ, ਭਾਵ ਬੇਸ਼ੁਮਾਰ।

੩ ਸੱਚ ਰੂਪੀ ਹਰੀ ਵਿੱਚ ਸੱਚ ਦੁਆਰਾ ਸਮਾਉਂਦਾ ਹੈ। ਜਦ ਗੁਰ-ਉਪਦੇਸ਼ ਦੁਆਰਾ ਵਾਹਿਗੁਰੂ ਤੋਂ ਭੈ ਖਾਂਦਾ ਹੈ, ਤਾਂ ਉਸ ਨੂੰ ਆਤਮਕ ਸੋਝੀ ਹੁੰਦੀ ਹੈ ਅਤੇ ਉਸ ਨੂੰ ਦਰਗਾਹ ਦਾ ਮਾਣ ਮਿਲਦਾ ਹੈ।

੪ ਚੰਗੀ ਗੱਲ ਹੋਈ ਜੋ ਮੈਂ ਬਚ ਗਈ, ਤੇ ਦਿਲੋਂ ਹੰਗਤਾ ਮਰ ਗਈ। ਘਰਾਹੁ= ਘਰ ਤੋਂ, ਦਿਲ ਵਿੱਚੋਂ।

੫ ਸਤਿਗੁਰੂ ਦਾ ਭਰੋਸਾ ਹੋਇਆ, ਤਾਂ ਵੈਰੀ (ਮੰਦੀਆਂ ਵਾਸ਼ਨਾਂ) ਉਲਟ ਕੇ ਸੇਵਾ ਵਿੱਚ ਲੱਗ ਗਏ। 'ਬੈਰੀ ਉਲਟਿ ਭਏ ਹੈ ਮੀਤਾ' (ਗੌ: ਕਬੀਰ)।

੬ ਕਲਪਣਾ ਤੇ ਬਾਦਿ (ਦਲੀਲੀ ਝਗੜਾ) ਛੱਡ ਦਿੱਤੇ ਜਦ ਸੱਚਾ ਵੇਪਰਵਾਹ ਮਿਲ ਗਿਆ।

੭ ਖੇਡ।

੮ ਅੱਖ ਦੇ ਪਲਕਾਰੇ ਜਿੰਨਾਂ ਸਮਾਂ।

੯ ਇਕੱਠੇ ਹੁੰਦੇ ਹਨ, ਮਿਲਦੇ ਹਨ। ਸੰਜੋਗ ਦੇ ਨੇਮ ਅਨੁਸਾਰ ਜੀਵ ਵਾਹਿਗੁਰੂ ਨਾਲ ਮਿਲਦੇ ਹਨ, ਅਤੇ ਵਿੰਜੋਗ ਅਨੁਸਾਰ ਉਸ ਤੋਂ ਨਿੱਖੜ ਜਾਂਦੇ ਹਨ।

੧੦ ਵਿਹਾਜੀਐ, ਖਰੀਦੀ ਜਾਂਦੀ ਹੈ।

੧੧ ਸੌਦਾ।

੧੨ ਉਨ੍ਹਾਂ ਉੱਤੇ ਪੂਰੇ ਗੁਰੂ ਦੀ ਪ੍ਰਸੰਨਤਾ ਹੁੰਦੀ ਹੈ।

੧੩ ਇਕ-ਰਸ।

੧੪ ਚਰਨ-ਧੂੜ।

੧੫ ਸੰਤਾਂ ਦੀ ਸਭਾ ਤੋਂ ਗੁਰੂ ਮਿਲਦਾ ਹੈ ਜੋ ਮੁਕਤ ਪਦਾਰਥ ਦੇਣ ਵਾਲੀ ਕਾਮਧੇਨੁ ਗਊ ਹੈ।

੧੬ [ਮੁਰ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ ਦਾ।

੧੭ ਆਤਮ ਰਾਮੁ= ਆਤਮਾ ਨੂੰ। ਮਨ ਨੂੰ ਗੁਰ-ਉਪਦੇਸ਼ ਰਾਹੀਂ ਸਮਝਾਈਦਾ ਹੈ ਅਤੇ ਰੂਹ ਨੂੰ ਵਿਚਾਰ ਦੇ ਰਾਹੀਂ।

੧੮ ਆਪਣੇ ਅਸਲੀ ਘਰ ਵਿੱਚ, ਆਤਮ ਸਰੂਪ ਵਿੱਚ।

੧੯ ਮੈਂ ਉਸ ਤੋਂ ਸੌ ਵਾਰੀ ਕੁਰਬਾਨ ਜਾਂਦਾ ਹਾਂ, ਜੋ ਆਪ ਵਾਹਿਗੁਰੂ ਦੇ ਮਹਲ ਨੂੰ ਵੇਖਦਾ ਹੈ ਤੇ ਹੋਰਨਾਂ ਨੂੰ ਦਿਖਾਉਂਦਾ ਹੈ; ਭਾਵ ਗੁਰੂ ਤੋਂ।

੨੦ ਫਿਟਕਾਰਨ ਜੋਗ।

੨੧ ਖੋਟੇ ਭਾਗਾਂ ਵਾਲੀ, ਪਤੀ ਤੋਂ ਵਿਛੜੀ ਹੋਈ ਇਸਤਰੀ।

੨੨ ਦ੍ਵੈਤ ਭਾਵ ਕਰ ਕੇ ਇਕ ਤੋਂ ਛੁਟ ਦੂਜੇ ਨੂੰ ਪਿਆਰ ਕਰਨ ਕਰ ਕੇ।

੨੩ ਦਿਨ ਰਾਤ।

੨੪ ਹੇ ਮੁਗਧ ਇਸਤਰੀ।

* ਦੇਖੋ ਤਲੇ ਜਾ ਕੇ ਅੰਕ ੨੩, ਪੰਨਾ ੨੨।

† ਜਿਵੇਂ ਧਾਤ ਵਿੱਚ ਧਾਤ ਮਿਲਦੀ ਹੈ, ਭੇਦ ਨਹੀਂ ਰਹਿੰਦਾ; ਤਿਵੇਂ ਸਿਫ਼ਤ ਕਰਨ ਵਾਲਾ ਸਿਫ਼ਤ ਵਿੱਚ ਸਮਾ ਜਾਂਦਾ ਹੈ। ਉਸ ਉੱਤੇ ਗੂੜ੍ਹੇ ਗੁਲਾਲੀ ਸੂਹੇ ਰੰਗ ਵਾਕੁਰ ਸੱਚਾ ਰੰਗ ਚੜ੍ਹ ਜਾਂਦਾ ਹੈ। ਗੁਲਾਲੁ= ਗੁਲੇ ਲਾਲਾ, ਪੋਸਤ ਦਾ ਸੁਰਖ ਫੁੱਲ। ਗਹਬਰਾ= ਡੂੰਘਾ, ਗੂੜ੍ਹਾ।

‡ ਦਰੁ ਘਰੁ= ਇਹ ਸਰੀਰ। ਮਹਲੁ= ਵਾਹਿਗੁਰੂ ਦਾ ਨਿਵਾਸ। ਚੰਗੇ ਕਰਮਾਂ ਦੁਆਰਾ ਇਹ ਮਨੁੱਖੀ ਜੀਵਨ ਮਿਲਦਾ ਹੈ, ਅਤੇ ਪਿਆਰ ਦੁਆਰਾ ਰੱਬ ਦਾ ਮਹਲ ਮਿਲਦਾ ਹੈ। 'ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ' (ਜਪੁ)।

§ ਤਿੰਨ ਤਰ੍ਹਾਂ ਦੇ ਕੰਮ; ਸਤੋ, ਰਜੋ, ਤਮੋ ਵਾਲੇ ਕੰਮ। ਤ੍ਰਿਕੁਟੀ= ਸਤੋ, ਰਜੋ, ਤਮੋ ਦੀ ਕੈਦ। ਜਦ ਤਕ ਅਸੀਂ ਤਿੰਨਾਂ ਗੁਣਾਂ ਵਾਲੇ ਕਰਮ ਕਰਦੇ ਹਾਂ ਤਦ ਤੋੜੀ ਆਸਾਂ ਤੇ ਫਿਕਰ ਲੱਗਾ ਰਹੇਗਾ। ਤਿੰਨਾਂ ਗੁਣਾਂ ਦੀ ਕੈਦ ਤੋਂ ਕੱਢ ਕੇ ਗੁਰੂ ਹੀ ਚੌਥੀ (ਸਹਜ) ਅਵਸਥਾ 'ਤੇ ਅਪੜਾਂਦਾ ਹੈ, ਜਿਥੇ ਜਾ ਕੇ ਸੁਖ ਹੁੰਦਾ ਹੈ।

ਦਰਿ ਘਰਿ[੧] ਢੋਈ ਨ ਲਹੈ[੨] ਦਰਗਹ[੩] ਝੂਠੁ ਖੁਆਰੁ ॥ ੧ ॥ ਰਹਾਉ ॥ ਆਪਿ ਸੁਜਾਣੁ[੪] ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ[੫] ॥ [੬]ਨਉ ਨਿਧਿ ਉਪਜੈ ਨਾਮੁ ਏਕੁ [੭]ਕਰਮਿ ਪਵੈ ਨੀਸਾਣੁ ॥ ੨ ॥ ਗੁਰ ਕਉ [੮]ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ[੯] ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥ ੩ ॥ ਚੰਦਨੁ [੧੦]ਮੋਲਿ ਅਣਾਇਆ ਕੁੰਗੂ[੧੧] ਮਾਂਗ ਸੰਧੂਰੁ ॥ ਚੋਆ[੧੨] ਚੰਦਨੁ ਬਹੁ ਘਣਾ[੧੩] ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥ ੪ ॥ ਸਭਿ ਰਸ ਭੋਗਣ ਬਾਦਿ[੧੪] ਹਹਿ ਸਭਿ ਸੀਗਾਰ ਵਿਕਾਰ[੧੫] ॥ *ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥ ੫ ॥ ੧੩ ॥ ਸਿਰੀਰਾਗੁ ਮਹਲਾ ੧ ॥ ਸੁੰਞੀ[੧੬] ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ †ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥ ‡ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥ ੧ ॥ ਮੂੜੇ ਰਾਮੁ ਜਪਹੁ [੧੭]ਗੁਣ ਸਾਰਿ ॥ §ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥ ੧ ॥ ਰਹਾਉ ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ[੧੮] ਲਾਗੇ ਪਚਿ[੧੯] ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ[੨੦] ਹੋਰਿ ਮੁਠੀ ਧੰਧੈ ਠਗਿ ॥ ੨ ॥ ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ[੨੧] ॥ ੩ ॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ [੨੨]ਪੈਧਾ ਜਾਇ ॥ ੪ ॥ ੧੪ ॥ ਸਿਰੀਰਾਗੁ ਮਹਲ ੧ ॥ ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ[੨੩] ॥ ਅਉਗਣ ਫਿਰਿ ਲਾਗੂ[੨੪] ਭਏ [੨੫]ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ[੨੬] ਦੁਬਿਧਾ ਡੋਬੇ ਪੂਰੁ ॥ ੧ ॥ ਮਨ ਰੇ ਸਬਦਿ ਤਰਹੁ ਚਿਤੁ ਲਾਇ ॥ ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥ ੧ ॥ ਰਹਾਉ ॥ ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ [੨੭]ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ [੨੮]ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥ ੨ ॥ ¶ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ[੨੯] ਸਾਜਿਆ [੩੦]ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥ ੩ ॥ ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ [੩੧]ਪੰਚ ਭੂਤ

੧ ਇਸ ਜਹਾਨ ਵਿੱਚ।
੨ ਲੱਭਦੀ।
੩ ਅਗਲੇ ਜਹਾਨ।
੪ ਸਿਆਣਾ।
੫ ਦਾਣਾ, ਕਣ, ਬੀ।
੬ ਨਉ ਨਿਧੀਆਂ, ਸਾਰੀਆਂ ਦੌਲਤਾਂ ਦੇਣ ਵਾਲਾ। ਦੇਖੋ ਪੰਨਾ ੧੦, ਨੋਟ §।
੭ ਬਖ਼ਸ਼ਿਸ਼ ਦੁਆਰਾ ਪ੍ਰਵਾਨਗੀ ਦਾ ਚਿੰਨ੍ਹ ਲੱਗਦਾ ਹੈ।
੮ ਜਾਣ ਕੇ ਨਹੀਂ ਜਾਣਦਾ, ਅਕਲ ਹੁੰਦਿਆਂ ਗੁਰੂ ਨੂੰ ਨਹੀਂ ਸਮਝਦਾ।
੯ ਅੰਨ੍ਹੇ ਨੇ।
੧੦ ਮੁੱਲ ਨਾਲ ਮੰਗਵਾਇਆ।
੧੧ ਹਲਦੀ ਅਉਲਾ ਮਿਲਾ ਕੇ ਬਣਾਇਆ ਇਕ ਲਾਲ ਰੰਗ, ਜਿਸ ਨਾਲ ਇਸਤਰੀਆਂ ਆਪਣੀਆਂ ਪੱਟੀਆਂ ਦੇ ਵਿਚਕਾਰ ਦੇ ਚੀਰ (ਮਾਂਗ) ਨੂੰ ਸ਼ਿੰਗਾਰਦੀਆਂ ਹਨ।
੧੨ ਅਗਰ ਦੀ ਲੱਕੜ ਦਾ ਕੱਢਿਆ ਤੇਲ; ਅਤਰ।
੧੩ ਗੂੜ੍ਹਾ, ਸੰਘਣਾ।
੧੪ ਵਿਅਰਥ।
੧੫ ਖ਼ਰਾਬ।
੧੬ ਸੱਖਣੀ।
੧੭ ਗੁਣਾਂ ਨੂੰ ਸੰਭਾਲਦੇ ਹੋਏ।
੧੮ ਮਨ ਦੇ ਡੁਲਾਓ ਵਿੱਚ।
੧੯ ਖਪ ਕੇ।
੨੦ ਬਚ ਗਏ।
੨੧ ਮਨ ਦੀ ਰੋਕ।
੨੨ ਇੱਜ਼ਤ ਦਾ ਕੱਪੜਾ ਪਹਿਨਾਇਆ ਜਾਂਦਾ ਹੈ।
੨੩ ਲੋਹੇ ਦੀ ਮੈਲ ਵਾਕੁਰ ਵਿਕਾਰੀ।
੨੪ ਵੈਰ ਨਾਲ ਪਿੱਛੇ ਪੈ ਜਾਣ ਵਾਲੇ।
੨੫ ਝੂਠ ਤੁਰੀ ਵਜਾਉਂਦਾ ਹੈ, ਪ੍ਰਧਾਨ ਹੋ ਕੇ ਵਿਚਰਦਾ ਹੈ।
੨੬ ਇਧਰ-ਉਧਰ ਡੋਲਦੇ ਫਿਰੀਦਾ ਹੈ, ਜਿਵੇਂ ਰਾਹ-ਭੁੱਲਿਆ ਜਹਾਜ਼।
੨੭ ਦੇਹੀ ਰੱਬ ਦੇ ਡਰ ਅਤੇ ਸੱਚ ਵਿੱਚ ਰੱਤੀ ਹੋਵੇ; ਜੀਭ ਨੂੰ ਸੱਚਾ ਸਵਾਦ (ਸਵਾਉ) ਹੋਵੇ।
੨੮ ਐਸੇ ਆਦਮੀ ਨੂੰ ਮਿਹਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ, ਅਤੇ ਫਿਰ ਉਸ ਨੂੰ ਅੱਗ ਵਿੱਚ ਪਾ ਕੇ ਨਹੀਂ ਤਾਇਆ ਜਾਂਦਾ, ਕਿਉਂਕਿ ਉਸ ਵਿੱਚ ਕੋਈ ਖੋਟ ਨਹੀਂ ਰਹਿ ਗਿਆ ਹੁੰਦਾ।
੨੯ ਤਿੰਨੇ ਲੋਕ, ਸਾਰੀ ਰਚਨਾ।
੩੦ ਹਰ ਇਕ ਦਿਲ ਵਿੱਚ ਸੱਚੇ ਦੀ ਜੋਤ ਸਮਾ ਰਹੀ ਹੈ। 'ਜਾਤਿ ਮਹਿ ਜੋਤਿ......।'
੩੧ ਪੰਜ ਤੱਤ, ਸਾਰਾ ਸਰੀਰ। "ਭੈ ਸਚਿ ਰਾਤੀ ਦੇਹੁਰੀ॥"

* ਜਦ ਤੋੜੀ ਸ਼ਬਦ ਦੇ ਨਾਲ ਵਿੰਨ੍ਹੀ ਨਾ ਜਾਏ, ਤਦ ਤੋੜੀ ਗੁਰੂ ਦੇ ਦੁਆਰੇ ਕਿਵੇਂ ਸੋਭਾ ਪਾ ਸਕਦੀ ਹੈ।

† ਬਲਦੀ। ਅੱਗ ਬੁਝ ਗਈ (ਜ਼ਿੰਦਗੀ ਦੀ ਸੱਤਾ ਚਲੀ ਗਈ), ਧੂਆਂ ਕੋਈ ਨਾ ਨਿਕਲਿਆ (ਸੁਾਸ ਨਾ ਰਹੇ)।

‡ ਪੰਜੇ ਗਿਆਨ ਇੰਦਰੇ ਦੁੱਖ ਨਾਲ ਭਰ ਕੇ ਰੋਏ, ਅਤੇ ਦ੍ਵੈਤ ਭਾਵ ਵਿੱਚ ਹੀ ਮੁੱਕ ਗਏ। ਇਥੇ ਭਾਵ ਅੰਦਰਲੀਆਂ ਬਿਰਤੀਆਂ ਤੋਂ ਹੈ ਜੋ ਵਿਅਰਥ ਹੀ ਮੁੱਕ ਗਈਆਂ; ਕਿਉਂਕਿ ਦੂਜੇ ਪਾਸੇ ਲੱਗੀਆਂ ਹੋਈਆਂ ਸਨ। ਇਸ ਭਾਵ ਦੀ ਪੁਸ਼ਟੀ ਲਈ ਦੇਖੋ ਰਹਾਉ ਦੀ ਦੂਜੀ ਤੁਕ ਅਤੇ ਇਸੇ ਸ਼ਬਦ ਦਾ ਤੀਜਾ ਅੰਕ। ਜੇ 'ਸਚੀ ਕਾਰੈ' ਲੱਗਾ ਹੁੰਦਾ ਤਾਂ ਅਨੰਤ ਜ਼ਿੰਦਗੀ ਦਾ ਮਾਲਕ ਹੁੰਦਾ।

§ ਅਹੰਗਤਾ, ਮੋਹਣ ਵਾਲੇ ਮੋਹ ਅਤੇ ਹੰਕਾਰ ਨਾਲ ਸਾਰੀ ਸ੍ਰਿਸ਼ਟੀ ਠੱਗੀ ਪਈ ਹੈ।

¶ ਇਸ ਅੰਕ ਵਿੱਚ ਵਾਹਿਗੁਰੂ ਦੇ ਸੱਚੇ ਹੋਣ ਦੀ ਵਡਿਆਈ ਦੱਸੀ ਹੈ, ਕਿ ਉਹੀ ਸਭ ਰਚਨਾ ਦਾ ਮੂਲ ਹੈ, ਅਤੇ ਸਭ ਦੇ ਅੰਦਰ ਵਰਤ ਰਿਹਾ ਹੈ। ਜੇ ਉਸ ਦੇ ਸੱਚੇ ਨਾਮ ਵਿੱਚ ਰੱਤੇ ਹੋਵੀਏ; ਜੋ ਸਾਡਾ ਅਸਲਾ ਹੈ, ਤਾਂ ਸਾਨੂੰ ਝੂਠ ਦੀ ਮੈਲ ਨਹੀਂ ਲੱਗ ਸਕਦੀ, ਨਿਰਮਲ ਹੀ ਰਹੀਦਾ ਹੈ।

ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥ ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥ ੪ ॥ ੧੫ ॥ ਸਿਰੀਰਾਗੁ ਮਹਲਾ ੧ ॥ ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ [1]ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥ ੧ ॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਜਿਉ ਭਾਵੈ ਤਿਉ ਰਾਖੁ[2] ਤੂ ਮੈ ਅਵਰੁ ਨ ਦੂਜਾ ਕੋਇ ॥ ੧ ॥ ਰਹਾਉ ॥ *ਆਗੈ ਦੇਖਉ ਡਉ[3] ਜਲੈ ਪਾਛੈ ਹਰਿਓ ਅੰਗੂਰੁ[4] ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥ ੨ ॥ [5]ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ[6] [7]ਗਰਬੁ ਨਿਵਾਰਿ ਸਮੇਉ ॥ ੩ ॥ ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ[8] ਗੁਬਾਰੁ[9] ॥ ਘਟਿ ਘਟਿ ਜੋਤਿ ਨਿਰੰਤਰੀ[10] ਬੂਝੈ ਗੁਰਮਤਿ ਸਾਰੁ[11] ॥ ੪ ॥ ਗੁਰਮੁਖਿ ਜਿਨੀ ਜਾਣਿਆ [12]ਤਿਨ ਕੀਚੈ ਸਾਬਾਸਿ ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ [13]ਜੀਉ ਪਿੰਡੁ ਪ੍ਰਭ ਪਾਸਿ ॥ ੫ ॥ ੧੬ ॥ ਸਿਰੀਰਾਗੁ ਮਹਲਾ ੧† ॥ ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥ ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥ ੧ ॥ ਮੇਰੇ ਮਨ ਲੈ ਲਾਹਾ ਘਰਿ ਜਾਹਿ ॥ ਗੁਰਮੁਖਿ ਨਾਮੁ ਸਲਾਹੀਐ ਹਉਮੈ [14]ਨਿਵਰੀ ਭਾਹਿ ॥ ੧ ॥ ਰਹਾਉ ॥ ‡ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥ ਓਹੁ ਵੇਪਰਵਾਹੁ ਅਤੋਲਵਾ [15]ਗੁਰਮਤਿ ਕੀਮਤਿ ਸਾਰੁ ॥ ੨ ॥ ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ[16] ਬਿਨੁ ਨਾਵੈ ਦੂਖ ਸੰਤਾਪੁ[17] ॥ ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ [18]ਚੀਨੈ ਆਪੁ ॥ ੩ ॥ ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ §ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥ ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥ ੪ ॥ ੧੭ ॥ ਸਿਰੀਰਾਗੁ ਮਹਲਾ ੧ ॥ ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ[19] [20]ਲੇਖੈ ਸਾਸ ਗਿਰਾਸ ॥ ¶ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥ ੧ ॥ ਜੀਅਰੇ ਰਾਮ ਜਪਤ ਮਨੁ ਮਾਨੁ[21] ॥ ਅੰਤਰਿ ਲਾਗੀ ਜਲਿ[22] ਬੁਝੀ ਪਾਇਆ ਗੁਰਮੁਖਿ ਗਿਆਨੁ ॥ ੧ ॥ ਰਹਾਉ ॥

੧ ਮਨ-ਮੰਨੇ ਤਰੀਕੇ ਨਾਲ ਕੰਮ ਕਰਨ ਵਾਲੀ ਬੁੱਧੀ ਨਾਲ, ਆਪ-ਹੁਦਰੀ ਮੱਤ ਧਾਰਨ ਕਰਨ ਨਾਲ।
੨ ਬਚਾ ਲੈ।
੩ [ਸੰ. ਦਵ] ਦਾਵਾ ਅਗਨ, ਜੰਗਲ ਦੀ ਅੱਗ।
੪ ਨਿੱਕੀ ਨਿੱਕੀ ਨਵੀਂ ਉੱਗੀ ਹਰਿਆਵਲ।
੫ ਸੁਾਸ-ਸੁਾਸ ਤੈਨੂੰ ਚੇਤੇ ਕਰਾਂ; ਸਿਮਰਾਂ।
੬ ਮਾਲਕ।
੭ ਹਉਮੈ ਕੱਟ ਕੇ ਆਪਣੇ ਵਿੱਚ ਮੈਨੂੰ ਸਮਾ ਲਓ।
੮ ਮੂਰਖ ਨੂੰ।
੯ ਹਨੇਰਾ।
੧੦ ਇਕ ਰਸ, ਲਗਾਤਾਰ।
੧੧ ਤੱਤ, ਅਸਲ ਭਾਵ।
੧੨ ਉਨ੍ਹਾਂ ਨੂੰ ਸ਼ਾਬਾਸ਼ੇ ਕਹੀਏ। ਕੀਚੈ=ਕਰੀਏ।
੧੩ ਜੀਵ ਅਤੇ ਸਰੀਰ, ਸਾਰਾ ਜੀਵਨ (ਵਾਹਿਗੁਰੂ ਦੇ ਹਵਾਲੇ ਹੈ)।
੧੪ ਦੂਰ ਹੋ ਗਈ ਅੱਗ (ਹਉਮੈ ਦੀ)।
੧੫ ਗੁਰ-ਸਿੱਖਿਆ ਦੁਆਰਾ ਉਸ ਦੀ ਸਹੀ (ਸਾਰੁ) ਕੀਮਤ ਲੱਭਦੀ ਹੈ।
੧੬ ਤੇਹ ਨਹੀਂ ਮਿਟਦੀ, ਤਸੱਲੀ ਨਹੀਂ ਹੁੰਦੀ।
੧੭ ਜਲਨ।
੧੮ ਸਮਝੇ ਆਪਣੇ ਆਪ ਨੂੰ।
੧੯ ਪਾਲਦਾ ਹੈਂ।
੨੦ ਸਾਡੀ ਆਯੂ ਤੇ ਭੋਗ ਤੇਰੇ ਲੇਖੇ ਵਿੱਚ ਹਨ।
੨੧ ਮੰਨਦਾ ਹੈ, ਨਿਸ਼ਾ ਹੁੰਦੀ ਹੈ।
੨੨ ਜਲਨ, ਅੱਗ।

* ਸੰਸਾਰ ਇਕ ਜੰਗਲ ਵਾਕੁਰ ਹੈ। ਇਕ ਪਾਸੇ ਜੀਵ ਮਰ ਰਹੇ ਹਨ, ਦੂਜੇ ਪਾਸੇ ਨਵੀਂ ਪਨੀਰੀ ਉੱਗ ਰਹੀ ਹੈ, ਨਵੇਂ ਜੰਮ ਰਹੇ ਹਨ। ਜਿਸ ਸੱਚੇ ਵਿੱਚੋਂ ਪੈਦਾ ਹੁੰਦੇ ਹਨ, ਉਸੇ ਵਿੱਚ ਜਾ ਸਮਾਉਂਦੇ ਹਨ, ਉਹੀ ਸੱਚ ਉਨ੍ਹਾਂ ਦੇ ਅੰਦਰ ਵਰਤ ਰਿਹਾ ਹੈ।

† ਇਹ ਸ਼ਬਦ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ ਉਸ ਵੇਲੇ ਸੁਣਾਇਆ ਜਦ ਉਹ ਗੁਰੂ ਜੀ ਨੂੰ ਪਹਿਲਾਂ ਪਹਿਲ ਮਿਲੇ।

‡ ਕਥਾ ਕਹਾਣੀਆਂ ਸੁਣ-ਸੁਣ ਕੇ ਉਧੇੜ-ਬੁਣ ਵਿੱਚ ਲੱਗੇ ਰਹੀਦਾ ਹੈ, ਅਤੇ ਲਿਖ-ਲਿਖ ਕੇ, ਪੜ੍ਹ-ਪੜ੍ਹ ਕੇ, ਅਤੇ ਬੁੱਝ-ਬੁੱਝ ਕੇ ਕਿਤਾਬਾਂ ਦਾ ਭਾਰੁ ਬੰਨ੍ਹੀਦਾ ਹੈ, ਪਰ ਫਿਰ ਵੀ ਤ੍ਰਿਸ਼ਨਾ ਰਾਤ ਦਿਨ ਵਧਦੀ ਰਹਿੰਦੀ ਹੈ, ਅਤੇ ਹੰਕਾਰ ਦਾ ਰੋਗ ਵਿਗਾੜ ਪੈਦਾ ਕਰਦਾ ਰਹਿੰਦਾ ਹੈ।

§ ਜਿਸ ਨੂੰ ਤੇਹਾਂ ਲੋਕਾਂ ਵਿੱਚ ਢੂੰਡ-ਢੂੰਡ ਕੇ ਲੱਭਦੇ ਸਾਂ, ਉਸ ਨੂੰ ਗੁਰੂ ਦੁਆਰੇ ਖੋਜ ਕੇ ਪ੍ਰਤੱਖ ਦੇਖ ਲਿਆ ਹੈ। ਨਿਹਾਲਿ=ਨਿਹਾਰਿਆ, ਦੇਖਿਆ।

¶ ਗੁਰੂ ਦੁਆਰੇ ਤੂੰ ਸਾਡੇ ਅੰਦਰ ਆ ਕੇ ਵੱਸਦਾ ਹੈਂ। ਜਿਵੇਂ ਤੈਨੂੰ ਚੰਗਾ ਲੱਗੇ ਤਿਵੇਂ ਸਮਝਾ ਕੇ ਨਿਰਨਾ ਕਰਾ ਦੇ।

ਅੰਤਰ ਕੀ ਗਤਿ[੧] ਜਾਣੀਐ ਗੁਰ ਮਿਲੀਐ ਸੰਕ[੨] ਉਤਾਰਿ ॥ *ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ [੩]ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥ ੨ ॥ [੪]ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ[੫] ॥ [੬]ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥ ੩ ॥ †ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥ ੪ ॥ ਮਨੁ ਬੈਰਾਗੀ[੭] ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾ ਰਸੁ ਭੋਗਵੈ[੮] ਬਾਹੁੜਿ[੯] ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥ ੫ ॥ ੧੮ ॥ ਸਿਰੀਰਾਗੁ ਮਹਲਾ ੧ ॥ ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ[੧੦] ॥ ਸਬਦਿ ਨ ਭੀਜੈ ਸਾਕਤਾ[੧੧] ਦੁਰਮਤਿ[੧੨] ਆਵਨੁ ਜਾਨੁ ॥ ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ ੧ ॥ ਮਨ ਰੇ ਹਉਮੈ ਛੋਡਿ ਗੁਮਾਨੁ[੧੩] ॥ ਹਰਿ ਗੁਰੁ ਸਰਵਰੁ[੧੪] ਸੇਵਿ ਤੂ ਪਾਵਹਿ ਦਰਗਹ ਮਾਨੁ ॥ ੧ ॥ ਰਹਾਉ ॥ ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥ ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ ਨਿਤਿ ਅਹਿਨਿਸਿ[੧੫] ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥ ੨ ॥ ‡ਕੂਕਰ ਕੂੜੁ ਕਮਾਈਐ ਗੁਰ ਨਿੰਦਾ [੧੬]ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ[੧੭] ਜਮੁ ਮਾਰਿ [੧੮]ਕਰੈ ਖੁਲਹਾਨੁ ॥ ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ[੧੯] ॥ ੩ ॥ [੨੦]ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥ §ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ [੨੧]ਕਰਮਿ ਸਚੈ ਨੀਸਾਣੁ ॥ ੪ ॥ ੧੯ ॥ ਸਿਰੀਰਾਗੁ ਮਹਲਾ ੧ ॥ ਇਕੁ ਤਿਲੁ[੨੨] ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ [੨੩]ਅਗਨਿ ਮਰੈ ਗੁਣ ਮਾਹਿ ॥ ੧ ॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ[੨੪] ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥ ੧ ॥ ਰਹਾਉ ॥ ¶ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ[੨੫] ਗਏ ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥ ੨ ॥ ਕਾਇਆ ਕਾਮਣਿ[੨੬] ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ::ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥ [੨੭]ਚਾਰੇ ਅਗਨਿ ਨਿਵਾਰਿ[੨੮] ਮਰੁ ਗੁਰਮੁਖਿ ਹਰਿ ਜਲੁ

੧ ਹਾਲਤ।
੨ ਸ਼ੱਕ, ਸੰਸਾ, ਭਰਮ।
੩ ਸੋਹਣੇ, ਅਨਹਦ-ਸ਼ਬਦ। ਅਨਹਦ ਸ਼ਬਦ=ਉਹ ਸ਼ਬਦ ਜੋ ਚੋਟ ਲਾਏ ਬਿਨਾਂ ਪੈਦਾ ਹੁੰਦਾ ਅਤੇ ਆਤਮਾ ਜਾਂ ਦਸਵੇਂ ਦੁਆਰ ਵਿੱਚ ਸੁਣੀਦਾ ਦਸਦੇ ਹਨ। ਦੇਖੋ ਪੰਨਾ ੧੩, ਨੋਟ ੬।
੪ ਜਦ ਅਨਹਦ ਸ਼ਬਦ ਮਿਲ ਜਾਏ।
੫ ਉਸ ਤੋਂ।
੬ ਰੱਬ ਦੇ ਹਜ਼ੂਰ ਲਿਜਾ ਕੇ ਉਨ੍ਹਾਂ ਨੂੰ ਇੱਜ਼ਤ ਦੀ ਪੁਸ਼ਾਕ ਪਹਿਨਾਈ ਜਾਂਦੀ ਹੈ।
੭ ਘਰ ਨੂੰ ਛੱਡ ਕੇ ਬਾਹਰ ਭਉਣ ਵਾਲਾ। ਜੇ ਬਾਹਰ ਮਾਇਆ ਵਿੱਚ ਭਉਣ ਵਾਲਾ ਮਨ ਸੱਚ ਅਤੇ ਭੈ ਦਾ ਪਿਆਰ ਕਰਨ ਵਾਲਾ ਹੋਵੇ, ਤਾਂ ਉਹ ਆਪਣੇ ਅਸਲੀ ਘਰ ਵਿੱਚ ਇਸਥਿਤੀ ਪਾ ਲਵੇ।
੮ ਖਾਵੇ।
੯ ਮੁੜ ਕੇ, ਫਿਰ।
੧੦ ਲੁਭਾਇਮਾਨ ਹੋ ਰਿਹਾ ਹੈ।
੧੧ ਮਾਇਆ ਦਾ ਸੇਵਕ *(Materialist)*।
੧੨ ਖੋਟੀ ਬੁੱਧੀ ਕਰ ਕੇ।
੧੩ ਹੰਕਾਰ।
੧੪ ਤਲਾ ਵਾਕੁਰ ਪਵਿੱਤਰ ਕਰਨ ਵਾਲਾ।
੧੫ ਦਿਨ ਰਾਤ।
੧੬ ਪਚਦੀ ਹੈ ਪਚਾਨ (ਖ਼ੁਰਾਕ) ਹੋ ਕੇ।
੧੭ ਬਹੁਤਾ।
੧੮ ਭੋਹ ਕਰ ਦਿੰਦਾ ਹੈ। [ਖਲਹਾਨ, ਗਾਹਣ ਲਈ ਜੋ ਦਾਣੇ ਤੇ ਭੋਹ ਪਿੜ ਵਿੱਚ ਖਿਲ੍ਰੇ ਪਏ ਹੁੰਦੇ ਹਨ।]
੧੯ [ਅ-ਸੁਬਹਾਨ] ਪਵਿੱਤਰ, ਭਲਾ।
੨੦ ਇਥੇ ਧੰਧਾ ਪਿੱਟੀਦਾ ਹੈ, ਜਗਤ ਦੇ ਵਿਹਾਰ ਵਿੱਚ ਖੁਆਰ ਹੋਈਦਾ ਹੈ, ਪਰ ਉਥੇ ਸੱਚੀ ਕਰਣੀ ਦੀ ਲਿਖਤ ਕਬੂਲ ਹੁੰਦੀ ਹੈ।
੨੧ ਸੱਚੇ ਦੀ ਬਖ਼ਸ਼ਿਸ਼ ਕਰ ਕੇ ਪ੍ਰਵਾਨਗੀ ਦਾ ਨਿਸ਼ਾਨ ਪਿਆ ਹੈ।
੨੨ ਥੋੜ੍ਹਾ ਜਿਹਾ, ਭੋਰਾ ਕੁ।
੨੩ ਤ੍ਰਿਸ਼ਨਾ ਦੀ ਅੱਗ ਹਰੀ ਗੁਣ (ਗਾਉਣ) ਨਾਲ ਮਰ ਜਾਂਦੀ ਹੈ।
੨੪ ਉਚਾਰਨ ਕਰ।
੨੫ ਮਨ ਦਾ ਚਲਾਇਮਾਨ ਹੋਣਾ; ਇਧਰ-ਉਧਰ ਧਾਉਣਾ: "ਜਰਾ ਮਰਣ ਗਤੁ ਗਰਬੁ ਨਿਵਾਰੇ" (ਗਉੜੀ ਅ: ਮ: ੧)।
੨੬ ਇਸਤਰੀ।
੨੭ "ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ" (ਵਾਰ ਮਾਝ ਮਹਲਾ ੧)।
੨੮ ਦੂਰ ਕਰ ਕੇ।

* ਜਿਸ ਹਾਲਤ ਨੂੰ ਮਰ ਕੇ ਪੁੱਜਣਾ ਹੈ, ਉਸ ਲਈ ਜੀਉਂਦਿਆਂ ਹੀ ਮੰਦੀਆਂ ਵਾਸ਼ਨਾਂ ਨੂੰ ਮਾਰ ਕੇ ਮਰੋ। ਜੋ ਕੁਝ ਸੁਹਾਵਣੇ ਅਨਹਦ ਸ਼ਬਦ ਦੁਆਰਾ ਮਿਲਦਾ ਦੱਸਦੇ ਹਨ, ਉਹ ਗੁਰੂ ਦੇ ਸ਼ਬਦ ਦੇ ਵੀਚਾਰ ਤੋਂ ਮਿਲ ਜਾਂਦਾ ਹੈ।

† ਜਿਥੇ ਦੇਖਦਾ ਹਾਂ ਉਥੇ ਚੇਤਨ ਤੇ ਪ੍ਰਕਿਰਤੀ *(Spirit and Energy)* ਦਾ ਮੇਲ ਹੈ, ਅਤੇ ਉਸ ਮੇਲ ਤੋਂ ਰਚੀ ਸ੍ਰਿਸ਼ਟੀ ਵਿੱਚ ਵਾਹਿਗੁਰੂ ਜੀ ਵਿਆਪਕ ਹਨ। ਸਾਡਾ ਸਰੀਰ ਸਤੋ, ਰਜੋ, ਤਮੋ, ਇਨ੍ਹਾਂ ਤਿੰਨਾਂ ਗੁਣਾਂ ਦੀ ਹੱਦ ਅੰਦਰ ਕੰਮ ਕਰ ਰਿਹਾ ਹੈ। ਜਿਹੜਾ ਭੀ ਇਸ ਸੰਸਾਰ 'ਤੇ ਆਉਂਦਾ ਹੈ ਉਹ ਇਸ ਹੱਦ ਅੰਦਰ ਖੇਡਦਾ ਹੈ। ਜਿਹੜੇ ਮਨਮੁਖ ਹੁੰਦੇ ਹਨ, ਉਹ ਵਿਜੋਗ ਵਾਲਾ ਰਸਤਾ ਪਕੜਦੇ ਹਨ, ਅਤੇ ਦੁੱਖ ਵਿੱਚ (ਰੱਬ ਦੇ ਵਿਆਪਕ ਹੁੰਦਿਆਂ ਭੀ) ਵਿਛੜੇ ਰਹਿੰਦੇ ਹਨ, ਉਨ੍ਹਾਂ ਨੂੰ ਸੰਜੋਗ ਦਾ ਰਸਤਾ ਲੱਭਦਾ ਹੀ ਨਹੀਂ।

‡ ਕੂੜ ਕਮਾਈਏ ਤਾਂ ਕੁੱਤੇ ਵਾਂਗ ਹੋਈਦਾ ਹੈ (ਜੋ ਭਖ-ਅਭਖ ਸਭ ਖਾ ਲੈਂਦਾ ਹੈ), ਗੁਰੂ ਦੀ ਨਿੰਦਾ ਉਸ ਦੀ ਖ਼ੁਰਾਕ ਬਣ ਜਾਂਦੀ ਹੈ।

§ ਉਹ ਹਰੀ ਦੇ ਮਿੱਤਰ ਗੁਰੂ ਨੂੰ ਸੇਂਵਦਾ ਹੈ, ਉਹਦੇ ਲਈ ਗੁਰੂ ਦੀ ਕਰਨੀ ਹੀ ਸਭ ਤੋਂ ਮੁੱਖ ਕਮਾਈ ਹੈ।

¶ ਮਨੁੱਖ ਦੀ ਆਤਮ ਜੋਤ ਨੂੰ ਪ੍ਰਮਾਤਮਾ ਦੀ ਜੋਤ ਨਾਲ ਮਿਲਾਈਏ, ਅਤੇ ਚਿੱਤ ਦੀ ਬ੍ਰਿਤੀ ਨੂੰ ਗੁਰੂ ਦੀ ਉੱਚੀ ਬ੍ਰਿਤੀ ਵਿੱਚ ਜੋੜੀਏ ਤਾਂ ਹਿੰਸਾ (ਹੋਰਨਾਂ ਨੂੰ ਦੁਖਾਉਣ ਦਾ ਭਾਵ), ਹੰਕਾਰ ਤੇ ਮਨ ਦਾ ਧਾਉਣਾ ਚਲੇ ਗਏ; ਅਤੇ ਸ਼ੱਕ ਅਤੇ ਸ਼ੋਕ ਵੀ ਨਾ ਰਹੇ।

:: ਗੁਰੂ ਦੁਆਰਾ ਸੋਹਾਗਣੀਆਂ ਉਸ ਸੇਜ (ਅੰਤਹਕਰਣ) ਦੇ ਮਾਲਕ ਪ੍ਰਭੂ ਨੂੰ ਮਾਣਦੀਆਂ ਹਨ।

ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ[੧] ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥ ੪ ॥ ੨੦ ॥ ਸਿਰੀਰਾਗੁ ਮਹਲਾ ੧ ॥ ਹਰਿ ਹਰਿ ਜਪਹੁ ਪਿਆਰਿਆ [੨]ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ [੩]ਰਿਦ ਮਾਣਕ ਮੋਲਿ ਅਮੋਲਿ ॥ ੧ ॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ [੪]ਸਬਦਿ ਸਲਾਹਿ ॥ ੧ ॥ ਰਹਾਉ ॥ ਸਚੁ ਵਖਰੁ[੫] ਧਨੁ ਰਾਸਿ ਲੈ ਪਾਈਐ [੬]ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ [੭]ਤਿਉ ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ[੮] ਨ ਲਗਈ ਇਉ [੯]ਭਉਜਲੁ ਤਰੈ ਤਰਾਸਿ ॥ ੨ ॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ [੧੦]ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥ ੩ ॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ[੧੧] ॥ ਸਚੁ ਵਖਰੁ ਧਨੁ ਨਾਮੁ ਹੈ [੧੨]ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ[੧੧] ॥ ੪ ॥ ੨੧ ॥ ਸਿਰੀਰਾਗੁ ਮਹਲਾ ੧ ॥ *ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ †ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥ ੧ ॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ[੧੩] ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥ ੧ ॥ ਰਹਾਉ ॥ ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ [੧੪]ਪਤਿ ਪਾਇ ॥ ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ ‡ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ[੧੫] ਸਮਾਇ ॥ ੨ ॥ ਜਿਨਿ ਹਰਿ ਹਰਿ ਨਾਮੁ ਨ ਚੇਤਿਓ [੧੬]ਸੁ ਅਉਗੁਣਿ ਆਵੈ ਜਾਇ ॥ ਜਿਸੁ ਸਤਗੁਰੁ ਪੁਰਖੁ ਨ ਭੇਟਿਓ[੧੭] ਸੁ [੧੮]ਭਉਜਲਿ ਪਚੈ ਪਚਾਇ ॥ ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥ ੩ ॥ ਜਿੰਨਾ ਸਤਗੁਰੁ ਰਸਿ[੧੯] ਮਿਲੈ ਸੇ ਪੂਰੇ ਪੁਰਖ ਸੁਜਾਣ[੨੦] ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ ਨਾਨਕ ਤੇ ਮੁਖ ਉਜਲੇ §ਧੁਨਿ ਉਪਜੈ ਸਬਦੁ ਨੀਸਾਣੁ ॥ ੪ ॥ ੨੨ ॥ ਸਿਰੀਰਾਗੁ ਮਹਲਾ ੧ ॥ ਵਣਜੁ ਕਰਹੁ ਵਣਜਾਰਿਹੋ ਵਖਰੁ[੫] ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ[੨੧] ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ[੨੦] ਹੈ ਲੈਸੀ ਵਸਤੁ ਸਮਾਲਿ ॥ ੧ ॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ[੨੨] ॥ ੧ ॥ ਰਹਾਉ ॥ ਜਿਨਾ ਰਾਸਿ[੨੩] ਨ ਸਚੁ ਹੈ ਕਿਉ ਤਿਨਾ

੧ ਰੱਜਵਾਂ, ਬਹੁਤ।
੨ ਗੁਰੂ ਦੀ ਸਿੱਖਿਆ ਦੁਆਰਾ ਹਰੀ ਦਾ ਨਾਮ ਲੈ ਕੇ।
੩ ਦਿਲ ਦਾ ਮੋਤੀ ਮੁੱਲ ਵਿੱਚ ਅਮੁੱਲਜ ਹੀ ਹੈ।
੪ ਗੁਰਬਾਣੀ ਦੁਆਰਾ ਸਲਾਹ ਕੇ।
੫ ਸੌਦਾ।
੬ ਗੁਰੂ ਦੇ ਚਾਨਣੇ ਦੁਆਰਾ।
੭ ਤਿਵੇਂ ਹੀ ਤ੍ਰਿਸ਼ਨਾ ਦਾਸਾਂ ਦੀ ਦਾਸ ਹੋ ਜਾਂਦੀ ਹੈ, ਬੁੱਝ ਜਾਂਦੀ ਹੈ।
੮ [ਫ਼ਾਰਸੀ ਜੰਦਾਲ=ਗਵਾਰ, ਸ਼ਰਾਬੀ] ਅਵੈੜਾ, ਵਹਿਸ਼ੀ।
੯ ਸੰਸਾਰ ਸਾਗਰ ਤੋਂ ਆਪ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਤਾਰਦਾ ਹੈ।
੧੦ ਝੂਠੇ ਦੀ ਬੁਨਿਆਦ ਹੀ ਝੂਠੀ ਹੁੰਦੀ ਹੈ। [ਪਾਂਇ= ਪਾਇਆਂ, ਬੁਨਿਆਦ]।
੧੧ ਹੀਰਾ।
੧੨ ਉਹ ਡੂੰਘਾ ਅਥਾਹ ਵਾਹਿਗੁਰੂ ਹਰ ਇਕ ਦਿਲ ਵਿੱਚ ਹੈ।
੧੩ ਦੂਰ ਕਰ, ਬੁਝਾ ਦੇਹ।
੧੪ ਇੱਜ਼ਤ, ਮੁੱਲ ਪਾਉਂਦਾ ਹੈ।
੧੫ ਪਾਣੀ।
੧੬ ਉਹ ਅਉਗੁਣ ਵਿੱਚ ਆਉਂਦਾ ਤੇ ਜਾਂਦਾ ਹੈ, ਅਰਥਾਤ ਬੁਰਾਈ ਵਿੱਚ ਹੀ ਜੰਮਦਾ ਤੇ ਮਰਦਾ ਹੈ।
੧੭ ਮਿਲਿਆ, ਸੰਗਤ ਕੀਤੀ।
੧੮ ਸੰਸਾਰ ਸਾਗਰ ਵਿੱਚ ਹੀ ਖੁਆਰ ਹੁੰਦਾ ਰਹਿੰਦਾ ਹੈ। "ਪਚੈ ਪਚੀਜੈ" ਵਾਂਗ ਇਹ ਦੋਵੇਂ ਸ਼ਬਦ ਇਕੋ ਅਰਥ ਦਿੰਦੇ ਹਨ।
੧੯ ਖ਼ੁਸ਼ ਹੋ ਕੇ।
੨੦ ਸਿਆਣੇ।
੨੧ ਖਰੀਦੀਏ।
੨੨ ਤਸੱਲੀ ਕਰ ਕੇ, ਖ਼ੁਸ਼ ਹੋ ਕੇ।
੨੩ ਪੂੰਜੀ।

* ਵੈਰਾਗੀਆਂ ਵਾਂਗ ਫਿਰਨ ਨਾਲ ਤ੍ਰਿਸ਼ਨਾ ਦੀ ਅੱਗ ਨਹੀਂ ਬੁਝਦੀ।

† ਲਾਹਨਤ ਹੈ ਇਹੋ ਜਿਹੀ (ਘਰ ਛੱਡ ਕੇ ਬਾਹਰ ਜਾਣ ਵਾਲੀ) ਜ਼ਿੰਦਗੀ ਉੱਤੇ ਅਤੇ ਲਾਹਨਤ ਹੈ ਇਹੋ ਜਿਹੇ ਭੇਖ ਉੱਤੇ।

‡ ਆਪਾ ਭਾਵ (ਹਉਮੈ) ਦੂਰ ਹੋਣ ਨਾਲ ਸੁਖ ਪ੍ਰਾਪਤ ਹੋਇਆ (ਅਤੇ ਇਉਂ ਜੋਤੀ ਵਿੱਚ ਜੋਤ ਸਮਾ ਗਈ) ਜਿਵੇਂ ਪਾਣੀ ਵਿੱਚ ਪਾਣੀ ਸਮਾਉਂਦਾ ਹੈ।

§ ਜਿਨ੍ਹਾਂ ਦੇ ਦਿਲ ਵਿੱਚ ਸ਼ਬਦ ਰੂਪੀ ਨਗਾਰਾ (ਵੱਜਦਾ ਹੈ) ਅਤੇ ਹਰੀ ਦੇ ਨਾਮ ਦੀ ਗੂੰਜ ਉਠਦੀ ਹੈ, ਜਾਂ ਲਿਵ ਲੱਗ ਜਾਂਦੀ ਹੈ।

ਸੁਖੁ ਹੋਇ ॥ [੧]ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ[੨] ਜਿਉ ਦੂਖੁ ਘਣੋ[੩] ਨਿਤ ਰੋਇ ॥ ੨ ॥ ਖੋਟੇ ਪੋਤੈ[੪] ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ ਖੋਟੇ ਜਾਤਿ ਨ ਪਤਿ ਹੈ [੫]ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥ ੩ ॥ ਨਾਨਕ ਮਨੁ ਸਮਝਾਈਐ ਗੁਰ ਕੈ [੬]ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ [੭]ਭਾਰੁ ਨ ਭਰਮੁ ਤਿਨਾਹ ॥ ਹਰਿ ਜਪਿ ਲਾਹਾ ਅਗਲਾ[੮] ਨਿਰਭਉ ਹਰਿ ਮਨ ਮਾਹ[੯] ॥ ੪ ॥ ੨੩ ॥ ਸਿਰੀਰਾਗੁ ਮਹਲਾ ੧ ਘਰੁ* ੨ ॥ ਧਨੁ ਜੋਬਨੁ ਅਰੁ ਫੁਲੜਾ[੧੦] ਨਾਠੀਅੜੇ[੧੧] ਦਿਨ ਚਾਰਿ ॥ †ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ[੧੨] ॥ ੧ ॥ ਰੰਗੁ ਮਾਣਿ ਲੈ ਪਿਆਰਿਆ [੧੩]ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ੧ ॥ ਰਹਾਉ ॥ ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ[੧੪] ॥ ‡ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ੨ ॥ §ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥ ੩ ॥ ਨਾਨਕ ¶ਸੁਤੀ ਪੇਈਐ[੧੫] ਜਾਣੁ ਵਿਰਤੀ[੧੬] ਸੰਨਿ ॥ ਗੁਣਾ ਗਵਾਈ ਗੰਠੜੀ[੧੭] ਅਵਗਣ ਚਲੀ ਬੰਨਿ ॥ ੪ ॥ ੨੪ ॥ ਸਿਰੀਰਾਗੁ ਮਹਲਾ ੧ ਘਰੁ* ਦੂਜਾ ੨ ॥ ਆਪੇ ਰਸੀਆ[੧੮] ਆਪਿ ਰਸੁ ਆਪੇ ਰਾਵਣਹਾਰੁ[੧੯] ॥ ਆਪੇ ਹੋਵੈ ਚੋਲੜਾ[੨੦] ਆਪੇ ਸੇਜ ਭਤਾਰੁ[੨੧] ॥ ੧ ॥ ਰੰਗਿ ਰਤਾ ਮੇਰਾ ਸਾਹਿਬੁ [੨੨]ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ [੨੩]ਜਾਲ ਮਣਕੜਾ ਆਪੇ ਅੰਦਰਿ ਲਾਲੁ[੨੪] ॥ ੨ ॥ ਆਪੇ [੨੫]ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ::ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥ [੨੬]ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ [੨੭]ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥ ੪ ॥ ੨੫ ॥ ਸਿਰੀਰਾਗੁ ਮਹਲਾ ੧ ਘਰੁ ੩ ॥ ਇਹੁ ਤਨੁ ਧਰਤੀ ਬੀਜੁ ਕਰਮਾ ਕਰੋ [੨੮]ਸਲਿਲ ਆਪਾਉ ਸਾਰਿੰਗਪਾਣੀ ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ [੨੯]ਇਉ ਪਾਵਸਿ ਪਦੁ ਨਿਰਬਾਣੀ ॥ ੧ ॥ ∴ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੋ ਸਗਲ ਕਾਲਤ੍ਰ[੩੦] ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ[੩੧] ॥ ਰਹਾਉ ॥ ੦ਬਿਖੈ ਬਿਕਾਰ ਦੁਸਟ ਕਿਰਖਾ[੩੨] ਕਰੇ ਇਨ ਤਜਿ ਆਤਮੈ ਹੋਇ ਧਿਆਈ ॥ ਜਪੁ ਤਪੁ ਸੰਜਮੁ[੩੩] ਹੋਹਿ ਜਬ ਰਾਖੇ ਕਮਲੁ ਬਿਗਸੈ[੩੪] [੩੫]ਮਧੁ ਆਸ੍ਰਮਾਈ ॥ ੨ ॥ :ਬੀਸ ਸਪਤਾਹਰੋ ਬਾਸਰੋ ਸੰਗ੍ਰਹੈ [੩੬]ਤੀਨਿ ਖੋੜਾ ਨਿਤ ਕਾਲੁ ਸਾਰੈ ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥ ੩ ॥ ੨੬ ॥ ਸਿਰੀਰਾਗੁ ਮਹਲਾ ੧ ਘਰੁ ੩ ॥ ਅਮਲੁ ਕਰਿ ਧਰਤੀ

੧ ਖੋਟਾ ਸੌਦਾ ਕਰਨ ਨਾਲ।
੨ ਜਾਨਵਰ, ਹਿਰਨ।
੩ ਬਹੁਤ।
੪ [ਫ਼ਾਰਸੀ 'ਪੋਤਾ'] ਖ਼ਜ਼ਾਨੇ ਵਿੱਚ।
੫ ਖੋਟ ਨਾਲ ਕੋਈ ਕਾਮਯਾਬ ਨਹੀਂ ਹੁੰਦਾ।
੬ ਸ਼ਲਾਘਾ ਵਾਲੇ ਸ਼ਬਦ ਦੁਆਰਾ।
੭ ਤਿੰਨਾਂ ਨੂੰ ਪਾਪਾਂ ਦਾ ਬੋਝ ਜਾਂ ਵਹਿਮ ਨਹੀਂ ਵਿਆਪਦਾ।
੮ ਬਹੁਤਾ।
੯ ਵਿੱਚ।
੧੦ ਫੁੱਲ।
੧੧ ਪਰਾਹੁਣੇ।
੧੨ [ਸਿੰਧੀ] ਜਾਣ ਵਾਲੇ, ਬਿਨਸਨਹਾਰ।
੧੩ ਜਦ ਤੋੜੀ ਜੁਆਨੀ ਨਵੇਂ ਹੁਲਾਰੇ ਵਾਲੀ ਹੈ; ਚੜ੍ਹਦੀ ਜੁਆਨੀ ਹੈ।
੧੪ [ਗੁਜਰਾਤੀ] ਕਬਰਿਸਤਾਨ ਵਿੱਚ। "ਜਾਇ ਸੁਤੇ ਜੀਰਾਣ ਮਹਿ" (ਫਰੀਦ)।
੧੫ ਪੇਕੇ ਘਰ ਵਿੱਚ।
੧੬ [ਵਿਰਾਤ੍ਰੀ, ਰਾਤ ਤੋਂ ਬਿਨਾਂ] ਦਿਹੁੰ ਦੀਵੀਂ।
੧੭ ਗੰਢੜੀ।
੧੮ ਰਸੀਲਾ, ਜਿਸ ਵਿੱਚ ਰਸ ਹੋਵੇ।
੧੯ ਭੋਗਣ ਵਾਲਾ।
੨੦ ਚੋਲੀ=ਇਸਤਰੀ।
੨੧ ਪਤੀ।
੨੨ ਰਮਿਆ ਹੋਇਆ, ਵਿਆਪਕ।
੨੩ ਜਾਲ ਦਾ ਮਣਕਾ। ਜਾਲ ਨੂੰ ਭਾਰਾ ਕਰਨ ਲਈ ਉਹਦੇ ਨਾਲ ਲੋਹੇ ਦੇ ਮਣਕੇ ਬੱਧੇ ਹੁੰਦੇ ਹਨ, ਤਾਂ ਕਿ ਉਹ ਪਾਣੀ ਵਿੱਚ ਡੁੱਬਿਆ ਰਹੇ।
੨੪ ਲਾਲ ਰੰਗ ਦਾ ਰਤਨ ਜੋ ਕਈ ਵਾਰੀ (ਪੁਰਾਣੀਆਂ ਕਹਾਣੀਆਂ ਮੁਤਾਬਕ) ਮੱਛੀ ਦੇ ਪੇਟ ਵਿੱਚੋਂ ਨਿਕਲ ਪੈਂਦਾ ਹੈ।
੨੫ ਕਈ ਤਰ੍ਹਾਂ ਦੇ ਚੋਜ ਕਰਨ ਵਾਲਾ।
੨੬ ਨਿਮ੍ਰ ਹੋ ਕੇ ਕਹਿੰਦਾ ਹੈ ਨਾਨਕ।
੨੭ ਕਮੀਆਂ ਪਾਣੀ ਦਾ ਇਕ ਬੂਟਾ ਹੈ, ਜਿਸ ਦਾ ਫੁੱਲ ਰਾਤ ਨੂੰ ਖਿੜਦਾ ਹੈ। ਕੰਵਲ ਦਾ ਫੁੱਲ ਦਿਨ ਨੂੰ ਖਿੜਦਾ ਹੈ। ਵਾਹਿਗੁਰੂ ਇਨ੍ਹਾਂ ਨੂੰ ਵੇਖ ਕੇ ਖੁਸ਼ ਹੁੰਦਾ ਹੈ (ਵਿਗਸੁ); ਭਾਵ ਇਹ ਕਿ ਉਹ ਆਪ ਹੀ ਸੂਰਜ ਹੈ ਤੇ ਆਪ ਹੀ ਚੰਨ।
੨੮ ਸਲਿਲ=ਪਾਣੀ, ਆਪਾਉ=ਸਿੰਚਨ, ਸਿੰਜਣ ਦਾ ਕੰਮ। ਸਾਰਿੰਗਪਾਣੀ=ਸਾਰੰਗਪਾਣਿ=ਧਰਤੀ ਹੈ ਜਿਸ ਦੇ ਹੱਥ, ਵਾਹਿਗੁਰੂ। ਅਰਥ-ਵਾਹਿਗੁਰੂ (ਦੇ ਨਾਮ) ਦੀ ਆਬਪਾਸ਼ੀ ਕਰੋ, ਨਾਮ ਦਾ ਜਲ ਸਿੰਜੋ।
੨੯ ਇਉਂ ਪਾਓਗੇ ਨਿਰਬਾਣ ਪਦ ਜਾਂ ਮੁਕਤੀ।
੩੦ ਇਸਤਰੀ।
੩੧ ਸਹਾਈ।
੩੨ ਗੁਡਾਈ, ਨਦੀਣਾ।
੩੩ ਵਿਕਾਰਾਂ ਵੱਲੋਂ ਰੋਕ।
੩੪ ਖਿੜਦਾ ਹੈ।
੩੫ ਰਸ (ਸ਼ਹਦ) ਚੋਂਦਾ ਹੈ, ਟਪਕਦਾ ਹੈ।
੩੬ ਕਾਲ ਦੇ ਬ੍ਰਿਛ ਦੀਆਂ ਤਿੰਨ ਮੋਰੀਆਂ, ਜਿਨ੍ਹਾਂ ਵਿੱਚ ਸਮੇਂ ਦਾ ਪੰਖੇਰੂ ਰਹਿੰਦਾ ਹੈ-ਬਾਲ, ਜੁਆਨੀ ਤੇ ਬਿਧ ਅਵਸਥਾ।

* ਦੇਖੋ ਪੰਨਾ ੧੪, ਫੁਟ ਨੋਟ †।

† ਪਾਣੀ ਵਿੱਚ ਉੱਗਦੀ ਚੋਪੱਤੀ ਦੇ ਪੱਤਰਾਂ ਵਾਂਗ ਮੁਰਝਾ ਕੇ ਖੁਸ਼ਕ ਹੋ ਕੇ ਨਾਸ ਹੋ ਜਾਣ ਵਾਲੇ ਹਨ।

‡ ਮੈਂ ਭੀ ਦੋ-ਚਿਤੀ (ਡੁਮਣੀ=ਦੋ ਮਨੀ) ਉਥੇ ਹੀ ਜਾਵਾਂਗੀ, ਜੋ ਹੁਣ ਉਨ੍ਹਾਂ ਨੂੰ ਧੀਮੀਂ ਆਵਾਜ਼ ਨਾਲ ਰੋ ਰਹੀ ਹਾਂ।

§ ਹੇ ਸੁੰਦਰ ਇਸਤਰੀ (ਭਾਵ ਜੀਵ)! ਤੂੰ ਆਪਣੇ ਕੰਨਾਂ ਨਾਲ (ਭਾਵ ਧਿਆਨ ਨਾਲ) ਕਿਉਂ ਨਹੀਂ ਇਹ ਖ਼ਬਰ ਸੁਣਦੀ ਕਿ ਤੂੰ ਸਹੁਰੇ (ਪ੍ਰਲੋਕ ਨੂੰ) ਚਲਾ ਜਾਣਾ ਹੈ, ਇਥੇ ਪੇਕੇ ਘਰ ਸਦਾ ਨਹੀਂ ਬੈਠ ਰਹਿਣਾ।

¶ ਜਿਹੜੀ ਇਸਤਰੀ ਪੇਕੇ (ਇਸ ਲੋਕ ਵਿੱਚ) ਗਾਫ਼ਲ ਹੋ ਕੇ ਸੁੱਤੀ ਰਹੀ, ਉਸ ਨੂੰ ਇਉਂ ਸਮਝੋ ਕਿ ਦਿਹੁੰ ਦੀਵੀਂ ਸੰਨ੍ਹ ਲੱਗ ਗਈ।

:: ਉਹ ਪ੍ਰੇਮ-ਰੱਤੀਆਂ ਨੂੰ ਰੋਜ਼ ਭੋਗਦਾ ਹੈ, ਪਰ ਦੇਖੋ ਸਾਡਾ (ਦੁਹਾਗਣਾਂ ਦਾ) ਹਾਲ (ਕਿ ਸਾਡੇ ਨੇੜੇ ਵੀ ਨਹੀਂ ਆਉਂਦਾ)!

ºº ਕਾਹਨੂੰ ਹੰਕਾਰ ਕਰਦਾ ਹੈਂ, ਹੇ ਮੂਰਖ! ਮਾਇਆ ਦਾ।

° ਵਿਸ਼ੇ ਵਿਕਾਰਾਂ ਦੇ ਮਾੜੇ ਬੂਟਿਆਂ ਨੂੰ ਪੁੱਟ ਬਾਹਰ ਸੁੱਟੋ, ਅਤੇ ਉਨ੍ਹਾਂ ਨੂੰ ਛੱਡ ਕੇ ਆਤਮਾ ਅੰਦਰ (ਇਕਾਗਰ) ਹੋ ਕੇ ਸਿਮਰਨ ਕਰੋ।

º ਵੀਹਾਂ (੫ ਸੂਖਮ ਤੇ ੫ ਸਥੂਲ ਤੱਤ+ਗਿਆਨ ਤੇ ਪੰਜ ਕਰਮ ਇੰਦਰੇ) ਅਤੇ ਸੱਤਾਂ (ਪੰਜ ਪ੍ਰਾਣ+ਮਨ+ਬੁੱਧੀ) ਦੇ ਨਿਵਾਸ ਅਸਥਾਨ (ਬਾਸਰੋ), ਅਰਥਾਤ ਦੇਹ, ਨੂੰ ਇਕੱਠਾ ਕਰੇ, ਅਰਥਾਤ ਵੱਸ ਕਰੇ, ਅਤੇ ਤਿੰਨਾਂ ਅਵਸਥਾਂ (ਬਾਲ, ਜਵਾਨੀ ਤੇ ਬੁਢੇਪੇ) ਵਿੱਚ ਕਾਲ ਨੂੰ ਯਾਦ ਰੱਖੇ। ਦਸਾਂ ਦਿਸ਼ਾਂ ਅਤੇ ਅਠਾਰਾਂ ਭਾਰ ਵਾਲੀ ਬਨਸਪਤੀ, ਭਾਵ ਕੁਦਰਤ, ਵਿੱਚ ਬੇਅੰਤ ਵਾਹਿਗੁਰੂ ਨੂੰ ਜਾਣੇ, ਤਾਂ ਇਉਂ ਉਹ ਇਕ ਵਾਹਿਗੁਰੂ ਤਾਰ ਦੇਵੇਗਾ।

ਬੀਜੁ ਸਬਦੋ ਕਰਿ ਸਚ ਕੀ ਆਬ[੧] ਨਿਤ ਦੇਹਿ ਪਾਣੀ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ *ਭਿਸਤੁ ਦੋਜਕੁ ਮੂੜੇ ਏਵ ਜਾਣੀ॥ ੧॥ [੨]ਮਤੁ ਜਾਣ ਸਹਿ ਗਲੀ ਪਾਇਆ॥ [੩]ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥ ੧॥ ਰਹਾਉ॥ [੪]ਐਬ ਤਨਿ ਚਿਕੜੋ ਇਹੁ ਮਨੁ [੫]ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ॥ ਭਉਰੁ ਉਸਤਾਦੁ[੬] ਨਿਤ ਭਾਖਿਆ[੭] ਬੋਲੇ ਕਿਉ ਬੂਝੈ ਜਾ ਨਹ ਬੁਝਾਈ॥ ੨॥ ਆਖਣੁ ਸੁਨਣਾ [੮]ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ॥ †ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ॥ ੩॥ ‡ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ॥ ੪॥ ੨੭॥ ਸਿਰੀਰਾਗੁ ਮਹਲਾ ੧ ਘਰੁ ੪॥ ਸੋਈ ਮਉਲਾ[੯] ਜਿਨਿ ਜਗੁ ਮਉਲਿਆ[੧੦] ਹਰਿਆ ਕੀਆ ਸੰਸਾਰੋ॥ [੧੧]ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥ ੧॥ ਮਰਣਾ ਮੁਲਾ ਮਰਣਾ॥ ਭੀ ਕਰਤਾਰਹੁ ਡਰਣਾ॥ ੧॥ ਰਹਾਉ॥ ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ॥ §ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ॥ ੨॥ ਸੋਈ ਕਾਜੀ ਜਿਨਿ ਆਪੁ ਤਜਿਆ[੧੨] ਇਕੁ ਨਾਮੁ ਕੀਆ ਆਧਾਰੋ[੧੩]॥ ਹੈ ਭੀ ਹੋਸੀ [੧੪]ਜਾਇ ਨ ਜਾਸੀ ਸਚਾ ਸਿਰਜਣਹਾਰੋ॥ ੩॥ ਪੰਜ ਵਖਤ [੧੫]ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥ ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥ ੪॥ ੨੮॥ ¶ਸਿਰੀਰਾਗੁ ਮਹਲਾ ੧ ਘਰੁ ੪॥ ਏਕੁ ਸੁਆਨੁ[੧੬] ਦੁਇ ਸੁਆਨੀ[੧੭] ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ[੧੮]॥ ਕੂੜੁ ਛੁਰਾ [੧੯]ਮੁਠਾ ਮੁਰਦਾਰੁ॥ ਧਾਣਕ[੨੦] ਰੂਪਿ ਰਹਾ ਕਰਤਾਰ॥ ੧॥ ::ਮੈ ਪਤਿ ਕੀ ਪੰਦਿ[੨੧] ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ[੨੨]॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ[੧੩]॥ ੧॥ ਰਹਾਉ॥ ਮੁਖਿ ਨਿੰਦਾ ਆਖਾ ਦਿਨੁ ਰਾਤਿ॥ ⁘ਪਰ ਘਰੁ ਜੋਹੀ ਨੀਚ ਸਨਾਤਿ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥ ੨॥ ੦ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥ ਖਰਾ[੨੩] ਸਿਆਣਾ ਬਹੁਤਾ ਭਾਰੁ[੨੪]॥ ਧਾਣਕ ਰੂਪਿ ਰਹਾ ਕਰਤਾਰ॥ ੩॥ ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥ ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥ ੪॥ ੨੯॥ ਸਿਰੀਰਾਗੁ ਮਹਲਾ ੧ ਘਰੁ ੪॥ ⁖ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ[੨੫] ਕੋਇ ਨ ਕੀਅ॥ ਜੇਹੀ ਸੁਰਤਿ ਤੇਹਾ ਤਿਨ

੧ ਸ਼ੁਹਰਤ, ਸੁਭਾਉ।
੨ ਮਤ ਜਾਣਸੇਂ, ਮਤੇ ਤੂੰ ਜਾਣੇਂ ਕਿ ਇਹ ਗਿਆਨ ਗੱਲਾਂ ਨਾਲ ਮਿਲ ਜਾਂਦਾ ਹੈ।
੩ ਧਨ ਦੇ ਮਾਣ ਵਿੱਚ ਤੇ ਰੂਪ ਦੀ ਉਸਤਤੀ ਕਰਦਿਆਂ ਕਰਦਿਆਂ।
੪ ਔਗੁਣ ਸਰੀਰ ਵਿੱਚ ਚਿੱਕੜ ਹਨ।
੫ ਡੱਡੂ ਹੈ, ਜਿਸ ਨੂੰ ਕੋਲ ਹੀ ਉੱਗੇ ਕੰਵਲ (ਆਤਮਕ-ਗਿਆਨ) ਦੀ ਬਿਲਕੁਲ ਖ਼ਬਰ ਹੀ ਨਹੀਂ।
੬ ਗੁਰੂ।
੭ ਬਾਣੀ, ਉਪਦੇਸ਼।
੮ ਹਵਾ ਦੀ ਅਵਾਜ਼ ਵਾਕੁਰ ਵਿਅਰਥ ਜਾਣਦਾ ਹੈ।
੯ ਮਾਲਕ।
੧੦ ਪ੍ਰਫੁੱਲਤ ਕੀਤਾ ਹੈ।
੧੧ (ਰਚਨਾ ਵਿੱਚ) ਪਾਣੀ, ਮਿੱਟੀ ਆਦਿ ਤੱਤਾਂ ਨੂੰ ਜਿਸ ਨੇ ਜੋੜ ਕੇ ਰੱਖਿਆ ਹੈ, ਧੰਨ ਹੈ ਉਹ ਕਰਤਾਰ।
੧੨ ਛੱਡਿਆ।
੧੩ ਆਸਰਾ।
੧੪ ਇਹ ਰਚਨਾ ਨਾਸ ਹੋ ਜਾਏਗੀ, ਤਾਂ ਭੀ ਉਹ ਨਾਸ ਨਹੀਂ ਹੋਵੇਗਾ।
੧੫ ਨਮਾਜ਼ ਪੜ੍ਹਦਾ ਹੈਂ।
੧੬ ਕੁੱਤਾ (ਲੋਭ ਰੂਪ)।
੧੭ (ਆਸ਼ਾ ਤ੍ਰਿਸ਼ਨਾ ਰੂਪ) ਕੁੱਤੀਆਂ।
੧੮ ਸਵੇਰੇ।
੧੯ ਠੱਗ ਖਾਧਾ ਮੁਰਦਾਰ ਵਤ ਹੈ।
੨੦ [ਧਨੁਖ ਧਾਰੀ] ਸਾਂਸੀ ਆਦਿ ਜੰਗਲੀ ਲੋਕ ਜੋ ਡਰਾਉਣੀ (ਬਿਕਰਾਲ) ਸ਼ਕਲ ਵਾਲੇ ਹੁੰਦੇ ਹਨ ਅਤੇ ਕੁੱਤੇ, ਛੁਰੇ ਲੈ ਕੇ ਸ਼ਿਕਾਰ ਨੂੰ ਜਾਂਦੇ ਹਨ। ਚੋਰੀ ਠੱਗੀ ਬਹੁਤ ਕਰਦੇ ਹਨ। ਅੱਜ ਕਲ੍ਹ ਭੀ ਇਨ੍ਹਾਂ ਨੂੰ ਜਰਾਇਮ-ਪੇਸ਼ਾ ਲੋਕ ਗਿਣਿਆ ਜਾਂਦਾ ਹੈ।
੨੧ [ਫ਼ਾਰਸੀ] ਨਸੀਹਤ, ਸਿੱਖਿਆ।
੨੨ ਬਹੁਤ ਭਿਆਨਕ।
੨੩ ਬਹੁਤਾ।
੨੪ ਪਾਪਾਂ ਦਾ ਭਾਰ।
੨੫ ਬਿਨਾਂ।

* ਹੇ ਮੂਰਖ! ਸੁਰਗ ਜਾਂ ਨਰਕ ਦਾ ਗਿਆਨ ਇਉਂ ਸਮਝ-ਇਹ ਸਮਝ, ਨਿਰੀਆਂ ਗੱਲਾਂ ਨਾਲ ਨਹੀਂ ਆਉਂਦੀ। ਉੱਪਰ ਦੱਸੀ ਅਮਲੀ ਜ਼ਿੰਦਗੀ ਦੀ ਲੋੜ ਹੈ। ਦੇਖੋ ਰਹਾਉ ਦੀ ਪਹਿਲੀ ਤੁੱਕ।

† ਮਾਲਕ ਦੀ ਮਿਹਰ ਦੀ ਨਜ਼ਰ ਉਨ੍ਹਾਂ ਉੱਤੇ ਹੀ ਹੈ ਅਤੇ ਉਹੋ ਉਸ ਦੇ ਦਿਲ-ਪਸੰਦ ਹਨ।

‡ ਤੂੰ ਤੀਹ ਰੋਜ਼ੇ ਰੱਖੇ ਅਤੇ ਪੰਜ ਨਮਾਜ਼ਾਂ ਸਾਥੀ ਬਣਾ ਕੇ ਪੜ੍ਹੀਆਂ, ਪਰ ਦੇਖੀਂ ਜਿਸ ਦਾ ਨਾਂ ਸ਼ੈਤਾਨ ਹੈ, ਉਹ ਮਤੇ ਇਸ ਸਾਰੀ ਕਰਨੀ ਦੇ ਅਸਰ ਨੂੰ ਕੱਟ ਜਾਵੇ, ਭਾਵ ਦੇਖੀਂ ਮਤੇ ਨਿਰੀ ਸ਼ਰ੍ਹਾ ਹੀ ਪੂਰੀ ਕਰਦਾ ਰਹੇਂ ਤੇ ਦਿਲੋਂ ਸ਼ੈਤਾਨੀਆਂ ਨਾ ਛੱਡੇਂ। ਤੂੰ ਤਾਂ ਮੌਤ ਦੇ ਰਸਤੇ ਪੈ ਕੇ ਇਥੋਂ ਟੁਰ ਜਾਣਾ ਹੈ, ਫਿਰ ਦੌਲਤ ਕਾਹਨੂੰ ਇਕੱਠੀ ਕੀਤੀ ਊ?

§ ਕੋਈ ਭਾਵੇਂ ਕਿਤਨਾ ਬਹੁਤ ਵਿਦਵਾਨ ਹੋਵੇ, ਜਦ ਉਸ ਦੇ ਸੁਆਸਾਂ ਦੀ ਪਾਈ ਭਰੀ ਜਾਵੇ, ਤਾਂ ਉਹ ਜਹਾਨ ਵਿੱਚ ਨਹੀਂ ਰਹਿੰਦਾ। ਪਾਈ=ਪਨੰਘੜੀ ਜਿਸ ਦੇ ਥੱਲੇ ਵਿੱਚ ਛੇਕ ਹੁੰਦਾ ਹੈ। ਜਦ ਉਸ ਵਿੱਚ ਪਾਣੀ ਭਰ ਜਾਂਦਾ ਹੈ, ਤਾਂ ਉਹ ਆਪੇ ਪਾਣੀ ਵਿੱਚ ਡੁੱਬ ਜਾਂਦੀ ਹੈ।

¶ ਇਸ ਸ਼ਬਦ ਵਿੱਚ ਗੁਰੂ ਜੀ ਵਾਹਿਗੁਰੂ ਨੂੰ ਕਹਿੰਦੇ ਹਨ ਕਿ ਮੈਂ ਜਦ ਆਪਣੇ ਅੰਦਰਲੇ ਔਗੁਣ ਦੇਖਦਾ ਹਾਂ ਤਾਂ ਮੇਰੀਆਂ ਅੱਖਾਂ ਅੱਗੇ ਇਕ ਡਰਾਉਣੇ ਸਾਂਸੀ ਦਾ ਰੂਪ ਆ ਜਾਂਦਾ ਹੈ।

:: ਮੈਂ ਨਾ ਇੱਜ਼ਤ ਲੈਣ ਵਾਲੀ ਕੋਈ ਸਿੱਖਿਆ ਲਈ ਹੈ, ਨਾ ਕੋਈ ਕਰਨ ਜੋਗ ਕੰਮ ਕੀਤਾ ਹੈ। ਮੈਂ ਤਾਂ ਮਨੁੱਖ ਦੇ ਵਿਗੜੇ ਹੋਏ ਰੂਪ ਵਿੱਚ ਡਾਢਾ ਡਰਾਉਣਾ ਹੋ ਕੇ ਰਹਿੰਦਾ ਹਾਂ।

⁘ ਮੈਂ ਨੀਚਾਂ ਸਾਂਸੀਆਂ ਵਾਂਗ ਪਰਾਇਆ ਘਰ (ਚੋਰੀ ਕਰਨ ਲਈ) ਤਾੜਦਾ ਰਹਿੰਦਾ ਹਾਂ।

○ ਵਿੱਚੋਂ ਧਿਆਨ ਮੇਰਾ ਲੋਕਾਂ ਨੂੰ ਫਾਹੁਣ ਵਿੱਚ ਹੈ, ਪਰ ਉੱਤੋਂ ਵੇਸ ਬੜਾ ਕੋਮਲ ਜਿਹਾ ਬਣਾ ਰਖਿਆ ਹੈ। ਮੈਂ ਠੱਗ ਹਾਂ, ਤੇ ਦੇਸ਼ ਨੂੰ ਠੱਗਦਾ ਹਾਂ।

⸰ ਇਕੋ ਸੋਝੀ, ਗਿਆਤ। ਜਿਤਨੇ ਜੀਵ ਹਨ, ਉਨ੍ਹਾਂ ਅੰਦਰ ਅਪਣੀਅਤ ਦੀ ਸੋਝੀ ਇਕੋ ਹੈ। ਇਸ ਸੋਝੀ ਤੋਂ ਬਿਨਾਂ ਕੋਈ ਨਹੀਂ ਬਣਾਇਆ ਗਿਆ। ਜਿਸ ਤਰ੍ਹਾਂ ਦੀ ਕਿਸੇ ਦੀ ਸੋਝੀ ਹੁੰਦੀ ਹੈ। (ਉੱਚੀ ਬਿਰਤੀ ਵਾਲੀ ਜਾਂ ਨੀਵੀਂ ਤਰ੍ਹਾਂ ਦੀ) ਉਸੇ ਤਰ੍ਹਾਂ ਦੀ ਉਸ ਦੀ ਰਹਿਣੀ ਬਹਿਣੀ ਹੁੰਦੀ ਹੈ। ਇਸ ਰਹਿਣੀ ਨੂੰ ਇਕੋ ਹਿਸਾਬ ਨਾਲ ਮਾਪ ਕੇ ਮਨੁੱਖ ਨੂੰ ਆਵਾਗਉਣ ਦੇ ਗੇੜ ਵਿੱਚ ਭੇਜਿਆ ਜਾਂਦਾ ਹੈ।

ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥ ੧ ॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥ ੧ ॥ ਰਹਾਉ ॥ ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ[੧] ॥ ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥ ੨ ॥ ਅਸੀ ਬੋਲਵਿਗਾੜ[੨] ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥ *ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥ ੩ ॥ ਪ੍ਰਣਵਤਿ[੩] ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ [੪]ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥ ੪ ॥ ੩੦ ॥ ਸਿਰੀਰਾਗੁ ਮਹਲਾ ੧ ਘਰੁ ੪ ॥ ਤੂ ਦਰੀਆਉ [੫]ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ[੬] ॥ ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥ ੧ ॥ ਨ ਜਾਣਾ ਮੇਉ[੭] ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ[੮] ॥ ੧ ॥ ਰਹਾਉ ॥ ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ †ਤੇਰੈ ਕੰਮਿ ਨ ਤੇਰੈ ਨਾਇ ॥ ੨ ॥ ਜੇਤਾ ਦੇਹਿ ਤੇਤਾ ਹਉ ਖਾਉ ॥ [੯]ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ [੧੦]ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩ ॥ ਆਪੇ ਨੇੜੈ ਦੂਰਿ ਆਪੇ ਹੀ ਆਪੇ [੧੧]ਮੰਝਿ ਮਿਆਨੋੁ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥ ੪ ॥ ੩੧ ॥ ਸਿਰੀਰਾਗੁ ਮਹਲਾ ੧ ਘਰੁ ੪ ॥ ‡ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥ §ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥ ੧ ॥ ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ[੧੨] ॥ ੧ ॥ ਰਹਾਉ ॥ ¶ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥ ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥ ੨ ॥ ::ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥ ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ [੧੩]ਨਾਹੀ ਸਾਬਾਸਿ ॥ ੩ ॥ ੩੨ ॥ ਸਿਰੀਰਾਗੁ ਮਹਲਾ ੧ ਘਰੁ ੫ ॥ ∷ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥ ੧ ॥ [੧੪]ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥ ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥ ੨ ॥ ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥ ਇਤੁ ਤਨਿ ਲਾਗੈ ਬਾਣੀਆ[੧੫] ॥ ਸੁਖੁ ਹੋਵੈ

੧ ਗੁੱਸੇ ਹੁੰਦਾ ਹੈਂ।

੨ ਬਕਬਾਦੀ। ਅਸੀਂ ਬਕਵਾਸ ਕਰਨ ਵਾਲੇ ਗੱਲਾਂ ਵਿਗਾੜਦੇ ਹਾਂ, ਭਾਵ ਕੁਬੋਲ ਬੋਲਦੇ ਹਾਂ। 'ਵਿਗਾੜਹ' ਦੇ ਅੰਤ 'ਹ' ਮੁਕਤਾ ਕਿਉਂ ਹੈ? ਅਤੇ ਅਗਲੀ ਤੁਕ ਵਿੱਚ 'ਤੋਲਹਿ' ਦੇ ਅੰਤ ਸਿਹਾਰੀ ਵਾਲਾ 'ਹ' ਕਿਉਂ ਹੈ? ਦੇਖੋ ਨੇਮ ੧੫ ਅਤੇ ਇਸ ਦਾ ਨੋਟ।

੩ ਬੇਨਤੀ ਕਰਦਾ ਹੈ।

੪ ਗੁਰੂ ਦੀ ਕਿਰਪਾ ਦੁਆਰਾ।

੫ [ਫ਼ਾਰਸੀ] ਜਾਣਨ ਵਾਲਾ ਅਤੇ ਦੇਖਣ ਵਾਲਾ।

੬ ਲਖਾਂ, ਸਮਝਾਂ।

੭ ਮਾਹੀਗੀਰ, ਮਾਛੀ, ਭਾਵ ਜਮ।

੮ ਸਮ੍ਹਾਰੀਂ, ਯਾਦ ਕਰਦੀ ਹਾਂ।

੯ ਦੂਜਾ ਦੁਆਰਾ, ਹੋਰ ਘਰ।

੧੦ ਜੀਵ ਤੇ ਸਰੀਰ ਸਭ ਤੇਰੇ ਹਵਾਲੇ ਹੈ।

੧੧ ਵਿੱਚ ਵਿਚਾਲੇ।

੧੨ ਕੱਚਿਆਂ ਦਾ ਕੱਚਾ ਹੈ।

੧੩ ਵਾਹਿਗੁਰੂ ਦੇ ਹਜ਼ੂਰ ਸ਼ਾਬਾਸ਼ ਨਹੀਂ ਮਿਲਦੀ।

੧੪ ਭਾਵ ਇਹ ਕਿ ਅੰਦਰ ਦੀ ਲਗਨ ਨਾ ਹੋਣ ਦੇ ਕਾਰਨ ਮਨੁੱਖ ਦਾ ਦਿਲ ਕਿਵੇਂ ਸੁਚੇਤ ਹੋ ਕੇ ਰਹੇ? ਉੱਤਰ—ਧਾਰਮਕ ਪੁਸਤਕਾਂ ਦੀ ਸਿੱਖਿਆ ਦਾ ਤੇਲ, ਡਰ ਦੀ ਵੱਟੀ ਅਤੇ ਸੱਚੇ ਗਿਆਨ ਦੀ ਅੱਗ ਲੈ ਕੇ ਬਾਲੀਏ ਤਾਂ ਜ਼ਿੰਦਗੀ ਦਾ ਦੀਵਾ ਬਲਦਾ ਹੈ।

੧੫ ਗੁਰ ਉਪਦੇਸ਼।

* ਜਿਥੇ ਅਮਲ ਚੰਗੇ ਹਨ, ਉਥੇ ਸਿਆਣਪ ਪੂਰੀ ਹੈ, ਅਮਲਾਂ ਬਿਨਾਂ ਘਟੀਅਲ ਕੰਮ ਹੈ।

† ਨਾ ਤੇਰੇ ਕਿਸੇ ਕੰਮ ਜੋਗੀ ਹਾਂ, ਅਤੇ ਨਾ ਤੇਰੇ ਨਾਮ ਵਿੱਚ ਹਾਂ, ਅਰਥਾਤ ਨਾ ਤੇਰੇ ਨਾਮ ਨੂੰ ਉਜਾਗਰ ਕਰਨ ਵਾਲੀ ਹਾਂ।

‡ ਕੀਤਾ ਹੋਇਆ ਜੀਵ ਆਪਣੇ ਮਨ ਵਿੱਚ ਕੀ ਅਭਿਮਾਨ ਕਰ ਸਕਦਾ ਹੈ?

§ ਜੋ ਦੇਵੇ ਤਾਂ ਵੀ ਉਹੀ। (ਉਸ ਤੋਂ ਬਿਨਾਂ ਹੋਰ ਕੌਣ ਹੈ ਜੋ ਦੇਣ ਦੀ ਜਾਂ ਨਾ ਦੇਣ ਦੀ ਸਮਰੱਥਾ ਰੱਖਦਾ ਹੈ?) ਕੀਤੇ ਹੋਏ ਦੇ ਕਹਿਣ ਨਾਲ ਕੀ ਹੋ ਸਕਦਾ ਹੈ?

¶ ਜਿਸ ਮਾਲੀ ਦੇ ਦਰੱਖ਼ਤ ਬੂਟੇ ਹੁੰਦੇ ਹਨ, ਉਹੋ ਉਨ੍ਹਾਂ ਨੂੰ ਅਰਾਸਤਾ ਕਰਦਾ ਜਾਂ ਸੰਵਾਰਦਾ ਹੈ, ਅਤੇ ਜਿਸ ਤਰ੍ਹਾਂ ਦੀ ਜਿਸ ਬੂਟੇ ਦੀ ਅਸਲੀਅਤ ਹੁੰਦੀ ਹੈ, ਉਹੋ ਜਿਹਾ ਉਸ ਦਾ ਨਾਂ ਪੈ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖ ਦੀ ਜ਼ਿੰਦਗੀ ਦੇ ਬੂਟੇ ਨਾਲ ਭੀ ਉਸ ਦੇ ਚੰਗੇ ਮੰਦੇ ਭਾਵ ਅਨੁਸਾਰ ਫ਼ੱਲ ਲੱਗਦਾ ਹੈ ਅਤੇ ਕਰਮਾਂ ਦੇ ਹਿਸਾਬ ਨਾਲ ਫਲ ਲੱਗਦਾ ਹੈ।

:: ਜੇ ਆਪਣੀ ਮੱਤ ਦਾ ਰਾਖਾ ਵਾਹਿਗੁਰੂ ਨੂੰ ਨਾ ਬਣਾਵੀਏ ਤਾਂ ਉਹ ਮੱਤ ਕੱਚੇ ਰਾਜ ਵਾਕੁਰ ਜੋ ਸਾਡੇ ਜੀਵਨ ਦੀ ਕੰਧ ਉਸਾਰੇਗੀ, ਉਹ ਕੱਚੀ ਹੋਵੇਗੀ। ਇਹੋ ਜਿਹੀ ਮੱਤ ਜਿਸ ਵਿੱਚ ਰੱਬ ਦਾ ਪ੍ਰੇਮ ਨਹੀਂ, ਬੇਸੁਆਦੀ ਹੁੰਦੀ ਹੈ। ਵਾਹਿਗੁਰੂ ਜਿਸ ਨੂੰ ਆਪ ਸਵਾਰੇ ਉਹੋ ਰਾਸ ਆਉਂਦਾ ਹੈ।

⁘ ਨਾ ਛਲੀ ਜਾਣ ਵਾਲੀ ਮਾਇਆ ਮਨੁੱਖ ਨੂੰ ਛਲਣ ਲੱਗਿਆਂ ਨਹੀਂ ਛਲ ਸਕਦੀ, ਨਾ ਹੀ ਉਸ ਮਨੁੱਖ ਨੂੰ ਕਟਾਰੀ ਜ਼ਖ਼ਮ ਲਾ ਸਕਦੀ ਹੈ। ਉਹ ਤਿਵੇਂ ਰਹਿੰਦਾ ਹੈ, ਜਿਵੇਂ ਉਸ ਨੂੰ ਮਾਲਕ ਰੱਖਦਾ ਹੈ। ਫਿਰ ਭੀ ਉਹ ਇਸ ਰਖਵਾਲੀ ਉੱਤੇ ਸੰਤੁਸ਼ਟ ਨਾ ਰਹਿੰਦਾ ਹੋਇਆ ਹੋਰ ਲਾਲਚ ਕਰਦਾ ਹੈ, ਅਤੇ ਉਸ ਦਾ ਦਿਲ ਘਾਊਂ-ਮਾਊਂ ਹੁੰਦਾ ਰਹਿੰਦਾ ਹੈ।

ਸੇਵ ਕਮਾਣੀਆ ॥ ਸਭ ਦੁਨੀਆ ਆਵਣ ਜਾਣੀਆ ॥ ੩ ॥ ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ [੧]ਬੈਸਣੁ ਪਾਈਐ ॥ ਕਹੁ ਨਾਨਕ [੨]ਬਾਹ ਲੁਡਾਈਐ ॥ ੪ ॥ ੩੩ ॥

ਸਿਰੀਰਾਗੁ ਮਹਲਾ ੩* ਘਰੁ† ੧ ੴ ਸਤਿਗੁਰ ਪ੍ਰਸਾਦਿ ॥

ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ[੩] ॥ ਸਤਿਗੁਰੁ ਮਨ ਕਾਮਨਾ[੪] ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ ਮਨ ਚਿੰਦਿਆ[੫] ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥ ਨਾਉ ਧਿਆਈਐ ਨਾਉ ਮੰਗੀਐ [੬]ਨਾਮੇ ਸਹਜਿ ਸਮਾਇ ॥ ੧ ॥ ਮਨ ਮੇਰੇ ਹਰਿ ਰਸੁ[੭] ਚਾਖੁ ਤਿਖ[੮] ਜਾਇ ॥ ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥ ੧ ॥ ਰਹਾਉ ॥ ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ [੯]ਨਾਮੁ ਨਿਧਾਨੁ ॥ ਅੰਤਰਿ ਹਰਿ ਰਸੁ [੧੦]ਰਵਿ ਰਹਿਆ [੧੧]ਚੂਕਾ ਮਨਿ ਅਭਿਮਾਨੁ ॥ [੧੨]ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥ ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥ ੨ ॥ ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ[੧੩] ਮਾਰਿ ਕੈ ਹਰਿ ਰਾਖਿਆ ਉਰ ਧਾਰਿ[੧੪] ॥ ਹਉ ਤਿਨ ਕੈ ਬਲਿਹਾਰਣੈ[੧੫] ਜਿਨਾ ਨਾਮੇ ਲਗਾ ਪਿਆਰੁ ॥ ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥ ੩ ॥ ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥ ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥ ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ[੧੬] ॥ ੪ ॥ ੧ ॥ ੩੪ ॥ ਸਿਰੀਰਾਗੁ ਮਹਲਾ ੩ ॥ ਬਹੁ ਭੇਖ ਕਰਿ ਭਰਮਾਈਐ[੧੭] ਮਨਿ ਹਿਰਦੈ ਕਪਟੁ ਕਮਾਇ ॥ ਹਰਿ ਕਾ ਮਹਲੁ[੧੮] ਨ ਪਾਵਈ ਮਰਿ ਵਿਸਟਾ[੧੯] ਮਾਹਿ ਸਮਾਇ ॥ ੧ ॥ ਮਨ ਰੇ ਗ੍ਰਿਹ[੨੦] ਹੀ ਮਾਹਿ ਉਦਾਸੁ ॥ ‡ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥ ੧ ॥ ਰਹਾਉ ॥ ਗੁਰ ਕੈ ਸਬਦਿ ਮਨੁ ਜੀਤਿਆ [੨੧]ਗਤਿ ਮੁਕਤਿ ਘਰੈ ਮਹਿ ਪਾਇ ॥ ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥ ੨ ॥ ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ[੨੨] ਰਾਜੁ ਕਮਾਹਿ ॥ ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥ ੩ ॥ §ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ ॥ ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ

੧ ਬੈਠਣਾ ਮਿਲਦਾ ਹੈ।
੨ ਬਾਂਹ ਹੁਲਾਰੀਏ, ਖੁਸ਼ੀ ਵਿੱਚ।
੩ ਪ੍ਰੇਮ ਨਾਲ।
੪ [ਨੈਮਖਾਰਨਜ ਵਿੱਚ ਦੇ ਇਕ ਤੀਰਥ ਦਾ ਨਾਂ] ਮਨ ਦੀਆਂ ਇੱਛਾਂ ਪੂਰੀਆਂ ਕਰਨ ਵਾਲਾ ਤੀਰਥ।
੫ ਮਨਇੱਛਤ, ਜੇਹਾ ਮਨ ਚਾਹੁੰਦਾ ਸੀ।
੬ ਨਾਮ ਦੁਆਰਾ ਹੀ ਸਹਜ ਅਵਸਥਾ ਵਿੱਚ ਲੀਨ ਹੋਈਦਾ ਹੈ। 'ਸਹਜ'= ਆਤਮਾ ਦੀ ਉਹ ਹਾਲਤ ਜੋ ਤਿਹਾਂ ਗੁਣਾਂ ਤੋਂ ਉੱਚੀ, ਪੂਰਨ ਗਿਆਨ ਵਾਲੀ ਹੁੰਦੀ ਹੈ, ਜਿਥੇ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲੀ ਰੂਪ ਵਿੱਚ ਟਿਕ ਜਾਂਦਾ ਹੈ।
੭ ਨਾਮ।
੮ ਤੇਹ, ਪਿਆਸ, ਤ੍ਰਿਸ਼ਨਾ।
੯ ਨਾਮ ਰੂਪੀ ਖ਼ਜ਼ਾਨਾ।
੧੦ ਰਮਿਆ ਜਾਂ ਸਿੰਜਰਿਆ ਹੋਇਆ।
੧੧ ਦੂਰ ਹੋਇਆ ਮਨ ਵਿੱਚੋਂ ਹੰਕਾਰ।
੧੨ ਮਨ ਵਿੱਚ ਸੁਰਤ ਦਾ ਕੰਵਲ ਖਿੜ ਪਿਆ, ਅਤੇ ਧਿਆਨ ਸਹਜ ਅਵਸਥਾ ਵਿੱਚ ਲੱਗ ਗਿਆ।
੧੩ ਮੇਰਾ-ਪਣ, ਆਪਣੀਆਂ ਚੀਜ਼ਾਂ ਨਾਲ ਸਨੇਹ।
੧੪ ਰਿਦੇ ਵਿੱਚ ਧਾਰ ਰੱਖਿਆ ਹੈ।
੧੫ ਕੁਰਬਾਨ ਹਾਂ।
੧੬ ਗੁਣਾਂ ਦਾ ਭਾਂਡਾ, ਗੁਣਾਂ ਦਾ ਸੰਗ੍ਰਹ।
੧੭ ਦੇਸ਼ ਦੇਸ਼ਾਂਤਰਾਂ ਵਿੱਖ ਭੰਵੀਏ।
੧੮ [ਅਰਬੀ] ਨਿਵਾਸ ਅਸਥਾਨ, ਭਾਵ ਵਾਹਿਗੁਰੂ ਦਾ ਦਰਸ਼ਨ, ਮੇਲ।
੧੯ ਗੰਦਗੀ, ਮੂੰਹ, ਗਰਭ ਜੋਨਿ।
੨੦ ਘਰ, ਗ੍ਰਿਹਸਥ।
੨੧ ਗਤੀ ਅਤੇ ਮੁਕਤੀ। ਜਿਸ ਨੂੰ ਪ੍ਰਾਪਤੀ ਜਾਂ ਮੁਕਤੀ ਕਹਿੰਦੇ ਹਨ, ਉਹ ਘਰ ਵਿੱਚ ਹੀ ਮਿਲ ਜਾਂਦੀ ਹੈ।
੨੨ ਨਵਾਂ ਖੰਡਾਂ ਦਾ, ਸਾਰੀ ਦੁਨੀਆਂ ਦਾ।

* ਦੇਖੋ ਪੰਨਾ ੧੪, ਫੁਟ ਨੋਟ ।

† ਇਥੋਂ ਲੈ ਕੇ ਅਗਲੇ "੧ੴ ਸਤਿਗੁਰ ਪ੍ਰਸਾਦਿ" ਤੱਕ ਮਜ਼ਮੂਨ "ਗੁਰੂ ਦਾ ਵਸੀਲਾ ਢੂੰਢਣ ਦੀ ਲੋੜ" ਹੈ। ਭਾਵੇਂ ਤੀਜੀ ਪਾਤਸ਼ਾਹੀ ਦੇ ਸ਼ਬਦਾਂ ਤੋਂ ਉਪਰੰਤ ਚੌਥੀ ਤੇ ਪੰਜਵੀਂ ਪਾਤਸ਼ਾਹੀ ਦੇ ਸ਼ਬਦ ਭੀ ਆਏ ਹਨ; ਪਰ ਮਜ਼ਮੂਨ ਨਹੀਂ ਬਦਲਦਾ।

‡ ਸਚਾਈ ਤੇ ਪਰਹੇਜ਼ਗਾਰੀ ਵਾਲੀ ਕਰਣੀ ਉਹੋ ਕਰਦਾ ਹੈ, ਜਿਸ ਨੂੰ ਗੁਰੂ ਦੁਆਰੇ ਚਾਨਣਾ (ਗਿਆਨ) ਹੋ ਜਾਂਦਾ ਹੈ।

§ ਜਿਨ੍ਹਾਂ ਨੇ ਗੁਰੂ ਦੇ ਚਰਨਾਂ ਵਿੱਚ ਦਿਲ ਲਾ ਕੇ ਹਰੀ ਦੇ ਨਾਮ ਦਾ ਹਾਰ ਗਲੇ ਵਿੱਚ ਪਹਿਨਿਆ ਹੈ, ਉਨ੍ਹਾਂ ਦੇ ਪਿੱਛੇ ਕਰਾਮਾਤੀ ਸ਼ਕਤੀਆਂ ਲੱਗੀਆਂ ਫਿਰਦੀਆਂ ਹਨ, ਪਰ ਉਨ੍ਹਾਂ ਨੂੰ ਤਿਲ ਭਰ ਭੀ ਚਾਹਨਾ ਨਹੀਂ ਹੁੰਦੀ।

ਤਿਲੁ ਨ ਤਮਾਇ[੧] ॥ ੪ ॥ ਜੋ ਪ੍ਰਭ ਭਾਵੈ ਸੋ ਥੀਐ[੨] ਅਵਰੁ ਨ ਕਰਣਾ ਜਾਇ ॥ ਜਨੁ ਨਾਨਕੁ ਜੀਵੈ ਨਾਮੁ ਲੈ ਹਰਿ [੩]ਦੇਵਹੁ ਸਹਜਿ ਸੁਭਾਇ ॥ ੫ ॥ ੨ ॥ ੩੫ ॥ ਸਿਰੀਰਾਗੁ ਮਹਲਾ ੩ ਘਰੁ ੧ ॥ *ਜਿਸ ਹੀ ਕੀ ਸਿਰਕਾਰ[੪] ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ[੫] ਪਰਗਟੁ ਹੋਇ ॥ ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ[੬] ਵਾਸਾ ਹੋਇ ॥ ੧ ॥ ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥ ੧ ॥ ਰਹਾਉ ॥ ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥ [੭]ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥ ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥ ੨ ॥ ਪੜਿ ਪੜਿ ਪੰਡਿਤ ਜੋਤਕੀ[੮] [੯]ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ [੧੦]ਲੋਭ ਵਿਕਾਰੁ ॥ [੧੧]ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ [੧੨]ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥ [੧੩]ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ †ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥ ਜਿਨ ਕਉ [੧੨]ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥ ੪ ॥ ‡ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥ ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥ ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥ ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥ ੫ ॥ ੩ ॥ ੩੬ ॥ ਸਿਰੀਰਾਗੁ ਮਹਲਾ ੩ ॥ ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ[੬] ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ[੧੪] ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ[੧੫] ॥ ੧ ॥ ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥ [੧੬]ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥ ੧ ॥ ਰਹਾਉ ॥ §ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ[੧੭] ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ[੧੮] ॥ ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ[੧੯] ਬਿਨੁ ਨਾਵੈ ਮਰਦੇ ਝੂਰਿ ॥ ੨ ॥ ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ

੧ [ਅਰਬੀ 'ਤਮਹ'] ਲਾਲਚ।
੨ [ਲਹਿੰਦੀ] ਹੋਂਦਾ ਹੈ।
੩ ਜੋ ਤੁਸੀਂ ਸੁਤੇ ਸਿਧ ਹੀ ਦਿੰਦੇ ਹੋ।
੪ ਸਰਕਾਰ, ਹਕੂਮਤ, ਰਾਜ।
੫ ਦਿਲ ਵਿੱਚ।
੬ ਆਪਣੇ ਅਸਲੀ ਘਰ ਵਿੱਚ, ਆਪਣੇ ਆਤਮ ਸਰੂਪ ਵਿੱਚ।
੭ ਦ੍ਵੈਤ ਭਾਵ ਕਰ ਕੇ, ਇਕ ਤੋਂ ਛੁਟ ਦੂਜੇ ਨੂੰ ਪਿਆਰ ਕਰਨ ਕਰ ਕੇ।
੮ ਜੋਤਸ਼ੀ।
੯ ਝਗੜਿਆਂ ਦਾ ਹੀ ਵਿਚਾਰ ਕਰਦੇ ਹਨ। "ਵਾਦਾ ਕੀਆ ਕਰਨਿ ਕਹਾਣੀਆਂ" (ਮ: ੩, ਵਾਰ ਮਾਰੂ ਮ: ੧)।
੧੦ ਲੋਭ ਦਾ ਵਿਕਾਰ, ਰੋਗ ਜਾਂ ਬੁਰਾਈ।
੧੧ ਚੁਰਾਸੀ ਲੱਖ ਜੂਨਾਂ ਵਿੱਚ ਫਿਰਦੇ ਹਨ।
੧੨ ਪਿਛਲਾ ਲਿਖਿਆ, ਧੁਰੋਂ ਪਈ ਕਿਰਤ ਜਾਂ ਪ੍ਰਾਲਭਧ।
੧੩ ਸਤਿਗੁਰੂ ਦੀ ਸੇਵਾ ਔਖੀ ਹੈ। (ਏਹੋ ਪਦ ਪੰ: ੬੪੯ ਉੱਤੇ ਵਾਰ ਸੋਰਠਿ ਦੀ ੧੯ਵੀਂ ਪਉੜੀ ਦਾ ਪਹਿਲਾ ਸ਼ਲੋਕ ਕਰ ਕੇ ਦਿੱਤਾ ਹੈ।)
੧੪ ਗੁਣਾਂ ਦਾ ਭਾਂਡਾ ਜਾਂ ਖ਼ਜ਼ਾਨਾ।
੧੫ ਚਾਨਣਾ, ਗਿਆਨ।
੧੬ ਧੁਰੋਂ (ਵਾਹਿਗੁਰੂ ਵੱਲੋਂ) ਜਿਨ੍ਹਾਂ ਨੂੰ ਮੱਥੇ 'ਤੇ ਲਿਖਿਆ ਹੋਇਆ ਹੈ।
੧੭ ਨੇੜੇ।
੧੮ ਸਾਹਮਣੇ, ਹਾਜ਼ਰ-ਨਾਜ਼ਰ।
੧੯ ਬਿਨਾਂ, ਬਗ਼ੈਰ।

* ਜਿਵੇਂ ਜਿਸ ਰਾਜੇ ਦੀ ਹਕੂਮਤ ਹੁੰਦੀ ਹੈ, ਉਸ ਨੂੰ ਸਭ ਕੋਈ ਮੰਨਦਾ ਹੈ, (ਤਿਵੇਂ ਹੀ ਜਿਸ ਮਨੁੱਖ ਨੇ ਆਪਣੇ ਉੱਤੇ ਗੁਰੂ ਦਾ ਰਾਜ ਮੰਨ ਲਿਆ, ਉਸ ਦੀ ਸਾਰੀ ਜ਼ਿੰਦਗੀ ਉੱਤੇ ਗੁਰੂ ਦਾ ਹੀ ਅਸਰ ਹੋਂਦਾ ਹੈ)। ਗੁਰੂ ਦੁਆਰਾ ਕੰਮ ਕਰਨ ਨਾਲ ਸੱਚ-ਰੂਪ ਵਾਹਿਗੁਰੂ ਦਿਲ ਵਿੱਚ ਹੀ ਪ੍ਰਤੱਖ ਹੋ ਜਾਂਦਾ ਹੈ। ਜਿਸ ਦੇ ਅੰਦਰ ਸੱਚ ਵੱਸਦਾ ਹੈ, ਉਸ ਸੱਚੇ ਦੀ ਸ਼ੋਭਾ ਭੀ ਸੱਚੀ ਹੁੰਦੀ ਹੈ।

† ਪਾਰਸ ਰੂਪ ਗੁਰੂ ਦੇ ਛੋਹਣ ਨਾਲ ਮਨੁੱਖ ਪਾਰਸ ਹੋ ਜਾਂਦਾ ਹੈ, ਅਤੇ ਉਸ ਦੀ ਆਤਮ-ਜੋਤ ਪ੍ਰਮਾਤਮ-ਜੋਤ ਨਾਲ ਮਿਲ ਜਾਂਦੀ ਹੈ।

‡ ਹੇ ਮਨ! ਇਉਂ ਨਾ ਆਖ, "ਮੈਂ ਭੁੱਖਾ ਹਾਂ, ਮੈਂ ਭੁੱਖਾ ਹਾਂ", ਤੇ ਨਾ ਹੀ ਉੱਚਾ ਕੂਕ-ਕੂਕ ਕੇ ਆਪਣੀ ਸ਼ਿਕਾਇਤ ਸੁਣਾ। ਜਿਸ ਨੇ ਚੁਰਾਸੀ ਲੱਖ ਜੂਨਾਂ ਦੀ ਸ੍ਰਿਸ਼ਟੀ ਰਚੀ (ਸਿਰੀ) ਹੈ, ਅਤੇ ਸਭ ਨੂੰ ਖ਼ੁਰਾਕ ਦਿੰਦਾ ਹੈ, ਉਹ ਨਿਰਭੈ ਰੱਬ ਸਦਾ ਕਿਰਪਾਲੂ ਹੈ, ਅਤੇ ਸਾਰਿਆਂ ਦੀ ਖ਼ਬਰ ਲੈਂਦਾ ਹੈ (ਭਾਵੇਂ ਉਹ ਪੁਕਾਰ ਨਾ ਭੀ ਕਰਨ)।

§ ਹੇ ਭਲਿਓ ਲੋਕੋ! ਨੀਝ ਲਾ ਕੇ ਵੇਖੋ, ਹਰੀ ਤੁਹਾਡੇ ਨੇੜੇ ਹੀ ਸਭ ਦੇ ਅੰਦਰ ਵੱਸਦਾ ਹੈ।

ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ[*] ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ[੧] ਹੈ ਓਹੁ ਸਦਾ ਸਦਾ [੨]ਥਿਰੁ ਹੋਇ ॥ ੩ ॥ ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ [੩]ਲਿਵ ਲਾਇ ॥ [੪]ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ[੫] ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥ ਜਿਸੁ ਨਦਰਿ ਕਰੇ ਸੋ ਉਬਰੈ[੬] ਹਰਿ ਸੇਤੀ [੩]ਲਿਵ ਲਾਇ ॥ ੪ ॥ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ [੭]ਸੇਵ ਪਈ ਤਿਨ ਥਾਇ ॥ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ [੩]ਲਿਵ ਲਾਇ ॥ ੫ ॥ ੪ ॥ ੩੭ ॥ ਸਿਰੀਰਾਗੁ ਮਹਲਾ ੩ ॥ ਜਿਨੀ ਇਕ ਮਨਿ[੮] ਨਾਮੁ ਧਿਆਇਆ ਗੁਰਮਤੀ ਵੀਚਾਰਿ ॥ [੯]ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ ਓਇ ਅੰਮ੍ਰਿਤੁ ਪੀਵਹਿ ਸਦਾ ਸਦਾ [੧੦]ਸਚੈ ਨਾਮਿ ਪਿਆਰਿ ॥ ੧ ॥ ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥ ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥ ੧ ॥ ਰਹਾਉ ॥ ਮਨਮੁਖ ਨਾਮੁ ਨ ਜਾਣਨੀ[੧੧] ਵਿਣੁ[੧੨] ਨਾਵੈ ਪਤਿ ਜਾਇ ॥ ਸਬਦੈ ਸਾਦੁ ਨ ਆਇਓ [੧੩]ਲਾਗੇ ਦੂਜੈ ਭਾਇ ॥ ਵਿਸਟਾ[੧੪] ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥ ੨ ॥ ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ[੧੫] ॥ [੧੬]ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ[੧੭] ॥ ੩ ॥ ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥ ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥ ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ[੧੮] ਹਰਿ ਧਿਆਇ ॥ ੪ ॥ ੫ ॥ ੩੮ ॥ ਸਿਰੀਰਾਗੁ ਮਹਲਾ ੩ ॥ ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ[੧੯] ਹਰਿ ਨਾਮੁ ਅਧਾਰੁ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ[੨੦] ਹਰਿ ਭਗਤਾ ਅਤੁਟੁ ਭੰਡਾਰੁ ॥ ੧ ॥ ਭਾਈ ਰੇ ਇਸੁ ਮਨ ਕਉ ਸਮਝਾਇ ॥ ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥ ੧ ॥ ਰਹਾਉ ॥ ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ[੨੧] ਕਰੇ ਬੀਚਾਰੁ ॥ ਪਾਖੰਡਿ[੨੨] ਭਗਤਿ ਨ ਹੋਵਈ ਦੁਬਿਧਾ[੨੩] ਬੋਲੁ ਖੁਆਰੁ ॥ †ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ[੨੪] ਬੀਚਾਰੁ ॥ ੨ ॥ ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ [੨੫]ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ[੨੬] ਸੋ ਪਰਵਾਣੁ ਹੈ ਜਿ ਕਦੇ ਨ

੧ ਰੋਸ਼ਨ।
੨ ਬਿਨਸਦਾ ਨਹੀਂ, ਕਾਇਮ ਰਹਿੰਦਾ ਹੈ।
੩ ਧਿਆਨ ਲਾ ਕੇ, ਪ੍ਰੇਮ ਨਾਲ।
੪ ਪੈਰ ਖਿਸਕਣ ਨਾਲ, ਭਾਵ ਸਰੀਰ ਚੱਲਣ ਨਾਲ।
੫ ਠਿਕਾਣਾ।
੬ ਤਰਦਾ ਹੈ।
੭ ਉਨ੍ਹਾਂ ਦੀ ਸੇਵਾ ਕਬੂਲ ਹੋਈ।
੮ ਇਕਾਗਰ ਹੋ ਕੇ; ਲਿਵ ਨਾਲ।
੯ ਓਹ ਸਦਾ ਸੁਰਖਰੂ ਹਨ।
੧੦ ਸੱਚੇ ਨਾਮ ਨਾਲ ਪਿਆਰ ਕਰ ਕੇ।
੧੧ ਜਾਣਦੇ।
੧੨ ਬਿਨਾਂ।
੧੩ ਵਾਹਿਗੁਰੂ ਛੱਡ ਕੇ ਹੋਰਨਾਂ ਸਵਾਦਾਂ ਵਿੱਚ ਪੈ ਕੇ।
੧੪ ਮੈਲਾ, ਗੂੰਹ।
੧੫ ਭਾਵ ਜਾਂ ਭਾਣੇ ਅਨੁਸਾਰ।
੧੬ ਘਰਾਣਾ ਤਾਰਦੇ ਹਨ ਆਪਣਾ।
੧੭ ਆਪਣੇ ਭਾਣੇ ਅਨੁਸਾਰ।
੧੮ ਗੁਰਮਤ ਜਾਂ ਗੁਰੂ ਦੀ ਸਿੱਖਿਆ ਦੁਆਰਾ।
੧੯ ਸੌਦਾ, ਮਾਲ।
੨੦ ਸਮਝਾਇਆ, ਨਿਸਚੇ ਕਰਾਇਆ।
੨੧ ਗੁਰੂ ਦੁਆਰਾ।
੨੨ ਦੰਭ ਦੁਆਰਾ।
੨੩ ਦੁਚਿਤੀ, ਦ੍ਵੈਤ ਭਾਵ।
੨੪ ਵਸਤੂ ਦੇ ਅਸਲ ਰੂਪ ਦਾ ਨਿਰਣਾ, ਮਾਇਆ ਤੋਂ ਆਤਮ ਵਸਤੂ ਨੂੰ ਨਿਖੇੜ ਕੇ ਦੇਖਣ ਦੀ ਸਮਝ।
੨੫ ਦਿਲ ਵਿੱਚ ਧਾਰ ਕੇ।
੨੬ ਉਹ ਆਦਮੀ ਜੋ ਗੁਰੂ ਦੇ ਸਨਮੁਖ ਰਹਿੰਦਾ ਹੈ, ਗੁਰੂ ਦੇ ਹੁਕਮ ਅਨੁਸਾਰ ਚਲਦਾ ਹੈ; "ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥" (ਮਾਝ ਮ: ੫)।

* ਇਕ ਫੁੱਲ, ਜਿਸ ਦਾ ਰੰਗ ਸੂਹਾ ਬਹੁਤ ਭੜਕੀਲਾ ਹੁੰਦਾ ਹੈ, ਪਰ ਧੁੱਪ ਜਾਂ ਪਾਣੀ ਨਾਲ ਛੇਤੀ ਫਿੱਕਾ ਪੈ ਜਾਂਦਾ ਹੈ। ਗੁਰਬਾਣੀ ਵਿੱਚ ਮਾਇਕ ਪਦਾਰਥਾਂ ਦੇ ਚਮਤਕਾਰ ਨੂੰ ਕਸੁੰਭੇ ਨਾਲ ਤਸ਼ਬੀਹ ਦਿੱਤੀ ਹੈ। ਇਥੇ ਅਰਥ : ਵਿਸ਼ਿਆਂ ਦਾ ਅਨੰਦ ਝੂਠਾ ਹੈ, ਇਹ ਛੇਤੀ ਹੀ ਲੋਪ ਹੋ ਜਾਂਦਾ ਹੈ, ਤੇ ਫਿਰ ਮਨੁੱਖ ਦੁੱਖ ਮੰਨ ਕੇ ਰੋਂਦਾ ਹੈ।

† ਜਿਸ ਆਦਮੀ ਦੇ ਅੰਦਰ ਸੱਤ, ਅਸੱਤ ਦੇ ਨਿਰਣੇ ਕਰਨ ਦੀ ਸਮਝ ਹੈ, ਉਹ ਪਖੰਡੀਆਂ ਨਾਲ ਰਲਾਇਆਂ ਨਹੀਂ ਰਲਦਾ, ਵੱਖਰਾ ਦਿੱਸ ਪੈਂਦਾ ਹੈ।

ਆਵੈ ਹਾਰਿ ॥ ੩ ॥ ਕਰਮਿ[1] ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ
ਜਾਇ ॥ [2]ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥
ਨਾਨਕ ਗੁਰਮੁਖਿ[3] ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥ ੪ ॥ ੬ ॥
੩੯ ॥ ਸਿਰੀਰਾਗੁ ਮਹਲਾ ੩ ॥ ਸੁਖ ਸਾਗਰੁ[4] ਹਰਿ ਨਾਮੁ ਹੈ ਗੁਰਮੁਖਿ[3]
ਪਾਇਆ ਜਾਇ ॥ *ਅਨਦਿਨੁ[5] ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥ ੧ ॥ ਭਾਈ ਰੇ
ਜਗੁ ਦੁਖੀਆ [6]ਦੂਜੈ ਭਾਇ ॥ ਗੁਰ ਸਰਣਾਈ ਸੁਖੁ ਲਹਹਿ[7] ਅਨਦਿਨੁ
ਨਾਮੁ ਧਿਆਇ ॥ ੧ ॥ ਰਹਾਉ ॥ ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ
ਹਰਿ ਧਿਆਇ ॥ ਗੁਰਮੁਖਿ ਸਬਦੁ[8] ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
†ਗੁਰ ਗਿਆਨੁ ਪ੍ਰਚੰਡੁ[9] ਬਲਾਇਆ ਅਗਿਆਨੁ ਅੰਧੇਰਾ ਜਾਇ ॥ ੨ ॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ[10] ॥ ਬਿਨੁ ਸਬਦੈ ਮੈਲੁ
ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥ ‡ਧਾਤੁਰ ਬਾਜੀ ਪਲਚਿ ਰਹੇ ਨਾ
ਉਰਵਾਰੁ ਨ ਪਾਰੁ ॥ ੩ ॥ §ਗੁਰਮੁਖਿ ਜਪ ਤਪ ਸੰਜਮੀ[11] ਹਰਿ ਕੈ ਨਾਮਿ
ਪਿਆਰੁ ॥ ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥ ਨਾਨਕ ਨਾਮੁ
ਧਿਆਈਐ ਸਭਨਾ ਜੀਆ ਕਾ ਆਧਾਰੁ[12] ॥ ੪ ॥ ੭ ॥ ੪੦ ॥ ਸ੍ਰੀਰਾਗੁ
ਮਹਲਾ ੩ ॥ ਮਨਮੁਖੁ [13]ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ
ਨ ਚੀਨੈ[14] ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥ ਹਉਮੈ ਗੁਰਮੁਖਿ ਖੋਈਐ
ਨਾਮਿ ਰਤੇ ਸੁਖੁ ਹੋਇ ॥ ੧ ॥ ਮੇਰੇ ਮਨ [15]ਅਹਿਨਿਸਿ ਪੂਰਿ ਰਹੀ ਨਿਤ
ਆਸਾ ॥ ਸਤਗੁਰੁ ਸੇਵਿ ਮੋਹੁ ਪਰਜਲੈ[16] ਘਰ ਹੀ ਮਾਹਿ ਉਦਾਸਾ ॥ ੧ ॥
ਰਹਾਉ ॥ ਗੁਰਮੁਖਿ ਕਰਮ ਕਮਾਵੈ ਬਿਗਸੈ[17] ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ[18] ॥ ਵਡੈ ਭਾਗਿ
ਸਤਸੰਗਤਿ ਪਾਈ ਹਰਿ ਪਾਇਆ ਸਹਜਿ[19] ਅਨੰਦੁ ॥ ੨ ॥ ਸੋ ਸਾਧੂ ਬੈਰਾਗੀ
ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ [20]ਲਾਗਿ ਨ ਤਾਮਸੁ ਮੂਲੇ ਵਿਚਹੁ
ਆਪੁ ਗਵਾਏ ॥ ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ
ਅਘਾਏ[21] ॥ ੩ ॥ ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥
ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥ ਨਾਨਕ
ਸਬਦਿ ਰਤੇ ਹਰਿ ਨਾਮਿ ਰੰਗਾਏ [22]ਬਿਨੁ ਭੈ ਕੇਹੀ ਲਾਗਿ ॥ ੪ ॥ ੮ ॥
੪੧ ॥ ਸਿਰੀਰਾਗੁ ਮਹਲਾ ੩ ॥ ਘਰ ਹੀ ਸਉਦਾ ਪਾਈਐ ਅੰਤਰਿ ਸਭ
ਵਥੁ[23] ਹੋਇ ॥ [24]ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥ [25]ਨਾਮੁ
ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥ ੧ ॥ ਮੇਰੇ ਮਨ ਤਜਿ[26]

੧ ਮੇਹਰ ਦੁਆਰਾ।
੨ ਸਾਰੀਆਂ ਜੂਨਾਂ ਦੇ ਜੀਵ।
੩ ਗੁਰੂ ਦੁਆਰਾ।
੪ ਸਮੁੰਦਰ।
੫ ਹਰ ਰੋਜ਼।
੬ ਦਵੈਤ ਭਾਵ ਕਰ ਕੇ, ਰੱਬ ਨੂੰ ਛੱਡ ਕੇ ਕਿਸੇ ਦੂਜੇ ਨੂੰ ਪਿਆਰ ਕਰਨ ਨਾਲ।
੭ ਪ੍ਰਾਪਤ ਕਰੇਂ।
੮ ਧਰਮ ਦਾ ਰਸਤਾ ਜਾਂ ਆਦਰਸ਼। ਦੇਖੋ ਪੰਨਾ ੮, ਨੋਟ ੧੩।
੯ ਬਹੁਤ ਤੇਜ਼।
੧੦ ਰੋਗ (ਹੰਕਾਰ ਅਤੇ ਲਾਲਚ ਦਾ)।
੧੧ ਸੰਯਮ=ਇੰਦਰੀਆਂ ਨੂੰ ਰੋਕਣ ਦੀ ਸਾਧਨਾ।
੧੨ ਆਸਰਾ।
੧੩ ਮੋਹ ਵਿੱਚ ਫਸਿਆ ਹੋਇਆ ਹੈ; ਉਸ ਕੋਲੋਂ ਵੈਰਾਗ ਜਾਂ ਉਦਾਸੀ ਨਹੀਂ ਹੋ ਸਕਦੀ।
੧੪ ਸਮਝਦਾ।
੧੫ ਦਿਨ ਰਾਤ ਭਾਵ ਲਗਾਤਾਰ ਭਰੀ ਰਹਿੰਦੀ ਹੈ।
੧੬ ਪਰ੍ਹਾਂ ਸਾੜ ਦੇਵੇ।
੧੭ ਖੁਸ਼ ਹੁੰਦਾ ਹੈ। [ਬੈਰਾਗੀ ਉਦਾਸ ਰਹਿੰਦੇ ਹਨ, ਪਰ ਗੁਰੂ ਦੇ ਰਾਹੀਂ ਕਰਮ ਕਮਾਉਣ ਨਾਲ ਆਦਮੀ ਖੁਸ਼ ਹੁੰਦਾ ਹੈ, ਕਿਉਂਕਿ ਹਰੀ ਦਾ ਬੈਰਾਗ ਇਕ ਅਨੰਦ ਹੈ।]
੧੮ ਬੇਫ਼ਿਕਰ।
੧੯ ਸਹਜ ਅਵਸਥਾ ਵਿੱਚ, ਜਿਸ ਵਿੱਚ ਪੂਰਾ ਟਿਕਾਉ ਤੇ ਖਿੜਾਉ ਹੁੰਦਾ ਹੈ।
੨੦ ਮੂਲੋਂ (ਬਿਲਕੁਲ) ਤਾਮਸ਼ (ਤਪਤ ਕ੍ਰੋਧ ਦੀ) ਨਹੀਂ ਲੱਗਦੀ।
੨੧ ਰੱਜ ਕੇ।
੨੨ ਰੱਬ ਦੇ ਡਰ ਤੋਂ ਬਿਨਾਂ ਪ੍ਰੇਮ ਦੀ ਲਾਗ ਕਿਵੇਂ ਲੱਗ ਸਕਦੀ ਹੈ? "ਜਿਨ ਮਨਿ ਭਉ ਤਿਨਾ ਮਨਿ ਭਾਉ" (ਵਾਰ ਆਸਾ)।
੨੩ ਵਸਤੁ, ਚੀਜ਼।
੨੪ ਪਲ ਪਲ।
੨੫ ਨਾਮ ਇਕ ਅਮੁੱਕ ਖ਼ਜ਼ਾਨਾ ਹੈ।
੨੬ ਛੱਡ ਦੇ।

* ਜੇ ਨਿੱਤ ਹਰੀ-ਨਾਮ ਦਾ ਸਿਮਰਨ ਕਰੀਏ, ਤਾਂ ਸੁਤੇ ਸਿੱਧ ਨਾਮ ਵਿੱਚ ਹੀ ਸਮਾਏ ਰਹੀਦਾ ਹੈ, ਨਾਮੀ ਦਾ ਅੰਦਰਾ (ਹਿਰਦਾ) ਸੱਚੇ ਹਰੀ ਨਾਲ ਹਿਲ-ਮਿਲ ਜਾਂਦਾ ਹੈ, ਅਤੇ ਬਾਹਰੋਂ ਜੀਭ ਹਰੀ ਦੇ ਗੁਣ ਗਾਉਂਦੀ ਹੈ।

† ਗੁਰੂ ਦਾ ਗਿਆਨ ਬਹੁਤ ਤੇਜ਼ ਕਰ ਕੇ ਜਗ ਪੈਂਦਾ ਹੈ ਅਤੇ ਅਗਿਆਨ ਰੂਪ ਹਨੇਰਾ ਚਲਾ ਜਾਂਦਾ ਹੈ।

‡ ਓਹ ਨਾਸ ਹੋ ਜਾਣ ਵਾਲੀ ਖੇਡ ਵਿੱਚ ਫਸ ਰਹੇ ਹਨ; ਓਹ ਨਾ ਇਸ ਲੋਕ ਜੋਗੇ ਹਨ, ਨਾ ਪਰਲੋਕ ਜੋਗੇ।

§ ਗੁਰਮੁਖ ਲੋਕ ਜਪ ਵਾਲੇ, ਤਪ ਵਾਲੇ ਅਤੇ ਸੰਜਮ ਵਾਲੇ ਹਨ, ਕਿਉਂਕਿ ਉਨ੍ਹਾਂ ਦਾ ਹਰੀ ਦੇ ਨਾਮ ਵਿੱਚ ਪਿਆਰ ਹੈ, ਭਾਵ ਜਪ, ਤਪ ਤੇ ਸੰਜਮ ਆਦਿ ਕਰਮਾਂ ਦੀ ਉਨ੍ਹਾਂ ਨੂੰ ਲੋੜ ਨਹੀਂ, ਕਿਉਂਕਿ ਨਾਮ ਦੇ ਪਿਆਰ ਵਿੱਚ ਇਹ ਸਭ ਕੁਝ ਆ ਜਾਂਦਾ ਹੈ।

ਨਿੰਦਾ ਹਉਮੈ ਅਹੰਕਾਰੁ ॥ *ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ[੧] ॥ ੧ ॥ ਰਹਾਉ ॥ ਗੁਰਮੁਖਾ ਕੇ ਮੁਖ ਉਜਲੇ [੨]ਗੁਰ ਸਬਦੀ ਬੀਚਾਰਿ ॥ [੩]ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ[੪] ॥ ਘਰ ਹੀ ਵਿਚਿ ਮਹਲੁ[੫] ਪਾਇਆ ਗੁਰ ਸਬਦੀ ਵੀਚਾਰਿ ॥ ੨ ॥ ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ[੬] ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ[੭] ॥ ੩ ॥ ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥ ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥ ੪ ॥ ੯ ॥ ੪੨ ॥ ਸਿਰੀਰਾਗੁ ਮਹਲਾ ੩ ॥ ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ ਗੁਰ ਪਰਸਾਦੀ[੮] ਮਨਿ ਵਸੈ ਹਉਮੈ ਦੂਰਿ ਕਰੇਇ ॥ ਇਹੁ ਮਨੁ ਧਾਵਤੁ[੯] ਤਾ ਰਹੈ ਜਾ ਆਪੇ ਨਦਰਿ ਕਰੇਇ ॥ ੧ ॥ ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥ ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ[੧੦] ਪਾਵੈ ਥਾਉ ॥ ੧ ॥ ਰਹਾਉ ॥ ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ [੧੧]ਜਿਉ ਸੁੰਞੈਂ ਘਰਿ ਕਾਉ ॥ †ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥ ੨ ॥ ‡ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ [੧੨]ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥ ੩ ॥ ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ[੧੩] ॥ ਬਾਝਹੁ ਗੁਰੂ ਅਚੇਤੁ[੧੪] ਹੈ ਸਭ ਬਧੀ ਜਮਕਾਲਿ ॥ ਨਾਨਕ ਗੁਰਮਤਿ ਉਬਰੇ[੧੫] ਸਚਾ ਨਾਮੁ ਸਮਾਲਿ ॥ ੪ ॥ ੧੦ ॥ ੪੩ ॥ ਸਿਰੀਰਾਗੁ ਮਹਲਾ ੩ ॥ §ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ [੧੬]ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥ ੧ ॥ ਭਾਈ ਰੇ ਗੁਰਮਤਿ ਸਾਚਿ ਰਹਾਉ[੧੭] ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥ ੧ ॥ ਰਹਾਉ ॥ ਜਿਨੀ ਨਾਮੁ ਪਛਾਣਿਆ ਤਿਨ ਵਿਟਹੁ[੧੮] ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ[੧੯] ॥ ਲਾਹਾ[੨੦] ਹਰਿ ਹਰਿ ਨਾਮੁ ਮਿਲੈ ਸਹਜੇ[੨੧] ਨਾਮਿ ਸਮਾਇ ॥ ੨ ॥ ਬਿਨੁ ਗੁਰ ਮਹਲੁ[੨੨] ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਗੁਰੁ ਲੋੜਿ ਲਹੁ ਜਿਦੂ[੨੩] ਪਾਈਐ ਸਚੁ ਸੋਇ ॥ [੨੪]ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥ ੩ ॥ ¶ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥ ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥ ੪ ॥ ੧੧ ॥ ੪੪ ॥

੧ ਅਦ੍ਵੈਤ ਬ੍ਰਹਮ, ਇਕੋ ਵਾਹਿਗੁਰੂ।
੨ ਗੁਰਬਾਣੀ ਦੁਆਰਾ ਵਿਚਾਰ ਕਰਨ ਕਰ ਕੇ।
੩ [ਸੰ: ਇਹਤ੍ਰ ਪਰਤ੍ਰ] ਇਥੇ ਉਥੇ, ਲੋਕ ਪ੍ਰਲੋਕ ਵਿੱਚ।
੪ [ਮੁਰ-ਅਰਿ, ਮੁਰ ਦੈਂਤ ਦਾ ਵੈਰੀ ਕ੍ਰਿਸ਼ਨ] ਵਾਹਿਗੁਰੂ।
੫ [ਅਰਬੀ, ਅਸਥਾਨ] ਨਿਜ ਅਸਥਾਨ, ਨਿਰਬਾਣ ਪਦ (ਗ੍ਰਹਸਥ ਵਿੱਚ ਹੀ ਪਾ ਲੀਤਾ)।
੬ ਜਮ ਦਾ ਜਾਲ, ਮੌਤ। (ਮੌਤ ਉਨ੍ਹਾਂ ਨੂੰ ਤਾੜਦੀ ਹੈ।)
੭ ਸਾੜ ਸੁੱਟੇ ਹਨ।
੮ ਗੁਰੂ ਦੀ ਕਿਰਪਾ ਨਾਲ।
੯ ਦੌੜਨੋਂ।
੧੦ ਵਾਹਿਗੁਰੂ ਪਤੀ ਦੇ ਮਹਲਾਂ ਵਿੱਚ।
੧੧ ਜਿਵੇਂ ਸੱਖਣੇ ਘਰ ਵਿੱਚ ਕਾਂ।
੧੨ ਵਿਸ਼ੇ ਰੂਪ ਮਾਇਆ ਵਿੱਚ ਸੜ ਮੋਏ।
੧੩ ਪਾਲਣ ਵਾਲਾ।
੧੪ ਬੇਸੁਰਤ, ਗਾਫ਼ਲ।
੧੫ ਬਚ ਗਏ।
੧੬ ਜਿਨ੍ਹਾਂ ਦੇ ਪੱਲੇ ਜਾਂ ਭਾਗਾਂ ਵਿੱਚ ਨੇਕੀ ਹੈ। (ਪੋਤੈ=ਖ਼ਜ਼ਾਨੇ ਵਿੱਚ।)
੧੭ ਰਹੋ।
੧੮ ਉੱਤੋਂ (ਕੁਰਬਾਨ)।
੧੯ ਭਾਣੇ, ਮਰਜ਼ੀ ਅਨੁਸਾਰ।
੨੦ ਲਾਭ।
੨੧ ਸਹਜ ਅਵਸਥਾ ਵਿੱਚ ਹੋ ਕੇ।
੨੨ ਟਿਕਾਣਾ।
੨੩ ਜਿਸ ਤੋਂ।
੨੪ ਦੈਂਤ (ਕਾਮ, ਕ੍ਰੋਧ ਆਦਿ ਵਿਕਾਰ) ਮਾਰੇ।

* ਹਰੀ ਨੂੰ ਤੂੰ ਸਦਾ ਗੁਰੂ ਦੁਆਰਾ 'ਇਕ ਓਅੰਕਾਰ' ਕਰ ਕੇ ਯਾਦ ਕਰ।

† ਗੁਰੂ ਦੀ ਸਿੱਖਿਆ ਦੁਆਰਾ ਦਿਲ ਵਿੱਚ ਗਿਆਨ ਦਾ ਚਾਨਣਾ ਹੁੰਦਾ ਹੈ, ਅਤੇ ਉਸ ਦੇ ਸ਼ਬਦ ਦੁਆਰਾ ਹਰੀ ਦਾ ਨਾਮ ਮਿਲਦਾ ਹੈ।

‡ ਤਿਹਾਂ ਗੁਣਾਂ ਵਾਲੇ ਵਿਸ਼ਿਆਂ ਦਾ ਹਨੇਰਾ ਹੈ, ਅਤੇ ਮਾਇਆ ਦੇ ਮੋਹ ਦੀ ਧੁੰਧ ਹੈ। ਲਾਲਚੀ (ਪੰਡਤ) ਰੱਬ ਨੂੰ ਛੱਡ ਕੇ ਹੋਰਨਾਂ ਦੀ ਪੂਜਾ ਕਰਦੇ ਹਨ, ਭਾਵੇਂ ਓਹ ਵੇਦਾਂ ਨੂੰ ਉੱਚੀ ਪੜ੍ਹ ਕੇ ਸੁਣਾਂਦੇ ਹਨ।

§ ਤਿੰਨ ਗੁਣਾਂ (ਸਤੋ, ਰਜੋ, ਤਮੋ) ਦੀ ਹੱਦ ਅੰਦਰ ਰਹਿਣ ਨਾਲ ਮਾਇਆ ਦਾ ਮੋਹ ਵਿਆਪਦਾ ਹੈ, ਪਰ ਗੁਰੂ ਦੁਆਰਾ ਚੌਥਾ ਪਦ ਮਿਲਦਾ ਹੈ, ਜੋ ਤਿੰਨਾਂ ਗੁਣਾਂ ਤੋਂ ਉੱਚਾ ਹੈ, ਜਿਸ ਵਿੱਚ ਪੂਰਨ ਗਿਆਨ ਜਾਂ ਸਹਿਜ ਵਾਲੀ ਹਾਲਤ ਹੋ ਜਾਂਦੀ ਹੈ।

¶ ਜੇਹੋ ਜੇਹਾ ਨਿਸਚਾ ਕਿਸੇ ਦਾ ਸਤਿਗੁਰੂ ਵਿੱਚ ਹੁੰਦਾ ਹੈ, ਤਿਹੋ ਜਿਹਾ ਉਸ ਨੂੰ ਲਾਭ ਮਿਲਦਾ ਹੈ (ਭਾਵ ਜਿਹੜਾ ਉਸ ਨੂੰ ਮਾਮੂਲੀ ਮਨੁੱਖ ਸਮਝਦਾ ਹੈ, ਉਹ ਥੋੜ੍ਹਾ ਲਾਭ ਉਠਾਂਦਾ ਹੈ, ਤੇ ਜਿਹੜਾ ਉਸ ਨੂੰ ਵਾਹਿਗੁਰੂ ਦਾ ਰੂਪ ਕਰ ਕੇ ਜਾਣਦਾ ਹੈ, ਉਸ ਨੂੰ ਸਭ ਤੋਂ ਵਧੇਰੇ ਲਾਭ ਹੁੰਦਾ ਹੈ)। ਇਸ ਵਿੱਚ ਕੋਈ ਮੂਲੋਂ ਹੀ ਸ਼ੱਕ ਨਹੀਂ ਕਿ ਕੋਈ ਆਦਮੀ ਸਤਿਗੁਰੂ ਨਾਲ ਭਾਵਣੀ ਜਾਂ ਪ੍ਰੇਮ ਲਾ ਕੇ ਵੇਖ ਲਵੇ। ਉਹ ਗੁਰੂ ਤੇ ਵਾਹਿਗੁਰੂ ਭਾਵੇਂ ਦੋ ਹਸਤੀਆਂ ਦਿਸਦੀਆਂ ਹਨ, ਪਰ ਅਸਲ ਵਿੱਚ ਦੋਹਾਂ ਦੀ ਜੋਤ ਇੱਕੋ ਹੈ। ਉਸ ਦਾ ਮੇਲ ਸ਼ਬਦ ਦੁਆਰਾ ਹੁੰਦਾ ਹੈ।

ਸਿਰੀਰਾਗੁ ਮਹਲਾ ੩ ॥ ਅੰਮ੍ਰਿਤੁ ਛੋਡਿ [੧]ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ[੨] ॥ ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ[੩] ॥ ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥ ੧ ॥ ਮਨ ਰੇ ਸਦਾ ਭਜਹੁ ਹਰਿ ਸਰਣਾਈ ॥ ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥ ੧ ॥ ਰਹਾਉ ॥ ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ[੪] ਪਾਈ ॥ ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥ ੨ ॥ ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥ *ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥ ੩ ॥ ਜੋ ਸਤਗੁਰ ਕੀ ਸਰਣਾਗਤੀ[੫] ਹਉ ਤਿਨ ਕੈ ਬਲਿ ਜਾਉ ॥ ਦਰਿ ਸਚੈ ਸਚੀ ਵਡਿਆਈ [੬]ਸਹਜੇ ਸਚਿ ਸਮਾਉ ॥ ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥ ੪ ॥ ੧੨ ॥ ੪੫ ॥

ਸਿਰੀਰਾਗੁ ਮਹਲਾ ੩ ॥ ਮਨਮੁਖ ਕਰਮ ਕਮਾਵਣੇ [੭]ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥ ੧ ॥ ਭਾਈ ਰੇ ਇਕ ਮਨਿ[੮] ਨਾਮੁ ਧਿਆਇ ॥ ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥ ੧ ॥ ਰਹਾਉ ॥ ਗੁਰਮੁਖਿ ਸਦਾ ਸੋਹਾਗਣੀ ਪਿਰੁ [੯]ਰਾਖਿਆ ਉਰ ਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ ਸੇਜੈ [੧੦]ਰਵੈ ਭਤਾਰੁ ॥ ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ [੧੧]ਹੇਤੁ ਅਪਾਰੁ ॥ ੨ ॥ ਪੂਰੈ ਭਾਗਿ ਸਤਗੁਰੁ ਮਿਲੈ [੧੨]ਜਾ ਭਾਗੈ ਕਾ ਉਦਉ ਹੋਇ ॥ ਅੰਤਰਹੁ ਦੁਖੁ ਭ੍ਰਮੁ[੧੩] ਕਟੀਐ ਸੁਖੁ ਪਰਾਪਤਿ ਹੋਇ ॥ ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥ ੩ ॥ ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ[੧੪] ਪਾਵੈ ਕੋਇ ॥ ਜਿਨਾ ਪਰਾਪਤਿ[੧੫] ਤਿਨ ਪੀਆ ਹਉਮੈ ਵਿਚਹੁ ਖੋਇ ॥ ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥ ੪ ॥ ੧੩ ॥ ੪੬ ॥

ਸਿਰੀਰਾਗੁ ਮਹਲਾ ੩ ॥ ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ †ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥ ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥ ੧ ॥ ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ[੧੬] ਸਭੁ ਕੋਇ ॥ ੧ ॥ ਰਹਾਉ ॥ ‡ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥ ਬਿਨੁ ਗੁਰ ਨੀਦ ਨ ਆਵਈ [੧੭]ਦੁਖੀ ਰੈਣਿ ਵਿਹਾਇ ॥ ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ

੧ ਜ਼ਹਿਰ (ਮਾਇਆ) ਨਾਲ ਮੋਹੇ ਗਏ।
੨ ਬੇਗਾਨੀ, ਪਰਾਈ।
੩ ਗੁਜ਼ਰਦੀ ਹੈ (ਉਮਰ)।
੪ ਨੀਚਤਾ, ਬਦੀ।
੫ ਸਰਨ ਆਉਂਦੇ ਹਨ।
੬ ਸਹਜ ਅਵਸਥਾ ਦੁਆਰਾ ਸੱਚ ਵਿੱਚ ਸਮਾਉਂਦੇ ਹਨ।
੭ ਜਿਵੇਂ ਛੁੱਟੜ ਤੀਵੀਂ ਤਨ 'ਤੇ ਹਾਰ-ਸ਼ਿੰਗਾਰ ਲਾਉਂਦੀ ਹੈ।
੮ ਇਕਾਗਰ ਮਨ ਦੁਆਰਾ।
੯ ਦਿਲ ਵਿੱਚ ਧਾਰਨ ਕਰ ਰੱਖਿਆ ਹੈ।
੧੦ ਮਾਣਦਾ ਹੈ ਪਤੀ ਉਨ੍ਹਾਂ ਨੂੰ।
੧੧ ਪਿਆਰ ਬੇਹੱਦ।
੧੨ ਜਦੋਂ ਭਾਗ ਖੁਲ੍ਹ ਪੈਣ। ਉਦਉ=ਉਦੈ, ਪਰਗਟ ਹੋਣਾ।
੧੩ ਭਰਮ, ਭੁਲੇਖਾ।
੧੪ ਗਿਆਨ ਦੁਆਰਾ।
੧੫ ਪਰਾਲੱਬਧ, ਪ੍ਰਾਪਤ ਹੋਣਾ ਲਿਖਿਆ ਹੈ।
੧੬ ਢੂੰਡੈ, ਚਾਹੈ।
੧੭ ਰਾਤ (ਉਮਰ) ਦੁਖੀ ਹੀ ਕੱਟਦੀ ਹੈ।

* (ਗੁਰੂ ਦੀ ਸੇਵਾ ਤੋਂ) ਜਤ ਸਤ ਅਤੇ ਤਪ ਮਿਲਦੇ ਹਨ, ਸਰੀਰ ਪਵਿੱਤਰ ਹੁੰਦਾ ਹੈ, ਅਤੇ ਸੇਵਕ ਵਾਹਿਗੁਰੂ ਨੂੰ ਮਨ ਵਿੱਚ ਵਸਾਉਂਦਾ ਹੈ।

† ਜੋ ਕੰਮ ਸੁਹਾਗਣਾਂ ਕਰਦੀਆਂ ਹਨ, ਉਹੋ ਉਹ ਕਰਦੀ ਹੈ; ਅਰਥਾਤ ਜੋ ਰਹਿਣੀ ਭਗਤਾਂ ਦੀ ਹੁੰਦੀ ਹੈ, ਉਹੋ ਸਨਮੁਖ ਸਿੱਖ ਕਰਦਾ ਹੈ।

‡ ਇਸਤਰੀ ਰੂਪ ਜੀਵ ਨੂੰ ਦੂਜੇ ਭਾਵ ਕਰ ਕੇ ਚੁਰਾਸੀ ਲੱਖ ਜੂਨਾਂ ਦੇ ਗੇੜ ਵਿੱਚ ਜਾਣਾ ਪਿਆ।

ਗਵਾਇ ॥ ੨ ॥ *ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥
ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ ॥ ਸਤਗੁਰਿ ਮਿਲਿਐ ਧਨੁ
ਪਾਇਆ ਹਰਿ ਨਾਮਾ ਰਿਦੈ ਸਮਾਲਿ[੧] ॥ ੩ ॥ ਨਾਮਿ ਰਤੇ ਸੇ ਨਿਰਮਲੇ [੨]ਗੁਰ
ਕੈ ਸਹਜਿ ਸੁਭਾਇ ॥ †ਮਨੁ ਤਨੁ ਰਾਤਾ ਰੰਗ[੩] ਸਿਉ [੪]ਰਸਨਾ ਰਸਨ ਰਸਾਇ ॥
ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ[੫] ਛੋਡਿਆ ਲਾਇ ॥ ੪ ॥ ੧੪ ॥ ੪੭ ॥
ਸਿਰੀਰਾਗੁ ਮਹਲਾ ੩ ॥ [੬]ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ
ਭਗਤਿ ਨ ਹੋਈ ॥ [੭]ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥
ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥ ੧ ॥ ਭਾਈ ਰੇ
ਭਗਤਿਹੀਣੁ[੮] ਕਾਹੇ ਜਗਿ ਆਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ
ਜਨਮੁ ਗਵਾਇਆ ॥ ੧ ॥ ਰਹਾਉ ॥ ਆਪੇ ਜਗਜੀਵਨੁ ਸੁਖਦਾਤਾ ਆਪੇ
ਬਖਸਿ ਮਿਲਾਏ ॥ ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥
ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ ॥ ੨ ॥ ਦੇਖਿ ਕੁਟੰਬੁ ਮੋਹਿ
ਲੋਭਾਣਾ ਚਲਦਿਆ ਨਾਲਿ ਨ ਜਾਈ ॥ ਸਤਗੁਰੁ ਸੇਵਿ ਗੁਣ ਨਿਧਾਨੁ
ਪਾਇਆ ਤਿਸ ਦੀ ਕੀਮ[੯] ਨ ਪਾਈ ॥ ਹਰਿ ਪ੍ਰਭੁ ਸਖਾ[੧੦] ਮੀਤੁ ਪ੍ਰਭੁ ਮੇਰਾ
ਅੰਤੇ ਹੋਇ ਸਖਾਈ[੧੧] ॥ ੩ ॥ [੧੨]ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ
ਆਪੁ[੧੩] ਨ ਜਾਈ ॥ ਹਰਿ ਜੀਉ ਦਾਤਾ [੧੪]ਭਗਤਿ ਵਛਲੁ ਹੈ ਕਰਿ ਕਿਰਪਾ
ਮੰਨਿ ਵਸਾਈ ॥ ਨਾਨਕ [੧੫]ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ
ਵਡਿਆਈ ॥ ੪ ॥ ੧੫ ॥ ੪੮ ॥ ਸਿਰੀਰਾਗੁ ਮਹਲਾ ੩ ॥ ਧਨੁ [੧੬]ਜਨਨੀ
ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਗੁਰੁ ਸੇਵਿ ਸੁਖੁ ਪਾਇਆ
ਵਿਚਹੁ ਗਇਆ ਗੁਮਾਨੁ ॥ ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ
ਨਿਧਾਨੁ[੧੭] ॥ ੧ ॥ ਮੇਰੇ ਮਨ ਗੁਰਮੁਖਿ ਧਿਆਇ ਹਰਿ ਸੋਇ ॥ ਗੁਰ ਕਾ ਸਬਦੁ
ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥ ੧ ॥ ਰਹਾਉ ॥ ਕਰਿ ਕਿਰਪਾ ਘਰਿ[੧੮]
ਆਇਆ ਆਪੇ ਮਿਲਿਆ ਆਇ ॥ [੧੯]ਗੁਰ ਸਬਦੀ ਸਾਲਾਹੀਐ ਰੰਗੇ ਸਹਜਿ
ਸੁਭਾਇ ॥ [੨੦]ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥ ੨ ॥
ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥ [੨੧]ਚਿਰੀ
ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥ ਆਪੇ ਕਾਰ ਕਰਾਇਸੀ ਅਵਰੁ
ਨ ਕਰਣਾ ਜਾਇ ॥ ੩ ॥ ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥
[੨੨]ਅਹਿਨਿਸਿ[੨੩] ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ ਨਾਨਕ
ਆਪਿ ਮਿਲਾਇਅਨੁ [੨੪]ਪੂਰੈ ਸਬਦਿ ਅਪਾਰ ॥ ੪ ॥ ੧੬ ॥ ੪੯ ॥ ਸਿਰੀਰਾਗੁ
ਮਹਲਾ ੩ ॥ ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ ਕਥਨੀ

੧ ਸਿਮਰ ਕੇ।
੨ ਗੁਰੂ ਦੇ ਸਹਜ ਸੁਭਾਅ ਦੁਆਰਾ, ਗੁਰੂ ਵਾਲਾ ਸ਼ਾਂਤ ਸੁਭਾਅ ਹਾਸਲ ਕਰ ਕੇ।
੩ ਪ੍ਰੇਮ।
੪ ਜੀਭ ਹਰੀ ਰਸ ਦਾ ਸੁਆਦ ਲੈਣ ਵਾਲੀ ਹੋ ਗਈ।
੫ ਧੁਰ ਤੋਂ, ਆਪਣੇ ਹਜ਼ੂਰ ਤੋਂ।
੬ ਸਤਿਗੁਰੂ। (ਇਹੋ ਚੌਪਦਾ ਪੰਨਾ ੬੪-੬੫ ਉੱਤੇ ਪਹਿਲੀ ਅਸ਼ਟਪਦੀ ਦੇ ਪਹਿਲੇ ਤਿੰਨ ਅਤੇ ਅੰਤਲਾ ਇਕ ਪਦ ਹੋ ਕੇ ਆਉਂਦਾ ਹੈ।)
੭ ਸਤਿਗੁਰੂ ਆਪਣੇ ਨਾਲ ਸਿੱਖ ਦੇ ਆਪੇ ਨੂੰ ਮਿਲਾਵੇ ਤਾਂ ਸਿੱਖ ਬੁਝਦਾ ਹੈ, ਤਦ ਹੀ ਉਹ (ਸਿੱਖ) ਪਵਿੱਤਰ ਹੁੰਦਾ ਹੈ।
੮ ਭਗਤੀ ਤੋਂ ਬਿਨਾਂ।
੯ ਕੀਮਤ।
੧੦ ਦੋਸਤ।
੧੧ ਸਹਾਈ।
੧੨ ਆਪਣੇ ਮਨ ਚਿਤ ਵਿੱਚ ਕੋਈ ਪਿਆ ਕਹੇ ਜਾਂ ਹੋਰਨਾਂ ਪਾਸੋਂ ਪਿਆ ਅਖਾਵੇ ਕਿ ਮੇਰੇ ਵਿੱਚ ਹੰਕਾਰ ਨਹੀਂ, ਪਰ ਹੰਕਾਰ ਗੁਰੂ ਬਿਨਾਂ ਨਹੀਂ ਜਾਂਦਾ।
੧੩ ਆਪਾ ਭਾਵ, ਹੰਕਾਰ।
੧੪ ਭਗਤੀ ਦਾ ਪਿਆਰਾ ਹੈ, ਉਹ ਕਿਰਪਾ ਕਰ ਕੇ ਭਗਤੀ ਮਨ ਵਿੱਚ ਵਸਾਉਂਦਾ ਹੈ।
੧੫ ਪ੍ਰਭੂ ਜਸ ਤੇ ਸਮਝ ਆਪੇ ਦਿੰਦਾ ਹੈ, ਅਤੇ ਆਪੇ ਗੁਰੂ ਦੁਆਰਾ ਵਡਿਆਈ ਦਿੰਦਾ ਹੈ।
੧੬ ਮਾਤਾ ਜਿਸ ਨੇ ਜੰਮਿਆ।
੧੭ ਗੁਣਾਂ ਦਾ ਖ਼ਜ਼ਾਨਾ।
੧੮ ਹਿਰਦੇ ਵਿੱਚ।
੧੯ ਗੁਰੂ ਦੀ ਬਾਣੀ ਦੁਆਰਾ ਉਸ ਦੀ ਸਿਫ਼ਤ ਕਰੀਦੀ ਹੈ, ਉਹ ਆਪਣੇ ਸ਼ਾਂਤ ਸੁਭਾਅ ਵਿੱਚ ਰੰਗ ਦਿੰਦਾ ਹੈ।
੨੦ (ਮਨੁੱਖ) ਸੱਚਾ ਹੋਣ ਕਰ ਕੇ ਸੱਚ ਵਿੱਚ ਸਮਾਉਂਦਾ ਹੈ।
੨੧ ਸਤਿਗੁਰੂ ਨੇ ਚਿਰਾਂ ਦੇ ਵਿਛੜੇ ਹੋਏ ਮੇਲ ਦਿੱਤੇ ਆਪਣੇ ਖਾਤੇ ਪਾ ਕੇ ਅਰਥਾਤ ਆਪਣੇ ਲੜ ਲਾ ਕੇ, ਆਪਣਿਆਂ ਦੀ ਗਿਣਤੀ ਵਿੱਚ ਲਿਆ ਕੇ।
੨੨ ਨਿਰੰਕਾਰ ਦਾ ਨਿਰਭਉ ਨਾਮ ਰਾਤ ਦਿਨ ਦਿਲ ਵਿੱਚ ਰਮਿਆ ਰਹਿੰਦਾ ਹੈ।
੨੩ ਰਾਤ ਦਿਨ।
੨੪ ਅਪਾਰ ਵਾਹਿਗੁਰੂ ਦੇ ਪੂਰੇ ਸ਼ਬਦ ਦੁਆਰਾ।

* ਮੈਂ-ਮੈਂ ਕਰਦੀ ਸਾਰਾ ਸੰਸਾਰ ਫਿਰ ਨਿਕਲੀ (ਧਨ ਲਈ) ਪਰ ਧਨ ਦੌਲਤ (ਸੰਪੈ) ਭੀ ਨਾਲ ਨਾ ਗਏ।
† ਮਨ ਤੇ ਸਰੀਰ ਪਿਆਰ ਨਾਲ ਰੰਗੇ ਗਏ ਅਤੇ ਜੀਭ ਨਾਮ ਦੇ ਰਸ ਨਾਲ ਰਸ ਗਈ।

[੧]ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥ ਸਤਗੁਰਿ ਮਿਲਿਐ [੨]ਸਦ ਭੈ ਰਚੈ ਆਪਿ ਵਸੈ ਮਨਿ ਆਇ ॥ ੧ ॥ ਭਾਈ ਰੇ ਗੁਰਮੁਖਿ ਬੂਝੈ ਕੋਇ ॥ ਬਿਨੁ ਬੂਝੇ ਕਰਮ ਕਮਾਵਣੇ [੩]ਜਨਮੁ ਪਦਾਰਥੁ ਖੋਇ ॥ ੧ ॥ ਰਹਾਉ ॥ ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥ ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥ [੪]ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥ ੨ ॥ ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥ ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ ਜੇਹਾ ਕੀਤੋਨੁ[੫] ਤੇਹਾ ਹੋਆ ਜੇਹੇ ਕਰਮ ਕਮਾਇ ॥ ੩ ॥ [੬]ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥ ਨਾਨਕ [੭]ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥ ੪ ॥ ੧੭ ॥ ੫੦ ॥ ਸਿਰੀਰਾਗੁ ਮਹਲਾ ੩ ॥ ਕਾਂਇਆ ਸਾਧੈ ਉਰਧ[੮] ਤਪੁ ਕਰੈ ਵਿਚਹੁ ਹਉਮੈ ਨ ਜਾਇ ॥ [੯]ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥ ੧ ॥ ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥ ਗੁਰ ਪਰਸਾਦੀ ਛੁਟੀਐ [੧੦]ਬਿਖੁ ਭਵਜਲੁ ਸਬਦਿ ਗੁਰ ਤਰਣਾ ॥ ੧ ॥ ਰਹਾਉ ॥ [੧੧]ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ [੧੨]ਨਹ ਬੂਝੈ ਬਿਖਿਆ ਪਿਆਰਿ ॥ *ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥ ੨ ॥ ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ[੧੩] ਪਾਏ ਮੋਖ ਦੁਆਰੁ ॥ ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥ ੩ ॥ ਇਹੁ ਮਨੂਆ ਅਤਿ ਸਬਲ[੧੪] ਹੈ ਛਡੇ ਨ ਕਿਤੈ ਉਪਾਇ ॥ ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ ਨਾਨਕ ਨਾਮਿ ਲਗੇ ਸੇ ਉਬਰੇ[੧੫] ਹਉਮੈ ਸਬਦਿ ਗਵਾਇ ॥ ੪ ॥ ੧੮ ॥ ੫੧ ॥ ਸਿਰੀਰਾਗੁ ਮਹਲਾ ੩ ॥ ਕਿਰਪਾ ਕਰੇ ਗੁਰੁ ਪਾਈਐ [੧੬]ਹਰਿ ਨਾਮੋ ਦੇਇ ਦ੍ਰਿੜਾਇ ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥ ੧ ॥ ਮਨ ਰੇ ਦੂਜਾ ਭਾਉ ਚੁਕਾਇ[੧੭] ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥ †ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ[੧੮] ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥ ੨ ॥ ਹਉਮੈ ਵਿਚਿ ਜਗੁ ਬਿਨਸਦਾ[੧੯] ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ[੨੦] ਜਾਸਨਿ ਪਤਿ ਗਵਾਇ ॥ ਗੁਰ ਸੇਵਾ ਨਾਉ ਪਾਈਐ

੧ ਜ਼ਬਾਨੀ ਗੱਲਾਂ ਨਾਲ ਉਹ ਨਹੀਂ ਮਿਲਦਾ। ਮਿਲਦਾ ਤਦ ਹੈ ਜੇ ਹਉਮੈ ਦਿਲੋਂ ਦੂਰ ਕਰੀਏ।

੨ ਸਦਾ ਵਾਹਿਗੁਰੂ ਦੇ ਡਰ ਵਿੱਚ ਲੱਗਾ ਰਹਿੰਦਾ ਹੈ।

੩ ਮਨੁੱਖਾ ਜਨਮ ਜੇਹੀ ਅਮੋਲਕ ਵਸਤੂ।

੪ ਸੱਚੇ ਨਾਮ ਦਾ ਅੰਮ੍ਰਿਤ ਪੀਂਦਿਆਂ ਹੀ ਕਬੂਲ ਪੈ ਗਿਆ।

੫ ਉਸ ਨੇ ਕੀਤਾ।

੬ ਜਤ, ਸਤ ਤੇ ਇੰਦ੍ਰਿਆਂ ਦਾ ਰੋਕਣਾ—ਇਹ ਸਾਰੇ ਕਰਮ ਨਾਮ ਵਿੱਚ ਆ ਜਾਂਦੇ ਹਨ।

੭ ਜਿਹੜਾ ਸ਼ਾਂਤ ਮਨ ਹੋ ਕੇ ਪ੍ਰੇਮ ਵਿੱਚ ਨਿਭਦਾ ਹੈ, ਉਹੋ ਹਰੀ ਦੇ ਗੁਣ ਪਾਉਂਦਾ ਹੈ।

੮ ਪੁੱਠਾ ਲਟਕ ਕੇ।

੯ ਆਤਮ-ਗਿਆਨ ਦੇ ਸਾਧਨ ਲਈ ਬਣਾਵਟੀ ਕਰਮ (ਇੰਦ੍ਰਿਆਂ ਦਾ ਨਿਗ੍ਰਹ ਜਾਂ ਨਰੋਧ, ਨੇਤੀ, ਧੋਤੀ, ਗਜ ਆਦਿ)।

੧੦ ਇਸ ਵਿਖ ਰੂਪ ਸੰਸਾਰ ਨੂੰ ਗੁਰੂ ਦੇ ਸ਼ਬਦ ਦੁਆਰਾ ਤਰੀਦਾ ਹੈ।

੧੧ ਸਤੋ, ਰਜੋ, ਤਮੋ ਗੁਣਾਂ ਵਾਲੇ ਕਰਮ ਸਾਰੇ ਨਾਸਵੰਤ ਹਨ, ਇਹ ਦੂਜਾ ਭਾਵ ਹੈ, ਜੋ ਬੁਰਾ ਹੈ।

੧੨ ਉਹ ਪਾਪ ਦੇ ਪਿਆਰ ਵਿੱਚ ਨਹੀਂ ਬੁਝਦਾ।

੧੩ ਤਰ ਸਕਦਾ ਹੈ।

੧੪ ਤਾਕਤਵਰ।

੧੫ ਤਰ ਗਏ।

੧੬ ਗੁਰੂ ਪੱਕੀ ਤਰ੍ਹਾਂ ਨਾਮ ਸਮਝਾ ਦਿੰਦਾ ਹੈ।

੧੭ ਮੁਕਾ ਦੇਹ, ਦੂਰ ਕਰ।

੧੮ ਦੂਰ ਕਰ ਕੇ।

੧੯ ਨਾਸ ਹੁੰਦਾ ਹੈ।

੨੦ ਨਹੀਂ ਜਾਣਦੇ।

* ਇਹ ਤਿੰਨਾਂ ਗੁਣਾਂ ਦਾ ਬੰਧਨ ਸਤਿਗੁਰੂ ਦੇ ਮਿਲਣ ਨਾਲ ਛੁੱਟਦਾ ਹੈ ਅਤੇ ਤੁਰੀਆ ਅਵਸਥਾ ਵਿੱਚ ਹੋ ਕੇ ਮੁਕਤੀ ਮਿਲਦੀ ਹੈ।

† ਆਦਮੀ ਦੀ ਕਥਨੀ ਤੇ ਚੱਲਣ ਦਾ ਰਸਤਾ ਤਦ ਹੀ ਸੱਚਾ ਹੈ, ਜੇ ਉਹ ਸੱਚ ਨਾਲ ਪਿਆਰ ਕਰੇ। ਸ਼ਬਦ=ਜ਼ਿੰਦਗੀ ਦਾ ਰਸਤਾ, ਦੇਖੋ ਪੰਨਾ ੮ ਦਾ ਨੋਟ ੧੩।

ਸਚੇ ਰਹੇ ਸਮਾਇ॥ ੩॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ[੧] ਗਵਾਇ॥ ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ॥ ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ[੨] ਸਮਾਇ॥ ੪॥ ੧੯॥ ੫੨॥

ਸਿਰੀਰਾਗੁ ਮਹਲਾ ੩॥ *ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ॥ ਘਰਿ ਹੋਦਾ ਪੁਰਖੁ[੩] ਨ ਪਛਾਣਿਆ [੪]ਅਭਿਮਾਨਿ ਮੁਠੇ ਅਹੰਕਾਰਿ॥ [੫]ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ॥ ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ॥ ੧॥ ਮਨ ਮੇਰੇ ਸਦਾ ਹਰਿ ਵੇਖੁ ਹਦੂਰਿ[੬]॥ ਜਨਮ ਮਰਨ ਦੁਖੁ ਪਰਹਰੈ[੭] ਸਬਦਿ ਰਹਿਆ ਭਰਪੂਰਿ॥ ੧॥ ਰਹਾਉ॥ ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ[੮]॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ॥ [੯]ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ॥ [੧੦]ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ ੨॥ ਹਉਮੈ ਕਰਤਾ ਜਗੁ ਮੁਆ ਗੁਰ ਬਿਨੁ [੧੧]ਘੋਰ ਅੰਧਾਰੁ॥ ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ॥ ਸਤਗੁਰੁ ਸੇਵਹਿ ਤਾ ਉਬਰਹਿ[੧੨] ਸਚੁ [੧੩]ਰਖਹਿ ਉਰ ਧਾਰਿ॥ †ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ॥ ੩॥ ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ[੧੪] ਵਿਕਾਰ॥ ਆਪੁ[੧੫] ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ॥ [੧੬]ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ॥ ੪॥ ਸਤਗੁਰੁ ਪੁਰਖੁ[੧੭] ਨ ਮੰਨਿਓ ਸਬਦਿ ਨ ਲਗੋ ਪਿਆਰੁ॥ ਇਸਨਾਨੁ ਦਾਨੁ ਜੇਤਾ ਕਰਹਿ [੧੮]ਦੂਜੈ ਭਾਇ ਖੁਆਰੁ॥ ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ॥ ਨਾਨਕ ਨਾਮੁ ਸਮਾਲਿ[੧੯] ਤੂ [੨੦]ਗੁਰ ਕੈ ਹੇਤਿ ਅਪਾਰਿ॥ ੫॥ ੨੦॥ ੫੩॥

ਸਿਰੀਰਾਗੁ ਮਹਲਾ ੩॥ ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ॥ ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ[੧੫] ਗਵਾਇ॥ [੨੧]ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥ ਨਾਮੈ ਹੀ ਤੇ ਸੁਖੁ ਪਾਈਐ [੨੨]ਸਚੈ ਸਬਦਿ ਸੁਹਾਇ॥ ੧॥ ਮਨ ਮੇਰੇ ਅਨਦਿਨੁ[੨੩] ਜਾਗੁ ਹਰਿ ਚੇਤਿ॥ [੨੪]ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥ ੧॥ ਰਹਾਉ॥ ਮਨ ਕੀਆ ਇਛਾ[੨੫] ਪੂਰੀਆ ਸਬਦਿ ਰਹਿਆ ਭਰਪੂਰਿ॥ [੨੬]ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ॥ ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ[੨੭] ਗਇਆ ਸਰੀਰਹੁ ਦੂਰਿ॥ ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ[੨੮]॥ ੨॥ ਜੋ ਜਾਗੇ ਸੇ ਉਬਰੇ[੧੨] ਸੂਤੇ [੨੯]ਗਏ ਮੁਹਾਇ॥ ਸਚਾ ਸਬਦੁ ਨ ਪਛਾਣਿਓ [੩੦]ਸੁਪਨਾ ਗਇਆ ਵਿਹਾਇ॥ [੩੧]ਸੁੰਞੇ ਘਰ ਕਾ ਪਾਹੁਣਾ ਜਿਉ

੧ ਹਉਮੈ।
੨ ਤਿੰਨਾਂ ਗੁਣਾਂ ਵਾਲੀ ਹਾਲਤ ਤੋਂ ਲੰਘ ਕੇ ਚੌਥੇ ਪਦ (ਪੂਰਨ ਗਿਆਨ ਤੇ ਸ਼ਾਂਤੀ) ਵਿੱਚ।
੩ ਮਹਾਂਪੁਰਖ; ਭਾਵ ਗੁਰੂ ਅੰਗਦ ਦੇਵ ਜੀ ਤੋਂ ਹੈ।
੪ ਗ਼ਰੂਰ ਨਾਲ ਤੇ ਹਉਮੈ ਨਾਲ ਠੱਗੇ ਹੋਣ ਕਰ ਕੇ।
੫ ਗੁਰੂ ਅੰਗਦ ਦੇਵ ਜੀ ਵੱਲੋਂ ਧ੍ਰਿਕਾਰੇ ਹੋਏ ਲੋਕ ਸੰਸਾਰ ਵਿੱਚੋਂ ਮੰਗ-ਮੰਗ ਕੇ ਰਹਿ ਗਏ ਹਨ, ਪਰ ਕਿਧਰੋਂ ਵੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਨੇ ਸੱਚੀ ਬਾਣੀ ਵਾਲਾ ਵਾਹਿਗੁਰੂ ਨਹੀਂ ਸੇਵਿਆ ਜੋ ਸਾਰੇ ਕੰਮ ਸੰਵਾਰਨ ਵਾਲਾ ਹੈ। 'ਸ਼ਬਦ' ਵਾਹਿਗੁਰੂ ਲਈ ਆਇਆ ਹੈ, ਕਿਉਂਕਿ ਇਸ ਵਿੱਚ, ਅਰਥਾਤ ਗੁਰਬਾਣੀ ਵਿੱਚ, ਵਾਹਿਗੁਰੂ ਸਮਾ ਰਿਹਾ ਹੈ। ਦੇਖੋ ਰਹਾਉ ਦੀ ਦੂਜੀ ਤੁਕ।
੬ ਹਜ਼ੂਰ, ਸਾਮ੍ਹਣੇ।
੭ ਦੂਰ ਕਰਦਾ ਹੈ।
੮ ਆਸਰਾ।
੯ ਸੱਚਾ ਮਾਲਕ ਹੀ ਹੈ ਜਿਸ ਦਾ ਹੁਕਮ ਚੱਲਦਾ ਹੈ। ਉਸ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ।
੧੦ ਆਪ-ਹੁਦਰੇ ਲੋਕ ਵਾਹਿਗੁਰੂ ਦੇ ਦਰ ਤੱਕ ਨਹੀਂ ਪੁਜਦੇ, ਓਹ ਝੂਠੇ ਤਾਂ ਰਸਤੇ ਵਿੱਚ ਹੀ ਕੂੜ ਨਾਲ ਲੁੱਟੇ ਜਾਂਦੇ ਹਨ।
੧੧ ਘੁੱਪ ਹਨੇਰਾ ਹੈ।
੧੨ ਤਰ ਜਾਣ, ਬਚ ਜਾਣ।
੧੩ ਦਿਲ ਵਿੱਚ ਧਾਰ ਰੱਖਣ।
੧੪ ਛੱਡ ਕੇ।
੧੫ ਆਪਾ ਭਾਵ, ਹਉਮੈ।
੧੬ ਸੰਸਾਰ ਦੇ ਝਮੇਲਿਆਂ ਵਿੱਚ ਦੌੜ-ਭੱਜ ਕਰਨ ਤੋਂ ਰਹਿ ਗਏ ਅਤੇ ਸੱਚੇ ਪਾਸੇ ਰੁਚੀ ਹੋ ਗਈ।
੧੭ ਇਸ ਤੋਂ ਜ਼ਾਹਰ ਹੈ ਕਿ ਇਸ ਸ਼ਬਦ ਦੀ ਦੂਜੀ ਤੁਕ ਵਿੱਚ ਵੀ "ਪੁਰਖੁ" ਤੋਂ ਭਾਵ ਸਤਿਗੁਰੂ ਹੈ।
੧੮ ਵਾਹਿਗੁਰੂ ਤੋਂ ਉਲਟ ਦੂਜੇ ਪਾਸੇ ਲੱਗੇ ਹੋਣ ਕਰ ਕੇ।
੧੯ ਚੇਤੇ ਕਰ।
੨੦ ਗੁਰੂ ਦੇ ਅਤੁੱਟ ਪ੍ਰੇਮ ਨਾਲ।
੨੧ ਬਸ ਸੇਵਾ ਚਾਕਰੀ ਇਸੇ ਵਿੱਚ ਹੈ ਕਿ ਮਨ ਵਿੱਚ ਵਾਹਿਗੁਰੂ ਦਾ ਨਾਮ ਆ ਕੇ ਵੱਸੇ।
੨੨ ਸੱਚੇ ਸ਼ਬਦ ਦੀ ਕਮਾਈ ਦੁਆਰਾ ਸੋਹਣੇ ਲੱਗੀਦਾ ਹੈ (ਰੱਬ ਦੇ ਹਜ਼ੂਰ)।
੨੩ ਹਰ ਰੋਜ਼।
੨੪ ਆਪਣੀ 'ਭਾਇ ਭਗਤਿ' ਵਾਲੇ ਜੀਵਨ ਦੀ ਖੇਤੀ ਦੀ ਰਾਖੀ ਕਰ, ਨਹੀਂ ਤਾਂ ਤੇਰੀ ਉਮਰ ਦੀ ਖੇਤੀ ਨੂੰ ਮੌਤ ਰੂਪੀ ਕੂੰਜ ਖਾ ਜਾਵੇਗੀ।
੨੫ ਭਾਵਣੀਆਂ।
੨੬ ਰਾਤ ਦਿਨ ਭੈ ਵਾਲੀ ਪ੍ਰੇਮਾ ਭਗਤੀ ਕਰਦੇ ਹਨ।
੨੭ ਭਰਮ, ਵਹਿਮ।
੨੮ ਗੁਣਾਂ ਕਰ ਕੇ ਗੰਭੀਰ, ਅਥਾਹ ਗੁਣਾਂ ਵਾਲਾ।
੨੯ ਠੱਗੇ ਗਏ।
੩੦ ਜ਼ਿੰਦਗੀ ਸੁਪਨੇ ਵਾਂਗੂ ਲੰਘ ਗਈ।
੩੧ ਖ਼ਾਲੀ ਘਰ ਦੇ ਪ੍ਰਾਹੁਣੇ ਵਾਕੁਰ ਜਿਸ ਤਰ੍ਹਾਂ ਸੱਖਣਾ ਆਇਆ ਸੀ, ਉਸੇ ਤਰ੍ਹਾਂ ਸੱਖਣਾ ਵਾਪਸ ਜਾ ਰਿਹਾ ਹੈ।

* ਇਹ ਸ਼ਬਦ ਗੁਰੂ ਅੰਗਦ ਦੇਵ ਜੀ ਦੇ ਟੱਬਰ ਦੇ ਸੰਬੰਧੀਆਂ ਪ੍ਰਥਾਇ ਉਚਾਰਿਆ ਹੈ, ਜੋ ਹੰਕਾਰ ਕਰ ਕੇ ਆਪਣੇ ਘਰ ਵਿੱਚ ਗੁਰੂ ਜਹੇ ਮਹਾਂ ਪੁਰਖ ਦੇ ਹੁੰਦਿਆਂ ਉਸ ਦੀ ਕਦਰ ਨਹੀਂ ਸੀ ਕਰਦੇ।

† ਵਾਹਿਗੁਰੂ ਆਪਣੀ ਮਿਹਰ ਦੁਆਰਾ ਹੀ ਮਿਲਦਾ ਹੈ, ਗੁਰੂ ਦੀ ਸੱਚੀ ਬਾਣੀ ਦੇ ਵੀਚਾਰ ਨਾਲ। ਭਾਵ ਮਿਹਰ ਹੋਂਦੀ ਹੈ, ਤਾਂ ਮਨੁੱਖ ਬਾਣੀ ਵੱਲ ਲੱਗਦਾ ਹੈ, ਜਿਸ ਦਾ ਵੀਚਾਰ ਕਰ-ਕਰ ਕੇ ਵਾਹਿਗੁਰੂ ਨੂੰ ਲਭੀਦਾ ਹੈ। ਉਹ ਕਿਸ ਤਰ੍ਹਾਂ? ਜਿਵੇਂ ਅਗਲੇ ਅੰਕ ਵਿੱਚ ਦੱਸਿਆ ਹੈ।

ਆਇਆ ਤਿਉ ਜਾਇ॥ ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ॥ ੩॥ ਸਭ ਕਿਛੁ ਆਪੇ ਆਪਿ ਹੈ [1]ਹਉਮੈ ਵਿਚਿ ਕਹਨੁ ਨ ਜਾਇ॥ ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥ ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ॥ ੪॥ ੨੧॥ ੫੪॥ ਸਿਰੀਰਾਗੁ ਮਹਲਾ ੩॥ ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥ [2]ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ[3] ਹੋਇ॥ ਮਨੁ ਤਨੁ ਸੀਤਲੁ[4] ਸਾਚ ਸਿਉ ਸਾਸੁ[5] ਨ ਬਿਰਥਾ ਕੋਇ॥ ੧॥ ਮੇਰੇ ਮਨ ਹਰਿ ਕਾ ਨਾਮੁ ਧਿਆਇ॥ ਸਾਚੀ ਭਗਤਿ ਤਾ ਥੀਐ[6] ਜਾ ਹਰਿ ਵਸੈ ਮਨਿ ਆਇ॥ ੧॥ ਰਹਾਉ॥ [7]ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ॥ ਖੇਤੀ ਜੰਮੀ ਅਗਲੀ[8] [9]ਮਨੂਆ ਰਜਾ ਸਹਜਿ ਸੁਭਾਇ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ[10] ਜਾਇ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥ ੨॥ *ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ॥ ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ [11]ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥ ੩॥ ਨਦਰੀ[12] ਨਾਮੁ ਧਿਆਈਐ ਵਿਣੁ[13] ਕਰਮਾ ਪਾਇਆ ਨ ਜਾਇ॥ [14]ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ[2] ਨਾਮੇ ਰਤਿਆ [15]ਦੁਖੁ ਬਿਖਿਆ ਵਿਚਹੁ ਜਾਇ॥ ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ॥ ੪॥ ੨੨॥ ੫੫॥ ਸਿਰੀਰਾਗੁ ਮਹਲਾ ੩॥ ਆਪਣਾ [16]ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ॥ ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ[17]॥ [18]ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥ ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥ ੧॥ [19]ਮਨ ਮੇਰੇ ਹਉਮੈ ਮੈਲੁ ਭਰ ਨਾਲਿ॥ ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ॥ ੧॥ ਰਹਾਉ॥ ਸਚੈ ਸਬਦਿ ਮਨੁ ਮੋਹਿਆ ਪ੍ਰਭਿ[20] ਆਪੇ ਲਏ ਮਿਲਾਇ॥ ਅਨਦਿਨੁ[2] ਨਾਮੇ ਰਤਿਆ ਜੋਤੀ ਜੋਤਿ ਸਮਾਇ॥ †ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ॥ ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ॥ ੨॥ ਵਿਣੁ ਨਾਵੈ ਸਭ ਡੁਮਣੀ[21] ਦੂਜੈ ਭਾਇ ਖੁਆਇ॥ ਤਿਸੁ ਬਿਨੁ ਘੜੀ ਨ ਜੀਵਦੀ ਦੁਖੀ [22]ਰੈਣਿ ਵਿਹਾਇ॥ ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ॥ [12]ਨਦਰਿ ਕਰੇ ਪ੍ਰਭੁ ਆਪਣੀ ਆਪੇ

੧ ਹਉਮੈ ਕਰ ਕੇ ਇਹ ਆਖਣ ਨਹੀਂ ਹੁੰਦਾ ਕਿ ਸਭ ਕੁਝ ਉਹ ਆਪ ਹੈ।
੨ ਹਰ ਰੋਜ਼ ਨਾਮ ਵਿੱਚ ਰਚੇ ਹੋਣ ਕਰ ਕੇ ਸੱਚੇ ਲੋਕਾਂ ਦੀ ਸੱਚੀ ਸ਼ੋਭਾ ਹੁੰਦੀ ਹੈ।
੩ ਕੇਹੋ ਜੇਹੀ, ਭਾਵ ਕੁਝ ਨਾ।
੪ ਠੰਢਾ।
੫ ਸ੍ਵਾਸ, ਸਾਹ।
੬ ਹੋਵੈ, ਹੁੰਦੀ ਹੈ।
੭ ਸਹਜ ਅਵਸਥਾ ਵਿੱਚ ਹੋ ਕੇ, ਅਰਥਾਤ ਤਿਹਾਂ ਗੁਣਾਂ ਤੋਂ ਉੱਚਾ ਹੋ ਕੇ ਟਿਕਾਉ ਵਾਲੀ ਅਵਸਥਾ ਵਿੱਚ, ਹਿਰਦੇ ਰੂਪੀ ਖੇਤੀ ਬੀਜੀਏ ਸੱਚੇ ਨਾਮ ਦਾ ਬੀਜ ਪਾ ਕੇ।
੮ ਬਹੁਤੀ।
੯ ਮਨ ਸ਼ਾਂਤ ਹੋ ਕੇ ਰੱਜ ਗਿਆ।
੧੦ ਤ੍ਰਿਸ਼ਨਾ ਦੀ ਤ੍ਰੇਹ।
੧੧ ਉਨ੍ਹਾਂ ਦਾ ਵਾਸਾ ਰੱਬ ਦੀ ਹਜ਼ੂਰੀ ਵਿੱਚ ਹੈ।
੧੨ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਹੋਵੇ ਤਾਂ।
੧੩ ਬਿਨਾਂ।
੧੪ ਪੂਰੇ ਭਾਗਾਂ ਕਰ ਕੇ ਉਹ ਮਨੁੱਖ ਸਤਸੰਗਤਿ ਪ੍ਰਾਪਤ ਕਰਦਾ ਹੈ, ਜਿਸ ਨੂੰ ਸਤਿਗੁਰੂ ਜੀ ਆਪ ਆ ਕੇ ਮਿਲਣ।
੧੫ ਵਿਕਾਰ ਜਾਂ ਬੁਰਾਈ ਦਾ ਦੁੱਖ।
੧੬ ਡਰ ਉਨ੍ਹਾਂ ਨੂੰ ਪਾਇਆ ਹੈ ਰੱਬ ਨੇ।
੧੭ ਸਮਝ ਕੇ।
੧੮ ਦੁਚਿੱਤੀ ਦੀ ਮੈਲ ਦੂਰ ਕੀਤੀ ਹੈ ਅਤੇ ਵਾਹਿਗੁਰੂ ਨੂੰ ਦਿਲ ਵਿੱਚ ਪਾ ਰੱਖਿਆ ਹੈ।
੧੯ ਹੇ ਮੇਰੇ ਮਨ! ਤੂੰ ਹਉਮੈ ਦੀ ਮੈਲ ਨਾਲ ਲਿਬੜਿਆ ਪਿਆ ਹੈਂ।
੨੦ ਪ੍ਰਭੂ ਨੇ।
੨੧ ਦੋ-ਮਨੀ, ਦੁਚਿੱਤੀ, ਦੁਬਿਧਾ ਵਾਲੀ। ਬਿਨਾਂ ਨਾਮ ਤੋਂ ਸ੍ਰਿਸ਼ਟੀ ਦੁਬਿਧਾ ਵਿੱਚ ਹੈ, ਇਸ ਦੂਜੇ ਭਾਵ ਕਰ ਕੇ (ਅਰਥਾਤ ਵਾਹਿਗੁਰੂ ਨੂੰ ਛੱਡ ਕੇ ਹੋਰ ਪਾਸੇ ਲੱਗਣ ਕਰ ਕੇ) ਭੁਲਦੀ ਭਟਕਦੀ ਪਈ ਹੈ।
੨੨ ਰਾਤ ਗੁਜ਼ਾਰਦੀ ਹੈ।

* ਉਨ੍ਹਾਂ ਦਾ ਆਖਣਾ, ਵੇਖਣਾ ਤੇ ਬੋਲਣਾ ਗੁਰਬਾਣੀ ਵਿੱਚ ਹੀ ਸਮਾ ਰਿਹਾ ਹੈ, ਭਾਵ ਜੋ ਕੁਝ ਓਹ ਆਖਦੇ, ਵੇਖਦੇ ਜਾਂ ਬੋਲਦੇ ਹਨ, ਗੁਰਬਾਣੀ ਦੇ ਐਨ ਮੁਤਾਬਿਕ ਹੁੰਦਾ ਹੈ। ਉਨ੍ਹਾਂ ਦੀਆਂ ਕਹੀਆਂ ਹੋਈਆਂ ਗੱਲਾਂ ਚਹੁੰਆਂ ਜੁਗਾਂ ਵਿੱਚ ਮਸ਼ਹੂਰ ਹੋ ਜਾਂਦੀਆਂ ਹਨ; ਕਿਉਂਕਿ ਉਹ ਸਚੋ ਸੱਚ ਸੁਣਾਂਦੇ ਹਨ। ਅਰਥਾਤ ਉਨ੍ਹਾਂ ਦੀ ਬਾਣੀ ਵਿੱਚ ਝੂਠ ਦਾ ਰਲਾ ਨਹੀਂ ਹੁੰਦਾ, ਇਸ ਲਈ ਉਹ ਕਦੀ ਪੁਰਾਣੀ ਨਹੀਂ ਹੁੰਦੀ। "ਸਚੁ ਪੁਰਾਣਾ ਨ ਥੀਐ" ਦੇ ਵਾਕ ਅਨੁਸਾਰ ਉਨ੍ਹਾਂ ਦੀ ਬਾਣੀ ਸਦਾ ਲਈ ਹੁੰਦੀ ਹੈ।

† ਅੰਦਰ ਦੇ ਚਾਨਣੇ ਨਾਲ ਵਾਹਿਗੁਰੂ ਸਹੀ ਕਰੀਦਾ ਹੈ, ਪਰ ਇਹ ਅੰਦਰ ਦੀ ਸਮਝ ਸਤਿਗੁਰੂ ਤੋਂ ਬਿਨਾਂ ਨਹੀਂ ਮਿਲਦੀ। ਸਤਿਗੁਰੂ ਭੀ ਉਨ੍ਹਾਂ ਨੂੰ ਹੀ ਆ ਕੇ ਮਿਲਦਾ ਹੈ, ਜਿਨ੍ਹਾਂ ਦੇ ਭਾਗਾਂ ਵਿੱਚ ਵਾਹਿਗੁਰੂ ਨੇ ਪਹਿਲਾਂ ਹੀ ਲਿਖ ਪਾਇਆ ਹੈ।

ਲਏ ਮਿਲਾਇ॥ ੩॥ [1]ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ॥ ਪਾਪੋ ਪਾਪੁ ਕਮਾਵਦੇ [2]ਪਾਪੇ ਪਚਹਿ ਪਚਾਇ॥ ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ॥ ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ॥ ੪॥ ੨੩॥ ੫੬॥ ਸ੍ਰੀਰਾਗੁ ਮਹਲਾ ੩॥ ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥ ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ॥ ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ॥ ੧॥ ਮਨ ਰੇ ਨਿਜ ਘਰਿ[3] ਵਾਸਾ ਹੋਇ॥ ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ॥ ੧॥ ਰਹਾਉ॥ ਹਰਿ ਇਕੋ ਦਾਤਾ ਵਰਤਦਾ[4] ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ [5]ਸਹਜੇ ਹੀ ਸੁਖੁ ਹੋਇ॥ [6]ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ[7]॥ ੨॥ *ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ॥ ਬਿਖੁ[8] ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥ ਬਿਨੁ ਨਾਵੈ [9]ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ॥ ੩॥ ਜੀਉ ਪਿੰਡੁ[10] ਸਭੁ ਤਿਸ ਦਾ ਤਿਸੈ ਦਾ ਆਧਾਰੁ[11]॥ ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ॥ ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ॥ ੪॥ ੨੪॥ ੫੭॥ ਸਿਰੀਰਾਗੁ ਮਹਲਾ ੩॥ ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ[11]॥ ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ[12]॥ ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ॥ ਕਿਰਪਾ ਕਰਿ ਕੈ ਆਪਣੀ ਦਿਤੋਨੁ[13] ਭਗਤਿ ਭੰਡਾਰੁ॥ ੧॥ ਮਨ ਰੇ ਸਦਾ ਅਨੰਦੁ ਗੁਣ ਗਾਇ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥ ੧॥ ਰਹਾਉ॥ ਸਚੀ ਭਗਤੀ ਮਨੁ ਲਾਲੁ ਥੀਆ[14] ਰਤਾ [15]ਸਹਜਿ ਸੁਭਾਇ॥ [16]ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ॥ ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ॥ ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ[17]॥ ੨॥ ਸੰਸਾ[18] ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥ ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ॥ ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ[19]॥ ਆਪਿ ਵਡਾਈ ਦਿਤੀਅਨੁ ਗੁਰਮੁਖਿ[20] ਦੇਇ ਬੁਝਾਇ॥ ੩॥ ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ॥ ਇਕਿ ਆਪੇ ਆਪਿ [21]ਖੁਆਇਅਨੁ ਦੂਜੈ ਛਡਿਅਨੁ ਲਾਇ॥ [22]ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ॥ ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ॥ ੪॥ ੨੫॥ ੫੮॥ ਸਿਰੀਰਾਗੁ ਮਹਲਾ ੩॥ ਗੁਣਵੰਤੀ ਸਚੁ ਪਾਇਆ [23]ਤ੍ਰਿਸਨਾ ਤਜਿ ਵਿਕਾਰ॥ ਗੁਰ ਸਬਦੀ ਮਨੁ ਰੰਗਿਆ ਰਸਨਾ

੧ ਵਾਹਿਗੁਰੂ ਸਭ ਕੁਝ ਸਾਡਾ ਕਿਹਾ ਸੁਣਦਾ ਤੇ ਸਾਡਾ ਕੀਤਾ ਵੇਖਦਾ ਹੈ, ਅਸੀਂ ਉਸ ਤੋਂ ਕਿਵੇਂ ਇਨਕਾਰੀ ਹੋ ਸਕਦੇ ਹਾਂ?

੨ ਪਾਪ ਵਿੱਚ ਹੀ ਗਲਦੇ ਸੜਦੇ ਹਨ।

੩ ਆਪਣੇ ਅਸਲੀ ਟਿਕਾਣੇ ਵਿੱਚ, ਵਾਹਿਗੁਰੂ ਨਾਲ ਇਕ-ਮਿਕ ਹੋਣ ਦੀ ਹਾਲਤ ਵਿੱਚ, ਨਿਰਬਾਣ ਪਦ ਵਿੱਚ।

੪ ਹਰ ਥਾਂ ਕੰਮ ਕਰ ਰਿਹਾ ਹੈ।

੫ ਸੁਤੇ ਹੀ।

੬ ਵਾਹਿਗੁਰੂ ਸਭ ਸ੍ਰਿਸ਼ਟੀ ਨੂੰ ਆਪਣੀ ਨਜ਼ਰ ਵਿੱਚ ਰੱਖ ਕੇ ਦੇਖਦਾ ਰਹਿੰਦਾ ਹੈ ਕਿ ਕੌਣ ਯੋਗ ਹੈ ਤੇ ਕੌਣ ਨਹੀਂ।

੭ ਸੁਖ ਦਿੰਦਾ ਹੈ।

੮ ਵਿਸ਼ਾ, ਮੰਦ ਵਾਸ਼ਨਾ। ਚੂੰਕਿ ਸਾਰੇ ਕੰਮ ਵਿਸ਼ੇ ਭਾਵ ਨਾਲ ਕਰਦੇ ਹਨ, ਇਸ ਲਈ ਉਹ ਮਾਇਆ ਦੇ ਗੇੜ ਵਿੱਚ ਹੀ ਪਏ ਰਹਿੰਦੇ ਹਨ।

੯ ਠਿਕਾਣਾ ਨਹੀਂ ਪਾਉਂਦੇ ਅਤੇ ਜਮਪੁਰੀ ਵਿੱਚ ਜਾ ਕੇ ਦੁੱਖ ਸਹਿੰਦੇ ਹਨ।

੧੦ ਸਰੀਰ।

੧੧ ਆਸਰਾ।

੧੨ ਦੂਰ ਕਰਨ ਵਾਲਾ।

੧੩ ਉਸ ਨੇ ਦਿੱਤਾ।

੧੪ ਹੋਇਆ।

੧੫ ਕੁਦਰਤੀ ਤੌਰ 'ਤੇ।

੧੬ ਗੁਰੂ ਦੇ ਸ਼ਬਦ ਨਾਲ ਮਨ ਇਉਂ ਮੋਹਿਆ ਜਾਂਦਾ ਹੈ ਕਿ ਉਸ ਦਾ ਕੁਝ ਬਿਆਨ ਨਹੀਂ ਹੋ ਸਕਦਾ।

੧੭ ਆਪਣੀ ਰਜ਼ਾ ਜਾਂ ਭਾਣੇ ਨਾਲ।

੧੮ ਭਰਮ, ਤੌਖਲਾ। ਇਸ ਸੰਸਾਰ ਦਾ ਕਾਰ-ਵਿਹਾਰ ਭਰਮ ਰੂਪ ਹੈ। ਭਰਮ ਵਿੱਚ ਹੀ ਉਮਰ ਲੰਘ ਜਾਂਦੀ ਹੈ। ਰੈਣਿ=ਰਾਤ ਉਮਰ ਦੀ

੧੯ ਦੂਰ ਕਰ ਕੇ।

੨੦ ਗੁਰੂ ਦੁਆਰਾ।

੨੧ ਭੁਲਾਏ ਹਨ ਅਤੇ ਦੂਜੇ ਪਾਸੇ ਲਾ ਦਿੱਤੇ ਹਨ।

੨੨ ਗੁਰੂ ਦੀ ਮੱਤ ਲੈ ਕੇ ਆਪਣੀ ਸੁਰਤ ਨੂੰ ਵਾਹਿਗੁਰੂ ਦੀ ਜੋਤ ਵਿੱਚ ਜੋੜ ਕੇ ਵਾਹਿਗੁਰੂ ਪਾਈਦਾ ਹੈ।

੨੩ ਲਾਲਚ ਆਦਿ ਬੁਰਾਈਆਂ ਛੱਡ ਕੇ।

* ਹਉਮੈ ਕਰ ਕੇ ਹੀ ਸਾਰੀ ਗਿਣਤੀ ਮਿਣਤੀ ਹੈ; ਅਰਥਾਤ ਮਨੁੱਖ ਜਦ ਤਕ ਹਉਮੈ ਵਿੱਚ ਹੁੰਦਾ ਹੈ, ਤਦ ਤੋੜੀ ਇਹ ਗਿਣਤੀਆਂ ਕਰਦਾ ਰਹਿੰਦਾ ਹੈ ਕਿ ਇਹ ਕੰਮ ਮੈਂ ਕੀਤਾ; ਇਹ ਦਾਤ ਮੈਂ ਦਿੱਤੀ, ਇਸ ਕਰ ਕੇ ਉਹ 'ਹਰਿ ਇਕੋ ਦਾਤਾ ਵਰਤਦਾ' ਨੂੰ ਭੁੱਲ ਜਾਂਦਾ ਹੈ, ਉਹ ਨਹੀਂ ਖਿਆਲਦਾ ਕਿ 'ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ' ਹੈ, ਇਸ ਲਈ ਇਨ੍ਹਾਂ ਗਿਣਤੀਆਂ ਮਿਣਤੀਆਂ ਵਿੱਚ ਪੈ ਕੇ ਆਪਣੇ ਆਪ ਨੂੰ ਕਲੇਸ਼ ਦਿੰਦਾ ਰਹਿੰਦਾ ਹੈ।

ਪ੍ਰੇਮ ਪਿਆਰਿ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥ ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥ ੧ ॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ [੧]ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥ ੧ ॥ ਰਹਾਉ ॥ ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ[੨] ॥ ਮਨਮੁਖਿ ਸਬਦੁ ਨ ਜਾਣਈ [੩]ਅਵਗਣਿ ਸੋ ਪ੍ਰਭੁ ਦੂਰਿ ॥ ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ[੪] ਪ੍ਰਭੁ ਮਿਲਿਆ ਆਪਿ ਹਦੂਰਿ[੫] ॥ ੨ ॥ [੬]ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥ [੭]ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥ ੩ ॥ ਮਿਤ੍ਰ ਘਣੇਰੇ[੮] ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ[੯] ॥ [੧੦]ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥ ੪ ॥ ੨੬ ॥ ੫੯ ॥ ਸਿਰੀਰਾਗੁ ਮਹਲਾ ੩ ॥ ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ[੧੧] ਆਪਿ ਉਪਾਇ[੧੨] ॥ ਸਭ ਏਕੋ ਇਕੁ ਵਰਤਦਾ [੧੩]ਅਲਖੁ ਨ ਲਖਿਆ ਜਾਇ ॥ ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥ [੧੪]ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥ ੧ ॥ ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ ਮਨੁ ਤਨੁ [੧੫]ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥ ੧ ॥ ਰਹਾਉ ॥ [੧੬]ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥ ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ[੧੭] ਕਰੇਇ ॥ *ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ ॥ ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ ॥ ੨ ॥ ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ [੧੮]ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ [੧੯]ਸਾਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥ ੩ ॥ †ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥ [੨੦]ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥ ਨਾਨਕ ਗੁਰੁ ਸਾਲਾਹੀ ਆਪਣਾ [੨੧]ਜਿਦੂ ਪਾਈ ਪ੍ਰਭੁ ਸੋਇ ॥ ੪ ॥ ੨੭ ॥ ੬੦ ॥ ਸਿਰੀਰਾਗੁ ਮਹਲਾ ੩ ॥ [੨੨]ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ॥ ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ ॥ ਜਿਨੀ ਸਖੀ[੨੩] ਕੰਤੁ ਪਛਾਣਿਆ ਹਉ ਤਿਨ ਕੈ ਲਾਗਉ

੧ ਤਾਂ ਤੂੰ ਆਪਣੇ ਅਸਲੀ ਘਰ ਵਿੱਚ (ਵਾਹਿਗੁਰੂ ਦੀ ਹਜ਼ੂਰੀ ਵਿੱਚ) ਰਹੇਂਗਾ, ਨਾਮ ਰੂਪੀ ਅੰਮ੍ਰਿਤ ਪੀਵੇਂਗਾ, ਅਤੇ ਸੁਖ ਦਾ ਮਹੱਲ ਪ੍ਰਾਪਤ ਕਰੇਂਗਾ। "ਸੂਖ ਮਹਲ ਜਾ ਕੇ ਊਚ ਦੁਆਰੇ"

(ਸੂਹੀ ਮ: ੫)।

੨ ਵਾਹਿਗੁਰੂ ਪਤੀ ਦੇ ਹਜ਼ੂਰ।

੩ ਔਗੁਣਾਂ ਕਰ ਕੇ ਉਹ ਮਾਲਕ ਉਨ੍ਹਾਂ ਤੋਂ ਦੂਰ ਹੈ।

੪ ਵਿਨ੍ਹਿਆ ਗਿਆ ਹੈ।

੫ ਪ੍ਰਤੱਖ ਹੋ ਕੇ।

੬ ਰੱਬ ਨੇ ਆਪੇ ਰੰਗ ਦੀ ਮੱਟੀ ਵਿੱਚ ਰੰਗਿਆ; ਅਰਥਾਤ ਸ਼ਬਦ ਦੇ ਪ੍ਰੇਮ ਵਿੱਚ ਰੰਗਿਆ, ਅਤੇ ਸ਼ਬਦ ਦੁਆਰਾ ਆਪਣੇ ਆਪ ਨਾਲ ਮਿਲਾ ਲਿਆ।

੭ ਆਪ-ਹੁਦਰੇ ਲੋਕ, ਚਾਰੇ ਕੁੰਟਾਂ (ਸਾਰੇ ਸੰਸਾਰ) ਵਿੱਚ ਟੱਕਰਾਂ ਮਾਰ ਥਕੇ, ਪਰ ਉਨ੍ਹਾਂ ਨੂੰ ਕਿਧਰੋਂ ਸਮਝ ਨਾ ਪਈ।

੮ ਬਹੁਤ ਸਾਰੇ।

੯ ਸੋਭਾ।

੧੦ ਜਿਹੜੇ ਗੁਰੂ ਦੁਆਰਾ ਹੋ ਕੇ ਸੱਚ ਸਰੂਪ ਵਾਹਿਗੁਰੂ ਵਿੱਚ ਮਿਲ ਜਾਂਦੇ ਹਨ, ਓਹ ਮੁੜ ਨਹੀਂ ਵਿਛੜਦੇ; ਆਵਾਗਉਣ ਵਿੱਚ ਨਹੀਂ ਆਉਂਦੇ।

੧੧ ਸੰਭਾਲਨਾ ਕਰਦਾ ਹੈ।

੧੨ ਪੈਦਾ ਕਰ ਕੇ।

੧੩ ਉਹ ਸਮਝ ਵਿੱਚ ਨਾ ਆਉਣ ਵਾਲਾ ਜਾਣਿਆ ਨਹੀਂ ਜਾਂਦਾ।

੧੪ ਗੁਰੂ ਦੀ ਸਿੱਖਿਆ ਦੁਆਰਾ ਜਿਨ੍ਹਾਂ ਦੇ ਮਨ ਵਿੱਚ ਉਹ ਸਦਾ ਵਸਿਆ ਰਹਿੰਦਾ ਹੈ, ਉਹ ਸਤਿ ਸਰੂਪ ਵਿੱਚ ਲੀਨ ਰਹਿੰਦੇ ਹਨ।

੧੫ ਠੰਢਾ ਸਭ ਹੋਵੇ।

੧੬ ਜਿਸ ਵਾਹਿਗੁਰੂ ਨੇ ਇਸ ਸੰਸਾਰ ਦਾ ਮੂਲ ਰਚ ਕੇ ਇਸ ਨੂੰ ਥੰਮ੍ਹ ਰੱਖਿਆ ਹੈ; ਓਹੀ ਇਸ ਦੀ ਖ਼ਬਰ ਲੈਂਦਾ ਰਹਿੰਦਾ ਹੈ।

੧੭ ਮਿਹਰ।

੧੮ ਹਰ ਦਿਲ ਵਿੱਚ।

੧੯ ਜੋ ਜੀਵ ਰੂਪੀ ਇਸਤਰੀ ਨਾਮ ਤੋਂ ਖਾਲੀ ਹੈ, ਉਹ ਔਗੁਣਹਾਰੀ ਰੋਂਦੀ ਰਹਿੰਦੀ ਹੈ।

੨੦ ਵਾਹਿਗੁਰੂ ਆਪੇ ਸੰਜੋਗ ਵਿੱਚ ਲਿਆ ਕੇ ਆਪਣੇ ਨਾਲ ਮਿਲਾਂਦਾ ਹੈ।

੨੧ ਜਿਸ ਤੋਂ ਪਾਵਾਂ ਉਸ ਪ੍ਰਭੂ ਨੂੰ।

੨੨ ਹੇ ਕਾਮ ਦੀ ਪਕੜੀ ਹੋਈਏ (ਕਾਮ ਵਿੱਚ ਗ੍ਰਸੀ ਹੋਈਏ)! ਤੂੰ ਸੁਣ, ਕੀ ਬਾਹਾਂ ਉਲਾਰ-ਉਲਾਰ ਕੇ (ਮਸਤ ਹੋ ਕੇ) ਚਲਦੀ ਹੈਂ?

੨੩ ਸਹੇਲੀਆਂ ਨੇ, ਸਤ-ਸੰਗੀਆਂ ਨੇ।

* ਉਸ ਸੱਚੇ ਦਰਬਾਰ ਵਿੱਚ ਉਹੋ ਪੁਰਸ਼ ਨਾਮ ਦੇ ਸਵਾਰੇ ਹੋਏ ਸੋਹਣੇ ਲੱਗਣਗੇ, ਜਿਨ੍ਹਾਂ ਨੂੰ ਸਿਰਜਣਹਾਰ ਨੇ ਆਪ ਸੰਜੋਗ ਵਿੱਚ ਲਿਆਂਦਾ ਹੈ, ਅਤੇ ਜੋ ਗੁਰੂ ਦੁਆਰਾ ਸੱਚੀ ਬਾਣੀ ਦੇ ਪ੍ਰੇਮ ਵਿੱਚ ਰੰਗੇ ਗਏ ਹਨ।

† ਮੈਂ ਸੱਚੇ ਵਾਹਿਗੁਰੂ ਨੂੰ ਸਲਾਹਵਾਂ, ਅਤੇ ਸੱਚੇ ਵਿੱਚ ਜੁੜਿਆ ਰਹਾਂ, ਸੱਚੇ ਨਾਮ ਨਾਲ ਰੱਜ ਕੇ ਉਸ ਦੇ ਗੁਣਾਂ ਦਾ ਵਿਚਾਰ ਕਰਾਂ, ਅਤੇ ਵੀਚਾਰ ਕਰਨ ਨਾਲ ਆਪਣੇ ਆਪ ਵਿੱਚ ਗੁਣ ਇਕੱਠੇ ਕਰਾਂ ਅਤੇ ਔਗੁਣ ਧੋ ਕੇ ਦੂਰ ਕਰ ਲਵਾਂ।

ਪਾਇ ॥ ਤਿਨ ਹੀ ਜੈਸੀ [੧]ਥੀ ਰਹਾ ਸਤਸੰਗਤਿ ਮੇਲਿ ਮਿਲਾਇ ॥ ੧ ॥ [੨]ਮੁੰਧੇ
ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥
੧ ॥ ਰਹਾਉ ॥ ਮਨਮੁਖਿ ਕੰਤੁ ਨ ਪਛਾਣਈ ਤਿਨ [੩]ਕਿਉ ਰੈਣਿ ਵਿਹਾਇ ॥
[੪]ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ [੫]ਦੂਜੈ ਭਾਇ ॥ [੬]ਸਬਦਿ
ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥ [੭]ਸਦਾ ਪਿਰੁ ਰਾਵਹਿ
ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥ ੨ ॥ [੮]ਗਿਆਨ ਵਿਹੂਣੀ ਪਿਰ ਮੁਤੀਆ
ਪਿਰਮੁ ਨ ਪਾਇਆ ਜਾਇ ॥ [੯]ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ
ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥ ਪੂਰੈ
ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥ ੩ ॥ ਸੇ ਸਹੀਆ
ਸੋਹਾਗਣੀ ਜਿਨ ਕਉ ਨਦਰਿ[੧੦] ਕਰੇਇ ॥ ਖਸਮੁ ਪਛਾਣਹਿ ਆਪਣਾ [੧੧]ਤਨੁ
ਮਨੁ ਆਗੈ ਦੇਇ ॥ [੧੨]ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥
ਨਾਨਕ ਸੋਭਾਵੰਤੀਆ[੧੩] ਸੋਹਾਗਣੀ ਅਨਦਿਨੁ[੧੪] ਭਗਤਿ ਕਰੇਇ ॥ ੪ ॥
੨੮ ॥ ੬੧ ॥ ਸਿਰੀਰਾਗੁ ਮਹਲਾ ੩ ॥ [੧੫]ਇਕਿ ਪਿਰੁ ਰਾਵਹਿ ਆਪਣਾ ਹਉ
ਕੈ ਦਰਿ ਪੂਛਉ ਜਾਇ ॥ ਸਤਿਗੁਰੁ [੧੬]ਸੇਵੀ ਭਾਉ ਕਰਿ ਮੈ ਪਿਰੁ[੧੭] ਦੇਹੁ
ਮਿਲਾਇ ॥ ਸਭੁ ਉਪਾਇ[੧੮] ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥ ਜਿਨਿ ਪਿਰੁ
ਸੰਗੇ ਜਾਣਿਆ [੧੯]ਪਿਰੁ ਰਾਵੇ ਸਦਾ ਹਦੂਰਿ ॥ ੧ ॥ [੨੦]ਮੁੰਧੇ ਤੂ ਚਲੁ ਗੁਰ ਕੈ
ਭਾਇ ॥ ਅਨਦਿਨੁ ਰਾਵਹਿ ਪਿਰੁ ਆਪਣਾ [੨੧]ਸਹਜੇ ਸਚਿ ਸਮਾਇ ॥ ੧ ॥
ਰਹਾਉ ॥ [੨੨]ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥ [੨੩]ਹਰਿ ਵਰੁ
ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ ॥ [੨੪]ਸੇਜ ਸੁਹਾਵੀ ਹਰਿ ਰੰਗਿ
ਰਵੈ ਭਗਤਿ ਭਰੇ ਭੰਡਾਰ ॥ ਸੋ ਪ੍ਰਭੁ ਪ੍ਰੀਤਮੁ ਮਨਿ ਵਸੈ [੨੫]ਜਿ ਸਭਸੈ ਦੇਇ
ਅਧਾਰੁ ॥ ੨ ॥ ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ[੨੬] ਸਦ ਬਲਿਹਾਰੈ
ਜਾਉ ॥ [੨੭]ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥ ਜਿਨੀ ਇਕੁ
ਪਛਾਣਿਆ [੨੮]ਦੂਜਾ ਭਾਉ ਚੁਕਾਇ ॥ ਗੁਰਮੁਖਿ[੨੯] ਨਾਮੁ ਪਛਾਣੀਐ ਨਾਨਕ
ਸਚਿ[੩੦] ਸਮਾਇ ॥ ੩ ॥ ੨੯ ॥ ੬੨ ॥ ਸਿਰੀਰਾਗੁ ਮਹਲਾ ੩[*] ॥ ਹਰਿ ਜੀ
ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ[੩੧] ॥ [੩੨]ਲਖ ਚਉਰਾਸੀਹ ਤਰਸਦੇ ਫਿਰੇ
ਬਿਨੁ ਗੁਰ ਭੇਟੇ ਪੀਰੈ ॥ ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥
[੩੩]ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥ ੧ ॥ ਮਨ ਮੇਰੇ ਨਾਮਿ
ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ[੩੪] ਨ ਕੋਇ ॥ ੧ ॥
ਰਹਾਉ ॥ †ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ
ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ ਅਧਿਆਤਮੀ ਹਰਿ ਗੁਣ ਤਾਸੁ ਮਨਿ

੧ ਹੋ ਰਹਾਂ।
੨ ਹੇ ਇਸਤ੍ਰੀਏ! ਤੂੰ ਝੂਠੀ ਝੂਠ ਦੀ ਠੱਗੀ ਹੋਈ ਹੈਂ।
੩ ਕਿਵੇਂ ਰਾਤ ਗੁਜ਼ਰੇ? ਜੀਵਨ ਵਿਜੋਗ ਵਿੱਚ ਕਿਵੇਂ ਬਤੀਤ ਹੋਵੇ?
੪ ਹੰਕਾਰ ਨਾਲ ਨੱਕੋ-ਨੱਕ ਭਰੀਆਂ ਹੋਈਆਂ।
੫ ਵਾਹਿਗੁਰੂ-ਪਤੀ ਨੂੰ ਛੱਡ ਕੇ ਹੋਰਨਾਂ ਨਾਲ ਪਿਆਰ ਕਰਨ ਕਰ ਕੇ।
੬ ਸ਼ਬਦ ਦੇ ਪਿਆਰ ਵਿੱਚ ਲੱਗੀਆਂ ਹੋਈਆਂ।
੭ ਸਦਾ ਭੋਗਦੀਆਂ ਹਨ ਆਪਣਾ ਪਤੀ, ਉਨ੍ਹਾਂ ਦੀ ਜ਼ਿੰਦਗੀ ਸੁਖ ਹੀ ਸੁਖ ਵਿੱਚ ਲੰਘਦੀ ਹੈ।
੮ ਗਿਆਨ ਤੋਂ ਖ਼ਾਲੀ, ਅਰਥਾਤ ਅਬੂਝ ਇਸਤ੍ਰੀਆਂ ਪਤੀ ਦੀਆਂ ਛੱਡੀਆਂ ਹੋਈਆਂ ਹਨ, ਉਨ੍ਹਾਂ ਨੂੰ ਪ੍ਰੇਮ ਨਹੀਂ ਮਿਲਦਾ। 'ਪਿਰਮ ਪਿਆਲਾ ਖਸਮ ਕਾ' (ਰਾਮ: ਵਾ: ਮ: ੩)।
੯ ਅਗਿਆਨ ਵਾਲੀ ਬੁੱਧੀ ਵਿੱਚ (ਅਰਥਾਤ ਅਬੂਝਪੁਣੇ ਵਿੱਚ ਹਨੇਰਾ ਹੁੰਦਾ ਹੈ, ਜਿਸ ਕਰ ਕੇ ਪਤੀ ਦਿਸਦਾ ਨਹੀਂ) ਅਤੇ ਪਤੀ ਦੇਖੇ ਬਿਨਾਂ ਦਿਲ ਨਹੀਂ ਰੱਜਦਾ।
੧੦ ਮਿਹਰ।
੧੧ ਤਨ ਮਨ ਅੱਗੇ ਰੱਖ ਦਿੰਦੀਆਂ ਹਨ, ਹਵਾਲੇ ਕਰ ਦਿੰਦੀਆਂ ਹਨ।
੧੨ ਆਪਣੇ ਹਿਰਦੇ ਵਿੱਚ ਹੀ ਪਤੀ ਨੂੰ ਪਾ ਲਿਆ ਹੈ; ਵਿੱਚੋਂ ਹੰਕਾਰ ਨੂੰ ਦੂਰ ਕਰ ਕੇ।
੧੩ ਚੰਗੀ ਸ਼ੁਹਰਤ ਵਾਲੀਆਂ।
੧੪ ਹਰ ਰੋਜ਼, ਲਗਾਤਾਰ।
੧੫ ਇਕ ਤਾਂ ਐਸੀਆਂ ਹਨ, ਜੋ ਆਪਣਾ ਪਤੀ ਭੋਗਦੀਆਂ ਹਨ (ਤੇ ਇਕ ਮੈਂ ਦੁਹਾਗਣ ਹਾਂ); ਦੱਸੋ, ਮੈਂ ਕਿਸ ਦੇ ਦਰ 'ਤੇ ਜਾ ਕੇ ਪਤੀ-ਮਿਲਾਪ ਦੀ ਜੁਗਤੀ ਪੁੱਛਾਂ?
੧੬ ਪ੍ਰੇਮ ਕਰ ਕੇ ਸੇਵਾ ਕਰਾਂ।
੧੭ ਪਤੀ।
੧੮ ਪੈਦਾ ਕਰ ਕੇ।
੧੯ ਵਾਹਿਗੁਰੂ-ਪਤੀ ਉਨ੍ਹਾਂ ਨੂੰ ਸਦਾ ਭੋਗਦਾ ਹੈ ਹਾਜ਼ਰ-ਨਾਜ਼ਰ ਹੋ ਕੇ।
੨੦ ਹੇ ਇਸਤ੍ਰੀ! ਭਾਵ ਹੇ ਜੀਵ! ਤੂੰ ਗੁਰੂ ਦੇ ਭਾਣੇ ਅਨੁਸਾਰ ਚੱਲ।
੨੧ ਸਹਜ ਅਵਸਥਾ ਵਿੱਚ ਹੋ ਕੇ ਸੱਚ ਵਿੱਚ ਸਮਾਉਂਦੀਆਂ ਹਨ।
੨੨ ਜੋ ਗੁਰਬਾਣੀ ਨਾਲ ਪਿਆਰ ਕਰਦੀਆਂ ਹਨ ਉਹ ਸੁਹਾਗਣਾਂ ਹਨ, ਓਹ ਸੱਚੇ ਸ਼ਬਦ ਨਾਲ ਸ਼ਿੰਗਾਰੀਆਂ ਹੋਈਆਂ ਹਨ, ਭਾਵ ਉਨ੍ਹਾਂ ਨੇ ਹਾਰ ਸ਼ਿੰਗਾਰ ਸੱਚੇ ਸ਼ਬਦ ਦਾ ਹੀ ਬਣਾ ਕੇ ਆਪਣੇ ਆਪ ਨੂੰ ਸਜਾਇਆ ਹੈ।
੨੩ ਵਾਹਿਗੁਰੂ-ਪਤੀ ਨੂੰ ਆਪਣੇ ਦਿਲ ਵਿੱਚ ਹੀ ਪਾ ਲੈਂਦੀਆਂ ਹਨ, ਗੁਰੂ ਦੇ ਹਿੱਤ ਅਤੇ ਪਿਆਰ ਦੁਆਰਾ।
੨੪ ਉਨ੍ਹਾਂ ਦੀ ਹਿਰਦੇ ਰੂਪੀ ਸੇਜਾ ਸੋਹਣੀ ਹੈ, ਜਿਸ ਉੱਤੇ ਹਰੀ ਪ੍ਰੇਮ ਨਾਲ ਉਨ੍ਹਾਂ ਨੂੰ ਭੋਗਦਾ ਹੈ, ਉਨ੍ਹਾਂ ਦੇ ਭੰਡਾਰ ਭਗਤੀ ਨਾਲ ਭਰੇ ਹੋਏ ਹਨ।
੨੫ ਜੋ ਸਭਨਾਂ ਨੂੰ ਆਸਰਾ ਦਿੰਦਾ ਹੈ।
੨੬ ਮੈਂ।
੨੭ ਮਨ ਤਨ ਅਰਪਣ ਕਰਾਂ ਅਤੇ ਸਿਰ ਦੇਵਾਂ।
੨੮ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਮੰਨਣ ਦਾ ਭਾਵ ਦੂਰ ਕਰ ਕੇ।
੨੯ ਗੁਰੂ ਦੇ ਰਾਹੀਂ।
੩੦ ਸੱਚ ਸਰੂਪ ਵਾਹਿਗੁਰੂ ਵਿੱਚ।
੩੧ [ਚੀਰਾ ਫ਼ਾਰਸੀ=ਪੱਲਾ] ਪੱਲੇ ਵਿੱਚ, ਹਦਬੰਦੀ ਵਿੱਚ, ਵੱਸ ਵਿੱਚ।
੩੨ ਲੋਕੀਂ ਗੁਰੂ ਪੀਰ ਦੇ ਮਿਲਣ ਤੋਂ ਬਿਨਾਂ ਚੁਰਾਸੀ ਲੱਖ ਜੂਨਾਂ ਵਿੱਚ ਤਰਸਦੇ ਫਿਰੇ ਹਨ।
੩੩ ਗੁਰੂ ਦੀ ਕਿਰਪਾ ਨਾਲ ਮੈਂ ਡੂੰਘੇ ਅਥਾਹ ਸੱਚ (ਸਰੂਪ ਵਾਹਿਗੁਰੂ) ਦੀ ਸੇਵਾ ਕਰਾਂ।
੩੪ ਹੋਰ।

* ਇਸ ਸ਼ਬਦ ਵਿੱਚ ਇਹ ਦੱਸਿਆ ਹੈ ਕਿ ਵਾਹਿਗੁਰੂ ਦਾ ਹੁਕਮ ਸਭ ਦੇ ਉੱਤੇ ਹੈ ਉਸ ਤੋਂ ਬਿਨਾਂ ਹੋਰ ਕੋਈ ਤਾਕਤ ਨਹੀਂ ਜੋ ਉਸ ਦੀ ਰਜ਼ਾ ਵਿੱਚ ਦਖ਼ਲ ਦੇਵੇ। ਧਰਮਰਾਜ ਵਿਚਾਰੇ ਦਾ ਵੱਸ ਕੁਝ ਨਹੀਂ ਸਿਵਾਇ ਉਨ੍ਹਾਂ ਉੱਤੇ ਜੋ ਰੱਬ ਦੀ ਸਰਕਾਰ ਦੇ ਬਾਗ਼ੀ ਹਨ; ਪਰ ਜਿਨ੍ਹਾਂ ਉੱਤੇ ਰੱਬ ਦੀ ਮਿਹਰ ਹੈ, ਉਨ੍ਹਾਂ ਦੀ ਜ਼ਿੰਦਗੀ ਸਵੱਲੀ ਹੋ ਜਾਂਦੀ ਹੈ, ਉਹ ਗੁਰੂ ਦੇ ਰਾਹੀਂ ਓਸ ਦੇ ਗੁਣ ਗਾਉਂਦੇ ਹਨ ਅਤੇ ਆਪਣੇ ਆਪ ਨੂੰ ਸਵਾਰ ਲੈਂਦੇ ਹਨ।

† ਧਰਮਰਾਜੇ ਨੂੰ ਹੁਕਮ ਹੈ ਕਿ ਤੂੰ ਬਹਿ ਕੇ ਸੱਚਾ ਨਿਆਂ ਕਰ। ਜਿਹੜੇ ਮੰਦੀ-ਆਤਮਾ ਵਾਲੇ ਰੱਬ ਤੋਂ ਆਕੀ ਹਨ, ਤੇਰਾ ਰਾਜ ਉਨ੍ਹਾਂ ਉੱਤੇ ਹੈ। ਦੂਜੇ ਪਾਸੇ ਜਿਹੜੇ ਆਤਮ-ਗਿਆਨ ਵਾਲੇ ਹਨ, ਜਿਨ੍ਹਾਂ ਦੇ ਮਨ ਵਿੱਚ ਗੁਣਾਂ ਦਾ ਪੁੰਜ ਹਰੀ ਵੱਸਦਾ ਹੈ ਅਤੇ ਜੋ ਇਕੋ ਰੱਬ ਨੂੰ ਜਪਦੇ ਹਨ; ਉਨ੍ਹਾਂ ਦੀ ਤਾਂ ਧਰਮਰਾਜ ਸੇਵਾ ਕਰਦਾ ਹੈ। ਧੰਨ ਹੈ ਵਾਹਿਗੁਰੂ ਸਵਾਰਨ ਵਾਲਾ।

ਜਪਹਿ ਏਕੁ ਮੁਰਾਰਿ ॥ ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥
੨ ॥ [1]ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ
ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥ ਬਿਨੁ ਸਤਿਗੁਰ ਮੁਕਤਿ ਨ ਪਾਈਐ
ਮਨਮੁਖਿ ਫਿਰੈ ਦਿਵਾਨੁ[2] ॥ [3]ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ
ਮਾਹਿ ਸਮਾਨੁ ॥ ੩ ॥ ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥
ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥ [4]ਗੁਰਮੁਖਿ ਬਾਣੀ
ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ ਨਾਨਕ ਨਾਮੁ ਸਮਾਲਿ[5] ਤੂ ਜਿਤੁ ਸੇਵਿਐ
ਸੁਖੁ ਹੋਇ ॥ ੪ ॥ ੩੦ ॥ ੬੩ ॥ ਸਿਰੀਰਾਗੁ ਮਹਲਾ ੩ ॥ [6]ਜਗਿ ਹਉਮੈ
ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ
ਨ ਉਤਰੈ ਜੇ ਸਉ ਤੀਰਥ ਨਾਇ ॥ *ਬਹੁ ਬਿਧਿ ਕਰਮ ਕਮਾਵਦੇ ਦੂਣੀ
ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥
੧ ॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ
ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥ ੧ ॥ ਰਹਾਉ ॥ [7]ਮਨਿ ਮੈਲੈ ਭਗਤਿ
ਨ ਹੋਵਈ ਨਾਮੁ ਨ ਪਾਇਆ ਜਾਇ ॥ [8]ਮਨਮੁਖ ਮੈਲੇ ਮੈਲੇ ਮੁਏ ਜਾਸਨਿ
ਪਤਿ ਗਵਾਇ ॥ [9]ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
[10]ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥
੨ ॥ [11]ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ
ਵਿਸਰਿਆ [12]ਦੂਜੈ ਭਾਇ ਪਿਆਰੁ ॥ ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ
ਥਕੇ ਸੰਸਾਰੁ ॥ [13]ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥ ੩ ॥ ਜਿਸ
ਨੋ ਮੇਲੇ ਸੋ ਮਿਲੈ ਹਉ ਤਿਸੁ [14]ਬਲਿਹਾਰੈ ਜਾਉ ॥ †ਏ ਮਨ ਭਗਤੀ ਰਤਿਆ
ਸਚੁ ਬਾਣੀ ਨਿਜ ਥਾਉ ॥ ਮਨਿ ਰਤੇ ਜਿਹਵਾ[15] ਰਤੀ ਹਰਿ ਗੁਣ ਸਚੇ
ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥ ੪ ॥ ੩੧ ॥ ੬੪ ॥
ਸਿਰੀਰਾਗੁ ਮਹਲਾ ੪ ਘਰੁ‡ ੧ ॥ ਮੈ ਮਨਿ ਤਨਿ ਬਿਰਹੁ[16] ਅਤਿ ਅਗਲਾ[17]
ਕਿਉ ਪ੍ਰੀਤਮੁ ਮਿਲੈ ਘਰਿ ਆਇ ॥ ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ
ਦੁਖੁ ਜਾਇ ॥ ਜਾਇ ਪੁਛਾ ਤਿਨ ਸਜਣਾ ਪ੍ਰਭੁ [18]ਕਿਤੁ ਬਿਧਿ ਮਿਲੈ ਮਿਲਾਇ ॥
੧ ॥ ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥ ਹਮ ਮੂਰਖ ਮੁਗਧ[19]
ਸਰਣਾਗਤੀ[20] ਕਰਿ ਕਿਰਪਾ ਮੇਲੇ ਹਰਿ ਸੋਇ ॥ ੧ ॥ ਰਹਾਉ ॥ ਸਤਿਗੁਰੁ
ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥ [21]ਸਤਿਗੁਰਿ ਹਰਿ ਪ੍ਰਭੁ
ਬੁਝਿਆ ਗੁਰ ਜੇਵਡੁ[22] ਅਵਰੁ ਨ ਕੋਇ ॥ ਹਉ ਗੁਰ ਸਰਣਾਈ ਢਹਿ ਪਵਾ
ਕਰਿ ਦਇਆ ਮੇਲੇ ਪ੍ਰਭੁ ਸੋਇ ॥ ੨ ॥ ਮਨਹਠਿ[23] ਕਿਨੈ ਨ ਪਾਇਆ ਕਰਿ

੧ ਜੇ ਮਨ ਦੀਆਂ ਬੁਰਾਈਆਂ ਮਨ ਤੋਂ ਛੱਡੇ, ਅਰਥਾਤ, ਮਨ ਤੋਂ ਮੋਹ, ਹੰਕਾਰ ਆਦਿ ਔਗੁਣ (ਜੋ ਮਨ ਨੂੰ ਧੁੰਧਲਾ ਕਰ ਦਿੰਦੇ ਹਨ) ਛੁੱਟ ਜਾਣ, (ਤਾਂ ਮਨ ਇਸ ਜੋਗਾ ਹੋ ਜਾਂਦਾ ਹੈ ਕਿ) ਆਤਮਾ ਵਿੱਚ ਰਮੇ ਹੋਏ ਵਾਹਿਗੁਰੂ ਨੂੰ ਪਛਾਣ ਲਵੇ ਅਤੇ ਅਡੋਲ ਅਵਸਥਾ ਵਿੱਚ ਹੋ ਕੇ ਨਾਮ ਵਿੱਚ ਲੀਨ ਹੋ ਜਾਵੇ।

੨ ਦੀਵਾਨਾ, ਪਾਗਲ, ਝੱਲਾ।

੩ ਗੁਰੂ ਦੇ ਸ਼ਬਦ ਨੂੰ ਨਹੀਂ ਸਮਝਦਾ ਤੇ ਆਪਣੀਆਂ ਹੀ ਗੱਲਾਂ ਮਾਰਦਾ ਰਹਿੰਦਾ ਹੈ, ਬੁਰਾਈ ਵਿੱਚ ਲੀਨ ਹੋਇਆ ਹੋਇਆ। ਕਥਨੀ ਬਦਨੀ=ਜ਼ਬਾਨੀ ਗੱਲਾਂ, ਕਥਾਂ।

੪ ਗੁਰਮੁਖ ਦੀ ਬਾਣੀ ਵਿੱਚ ਵਾਹਿਗੁਰੂ ਵੱਸਦਾ ਹੈ; ਉਸ ਦਾ ਮੇਲ ਭੀ ਗੁਰਬਾਣੀ ਦੁਆਰਾ ਹੀ ਹੁੰਦਾ ਹੈ। "ਗੁਰਮੁਖਿ ਰਹਿਆ ਸਮਾਈ" (ਜਪੁ)। 'ਪ੍ਰਭੁ ਜੀ ਬਸਹਿ ਸਾਧ ਕੀ ਰਸਨਾ' (ਸੁਖਮਨੀ)

੫ ਚੇਤੇ ਕਰ।

੬ ਜਗਤ ਵਿੱਚ ਹਉਮੈ ਦੀ ਮੈਲ ਅਤੇ (ਉਸ ਦਾ ਨਤੀਜਾ) ਦੁੱਖ ਮਿਲਦਾ ਹੈ। ਇਹ ਮੈਲ ਦ੍ਵੈਤ ਭਾਵ ਕਰ ਕੇ, ਅਰਥਾਤ ਵਾਹਿਗੁਰੂ ਨੂੰ ਛੱਡ ਕੇ ਹੋਰ ਪਾਸੇ ਲੱਗਣ ਨਾਲ ਲਗਦੀ ਹੈ।

੭ ਮਨ ਦੇ ਮੈਲੇ ਹੋਣ ਨਾਲ।

੮ ਗੁਰੂ ਨੂੰ ਨਾ ਮੰਨਣ ਵਾਲੇ ਆਪ-ਹੁਦਰੇ ਲੋਕ ਮੈਲੇ ਹਨ, ਓਹ ਮੈਲੇ ਹੀ ਮਰਦੇ ਹਨ ਅਤੇ ਆਪਣੀ ਪੱਤ ਗਵਾ ਕੇ ਟੁਰਦੇ ਹਨ।

੯ ਜਦ ਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਮਨ ਵਿੱਚ ਆਣ ਵੱਸਦਾ ਹੈ, ਤਾਂ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ।

੧੦ ਜਿਵੇਂ ਹਨੇਰੇ ਵਿੱਚ ਦੀਵਾ ਬਾਲੀਏ ਤਾਂ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਗੁਰੂ ਦੇ ਗਿਆਨ ਦੇ ਚਾਨਣੇ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ।

੧੧ ਜਿਹੜੇ ਕਹਿੰਦੇ ਹਨ, 'ਆਪਾਂ ਨੇ ਕੀਤਾ ਹੈ, ਆਪਾਂ ਕਰਾਂਗੇ', ਏਹੋ ਜੇਹੇ 'ਆਪਾਂ' ਮਹਾਂ ਮੂਰਖ ਹਨ।

੧੨ ਮਾਇਆ ਦੇ ਪਿਆਰ ਕਰ ਕੇ।

੧੩ ਸੁਖ ਗੁਰੂ ਦੀ ਸਿੱਖਿਆ ਦੁਆਰਾ ਹੀ ਮਿਲਦਾ ਹੈ, ਸੱਚੇ ਨਾਮ ਨੂੰ ਦਿਲ ਵਿੱਚ ਧਾਰਨ ਕਰ ਕੇ।

੧੪ ਕੁਰਬਾਨ ਜਾਂਦਾ ਹਾਂ।

੧੫ ਜੀਭ।

੧੬ ਵਿਛੋੜੇ ਦਾ ਦਰਦ।

੧੭ ਬਹੁਤਾ।

੧੮ ਕਿਸ ਤਰੀਕੇ ਨਾਲ?

੧੯ ਮੂੜ੍ਹ।

੨੦ ਸ਼ਰਨ ਆਏ ਹਾਂ।

੨੧ ਸਤਿਗੁਰੂ ਨੇ ਹਰੀ-ਪ੍ਰਭੂ ਨੂੰ ਸਮਝਿਆ ਹੈ।

੨੨ ਜਿੰਨਾ ਵੱਡਾ।

੨੩ ਗੁਰੂ ਤੋਂ ਬਿਨਾਂ ਨਿਰੀ ਮਨ ਦੀ ਜ਼ਿੱਦ ਨਾਲ (ਕਿ ਜਿਹੜੀ ਤਪੱਸਿਆ ਜਾਂ ਕੋਈ ਹੋਰ ਕਰਮ ਫੜ ਲਿਆ ਉਸ ਨੂੰ ਨਹੀਂ ਛੱਡਣਾ)।

* ਲੋਕੀਂ ਕਈ ਤਰ੍ਹਾਂ ਦੇ ਕਰਮ (ਦਾਨ, ਪੁੰਨ, ਜਪ, ਤਪ, ਸੰਜਮ ਆਦਿ) ਕਮਾਉਂਦੇ ਹਨ, ਪਰ ਉਨ੍ਹਾਂ ਦੇ ਮਨ ਦੀ ਮੈਲ ਅੱਗੇ ਨਾਲੋਂ ਵਧੇਰੀ ਆ ਲਗਦੀ ਹੈ।

† ਇਸ ਮਨ ਦੇ ਭਗਤੀ ਵਿੱਚ ਰੰਗੇ ਜਾਣ ਨਾਲ ਸੱਚੀ ਬਾਣੀ ਦੁਆਰਾ ਆਪਣੇ ਅਸਲ ਟਿਕਾਣੇ ਨੂੰ ਪ੍ਰਾਪਤ ਹੋਈਦਾ ਹੈ। ਭਾਵ ਇਹ ਕਿ (ਪਿਛਲੀ ਤੁਕ ਅਨੁਸਾਰ) ਵਾਹਿਗੁਰੂ ਆਪ ਕਿਰਪਾ ਕਰੇ ਤਾਂ ਮਨੁੱਖ ਨੂੰ ਉਸ ਦਾ ਮੇਲ ਹੁੰਦਾ ਹੈ, ਅਰਥਾਤ ਉਹ ਭਗਤੀ ਵਿੱਚ ਲੱਗ ਜਾਂਦਾ ਹੈ। ਜਦੋਂ ਮਨ ਵਿੱਚ ਭਗਤੀ ਭਾਵ ਪੈਦਾ ਹੋਇਆ, ਤਾਂ ਓਹ ਗੁਰਬਾਣੀ ਦੀ ਓਟ ਲੈਂਦਾ ਹੈ ਅਤੇ ਬਾਣੀ ਦੇ ਅਭਿਆਸ ਕਰਨ ਨਾਲ ਉਸ ਦਾ ਮਨ ਆਪਣੇ ਅਸਲੀ ਟਿਕਾਣੇ ਵਿੱਚ ਟਿੱਕ ਜਾਂਦਾ ਹੈ। ਇਸ ਗੱਲ ਨੂੰ ਅਗਲੀਆਂ ਦੋਹਾਂ ਤੁਕਾਂ ਵਿੱਚ ਖੋਲ੍ਹਦੇ ਹਨ :- ਮਨ ਦੇ ਰੰਗੀਜਣ ਨਾਲ ਜੀਭ ਭੀ ਭਗਤੀ ਰਸ ਵਿੱਚ ਰੰਗੀ ਜਾਂਦੀ ਹੈ ਅਤੇ ਸੱਚੇ ਵਾਹਿਗੁਰੂ ਦੇ ਗੁਣ ਗਾਉਂਦੀ ਹੈ। ਫਿਰ ਨਾਮ ਦਾ ਅਤੁੱਟ ਪਰਵਾਹ ਚੱਲ ਪੈਂਦਾ ਹੈ, ਅਤੇ ਨਾਮੀ ਪੁਰਸ਼ ਸੱਚੇ ਵਾਹਿਗੁਰੂ ਵਿੱਚ ਲੀਨ ਹੋ ਜਾਂਦਾ ਹੈ।

‡ ਦੇਖੋ ਪੰਨਾ ੧੪, ਫੁਟ ਨੋਟ †।

ਉਪਾਵ ਥਕੇ ਸਭੁ ਕੋਇ ॥ [੧]ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ [੨]ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੇ ਖਾਵੈ ਸੋਇ ॥ ੩ ॥ [੩]ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥ [੪]ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥ [੫]ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥ ੪ ॥ ੧ ॥ ੬੫ ॥ ਸਿਰੀਰਾਗੁ ਮਹਲਾ ੪ ॥ [੬]ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥ ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ[੭] ॥ [੮]ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥ ੧ ॥ ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥ ਬਿਨੁ ਨਾਵੈ ਜੀਵਣੁ ਨਾ ਥੀਐ[੯] [੧੦]ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥ ੧ ॥ ਰਹਾਉ ॥ ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ [੧੧]ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥ [੧੨]ਧੰਨੁ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ ॥ ੨ ॥ [੧੩]ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ [੧੪]ਵਿਚਿ ਵਿਸਟਾ ਕਰਿ ਵਿਕਰਾਲ ॥ ਓਨਾ [੧੫]ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ ੩ ॥ [੧੬]ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥ ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ[੧੭] ॥ ਜਨ ਨਾਨਕ [੧੮]ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥ ੪ ॥ ੨ ॥ ੬੬ ॥ ਸਿਰੀਰਾਗੁ ਮਹਲਾ ੪ ॥ ਗੁਣ ਗਾਵਾ ਗੁਣ ਵਿਥਰਾ[੧੯] ਗੁਣ ਬੋਲੀ ਮੇਰੀ ਮਾਇ ॥ ਗੁਰਮੁਖਿ ਸਜਣੁ ਗੁਣਕਾਰੀਆ[੨੦] ਮਿਲਿ ਸਜਣ ਹਰਿ ਗੁਣ ਗਾਇ ॥ [੨੧]ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥ ੧ ॥ ਮੇਰੇ ਗੋਵਿੰਦਾ ਗੁਣ ਗਾਵਾ [੨੨]ਤ੍ਰਿਪਤਿ ਮਨਿ ਹੋਇ ॥ ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ[੨੩] ਮਿਲਾਵੈ ਸੋਇ ॥ ੧ ॥ ਰਹਾਉ ॥ ਮਨੁ ਰੰਗਹੁ ਵਡਭਾਗੀਹੋ ਗੁਰੁ [੨੪]ਤੁਠਾ ਕਰੇ ਪਸਾਉ ॥ ਗੁਰੁ ਨਾਮੁ [੨੫]ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ [੨੬]ਬਲਿ ਜਾਉ ॥ ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ[੨੭] ਕਰਮ ਕਮਾਉ ॥ ੨ ॥ ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ[੨੮] ਨਿਤ ਪਾਸਿ ॥ [੨੯]ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥ [*]ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥ ੩ ॥ ਸਤਿਗੁਰੁ [੩੦]ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥ ੪ ॥ ੩ ॥ ੬੭ ॥

੧ ਹਜ਼ਾਰਾਂ ਚਤੁਰਾਈਆਂ ਕਰ ਰਹੇ, ਪਰ (ਭੈ ਦੀ ਖੁੰਬ ਚੜ੍ਹੇ ਬਿਨਾਂ) ਕੋਰੇ ਮਨ ਉੱਤੇ ਪ੍ਰੇਮ ਦਾ ਰੰਗ ਨਹੀਂ ਚੜ੍ਹਦਾ।

੨ ਝੂਠ ਅਤੇ ਫ਼ਰੇਬ ਨਾਲ ਕਿਸੇ ਨੇ ਵਾਹਿਗੁਰੂ ਨਹੀਂ ਪਾਇਆ।

੩ ਸਾਰੇ ਜੀਵ ਤੇਰੇ ਹੀ ਹਨ, ਉਨ੍ਹਾਂ ਪਾਸ ਜੋ ਕੁਝ ਰਾਸ ਮੂੜੀ ਹੈ, ਉਹ ਵੀ ਤੂੰ ਆਪ ਹੀ ਹੈਂ, ਅਤੇ ਅੱਗੋਂ ਜੋ ਕੁਝ ਉਨ੍ਹਾਂ ਨੂੰ ਮਿਲਣ ਦੀ ਉਮੈਦ ਹੈ, ਉਹ ਭੀ ਤੈਥੋਂ ਹੀ ਹੈ।

੪ ਹੇ ਪ੍ਰਭੂ! ਤੇਰੇ ਪਾਸ ਜੋ ਆਉਂਦਾ ਹੈ, ਉਹ ਸੱਖਣੇ ਹੱਥ ਨਹੀਂ ਮੁੜਦਾ, (ਕੁਝ ਨਾ ਕੁਝ ਲੈ ਕੇ ਹੀ ਆਉਂਦਾ ਹੈ), ਪਰ ਜਿਹੜੇ ਗੁਰੂ ਦੁਆਰੇ ਹੋ ਕੇ ਆਉਂਦੇ ਹਨ, ਉਨ੍ਹਾਂ ਨੂੰ ਤੇਰੇ ਦਰਬਾਰ ਤੋਂ ਸ਼ਾਬਾਸ਼ ਮਿਲਦੀ ਹੈ (ਜੋ ਸਭ ਤੋਂ ਵੱਡੀ ਦਾਤ ਹੈ)।

੫ ਵਿਸ਼ਿਆਂ ਦੇ ਭਰੇ ਸੰਸਾਰ-ਸਮੁੰਦਰ।

੬ ਜੇ ਹਰੀ-ਨਾਮ ਮਿਲੇ ਤਾਂ ਦਿਲ ਰੱਜਦਾ ਹੈ, ਨਾਮ ਤੋਂ ਬਿਨਾਂ ਧ੍ਰਿਕਾਰ ਯੋਗ ਹੈ ਜੀਵਣ ਦੀ ਆਸ।

੭ ਗੁਣਾਂ ਦਾ ਖ਼ਜ਼ਾਨਾ।

੮ ਮੈਂ ਉਸ ਉੱਤੋਂ ਚਾਰ ਟੋਟੇ ਹੋ ਕੇ ਵਾਰਨੇ ਜਾਵਾਂ ਜੋ ਮੈਨੂੰ ਨਾਮ ਦਾ ਚਾਨਣਾ ਦੇਵੇ।

੯ ਹੋ ਸਕਣਾ।

੧੦ ਹੇ ਮੇਰੇ ਸਤਿਗੁਰੂ ਜੀ! ਮੈਨੂੰ ਨਾਮ ਚੰਗੀ ਤਰ੍ਹਾਂ ਸਮਝਾਓ।

੧੧ ਸਤਿਗੁਰੂ ਦੀ ਸੇਵਾ ਵਿੱਚ ਲੱਗਣ ਨਾਲ ਸਤਿਗੁਰੂ ਗਿਆਨ ਦਾ ਚਾਨਣਾ ਕਰ ਕੇ ਨਾਮ ਦਾ ਰਤਨ ਕੱਢ ਦਿੰਦਾ ਹੈ।

੧੨ ਵਡਭਾਗੀਆਂ ਵਿੱਚੋਂ ਉਹ ਵਡਭਾਗੀ ਧੰਨ ਹਨ।

੧੩ ਜਿਹੜੇ ਸਤਿਗੁਰੂ ਜੇਹੀ ਸਮਰੱਥ ਹਸਤੀ ਨੂੰ ਨਹੀਂ ਮਿਲੇ, ਉਹ ਅਭਾਗੇ ਮੌਤ ਦੇ ਵੱਸ ਵਿੱਚ ਹਨ।

੧੪ ਭਿਆਨਕ ਰੂਪ (ਕੀੜੇ) ਬਣਾ ਕੇ ਗੂੰਹ ਵਿੱਚ ਪਾਏ ਹਨ।

੧੫ ਆਲੇ-ਦੁਆਲੇ ਨਾ ਛੁਹੀਏ, ਨੇੜੇ ਨਾ ਢੁਕੀਏ।

੧੬ ਸਮਰੱਥ ਸਤਿਗੁਰੂ ਅੰਮ੍ਰਿਤ ਦਾ ਸਰੋਵਰ ਹੈ, ਉਸ ਵਿੱਚ ਉੱਚੇ ਭਾਗਾਂ ਵਾਲੇ ਆ ਕੇ ਨਹਾਉਂਦੇ ਹਨ, ਅਰਥਾਤ ਉਸ ਦੀ ਸੰਗਤ ਵਿੱਚ ਆ ਜੁੜਦੇ ਹਨ।

੧੭ ਨਿਸਚੇ ਕਰਾ ਦੇਣ ਨਾਲ।

੧੮ ਸਭ ਤੋਂ ਚੰਗਾ ਠਿਕਾਣਾ ਮਿਲ ਗਿਆ ਗੁਰੂ ਦਾ ਧਿਆਨ ਕਰ ਕੇ।

੧੯ ਵਿਸਥਾਰ ਕਰਾਂ, ਖਿਲਾਰਾਂ, ਖੋਲ੍ਹ ਕੇ ਸਮਝਾਵਾਂ।

੨੦ ਗੁਣ ਕਰਨ ਵਾਲਾ, ਉਪਕਾਰੀ।

੨੧ ਹੀਰੇ ਨਾਲ ਹੀਰਾ ਮਿਲ ਕੇ ਵਿਨ੍ਹਿਆ ਗਿਆ ਅਤੇ ਨਾਮ ਦੇ ਗਾੜ੍ਹੇ ਸੁਰਖ਼ ਰੰਗ ਵਿੱਚ ਰੰਗੀਜ ਗਿਆ। ਭਾਵ ਸਤਿਗੁਰੂ ਹੀਰੇ ਨਾਲ ਮਿਲ ਕੇ ਮੇਰੇ ਮਨ ਦਾ ਹੀਰਾ ਵਿਨ੍ਹਿਆ ਗਿਆ, ਅਤੇ ਮੈਂ ਨਾਮ ਦੇ ਡੂੰਘੇ ਪਿਆਰ ਵਿੱਚ ਲੀਨ ਹੋ ਗਿਆ। ਚਲੂਲਾ=ਚੂੰ-ਲਾਲਾ [ਫ਼ਾਰਸੀ], ਲਾਲਾ ਦੇ ਫੁੱਲ ਵਾਕੁਰ ਸੁਰਖ਼।

੨੨ ਤ੍ਰਿਪਤੀ ਮਨ ਵਿੱਚ ਹੁੰਦੀ ਹੈ, ਮਨ ਦੀ ਪਿਆਸ ਬੁਝਦੀ ਹੈ।

੨੩ ਤ੍ਰੁੱਠ ਕੇ, ਪ੍ਰਸੰਨ ਹੋ ਕੇ।

੨੪ ਖ਼ੁਸ਼ ਹੋ ਕੇ ਮਿਹਰ ਕਰੇ।

੨੫ ਪੱਕੀ ਤਰ੍ਹਾਂ ਸਮਝਾਉਂਦਾ ਹੈ ਪ੍ਰੇਮ ਦੇ ਨਾਲ।

੨੬ ਵਾਰਨੇ ਜਾਵਾਂ।

੨੭ ਕ੍ਰੋੜਾਂ।

੨੮ ਨੇੜੇ।

੨੯ ਅੰਦਰ ਬੇਸਮਝੀ ਦਾ ਦੁੱਖ ਅਤੇ ਵਹਿਮ ਹੈ- ਵਿਚਕਾਰ ਇਹ ਪਰਦਾ ਹੋਣ ਕਰ ਕੇ ਦੂਰ ਪਈ ਹੋਈ ਹੈ।

੩੦ ਜਹਾਜ਼ ਹੈ ਹਰੀ ਦੇ ਨਾਮ ਦਾ।

* ਸਤਿਗੁਰੂ ਪਾਰਸ ਹੈ, ਮਨਮੁਖ ਲੋਹਾ ਹੈ। ਪਾਰਸ ਨੂੰ ਛੋਹਣ ਤੋਂ ਬਿਨਾਂ ਲੋਹਾ ਸੋਨਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਦੂਜਾ ਅਲੰਕਾਰ ਲੋਹੇ ਤੇ ਬੇੜੀ ਦਾ ਵਰਤ ਕੇ ਕਹਿੰਦੇ ਹਨ ਕਿ ਮਨਮੁਖ ਲੋਹਾ ਹੈ, ਸਤਿਗੁਰੂ ਬੇੜੀ ਉਸ ਦੇ ਕੋਲ ਹੀ ਹੈ, ਪਰ ਬੇੜੀ ਵਿੱਚ ਪੈਣ ਤੋਂ ਬਿਨਾਂ ਉਹ ਲੋਹਾ ਡੁੱਬ ਜਾਂਦਾ ਹੈ।

ਸਿਰੀਰਾਗੁ ਮਹਲਾ ੪ ॥ [1]ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ ਜਿਨੀ ਮੇਰਾ ਪਿਆਰਾ ਰਾਵਿਆ[2] ਤਿਨ ਪੀਛੈ ਲਾਗਿ ਫਿਰਾਉ ॥ ਕਰਿ ਮਿੰਨਤਿ ਕਰਿ ਜੋਦੜੀ[3] ਮੈ ਪ੍ਰਭੁ ਮਿਲਣੈ ਕਾ ਚਾਉ ॥ ੧ ॥ ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ ਹਉ ਸਤਿਗੁਰ [4]ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥ ੧ ॥ ਰਹਾਉ ॥ ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥ ਹਉ ਗੁਰੁ ਸਾਲਾਹਿ ਨ ਰਜਊ[5] ਮੈ ਮੇਲੇ ਹਰਿ ਪ੍ਰਭੁ ਪਾਸਿ ॥ ੨ ॥ ਸਤਿਗੁਰ ਨੋ ਸਭ ਕੋ ਲੋਚਦਾ[6] ਜੇਤਾ[7] ਜਗਤੁ ਸਭੁ ਕੋਇ ॥ ਬਿਨੁ ਭਾਗਾ ਦਰਸਨੁ ਨਾ ਥੀਐ[8] ਭਾਗਹੀਣ ਬਹਿ ਰੋਇ ॥ [9]ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥ ੩ ॥ ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥ ਆਪਿ ਦਇਆ ਕਰਿ ਮੇਲਸੀ [10]ਗੁਰ ਸਤਿਗੁਰ ਪੀਛੈ ਪਾਇ ॥ [11]ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ ॥ ੪ ॥ ੪ ॥ ੬੮ ॥ ਸਿਰੀਰਾਗੁ ਮਹਲਾ ੪ ॥ [12]ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥ ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥ ਓਇ ਵੇਪਰਵਾਹ ਨ ਬੋਲਨੀ[13] ਹਉ ਮਲਿ ਮਲਿ ਧੋਵਾ ਤਿਨ ਪਾਇ ॥ ੧ ॥ ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ[14] ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥ ੧ ॥ ਰਹਾਉ ॥ ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥ [15]ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥ ੨ ॥ ਇਹੁ ਹਰਿ ਰਸੁ [16]ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ[17] ॥ ਓਇ[18] ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ[19] ॥ ੩ ॥ [20]ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥ ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥ ੪ ॥ ੫ ॥ ੬੯ ॥ ਸਿਰੀਰਾਗੁ ਮਹਲਾ ੪ ॥ *ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥ [21]ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥ ੧ ॥ ਭਾਈ ਰੇ ਮੈ ਮੀਤੁ ਸਖਾ[22] ਪ੍ਰਭੁ ਸੋਇ ॥ ਪੁਤੁ ਕਲਤੁ[23] ਮੋਹੁ ਬਿਖੁ[24] ਹੈ ਅੰਤਿ ਬੇਲੀ ਕੋਇ ਨ ਹੋਇ ॥ ੧ ॥ ਰਹਾਉ ॥ [25]ਗੁਰਮਤਿ ਹਰਿ

੧ ਮੈਂ ਰਸਤਾ ਪੁੱਛਦੀ ਰਹਿੰਦੀ ਹਾਂ, ਨਿੱਤ ਖੜੀ ਹੋਈ। ਜੇ ਕੋਈ ਪੁਰਸ਼ ਮੈਨੂੰ ਪ੍ਰਭੂ ਦਿਖਾਵੇ, ਤਾਂ ਮੈਂ ਉਸ ਪਾਸ ਜਾਵਾਂ।

੨ ਮਾਣਿਆ, ਭੋਗਿਆ, ਅਰਥਾਤ ਜਿਨ੍ਹਾਂ ਨੇ ਮਿਲਾਪ ਦੀ ਖੁਸ਼ੀ ਮਾਣੀ ਹੈ।

੩ [ਜ਼ੁਹਦ-ਫ਼ਾਰਸੀ] ਕਰੜੀ ਸੇਵਾ।

੪ ਉੱਤੋਂ ਕੁਰਬਾਨ ਹਾਂ।

੫ ਰਜਦਾ।

੬ ਚਾਹੁੰਦਾ ਹੈ।

੭ ਜਿਤਨਾ।

੮ ਹੁੰਦਾ।

੯ ਜੋ ਹਰੀ ਮਾਲਕ ਦਾ ਭਾਣਾ ਸੀ, ਉਹੋ ਹੋਇਆ, ਖ਼ਾਸ ਹਜ਼ੂਰ ਤੋਂ ਜੋ ਹੁਕਮ ਲਿਖਿਆ ਹੋਇਆ ਮਿਲਦਾ ਹੈ, ਉਹ ਕੋਈ ਨਹੀਂ ਟਾਲ ਸਕਦਾ।

੧੦ ਸਾਨੂੰ ਸਤਿਗੁਰੂ ਦੇ ਪਿੱਛੇ ਲਾ ਕੇ, ਭਾਵ ਇਹ ਕਿ ਗੁਰੂ ਭੀ ਉਸੇ ਦੀ ਕਿਰਪਾ ਨਾਲ ਮਿਲਦਾ ਹੈ। ਉਹ ਆਪ ਹੀ ਸਾਨੂੰ ਗੁਰੂ ਦੇ ਲੜ ਲਾ ਦਿੰਦਾ ਹੈ।

੧੧ ਉਹ ਆਪ ਹੀ ਜਗਤ ਵਿੱਚ ਜਗਤ ਦਾ ਜੀਵਨ ਹੈ ਅਤੇ ਜਦ ਆਪਣੇ ਨਾਲ ਕਿਸੇ ਨੂੰ ਮੇਲਦਾ ਹੈ, ਤਾਂ ਉਹ ਇਉਂ ਮਿਲ ਜਾਂਦਾ ਹੈ, ਜਿਵੇਂ ਪਾਣੀ ਵਿੱਚ ਪਾਣੀ।

੧੨ ਨਾਮ ਦਾ ਰਸ ਅੰਮ੍ਰਿਤ-ਰਸ (ਭਾਵ ਸਭ ਤੋਂ ਮਿੱਠਾ ਰਸ) ਹੈ ਅਤੇ ਅਤੀ ਉੱਤਮ ਹੈ, ਇਹ ਰਸ ਕਿਵੇਂ ਮਿਲੇ ਜੋ ਖਾਈਏ?

੧੩ ਬੋਲਦੇ।

੧੪ ਚੇਤੇ ਕਰ।

੧੫ ਓਹ ਗੁਰਮੁਖ ਸੁਹਾਗਣਾਂ ਕਹਿਣ ਲੱਗੀਆਂ "ਗੁਰੂ ਦੀ ਬਾਣੀ ਅਮੋਲਕ ਚੀਜ਼ ਹੈ, ਇਸ ਨੂੰ ਜੋ ਮੰਨਦਾ ਹੈ; ਉਹ ਹਰੀ ਨਾਮ ਦੀ ਖ਼ੁਰਾਕ ਖਾਂਦਾ ਹੈ। ਓਹ ਵੱਡੇ ਭਾਗਵਾਨ ਸਮਝੇ ਜਾਂਦੇ ਹਨ, ਜਿਨ੍ਹਾਂ ਨੇ ਗੁਰੂ ਦੇ ਆਸ਼ੇ ਅਨੁਸਾਰ ਨਾਮ ਦਾ ਰਸ ਛਕਿਆ ਹੈ....।"

੧੬ ਰੁੱਖਾਂ ਵਿੱਚ ਤੇ ਘਾਹ ਵਿੱਚ ਸਭ ਥਾਂ, ਅਰਥਾਤ ਸਾਰੀ ਸ੍ਰਿਸ਼ਟੀ ਵਿੱਚ।

੧੭ ਤਲਮਲਾ ਰਹੇ ਹਨ, ਵਿਲ੍ਹਕਦੇ ਹਨ।

੧੮ 'ਉਹ' ਦਾ ਬਹੁਵਚਨ।

੧੯ ਬਲਾ, ਭਿਆਨਕ ਸ਼ੈ (ਭੂਤਨੇ ਵਾਕੁਰ)।

੨੦ ਉਹ ਆਪ ਹੀ ਹਰੀ 'ਹਰੀ ਹਰੀ' ਨਾਮ ਦਾ ਸਵਾਦ ਹੈ ਅਤੇ ਆਪ ਹੀ ਨਾਮ ਹੈ। ਉਹ ਆਪ ਹੀ ਕਿਰਪਾ ਕਰ ਕੇ ਗੁਰੂ ਦੇ ਰਾਹੀਂ ਨਾਮ ਦਾ ਅੰਮ੍ਰਿਤ ਚੋ ਕੇ ਦੇਵੇਗਾ।

੨੧ ਆਸ ਪਾਸ ਮਾਇਆ ਦਾ ਮਿੱਠਾ ਗੁੜ ਖਿਲਰਿਆ ਹੋਇਆ ਹੈ, ਜਿਸ ਵਿੱਚ ਅਮੋੜ ਮਨੁੱਖ ਮੱਖੀ ਵਾਕੁਰ ਲੱਗਾ ਹੋਇਆ ਫਸ ਕੇ ਮਰ ਜਾਂਦਾ ਹੈ।

੨੨ ਸਾਥੀ, ਦੋਸਤ।

੨੩ ਵਹੁਟੀ

੨੪ ਜ਼ਹਿਰ।

੨੫ (ਗੁਰਮੁਖ ਲੋਕ) ਗੁਰੂ ਦੀ ਸਿੱਖਿਆ ਦੁਆਰਾ ਹਰੀ ਵਿੱਚ ਧਿਆਨ ਲਾ ਕੇ ਤਰ ਗਏ, ਓਹ ਹਰੀ ਦੀ ਸ਼ਰਨ ਵਿੱਚ ਹੋਣ ਕਰ ਕੇ ਮਾਇਆ ਤੋਂ ਬੇ-ਲਾਗ ਰਹੇ।

* ਦਿਹੁੰ ਚੜ੍ਹਦਾ ਹੈ, ਮੁੜ ਲਹਿ ਜਾਂਦਾ ਹੈ ਅਤੇ ਰਾਤ ਸਾਰੀ ਲੰਘ ਜਾਂਦੀ ਹੈ। ਇਸ ਤਰ੍ਹਾਂ ਉਮਰ ਘਟਦੀ ਰਹਿੰਦੀ ਹੈ, ਪਰ ਮਨੁੱਖ ਸਮਝਦਾ ਨਹੀਂ ਕਿ ਹਰ ਰੋਜ਼ ਕਾਲ ਰੂਪੀ ਚੂਹਾ ਉਮਰ ਰੂਪੀ ਰੱਸੀ ਨੂੰ ਟੁੱਕ ਰਿਹਾ ਹੈ। ਇਥੇ ਇਕ ਪੁਰਾਣੀ ਕਹਾਣੀ ਵੱਲ ਇਸ਼ਾਰਾ ਹੈ, ਜਿਸ ਵਿੱਚ ਮਨੁੱਖਾ ਜਨਮ ਨੂੰ ਇਉਂ ਨਿਰੂਪਣ ਕੀਤਾ ਹੈ ਕਿ ਇਕ ਮਨੁੱਖ ਭੱਜਾ-ਭੱਜਾ ਇਕ ਖੂਹ ਵਿੱਚ ਰੱਸੀ ਨਾਲ ਲਟਕ ਗਿਆ। ਉੱਤੋਂ ਇਕ ਚੂਹਾ ਉਸ ਲੱਜ ਨੂੰ ਟੁੱਕ ਰਿਹਾ ਸੀ, ਪਰ ਜਿਸ ਦਰੱਖਤ ਨਾਲ ਉਹ ਲੱਜ ਬੱਧੀ ਸੀ, ਉਸ ਵਿੱਚ ਮਾਖਿਉਂ ਦਾ ਛੱਤਾ ਸੀ, ਜਿਸ ਵਿੱਚੋਂ ਮਾਖਿਉਂ ਟਪਕ ਟਪਕ ਕੇ ਉਸ ਦੇ ਮੂੰਹ ਵਿੱਚ ਪੈ ਰਿਹਾ ਸੀ, ਜਿਸ ਦੇ ਸੁਆਦ ਵਿੱਚ ਮਗਨ ਹੋ ਕੇ ਉਹ ਭੁੱਲ ਗਿਆ ਸੀ ਕਿ ਚੂਹਾ ਲੱਜ ਨੂੰ ਕੱਟ ਰਿਹਾ ਹੈ। ਅਗਲੀ ਤੁਕ ਵਿੱਚ ਇਸੇ ਮਿੱਠੇ ਵੱਲ ਇਸ਼ਾਰਾ ਹੈ।

ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥ [੧]ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥ ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥ ੨ ॥ [੨]ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ [੩]ਲਿਵ ਲਾਇ ॥ [੪]ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ ੩ ॥ ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ[੫] ॥ ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ[੬] ਕੀ ਅਰਦਾਸਿ ॥ ਨਾਨਕ ਭਾਗ ਵਡੇ ਤਿਨਾ ਗੁਰਮੁਖਾ[੭] ਜਿਨ ਅੰਤਰਿ ਨਾਮੁ ਪਰਗਾਸਿ[੮] ॥ ੪ ॥ ੩੩ ॥ ੩੧ ॥ ੬ ॥ ੭੦ ॥ ਸਿਰੀਰਾਗੁ ਮਹਲਾ ੫ ਘਰੁ ੧ ॥ ਕਿਆ ਤੂ ਰਤਾ[੯] [੧੦]ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ[੧੧] ॥ ਬਹੁਤੁ ਕਰਹਿ ਫੁਰਮਾਇਸੀ[੧੨] ਵਰਤਹਿ ਹੋਇ ਅਫਾਰ[੧੩] ॥ ਕਰਤਾ ਚਿਤਿ ਨ ਆਵਈ [੧੪]ਮਨਮੁਖ ਅੰਧ ਗਵਾਰ ॥ ੧ ॥ ਮੇਰੇ ਮਨ ਸੁਖਦਾਤਾ ਹਰਿ ਸੋਇ ॥ [੧੫]ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ ੧ ॥ ਰਹਾਉ ॥ [*]ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥ ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥ ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥ ੨ ॥ [੧੬]ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥ ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥ ਅਹੰਕਾਰੁ ਕਰਹਿ ਅਹੰਕਾਰੀਆ [੧੭]ਵਿਆਪਿਆ ਮਨ ਕੀ ਮਤਿ ॥ ਤਿਨਿ ਪ੍ਰਭਿ ਆਪਿ ਭੁਲਾਇਆ [੧੮]ਨਾ ਤਿਸੁ ਜਾਤਿ ਨ ਪਤਿ ॥ ੩ ॥ [੧੯]ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ ਹਰਿ ਜਨ ਕਾ ਰਾਖਾ ਏਕੁ ਹੈ [੨੦]ਕਿਆ ਮਾਣਸ ਹਉਮੈ ਰੋਇ ॥ [੨੧]ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ ॥ ਨਾਨਕ [੨੨]ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥ ੪ ॥ ੧ ॥ ੭੧ ॥ ਸਿਰੀਰਾਗੁ ਮਹਲਾ ੫ ॥ [੨੩]ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ ॥ ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥ ੧ ॥ ਭਾਈ ਰੇ ਸੁਖੁ ਸਾਧਸੰਗਿ ਪਾਇਆ ॥ ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ[੨੪] ਦੁਖੁ ਸਹਸਾ[੨੫] ਮਿਟਿ ਗਇਆ ॥ ੧ ॥ ਰਹਾਉ ॥ ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ ॥ [੨੬]ਧਨ ਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ ॥ ੨ ॥ ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥ ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥ ੩ ॥ †ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥ ਗਿਰੰਬਾਰੀ ਵਡ ਸਾਹਬੀ

੧ ਉਨ੍ਹਾਂ ਨੇ ਇਥੋਂ ਚਲਣਾ ਸਦਾ ਅੱਖਾਂ ਦੇ ਸਾਹਮਣੇ ਰੱਖਿਆ, ਅਤੇ ਹਰੀ ਨਾਮ ਦਾ ਆਪਣੇ ਨਾਲ ਖਰਚਾ ਬੰਨ੍ਹ ਲਿਆ, ਜਿਸ ਨਾਲ ਅੱਗੇ ਜਾ ਕੇ ਮਾਣ ਮਿਲਦਾ ਹੈ।

੨ ਗੁਰੂ ਦੀ ਰਜ਼ਾ ਮੰਨ ਕੇ ਚੱਲਣ ਵਾਲੇ ਸਿੱਖਾਂ ਲਈ ਰਸਤਾ ਸਾਫ਼ ਦਿਸਣ ਵਾਲਾ ਹੈ। (ਜਦ ਓਹ ਇਸ 'ਤੇ ਚੱਲ ਕੇ ਮਾਲਕ ਦੇ ਘਰ ਜਾ ਪੁੱਜਦੇ ਹਨ) ਤਾਂ ਉਸ ਦੇ ਦਰਵਾਜ਼ੇ 'ਤੇ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ। 'ਗੁਰਮੁਖਿ' ਲਈ ਦੇਖੋ ਪੰਨਾ ੧੧, ਨੋਟ ੨੦।

੩ ਮਨ ਦੀ ਬ੍ਰਿਤੀ ਜੋੜ ਕੇ।

੪ (ਉਨ੍ਹਾਂ ਗੁਰਮੁਖਾਂ ਦੇ ਉੱਥੇ ਅਪੜਣ 'ਤੇ) ਵਾਹਿਗੁਰੂ ਦੇ ਦਰਵਾਜ਼ੇ ਉੱਤੇ (ਉਨ੍ਹਾਂ ਦੇ ਸੁਆਗਤ ਲਈ) ਬਿਨਾਂ ਵਜਾਏ ਵੱਜਣ ਵਾਲੇ ਵਾਜੇ ਵੱਜਣ ਲੱਗ ਪੈਂਦੇ ਹਨ, ਅਤੇ ਸੱਚੇ ਦਰਬਾਰ ਵਿੱਚ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ।

੫ ਸ਼ਾਬਾਸ਼ੇ, ਧੰਨ-ਧੰਨ!

੬ ਮੰਗਤਾ।

੭ ਦੇਖੋ ਪੰਨਾ ੧੧, ਨੋਟ ੨੦।

੮ ਚਾਨਣਾ ਕੀਤਾ ਹੈ (ਨਾਮ ਨੇ)।

੯ ਮਸਤ ਹੋਇਆ ਹੈਂ।

੧੦ ਪੁੱਤਰ ਤੇ ਇਸਤਰੀ ਦੇ ਸ਼ਿੰਗਾਰ ਦੇਖ ਕੇ।

੧੧ ਬਿਅੰਤ।

੧੨ ਹੁਕਮ।

੧੩ ਆਫਰਿਆ ਹੋਇਆ, ਮਗ਼ਰੂਰ।

੧੪ ਹੇ ਆਪ-ਹੁਦਰੇ, ਅੰਨ੍ਹੇ ਤੇ ਮੂਰਖ!

੧੫ ਓਹ ਹਰੀ ਗੁਰੂ ਦੀ ਕਿਰਪਾ ਨਾਲ ਪਾਈਦਾ ਹੈ, ਤੇ ਗੁਰੂ ਭਾਗਾਂ ਨਾਲ ਮਿਲਦਾ ਹੈ। "ਬਿਨੁ ਭਾਗਾ ਸਤਿਗੁਰੁ ਨਾ ਮਿਲੈ" (ਪੰਨਾ ੪੦)।

੧੬ ਤੂੰ ਮਾਇਆ ਇਉਂ ਇਕੱਠੀ ਕਰਦਾ ਹੈਂ ਕਿ ਜਿਨ੍ਹਾਂ ਦੇ ਗਲੇ ਘੁਟਦਾ ਹੈਂ ਓਹ ਤੈਨੂੰ ਬਦਸੀਸਾਂ ਦਿੰਦੇ ਹਨ। ਜਿਸ ਰਿਸ਼ਤੇਦਾਰ ਨੂੰ ਤੂੰ ਇਉਂ ਕਰ ਕਰ ਕੇ ਖ਼ੁਸ਼ ਕਰਦਾ ਹੈਂ, ਉਹ ਤਾਂ ਤੇਰੇ ਸਮੇਤ ਨਾਸਵੰਤ ਹੈ।

੧੭ ਆਪਣੀ ਮਨ-ਮਰਜ਼ੀ ਦੇ ਪਿੱਛੇ ਪਿਆ ਹੈਂ।

੧੮ ਨਾ ਉਸ ਮਨੁੱਖ ਦੀ ਜ਼ਾਤ ਹੈ ਨਾ ਕੋਈ ਇੱਜ਼ਤ, ਭਾਵ ਸਮਾਜਕ ਤੌਰ 'ਤੇ ਉਹ ਕਿਸੇ ਗਿਣਤੀ ਵਿੱਚ ਨਹੀਂ ਰਹਿੰਦਾ।

੧੯ ਸਤਿਗੁਰੂ ਪੁਰਖ ਨੇ ਮੈਨੂੰ ਉਹ ਹਰੀ ਮਿਲਾ ਦਿੱਤਾ ਹੈ ਜੋ ਇਕੋ-ਇਕ ਮਿੱਤਰ ਹੈ।

੨੦ ਹੋਰ ਮਨੁੱਖ ਮਾਤਰ ਕੀ ਹਉਮੈ ਵਿੱਚ ਰੋਂਦੇ ਹਨ। ਭਾਵ ਇਕ ਹਰੀ ਤੋਂ ਬਿਨਾਂ ਜੋ ਮਨੁੱਖ ਹੰਕਾਰ ਵਿੱਚ ਆ ਕੇ ਕਹਿੰਦੇ ਹਨ, ਅਸੀਂ ਇਉਂ ਕਰ ਦਿਆਂਗੇ, ਓਹ ਗੱਲ ਨਹੀਂ ਕਰਦੇ, ਰੋਂਦੇ ਹਨ।

੨੧ ਜੋ ਹਰੀ ਦੇ ਦਾਸ ਨੂੰ ਚੰਗਾ ਲੱਗਦਾ ਹੈ, ਰੱਬ ਉਹੋ ਕੁਝ ਕਰਦਾ ਹੈ, ਉਸ ਦਾਸ ਨੂੰ ਰੱਬ ਦੇ ਦਰਵਾਜ਼ੇ ਤੋਂ ਕੋਈ ਮੋੜ ਨਹੀਂ ਸਕਦਾ।

੨੨ ਹਰੀ ਦੇ ਪਿਆਰ ਵਿੱਚ ਰੰਗਿਆ ਹੋਣ ਕਰ ਕੇ, ਉਹ ਹਰੀ ਜਨ ਸਾਰੇ ਸੰਸਾਰ ਵਿੱਚ ਚਾਨਣਾ ਕਰਦਾ ਹੈ।

੨੩ ਮਨ ਵਿੱਚ ਖੇਲ ਤਮਾਸ਼ਾ ਅਤੇ ਕਈ ਤਰ੍ਹਾਂ ਦਾ ਡੂੰਘਾ ਅਨੰਦ ਹੋਵੇ ਅਤੇ ਅੱਖਾਂ ਨੂੰ ਭੁਲਾਣ ਵਾਲੀਆਂ ਖੁਸ਼ੀਆਂ ਹੋਣ, ਤਾਜ਼ਦਾਰ ਪਾਤਸ਼ਾਹੀਆਂ ਹੋਣ-ਇਹ ਸਭ ਸਮਿਆਨ ਫ਼ਿਕਰ ਵਿੱਚ ਪਾਣ ਵਾਲੇ ਹਨ।

੨੪ ਰਚਨਹਾਰ ਨੇ, ਕਿਸਮਤ ਜੋੜਨ ਵਾਲੇ ਹਰੀ ਨੇ।

੨੫ ਫ਼ਿਕਰ।

੨੬ ਧਨੀ ਅਤੇ ਵੱਡਾ ਜ਼ਿਮੀਂਦਾਰ ਮੇਰੀ ਮੇਰੀ ਕਰ ਕੇ ਮਰ ਗਿਆ, ਜਾਂ ਉਹ ਹੁਕਮ ਚਲਾਉਂਦਾ ਹੈ ਨਿਧੜਕ ਹੋ ਕੇ (ਪੁੱਛਣ ਵਾਲਾ ਜੋ ਕੋਈ ਨਾ ਹੋਇਆ) ਅਤੇ ਹੰਕਾਰ ਨਾਲ ਫੁੱਲਿਆ ਫਿਰਦਾ ਹੈ। ਸਾਰਿਆਂ ਨੂੰ ਆਪਣੇ ਅਧੀਨ ਕਰ ਲਿਆ ਹੈ, ਪਰ ਨਾਮ ਤੋਂ ਬਿਨਾਂ ਮਿੱਟੀ ਵਿੱਚ ਰਲ ਗਿਆ।

* ਤੂੰ ਕਪੜਿਆਂ ਵਿੱਚ ਤੇ ਸੁਖ ਮਾਣਨ ਵਿੱਚ ਖਚਿਤ ਹੋਇਆ ਪਿਆ ਹੈ, ਪਰ ਇਹ ਸੋਨਾ ਚਾਂਦੀ (ਆਦਿ ਸੁਖ ਦੇ ਸਮਿਆਨ) ਮਿੱਟੀ ਹੋ ਜਾਣ ਵਾਲੇ ਹਨ। ਚੰਗੇ ਚੰਗੇ ਘੋੜੇ ਤੇ ਹਾਥੀ ਕਈ ਤਰ੍ਹਾਂ ਦੇ ਰੱਖੇ ਹੋਏ ਹਨ, ਅਤੇ ਨਾ ਥੱਕਣ ਵਾਲੇ ਰੱਥ ਤਿਆਰ ਕਰ ਰੱਖੇ ਹਨ। (ਇਸ ਮਸਤੀ ਵਿੱਚ) ਤੂੰ ਕਿਸੇ ਨੂੰ ਮਨ ਨਹੀਂ ਲਿਆਂਵਦਾ ਬਲਕਿ ਸਾਰੇ ਰਿਸ਼ਤੇਦਾਰ ਭੀ ਵਿਸਰ ਗਏ ਹਨ। ਤੈਨੂੰ ਸਿਰਜਣਹਾਰ ਨੇ ਭੁਲਾ ਦਿੱਤਾ ਹੈ, ਤੂੰ ਨਾਮ ਤੋਂ ਬਿਨਾਂ ਹੋਣ ਕਰ ਕੇ ਰੀਦਾ ਹੈਂ। ('ਸਿਰਜਣਹਾਰਿ' ਦੇ ਅੰਤ ਸਿਹਾਰੀ ਦੀ ਦਸਦੀ ਹੈ ਕਿ ਇਹ ਸ਼ਬਦ ਕਰਤਾ ਕਾਰਕ ਵਿੱਚ ਹੈ।) ਦੇਖੋ ਅਗਲੇ ਅੰਕ ਦੀ ਅੰਤਲੀ ਤੁਕ।

† (ਹੁਣ ਉਸ ਕੋਲੋਂ ਭੀ ਉੱਚੀ ਪਦਵੀ ਦਸਦੇ ਹਨ) ਜੇਕਰ ਤੇਤੀ ਕ੍ਰੋੜ ਦੇਵਤੇ ਉਸ ਦੇ ਸੇਵਾਦਾਰ ਹੋਣ, (ਜਿਸ ਤਰ੍ਹਾਂ ਕੁਝ ਕੁ ਦੇਵਤੇ ਰਾਵਣ ਦੇ ਨੌਕਰ ਸਨ), ਅਤੇ ਵੱਡੀਆਂ ਕਰਾਮਾਤਾਂ ਵਾਲੇ ਜੋਗੀ (ਸਿਧ ਸਾਧਿਕ) ਉਹਦੇ ਬੂਹੇ 'ਤੇ ਪਹਿਰਾ ਦੇਣ ਲਈ ਖੜੇ ਹੋਣ, ਵੱਡੀ ਭਾਰੀ ਅਵਸਥਾ ਅਤੇ ਵੱਡੀ ਅਮੀਰੀ ਵੀ ਹੋਵੇ, ਤਾਂ ਭੀ, ਹੇ ਨਾਨਕ! ਸੁਫਨਾ ਹੋ ਜਾਏਗੀ। ਗਿਰੰਬਾਰੀ [ਫ਼ਾਰਸੀ]=ਗਿਰਾਂਬਾਰੀ, ਵੱਡੇ ਭਾਰ ਵਾਲੀ ਅਵਸਥਾ ਜੋ ਮਾਲ ਦੌਲਤ ਨਾਲ ਭਰਪੂਰ ਹੋਵੇ।

ਸਭੁ ਨਾਨਕ ਸੁਪਨੁ ਥੀਆ[1] ॥ ੪ ॥ ੨ ॥ ੭੨ ॥ ਸਿਰੀਰਾਗੁ ਮਹਲਾ ੫ ॥
[2]ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥ ਸੋ ਪ੍ਰਭੁ ਚਿਤਿ ਨ
ਆਇਓ ਛੁਟੈਗੀ ਬੇਬਾਣਿ ॥ ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ[3]
ਮਾਣਿ ॥ ੧ ॥ ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ[4] ਸਭ
ਮੁਕਦੀ ਚਲੀ ਰੈਣਿ[5] ॥ ੧ ॥ ਰਹਾਉ ॥ [6]ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ
ਕਾਲੁ ॥ ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥ [7]ਮੁਕਤੇ ਸੇਈ
ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥ ੨ ॥ ਜੋ ਘਰੁ ਛਡਿ ਗਵਾਵਣਾ ਸੋ
ਲਗਾ ਮਨ ਮਾਹਿ ॥ ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥
ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥ ੩ ॥ [8]ਕੋਈ ਰਖਿ ਨ ਸਕਈ
ਦੂਜਾ ਕੋ ਨ ਦਿਖਾਇ ॥ [9]ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥
ਨਾਨਕ [10]ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥ ੪ ॥ ੩ ॥ ੭੩ ॥
ਸਿਰੀਰਾਗੁ ਮਹਲਾ ੫ ॥ [11]ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥
ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥ ਉਠਿ ਚਲਿਆ
ਪਛੁਤਾਇਆ ਪਰਿਆ ਵਸਿ ਜੰਦਾਰ[12] ॥ ੧ ॥ [13]ਅੰਧੇ ਤੂੰ ਬੈਠਾ ਕੰਧੀ ਪਾਹਿ ॥
ਜੇ ਹੋਵੀ ਪੂਰਬਿ[14] ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥ ੧ ॥ ਰਹਾਉ ॥
*ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ ॥ †ਲੈ ਲੈ ਦਾਤ ਪਹੁਤਿਆ
ਲਾਵੇ ਕਰਿ ਤਈਆਰੁ ॥ ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ
ਖੇਤਾਰੁ ॥ ੨ ॥ [15]ਪਹਿਲਾ ਪਹਰੁ ਧੰਧੈ[16] ਗਇਆ ਦੂਜੈ ਭਰਿ ਸੋਇਆ ॥ ਤੀਜੈ
[17]ਝਾਖ ਝਖਾਇਆ ਚਉਥੈ [18]ਭੋਰੁ ਭਇਆ ॥ ਕਦ ਹੀ ਚਿਤਿ ਨ ਆਇਓ
[19]ਜਿਨਿ ਜੀਉ ਪਿੰਡੁ ਦੀਆ ॥ ੩ ॥ ਸਾਧਸੰਗਤਿ ਕਉ ਵਾਰਿਆ ਜੀਉ ਕੀਆ
ਕੁਰਬਾਣੁ ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ[20] ॥ ਨਾਨਕ
ਡਿਠਾ ਸਦਾ ਨਾਲਿ ਹਰਿ [21]ਅੰਤਰਜਾਮੀ ਜਾਣੁ ॥ ੪ ॥ ੪ ॥ ੭੪ ॥ ਸਿਰੀਰਾਗੁ
ਮਹਲਾ ੫ ॥ ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥ [22]ਧੰਧਾ ਸਭੁ
ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥ ਆਸਾ ਸਭੇ ਲਾਹਿ ਕੈ ਇਕਾ
ਆਸ ਕਮਾਉ ॥ ਜਿਨੀ ਸਤਿਗੁਰੁ ਸੇਵਿਆ ਤਿਨ ਅਗੈ[23] ਮਿਲਿਆ ਥਾਉ ॥
੧ ॥ ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ
ਪਾਹਿ ॥ ੧ ॥ ਰਹਾਉ ॥ ਦੁਖ ਭੁਖ ਨਹ ਵਿਆਪਈ[24] ਜੇ ਸੁਖਦਾਤਾ ਮਨਿ
ਹੋਇ ॥ [25]ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥ ਜਿਸੁ ਤੂੰ
ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ ਸੁਖਦਾਤਾ ਗੁਰੁ ਸੇਵੀਐ ਸਭਿ
ਅਵਗਣ ਕਢੈ ਧੋਇ ॥ ੨ ॥ [26]ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥

੧ ਹੋ ਗਿਆ।

੨ ਰੋਜ਼ ਉਠ ਕੇ (ਦੇਹੀ ਨੂੰ) ਪਾਲੀ ਪੋਸੀਦਾ ਹੈ, ਪਰ ਅਸਲੀਅਤ ਸਮਝੇ ਬਿਨਾਂ ਇਹ ਦੇਹੀ ਮੂਰਖ ਤੇ ਬੇਸਮਝ ਹੀ ਹੈ। ਜੇ ਉਹ ਰੱਬ ਯਾਦ ਨਾ ਕੀਤਾ ਤਾਂ ਇਹ ਦੇਹੀ ਉਜਾੜ (ਸ਼ਮਸ਼ਾਨ) ਵਿੱਚ ਛੱਡੀ ਜਾਏਗੀ। ਬੇਬਾਨਿ=ਬੀਆਬਾਨ, ਜੰਗਲ ਵਿੱਚ, ਜਿਥੇ ਮੜ੍ਹੀਆਂ ਹੁੰਦੀਆਂ ਹਨ।

੩ ਮੌਜ, ਅਨੰਦ।

੪ ਫਜ਼ੂਲ ਕੰਮ ਵਿੱਚ।

੫ ਰਾਤ, ਭਾਵ ਉਮਰ।

੬ ਕੁਦਮ=ਕੁੱਦਣ, ਕਲੋਲ, ਖੇਡਾਂ, ਪਸ਼ੂ ਤੇ ਪੰਖੀ ਕਲੋਲ ਕਰਦੇ ਹਨ, ਉਨ੍ਹਾਂ ਨੂੰ ਮੌਤ ਜੁ ਨਹੀਂ ਦਿਸਦੀ। ਉਨ੍ਹਾਂ ਦੇ ਨਾਲ ਦਾ ਹੀ ਮਨੁੱਖ ਹੈ ਜੋ ਮਾਇਆ ਦੇ ਜਾਲ ਵਿੱਚ ਫਸ ਜਾਂਦਾ ਹੈ। ਕੁਦਮ ਕਰੈ ਗਾਡਰ ਜਿਉ ਛੇਲ॥ ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ॥ (ਰਾਮਕਲੀ ਮ: ੫)

੭ ਇਸ ਮਾਇਆ ਜਾਲ ਤੋਂ ਛੁੱਟੇ ਹੋਏ ਉਹੋ ਸਮਝਣੇ ਚਾਹੀਦੇ ਹਨ, ਜੋ ਸੱਚਾ ਨਾਮ ਸਿਮਰਦੇ ਹਨ।

੮ ਗੁਰੂ ਤੋਂ ਬਿਨਾਂ ਹੋਰ ਕੋਈ ਬਚਾ ਨਹੀਂ ਸਕਦਾ, ਉਸ ਤੋਂ ਬਿਨਾਂ ਦੂਜਾ ਕੋਈ ਦਿਸਦਾ ਨਹੀਂ। ਦਿਖਾਇ=ਦਿਸ ਆਉਂਦਾ।

੯ ਚਾਰੇ ਕੂੰਟਾਂ ਦੇਖ ਕੇ, ਚਾਰੇ ਪਾਸੇ ਢੂੰਡ ਕੇ ਅੰਤ ਗੁਰੂ ਦੀ ਸ਼ਰਨੀਂ ਆ ਪਿਆ ਹਾਂ।

੧੦ ਸੱਚੇ ਪਾਤਿਸ਼ਾਹ ਨੇ, ਗੁਰੂ ਨੇ।

੧੧ (ਜੀਵ) ਘੜੀ ਦੋ ਘੜੀ ਦਾ ਮਹਿਮਾਨ ਹੋ ਕੇ ਆਇਆ ਤਾਂ ਕਿ ਆਪਣਾ ਕੰਮ ਸੰਵਾਰੇ, ਪਰ ਮਾਇਆ ਅਤੇ ਵਿਸ਼ੇ ਭੋਗਣ ਵਿੱਚ ਫਸ ਕੇ ਇਹ ਮੂਰਖ ਸਮਝਦਾ ਨਹੀਂ।

੧੨ ਜਮ ਦੇ। [ਫ਼ਾਰਸੀ ਜੰਦਾਲ=ਗਵਾਰ ਸ਼ਰਾਬੀ, ਅਵੈੜਾ। ਇਹ ਸ਼ਬਦ ਜਮ ਦੇ ਨਾਲ ਆਮ ਕਰ ਕੇ ਆਉਣ ਨਾਲ ਜਮ ਦੇ ਅਰਥਾਂ ਨਾਲ ਵਰਤਿਆ ਹੈ।]

੧੩ ਹੇ ਅੰਨ੍ਹੇ! ਤੂੰ ਬੈਠਾ ਹੈਂ (ਨਦੀ ਦੇ) ਕੰਢੇ ਉੱਤੇ ਭਾਵ ਹੁਣੇ ਮੋਇਆ ਕਿ ਮੋਇਆ (ਜਿਵੇਂ ਨਦੀ ਦੇ ਕੰਢੇ ਵਾਲਾ ਰੁੱਖ ਅੱਜ ਡਿੱਗਿਆ ਕਿ ਕੱਲ੍ਹ ਡਿੱਗਿਆ)। ਪਾਹਿ=ਪਾਸਿ।

੧੪ ਪਹਿਲੋਂ ਤੋਂ ਹੀ (ਤੇਰੇ ਲੇਖਾਂ ਵਿੱਚ)।

੧੫ ਆਯੂ ਰੂਪੀ ਰਾਤ ਦਾ ਪਹਿਲਾ ਹਿੱਸਾ।

੧੬ ਕੰਮਾਂ ਧੰਧਿਆਂ ਵਿੱਚ।

੧੭ ਖਪਿਆ, ਵਿਸ਼ੇ ਭੋਗੇ।

੧੮ ਸਵੇਰ ਦਾ ਚਾਨਣਾ ਹੋ ਗਿਆ, ਰਾਤ ਮੁੱਕ ਗਈ, ਉਮਰ ਲੰਘ ਗਈ। ਇਸ ਵਿੱਚ ਇਸ਼ਾਰਾ ਸਿਰ ਦੇ ਵਾਲ ਚਿੱਟੇ ਹੋਣ ਦਾ ਭੀ ਹੈ।

੧੯ ਜਿਸ ਨੇ ਜੀਵ ਤੇ ਸਰੀਰ ਦਿੱਤਾ।

੨੦ ਸਿਆਣਾ, ਵਾਹਿਗੁਰੂ।

੨੧ ਅੰਦਰ ਦਾ ਜਾਣੀ ਜਾਣ।

੨੨ ਸਾਰੀ ਦੌੜ-ਭੱਜ ਨੂੰ ਸਾੜ ਕੇ (ਭਾਵ ਦੂਰ ਕਰ ਕੇ) ਗੁਰੂ ਨੇ ਨਾਮ ਦਿੱਤਾ, ਜੋ (ਜੀਵਨ ਦਾ) ਅਸਲ ਪ੍ਰਯੋਜਨ ਹੈ। "ਜਨ ਆਵਨ ਕਾ ਇਹੈ ਸੁਆਉ" (ਗਉੜੀ ਮ: ੫)।

੨੩ ਵਾਹਿਗੁਰੂ ਦੇ ਹਜ਼ੂਰ।

੨੪ ਲਗਦੇ, ਗ੍ਰਸਦੇ।

੨੫ ਕਿਸੇ ਕੰਮ ਵਿੱਚ ਨਹੀਂ ਤੁੱਟੀਦਾ (ਉਜੜੀਦਾ) ਜੇ ਦਿਲ ਵਿੱਚ ਉਹ ਸੱਚਾ ਵਾਹਿਗੁਰੂ ਹੋਵੇ।

੨੬ ਸੇਵਕ ਉਨ੍ਹਾਂ ਦੀ ਸੇਵਾ ਕਰਨੀ ਮੰਗਦਾ ਹੈ, ਜੋ ਤੂੰ ਆਪਣੀ ਸੇਵਾ ਵਿੱਚ ਲਾਈਆਂ ਹਨ।

* ਇਹ ਗੱਲ ਨਹੀਂ ਕਿ ਹਰੀ ਖੇਤੀ ਹੀ ਵੱਢੀ ਜਾਏਗੀ, ਜਾਂ ਅੱਧ-ਪੱਕੀ, ਜਾਂ ਬਿਲਕੁਲ ਪੱਕੀ। ਨਹੀਂ, ਸਾਰੀ ਹੀ ਵੱਢਣ ਜੋਗੀ ਹੈ। ਭਾਵ ਇਹ; ਪਤਾ ਨਹੀਂ ਕਿ ਮੌਤ ਕਿਸ ਵੇਲੇ ਆਵੇ, ਭਾਵੇਂ ਬਾਲ ਅਵਸਥਾ ਵਿੱਚ, ਭਾਵੇਂ ਅਧਖੜ ਹਾਲਾਤ ਵਿੱਚ ਤੇ ਭਾਵੇਂ ਬੁਢੇਪੇ ਵਿੱਚ, ਮੌਤ ਜਦੋਂ ਚਾਹੇ ਆ ਸਕਦੀ ਹੈ।

† ਦਾਤਰੀਆਂ ਲੈ ਲੈ ਆ ਪਹੁੰਚਿਆ ਹੈ ਵੱਢਣ ਵਾਲੇ (ਜਮ) ਤਿਆਰ ਕਰ ਕੇ। ਜਦ ਹੁਕਮ ਹੋਇਆ ਖੇਤਾਂ ਦੇ ਮਾਲਕ (ਵਾਹਿਗੁਰੂ) ਦਾ, ਤਾਂ ਉਨ੍ਹਾਂ ਵੱਢਣ ਵਾਲਿਆਂ (ਜਮਾਂ) ਨੇ ਖੇਤਾਂ (ਸ੍ਰਿਸ਼ਟੀ ਦੇ ਲੋਕਾਂ) ਨੂੰ ਵੱਢ ਕੇ ਮਿਣ ਲਿਆ। ਖੇਤਾਰੁ=ਲਗਾਤਾਰ ਖੇਤ, ਖੇਤਾਂ ਦੇ ਖੇਤ। ਖੇਤੀ ਨੂੰ ਵੱਢ ਕੇ ਮਿਣਤੀ ਕਰਿਆ ਕਰਦੇ ਹਨ ਕਿ ਇਤਨੀ ਵੱਢੀ ਗਈ। ਇਥੇ ਭਾਵ ਸਵਾਸਾਂ ਨੂੰ ਗਿਣ ਕੇ ਦੇਖਣਾ ਹੈ ਕਿ ਕਿਸ ਕਿਸ ਨੇ ਕਿਤਨੀ ਆਯੂ ਭੋਗਣੀ ਸੀ, ਉਹਦੇ ਮੁਤਾਬਕ ਮੌਤ ਦਾ ਸੱਦਾ ਆਉਂਦਾ ਹੈ।

*ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥ ੩ ॥ ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ †ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ ਇਕਸ ਸਿਉ ਮਨੁ ਮਾਨਿਆ ਤਾ [੧]ਹੋਆ ਨਿਹਚਲੁ ਚੀਤੁ ॥ ਸਚੁ ਖਾਣਾ ਸਚੁ ਪੈਨਣਾ [੨]ਟੇਕ ਨਾਨਕ ਸਚੁ ਕੀਤੁ ॥ ੪ ॥ ੫ ॥ ੭੫ ॥ ਸਿਰੀਰਾਗੁ ਮਹਲਾ ੫ ॥ [੩]ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ [੪]ਜੇ ਸਚਾ ਸਬਦੁ ਕਥਿ ॥ [੫]ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥ ੧ ॥ ਮੇਰੇ ਮਨ ਏਕਸ ਸਿਉ ਚਿਤੁ ਲਾਇ ॥ [੬]ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ ੧ ॥ ਰਹਾਉ ॥ ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ[੭] ਕਰੇਇ ॥ [੮]ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ[੯] ਹੋਇ ॥ ਜਿਸ ਕਉ ਪੂਰਬਿ[੧੦] ਲਿਖਿਆ ਤਿਨਿ ਸਤਿਗੁਰ ਚਰਨ ਗਹੇ[੧੧] ॥ ੨ ॥ ਸਫਲ ਮੂਰਤੁ[੧੨] ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ ਦੂਖੁ ਸੰਤਾਪੁ[੧੩] ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ[੧੪] ॥ ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥ ੩ ॥ ਥਾਨੁ ਸੁਹਾਵਾ[੧੫] ਪਵਿਤੁ ਹੈ ਜਿਥੈ ਸੰਤ ਸਭਾ ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ ਨਾਨਕ [੧੬]ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥ ਸ੍ਰੀਰਾਗੁ ਮਹਲਾ ੫ ॥ ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ [੧੭]ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥ ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥ ੧ ॥ ਮਨ ਮੇਰੇ [੧੮]ਸੁਖ ਸਹਜ ਸੇਤੀ ਜਪਿ ਨਾਉ ॥ ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥ ੧ ॥ ਰਹਾਉ ॥ ਤਿਸ ਕੀ ਸਰਨੀ ਪਰੁ ਮਨਾ [੧੯]ਜਿਸੁ ਜੇਵਡੁ ਅਵਰੁ ਨ ਕੋਇ ॥ ਜਿਸੁ ਸਿਮਰਤ ਸੁਖੁ ਹੋਇ ਘਣਾ[੨੦] ਦੁਖੁ ਦਰਦੁ ਨ ਮੂਲੇ ਹੋਇ ॥ ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ੨ ॥ ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ ਸੁਖਦਾਤਾ ਭੈ ਭੰਜਨੋ[੨੧] ਤਿਸੁ ਆਗੈ ਕਰਿ ਅਰਦਾਸਿ ॥ ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥ ੩ ॥ ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ [੨੨]ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥ [੨੩]ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥ ੪ ॥ ੭ ॥ ੭੭ ॥ ਸ੍ਰੀਰਾਗੁ ਮਹਲਾ ੫ ॥ ਨਾਮੁ ਧਿਆਏ ਸੋ ਸੁਖੀ [੨੪]ਤਿਸੁ ਮੁਖੁ ਊਜਲੁ ਹੋਇ ॥ [੨੫]ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥ ੧ ॥ ਮੇਰੇ ਮਨ ਹਰਿ ਹਰਿ

੧ ਦਿਲ ਠਿਕਾਣੇ ਹੋ ਗਿਆ।
੨ ਸਚੁ ਹੀ ਆਸਰਾ ਬਣਾਇਆ।
੩ ਸਾਰੀਆਂ ਚੀਜ਼ਾਂ ਮਿਲ ਗਈਆਂ, ਜੋ ਇਕ ਵਾਹਿਗੁਰੂ ਮਿਲਿਆ।
੪ ਜੇ ਸੱਚਾ ਸ਼ਬਦ, ਭਾਵ ਹਰੀ ਦਾ ਨਾਮ ਉਚਾਰਣ ਹੋਵੇ।
੫ ਗੁਰੂ ਦੁਆਰਾ ਅਸਲੀ ਟਿਕਾਣਾ ਉਸ ਨੂੰ ਮਿਲਦਾ ਹੈ, ਜਿਸ ਦੇ ਮੱਥੇ ਉੱਤੇ ਲੇਖ ਲਿਖਿਆ ਹੋਵੇ।
੬ ਇਕ ਹਰੀ ਤੋਂ ਬਿਨਾਂ ਜੋ ਕੁਝ ਕਰੋ ਉਹ ਵਿਅਰਥ ਦੌੜ-ਭੱਜ ਹੈ, ਸਭ ਮਾਇਆ ਦਾ ਕੂੜਾ ਮੋਹ ਹੈ।
੭ ਮਿਹਰ ਦੀ ਨਜ਼ਰ।
੮ ਥੋੜ੍ਹਾ ਜਿਹਾ।
੯ ਠੰਢਾ।
੧੦ ਪਹਿਲਾਂ ਤੋਂ ਹੀ।
੧੧ ਪਕੜੇ।
੧੨ ਮਹੂਰਤ, ਵੇਲਾ।
੧੩ ਤਪਤ, ਸਾੜਨ ਵਾਲਾ ਕਸ਼ਟ।
੧੪ ਆਸਰਾ।
੧੫ ਸੋਹਣਾ।
੧੬ ਮੈਂ ਉਥੇ ਘਰ ਪਾਇਆ ਹੈ ਜਿਥੇ ਨਾ ਮੌਤ, ਨਾ ਜੰਮਣ ਅਤੇ ਨਾ ਬੁਢੇਪਾ ਆਉਂਦਾ ਹੈ।
੧੭ ਹੇ ਮਨ! ਉਸੇ 'ਤੇ ਉਮੈਦ ਰੱਖ, ਜਿਸ ਦਾ ਸਭ ਨੂੰ ਭਰੋਸਾ ਹੈ।
੧੮ ਅਨੰਦ ਨਾਲ ਤੇ ਆਸਾਨੀ ਨਾਲ ਨਾਮ ਜਪ।
੧੯ ਜਿਸ ਜਿੱਨਾ ਵੱਡਾ ਹੋਰ ਕੋਈ ਨਹੀਂ।
੨੦ ਬਹੁਤ।
੨੧ ਡਰ ਨੂੰ ਤੋੜਨ ਵਾਲਾ।
੨੨ ਰੰਗਾਂ ਤੇ ਨਿਸ਼ਾਨਾਂ ਤੋਂ ਬਿਨਾਂ।
੨੩ ਹੇ ਪ੍ਰਭੂ ਜੀ! ਨਾਨਕ ਨੂੰ ਮਿਹਰ ਕਰ ਕੇ ਆਪਣਾ ਸੱਚਾ ਨਾਮ ਦਿਓ।
੨੪ ਉਸ ਦਾ ਮੂੰਹ ਚਮਕਦਾ ਹੈ, ਭਾਵ ਉਹ (ਰੱਬ ਦੇ ਹਜ਼ੂਰ) ਸੁਰਖਰੂ ਹੁੰਦਾ ਹੈ।
੨੫ ਨਾਮ ਪੂਰੇ ਗੁਰੂ ਤੋਂ ਮਿਲਦਾ ਹੈ, ਭਾਵੇਂ ਉਹ (ਨਾਮ) ਸਾਰਿਆਂ ਭਵਣਾਂ ਵਿੱਚ ਪ੍ਰਤੱਖ ਹੈ।

* ਸਾਧ ਸੰਗਤ ਅਤੇ ਉਸ ਵਿੱਚ ਸੇਵਾ ਘਾਲਣਾ ਦੀ ਦਾਤ, ਹੇ ਪ੍ਰਕਾਸ਼ਮਾਨ ਵਾਹਿਗੁਰੂ! ਤੇਰੀ ਮਿਹਰ ਨਾਲ ਹੀ ਮਿਲ ਸਕਦੀ ਹੈ। ਸਭ ਕੁਝ ਮਾਲਕ ਦੇ ਅਧੀਨ ਹੈ, ਉਹ ਆਪ ਹੀ ਕਰਨ ਕਾਰਨ ਹੈ। ਗੁਰੂ ਤੋਂ ਕੁਰਬਾਨ ਹਾਂ, ਜੋ ਸਾਰੀਆਂ ਖਾਹਸ਼ਾਂ ਪੂਰੀਆਂ ਕਰਦਾ ਹੈ।

† ਸੰਸਾਰ ਦੀਆਂ ਸਾਰੀਆਂ ਚੀਜ਼ਾਂ ਉਸ ਇਕੋ ਰੱਬ ਦੇ ਸਮਿਆਨ ਹਨ, ਅਤੇ ਉਨ੍ਹਾਂ ਨਾਲ ਜੋ ਮਰਯਾਦਾ ਚੱਲ ਰਹੀ ਹੈ, ਉਹ ਭੀ ਉਸੇ ਇਕ ਦੀ ਹੈ । ਜਦ ਕੋਈ ਕਾਰਜ ਰਚਾਇਆ ਜਾਂਦਾ ਹੈ, ਜਾਂ ਰਸਮ ਅਦਾ ਕੀਤੀ ਜਾਂਦੀ ਹੈ, ਤਾਂ ਉਸ ਲਈ ਜੋ ਸਮਿਆਨ ਇਕੱਠਾ ਕੀਤਾ ਜਾਂਦਾ ਹੈ ਉਸ ਨੂੰ 'ਸਾਮੱਗਰੀ' ਕਹਿੰਦੇ ਹਨ।

ਨਾਮੁ ਧਿਆਇ॥ ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ॥ ੧॥ ਰਹਾਉ॥ ਦੁਨੀਆ ਕੀਆ ਵਡਿਆਈਆ [1]ਕਵਨੈ ਆਵਹਿ ਕਾਮਿ॥ ਮਾਇਆ ਕਾ ਰੰਗੁ ਸਭੁ ਫਿਕਾ [2]ਜਾਤੋ ਬਿਨਸਿ ਨਿਦਾਨਿ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ[3]॥ ੨॥ ਸਾਧੂ ਕੀ ਹੋਹੁ ਰੇਣੁਕਾ[4] ਅਪਣਾ ਆਪੁ ਤਿਆਗਿ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ॥ [5]ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ॥ ੩॥ ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ॥ ਸਤਿਗੁਰ ਕੀ ਸੇਵਾ ਸੋ ਕਰੇ [6]ਜਿਸੁ ਬਿਨਸੈ ਹਉਮੈ ਤਾਪੁ॥ [7]ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ॥ ੪॥ ੮॥ ੭੮॥ ਸਿਰੀਰਾਗੁ ਮਹਲਾ ੫॥ ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ॥ ਇਕਸ ਕਾ ਮਨਿ ਆਸਰਾ ਇਕੋ [8]ਪ੍ਰਾਣ ਅਧਾਰੁ॥ ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ॥ ੧॥ ਮਨ ਮੇਰੇ ਸਗਲ ਉਪਾਵ ਤਿਆਗੁ॥ [9]ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ॥ ੧॥ ਰਹਾਉ॥ ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥ [10]ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ॥ ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ॥ ੨॥ [11]ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ॥ ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ॥ ਇਕਸੁ ਸੇਤੀ ਰਤਿਆ[12] ਨ ਹੋਵੀ ਸੋਗ ਸੰਤਾਪੁ[13]॥ ੩॥ ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ॥ ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ॥ [14]ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ॥ ੪॥ ੯॥ ੭੯॥ ਸਿਰੀਰਾਗੁ ਮਹਲਾ ੫॥ ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ॥ ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ[15] ਮਨਿ ਗਿਆਨੁ॥ ਜਿਨ ਕਉ ਮਸਤਕਿ[16] ਲਿਖਿਆ ਤਿਨ ਪਾਇਆ ਹਰਿ ਨਾਮੁ॥ ੧॥ ਮਨ ਮੇਰੇ ਏਕੋ ਨਾਮੁ ਧਿਆਇ॥ [17]ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ॥ ੧॥ ਰਹਾਉ॥ [18]ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ॥ [19]ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ॥ ਜਨਮ ਮਰਣ ਕੀ ਮਲੁ[20] ਕਟੀਐ ਗੁਰ ਦਰਸਨੁ ਦੇਖਿ ਨਿਹਾਲ॥ ੨॥ [21]ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ॥ ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥ *ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ॥ ੩॥ ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ[3]॥ †ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ॥ ਜਿਨੀ ਮੇਰਾ ਪ੍ਰਭੁ ਧਿਆਇਆ

੧ ਕਿਹੜੇ ਕੰਮ ਆਵਣਗੀਆਂ?
੨ ਨਾਸ ਹੋ ਜਾਂਦਾ ਹੈ ਅੰਤ ਨੂੰ।
੩ ਵਡਿਆਈ ਵਾਲਾ।
੪ ਚਰਨ-ਧੂੜ।
੫ ਉਸ ਨੂੰ ਰਤਨ (ਅਮੋਲਕ ਨਾਮ) ਮਿਲਦਾ ਹੈ; ਜਿਸ ਦੇ ਮੱਥੇ 'ਤੇ ਚੰਗੇ ਕਰਮ ਲਿਖੇ ਹੋਣ; ਭਾਵ ਜਿਸ ਉੱਤੇ ਰੱਬ ਦੀ ਮਿਹਰ ਹੋਵੇ।
੬ ਜਿਸ ਵਿੱਚੋਂ ਅਹੰਗਤਾ ਦੀ ਬੀਮਾਰੀ ਦੂਰ ਹੋਵੇ।
੭ ਨਾਨਕ ਨੂੰ ਗੁਰੂ ਮਿਲ ਪਿਆ, ਜਿਸ ਨਾਲ ਸਾਰੇ ਕਲੇਸ਼ ਦੂਰ ਹੋ ਗਏ।
੮ ਜੀਵਨ ਦਾ ਆਸਰਾ।
੯ ਪੂਰੇ ਗੁਰੂ ਨੂੰ ਨਿੱਤ ਚੇਤੇ ਕਰ, ਇਕੋ ਵਿੱਚ ਧਿਆਨ ਲਾਈ ਰੱਖ।
੧੦ ਇਕੋ ਦਾ ਮਨ ਵਿੱਚ ਆਸਰਾ ਹੈ ਜਿਸ ਨੇ ਰੂਹ ਤੇ ਸਰੀਰ ਦਿੱਤਾ ਹੈ।
੧੧ ਘਰ ਵਿੱਚ ਭੀ ਇਕੋ ਹੈ, ਬਾਹਰ ਭੀ ਇਕੋ ਹੈ, ਤੇ ਸਾਰੀਆਂ ਥਾਵਾਂ ਵਿੱਚ ਭੀ ਉਹ ਆਪ ਹੀ ਹੈ।
੧੨ ਰੱਤੇ ਹੋਣ ਕਰ ਕੇ, ਪ੍ਰੇਮ ਕਰਨ ਨਾਲ।
੧੩ ਕਲੇਸ਼।
੧੪ ਪੂਰੇ ਗੁਰੂ ਦੁਆਰਾ ਮਨੁੱਖ ਕਾਮਲ ਹੋ ਗਿਆ (ਹੇ ਨਾਨਕ!) ਉਸ ਸੱਚੇ ਨੂੰ ਸਿਮਰ ਕੇ।
੧੫ ਪੈਦਾ ਹੁੰਦਾ ਹੈ।
੧੬ ਮੱਥੇ ਉੱਤੇ, ਭਾਗਾਂ ਵਿੱਚ।
੧੭ ਸਾਰੇ ਸੁਖਾਂ ਦੇ ਸੁਖ (ਤੇਰੇ ਅੰਦਰ) ਪੈਦਾ ਹੋਣਗੇ ਅਤੇ ਤੂੰ ਵਾਹਿਗੁਰੂ ਦੇ ਹਜ਼ੂਰ ਇੱਜ਼ਤ ਦੀ ਪੁਸ਼ਾਕ ਪਾ ਕੇ ਜਾਏਂਗਾ।
੧੮ ਆਵਾ-ਗਉਣ ਵਿੱਚ ਫੇਰੇ ਪਾਉਣ ਦਾ ਡਰ ਦੂਰ ਹੋ ਗਿਆ, ਵਾਹਿਗੁਰੂ ਦੀ ਪ੍ਰੇਮਾ-ਭਗਤੀ ਦੁਆਰਾ।
੧੯ ਜਿਹੜੇ ਲੋਕ ਗੁਰੂ ਦੀ ਸੰਗਤ ਵਿੱਚ ਪੈ ਕੇ ਸਾਫ਼ ਹੋ ਗਏ ਹਨ, ਉਨ੍ਹਾਂ ਦੀ ਵਾਹਿਗੁਰੂ ਆਪ ਸੰਭਾਲਨਾ ਕਰਦਾ ਹੈ।
੨੦ ਮੈਲ।
੨੧ ਸਾਰੀਆਂ ਥਾਵਾਂ ਵਿੱਚ ਅਤੇ ਉਨ੍ਹਾਂ ਦੇ ਦਰਮਿਆਨ ਜੋ ਵਿੱਥਾਂ ਹਨ, ਉਨ੍ਹਾਂ ਵਿੱਚ, ਭਾਵ ਸਭ ਥਾਂ ਉਹੋ ਵਾਹਿਗੁਰੂ ਸਮਾਇਆ ਹੋਇਆ ਹੈ।

* ਉਸ ਦੀ ਸ਼ਰਣੀਂ ਪਿਆਂ ਜਨਮ ਮਰਨ ਦੇ ਬੰਧਨਾਂ ਤੋਂ ਆਜ਼ਾਦੀ ਮਿਲਦੀ ਹੈ । ਜੋ ਕੁਝ ਉਹ ਕਰਨਾ ਚਾਹੁੰਦਾ ਹੈ, ਉਹੋ ਹੁੰਦਾ ਹੈ ।

† ਉਨ੍ਹਾਂ ਦੀ ਸ਼ੁਹਰਤ ਚੰਗੀ ਹੈ, ਸਾਫ਼ ਹੈ ।

ਨਾਨਕ ਤਿਨ ਕੁਰਬਾਨ ॥ ੪ ॥ ੧੦ ॥ ੮੦ ॥ ਸਿਰੀਰਾਗੁ ਮਹਲਾ ੫ ॥
ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ[੧] ਵਸਿਆ ਮਨਿ ਆਇ ॥
*ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ
ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ ਗੁਣ ਗੋਵਿੰਦ ਨਿਤ ਗਾਵਣੇ
ਨਿਰਮਲ ਸਾਚੈ ਨਾਇ ॥ ੧ ॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥ ਗੁਰ
ਪੂਰੇ ਕੀ ਚਾਕਰੀ[੨] ਬਿਰਥਾ ਜਾਇ ਨ ਕੋਇ ॥ ੧ ॥ ਰਹਾਉ ॥ ਮਨ ਕੀਆ
ਇਛਾਂ[੩] ਪੂਰੀਆ ਪਾਇਆ [੪]ਨਾਮੁ ਨਿਧਾਨੁ ॥ †ਅੰਤਰਜਾਮੀ ਸਦਾ ਸੰਗਿ
ਕਰਣੈਹਾਰੁ ਪਛਾਨੁ ॥ ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ
ਇਸਨਾਨੁ ॥ ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥ ੨ ॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ[੫]
ਮੇਲਿਆ ਦੀਆ ਅਪਣਾ ਨਾਮੁ ॥ ਆਵਣ ਜਾਣਾ ਰਹਿ ਗਇਆ ਆਪਿ
ਹੋਆ ਮਿਹਰਵਾਨੁ ॥ [੬]ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥
੩ ॥ ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ [੭]ਹਲਤਿ ਪਲਤਿ
ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ
ਰੰਗਿ ਅਪਾਰ ॥ [੮]ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥ ੪ ॥
੧੧ ॥ ੮੧ ॥ ਸਿਰੀਰਾਗੁ ਮਹਲਾ ੫ ॥ ਪੂਰਾ ਸਤਿਗੁਰੁ ਜੇ ਮਿਲੈ [੯]ਪਾਈਐ
ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ [੧੦]ਲਾਗੈ ਸਹਜਿ ਧਿਆਨੁ ॥ ੧ ॥ ਮੇਰੇ ਮਨ
ਪ੍ਰਭ ਸਰਣਾਈ ਪਾਇ ॥ ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥
੧ ॥ ਰਹਾਉ ॥ ਕੀਮਤਿ ਕਹਣੁ ਨ ਜਾਈਐ [੧੧]ਸਾਗਰੁ ਗੁਣੀ ਅਥਾਹੁ ॥
[੧੨]ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥ [੧੩]ਕਰਿ ਸੇਵਾ ਸੁਖ ਸਾਗਰੈ
ਸਿਰਿ ਸਾਹਾ ਪਾਤਿਸਾਹੁ ॥ ੨ ॥ ਚਰਣ ਕਮਲ ਕਾ ਆਸਰਾ ਦੂਜਾ ਨਾਹੀ
ਠਾਉ ॥ ਮੈ ਧਰ[੧੪] ਤੇਰੀ ਪਾਰਬ੍ਰਹਮ [੧੫]ਤੇਰੈ ਤਾਣਿ ਰਹਾਉ ॥ ਨਿਮਾਣਿਆ
ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥ ੩ ॥ ਹਰਿ ਜਪੀਐ ਆਰਾਧੀਐ[੧੬]
ਆਠ ਪਹਰ ਗੋਵਿੰਦੁ ॥ ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ
ਜਿੰਦੁ ॥ ਨਾਨਕ ਸਗਲੇ ਦੋਖ ਉਤਾਰਿਅਨੁ[੧੭] ਪ੍ਰਭੁ ਪਾਰਬ੍ਰਹਮ ਬਖਸਿੰਦੁ ॥
੪ ॥ ੧੨ ॥ ੮੨ ॥ ਸਿਰੀਰਾਗੁ ਮਹਲਾ ੫ ॥ ਪ੍ਰੀਤਿ ਲਗੀ ਤਿਸੁ ਸਚ
ਸਿਉ ਮਰੈ ਨ ਆਵੈ ਜਾਇ ॥ ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ
ਸਮਾਇ ॥ [੧੮]ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥ [੧੯]ਅਚਰਜ
ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥ ੧ ॥ ਭਾਈ ਰੇ ਮੀਤੁ ਕਰਹੁ

੧ ਹਰੀ ਦਾ ਸੁਖ, ਰੱਬੀ ਅਨੰਦ।
੨ ਸੇਵਾ।
੩ ਖ਼ਾਹਸ਼ਾਂ।
੪ ਨਾਮ ਰੂਪੀ ਖ਼ਜ਼ਾਨਾ।
੫ ਪ੍ਰਭੂ ਨੇ।
੬ ਸੱਚਾ ਮਹਲ (ਵਾਹਿਗੁਰੂ ਦੀ ਹਜ਼ੂਰੀ) ਰਹਿਣ ਲਈ ਘਰ ਮਿਲਿਆ ਹੈ, ਉਸ ਨੂੰ ਜਿਸ ਨੇ ਗੁਰੂ ਦਾ ਸ਼ਬਦ ਪਛਾਣਿਆ ਹੈ।
੭ ਲੋਕ ਪ੍ਰਲੋਕ ਵਿੱਚ ਉਨ੍ਹਾਂ ਦੇ ਮੂੰਹ ਉਜਲੇ ਹੁੰਦੇ ਹਨ (ਉਹ ਸੁਰਖਰੂ ਹੁੰਦੇ ਹਨ), ਸੱਚੇ ਵਾਹਿਗੁਰੂ ਦੇ ਗੁਣ ਚੇਤੇ ਕਰ ਕੇ। ਓਹ ਦਿਨ ਰਾਤ ਹਰੀ ਦੇ ਗੁਣ ਯਾਦ ਕਰਦੇ ਰਹਿੰਦੇ ਹਨ, ਅਪਾਰ (ਬੇਹੱਦ-ਵਾਹਿਗੁਰੂ) ਦੇ ਪਿਆਰ ਵਿੱਚ ਰੰਗੇ ਹੋਏ।
੮ ਪਾਰਬ੍ਰਹਮ ਸੁਖ ਦੇ ਸਮੁੰਦਰ ਤੋਂ, ਹੇ ਨਾਨਕ! ਓਹ ਸਦਾ ਹੀ ਕੁਰਬਾਨ ਹਨ।
੯ ਪਾਈਦਾ ਹੈ ਸ਼ਬਦ ਜੋ ਸਭ ਤਰ੍ਹਾਂ ਦਾ ਖ਼ਜ਼ਾਨਾ ਹੈ।
੧੦ ਪੂਰਨ ਗਿਆਨ ਵਾਲੀ (ਚੌਥੇ ਪਦ ਵਾਲੀ) ਅਵਸਥਾ ਵਿੱਚ ਧਿਆਨ ਲੱਗ ਜਾਂਦਾ ਹੈ। 'ਸਹਜ' ਲਈ ਦੇਖੋ ਪੰ: ੬੮ ਵਾਲਾ ਸ਼ਬਦ ਤੇ ਉਸ ਦਾ ਫੁਟ ਨੋਟ।
੧੧ ਉਹ ਗੁਣਾਂ ਦਾ ਅਥਾਹ ਸਮੁੰਦਰ ਹੈ।
੧੨ ਵੱਡੇ ਭਾਗਾਂ ਕਰ ਕੇ ਤੂੰ ਉਸ ਨੂੰ ਮਿਲ ਸੰਗਤ ਵਿੱਚ, ਅਤੇ ਉਥੇ ਸੱਚੇ ਸ਼ਬਦ ਨੂੰ ਖ਼ਰੀਦ, ਪ੍ਰਾਪਤ ਕਰ।
੧੩ ਉਥੇ ਤੂੰ ਸੁਖਾਂ ਦੇ ਸਮੁੰਦਰ ਦੀ ਸੇਵਾ ਕਰ ਜੋ ਸ਼ਾਹਾਂ ਦੇ ਉੱਤੇ ਪਾਤਸ਼ਾਹ ਹੈ।
੧੪ ਟੇਕ।
੧੫ ਤੇਰੇ ਜ਼ੋਰ ਕਰ ਕੇ ਟਿਕਿਆ ਹੋਇਆ ਹਾਂ।
੧੬ ਸਿਮਰੀਐ।
੧੭ ਉਸ ਨੇ ਉਤਾਰੇ ਹਨ।
੧੮ ਅਨਾਥਾਂ ਦੇ ਦਰਦ ਤੇ ਦੁੱਖ ਨਾਸ ਕਰਦਾ ਹੈ, ਅਤੇ ਸੇਵਕਾਂ ਨੂੰ ਆਦਰ ਨਾਲ ਮਿਲਦਾ ਹੈ। 'ਅਗੋ ਦੇ ਸਤਭਾਉ ਨ ਦਿਚੈ' (ਵਾਰ ਗੌ: ਮ: ੪)। ਸਤਭਾਉ=ਸਦ ਭਾਵ ਨਾਲ, ਨੇਕ ਖ਼ਿਆਲ ਨਾਲ, ਆਦਰ ਭਾਵ ਨਾਲ।
੧੯ ਉਹ ਮਾਇਆ-ਰਹਿਤ ਪ੍ਰਭੂ ਅਸਚਰਜ ਰੂਪ ਵਾਲਾ ਹੈ। ਗੁਰੂ ਨੇ ਉਹ ਮਿਲਾਇਆ ਹੈ, ਹੇ ਮੇਰੀ ਮਾਂ!

* ਅੰਦਰ ਆਤਮਕ ਚਾਨਣਾ ਜਗ ਪਿਆ, ਇੱਕੋ ਵਾਹਿਗੁਰੂ ਨਾਲ ਸੁਰਤ ਜੋੜਨ ਕਰ ਕੇ। ਗੁਰੂ ਨੂੰ ਮਿਲ ਕੇ ਅਸੀਂ ਸੁਰਖਰੂ ਹੋਏ, ਅਸਾਂ ਆਪਣੇ ਭਾਗਾਂ ਵਿੱਚ ਜੋ ਲਿਖਿਆ ਸੀ, ਉਹ ਪਾ ਲਿਆ ਹੈ। ਹੁਣ ਨਿੱਤ ਹਰੀ ਦੇ ਗੁਣ ਗਾਉਣੇ ਹਨ, ਸੱਚੇ ਨਾਮ ਕਰ ਕੇ ਮੈਲ ਤੋਂ ਰਹਿਤ ਹੋ ਗਏ ਹਾਂ।

† ਅੰਦਰ ਦੀ ਜਾਣਨ ਵਾਲੇ ਕਰਤਾਰ ਨੂੰ ਸਦਾ ਆਪਣੇ ਅੰਗ-ਸੰਗ ਪਛਾਣਿਆ। ਗੁਰੂ ਦੀ ਕਿਰਪਾ ਨਾਲ ਨਾਮ ਜਪ ਕੇ ਤੇ ਦਾਨ ਦੇ ਕੇ ਅਤੇ ਪਵਿੱਤਰ ਰਹਿ ਕੇ ਆਪਣੀ ਸੁਰਖਰੂਈ ਹਾਸਲ ਕੀਤੀ, ਭਾਵ ਜਨਮ ਸਫ਼ਲਾ ਕੀਤਾ। ਕਾਮ, ਕ੍ਰੋਧ, ਲੋਭ ਦੂਰ ਹੋ ਗਏ, ਅਤੇ ਛੱਡਿਆ ਸਾਰਾ ਹੰਕਾਰ।

ਪ੍ਰਭੁ ਸੋਇ॥ [੧]ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ॥ ੧॥ ਰਹਾਉ॥ [੨]ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ॥ ਸਖਾ[੩] ਸਹਾਈ ਅਤਿ ਵਡਾ ਊਚਾ ਵਡਾ ਅਪਾਰੁ[੪]॥ *ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ॥ ਜੋ ਮੰਗੀਐ ਸੋਈ ਪਾਈਐ [੫]ਨਿਧਾਰਾ ਆਧਾਰੁ॥ ੨॥ [੬]ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ॥ ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ[੭]॥ [੮]ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ॥ ਸਦਾ ਸਦਾ ਆਰਾਧੀਐ[੯] ਦਿਨੁ ਵਿਸਰਹੁ ਨਹੀ ਰਾਤਿ॥ ੩॥ ਜਿਨ ਕਉ ਪੂਰਬਿ[੧੦] ਲਿਖਿਆ ਤਿਨ ਕਾ ਸਖਾ[੩] ਗੋਵਿੰਦੁ॥ ਤਨੁ ਮਨੁ ਧਨੁ ਅਰਪੀ[੧੧] ਸਭੋ [੧੨]ਸਗਲ ਵਾਰੀਐ ਇਹ ਜਿੰਦੁ॥ [੧੩]ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ॥ [੧੪]ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥ ੪॥ ੧੩॥ ੮੩॥ ਸਿਰੀਰਾਗੁ ਮਹਲਾ ੫॥ ਮਨੁ ਤਨੁ ਧਨੁ [੧੫]ਜਿਨਿ ਪ੍ਰਭਿ ਦੀਆ †ਰਖਿਆ ਸਹਜਿ ਸਵਾਰਿ॥ [੧੬]ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ॥ ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ[੧੭]॥ ੧॥ ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ॥ ਪ੍ਰਭ ਸਰਣਾਈ[੧੮] ਸਦਾ ਰਹੁ [੧੯]ਦੂਖੁ ਨ ਵਿਆਪੈ ਕੋਇ॥ ੧॥ ਰਹਾਉ॥ [੨੦]ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ॥ ਮਾਤ ਪਿਤਾ ਸੁਤ ਬੰਧਪਾ[੨੧] ਕੂੜੇ ਸਭੇ ਸਾਕ॥ ਜਿਨਿ ਕੀਤਾ ਤਿਸਹਿ ਨ ਜਾਣਈ [੨੨]ਮਨਮੁਖ ਪਸੁ ਨਾਪਾਕ॥ ੨॥ ਅੰਤਰਿ ਬਾਹਰਿ [੨੩]ਰਵਿ ਰਹਿਆ ਤਿਸ ਨੋ ਜਾਣੈ ਦੂਰਿ॥ [੨੪]ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ॥ [੨੫]ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ॥ ੩॥ ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ॥ ਬਿਨੁ ਪ੍ਰਭ ਕੋਇ ਨ ਰਖਨਹਾਰੁ [੨੬]ਮਹਾ ਬਿਕਟ ਜਮ ਭਇਆ॥ ਨਾਨਕ ਨਾਮੁ ਨ ਵੀਸਰਉ[੨੭] ਕਰਿ ਅਪੁਨੀ ਹਰਿ ਮਇਆ[੨੮]॥ ੪॥ ੧੪॥ ੮੪॥ ਸਿਰੀਰਾਗੁ ਮਹਲਾ ੫॥ ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ॥ [੨੯]ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ॥ ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ॥ ੧॥ ਮੇਰੇ ਮਨ ਹਰਿ ਹਰਿ ਨਾਮੁ ਧਿਆਇ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ॥ ੧॥ ਰਹਾਉ॥ [੩੦]ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ॥ ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ॥ ਹਉਮੈ ਰੋਗੁ ਭ੍ਰਮੁ[੩੧] ਕਟੀਐ ਨਾ ਆਵੈ ਨਾ ਜਾਗੁ[੩੨]॥ ੨॥ ਕਰਿ ਸੰਗਤਿ ਤੂ ਸਾਧ ਕੀ [੩੩]ਅਠਸਠਿ ਤੀਰਥ ਨਾਉ॥ [੩੪]ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥ ਐਥੈ ਮਿਲਹਿ

੧ ਮਾਇਆ ਮੋਹ ਦੀ ਪ੍ਰੀਤੀ ਲਾਹਨਤ ਪਾਣ ਜੋਗ ਹੈ, ਇਸ ਪ੍ਰੀਤੀ ਵਾਲਾ ਕੋਈ ਵੀ ਸੁਖੀ ਨਹੀਂ ਦਿਸਦਾ।
੨ ਉਹ ਹਰੀ ਸਭ ਕੁਝ ਜਾਣਨ ਵਾਲਾ, ਦੇਣ ਵਾਲਾ, ਨਰਮ ਸੁਭਾਅ ਵਾਲਾ, ਪਵਿੱਤਰ ਅਤੇ ਬਿਅੰਤ ਸੁੰਦਰਤਾ ਵਾਲਾ ਹੈ।
੩ ਦੋਸਤ।
੪ ਬਿਅੰਤ।
੫ ਨਿਆਸਰਿਆਂ ਦਾ ਆਸਰਾ ਹੈ।
੬ ਜਿਸ ਦੇ ਦੇਖਣ ਸਾਰ ਪਾਪ ਦੂਰ ਹੋ ਜਾਂਦੇ ਹਨ।
੭ ਭੁਲੇਖਾ, ਭਰਮ।
੮ ਗੁਣਾਂ ਦਾ ਖ਼ਜ਼ਾਨਾ ਤੇ ਸਦਾ ਨਵਾਂ ਨਰੋਆ (ਤਾਜ਼ਾ)।
੯ ਸਿਮਰਨ ਕਰੀਏ।
੧੦ ਪਹਿਲਾਂ ਤੋਂ ਹੀ (ਭਾਗਾਂ ਵਿੱਚ)।
੧੧ ਭੇਟ ਚੜ੍ਹਾਵਾਂ।
੧੨ ਇਹ ਸਾਰੀ ਜਿੰਦੜੀ ਕੁਰਬਾਨ ਕਰ ਦੇਵੀਏ।
੧੩ ਦਿਲਾਂ ਦਿਲਾਂ ਵਿੱਚ ਰਵ ਰਿਹਾ ਵਾਹਿਗੁਰੂ ਹਮੇਸ਼ਾ ਆਪਣੇ ਸਾਮ੍ਹਣੇ (ਸਭ ਕੁਝ) ਦੇਖਦਾ ਤੇ ਸੁਣਦਾ ਹੈ।
੧੪ ਨਾਸ਼ੁਕਰਿਆਂ ਨੂੰ, ਕੀਤਾ ਨਾ ਜਾਣਨ ਵਾਲਿਆਂ ਨੂੰ।
੧੫ ਜਿਸ ਪ੍ਰਭੂ ਨੇ।
੧੬ ਸਾਨੂੰ ਸਾਰੀਆਂ ਤਾਕਤਾਂ ਸਰੀਰ ਦੀਆਂ ਦੇ ਕੇ ਰਚਿਆ ਹੈ ਅਤੇ ਉਨ੍ਹਾਂ ਵਿੱਚ ਆਪਣਾ ਬੇਅੰਤ ਪ੍ਰਕਾਸ਼ ਪਾ ਦਿੱਤਾ ਹੈ।
੧੭ ਦਿਲ ਵਿੱਚ ਧਾਰ ਕੇ।
੧੮ ਓਟ ਵਿੱਚ।
੧੯ ਕੋਈ ਦੁੱਖ ਨਹੀਂ ਆ ਪੈਂਦਾ ਜਾਂ ਲੱਗਦਾ।
੨੦ ਕੀਮਤੀ ਪੱਥਰ, ਚੰਗੀਆਂ-ਚੰਗੀਆਂ ਵਸਤਾਂ, ਲਾਲ, ਸੋਨਾ ਅਤੇ ਚਾਂਦੀ ਇਹ ਸਭ ਮਿੱਟੀ ਹਨ।
੨੧ ਸੰਬੰਧੀ।
੨੨ ਆਪ-ਹੁਦਰਾ ਮਨੁੱਖ ਗੰਦਾ ਪਸ਼ੂ ਹੈ।
੨੩ ਰਮ ਰਿਹਾ, ਵਸਿਆ ਹੋਇਆ।
੨੪ ਉਸ ਨੂੰ ਭੋਗਾਂ ਦੀ ਲਾਲਸਾ ਲੱਗੀ ਹੋਈ ਹੈ, ਉਹ ਵਿਸ਼ਿਆਂ ਵਿੱਚ ਲੀਨ ਹੋਇਆ-ਹੋਇਆ ਹੈ, ਅਤੇ ਅੰਦਰ ਕੂੜੀ ਹਉਮੈ ਹੈ।
੨੫ ਪ੍ਰੇਮ ਤੇ ਨਾਮ ਤੋਂ ਖ਼ਾਲੀ ਹੋਣ ਕਰ ਕੇ ਪੂਰਾਂ ਦੇ ਪੂਰ ਆਵਾ-ਗਉਣ ਵਿੱਚ ਫੇਰੇ ਪਾਂਦੇ ਹਨ। ਵਿਹੂਣਿਆ=ਬਿਹੂਨ, ਬਿਹੀਨ ਬਿਨਾਂ।
੨੬ ਜਮ ਦਾ ਭੈ ਬਹੁਤ ਔਖਾ ਕਰ ਰਿਹਾ ਹੈ।
੨੭ ਵੀਸਰੋਂ; ਮੈਂ ਵਿਸਰਾਂ।
੨੮ ਮਿਹਰ; ਕਿਰਪਾ।
੨੯ ਪੁੱਤਰ, ਵਹੁਟੀ, ਹੋਰ ਕਈ ਇਸਤਰੀਆਂ ਬਹੁਤ ਮੌਜਾਂ ਅਤੇ ਪਹਿਰਾਵੇ ਹੋਣ, ਪਰ ਜੇ ਰੱਬ ਦਾ ਨਾਂ ਦਿਲ ਵਿੱਚ ਨਹੀਂ ਵਸਦਾ, ਤਾਂ ਇਹ ਸਭ ਚੀਜ਼ਾਂ ਕਿਸੇ ਕੰਮ-ਅਰਥ ਦੀਆਂ ਨਹੀਂ।
੩੦ ਨਾਮ, ਜੋ ਸਭ ਤਰ੍ਹਾਂ ਦਾ ਖ਼ਜ਼ਾਨਾ ਹੈ ਤਦ ਧਿਆਈਦਾ ਹੈ ਜੇ ਮੱਥੇ ਉੱਤੇ ਚੰਗਾ ਲੇਖ ਲਿਖਿਆ ਹੋਵੇ, ਭਾਵ ਵਾਹਿਗੁਰੂ ਦੀ ਆਪਣੀ ਕਿਰਪਾ ਹੋਵੇ।
੩੧ ਮਨ ਦਾ ਭਰਮ।
੩੨ ਜਾਵੇਗਾ।
੩੩ ਏਹੋ (ਸਾਧੂ ਦੀ ਸੰਗਤ ਕਰਨਾ) ਤੇਰੇ ਲਈ ਅਠਾਹਠ ਤੀਰਥਾਂ ਉੱਤੇ ਨਹਾਉਣਾ ਹੈ।
੩੪ ਤੇਰਾ ਆਤਮਾ, ਤੇਰੇ ਪ੍ਰਾਣ; ਤੇਰਾ ਮਨ, ਤੇਰਾ ਸਰੀਰ ਸਭ ਸਫ਼ਲ ਹੋ ਜਾਣਗੇ—ਇਹੋ ਸੱਚਾ ਲਾਭ ਹੈ।

* ਉਹ ਨਾ ਬੱਚਾ ਤੇ ਨਾ ਬੁੱਢਾ ਗਿਣਿਆ ਜਾਂਦਾ ਹੈ (ਅਰਥਾਤ ਉਮਰ ਵਿੱਚ ਉਹ ਘਟਦਾ-ਵਧਦਾ ਨਹੀਂ), ਉਸ ਦਾ ਦਰਬਾਰ ਨਿਸਚਲ ਹੈ, ਅਰਥਾਤ ਉਸ ਦਾ ਹੁਕਮ ਅਟੱਲ ਹੈ, ਉਸ ਦੀ ਕਚਹਿਰੀ ਵਿੱਚ ਕੋਈ ਲਿਹਾਜ ਜਾਂ ਡਰ ਨਾਲ ਫ਼ੈਸਲੇ ਨਹੀਂ ਬਦਲਦੇ।

† ਕੁਦਰਤੀ ਤੌਰ 'ਤੇ ਸਵਾਰ ਕੇ ਰੱਖਿਆ ਹੈ, ਅਰਥਾਤ ਬਣਾਵਟੀ ਤੌਰ 'ਤੇ ਗਹਿਣੇ ਗੱਟੇ ਬਾਹਰੋਂ ਪਾ ਕੇ ਸੁੰਦਰ ਨਹੀਂ ਕੀਤਾ, ਬਲਕਿ ਸੁਭਾਵਕ ਹੀ ਅੰਦਰੋਂ-ਅੰਦਰ ਹਰ ਇਕ ਅੰਗ ਸੋਹਣਾ ਬਣਦਾ ਰਹਿੰਦਾ ਹੈ।

ਵਡਾਈਆ [੧]ਦਰਗਹਿ ਪਾਵਹਿ ਥਾਉ ॥ ੩ ॥ ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥ ਨਾਨਕ [੨]ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥ ੪ ॥ ੧੫ ॥ ੮੫ ॥ ਸਿਰੀਰਾਗੁ ਮਹਲਾ ੫ ॥ ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ [੩]ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥ ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥ ੧ ॥ ਮਨ ਮੇਰੇ [੪]ਸਤਿਗੁਰ ਸੇਵਾ ਸਾਰੁ ॥ ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ[੫] ਨ ਮਨਹੁ ਵਿਸਾਰੁ ॥ ਰਹਾਉ ॥ ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ[੬] ॥ [੭]ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥ ੨ ॥ ਤੀਰਥ ਵਰਤ ਲਖ ਸੰਜਮਾ[੮] ਪਾਈਐ ਸਾਧੂ ਧੂਰਿ ॥ [੯]ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ [੧੦]ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥ ੩ ॥ ਸਚੁ ਪਾਤਿਸਾਹੀ ਅਮਰੁ[੧੧] ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ[੧੨] ਜਹਾਨੁ ॥ ਨਾਨਕ ਜਪੀਐ ਸਚੁ ਨਾਮੁ ਹਉ[੧੩] ਸਦਾ ਸਦਾ ਕੁਰਬਾਨੁ ॥ ੪ ॥ ੧੬ ॥ ੮੬ ॥ ਸਿਰੀਰਾਗੁ ਮਹਲਾ ੫ ॥ [੧੪]ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥ ੧ ॥ ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ [੧੫]ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥ ਜਿਸੁ ਕਾਰਣਿ [੧੬]ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ [*]ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥ ੨ ॥ ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ [੧੭]ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥ ੩ ॥ [੧੮]ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥ ੪ ॥ ੧੭ ॥ ੮੭ ॥ ਸਿਰੀਰਾਗੁ ਮਹਲਾ ੫ ॥ [੧੯]ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥ [੨੦]ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ [੨੧]ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥ ਕਰਿ ਕਿਰਪਾ ਪ੍ਰਭੁ ਭੇਟਿਆ[੨੨] ਮਰਣੁ ਨ ਆਵਣੁ ਜਾਉ ॥ ੧ ॥ ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ[੨੩] ॥ [੨੪]ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥ ੧ ॥ ਰਹਾਉ ॥ [੨੫]ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ ਜਿਨ ਚਾਖਿਆ ਸੇ ਤ੍ਰਿਪਤਾਸਿਆ[੨੬] ਉਹ

੧ ਰੱਬ ਦੇ ਦਰਬਾਰ ਵਿੱਚ ਤੈਨੂੰ ਥਾਂ ਮਿਲੇਗੀ।
੨ ਹੇ ਪ੍ਰਭੂ! ਸਾਰੇ ਦਿਲਾਂ ਦੇ ਮਾਲਕ, ਮੈਂ ਤੇਰੀ ਓਟ ਲਈ ਹੈ।
੩ ਸਤਿਗੁਰੂ ਦੇ ਉਪਦੇਸਣ ਨਾਲ ਸਾਰੇ ਫ਼ਸਤੇ ਦੂਰ ਹੋ ਗਏ, ਮੇਰਾ ਅੰਦਰਾ (ਭਾਵ ਦਿਲ) ਰਾਮ ਦੇ ਨਾਮ ਵਿੱਚ ਲੱਗ ਗਿਆ ਅਤੇ ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਸੁਖੀ ਹੋ ਗਿਆ ਹਾਂ।
੪ ਸਤਿਗੁਰੂ ਦੀ ਸੇਵਾ ਤੂੰ ਸੰਭਾਲ, ਪੂਰੀ ਕਰ। ਏਥੇ 'ਸਾਰੁ' ਕਿਰਿਆ ਹੈ, ਸੇਵਾ ਦਾ ਵਿਸ਼ੇਸ਼ਣ ਨਹੀਂ, ਕਿਉਂਕਿ ਇਸਤ੍ਰੀ-ਲਿੰਗ ਵਿਸ਼ੇਸ਼ਣ ਦੇ ਅੰਤ ਤੇ ਔਂਕੜ ਨਹੀਂ ਹੋ ਸਕਦਾ। 'ਪ੍ਰਭੂ ਹਮਾਰਾ ਸਾਰੇ ਸੁਆਰਥੁ' (ਭੈਰਉ ਮ: ੫)।
੫ ਅੱਖ ਦੇ ਫੋਰ ਜਿੰਨੇ ਸਮੇਂ ਲਈ।
੬ ਖਿਲਾਰੇ, ਕੋਠੇ ਮੰਡਪ ਮਾੜੀਆਂ ਅਤੇ ਹੋਰ ਰਸ ਕਸ ਦੇ ਪਸਾਰੇ।
੭ ਤਿਹਾਂ ਗੁਣਾ ਤੋਂ ਉਚੇਰੇ ਹੋ ਕੇ ਇਕਾਗਰ ਅਵਸਥਾ ਵਿੱਚ ਰੱਬ ਦੀਆਂ ਸਿਫ਼ਤਾਂ ਪ੍ਰੇਮ ਨਾਲ ਕਰਦੇ ਕਰਦੇ ਸੰਸਾਰ-ਸਾਗਰ ਤੋਂ ਪਾਰ ਹੋ ਗਏ।
੮ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਰੋਕਣ ਦੇ ਸਾਧਨ।
੯ ਕਿਸ ਕੋਲੋਂ ਲੁਕ ਕੇ ਪਾਪ ਕਮਾਉਂਦਾ ਹੈਂ, ਜਦ ਉਹ ਸਦਾ ਸਾਮ੍ਹਣੇ ਦੇਖ ਰਿਹਾ ਹੈ।
੧੦ ਸਭ ਥਾਵਾਂ ਵਿੱਚ ਅਤੇ ਉਨ੍ਹਾਂ ਦੇ ਵਿਚਕਾਰ ਜੋ ਵਿੱਥਾਂ ਹਨ, ਉਨ੍ਹਾਂ ਵਿੱਚ ਵਾਹਿਗੁਰੂ ਸਮਾ ਰਿਹਾ ਹੈ।
੧੧ ਹੁਕਮ।
੧੨ ਉਸ ਨੇ ਪੈਦਾ ਕੀਤਾ ਹੈ।
੧੩ ਮੈਂ।
੧੪ ਮਿਹਨਤ ਕਰ ਕੇ ਹਰੀ ਦੇ ਜਪਣ ਦਾ ਧਨ ਵੱਡੇ ਭਾਗਾਂ ਨਾਲ ਖੱਟੀਦਾ ਹੈ।
੧੫ ਮਨ ਭਾਉਂਦੇ ਫਲ ਤੂੰ ਖਾਹ, ਤੇਰਾ ਸਾਰਾ ਸ਼ੋਕ ਤੇ ਦੁੱਖ ਦੂਰ ਹੋ ਜਾਏਗਾ।
੧੬ ਸਰੀਰ ਲਿਆ, ਜਨਮ ਲਿਆ।
੧੭ ਜਿਸ ਨੇ ਵਾਹਿਗੁਰੂ ਦੇ ਚਰਨਾਂ ਦਾ ਧਿਆਨ ਕੀਤਾ ਹੈ, ਉਸ ਨੇ ਸਾਰੇ ਜਪ ਤਪ ਕਰ ਲਏ ਹਨ।
੧੮ ਹਰੀ ਦਾ ਅੰਮ੍ਰਿਤ ਰੂਪੀ ਨਾਮ ਹੀ ਹੀਰੇ, ਜਵਾਹਰਾਤ ਅਤੇ ਲਾਲ ਹਨ। ਹੇ ਦਾਸ ਨਾਨਕ! ਹਰੀ ਦੇ ਗੁਣ ਗਾਉਣਾ ਹੀ ਤੁਰੀਆ ਅਵਸਥਾ ਦੇ ਸੁਖ ਅਤੇ ਸਾਰੇ ਸਵਾਦਾਂ ਦੇ ਆਨੰਦ ਹਨ। 'ਸਹਜ' ਲਈ ਦੇਖੋ ਪੰਨਾ ੬੮।
੧੯ ਏਹੋ ਸ਼ਾਸਤਰ ਤੇ ਏਹੋ ਸ਼ਗਨ ਹਨ, ਜਿਸ ਦੁਆਰਾ ਹਰੀ ਨਾਮ ਜਪਿਆ ਜਾਏ, ਭਾਵ ਸ਼ਾਸਤਰ ਵਾਚਣਾ ਕਿ ਕਿਹੜਾ ਕਰਮ ਚੰਗਾ ਹੈ, ਜਾਂ ਸ਼ਗਨ ਵੇਖਣਾ ਕਿ ਕਿਹੜਾ ਸਮਾਂ ਉਸ ਕਰਮ ਲਈ ਚੰਗਾ ਹੈ, ਇਹ ਦੋਵੇਂ ਗੱਲਾਂ ਨਾਮ ਜਪਣ ਵਿੱਚ ਆ ਜਾਂਦੀਆਂ ਹਨ।
੨੦ ਗੁਰੂ ਨੇ ਧਨ ਦਿੱਤਾ, ਕੀਹ? ਹਰੀ ਦੇ ਕੋਮਲ ਚਰਨ। ਇਸ ਨਾਲ ਨਿਆਸਰੇ ਨੂੰ ਠਿਕਾਣਾ ਮਿਲ ਗਿਆ।
੨੧ ਅੱਠੇ ਪਹਿਰ ਗੁਣ ਗਾਣਾ-ਇਹ ਸੱਚੀ ਰਾਸ ਅਤੇ ਸੱਚੀ ਰਹਿਣੀ ਮਿਲੀ ਹੈ।
੨੨ ਮਿਲਿਆ।
੨੩ ਇਕ ਰਸ ਹੋ ਕੇ।
੨੪ ਹਰ-ਇਕ ਦਿਲ ਦੇ ਅੰਦਰ ਵੱਸ ਰਿਹਾ ਹੈ ਅਤੇ ਸਦਾ ਨਾਲ ਹੋ ਕੇ ਸਹਾਇਤਾ ਕਰਨ ਵਾਲਾ ਹੈ।
੨੫ ਜਦ ਮੈਂ ਗੋਬਿੰਦ ਨੂੰ ਸਿਮਰਦਾ ਹਾਂ ਤਾਂ ਉਹ ਸੁਖ ਪ੍ਰਾਪਤ ਹੁੰਦੇ ਹਨ ਕਿ ਉਨ੍ਹਾਂ ਦੀ ਹਦ ਕੀ ਗਿਣ ਸਕਦਾ ਹਾਂ! ਮਿਤਿ=ਮਿਣਤੀ, ਅੰਦਾਜ਼ਾ, ਹੱਦ।
੨੬ ਰੱਜ ਗਿਆ।

* ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ ਪ੍ਰਭੂ ਸਮਾ ਰਿਹਾ ਹੈ, ਆਪਣੀ ਮਿਹਰ ਦੀ ਨਜ਼ਰ ਨਾਲ। ਜੇ 'ਮਹੀਅਲਿ' ਦਾ ਅਰਥ ਨਿਰਾ 'ਵਿਚਕਾਰ' ਹੀ ਹੋਂਦਾ, ਜੋ ਸੰਬੰਧਕ ਹੈ, ਤਾਂ ਜਲ ਤੇ ਥਲ ਦੇ ਅੰਤ ਸਿਹਾਰੀ ਨਾ ਹੁੰਦੀ।

ਰਸੁ ਜਾਣੈ ਜਿੰਦੁ[੧] ॥ [੨]ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥
ਜਿਨਿ ਸੇਵਿਆ ਪ੍ਰਭੁ ਆਪਣਾ ਸੋਈ [੩]ਰਾਜ ਨਰਿੰਦੁ ॥ ੨ ॥ ਅਉਸਰਿ[੪] ਹਰਿ
ਜਸੁ ਗੁਣ ਰਮਣ[੫] ਜਿਤੁ ਕੋਟਿ ਮਜਨ[੬] ਇਸਨਾਨੁ ॥ ਰਸਨਾ ਉਚਰੈ
ਗੁਣਵਤੀ[੭] ਕੋਇ ਨ ਪੁਜੈ ਦਾਨੁ ॥ ਦ੍ਰਿਸਟਿ[੮] ਧਾਰਿ ਮਨਿ ਤਨਿ ਵਸੈ ਦਇਆਲ
ਪੁਰਖੁ ਮਿਹਰਵਾਨੁ ॥ ਜੀਉ ਪਿੰਡੁ[੯] ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥
੩ ॥ ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥ ਦਾਸਾ ਕੇ ਬੰਧਨ
ਕਟਿਆ ਸਾਚੈ ਸਿਰਜਣਹਾਰਿ ॥ ਭੂਲਾ [੧੦]ਮਾਰਗਿ ਪਾਇਓਨੁ ਗੁਣ ਅਵਗੁਣ
ਨ ਬੀਚਾਰਿ ॥ ਨਾਨਕ ਤਿਸੁ ਸਰਣਾਗਤੀ [੧੧]ਜਿ ਸਗਲ ਘਟਾ ਆਧਾਰੁ ॥
੪ ॥ ੧੮ ॥ ੮੮ ॥ ਸਿਰੀਰਾਗੁ ਮਹਲਾ ੫ ॥ ਰਸਨਾ ਸਚਾ ਸਿਮਰੀਐ ਮਨੁ
ਤਨੁ ਨਿਰਮਲੁ ਹੋਇ ॥ ਮਾਤ ਪਿਤਾ ਸਾਕ ਅਗਲੇ[੧੨] ਤਿਸੁ ਬਿਨੁ ਅਵਰੁ
ਨ ਕੋਇ ॥ ਮਿਹਰ ਕਰੇ ਜੇ ਆਪਣੀ ਚਸਾ[੧੩] ਨ ਵਿਸਰੈ ਸੋਇ ॥ ੧ ॥ ਮਨ
ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥ ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ
ਬਿਨਾਸੁ ॥ ੧ ॥ ਰਹਾਉ ॥ ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ
ਜਾਇ ॥ ਮੇਰੈ ਮਨਿ ਤਨਿ ਭੁਖ ਅਤਿ ਅਗਲੀ[੧੨] ਕੋਈ ਆਣਿ ਮਿਲਾਵੈ
ਮਾਇ ॥ ਚਾਰੇ ਕੁੰਡਾ ਭਾਲੀਆ ਸਹ[੧੪] ਬਿਨੁ ਅਵਰੁ ਨ ਜਾਇ[੧੫] ॥ ੨ ॥
[੧੬]ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ ਸਤਿਗੁਰੁ ਦਾਤਾ ਨਾਮ
ਕਾ ਪੂਰਾ ਜਿਸੁ ਭੰਡਾਰੁ ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥
੩ ॥ ਪਰਵਦਗਾਰੁ[੧੭] ਸਾਲਾਹੀਐ ਜਿਸ ਦੇ ਚਲਤ[੧੮] ਅਨੇਕ ॥ ਸਦਾ ਸਦਾ
ਆਰਾਧੀਐ[੧੯] ਏਹਾ ਮਤਿ ਵਿਸੇਖ[੨੦] ॥ ਮਨਿ ਤਨਿ ਮਿਠਾ ਤਿਸੁ ਲਗੈ ਜਿਸੁ
ਮਸਤਕਿ[੨੧] ਨਾਨਕ ਲੇਖ ॥ ੪ ॥ ੧੯ ॥ ੮੯ ॥ ਸਿਰੀਰਾਗੁ ਮਹਲਾ ੫ ॥
ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ[੨੨] ॥ ਤੋਸਾ[੨੩] ਬੰਧਹੁ [੨੪]ਜੀਅ ਕਾ
ਐਥੈ ਓਥੈ ਨਾਲਿ ॥ ਗੁਰ ਪੂਰੇ ਤੇ ਪਾਈਐ [੨੫]ਅਪਣੀ ਨਦਰਿ ਨਿਹਾਲਿ ॥
ਕਰਮਿ[੨੬] ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥ ੧ ॥ ਮੇਰੇ ਮਨ
ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ[੨੭]
ਸੋਇ ॥ ੧ ॥ ਰਹਾਉ ॥ [੨੮]ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ
ਜਾਇ ॥ ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ[੨੯] ॥ ਗੁਰੁ ਦਾਤਾ
ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰਮੇਸਰੁ ਪਾਰਬ੍ਰਹਮੁ[੩੦]
ਗੁਰੁ ਡੁਬਦਾ ਲਏ ਤਰਾਇ ॥ ੨ ॥ ਕਿਤੁ ਮੁਖਿ ਗੁਰੁ ਸਾਲਾਹੀਐ ਕਰਣ
ਕਾਰਣ ਸਮਰਥੁ ॥ ਸੇ ਮਥੇ ਨਿਹਚਲ[੩੧] ਰਹੇ ਜਿਨ ਗੁਰਿ ਧਾਰਿਆ ਹਥੁ ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ* ॥ ਗੁਰੁ ਪਰਮੇਸਰੁ

੧ ਅੰਤਹਕਰਣ। ਉਹ ਜਿੰਦ ਜਾਣਦੀ ਹੈ ਰਸ ਨੂੰ। 'ਉਹ' ਇਸਤਰੀ-ਲਿੰਗ ਹੋਣ ਕਰ ਕੇ ਮੁਕਤਾਂਤ ਹੈ। ਦੇਖੋ ਨੇਮ ੩ (ੳ)।
੨ ਸੰਤ-ਸੰਗਤ ਦੁਆਰਾ ਮਨ ਵਿੱਚ ਵੱਸਦਾ ਹੈ।
੩ ਰਾਜਿਆਂ ਦਾ ਰਾਜਾ [ਨਰਇੰਦ=ਨਰਾਂ ਦਾ ਇੰਦ=ਰਾਜਾ]।
੪ ਸਮੇਂ ਅੰਦਰ।
੫ ਸਿਮਰਨ। ਜਿਸ ਸਮੇਂ ਅੰਦਰ ਹਰੀ-ਜਸ ਤੇ ਹਰੀ ਗੁਣ ਯਾਦ ਕੀਤੇ ਜਾਣ ਉਹ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਤੁੱਲ ਹੈ।
੬ ਇਸ਼ਨਾਨਾਂ ਦਾ।
੭ ਗੁਣਾਂ ਵਾਲੀ। ਇਸ ਤੁੱਲ ਕੋਈ ਦਾਨ ਨਹੀਂ ਪੁੱਜਦਾ ਕਿ ਰਸਨਾ ਨਾਲ ਹਰੀ-ਜਸ ਗਾਇਆ ਜਾਵੇ।
੮ ਨਜ਼ਰ। ਕ੍ਰਿਪਾ ਦੀ ਨਜ਼ਰ ਧਾਰ ਕੇ ਉਹ ਹਰੀ ਮਨ ਤਨ ਵਿੱਚ ਵੱਸਦਾ ਹੈ।
੯ ਸਰੀਰ।
੧੦ ਰਸਤੇ ਪਾਇਆ ਉਸ ਨੇ।
੧੧ ਜੋ ਸਾਰਿਆਂ ਦਿਲਾਂ ਦਾ ਆਸਰਾ ਹੈ।
੧੨ ਬਹੁਤੇ।
੧੩ ਥੋੜ੍ਹਾ ਚਿਰ ਵੀ।
੧੪ ਪਤੀ।
੧੫ ਥਾਂ।
੧੬ ਤਿਸ ਗੁਰੂ ਅੱਗੇ।
੧੭ ਪਾਲਨ ਵਾਲਾ [ਫ਼ਾਰਸੀ, ਪਰਵਰਦਗਾਰ]।
੧੮ ਚੋਜ।
੧੯ ਸਿਮਰੀਏ।
੨੦ ਵਿਸ਼ੇਸ਼, ਚੰਗੀ।
੨੧ ਮੱਥੇ 'ਤੇ, ਭਾਗਾਂ ਵਿੱਚ।
੨੨ ਯਾਦ ਕਰੋ।
੨੩ ਸਫ਼ਰ ਵਾਸਤੇ ਖਰਚਾ।
੨੪ ਆਤਮਾ ਵਾਸਤੇ।
੨੫ ਵੇਖਦਾ ਹੈ ਜਦੋਂ ਆਪਣੀ ਮਿਹਰ ਦੀ ਨਜ਼ਰ ਨਾਲ।
੨੬ ਬਖ਼ਸ਼ਿਸ਼ ਦੁਆਰਾ।
੨੭ ਸੱਚ ਰੂਪ ਹਰੀ।
੨੮ ਸਾਰੀਆਂ ਚੰਗੀਆਂ ਚੀਜ਼ਾਂ।
੨੯ ਹੇ ਮਾਂ!
੩੦ ਪਾਰਬ੍ਰਹਮ=ਸੰਸਾਰ ਤੋਂ ਪਰੇ ਵਿਆਪਕ ਰੂਪ ਹਰੀ।
੩੧ ਅਡੋਲ।

* ਪ੍ਰਹੇਜ਼। ਜਨਮ ਮਰਨ ਰੂਪ ਬੀਮਾਰੀ ਲਈ ਨਾਮ ਹੀ ਪ੍ਰਹੇਜ਼ ਹੈ।

ਸੇਵਿਆ ਭੈ ਭੰਜਨੁ[੧] ਦੁਖ ਲਥੁ ॥ ੩ ॥ ਸਤਿਗੁਰੁ [੨]ਗਹਿਰ ਗਭੀਰੁ ਹੈ ਸੁਖ ਸਾਗਰੁ ਅਘ ਖੰਡੁ[੩] ॥ ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ[੪] ॥ ਨਾਮੁ ਨਿਧਾਨੁ[੫] ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ[੬] ॥ ੪ ॥ ੨੦ ॥ ੯੦ ॥ ਸਿਰੀਰਾਗੁ ਮਹਲਾ ੫ ॥ ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ[੭] ਕੀਏ [੮]ਬਿਖਿਆ ਰਚਿਆ ਬਾਦੁ ॥ ਜਾਂਦੇ ਬਿਲਮ[੯] ਨ ਹੋਵਈ ਵਿਣੁ ਨਾਵੈ ਬਿਸਮਾਦੁ[੧੦] ॥ ੧ ॥ ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ[੧੧] ਮਨ ਕੀ ਮਤਿ ਤਿਆਗੁ ॥ ੧ ॥ ਰਹਾਉ ॥ ਜਿਉ [੧੨]ਕੂਕਰੁ ਹਰਕਾਇਆ ਧਾਵੈ ਦਹ ਦਿਸ[੧੩] ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ[੧੪] ਸਭ ਖਾਇ ॥ ਕਾਮ ਕ੍ਰੋਧ ਮਦਿ[੧੫] ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥ ਮਾਇਆ ਜਾਲੁ ਪਸਾਰਿਆ ਭੀਤਰਿ ਚੋਗ[੧੬] ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ[੧੭] ਨ ਪਾਏ ਮਾਇ[੧੮] ॥ ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥ ੩ ॥ ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥ ਹਰਿ ਜਨ ਹਰਿ ਲਿਵ ਉਧਰੇ[੧੯] ਨਾਨਕ ਸਦ ਬਲਿਹਾਰੁ ॥ ੪ ॥ ੨੧ ॥ ੯੧ ॥ ਸਿਰੀਰਾਗੁ ਮਹਲਾ ੫ ਘਰੁ ੨ ॥ ਗੋਇਲਿ[੨੦] ਆਇਆ ਗੋਇਲੀ[੨੧] ਕਿਆ ਤਿਸੁ ਡੰਫੁ[੨੨] ਪਸਾਰੁ ॥ [੨੩]ਮੁਹਲਤਿ ਪੁੰਨੀ ਚਲਣਾ ਤੂੰ [੨੪]ਸੰਮਲੁ ਘਰ ਬਾਰੁ ॥ ੧ ॥ ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ ਕਿਆ ਥੋੜੜੀ ਬਾਤ ਗੁਮਾਨੁ ॥ ੧ ॥ ਰਹਾਉ ॥ ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ[੨੫] ॥ ੨ ॥ ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥ ਸਰਪਰ[੨੬] ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ ੩ ॥ ਲਖ ਚਉਰਾਸੀਹ ਭ੍ਰਮਤਿਆ ਦੁਲਭ[੨੭] ਜਨਮੁ ਪਾਇਓਇ ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥ ੯੨ ॥ ਸਿਰੀਰਾਗੁ ਮਹਲਾ ੫[*] ॥ ਤਿਚਰੁ ਵਸਹਿ ਸੁਹੇਲੜੀ[੨੮] ਜਿਚਰੁ ਸਾਥੀ ਨਾਲਿ ॥ ਜਾ ਸਾਥੀ[੨੯] ਉਠੀ ਚਲਿਆ ਤਾ ਧਨ[੩੦] ਖਾਕੂ ਰਾਲਿ[੩੧] ॥ ੧ ॥ ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥ ਧੰਨੁ ਸੁ ਤੇਰਾ ਥਾਨੁ ॥ ੧ ॥ ਰਹਾਉ ॥ ਜਿਚਰੁ ਵਸਿਆ ਕੰਤੁ[੩੨] ਘਰਿ [੩੩]ਜੀਉ ਜੀਉ ਸਭਿ ਕਹਾਤਿ ॥ ਜਾ ਉਠੀ [੮]ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥ ੨ ॥ ਪੇਈਅੜੈ[੩੪] ਸਹੁ ਸੇਵਿ ਤੂੰ ਸਾਹੁਰੜੈ[੩੫] ਸੁਖਿ ਵਸੁ ॥ ਗੁਰ ਮਿਲਿ ਚਜੁ[੩੬] ਅਚਾਰੁ[੩੭] ਸਿਖੁ ਤੁਧੁ ਕਦੇ ਨ ਲਗੈ ਦੁਖੁ ॥ ੩ ॥ ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥ ਨਾਨਕ

੧ ਭੈ ਨੂੰ ਤੋੜਨ ਵਾਲਾ ਹੈ।
੨ ਡੂੰਘਾ ਅਥਾਹ।
੩ ਪਾਪਾਂ ਦੇ ਖੰਡ (ਨਾਸ) ਕਰਨ ਵਾਲਾ।
੪ ਬ੍ਰਹਮ ਦਾ ਅੰਡਾ-ਸੰਸਾਰ।
੫ ਸਾਰੇ ਰਸਾਂ ਦਾ ਖ਼ਜ਼ਾਨਾ।
੬ ਭਰ, ਧਾਰਨ ਕਰ।
੭ ਸੁਹਿਰਦ, ਮਿੱਤਰ।
੮ ਜੀਵ ਨੇ ਬਿਖਿਆ (ਵਿਸ਼ੇ ਰੂਪ ਮਾਇਆ) ਦਾ ਝਗੜਾ ਖੜਾ ਕਰ ਦਿੱਤਾ ਹੈ।
੯ ਦੇਰ।
੧੦ ਅਸਚਰਜ। ਨਾਮ ਤੋਂ ਬਿਨਾਂ ਕੋਈ ਚੀਜ਼ ਨਹੀਂ ਰਹਿੰਦੀ, ਜਿਸ ਨੂੰ ਆਪਣੀ ਬਣਾਓ ਹੈਰਾਨ ਕਰ ਜਾਂਦੀ ਹੈ, ਕਿਉਂਕਿ ਲੋਪ ਹੋ ਜਾਂਦੀ ਹੈ।
੧੧ ਨਾਸ ਹੋਣਾ ਹੈ।
੧੨ ਹਲਕਾਇਆ ਕੁੱਤਾ।
੧੩ ਦਸੇ ਤਰਫ਼। ਸਭ ਪਾਸੇ ਦੌੜਦਾ ਫਿਰਦਾ ਹੈ।
੧੪ ਜੋ ਚੀਜ਼ ਖਾਣ ਦੇ ਲਾਇਕ ਨਾ ਹੋਵੇ। ਚੰਗੀ ਮੰਦੀ ਸਭ ਖਾ ਜਾਂਦਾ ਹੈ।
੧੫ ਨਸ਼ੇ ਵਿੱਚ। ਕਾਮ, ਕ੍ਰੋਧ ਦੀ ਮਸਤੀ ਵਿੱਚ ਲੱਗਾ ਹੈ।
੧੬ ਵਿਸ਼ੇ ਰੂਪ ਚੋਗ।
੧੭ ਨਿਕਲਣਾ। ਨਿਕਲ ਨਹੀਂ ਸਕਦਾ।
੧੮ ਹੇ ਮਾਂ!
੧੯ ਤਰੇ ਹਨ (ਹਰੀ ਦੇ ਪਿਆਰ ਵਿੱਚ)।
੨੦ ਉਹ ਚਰਨ ਵਾਲੀ ਥਾਂ, ਜਿੱਥੇ ਗੁੱਜਰ ਲੋਕ ਵਰਖਾ ਰੁੱਤ ਵਿੱਚ ਮਾਲ ਡੰਗਰ ਲੈ ਜਾਂਦੇ ਹਨ।
੨੧ ਗਵਾਲਾ।
੨੨ ਡਿੰਭ, ਪਖੰਡ, ਦਿਖਾਵਾ।
੨੩ ਵੇਲੇ ਦੇ ਮੁੱਕਣ ਨਾਲ।
੨੪ ਆਪਣੇ ਘਰ ਤੇ ਹੋਰ ਸਾਮੱਗਰੀ ਨੂੰ ਸੰਭਾਲ।
੨੫ ਬਗੀਚੀ।
੨੬ ਜ਼ਰੂਰ ਹੀ।
੨੭ ਅਮੋਲਕ।
੨੮ ਸੌਖੀ।
੨੯ ਜੀਵ ਰੂਪ ਸਾਥੀ।
੩੦ ਸਰੀਰ ਰੂਪ ਇਸਤਰੀ।
੩੧ ਰਲ ਗਈ (ਖ਼ਾਕ ਵਿੱਚ)।
੩੨ ਜੀਵ ਰੂਪ ਪਤੀ।
੩੩ ਆਦਰ ਦੇ ਬਚਨ।
੩੪ ਪੇਕੇ-ਇਹ ਲੋਕ ਰੂਪ।
੩੫ ਸਹੁਰੇ-ਪ੍ਰਲੋਕ ਰੂਪ।
੩੬ ਕੰਮ ਕਰਨ ਦਾ ਵੱਲ।
੩੭ ਚੰਗੀ ਰਹਿਣੀ ਬਹਿਣੀ।

* ਇਹ ਸ਼ਬਦ ਦੇਹੀ ਪ੍ਰਤੀ ਕਿਹਾ ਹੈ।

ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥ ੪ ॥ ੨੩ ॥ ੯੩ ॥ ਸਿਰੀਰਾਗੁ ਮਹਲਾ ੫ ਘਰੁ ੬ ॥ ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥ ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ[੧] ॥ ੧ ॥ ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ[੨] ਸਿਆਣਪਾ [੩]ਸਾਚਿ ਸਬਦਿ ਲਿਵ ਲਾਇ ॥ ੧ ॥ ਰਹਾਉ ॥ ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥ ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥ ੨ ॥ ਦੇਖਿ ਦਰਸਨੁ [੪]ਮਨੁ ਸਾਧਾਰੈ ਪਾਪ ਸਗਲੇ ਜਾਹਿ ॥ ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥ ੩ ॥ ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ ਸੇ ਵਡਭਾਗੀ ਨਾਨਕਾ ਜਿਨਾ ਮਨਿ [੫]ਇਹੁ ਭਾਉ ॥ ੪ ॥ ੨੪ ॥ ੯੪ ॥ ਸਿਰੀਰਾਗੁ ਮਹਲਾ ੫ ॥ ਸੰਚਿ[੬] ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥ ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥ ੧ ॥ ਜਪਿ ਮਨ ਨਾਮੁ ਏਕੁ ਅਪਾਰੁ ॥ ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥ ੧ ॥ ਰਹਾਉ ॥ ਕਾਮਿ ਕ੍ਰੋਧਿ ਅਹੰਕਾਰਿ ਮਾਤੇ [੭]ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ ੨ ॥ ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ[੮] ॥ ਆਪੁ ਛੋਡਿ ਸਭ ਹੋਇ ਰੇਣਾ[੯] ਜਿਸੁ ਦੇਇ ਪ੍ਰਭੁ ਨਿਰੰਕਾਰੁ ॥ ੩ ॥ ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥ ਕਹੁ ਨਾਨਕ ਗੁਰਿ ਭਰਮੁ ਕਾਟਿਆ [੧੦]ਸਗਲ ਬ੍ਰਹਮ ਬੀਚਾਰੁ ॥ ੪ ॥ ੨੫ ॥ ੯੫ ॥ ਸਿਰੀਰਾਗੁ ਮਹਲਾ ੫ ॥ [੧੧]ਦੁਕ੍ਰਿਤ ਸੁਕ੍ਰਿਤ ਮੰਧੇ[੧੨] ਸੰਸਾਰੁ ਸਗਲਾਣਾ ॥ [੧੩]ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥ ੧ ॥ *ਠਾਕੁਰੁ ਸਰਬੇ ਸਮਾਣਾ ॥ ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ[੧੪] ॥ ੧ ॥ ਰਹਾਉ ॥ ਮਾਨ ਅਭਿਮਾਨ[੧੫] ਮੰਧੇ ਸੋ ਸੇਵਕੁ ਨਾਹੀ ॥ [੧੬]ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥ ੨ ॥ ਕਹਨ ਕਹਾਵਨ ਇਹੁ ਕੀਰਤਿ ਕਰਲਾ[੧੭] ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥ ੩ ॥ [੧੮]ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥ ੪ ॥ ੨੬ ॥ ੯੬ ॥ ਸਿਰੀਰਾਗੁ ਮਹਲਾ ੫ ਘਰੁ ੭ ॥ [੧੯]ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ [੨੦]ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ[੨੧] ॥ ੧ ॥ ਸੁਹੇਲਾ[੨੨] ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥ ਹਉ ਮਾਣੁ ਤਾਣੁ ਕਰਉ ਤੇਰਾ ਹਉ [੨੩]ਜਾਨਉ ਆਪਾ ॥ ਸਭ ਹੀ ਮਧਿ[੨੪] ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨ ॥ ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ[੨੫] ॥

੧ ਆਸਰਾ।
੨ ਸਾਰੀਆਂ।
੩ ਸੱਚੇ ਹਰੀ ਵਿੱਚ ਸ਼ਬਦ ਦੁਆਰਾ ਪ੍ਰੀਤ ਜੋੜੇ।
੪ ਮਨ ਆਸਰੇ ਸਹਿਤ ਹੁੰਦਾ ਹੈ।
੫ ਪਿਆਰ ਹੈ ਸੰਗਤ ਦਾ।
੬ ਕੱਠਾ ਕਰ।
੭ ਸੰਸਾਰ ਚਿਮੜਿਆ ਹੋਇਆ ਹੈ, ਸੰਸਾਰਕ ਮੋਹ ਦਾ ਬੱਧਾ ਹੋਇਆ ਹੈ।
੮ ਸ੍ਰੇਸ਼ਟ, ਉੱਤਮ।
੯ ਧੂੜਿ। ਧੂੜੀ ਹੋਣਾ ਇਕ ਅਮੋਲਕ ਦਾਤ ਹੈ; ਜਿਸ ਨੂੰ ਉਹ ਦੇਂਦਾ ਹੈ, ਉਹੋ ਧੂੜੀ ਹੋ ਸਕਦਾ ਹੈ।
੧੦ ਇਹ ਵਿਚਾਰ ਗੁਰੂ ਜੀ ਨੇ ਦਿੱਤੀ ਹੈ ਕਿ ਸਾਰੇ ਥਾਂ ਬ੍ਰਹਮ ਹੀ ਹੈ।
੧੧ ਚੰਗੇ ਮੰਦੇ ਕਰਮਾਂ ਵਿੱਚ ਹੀ ਸਾਰਾ ਸੰਸਾਰ ਹੈ, ਅਰਥਾਤ ਚੰਗੇ ਮੰਦੇ ਕਰਮਾਂ ਦੀ ਵਿਚਾਰ ਨੂੰ ਹੀ ਲੋਕਾਂ ਨੇ ਧਰਮ ਕਰ ਕੇ ਮੰਨਿਆ ਹੈ।
੧੨ ਵਿੱਚ।
੧੩ ਕੋਈ ਵਿਰਲਾ ਭਗਤ ਕਰਮਾਂ ਦੀ ਉਧੇੜ-ਬੁਣ ਤੋਂ ਆਜ਼ਾਦ ਰਹਿੰਦਾ ਹੈ; ਭਾਵ ਕਰਮ ਕਰਦਾ ਹੋਇਆ ਵੀ ਨਿਰਲੇਪ ਹੈ; ਯਥਾ 'ਕਰਮ ਕਰਤ ਹੋਵੈ ਨਿਹਕਰਮ' (ਗੌ: ਮ: ੫)।
੧੪ ਸਿਆਣਾ, ਸਭ ਕੁਝ ਜਾਣਨ ਵਾਲਾ।
੧੫ ਅਪਮਾਨ। ਜੋ ਵਡਿਆਈ ਦੀ ਖ਼ਾਹਿਸ਼ ਜਾਂ ਨਿਆਦਰੀ ਦਾ ਡਰ ਰੱਖਦਾ ਹੈ, ਓਹ ਸੇਵਕ ਨਹੀਂ ਹੈ।
੧੬ ਤੱਤ-ਦਰਸੀ ਅਤੇ ਸਮ-ਦਰਸੀ। ਅਸਲੀਅਤ ਨੂੰ ਦੇਖਣ ਵਾਲਾ ਅਤੇ ਸਭ ਨੂੰ ਇਕ ਨਜ਼ਰ ਨਾਲ ਵੇਖਣ ਵਾਲਾ ਕ੍ਰੋੜਾਂ ਵਿੱਚੋਂ ਕਿਤੇ ਇਕ ਹੈ।
੧੭ ਰਸਤਾ; ਯਥਾ 'ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ' (ਮ: ੨, ਵਾਰ ਸਾਰੰਗ)। ਕਥਨ ਵਖਿਆਨ ਆਦਿ ਨੂੰ ਹੀ ਵਾਹਿਗੁਰੂ ਦੇ ਜਸ ਵਡਿਆਈ ਦਾ ਰਸਤਾ ਮੰਨ ਲਿਆ ਹੈ। ਏਹੋ ਜਹੇ ਕਥਨ ਕਹਿਣ ਤੋਂ ਮੁਕਤਾ (ਆਜ਼ਾਦ) ਕੋਈ ਵਿਰਲਾ ਹੈ।
੧੮ (ਜਸ ਦਾ ਰਸਤਾ ਨਿਰੀਆਂ ਗੱਲਾਂ ਹੀ ਨਹੀਂ ਬਲਕਿ ਇਕ ਜ਼ਿੰਦਗੀ ਹੈ ਜੋ ਨਿਰਮਾਣ ਹੋ ਕੇ ਵਾਹਿਗੁਰੂ ਦੀ ਹਜ਼ੂਰੀ ਵਿੱਚ ਕੱਟੀਦੀ ਹੈ।) ਮੁਕਤ ਜਾਂ ਬੰਧ ਕੁਝ ਦਿਸਦਾ ਨਹੀਂ; ਭਾਵ ਮੈਨੂੰ ਤਾਂ ਇਹ ਧਿਆਨ ਹੀ ਨਹੀਂ ਕਿ ਮੁਕਤੀ ਕੀ ਹੈ ਤੇ ਨਾ-ਮੁਕਤੀ ਕੀ ਹੈ? ਮੈਨੂੰ ਤਾਂ ਸਭ ਤੋਂ ਉੱਚੀ ਚੀਜ਼ ਸੰਤਾ ਦੇ ਚਰਨਾਂ ਵਿੱਚ ਨਿਰਮਾਣ ਹੋ ਕੇ ਰਹਿਣ ਦਾ ਅਵਸਰ ਮਿਲਿਆ ਹੈ।
੧੯ ਮੈਂ ਹਾਸ ਬਿਲਾਸ ਵਿੱਚ ਲੱਗਾ ਰਿਹਾ, ਕਿਉਂਕਿ ਮੈਨੂੰ ਭਰੋਸਾ ਸੀ ਕਿ ਤੂੰ ਮੇਰਾ ਪਿਆਰਾ ਪਿਤਾ ਹੈਂ, ਅੰਤ ਨੂੰ ਜ਼ਰੂਰ ਤਾਰ ਲਏਂਗਾ।
੨੦ ਭੁਲਦੇ ਹਨ ਇਹ ਬਾਲਕ ਦੀ ਨਿਆਈਂ ਜੀਵ।
੨੧ ਮਾਤਾ।
੨੨ ਸੌਖਾ। ਗੱਲਾਂ ਕਰਨੀਆਂ ਸੌਖੀਆਂ ਹਨ, ਪਰ ਤੈਨੂੰ ਚੰਗੇ ਲੱਗਣਾ ਔਖਾ ਹੈ।
੨੩ ਤੈਨੂੰ ਆਪਣਾ ਜਾਣਦਾ ਹਾਂ।
੨੪ ਵਿੱਚ।
੨੫ ਤਰੀਕਾ ਤੈਨੂੰ ਪ੍ਰਸੰਨ ਕਰਨ ਦਾ।

* ਰਹਾਉ ਵਿੱਚ ਖ਼ਿਆਲ ਇਹ ਹੈ ਕਿ ਮਾਲਕ ਸਭ ਥਾਈਂ ਹਾਜ਼ਰ ਹੈ, ਅਤੇ ਸਭ ਤੋਂ ਵੱਡਾ ਅਤੇ ਸਭ ਕੁਝ ਜਾਣਨ ਵਾਲਾ ਹੈ, ਇਸ ਲਈ ਕਹਿਣ ਸੁਣਨ ਦੀ ਲੋੜ ਨਹੀਂ ਕਿ ਓਹ ਐਸਾ ਹੈ, ਵੈਸਾ ਹੈ, ਉਹ ਸਭ ਕੁਝ ਆਪੇ ਜਾਣਦਾ ਹੈ।

[1]ਬੰਧਨ ਮੁਕਤੁ ਸੰਤਹੁ ਮੇਰੀ ਰਾਖੈ[2] ਮਮਤਾ[3] ॥ ੩ ॥ ਭਏ ਕਿਰਪਾਲ ਠਾਕੁਰ [4]ਰਹਿਓ ਆਵਣ ਜਾਣਾ ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ੪ ॥ ੨੭ ॥ ੯੭ ॥ ਸਿਰੀਰਾਗੁ ਮਹਲਾ ੫ ਘਰੁ ੧ ॥ ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ[5] ॥ ਸਚਾ ਸਾਹਿਬੁ ਮਨਿ ਵੁਠਾ[6] ਹੋਆ ਖਸਮੁ ਦਇਆਲੁ ॥ ਪੂਰਾ ਸਤਿਗੁਰੁ ਭੇਟਿਆ[7] ਬਿਨਸਿਆ ਸਭੁ ਜੰਜਾਲੁ ॥ ੧ ॥ ਮੇਰੇ ਸਤਿਗੁਰਾ ਹਉ ਤੁਧੁ ਵਿਟਹੁ[8] ਕੁਰਬਾਣੁ ॥ ਤੇਰੇ ਦਰਸਨ ਕਉ ਬਲਿਹਾਰਣੈ ਤੁਸਿ[9] ਦਿਤਾ ਅੰਮ੍ਰਿਤ ਨਾਮੁ ॥ ੧ ॥ ਰਹਾਉ ॥ ਜਿਨ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ[10] ॥ [11]ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ[12] ॥ ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ [13]ਆਤਮ ਦਾਨੁ ॥ ੨ ॥ ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ[14] ॥ ਸਚੇ ਸੇਤੀ ਰਤਿਆ ਦਰਗਹ [15]ਬੈਸਣੁ ਜਾਇ ॥ ਕਰਤੇ ਹਥਿ ਵਡਿਆਈਆ ਪੂਰਬਿ[16] ਲਿਖਿਆ ਪਾਇ ॥ ੩ ॥ ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ[17] ਸਚੋ ਬੁਧਿ ਬਿਬੇਕ[18] ॥ ਸਰਬ ਨਿਰੰਤਰਿ[19] ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥ ੪ ॥ ੨੮ ॥ ੯੮ ॥ ਸਿਰੀਰਾਗੁ ਮਹਲਾ ੫ ॥ ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ ਸਤਿਗੁਰੁ [20]ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥ ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ[21] ॥ ੧ ॥ ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ[22] ॥ ਸਾਧੂ ਸੰਗਤਿ ਮਨਿ ਵਸੈ [23]ਪੂਰਨ ਹੋਵੈ ਘਾਲ ॥ ੧ ॥ ਰਹਾਉ ॥ ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥ ਗੁਰੁ ਅਗੋਚਰੁ[24] ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਕਰਤਾ ਗੁਰੁ ਕਰਣਹਾਰੁ [25]ਗੁਰਮੁਖਿ ਸਚੀ ਸੋਇ ॥ ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥ ੨ ॥ ਗੁਰੁ ਤੀਰਥੁ ਗੁਰੁ ਪਾਰਜਾਤੁ[26] ਗੁਰੁ [27]ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥ ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ [28]ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥ ੩ ॥ ਜਿਤੜੇ ਫਲ ਮਨਿ ਬਾਛੀਅਹਿ[29] ਤਿਤੜੇ ਸਤਿਗੁਰ ਪਾਸਿ ॥ ਪੂਰਬ[16] ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥ ਸਤਿਗੁਰ ਸਰਣੀ ਆਇਆਂ ਬਾਹੁੜਿ[30] ਨਹੀ ਬਿਨਾਸੁ ॥ ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ[31] ਤੇਰਾ ਸਾਸੁ ॥ ੪ ॥ ੨੯ ॥ ੯੯ ॥ ਸਿਰੀਰਾਗੁ ਮਹਲਾ ੫ ॥ ਸੰਤ ਜਨਹੁ ਸੁਣਿ ਭਾਈਹੋ ਛੂਟਨੁ[32] ਸਾਚੈ ਨਾਇ ॥ ਗੁਰ ਕੇ ਚਰਣ ਸਰੇਵਣੇ[33] ਤੀਰਥ ਹਰਿ ਕਾ ਨਾਉ ॥

੧ ਬੰਧਨਾਂ ਤੋਂ ਆਜ਼ਾਦ ਕਰਨ ਵਾਲਾ ਵਾਹਿਗੁਰੂ।
੨ ਰੋਕ ਰੱਖਦਾ ਹੈ।
੩ ਮੇਰਾਪਣ, ਅਪਣੱਤ।
੪ ਜਨਮ ਮਰਨ ਰਹਿਓ (ਮੁੱਕ ਗਿਆ) ਹੈ।
੫ ਜਮ ਜੋ ਮੌਤ ਦਾ ਰੂਪ ਹੈ।
੬ ਵੱਸਿਆ।
੭ ਮਿਲਿਆ।
੮ ਉੱਤੋਂ।
੯ ਤੁੱਠ ਕੇ, ਕਿਰਪਾ ਦੇ ਘਰ ਵਿੱਚ ਹੋ ਕੇ।
੧੦ ਸਿਆਣੇ।
੧੧ ਉਹਨਾਂ ਦਾ ਸਦਕਾ ਛੁਟਕਾਰਾ ਮਿਲਦਾ ਹੈ।
੧੨ ਖ਼ਜ਼ਾਨਾ ਸਾਰੇ ਰਸਾਂ ਦਾ।
੧੩ ਆਤਮ ਦਾ ਦਾਨ, ਜੀਅ ਦਾਨ, ਉੱਚੀ ਸੁਰਤ ਦੀ ਜਾਗ੍ਰਤ।
੧੪ ਚੰਗੀ ਭਾਵਨਾ ਕਰ ਕੇ।
੧੫ ਬੈਠਣ ਨੂੰ ਥਾਂ (ਜਾਇ) ਮਿਲਦੀ ਹੈ।
੧੬ ਪਹਿਲੋਂ ਤੋਂ, ਰੱਬ ਦੀ ਰਜ਼ਾ ਤੋਂ।
੧੭ ਜਪੀਏ ਉਸ ਸੱਚੇ ਨੂੰ।
੧੮ ਵਿਚਾਰ ਵਾਲੀ। ਆਪਣੀ ਵਿਚਾਰ ਵਾਲੀ ਬੁੱਧੀ ਵਿੱਚ ਸੱਚੇ ਨੂੰ ਰੱਖੀਏ।
੧੯ ਚੰਗੀ ਤਰ੍ਹਾਂ ਅੰਦਰ।
੨੦ ਆਤਮਕ ਜ਼ਿੰਦਗੀ ਦੇਣ ਵਾਲਾ।
੨੧ ਸੁਆਹ।
੨੨ ਯਾਦ ਕਰ।
੨੩ ਕਮਾਈ ਸਫ਼ਲ ਹੋਵੇ।
੨੪ ਜੋ ਇੰਦ੍ਰੀਆਂ ਦਾ ਵਿਸ਼ਾ ਨਾ ਹੋਵੇ।
੨੫ ਸੱਚੀ ਸੋਭਾ ਗੁਰਾਂ ਦੁਆਰੇ ਮਿਲਦੀ ਹੈ।
੨੬ * ਕਲਪ ਬ੍ਰਿਛ।
੨੭ ਮਨ ਦੀਆਂ ਇੱਛਾਂ ਪੂਰੀਆਂ ਕਰਨ ਵਾਲਾ।
੨੮ ਪਹੁੰਚ ਤੋਂ ਰਹਿਤ, ਬਿਆਨ ਤੋਂ ਰਹਿਤ।
੨੯ ਮੰਗੀਦੇ ਹਨ।
੩੦ ਮੁੜ ਕੇ, ਫਿਰ।
੩੧ ਸਰੀਰ।
੩੨ ਛੁਟਕਾਰਾ।
੩੩ ਪੂਜਣੇ।

* ਪੁਰਾਣਿਕ ਕਥਾ ਹੈ ਕਿ ਜਦ ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਰਿੜਕਿਆ ਤਾਂ ਇਕ ਰੁੱਖ ਬਾਹਰ ਕੱਢਿਆ ਜੋ ਸਭ ਪਦਾਰਥ ਦੇਂਦਾ ਸੀ। ਇਹ ਇੰਦਰ ਨੂੰ ਮਿਲਿਆ। ਉਸ ਦੀ ਇਸਤਰੀ (ਸ਼ਚੀ) ਇਸ ਨੂੰ ਬੜਾ ਪਸੰਦ ਕਰਦੀ ਸੀ। ਕ੍ਰਿਸ਼ਨ ਜੀ ਦੀ ਰਾਣੀ ਸਤਭਾਮਾ ਨੇ ਕ੍ਰਿਸ਼ਨ ਜੀ ਨੂੰ ਲਿਆਵਣ ਲਈ ਕਿਹਾ। ਇੰਦਰ ਨਾਲ ਯੁੱਧ ਹੋਇਆ, ਉਹ ਹਾਰ ਗਿਆ ਤੇ ਇਹ ਅਮੋਲਕ ਰੁੱਖ ਸਤਭਾਮਾ ਦੇ ਵੇਹੜੇ ਲਾਇਆ ਗਿਆ।

ਆਗੈ ਦਰਗਹਿ ਮੰਨੀਅਹਿ[੧] ਮਿਲੈ ਨਿਥਾਵੇ ਥਾਉ ॥ ੧ ॥ ਭਾਈ ਰੇ ਸਾਚੀ ਸਤਿਗੁਰ ਸੇਵ ॥ ਸਤਿਗੁਰ ਤੁਠੈ[੨] ਪਾਈਐ ਪੂਰਨ ਅਲਖ[੩] ਅਭੇਵ[੪] ॥ ੧ ॥ ਰਹਾਉ ॥ ਸਤਿਗੁਰ ਵਿਟਹੁ[੫] ਵਾਰਿਆ[੬] ਜਿਨਿ ਦਿਤਾ ਸਚੁ ਨਾਉ ॥ ਅਨਦਿਨੁ[੭] ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥ ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥ ੨ ॥ [੮]ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥ ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ[੯] ॥ ੩ ॥ ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥ ਨਾਨਕ [੧੦]ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥ ੪ ॥ ੩੦ ॥ ੧੦੦ ॥

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਮਹਲਾ ੧* ਘਰੁ ੧ ਅਸਟਪਦੀਆ ॥ ਆਖਿ ਆਖਿ ਮਨੁ ਵਾਵਣਾ[੧੧] ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ[੧੨] ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ [੧੩]ਆਖਿ ਰਹੇ ਲਿਵ ਲਾਇ ॥ ੧ ॥ ਬਾਬਾ ਅਲਹੁ ਅਗਮ ਅਪਾਰੁ ॥ [੧੪]ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥ ੧ ॥ ਰਹਾਉ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ[੧੫] ਮੇਲੀਅਹਿ ਤਿਲੁ ਨ ਪੁਜਾਵਹਿ ਰੋਇ[੧੬] ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥ ੨ ॥ ਪੀਰ ਪੈਕਾਮਰ ਸਾਲਕ[੧੭] ਸਾਦਕ[੧੮] ਸੁਹਦੇ[੧੯] ਅਉਰੁ ਸਹੀਦ ॥ ਸੇਖ ਮਸਾਇਕ[੨੦] ਕਾਜੀ ਮੁਲਾ [੨੧]ਦਰਿ ਦਰਵੇਸ ਰਸੀਦ ॥ ਬਰਕਤਿ ਤਿਨ ਕਉ ਅਗਲੀ[੨੨] ਪੜਦੇ ਰਹਨਿ ਦਰੂਦ[੨੩] ॥ ੩ ॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥ ੪ ॥ [੨੪]ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ[੨੫] ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥ ੫ ॥ [੨੬]ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ[੨੭] ਨ ਢਿਲ ਕਰੇਇ ॥ ੬ ॥ ਸਭੁ ਕੋ ਆਖੈ ਬਹੁਤੁ ਬਹੁਤੁ [੨੮]ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ [੨੯]ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ

੧ ਆਦਰ ਪਾਂਦੇ ਹਨ।
੨ ਕਿਰਪਾ ਕਰਨ ਨਾਲ।
੩ ਜੋ ਸਮਝ ਵਿੱਚ ਨਾ ਆ ਸਕੇ, ਵਾਹਿਗੁਰੂ।
੪ ਜਿਸ ਦਾ ਭੇਦ ਨਾ ਪਾ ਸਕੀਏ, ਵਾਹਿਗੁਰੂ।
੫ ਉੱਤੋਂ।
੬ ਵਾਰਨੇ ਜਾਂਦਾ ਹਾਂ, ਕੁਰਬਾਨ ਹਾਂ।
੭ ਹਰ ਰੋਜ਼।
੮ ਜੀਂਵਦੇ ਅਤੇ ਪਦਾਰਥ ਭੋਗਦੇ ਹੋਏ, ਕਦੀ ਵੀ।
੯ ਗੁਣਾਂ ਦਾ ਭੰਡਾਰ, ਖ਼ਜ਼ਾਨਾ।
੧੦ ਜੋ ਗੁਰੂ ਦੀ ਸ਼ਰਨ ਵਿੱਚ ਆਇਆ ਹੈ, ਉਹ ਮਰਦਾ ਜੰਮਦਾ ਨਹੀਂ।
੧੧ ਵਜਾਉਣਾ। ਵਾਹਿਗੁਰੂ ਨੂੰ ਯਾਦ ਕਰ-ਕਰ ਕੇ ਮਨ-ਵਾਜੇ ਨੂੰ ਵਜਾਈਦਾ ਹੈ (ਭਾਵ ਹਰੀ ਦੇ ਗੁਣ ਗਾਈਦੇ ਹਨ), ਅਤੇ ਜਿਉਂ-ਜਿਉਂ ਉਸ ਦੀ ਵਡਿਆਈ ਦਾ ਪਤਾ ਲੱਗਦਾ ਹੈ, ਤਿਉਂ-ਤਿਉਂ ਮਨ ਨੂੰ ਵਜਾਈ ਜਾਈਦਾ ਹੈ।
੧੨ ਵਜਾ ਕੇ।
੧੩ ਆਖਣ ਵਾਲਿਆਂ ਨੂੰ ਆਖਰ ਉਸ ਦੇ ਪ੍ਰੇਮ ਵਿੱਚ ਲਿਵ ਲਾ ਕੇ ਚੁੱਪ ਹੋਣਾ ਪਿਆ; ਉਸ ਦਾ ਅੰਤ ਨਾ ਪਾ ਸਕੇ।
੧੪ ਉਹ ਪਾਲਣਹਾਰ ਪਵਿੱਤਰ ਨਾਮਾਂ ਵਾਲਾ ਤੇ ਪਵਿੱਤਰ ਥਾਵਾਂ ਵਾਲਾ ਹੋਣ ਕਰ ਕੇ ਸੱਚਾ ਹੈ।
੧੫ ਕਵੀ=ਸ਼ਾਇਰ, ਜੇ ਸੌ ਕਵੀ ਕੱਠੇ ਕੀਤੇ ਜਾਣ। ਤਾਂ ਉਹ ਖਪ-ਖਪ ਕੇ ਵੀ ਤਿਲ ਮਾਤਰ ਬਿਆਨ ਨਹੀਂ ਕਰ ਸਕਦੇ।
੧੬ ਰੋ ਕੇ, ਖੱਪ ਕੇ, ਕੀਰਨੇ ਪਾ ਕੇ।
੧੭ [ਅਰਬੀ] ਰਸਤਾ ਵਿਖਾਣ ਵਾਲਾ।
੧੮ ਸਿਦਕ ਵਾਲੇ।
੧੯ ਸਿੱਧੇ-ਸਾਦੇ ਅਲਬੇਲੇ ਫ਼ਕੀਰ।
੨੦ ਮਸ਼ਾਇਖ, ਸ਼ੇਖ਼ ਦਾ ਬਹੁ-ਵਚਨ।
੨੧ ਉਸ ਦੇ ਦਰ 'ਤੇ ਰਸੀਦ (ਪਹੁੰਚੇ) ਹੋਏ ਫ਼ਕੀਰ।
੨੨ ਬਹੁਤੀ।
੨੩ ਨਮਾਜ਼ ਤੋਂ ਪਿੱਛੋਂ ਜੋ ਦੁਆ ਕਰਦੇ ਹਨ।
੨੪ ਉਸ ਦੇ ਥਾਵਾਂ ਦੇ ਨਾਂ ਨਹੀਂ ਜਾਣੀਦੇ, ਅਤੇ ਨਾ ਹੀ ਇਹ ਪਤਾ ਹੈ ਕਿ ਨਾਵਾਂ ਵਿੱਚ ਉਸ ਹਰੀ ਦਾ ਨਾਮ ਕਿਤਨਾ ਵੱਡਾ ਹੈ।
੨੫ ਅੱਪੜ।
੨੬ ਵਰਨਾਂ ਨੂੰ ਵਰਨ ਨਹੀਂ ਭਾਉਂਦੇ, ਭਾਵ ਇਕ ਜ਼ਾਤ ਨੂੰ ਦੂਜੀ ਪਸੰਦ ਨਹੀਂ ਕਰਦੀ। ਜੇਕਰ ਇਕ ਜ਼ਾਤ ਨੂੰ ਵਾਹਿਗੁਰੂ ਵੱਡਾ ਕਰੇ, ਤਾਂ ਦੂਜੀ ਜ਼ਾਤ ਵਾਲਿਆਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ।
੨੭ ਥੋੜ੍ਹਾ ਸਮਾਂ।
੨੮ ਲੈਣ ਦੇ ਖਿਆਲ ਨਾਲ।
੨੯ ਦੇਂਦਾ ਹੈ, ਪਰ ਗਿਣਤੀ ਤੋਂ ਰਿਹਾ ਹੈ, ਭਾਵ ਗਿਣਤੀ ਨਹੀਂ ਹੋ ਸਕਦੀ।

* ਇਸ ਸ਼ਬਦ ਵਿੱਚ ਦੱਸਿਆ ਹੈ ਕਿ ਰੱਬ ਅਗਮ ਅਪਾਰ ਹੈ, ਉਹ ਪੂਰੀ ਤਰ੍ਹਾਂ ਬਿਆਨ ਨਹੀਂ ਹੋ ਸਕਦਾ, ਵੱਡੇ-ਵੱਡੇ ਧਾਰਮਿਕ ਆਗੂ ਵੀ ਉਸ ਦੀ ਕੁਦਰਤ ਨੂੰ ਬਿਆਨ ਨਹੀਂ ਕਰ ਸਕਦੇ, ਉਹ ਰਜ਼ਾ ਦਾ ਮਾਲਕ ਬਿਅੰਤ ਹੈ।

ਆਵਈ ਤੇਰੇ ਜੁਗਹ ਜੁਗਹ ਭੰਡਾਰ ॥ ੭ ॥ ੧ ॥ ਮਹਲਾ ੧* ॥ ਸਭੇ ਕੰਤ ਮਹੇਲੀਆ[੧] ਸਗਲੀਆ[੨] ਕਰਹਿ ਸੀਗਾਰੁ ॥ [੩]ਗਣਤ ਗਣਾਵਣਿ ਆਈਆ ਸੂਹਾ[੪] ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ[੫] ਖੁਆਰੁ ॥ ੧ ॥ ਹਰਿ ਜੀਉ ਇਉ ਪਿਰੁ ਰਾਵੈ[੬] ਨਾਰਿ ॥ ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥ ੧ ॥ ਰਹਾਉ ॥ ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ[੭] ਜੋੜਿ ਖੜੀ ਤਕੈ[੮] ਸਚੁ ਕਹੈ ਅਰਦਾਸਿ ॥ [੯]ਲਾਲਿ ਰਤੀ ਸਚ ਭੈ ਵਸੀ [੧੦]ਭਾਇ ਰਤੀ [੧੧]ਰੰਗਿ ਰਾਸਿ ॥ ੨ ॥ ਪ੍ਰਿਅ ਕੀ ਚੇਰੀ ਕਾਂਢੀਐ[੧੨] ਲਾਲੀ[੧੩] ਮਾਨੈ ਨਾਉ ॥ ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ[੧੪] ਹਉ ਸਦ ਬਲਿਹਾਰੈ ਜਾਉ ॥ ੩ ॥ ਸਾਧਨ[੧੫] ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ[੧੬] ਨਉਤਨੋ[੧੭] ਸਾਚਉ ਮਰੈ ਨ ਜਾਇ[੧੮] ॥ ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ[੧੯] ॥ ੪ ॥ ਸਾਚੁ ਧੜੀ[੨੦] ਧਨ ਮਾਡੀਐ[੨੧] ਕਾਪੜੁ ਪ੍ਰੇਮ ਸੀਗਾਰੁ ॥ [੨੨]ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ [੨੩]ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥ ੫ ॥ ਨਾਰੀ ਅੰਦਰਿ ਸੋਹਣੀ ਮਸਤਕਿ ਮਣੀ[੨੪] ਪਿਆਰੁ ॥ [੨੫]ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥ ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥ ੬ ॥ ਨਿਸਿ[੨੬] ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ[੨੬] ਵਿਹਾਇ ॥ ਅੰਕੁ[੨੭] ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥ ੭ ॥ ਸੇਜੈ ਕੰਤ ਮਹੇਲੜੀ[੧] ਸੂਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ[੨੮] ॥ ੮ ॥ ੨ ॥ ਸਿਰੀਰਾਗੁ ਮਹਲਾ ੧† ॥ ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ[੨੯] ਤੂੰ ਆਪੇ ਦੇਵਣਹਾਰੁ ॥ ੧ ॥ ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ[੩੦] ॥ ੧ ॥ ਰਹਾਉ ॥ [੩੧]ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ[੩੨] ॥ ਗੁਰ ਕੈ ਸਬਦਿ ਸਲਾਹਣਾ ਘਟਿ ਘਟਿ [੩੩]ਡੀਠੁ ਅਡੀਠੁ ॥ ੨ ॥ ਆਪੇ [੩੪]ਸਾਗਰੁ ਬੋਹਿਥਾ ਆਪੇ [੩੫]ਪਾਰੁ ਅਪਾਰੁ ॥ ਸਾਚੀ ਵਾਟ[੩੬] ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ [੩੭]ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ[੩੮] ॥ ੩ ॥ ਅਸਥਿਰੁ[੩੯] ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ [੪੦]ਬੰਧੀ ਧੰਧੈ

੧ ਇਸਤਰੀਆਂ।
੨ ਸਾਰੀਆਂ।
੩ ਜਿਹੜੀਆਂ ਆਪਣੇ ਸ਼ਿੰਗਾਰ ਦੀ ਗਿਣਤੀ ਮਿਣਤੀ ਕਰਾਣ ਆਈਆਂ ਹਨ, ਉਨ੍ਹਾਂ ਦਾ ਸੂਹਾ ਬਾਣਾ ਮਾੜਾ ਹੈ, ਅਰਥਾਤ ਜੇ ਆਪਣੇ ਕਰਮਾਂ ਦਾ ਦਿਖਾਵਾ ਕਰਨਾ ਹੈ ਤਾਂ ਉਹ ਕਰਮ ਭਾਵੇਂ ਕਿੰਨੇ ਚੰਗੇ ਹੋਣ, ਰੱਬ ਦੀ ਨਜ਼ਰ ਵਿੱਚ ਬੁਰਾਈ ਹਨ।
੪ ਲਾਲ। ਮਾਇਆ ਦੇ ਰੰਗ ਨੂੰ ਸੂਹਾ ਜਾਂ ਕਸੁੰਭੀ ਕਰ ਕੇ ਆਖਿਆ ਹੈ ਤੇ ਨਾਮ-ਰੰਗ ਨੂੰ ਮਜੀਠ।
੫ ਦਿਖਾਵਾ। ਉਨ੍ਹਾਂ ਦਾ ਖੋਟਾ ਦਿਖਾਵਾ ਖੁਆਰ ਕਰਦਾ ਹੈ।
੬ ਭੋਗਦਾ ਹੈ।
੭ ਹੱਥ।
੮ ਤੱਕਦੀ ਹੈ, ਤਾਂਘ ਨਾਲ ਦੇਖਦੀ ਹੈ।
੯ ਪਿਆਰੇ ਪਤੀ ਵਿੱਚ ਰੱਤੀ ਹੋਈ।
੧੦ ਪ੍ਰੇਮ ਵਿੱਚ ਲੱਗੀ ਹੋਈ।
੧੧ ਉਸ ਦੇ ਪ੍ਰੇਮ ਦੁਆਰਾ ਸੁਆਰੀ ਗਈ ਹੈ।
੧੨ ਗਿਣੀਦੀ ਹੈ।
੧੩ ਦਾਸੀ। ਜੋ ਸੇਵਕ ਹੋ ਕੇ ਨਾਮ ਨੂੰ ਮੰਨੇ।
੧੪ ਵਿੰਨ੍ਹਿਆ ਗਿਆ।
੧੫ ਇਸਤਰੀ।
੧੬ ਰਸ ਵਾਲਾ, ਅਨੰਦੀ, ਸੁੰਦਰ।
੧੭ ਨਵਾਂ, ਤਾਜ਼ਾ, ਸੱਜਰਾ।
੧੮ ਜੰਮਦਾ। ਨਾ ਜੰਮਦਾ ਹੈ ਨਾ ਮਰਦਾ ਹੈ।
੧੯ ਆਪਣੀ ਰਜ਼ਾ (ਮਰਜ਼ੀ ਨਾਲ)।
੨੦ ਪੱਟੀਆਂ।
੨੧ ਸਜਾਈਐ। ਇਸਤਰੀ (ਧਨ) ਸਚੁ ਰੂਪ ਪੱਟੀਆਂ ਸੰਵਾਰੇ ਅਤੇ ਪ੍ਰੇਮ ਦਾ ਕੱਪੜਾ ਸ਼ਿੰਗਾਰ ਬਣਾਵੇ।
੨੨ ਹਰੀ ਨੂੰ ਚਿੱਤ ਵਿੱਚ ਵਸਾਉਣਾ ਇਹ ਚੰਦਨ ਹੈ ਅਤੇ ਆਪਣਾ ਵਸਣ ਦਾ ਘਰ ਦਸਮ ਦੁਆਰ ਨੂੰ ਬਣਾਵੇ। ਦਸਵਾਂ ਦੁਆਰ=ਉੱਚੀ ਸੁਰਤ ਦੇ ਟਿਕਣ ਦੀ ਥਾਂ।
੨੩ ਉਸ ਮੰਦਰ ਵਿੱਚ ਸ਼ਬਦ ਦੁਆਰਾ ਦੀਵਾ ਜਗਾਇਆ ਹੈ ਤੇ ਗਲੇ ਦਾ ਹਾਰ ਰਾਮ ਨਾਮ ਬਣਾਇਆ ਹੈ।
੨੪ ਰਤਨ। ਪਿਆਰ ਇਹ ਮੱਥੇ 'ਤੇ ਮਣੀ ਹੈ।
੨੫ ਉਸ ਦੀ ਸੋਭਾ ਇਹ ਹੈ ਕਿ ਉਸ ਦੀ ਸੁੰਦਰ ਸੁਰਤੀ ਉਸ ਸੱਚੇ ਤੇ ਅਪਾਰ ਹਰੀ ਦੇ ਪ੍ਰੇਮ ਵਿੱਚ ਲੱਗੀ ਹੈ।
੨੬ ਰਾਤ।
੨੭ ਅੰਗ ਸਰੀਰ ਦੇ।
੨੮ ਸਖਾ, ਸਾਥੀ। ਪ੍ਰੇਮ ਉਸ ਦਾ ਸਾਥੀ ਹੈ।
੨੯ ਵਡਿਆਈ।
੩੦ ਰਹਿਣੀ ਬਹਿਣੀ ਦੇ ਕੰਮ (ਮੇਰੇ ਲਈ ਨਾਮ ਹੀ ਹੈ)।
੩੧ ਨਾਮ ਰੂਪ ਹੀਰਾ ਆਪ ਹੀ ਹੈ ਤੇ ਆਪ ਹੀ ਭਗਤੀ ਦਾ ਗੂੜ੍ਹਾ ਮਜੀਠੀ ਰੰਗ ਹੈ।
੩੨ ਵਿਚੋਲਾ (ਭਗਤਾਂ ਦਾ)।
੩੩ ਪ੍ਰਗਟ ਤੇ ਗੁਪਤ (ਸਭ ਥਾਈਂ ਆਪ ਹੀ ਹੋ ਰਿਹਾ ਹੈ)।
੩੪ ਸਮੁੰਦਰ ਭੀ ਆਪੇ ਹੈ ਤੇ ਜਹਾਜ਼ ਭੀ ਆਪ ਹੀ ਹੈ।
੩੫ ਪਾਰਲਾ ਤੇ ਉਰਾਰਲਾ ਕੰਢਾ।
੩੬ ਰਸਤਾ। ਤੂੰ ਸਿਆਣਾ ਆਪ ਹੀ ਸੱਚਾ ਰਸਤਾ ਹੈਂ।
੩੭ ਇਸ ਸਾਗਰ ਵਿੱਚ ਡਰ ਉਨ੍ਹਾਂ ਨੂੰ ਹੈ, ਜੋ ਹਰੀ ਦੇ ਡਰ ਤੋਂ ਰਹਿਤ ਹਨ। "ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ" (ਸੂਹੀ ਵਾ: ਮ: ੨)।
੩੮ ਹਨੇਰਾ।
੩੯ ਸਦਾ ਕਾਇਮ।
੪੦ ਧੰਧਿਆਂ ਵਿੱਚ ਬੰਨ੍ਹੀ ਪਈ ਹੈ।

* **ਸਮੁੱਚਾ ਭਾਵ** :– ਵਾਹਿਗੁਰੂ ਅਗਣਤ ਹੈ। ਗਣਤ ਗਣਾਉਣਾ ਠੀਕ ਨਹੀਂ। ਇਸ ਸ਼ਬਦ ਵਿੱਚ ਇਸਤਰੀ ਦੇ ਝੂਠੇ ਤੇ ਸੱਚੇ ਸ਼ਿੰਗਾਰ ਦਾ ਅਲੰਕਾਰ ਲੈ ਕੇ ਦਿਖਾਵੇ ਦੇ ਕਰਮਾਂ ਨੂੰ ਰੱਦਿਆ ਹੈ, ਅਤੇ ਸੱਚੇ ਕਰਮ ਦੱਸੇ ਹਨ।

† **ਸਮੁੱਚਾ ਭਾਵ** :– ਸਭ ਕੁਝ ਆਪੇ ਆਪ ਹੈ।

ਪਾਇ ॥ ਗੁਰਿ ਰਾਖੇ ਸੇ ਉਬਰੇ[੧] ਸਾਚੇ ਸਿਉ ਲਿਵ ਲਾਇ ॥ ੪ ॥ ਹਰਿ ਜੀਉ
ਸਬਦਿ ਪਛਾਣੀਐ [੨]ਸਾਚਿ ਰਤੇ ਗੁਰ ਵਾਕਿ ॥ ਤਿਤੁ ਤਨਿ ਮੈਲੁ ਨ ਲਗਈ
ਸਚ ਘਰਿ ਜਿਸੁ ਓਤਾਕੁ[੩] ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ
ਸਾਕੁ ॥ ੫ ॥ ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ
ਮਾਰਿ ਕੈ ਸਚੁ ਰਖਿਆ ਉਰ ਧਾਰਿ[੪] ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ
ਗੁਰ ਵੀਚਾਰਿ ॥ ੬ ॥ ਸਾਚਉ ਵਖਰੁ[੫] ਲਾਦੀਐ ਲਾਭੁ ਸਦਾ ਸਚੁ ਰਾਸਿ ॥
ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ
ਰਾਮ ਨਾਮੁ ਪਰਗਾਸਿ ॥ ੭ ॥ ਊਚਾ ਊਚਉ ਆਖੀਐ ਕਹਉ[੬] ਨ ਦੇਖਿਆ
ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ ਜੋਤਿ
ਨਿਰੰਤਰਿ[੭] ਜਾਣੀਐ ਨਾਨਕ ਸਹਜਿ ਸੁਭਾਇ ॥ ੮ ॥ ੩ ॥ ਸਿਰੀਰਾਗੁ ਮਹਲਾ
੧* ॥ ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ[੮] ॥ ਅਤਿ ਸਿਆਣੀ
ਸੋਹਣੀ ਕਿਉ ਕੀਤੋ ਵੇਸਾਹੁ[੯] ॥ ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ
ਸਿਰਾਹੁ[੧੦] ॥ ੧ ॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ ਤਿਉ
ਮਾਣਸਾ ਪਵੈ ਅਚਿੰਤਾ[੧੧] ਜਾਲੁ ॥ ੧ ॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ
ਬਿਨੁ ਗੁਰ ਕਾਲੁ ਅਫਾਰੁ[੧੨] ॥ ਸਚਿ ਰਤੇ ਸੇ ਉਬਰੇ[੧] ਦੁਬਿਧਾ[੧੩] ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ ੨ ॥ ਸੀਚਾਨੇ[੧੪] ਜਿਉ
ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ
ਸਾਥਿ[੧੫] ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ[੧੬] ॥ ੩ ॥ ਸਚੋ
ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ
ਧਿਆਨੁ ॥ [੧੭]ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥ ੪ ॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥ ਸਾਜਨਿ ਮਿਲਿਐ
ਸੁਖੁ ਪਾਇਆ ਜਮਦੂਤ [੧੮]ਮੁਏ ਬਿਖੁ ਖਾਇ ॥ [੧੯]ਨਾਵੈ ਅੰਦਰਿ ਹਉ ਵਸਾਂ
ਨਾਉ ਵਸੈ ਮਨਿ ਆਇ ॥ ੫ ॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ
ਨ ਪਾਇ ॥ ਗੁਰਮਤੀ ਪਰਗਾਸੁ[੨੦] ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ
ਨ ਸੰਚਰੈ[੨੧] [੨੨]ਜੋਤੀ ਜੋਤਿ ਸਮਾਇ ॥ ੬ ॥ ਤੂੰ ਹੈ ਸਾਜਨੁ ਤੂੰ ਸੁਜਾਣੁ ਤੂੰ
ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ ਤਿਥੈ
ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥ ੭ ॥ ਹੁਕਮੀ ਸਭੇ ਊਪਜਹਿ
ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥ ੮ ॥
੪ ॥ ਸਿਰੀਰਾਗੁ ਮਹਲਾ ੧† ॥ [੨੩]ਮਨਿ ਜੂਠੈ ਤਨਿ ਜੂਠਿ ਹੈ ਜਿਹਵਾ

੧ ਬਚ ਗਏ।
੨ ਗੁਰੂ ਦੇ ਵਾਕ (ਸ਼ਬਦ) ਦੁਆਰਾ ਸੱਚ ਵਿੱਚ ਲੱਗੇ ਹਨ।
੩ [ਫ਼ਾਰਸੀ ਓਤਾਕ, ਮਰਦਾਵੀਂ ਬੈਠਕ] ਬੈਠਕ, ਨਿਵਾਸ, ਟਿਕਾਣਾ।
੪ ਦਿਲ ਵਿੱਚ ਧਾਰ ਕੇ।
੫ ਸੌਦਾ।
੬ ਕਿਸੇ ਪਾਸੋਂ ਵੀ।
੭ ਚੰਗੀ ਤਰ੍ਹਾਂ ਅੰਦਰ। ਹਰੀ ਦੀ ਜੋਤ ਸਭ ਵਿੱਚ ਸੁਭਾਵਕ ਹੀ ਗਿਆਨ ਦੁਆਰਾ ਦਿਸ ਪੈਂਦੀ ਹੈ।
੮ ਡੂੰਘਾ। ਮੱਛੀ ਨੇ ਸਮੁੰਦਰ ਤੇ ਜਾਲ ਨੂੰ ਨਹੀਂ ਜਾਣਿਆ। ਉਸ ਨੂੰ ਇਹ ਸਮਝ ਨਾ ਆਈ ਕਿ ਸਮੁੰਦਰ ਮੇਰੀ ਜ਼ਿੰਦਗੀ ਹੈ ਤੇ ਜਾਲ ਤਬਾਹੀ।
੯ ਇਤਬਾਰ।
੧੦ ਸਿਰ ਤੋਂ।
੧੧ ਅਚਾਨਕ।
੧੨ ਅਮੋੜ, ਅਮਿੱਟ।
੧੩ ਦੋ ਬਿਧਾਂ ਵਿੱਚ ਹੋਣਾ, ਦ੍ਵੈਤ।
੧੪ ਬਾਜ। ਜਿਵੇਂ ਪੰਛੀ ਬਾਜ ਦੇ ਵੱਸ ਵਿੱਚ ਹਨ ਤੇ ਜਿਵੇਂ ਬਧਕ (ਸ਼ਿਕਾਰੀ) ਦੇ ਹੱਥ ਵਿੱਚ ਜਾਲ ਹੈ, ਤਿਵੇਂ ਮਨੁੱਖ ਕਾਲ ਦੇ ਵੱਸ ਹਨ।
੧੫ ਨਾਲ।
੧੬ ਸਾਥੀ।
੧੭ ਮਨ ਕਰ ਕੇ ਅਤੇ ਮੁਖ ਕਰ ਕੇ।
੧੮ ਜ਼ਹਿਰ ਖਾ ਕੇ ਮਰ ਗਏ, ਭਾਵ ਮੁੱਕ ਗਏ ਹਨ।
੧੯ ਵਾਹਿਗੁਰੂ ਵਿੱਚ।
੨੦ ਚਾਨਣਾ।
੨੧ ਪਰਵੇਸ਼ ਕਰਦਾ।
੨੨ ਵਾਹਿਗੁਰੂ ਦੀ ਜੋਤੀ ਵਿੱਚ ਉਸ ਦੀ ਜੋਤ।
੨੩ ਮਨ ਦੇ ਜੂਠੇ ਹੋਣ ਕਰ ਕੇ ਸਰੀਰ ਵਿੱਚ ਭੀ ਜੂਠ ਹੁੰਦੀ ਹੈ ਤੇ ਜੀਭ ਭੀ ਜੂਠੀ ਹੁੰਦੀ ਹੈ।

* **ਸਮੁੱਚਾ ਭਾਵ** :– ਦੇਖੋ ਅੰਤਲੀ ਤੁਕ।

† **ਸਮੁੱਚਾ ਭਾਵ** :– ਅੰਦਰ ਦੇ ਗੁਣਾਂ ਤੋਂ ਬਿਨਾਂ ਨਿਰੇ ਗਿਆਨ ਦੀ ਫੋਲਾ-ਫਾਲੀ ਤੇ ਕਥਨੀ ਬਦਨੀ ਦਾ ਕੁਝ ਅਰਥ ਨਹੀਂ।

ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ [੧]ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥ ੧ ॥ [੨]ਮੁੰਧੇ ਗੁਣਹੀਣੀ ਸੁਖੁ ਕੇਹਿ[੩] ॥ ਪਿਰੁ ਰਲੀਆ ਰਸਿ ਮਾਣਸੀ [੪]ਸਾਚਿ ਸਬਦਿ ਸੁਖੁ ਨੇਹਿ ॥ ੧ ॥ ਰਹਾਉ ॥ ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ[੫] ਝੂਰੇਇ ॥ ਜਿਉ ਜਲਿ ਥੋੜੈ ਮਛੁਲੀ [੬]ਕਰਣ ਪਲਾਵ ਕਰੇਇ ॥ ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥ ੨ ॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ [੭]ਤਨਿ ਸੋਹੈ ਮਨੁ ਮੋਹਿਆ [੮]ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥ ੩ ॥ ਕਾਮਣਿ[੯] ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ ਆਵਣੁ ਵੰਞਣੁ[੧੦] ਡਾਖੜੋ[੧੧] ਛੋਡੀ ਕੰਤਿ ਵਿਸਾਰਿ ॥ ੪ ॥ ਪਿਰ ਕੀ ਨਾਰਿ ਸੁਹਾਵਣੀ [੧੨]ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ[੧੩] ਬਾਦਿ[੧੪] ॥ ਦਰਿ ਘਰਿ ਢੋਈ ਨਾ ਲਹੈ ਛੂਟੀ[੧੫] ਦੂਜੈ ਸਾਦਿ ॥ ੫ ॥ ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ [੧੬]ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ[੧੭] ॥ ੬ ॥ ਕੇਤੇ ਪੰਡਿਤ ਜੋਤਕੀ[੧੮] ਬੇਦਾ ਕਰਹਿ ਬੀਚਾਰੁ ॥ [੧੯]ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ [੨੦]ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥ ੭ ॥ ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ [੨੧]ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥ ੮ ॥ ੫ ॥ ਸਿਰੀਰਾਗੁ ਮਹਲਾ ੧* ॥ ਜਪੁ ਤਪੁ ਸੰਜਮੁ[੨੨] ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ[੨੩] ॥ [੨੪]ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥ ੧ ॥ ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥ ੧ ॥ ਰਹਾਉ ॥ ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ[੨੫] ॥ ਵਿਣੁ ਵਖਰ[੨੬] ਦੁਖੁ ਅਗਲਾ[੨੭] ਕੂੜਿ ਮੁਠੀ ਕੂੜਿਆਰਿ ॥ ੨ ॥ ਲਾਹਾ ਅਹਿਨਿਸਿ[੨੮] ਨਉਤਨਾ[੨੯] ਪਰਖੇ ਰਤਨੁ ਵੀਚਾਰਿ ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ[੩੦] ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥ ੩ ॥ ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥ ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪ ॥ ਜਿਨੀ ਆਪੁ[੩੧] ਪਛਾਣਿਆ [੩੨]ਘਰ ਮਹਿ ਮਹਲੁ ਸੁਥਾਇ[੩੩] ॥ ਸਚੇ ਸੇਤੀ ਰਤਿਆ ਸਚੋ

੧ ਸ਼ਬਦ ਦੇ ਪਾਣੀ ਤੋਂ ਬਿਨਾਂ ਸਾਫ਼ ਨਹੀਂ ਹੋਈਦਾ। ਅਭ=ਪਾਣੀ।
੨ ਹੇ ਇਸਤਰੀ!
੩ ਕਾਹਦਾ?
੪ ਸੱਚੇ ਸ਼ਬਦ ਦੁਆਰਾ ਪਿਆਰ ਵਿੱਚ ਹੀ ਸੁਖ ਹੈ। ਨੇਹਿ=ਨੇਹੁੰ ਵਿੱਚ, ਪਿਆਰ ਵਿੱਚ।
੫ ਪਰਦੇਸਨ, ਵਿਛੜੀ ਹੋਈ।
੬ ਕਾਰੁਣਯ ਪ੍ਰਲਾਪ-ਉਹ ਪੁਕਾਰ ਜਿਸ ਨੂੰ ਸੁਣ ਕੇ ਕਰੁਣਾ (ਦਇਆ) ਪੈਦਾ ਹੋਵੇ, ਕੀਰਨੇ ਪਾਉਣੇ।
੭ ਮਨ ਮੋਹਿਆ ਗਿਆ ਹੈ ਅਤੇ ਸਰੀਰ ਅੰਦਰ ਸੋਹਣਾ ਪਿਆ ਲਗਦਾ ਹੈ।
੮ ਪਿਆਰ ਵਿੱਚ ਲੱਗੀ ਹੋਈ ਪਤੀ ਤੂੰ ਵੇਖਦੀ (ਨਿਹਾਲਿ) ਹੈਂ।
੯ ਇਸਤਰੀ।
੧੦ ਜਾਣਾ।
੧੧ ਕਠਿਨ। ਜਨਮ ਮਰਨ (ਪੇਕਾ ਸਹੁਰਾ) ਉਸ ਲਈ ਭਾਰੂ ਹੋਇਆ ਹੈ।
੧੨ ਕਿਸ ਸੁਆਦ ਦੇ ਅਧੀਨ ਹੋ ਕੇ ਮੁੱਠੀ (ਛੱਡੀ ਗਈ)?
੧੩ ਫ਼ਜ਼ੂਲ।
੧੪ ਝਗੜੇ, ਬਹਿਸਾਂ।
੧੫ ਛੁੱਟੜ ਹੋਈ ਹੈ।
੧੬ ਹੋਰਨਾਂ ਨੂੰ।
੧੭ ਸ੍ਰੇਸ਼ਟ। ਸ਼ਬਦ ਹੀ ਅਸਲ ਰਹਿਣੀ ਹੈ।
੧੮ ਜੋਤਸ਼ੀ।
੧੯ (ਪੁਰਾਣੀਆਂ ਕਿਤਾਬਾਂ ਵਿੱਚ ਲਿਖੇ ਪਾਂਡਵਾਂ ਕੈਰਵਾਂ ਆਦਿ ਦੇ) ਵਿਰੋਧ ਤੇ ਝਗੜਿਆਂ ਨੂੰ ਸਲਾਹੁੰਦੇ ਰਹਿੰਦੇ ਹਨ। (ਕਈਆਂ ਬੀੜਾਂ ਵਿੱਚ ਪਾਠ 'ਵਾਦ ਵਿਰੋਧ' ਹੈ।) ਇਹਨਾਂ ਝਗੜਿਆਂ ਦੇ ਸੁਣਾਉਣ ਵਿੱਚ ਹੀ ਜ਼ਿੰਦਗੀ ਬਤੀਤ ਕਰਦੇ ਤੇ ਇਸ ਤਰ੍ਹਾਂ ਓਹ ਮੁੜ-ਮੁੜ (ਜਨਮ ਮਰਨ ਵਿੱਚ) ਆਉਂਦੇ ਜਾਂਦੇ ਹਨ। "ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ" (ਵਾਰ ਆਸਾ)।
੨੦ ਗੁਰੂ ਦੀ ਬਖ਼ਸ਼ਿਸ਼। ਵਖਿਆਨਾਂ ਨੂੰ ਕਹਿ ਸੁਣ ਕੇ ਵੀ ਖਲਾਸੀ ਨਹੀਂ ਹੁੰਦੀ ਬਿਨਾਂ ਗੁਰੂ ਦੀ ਬਖ਼ਸ਼ਿਸ਼ ਦੇ।
੨੧ ਜਿਸ ਦਾ ਪਤੀ ਹਰੀ ਹੈ, ਉਹ ਨਾਰ ਸੋਹਣੀ ਹੈ।
੨੨ ਇੰਦ੍ਰਿਆਂ ਨੂੰ ਰੋਕ ਕੇ ਰੱਖਣ ਦੀ ਕਿਰਿਆ।
੨੩ ਉਸ ਦਾ (ਕੀ ਫ਼ਾਈਦਾ ਹੈ)?
੨੪ ਜੇਹਾ ਬੀਜੇ ਉਹੋ ਜੇਹਾ ਵਢੇਗਾ।
੨੫ ਘਰ ਦੇ ਦਰਵਾਜ਼ੇ ਵਿੱਚ ਹੀ। ਭਾਵ ਵਿਕੀ ਹੀ ਨਾ। ਲਾਹਾ ਕੀ ਹੋਣਾ ਸੀ?
੨੬ ਸੌਦਾ।
੨੭ ਬਹੁਤਾ।
੨੮ ਦਿਨ ਰਾਤ, ਹਰ ਰੋਜ਼।
੨੯ ਨਵਾਂ, ਸਦਾ ਤਾਜ਼ਾ। ਲਾਭ ਉਸ ਨੂੰ ਨਿੱਤ ਨਵੇਂ ਤੋਂ ਨਵਾਂ ਹੁੰਦਾ ਹੈ, ਜੋ ਨਾਮ-ਰਤਨ ਨੂੰ ਵਿਚਾਰ ਕੇ ਪਰਖਦੀ ਹੈ।
੩੦ ਸਵਾਰ ਕੇ, ਪੂਰਾ ਕਰ ਕੇ।
੩੧ ਆਪਣਾ ਆਪ, ਆਪਣਾ ਅਸਲਾ।
੩੨ ਇਸੇ ਸ਼ਰੀਰ ਵਿੱਚ ਵਾਹਿਗੁਰੂ ਦਾ ਟਿਕਾਣਾ।
੩੩ ਹਿਰਦੇ ਰੂਪ ਉੱਤਮ ਥਾਂ 'ਤੇ।

* **ਸਮੁੱਚਾ ਭਾਵ :-** ਗਿਣਤੀ ਦੇ ਮੁਕਰੱਰ ਕਰਮਾਂ ਨਾਲ ਕੁਝ ਨਹੀਂ ਬਣਦਾ, ਅੰਦਰ ਦੇ ਗੁਣ ਤੇ ਪਰੇਮ ਜ਼ਰੂਰੀ ਹੈ।

ਪਲੈ ਪਾਇ॥ ਤ੍ਰਿਭਵਣਿ[੧] ਸੋ ਪ੍ਰਭੁ ਜਾਣੀਐ [੨]ਸਾਚੋ ਸਾਚੈ ਨਾਇ॥ ੫॥ ਸਾਧਨ[੩] ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ॥ ਮਹਲੀ[੪] ਮਹਲਿ ਬੁਲਾਈਐ ਸੋ ਪਿਰੁ [੫]ਰਾਵੇ ਰੰਗਿ॥ ਸਚਿ ਸੁਹਾਗਣਿ ਸਾ ਭਲੀ [੬]ਪਿਰਿ ਮੋਹੀ ਗੁਣ ਸੰਗਿ॥ ੬॥ ਭੂਲੀ ਭੂਲੀ ਥਲਿ[੭] ਚੜਾ ਥਲਿ ਚੜਿ ਡੂਗਰਿ[੮] ਜਾਉ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ॥ ੭॥ ਪੁਛਹੁ ਜਾਇ ਪਧਾਊਆ[੯] ਚਲੇ ਚਾਕਰ ਹੋਇ॥ [੧੦]ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥ ਨਾਨਕ ਏਕੋ [੧੧]ਰਵਿ ਰਹਿਆ ਦੂਜਾ ਅਵਰੁ ਨ ਕੋਇ॥ ੮॥ ੬॥ ਸਿਰੀਰਾਗੁ ਮਹਲਾ ੧*॥ ਗੁਰ ਤੇ ਨਿਰਮਲੁ[੧੨] ਜਾਣੀਐ ਨਿਰਮਲ ਦੇਹ ਸਰੀਰੁ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ [੧੩]ਅਭ ਪੀਰ॥ [੧੪]ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ॥ ੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ[੧੫]॥ ਨਿਰਮਲੁ ਸਾਚਾ ਏਕੁ ਤੂੰ ਹੋਰੁ ਮੈਲੁ ਭਰੀ ਸਭ ਜਾਇ[੧੬]॥ ੧॥ ਰਹਾਉ॥ ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥ ਰਵਿ[੧੭] ਸਸਿ[੧੮] ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥ ਹਾਟ ਪਟਣ[੧੯] ਗੜ[੨੦] ਕੋਠੜੀ ਸਚੁ ਸਉਦਾ ਵਾਪਾਰ॥ ੨॥ ਗਿਆਨ ਅੰਜਨੁ[੨੧] ਭੈ ਭੰਜਨਾ ਦੇਖੁ ਨਿਰੰਜਨ[੨੨] ਭਾਇ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ[੨੩]॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥ ੩॥ ਕਸਿ[੨੪] ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥ ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ[੨੫]॥ ੪॥ ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ [੨੬]ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥ ਸੁਖ ਦੁਖ ਸਮ[੨੭] ਕਰਿ ਜਾਣੀਅਹਿ [੨੮]ਸਬਦਿ ਭੇਦਿ ਸੁਖੁ ਹੋਇ॥ ੫॥ ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ†॥ ਮੁਨਿ ਜਨ ਸੇਵਕ ਸਾਧਿਕਾ[੨੯] ਨਾਮਿ ਰਤੇ ਗੁਣਤਾਸੁ॥ ਸਚਿ ਰਤੇ ਸੇ ਜਿਣਿ[੩੦] ਗਏ ਹਉ ਸਦ ਬਲਿਹਾਰੈ ਜਾਸੁ॥ ੬॥ ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥ ੭॥ ਖੋਜਤ ਖੋਜਤ ਪਾਇਆ [੩੧]ਡਰੁ ਕਰਿ ਮਿਲੈ ਮਿਲਾਇ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ[੩੨]॥ ੮॥ ੭॥ ਸਿਰੀਰਾਗੁ ਮਹਲਾ ੧‡॥ ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ॥ ਹਰਿ ਜਪਿ ਨਾਮੁ ਧਿਆਇ ਤੂ [੩੩]ਜਮੁ ਡਰਪੈ ਦੁਖ ਭਾਗੁ॥ ਦੂਖੁ ਘਣੋ[੩੪] ਦੋਹਾਗਣੀ[੩੫] ਕਿਉ ਥਿਰੁ ਰਹੈ ਸੁਹਾਗੁ॥ ੧॥

੧ ਤਿੰਨਾਂ ਲੋਕਾਂ ਵਿੱਚ।
੨ ਜੋ ਸੱਚਾ ਹੈ ਸੱਚੇ ਨਾਮ ਕਰ ਕੇ। ਦੇਖੋ ਸਫ਼ਾ ੯, ਨੋਟ ੧੩।
੩ ਇਸਤਰੀ।
੪ ਇਸਤਰੀ।
੫ ਪਿਆਰ ਨਾਲ ਭੋਗਦਾ ਹੈ।
੬ ਪਤੀ ਨੇ ਗੁਣਾਂ ਨਾਲ ਮੋਹੀ ਹੈ।
੭ ਖ਼ੁਸ਼ਕ ਧਰਤੀ ਵਿੱਚ।
੮ ਪਰਬਤ 'ਤੇ।
੯ ਰਾਹੀਆਂ ਕੋਲੋਂ-ਗੁਰੂ ਦੇ ਰਾਹ 'ਤੇ ਚੱਲਣ ਵਾਲੇ ਜੋ ਸੇਵਕ ਹੋ ਕੇ ਚਲੇ ਹਨ।
੧੦ ਉਸ ਨੂੰ ਆਪਣਾ ਪਾਤਸ਼ਾਹ ਕਰ ਕੇ ਸਮਝਦੇ ਹਨ, (ਇਸ ਲਈ ਵਫ਼ਾਦਾਰ ਪਰਜਾ ਹੋਣ ਕਰ ਕੇ) ਉਸ ਦੇ ਮਹਲ ਦੇ ਦਰਵਾਜ਼ੇ ਉੱਤੇ ਉਨ੍ਹਾਂ ਨੂੰ ਕੋਈ ਨਹੀਂ ਅਟਕਾਉਂਦਾ। 'ਮਹਰਮ ਮਹਲ ਨ ਕੋ ਅਟਕਾਵੈ' (ਗੌ: ਰਵਿਦਾਸ)।
੧੧ ਹਰ ਥਾਂ ਸਮਾ ਰਿਹਾ ਹੈ।
੧੨ ਪਵਿੱਤਰ ਹਰੀ ਨੂੰ।
੧੩ ਦਿਲ ਦੀ ਪੀੜ।
੧੪ ਗਿਆਨ ਦੁਆਰਾ ਸੁਖ ਬਹੁਤ ਮਿਲਦਾ ਹੈ।
੧੫ ਨ੍ਹਾਵਣ ਨਾਲ। ਨਾਮ ਰੂਪ ਪਵਿੱਤਰ ਜਲ ਨਾਲ ਨ੍ਹਾਤਿਆਂ ਮੈਲ ਨਹੀਂ ਰਹਿੰਦੀ।
੧੬ ਥਾਵਾਂ।
੧੭ ਸੂਰਜ।
੧੮ ਚੰਦਰਮਾ। ਸੂਰਜ ਚੰਦ ਅਨੂਪ ਜੋਤ ਵਾਲੇ ਦੀਵੇ ਹਨ, ਜਿਨ੍ਹਾਂ ਦੀ ਬੇਅੰਤ ਜੋਤ ਤਿੰਨਾਂ ਲੋਕਾਂ ਵਿੱਚ ਹੈ।
੧੯ ਸ਼ਹਿਰ।
੨੦ ਕਿਲ੍ਹੇ। ਸਰੀਰ-ਮੰਦਰ ਵਿੱਚ ਦਿਲ-ਦਿਮਾਗ ਆਦਿ ਹੱਟੀਆਂ, ਸ਼ਹਿਰ, ਕਿਲ੍ਹੇ ਅਤੇ ਕੋਠੀਆਂ ਹਨ, ਜਿਨ੍ਹਾਂ ਵਿੱਚ ਸੌਦਾ ਵਪਾਰ ਸੱਚ ਰੂਪ ਹੈ।
੨੧ ਸੁਰਮਾ। ਗਿਆਨ ਰੂਪ ਸੁਰਮਾ ਸਭ ਭੈ ਤੋੜ ਦਿੰਦਾ ਹੈ।
੨੨ ਪਵਿੱਤਰ ਵਾਹਿਗੁਰੂ ਦਾ। ਹਰੀ ਦੇ ਪ੍ਰੇਮ ਵਿੱਚ ਲੱਗ ਕੇ ਵੇਖ ਲੈ।
੨੩ ਥਾਂ 'ਤੇ, ਟਿਕਾ ਕੇ। ਗੁਪਤ ਪਰਗਟ ਹਰੀ ਨੂੰ ਜਾਣੀਦਾ ਹੈ ਜੇ ਮਨ ਟਿਕ ਜਾਵੇ।
੨੪ ਘਸਾ ਕੇ। ਹਰੀ ਦੀ ਕਸਵੱਟੀ ਤੇ ਪਰਖ ਹੁੰਦੀ ਹੈ, ਉਹ ਚੰਗੀ ਤਰ੍ਹਾਂ ਹਿੱਤ (ਪਿਆਰ) ਤੇ ਧਿਆਨ ਲਾ ਕੇ ਪਰਖਦਾ ਹੈ।
੨੫ ਮੁੱਕ ਜਾਂਦੀ ਹੈ।
੨੬ ਸੁਖਾਂ ਦੀ ਆਸ ਰੱਖਣ ਨਾਲ ਸਗੋਂ ਵਧੇਰੇ ਦੁੱਖ ਹੁੰਦਾ ਹੈ।
੨੭ ਇਕੋ ਜੇਹਾ।
੨੮ ਸ਼ਬਦ ਵਿੱਚ ਵਿੰਨ੍ਹਿਆ ਜਾ ਕੇ।
੨੯ ਸਾਧਨਾ ਸਾਧਨ ਵਾਲੇ।
੩੦ ਜਿੱਤ।
੩੧ ਹਰੀ ਦੇ ਡਰ ਕਰ ਕੇ।
੩੨ ਹਰੀ-ਨਾਮ ਵਿੱਚ।
੩੩ ਮੌਤ ਡਰੇਗੀ ਅਤੇ ਦੁੱਖ ਨੱਸ ਜਾਵੇਗਾ।
੩੪ ਬਹੁਤ।
੩੫ ਛੁੱਟੜਾਂ ਨੂੰ।

* ਸਮੁੱਚਾ ਭਾਵ :- ਵਾਹਿਗੁਰੂ ਪਵਿੱਤਰ ਹੋਣ ਕਰ ਕੇ ਸਾਨੂੰ ਆਪਣੇ ਅੰਦਰ ਦੇ ਖੋਟ ਕੱਢਣੇ ਪੈਣਗੇ। ਇਹ ਕੰਮ ਗੁਰੂ ਦੇ ਦੱਸੇ ਨਾਮ ਦੁਆਰਾ ਹੀ ਹੋ ਸਕਦਾ ਹੈ। ਵੇਖੋ ਅੰਤਲੀ ਤੁਕ।

† ਇਕ ਰਿਖੀ ਜੋ ਬਹੁਤ ਭਾਰਾ ਕਵੀ ਹੋਇਆ ਹੈ, ਇਸ ਨੇ ਵੇਦਾਂਤ ਸੂਤਰ ਰਚ ਕੇ ਛੇਵਾਂ ਦਰਸ਼ਨ ਕਾਇਮ ਕੀਤਾ ਸੀ। ਸ਼ਬਦ ਵਿਆਸ ਦਾ ਅਰਥ ਹੈ-ਫੈਲਾਉ ਜਾਂ ਵਿਸਥਾਰ। ਵੇਦਾਂ ਦੀ ਵੰਡ ਅਤੇ ਪੁਰਾਣ ਕਥਾ ਦਾ ਵਿਸਥਾਰ ਕਰਨ ਕਰ ਕੇ ਇਸ ਦਾ ਨਾਉਂ 'ਵਿਆਸ' ਹੈ। ਏਥੇ 'ਬਿਆਸੁ' ਸ਼ਬਦ ਬਿਆਸ ਦੀ ਰਚੀ ਸਿਮ੍ਰਿਤਿ ਤੇ ਪੁਰਾਣਾਂ ਲਈ ਆਇਆ ਹੈ। ਯਥਾ-ਬਿਆਸ ਮਹਿ ਲੇਖੀਐ'। ਤੁਕ ਦਾ ਅਰਥ ਇਸ ਪ੍ਰਕਾਰ ਹੋਵੇਗਾ:- ਬ੍ਰਹਮਾ ਦੀ ਬਾਣੀ ਜੋ ਬਿਆਸ ਹੈ, ਉਸ ਨੂੰ ਪੜ੍ਹੀਏ ਤਾਂ ਵੇਦ ਪੁਕਾਰ ਕਰ ਕੇ ਕਹਿੰਦਾ ਹੈ ਕਿ ਮੁਨੀ ਜਨ, ਸੇਵਕ ਅਤੇ ਸਾਧਨਾ ਕਰਨ ਵਾਲੇ ਨਾਮ ਵਿੱਚ ਲੱਗੇ ਹੋਏ ਹਨ, ਕਿਉਂਕਿ ਉਹ ਗੁਣਾਂ ਦਾ ਖ਼ਜ਼ਾਨਾ ਹੈ

‡ ਸਮੁੱਚਾ ਭਾਵ :- ਕਹੇ ਸੁਣੇ ਕੁਝ ਨਹੀਂ ਹੁੰਦਾ, ਅਸਲ ਗੱਲ ਨਾਮ ਦਾ ਪਿਆਰ ਹੈ, ਜੋ ਗੁਰੂ ਦੇ ਸ਼ਬਦ ਤੋਂ ਮਿਲਦਾ ਹੈ।

ਭਾਈ ਰੇ ਅਵਰੁ ਨਾਹੀ ਮੈ ਥਾਉ ॥ ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥ ੧ ॥ ਰਹਾਉ ॥ [੧]ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥ ਮੈ ਅੰਧੁਲੇ ਨਾਮੁ ਨ ਵੀਸਰੈ [੨]ਟੇਕ ਟਿਕੀ ਘਰਿ ਜਾਉ ॥ ੨ ॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ[੩] ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ[੪] ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥ ੩ ॥ ਬਿਨੁ ਨਾਵੈ ਦੁਖੁ ਦੇਹੁਰੀ[੫] ਜਿਉ ਕਲਰ ਕੀ ਭੀਤਿ[੬] ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ[੭] ਘਰੁ ਪਾਈਐ [੮]ਨਿਰਬਾਣੀ ਪਦੁ ਨੀਤਿ ॥ ੪ ॥ ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ[੯] ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ ਸਹਜੇ[੧੦] ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ[੧੧] ॥ ੫ ॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ[੧੨] ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ[੧੩] ॥ ੬ ॥ ਸਬਦਿ ਮਰੈ ਸੋ [੧੪]ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ ੭ ॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ [੧੫]ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ [੧੬]ਹਉਮੈ ਕਰੈ ਨ ਕੋਇ ॥ ੮ ॥ ੮ ॥ ਸਿਰੀਰਾਗੁ ਮਹਲਾ ੧* ॥ ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ[੧੭] ਖੁਆਰੁ ॥ ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥ ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ[੧੮] ॥ ੧ ॥ ਮਨ ਰੇ ਰਾਮ ਜਪਹੁ ਸੁਖੁ ਹੋਇ ॥ ਬਿਨੁ ਗੁਰ ਪ੍ਰੇਮੁ[੧੯] ਨ ਪਾਈਐ ਸਬਦਿ ਮਿਲੈ ਰੰਗੁ[੨੦] ਹੋਇ ॥ ੧ ॥ ਰਹਾਉ ॥ ਗੁਰ ਸੇਵਾ ਸੁਖੁ ਪਾਈਐ [੨੧]ਹਰਿ ਵਰੁ ਸਹਜਿ ਸੀਗਾਰੁ ॥ ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ ॥ ਗੁਰਮੁਖਿ[੨੨] ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ[੨੩] ॥ ੨ ॥ ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ ॥ ਮਨੁ ਤਨੁ ਸਾਚਿ ਵਿਗਸਿਆ[੨੪] ਕੀਮਤਿ ਕਹਣੁ ਨ ਜਾਇ ॥ ਹਰਿ ਵਰੁ ਘਰਿ ਸੋਹਾਗਣੀ [੨੫]ਨਿਰਮਲ ਸਾਚੈ ਨਾਇ ॥ ੩ ॥ ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ[੨੬] ਨਾਰਿ ॥ [੨੭]ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥ ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥ ੪ ॥ ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥ ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ

੧ ਗੁਰੂ ਦੀ ਮਤਿ ਦੁਆਰਾ ਇੱਜ਼ਤ ਬਣਦੀ ਹੈ। ਉਸ ਗੁਰੂ ਨੂੰ ਸ਼ਾਬਾਸ਼ ਹੈ! ਉਸ ਗੁਰੂ ਦੇ ਨਾਲ ਮੈਂ ਮਿਲਾਂ।
੨ ਉਸ ਦੇ ਆਸਰੇ ਨਾਲ ਟਿਕੀ ਹਾਂ।
੩ ਥਾਂ।
੪ ਮਨੋਰਥ ਸਿੱਧੀ। ਜੇ ਨਾਮ ਨਾ ਮਿਲਿਆ ਤਾਂ ਜ਼ਿੰਦਗੀ ਦਾ ਕੀ ਮਨੋਰਥ ਹੋਇਆ?
੫ ਦੇਹ।
੬ ਕੰਧ।
੭ ਰੰਗੇ ਜਾਣ ਨਾਲ।
੮ ਤੁਰੀਆ ਪਦ, ਮੋਖ ਪਦ। (ਨੀਤਿ) ਸਦਾ ਲਈ ਮੋਖ ਪਦ ਪ੍ਰਾਪਤ ਕਰਦੇ ਹਨ।
੯ ਸਲਾਹੁਣ ਯੋਗ ਵਾਹਿਗੁਰੂ।
੧੦ ਸਹਜ ਅਵਸਥਾ ਵਿੱਚ ਹੋ ਕੇ ਤਿੰਨਾਂ ਗੁਣਾਂ ਤੋਂ ਉਤਾਹਾਂ ਚੜ੍ਹ ਕੇ ਚੌਥੇ ਪਦ ਵਿੱਚ ਹੋ ਕੇ।
੧੧ ਮਿਲਾਂ। ਸੱਚੇ ਨੂੰ ਸੱਚ ਦੁਆਰਾ ਮਿਲਾਂ।
੧੨ ਦਿਲ ਵਿੱਚ ਧਾਰ ਕੇ।
੧੩ ਆਸਰਾ।
੧੪ ਹੰਕਾਰ ਭਾਵ ਤੋਂ ਸਦਾ ਲਈ ਮਰ ਚੁੱਕਾ ਹੈ।
੧੫ ਆਪਣੇ ਆਪ (ਅਸਲੇ) ਨੂੰ ਨਹੀਂ ਪਛਾਣੀਦਾ।
੧੬ ਹੰਕਾਰ ਨਹੀਂ ਕਰਦਾ। (ਕਈਆਂ ਬੀੜਾਂ ਵਿੱਚ ਪਾਠ 'ਕਹੈ' ਹੈ।)
੧੭ ਫ਼ਜ਼ੂਲ।
੧੮ ਪਤੀ।
੧੯ ਪ੍ਰੀਤਮ, ਪਤੀ।
੨੦ ਖੁਸ਼ੀ, ਅਨੰਦ, ਮੌਜ।
੨੧ ਸਹਿਜ (ਉੱਚੀ ਸ਼ਾਂਤੀ ਵਾਲੀ ਸੁਰਤ) ਦੁਆਰਾ ਸ਼ਿੰਗਾਰ ਕਰੀਏ ਤਾਂ ਹਰੀ-ਵਰ ਮਿਲਦਾ ਹੈ।
੨੨ ਗੁਰੂ ਦੀ ਰਾਹੀਂ।
੨੩ ਚੱਜ ਦੀ ਰਹਿਣੀ। ਗੁਰੂ ਨੇ ਹਰੀ ਨਾਲ ਮੇਲੀ ਹੈ, ਤਾਂ ਜਾ ਕੇ ਗੁਣਾਂ ਵਾਲਾ ਆਚਾਰ, ਭਾਵ ਸੁਚੱਜ ਪ੍ਰਾਪਤ ਹੋਇਆ ਹੈ। ਇਥੇ 'ਗੁਣ' ਬਹੁ-ਵਚਨ ਹੈ ਅਤੇ 'ਚਾਰੁ' ਇਕ ਵਚਨ ਹੈ। ਯਥਾ- 'ਨਾਮ ਬਿਨਾ ਕੈਸੇ ਗੁਨ ਚਾਰੁ' (ਬਸੰਤੁ ਮ: ੧)
੨੪ ਖਿੜਿਆ ਹੈ।
੨੫ ਸੱਚੇ ਨਾਮ ਕਰ ਕੇ ਨਿਰਮਲ ਹੈ।
੨੬ ਭੋਗਦਾ ਹੈ। ਜੇ ਮਨ ਵਿੱਚ ਮਨ ਮਰ ਜਾਵੇ, ਭਾਵ ਮਨ ਆਪਣੇ ਅਸਲੇ ਦੀ ਪਛਾਣ ਕਰ ਕੇ ਆਪਾ ਭਾਵ ਮੁਕਾ ਦੇਵੇ ਤਾਂ ਪਤੀ ਭੋਗਦਾ ਹੈ।
੨੭ ਜਿਵੇਂ ਮੋਤੀ ਧਾਗੇ ਵਿੱਚ ਪਰੁੱਚ ਕੇ ਇਕ ਹਾਰ ਬਣਦਾ ਹੈ, ਤਿਵੇਂ ਪਤੀ ਤੇ ਇਸਤਰੀ ਅਭੇਦ ਹੋ ਕੇ ਇਕ ਹੋਏ ਹਨ।

* **ਸਮੁੱਚਾ ਭਾਵ :-** ਕਹਿਣੀ ਕਥਨੀ ਨਾਲ, ਜਾਂ ਬਾਹਰਲੀ ਸੁੱਚਮ ਨਾਲ ਪ੍ਰਭੂ ਨਹੀਂ ਮਿਲਦਾ, ਉਹ ਅੰਦਰਲੀ ਸਫ਼ਾਈ ਤੇ ਸ਼ਬਦ ਦੇ ਪਿਆਰ ਨਾਲ ਮਿਲਦਾ ਹੈ।

ਸੰਤਾਇ[1] ॥ ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥ ੫ ॥ ਵਾਪਾਰੀ ਵਣਜਾਰਿਆ ਆਏ ਵਜਹੁ[2] ਲਿਖਾਇ ॥ ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ[3] ॥ ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ [4]ਤਿਲੁ ਨ ਤਮਾਇ ॥ ੬ ॥ ਗੁਰਮੁਖਿ ਤੋਲਿ ਤੁੋਲਾਇਸੀ[5] ਸਚੁ ਤਰਾਜੀ[6] ਤੋਲੁ ॥ ਆਸਾ ਮਨਸਾ ਮੋਹਣੀ[7] ਗੁਰਿ ਠਾਕੀ ਸਚੁ ਬੋਲੁ ॥ ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥ ੭ ॥ ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥ ਕਾਇਆ ਸੋਚ[8] ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥ ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥ ੮ ॥ ੯ ॥ ਸਿਰੀਰਾਗੁ ਮਹਲਾ ੧* ॥ ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ [9]ਸਰਬ ਪਿਆਰੁ ॥ ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥ ੧ ॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ ਪੂਛਹੁ ਬ੍ਰਹਮੇ ਨਾਰਦੈ[10] ਬੇਦ ਬਿਆਸੈ[11] ਕੋਇ ॥ ੧ ॥ ਰਹਾਉ ॥ [12]ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ[13] ॥ [14]ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ [15]ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥ ੨ ॥ ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ [16]ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥ ਸੁਖਦਾਤਾ ਦੁਖ ਮੇਟਣੋ ਸਤਿਗੁਰੁ [17]ਅਸੁਰ ਸੰਘਾਰੁ ॥ ੩ ॥ ਭਵਜਲੁ ਬਿਖਮੁ[18] ਡਰਾਵਣੋ ਨਾ ਕੰਧੀ[19] ਨਾ ਪਾਰੁ ॥ ਨਾ ਬੇੜੀ ਨਾ ਤੁਲਹੜਾ[20] ਨਾ ਤਿਸੁ ਵੰਝੁ[21] ਮਲਾਰੁ[22] ॥ ਸਤਿਗੁਰੁ [23]ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥ ੪ ॥ ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ[24] ਨਾਮੁ ਨ ਜਪੈ ਰਸਾਇ[25] ॥ ਘਟੁ[26] ਬਿਨਸੈ ਦੁਖੁ ਅਗਲੋ[27] ਜਮੁ ਪਕੜੈ ਪਛੁਤਾਇ ॥ ੫ ॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ[28] ਨ ਸਾਥਿ ॥ ਬਿਨੁ ਨਾਵੈ ਧਨੁ ਬਾਦਿ[29] ਹੈ ਭੂਲੋ ਮਾਰਗਿ ਆਥਿ[30] ॥ ਸਾਚਉ ਸਾਹਿਬੁ ਸੇਵੀਐ [31]ਗੁਰਮੁਖਿ ਅਕਥੋ ਕਾਥਿ ॥ ੬ ॥ ਆਵੈ ਜਾਇ ਭਵਾਈਐ [32]ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥ ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥ ੭ ॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥ ਹਉਮੈ ਮਮਤਾ[33] ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ [34]ਗੁਣੀ ਨਿਧਾਨੁ ॥ ੮ ॥ ੧੦ ॥ ਸਿਰੀਰਾਗੁ ਮਹਲਾ ੧† ॥ ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥ ਲਹਰੀ ਨਾਲਿ ਪਛਾੜੀਐ[35] ਭੀ ਵਿਗਸੈ ਅਸਨੇਹਿ[36] ॥ ਜਲ ਮਹਿ ਜੀਅ ਉਪਾਇ ਕੈ

੧ ਸਤਾਉਂਦਾ, ਦੁੱਖ ਦੇਂਦਾ।
੨ [ਅ: ਵਜ਼ਹ] ਤਨਖ਼ਾਹ।
੩ ਉਸ ਦੀ ਰਜ਼ਾ (ਖ਼ੁਸ਼ੀ) ਵਿੱਚ।
੪ ਉਸ ਵਿੱਚ ਨਾ ਧੋਖਾ ਹੈ, ਨਾ ਲਾਲਚ, [ਤਿੱਲ ਅਰਬੀ=ਛਲ, ਧੋਖਾ]।
੫ ਤੂੰਲਾਇਸੀ=ਗੁਰਬਾਣੀ ਵਿੱਚ ਕਈ ਥਾਂ 'ਤੇ ਤੁਕ ਦੀਆਂ ਮਾਤਰਾਂ ਪੂਰੀਆਂ ਕਰਨ ਲਈ ਕਿਸੇ ਮਾਤਰਾ ਨੂੰ ਲਘੂ ਜਾਂ ਗੁਰੂ (ਛੋਟੀ ਜਾਂ ਲੰਮੀ) ਕਰਨ ਦੀ ਲੋੜ ਪੈਂਦੀ ਹੈ। ਇਥੇ 'ਤੁਲਾਇਸੀ' ਦੀਆਂ ਛੇ ਮਾਤਰਾਂ ਦੀ ਥਾਂ ਸੱਤ ਮਾਤਰਾਂ ਕਰਨ ਲਈ 'ਤੁ' ਨੂੰ 'ਤੂੰ' ਕਰ ਕੇ ਲਿਖਿਆ ਹੈ।
੬ ਤਰਾਜ਼ੂ, ਤੱਕੜੀ।
੭ ਰੋਕ ਦਿੱਤੀ ਹੈ ਗੁਰੂ ਨੇ, ਜਿਸ ਦਾ ਬੋਲ ਸੱਚਾ ਹੈ।
੮ ਸੁੱਚਮ ਦੁਆਰਾ। ਸਰੀਰ ਦੀ ਸਫ਼ਾਈ ਨਾਲ ਨਹੀਂ ਮਿਲਦਾ।
੯ ਸਰਵ-ਪ੍ਰਿਯ, ਸਭ ਦਾ ਪਿਆਰਾ।
੧੦ ਇਕ ਰਿਖੀ, ਜੋ ਬ੍ਰਹਮਾ ਦਾ ਪੁੱਤਰ ਸੀ।
੧੧ ਵੇਦਾਂ ਵਾਲੇ ਬਿਆਸ ਰਿਖੀ ਨੂੰ।
੧੨ ਗਿਆਨ ਅਤੇ ਧਿਆਨ ਗੁਰੂ ਦੇ ਸ਼ਬਦ ਤੋਂ ਹੀ ਜਾਣੇ ਜਾਂਦੇ ਹਨ, ਉਹ ਗੁਰੂ ਹੀ ਅਕੱਥ ਵਾਹਿਗੁਰੂ ਨੂੰ ਕਥਨ ਕਰਾਉਂਦਾ ਹੈ। "ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਣੀ" (ਰਾਮਕਲੀ ਮ: ੧)।
੧੩ ਸੋਇ=ਉਹ ਗੁਰੂ।
੧੪ ਗੁਰੂ ਹਰਾ ਭਰਾ ਫਲਾਂ ਵਾਲਾ ਤੇ ਬਹੁਤੀ ਛਾਉਂ ਵਾਲਾ ਬ੍ਰਿਛ ਹੈ।
੧੫ ਗੁਣਾਂ ਰੂਪੀ ਲਾਲ, ਜ਼ਵਾਹਰਾਤ ਅਤੇ ਰਤਨ।
੧੬ ਭਾਗਾਂ ਨਾਲ ਅਪਾਰ ਸੱਚਾ ਵਖਰ (ਸੌਦਾ) ਕੱਠਾ ਕਰੀਦਾ ਹੈ।
੧੭ ਦੈਂਤਾਂ (ਕਾਮਾਦਿਕ) ਨੂੰ ਮਾਰਨ ਵਾਲਾ।
੧੮ ਕਠਿਨ।
੧੯ ਕੰਢਾ।
੨੦ ਲੱਕੜ ਦਾ ਫੱਟਾ ਜੋ ਰੱਸਿਆਂ ਨਾਲ ਬੰਨ੍ਹ ਕੇ ਨਦੀ ਪਾਰ ਕਰਨ ਲਈ ਬੇੜੀ ਦਾ ਕੰਮ ਦਿੰਦਾ ਹੈ।
੨੧ ਬਾਂਸ, ਚੱਪੂ।
੨੨ ਮਲਾਹ।
੨੩ ਭਵ-ਸਾਗਰ ਦਾ ਜਹਾਜ਼।
੨੪ ਜਲਾਵਨੇ ਯੋਗ। ਸੜਨ ਜੋਗੀ ਜ਼ੁਬਾਨ ਸੜ ਜਾਵੇ।
੨੫ ਰਸ ਨਾਲ, ਸੁਆਦ ਲਾ ਕੇ।
੨੬ ਸਰੀਰ ਰੂਪ ਘੜਾ।
੨੭ ਬਹੁਤਾ।
੨੮ ਇਸਤਰੀ। ਦੇਖੋ ਨੋਮ ੨੫।
੨੯ ਫ਼ਜ਼ੂਲ।
੩੦ ਮਾਇਆ। ਮਾਇਆ ਦੇ ਰਸਤੇ ਪੈ ਕੇ ਭੁੱਲਿਆ ਹੈ।
੩੧ ਕਥਨ-ਰਹਿਤ ਹਰੀ ਨੂੰ ਗੁਰਾਂ ਦੁਆਰਾ ਕੱਥ ਲਈਦਾ ਹੈ।
੩੨ ਜੇਹੋ ਜੇਹੀ ਕਿਰਤ ਪਈ ਹੈ, ਭਾਵ ਕਰਮਾਂ ਨਾਲ ਸੁਭਾਵ ਬਣਿਆ ਹੈ, ਉਸੇ ਅਨੁਸਾਰ ਕੰਮ ਕਰਦਾ ਹੈ। ਇਕ ਇਕ ਕਰ ਕੇ ਜੋ ਅਮਲ ਕਰੀਦੇ ਹਨ ਓਹ 'ਕਰਮ' ਹਨ, ਬਾਰ-ਬਾਰ ਉਹੋ ਕਰਮ ਕਰਨ ਨਾਲ ਜ਼ਿੰਦਗੀ ਦਾ ਇਕ ਵਹਿਣ ਜਾਂ ਸੁਭਾਅ ਬਣ ਜਾਂਦਾ ਹੈ, ਉਸ ਨੂੰ 'ਕਿਰਤ' ਆਖਦੇ ਹਨ।
੩੩ ਅਪਣੱਤ।
੩੪ ਗੁਣਾਂ ਦਾ ਖ਼ਜ਼ਾਨਾ।
੩੫ ਧੱਕੇ ਖਾਂਦਾ ਹੈ।
੩੬ ਪਿਆਰ ਵਿੱਚ। ਪਾਣੀ ਦੀਆਂ ਲਹਿਰਾਂ ਧੱਕੇ ਮਾਰਦੀਆਂ ਹਨ, ਪਰ ਫਿਰ ਵੀ ਪਿਆਰ ਅੰਦਰ ਖਿੜਦਾ ਹੈ।

* ਸਮੁੱਚਾ ਭਾਵ :- ਵਾਹਿਗੁਰੂ ਦਾ ਪਿਆਰ ਗੁਰੂ ਤੋਂ ਮਿਲਦਾ ਹੈ, ਗੁਰਬਾਣੀ ਵਿੱਚ ਹੀ ਸਭ ਗਿਆਨ ਧਿਆਨ ਆ ਜਾਂਦਾ ਹੈ।

† ਸਮੁੱਚਾ ਭਾਵ :- ਸਤਿਗੁਰੂ ਦਾ ਦਿੱਤਾ ਹਰੀ-ਪ੍ਰੇਮ ਕਿਵੇਂ ਕਰੀਦਾ ਹੈ? ਮਨੁੱਖ ਨੂੰ ਗਿਣਤੀ ਮਿਣਤੀ ਤੇ ਹਉਮੈ ਛੱਡ ਕੇ ਇਉਂ ਪਿਆਰ ਕਰਨਾ ਪੈਂਦਾ ਹੈ, ਕਿ ਜਿਸ ਵਿੱਚ ਕੋਈ ਦੁੱਖ ਮਹਿਸੂਸ ਨਹੀਂ ਹੁੰਦਾ (ਕੰਵਲ ਵਾਂਗ), ਦਿਲ ਵਿੱਚ ਇਕ ਉਮਾਹ ਰਹਿੰਦਾ ਹੈ (ਮੱਛੀ ਵਾਂਗ), ਇਕ ਤਾਂਘ ਰਹਿੰਦੀ ਹੈ (ਚਾਤ੍ਰਿਕ ਵਾਂਗ), ਆਪਾ ਵਾਰਨ ਵਿੱਚ ਖ਼ੁਸ਼ੀ ਹੁੰਦੀ ਹੈ (ਜਿਵੇਂ ਪਾਣੀ ਨੂੰ ਦੁੱਧ ਲਈ), ਸਭ ਵਿੱਥਾਂ ਮੇਲ ਕੇ ਸਦਾ ਹਜ਼ੂਰੀ ਵਿੱਚ ਰਹਿਣ ਦਾ ਸੁਭਾਵ ਪੈ ਜਾਂਦਾ ਹੈ। (ਚੱਕਵੀ ਵਾਂਗ)।

ਬਿਨੁ ਜਲ ਮਰਣੁ ਤਿਨੇਹਿ[੧] ॥ ੧ ॥ ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥ ਗੁਰਮੁਖਿ ਅੰਤਰਿ [੨]ਰਵਿ ਰਹਿਆ ਬਖਸੇ ਭਗਤਿ ਭੰਡਾਰ ॥ ੧ ॥ ਰਹਾਉ ॥ ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ[੩] ॥ ਜਿਉ ਅਧਿਕਉ[੪] ਤਿਉ ਸੁਖੁ ਘਣੋ[੫] ਮਨਿ ਤਨਿ ਸਾਂਤਿ ਸਰੀਰ ॥ ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ [੬]ਅਭ ਪੀਰ ॥ ੨ ॥ ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ[੭] ਮੇਹ ॥ ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ[੮] ॥ ਕਰਮਿ ਮਿਲੈ ਸੋ ਪਾਈਐ [੯]ਕਿਰਤੁ ਪਇਆ ਸਿਰਿ ਦੇਹ ॥ ੩ ॥ ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥ ਆਵਟਣੁ[੧੦] ਆਪੇ ਖਵੈ[੧੧] ਦੁਧ ਕਉ ਖਪਣਿ ਨ ਦੇਇ ॥ [੧੨]ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥ ੪ ॥ ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ[੧੩] ॥ ਖਿਨੁ ਪਲੁ ਨੀਦ ਨ ਸੋਵਈ [੧੪]ਜਾਣੈ ਦੂਰਿ ਹਜੂਰਿ ॥ ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥ ੫ ॥ ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥ ੬ ॥ ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ[੧੫] ਸੋਇ ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ[੧੬] ਸੋਝੀ ਹੋਇ ॥ ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥ ੭ ॥ [੧੭]ਖੇਲਿ ਗਏ ਸੇ ਪੰਖਣੂੰ[੧੮] ਜੋ ਚੁਗਦੇ [੧੯]ਸਰ ਤਲਿ ॥ ਘੜੀ ਕਿ ਮੁਹਤਿ ਕਿ ਚਲਣਾ [੨੦]ਖੇਲਣੁ ਅਜੁ ਕਿ ਕਲਿ ॥ ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ[੨੧] ਮਲਿ ॥ ੮ ॥ ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ ਸੋਹੰ[੨੨] ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ॥ ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ॥ ੯ ॥ ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ[੨੩] ॥ ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥ ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ[੨੪] ॥ ੧੦ ॥ ੧੧ ॥ ਸਿਰੀਰਾਗੁ ਮਹਲਾ ੧[*] ॥ [੨੫]ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ ਗਿਆਨ ਪਦਾਰਥੁ ਖੋਇਆ[੨੬] ਠਗਿਆ ਮੁਠਾ[੨੭] ਜਾਇ ॥ ੧ ॥ ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ[੨੮] ਨਾ ਪਿਰ ਅੰਕਿ[੨੯] ਸਮਾਇ ॥ ੧ ॥ ਰਹਾਉ ॥ ਭੂਲੀ ਫਿਰੈ ਦਿਸੰਤਰੀ[੩੦] ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ[੩੧] ਥਲਿ ਚੜੈ ਭਰਮੈ ਮਨੁ ਡੋਲਾਇ ॥ ਧੁਰਹੁ ਵਿਛੁੰਨੀ[੩੨] ਕਿਉ ਮਿਲੈ [੩੩]ਗਰਬਿ ਮੁਠੀ ਬਿਲਲਾਇ ॥ ੨ ॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ

੧ ਤਿਨ੍ਹਾਂ ਦਾ। ਉਨ੍ਹਾਂ ਦੀ ਜ਼ਿੰਦਗੀ ਪਾਣੀ ਵਿੱਚੋਂ ਬਣੀ ਹੈ ਤੇ ਪਾਣੀ ਬਿਨਾਂ ਉਨ੍ਹਾਂ ਦਾ ਮਰਨ ਹੈ।

੨ ਮਿਲ ਰਿਹਾ—ਗੁਰਮੁਖਾਂ ਅੰਦਰ ਉਹ ਪਿਆਰ-ਪੁੰਜ ਮਿਲਿਆ ਹੋਇਆ ਹੈ ਤੇ ਉਨ੍ਹਾਂ ਨੂੰ ਭਗਤੀ ਦੇ ਭੰਡਾਰ ਬਖ਼ਸ਼ਦਾ ਹੈ।

੩ ਪਾਣੀ।

੪ ਬਹੁਤਾ। ਜਿਉਂ-ਜਿਉਂ ਪਾਣੀ ਬਹੁਤਾ ਹੋਵੇ।

੫ ਬਹੁਤਾ।

੬ ਹਿਰਦੇ ਦੀ ਪੀੜ। ਪਾਣੀ ਤੋਂ ਬਿਨਾਂ ਜੋ ਤਕਲੀਫ਼ ਮੱਛੀ ਨੂੰ ਹੁੰਦੀ ਹੈ, ਉਹ ਵਾਹਿਗੁਰੂ ਹੀ ਜਾਣਦਾ ਹੈ।

੭ ਪਪੀਹਾ। ਦੇਖੋ ਪੰਨਾ ੯੫, ਫੁਟ ਨੋਟ *।

੮ ਉਹਨੂੰ ਕੀ? ਜੇ ਉਸ ਨੂੰ ਇਕ ਬੂੰਦ (ਸ੍ਵਾਂਤਿ ਨਛੱਤ੍ਰ ਵਿੱਚ ਪਏ ਮੀਂਹ ਦੀ ਬੂੰਦ, ਜਿਸ ਲਈ ਪਪੀਹਾ ਤਰਸਦਾ ਰਹਿੰਦਾ ਹੈ) ਨਹੀਂ ਮਿਲੀ ਤਾਂ ਉਹਨੂੰ ਭਰੇ ਸਰਾਂ ਤੇ ਹਰੇ-ਭਰੇ ਥਲਾਂ ਤੋਂ ਕੀ ਲਾਭ?

੯ ਕੀਤੀ ਕਮਾਈ ਅਨੁਸਾਰ ਪਿਆ ਹੁਕਮ ਦਾ ਲੇਖ। ਸਿਰਿ=ਮੁਤਾਬਕ। ਉਹ ਪਈ ਕਿਰਤ ਦੇ ਮੁਤਾਬਕ ਫਲ ਦਿੰਦਾ ਹੈ।

੧੦ ਸੇਕ, ਉਬਾਲਾ।

੧੧ ਸਹਾਰਦਾ ਹੈ।

੧੨ ਆਪੇ ਮੇਲ ਕੇ ਵਿਛੋੜਦਾ ਹੈ, ਅਤੇ ਫਿਰ ਆਪੇ ਸੱਚ ਦੁਆਰਾ ਵਡਿਆਈ ਦਿੰਦਾ ਹੈ।

੧੩ ਸੂਰਜ।

੧੪ ਸੂਰਜ ਦੂਰ ਹੈ, ਪਰ ਚੱਕਵੀ ਉਹਨੂੰ ਪ੍ਰਤੱਖ ਨੇੜੇ ਪਈ ਸਮਝਦੀ ਹੈ।

੧੫ ਮਿਲੈ।

੧੬ ਤਿੰਨਾਂ ਲੋਕਾਂ ਦੀ।

੧੭ ਖੇਡ ਖੇਡ ਗਏ (ਮੁਕਾ ਗਏ), ਲੱਦ ਗਏ।

੧੮ ਪੰਖੇਰੂ, ਪੰਛੀ।

੧੯ ਸਰ-ਸਥੱਲੀ ਵਿੱਚ, ਤਲਾਅ ਵਾਲੀ ਜਗ੍ਹਾ ਵਿੱਚ, ਜਿਥੇ ਚੋਗਾ ਖੁਲ੍ਹਾ ਮਿਲਦਾ ਹੈ। ਅਰਥਾਤ ਲੱਦ ਗਏ ਓਹ ਮਨੁੱਖ ਜੋ ਐਸ਼ਾਂ ਬਹਾਰਾਂ ਕਰਦੇ ਸਨ।

੨੦ ਇਕ ਦੋ ਦਿਨ ਦੀ ਖੇਡ।

੨੧ ਮੈਦਾਨ। ਬਾਜ਼ੀ ਜਿੱਤਦਾ ਹੈ।

੨੨ ਉਹ ਮੈਂ ਹਾਂ, ਅਭੇਦਤਾ। ਸ਼ਬਦ ਨਾਲ ਵਿੰਨ੍ਹਿਆ ਜਾ ਕੇ ਅਤੇ ਪਤੀਜ ਕੇ ਆਪਣੇ ਆਪ ਨੂੰ ਵਾਹਿਗੁਰੂ ਦਾ ਰੂਪ ਪਛਾਣੀਦਾ ਹੈ।

੨੩ ਪਤੀਜਦਾ (ਨਿਸਚਾ ਆਉਂਦਾ), ਨਿਸ਼ਾ ਹੁੰਦੀ।

੨੪ ਥਾਂ।

੨੫ ਆਪ-ਹੁਦਰੀ ਇਸਤਰੀ ਭੁੱਲਦੀ ਹੈ ਭੁਲਾਈ ਹੋਈ ਅਤੇ ਭੁੱਲੀ ਹੋਈ ਨੂੰ ਕੋਈ ਟਿਕਾਣਾ ਨਹੀਂ ਲੱਭਦਾ।

੨੬ ਗਵਾ ਦਿੱਤਾ ਹੈ।

੨੭ ਲੁਟਿਆ।

੨੮ ਛੁੱਟੜ ਇਸਤਰੀ।

੨੯ ਅੰਗ ਨਾਲ।

੩੦ ਦੇਸ਼ਾਂ ਅੰਦਰ।

੩੧ ਪਰਬਤਾਂ 'ਤੇ।

੩੨ ਵਿਛੜੀ ਹੋਈ।

੩੩ ਹੰਕਾਰ ਵਿੱਚ ਫਸੀ ਹੋਈ ਰੋਂਦੀ ਕੁਰਲਾਂਦੀ ਹੈ।

* **ਸਮੁੱਚਾ ਭਾਵ** :- ਗਿਆਨ, ਜਾਂ ਪਰੇਮ, ਜਾਂ ਨਾਮ ਦਾ ਪਿਆਰ ਇਕੋ ਅਭੁੱਲ ਗੁਰੂ ਤੋਂ ਮਿਲਦਾ ਹੈ; ਉਸ ਦਾ ਅਪਾਰ ਸ਼ਬਦ ਹੀ ਅੱਖਰੀ ਵਿੱਦਿਆ, ਭੇਖ, ਤੀਰਥ-ਭ੍ਰਮਣ ਆਦਿ ਦੇ ਭਰਮ ਦੂਰ ਕਰ ਕੇ ਸੱਚੇ ਨਾਲ ਮੇਲਦਾ ਹੈ।

ਨਾਮ ਪਿਆਰਿ ॥ [੧]ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ[੨] ॥ ੩ ॥ ਅਖਰ[੩] ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ [੪]ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ [੫]ਸਾਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ[੬] ਅਪਾਰੁ ॥ ੫ ॥ ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥ ੬ ॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥ ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ੭ ॥ ਭੁਲਣ ਅੰਦਰਿ ਸਭੁ ਕੋ ਅਭੁਲੁ [੮]ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ ਨਾਨਕ ਸਾਚੁ ਨ ਵੀਸਰੈ [੯]ਮੇਲੇ ਸਬਦੁ ਅਪਾਰੁ ॥ ੮ ॥ ੧੨ ॥ ਸਿਰੀਰਾਗੁ ਮਹਲਾ ੧* ॥ [੧੦]ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥ ਮੋਹ ਠਗਉਲੀ[੧੧] ਹਉ ਮੁਈ ਸਾ ਵਰਤੈ ਸੰਸਾਰਿ ॥ ੧ ॥ ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥ ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥ ੧ ॥ ਰਹਾਉ ॥ ਨਾਮੁ ਸਾਲਾਹੀ [੧੨]ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥ ਵਾਟ[੧੩] ਵਟਾਊ[੧੪] ਆਇਆ ਨਿਤ ਚਲਦਾ ਸਾਥੁ ਦੇਖੁ ॥ ੨ ॥ ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ [੧੫]ਸਚਿ ਰਪੈ ਪਤਿ ਹੋਇ ॥ ਜੋ ਤੁਧੁ ਭਾਵਹਿ ਸੇ ਭਲੇ [੧੬]ਖੋਟਾ ਖਰਾ ਨ ਕੋਇ ॥ ੩ ॥ ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ †ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ[੧੭] ॥ ੪ ॥ ਤੇਰੀ ਕੀਮਤਿ ਨਾ ਪਵੈ ਸਭ ਡਿਠੀ [੧੮]ਠੋਕਿ ਵਜਾਇ ॥ ਕਹਣੈ ਹਾਥ[੧੯] ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥ ੫ ॥ ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ[੨੦] ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ[੨੧] ਦੂਜਾ ਸਾਦੁ ॥ ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥ ੬ ॥ ਆਸਾ ਅੰਦਰਿ ਜੰਮਿਆ ਆਸਾ ‡ਰਸ ਕਸ ਖਾਇ ॥ ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ[੨੨] ॥ ੭ ॥ ਸਰਬੇ ਥਾਈ

੧ ਸੱਚ ਤੇ ਗਿਆਨ ਦੁਆਰਾ ਅਤੇ ਹਰੀ ਗੁਣ ਤੇ ਨਾਮ ਦੇ ਆਸਰੇ ਨਾਲ ਬਹੁਤ ਸੋਭਾ ਬਣਦੀ ਹੈ।

੨ ਪਤੀ।

੩ ਵਿਦਿਆ।

੪ 'ਮਨ ਸੁਲਤਾਨ ਤੇ ਰਾਜਾ ਹੈ' ਇਹ ਗੱਲ ਗੁਰੂ ਬਿਨਾਂ ਕਿਸ ਨੇ ਸਮਝਾਣੀ ਹੈ। ਭਾਵ ਕਿਸੇ ਨਹੀਂ।

੫ ਇਸਤਰੀ ਨੇ ਸ਼ਬਦ ਦੁਆਰਾ ਸ਼ਿੰਗਾਰ ਕਰ ਕੇ ਆਪਾ ਭਾਵ ਗਵਾਇਆ ਹੈ (ਹਉਮੈ ਦੂਰ ਕੀਤੀ ਹੈ)।

੬ ਹਿਤ ਜਾਂ ਪਿਆਰ ਨਾਲ।

੭ ਬਖ਼ਸ਼ਿਸ਼ ਦੁਆਰਾ।

੮ ਕਰਤਾਰ ਰੂਪ ਗੁਰੂ। ਦੇਖੋ-"ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ" (ਪੰਨਾ ੬੮)।

੯ ਅਖੁੱਟ ਸ਼ਬਦ ਮੇਲਦਾ ਹੈ (ਸੱਚ ਨਾਲ)।

੧੦ ਪੁੱਤਰ, ਰਿਸ਼ਤੇ ਤੇ ਘਰ ਦੀ ਨਾਰ ਦੇ ਮੋਹ ਕਰ ਕੇ ਜੀਵ ਨੂੰ ਮੋਹਣੀ ਮਾਇਆ ਦੀ ਤ੍ਰਿਸ਼ਨਾ ਲੱਗੀ ਹੈ।

੧੧ ਠਗਉਰੀ, ਠੱਗਮੂਰੀ, ਉਹ ਨਸ਼ੇ ਵਾਲੀ ਬੂਟੀ ਜਿਸ ਨਾਲ ਬੇਹੋਸ਼ ਕਰ ਕੇ ਧਨ ਲੁੱਟਦਾ ਹੈ। ਮੋਹ ਦੀ ਠੱਗ-ਬੂਟੀ ਜਿਸ ਨਾਲ 'ਮੈਂ' ਮਰ ਗਈ, ਉਹ ਸੰਸਾਰ ਵਿੱਚ ਵਰਤ ਰਹੀ ਹੈ।

੧੨ ਪਿਆਰ ਨਾਲ।

੧੩ ਰਸਤਾ।

੧੪ ਰਾਹੀ।

੧੫ ਸੱਚ ਵਿੱਚ ਰੰਗਿਆ ਜਾਏ।

੧੬ ਆਪਣੇ ਆਪ ਨਾ ਕੋਈ ਖੋਟਾ ਹੈ, ਨਾ ਖਰਾ ਹੈ।

੧੭ ਸ਼ੁੱਧ ਹੋ ਕੇ।

੧੮ ਚੰਗੀ ਤਰ੍ਹਾਂ ਪਰਖ ਕੇ।

੧੯ ਥਹੁ। ਗੱਲਾਂ ਨਾਲ ਉਸ ਦਾ ਥਹੁ ਨਹੀਂ ਲੱਗਦਾ, ਸੱਚ ਦੁਆਰੇ ਟਿਕੇ ਤਾਂ ਇੱਜ਼ਤ ਪਾਂਦਾ ਹੈ।

੨੦ ਝਗੜਾ।

੨੧ ਜ਼ਹਿਰ। ਵਾਹਿਗੁਰੂ ਤੋਂ ਬਿਨਾਂ ਹੋਰ ਸਵਾਦ ਜ਼ਹਿਰ ਹੈ।

੨੨ ਨਾਮ ਦੁਆਰਾ।

* **ਸਮੁੱਚਾ ਭਾਵ :-** ਰੱਬ ਦੇ ਹਜ਼ੂਰ ਪਰਵਾਨਗੀ ਲੈਣ ਲਈ ਖੋਟੇ ਖਰੇ ਦੀਆਂ ਗਿਣਤੀਆਂ ਭੀ ਸੁੱਟਣੀਆਂ ਪੈਂਦੀਆਂ ਹਨ। ਮੋਹ ਤ੍ਰਿਸ਼ਨਾ ਤੇ ਝੂਠੀਆਂ ਆਸਾਂ ਛੱਡ ਕੇ ਆਪਣੇ ਆਪ ਨੂੰ ਉਸ ਦੇ ਦਰ 'ਤੇ ਸੁੱਟ ਦੇਣਾ ਕਾਫ਼ੀ ਹੈ।

† ਜਿਸ ਤਰ੍ਹਾਂ ਅੱਠ ਧਾਤਾਂ ਪਾਤਸ਼ਾਹ ਦੀਆਂ ਆਪਣੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਘੜ ਕੇ ਸਿੱਕੇ ਬਣਾਏ ਜਾਂਦੇ ਹਨ, ਤਿਵੇਂ ਹੀ ਵੰਨ-ਵੰਨੀ ਦੇ ਮਨੁੱਖ ਹੁੰਦੇ ਹਨ, ਪਰ ਹੈਨ ਸਾਰੇ ਵਾਹਿਗੁਰੂ ਦੇ ਆਪਣੇ, ਉਨ੍ਹਾਂ ਨੂੰ ਸ਼ਬਦ ਦੁਆਰਾ ਘੜਿਆ ਜਾਂਦਾ ਹੈ, ਤੇ ਓਹ ਖਿੜ ਕੇ ਉੱਨਤ ਹੁੰਦੇ ਹਨ। ਪਾਤਸ਼ਾਹ ਦੀਆਂ ਅੱਠ ਧਾਤਾਂ ਇਹ ਹਨ : ਸੋਨਾ, ਚਾਂਦੀ, ਤਾਂਬਾ, ਜਿਸਤ, ਕਲੀ, ਲੋਹਾ, ਸਿੱਕਾ, ਪਿੱਤਲ। ਮਨੁੱਖ-ਜਾਤੀ ਦੀਆਂ ਅੱਠ ਧਾਤਾਂ, ਚਾਰ ਵਰਨ, ਚਾਰ ਮਜ਼੍ਹਬ ਹਨ, ਜਿਨ੍ਹਾਂ ਨੂੰ ਗੁਰੂ ਦੇ ਸ਼ਬਦ ਦੁਆਰਾ ਘੜ ਕੇ ਇਕ ਕੀਤਾ ਜਾਂਦਾ ਹੈ: '...ਅਸਟ ਧਾਤੁ ਇਕੁ ਧਾਤੁ ਕਰਾਇਆ' (ਭਾ: ਗੁਰਦਾਸ, ਵਾਰ ੧੨/੧੭)।

‡ ਕਸੈਲਾ ਆਦਿ ਰਸ। ਰਸ ਛੇ ਪ੍ਰਕਾਰ ਦੇ ਮੰਨੇ ਹਨ, ਜਿਨ੍ਹਾਂ ਨੂੰ ਖਟ ਰਸ ਕਹੀਦਾ ਹੈ, ਮਿੱਠਾ, ਸਲੂਣਾ, ਤਿੱਖਾ, ਕਸੈਲਾ, ਖੱਟਾ, ਕੌੜਾ।

ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥ ਗੁਰਮਤਿ ਸਾਚਾ ਮਨਿ ਵਸੈ [੧]ਨਾਮੁ ਭਲੋ ਪਤਿ ਸਾਖੁ ॥ ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ[੨] ॥ ੮ ॥ ਆਕਾਸੀ ਪਾਤਾਲਿ ਤੂੰ ਤ੍ਰਿਭਵਣਿ[੩] ਰਹਿਆ ਸਮਾਇ ॥ ਆਪੇ ਭਗਤੀ ਭਾਉ[੪] ਤੂੰ ਆਪੇ ਮਿਲਹਿ ਮਿਲਾਇ ॥ ਨਾਨਕ ਨਾਮੁ ਨ ਵੀਸਰੈ [੫]ਜਿਉ ਭਾਵੈ ਤਿਵੈ ਰਜਾਇ ॥ ੯ ॥ ੧੩ ॥ ਸਿਰੀਰਾਗੁ ਮਹਲਾ ੧* ॥ ਰਾਮ ਨਾਮਿ ਮਨੁ ਬੇਧਿਆ[੬] ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ[੭] ॥ ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ[੮] ॥ ੧ ॥ ਮਨ ਰੇ ਸਾਚੀ ਖਸਮ ਰਜਾਇ ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥ ੧ ॥ ਰਹਾਉ ॥ ਤਨੁ ਬੈਸੰਤਰਿ ਹੋਮੀਐ† ਇਕ [੯]ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ[੧੦] ਜੇ ਕਰੀ ਅਨਦਿਨੁ[੧੧] ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥ ਅਰਧ[੧੨] ਸਰੀਰੁ ਕਟਾਈਐ ਸਿਰਿ ਕਰਵਤੁ[੧੩] ਧਰਾਇ ॥ ਤਨੁ ਹੈਮੰਚਲਿ[੧੪] ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ ੩ ॥ ਕੰਚਨ[੧੫] ਕੇ ਕੋਟ[੧੬] ਦਤੁ[੧੭] ਕਰੀ ਬਹੁ ਹੈਵਰ[੧੮] ਗੈਵਰ[੧੯] ਦਾਨੁ ॥ ਭੂਮਿ[੨੦] ਦਾਨੁ ਗਊਆ ਘਣੀ[੨੧] ਭੀ ਅੰਤਰਿ ਗਰਬੁ[੨੨] ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ[੬] ਗੁਰਿ ਦੀਆ ਸਚੁ ਦਾਨੁ ॥ ੪ ॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ [੨੩]ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ[੨੪] ॥ ੫ ॥ [੨੫]ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ[੨੬] ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥ ੬ ॥ ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ[੨੭] ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ[੨੮] ਜਾਇ ॥ ੭ ॥ ਘਟਿ ਘਟਿ ਵਾਜੈ ਕਿੰਗੁਰੀ[੨੯] ਅਨਦਿਨੁ ਸਬਦਿ ਸੁਭਾਇ[੩੦] ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥ ੮ ॥ ੧੪ ॥ ਸਿਰੀਰਾਗੁ ਮਹਲਾ ੧‡ ॥ [੩੧]ਚਿਤੇ ਦਿਸਹਿ ਧਉਲਹਰ ਬਗੇ [੩੨]ਬੰਕ ਦੁਆਰ ॥ ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥ ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ[੩੩] ॥ ੧ ॥ ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥ ੧ ॥ ਰਹਾਉ ॥ ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥ ਆਪਿ ਛਡਾਏ ਛੁਟੀਐ

੧ ਨਾਮ ਹੀ ਚੰਗੀ ਇੱਜ਼ਤ ਤੇ ਚੰਗੀ ਸੰਗਤ ਹੈ।
੨ ਕਹੋ।
੩ ਤਿੰਨਾਂ ਲੋਕਾਂ ਵਿੱਚ।
੪ ਪਿਆਰ।
੫ ਜਿਵੇਂ ਉਸ ਨੂੰ ਭਾਵੇ, ਤਿਵੇਂ ਉਸ ਦੀ ਰਜ਼ਾ ਵਰਤੇ।
੬ ਵਿੰਨ੍ਹਿਆ।
੭ ਸ੍ਰੇਸ਼ਟ।
੮ ਆਸਰਾ।
੯ ਤੋਲ ਕੇ ਰੱਤੀ ਰੱਤੀ ਕਰ ਕੇ ਕੱਟੀਏ।
੧੦ ਲੱਕੜਾਂ ਜੋ ਹੋਮ ਲਈ ਵਰਤੀਦੀਆਂ ਹਨ।
੧੧ ਹਰ ਰੋਜ਼।
੧੨ ਅੱਧੋ ਅੱਧ, ਦੋ ਟੋਟੇ।
੧੩ ਕਲਵੱਤਰ।
੧੪ ਹਿਮਾਚਲ ਪਹਾੜ ਵਿੱਚ।
੧੫ ਸੋਨਾ।
੧੬ ਕਿਲ੍ਹੇ (ਸੋਨੇ ਦੇ)।
੧੭ ਦਾਨ।
੧੮ ਹਯ (ਘੋੜੇ) ਜੋ ਵਰ (ਸ੍ਰੇਸ਼ਟ) ਹੋਣ, ਉੱਤਮ ਘੋੜੇ।
੧੯ ਉੱਤਮ ਹਾਥੀ।
੨੦ ਧਰਤੀ ਜ਼ਮੀਨ।
੨੧ ਬਹੁਤੀਆਂ।
੨੨ ਹੰਕਾਰ।
੨੩ ਇਹੋ ਜਹੇ ਕਈ ਹੋਰ ਆਤਮਾ ਲਈ ਬੰਧਨ ਹਨ, ਪਰ ਮੁਕਤੀ ਦਾ ਦਰਵਾਜ਼ਾ ਗੁਰਾਂ ਦੁਆਰੇ ਮਿਲਦਾ ਹੈ।
੨੪ ਕਰਮ, ਰਹਿਣੀ। ਸੱਚ ਤੋਂ ਸਭ ਕੁਝ ਨੀਵਾਂ ਹੈ, ਪਰ ਸੱਚ ਤੋਂ ਵੀ ਉੱਤੇ ਸੱਚ ਦੀ ਰਹਿਣੀ ਹੈ। (ਦੇਖੋ ਭਾਈ ਗੁਰਦਾਸ ਵਾਰ ੧੮, ਪੌ: ੧੯)।
੨੫ ਸਭ ਕੋਈ ਉੱਚਾ (ਚੰਗਾ) ਹੈ, ਮਾੜਾ ਕੋਈ ਨਹੀਂ, ਕਿਉਂਕਿ ਇਕ ਹਰੀ ਤੋਂ ਹੀ ਸਭ ਸਰੀਰ ਬਣੇ ਹਨ ਤੇ ਉਸੇ ਇਕ ਦਾ ਚਾਨਣ ਸਾਰੇ ਲੋਕਾਂ ਵਿੱਚ ਹੈ।
੨੬ ਬਖ਼ਸ਼ਿਸ਼ ਦੁਆਰਾ।
੨੭ (ਗੁਰੂ ਦੇ) ਪ੍ਰੇਮ ਵਿੱਚ।
੨੮ ਇੱਜ਼ਤ ਨਾਲ ਸਰੋਪਾ ਲੈ ਕੇ।
੨੯ ਵੀਣਾ। ਸਭ ਅੰਦਰ ਹਰੀ ਦਾ ਪ੍ਰਕਾਸ਼ ਮਾਨੋ ਵੀਣਾ ਵੱਜ ਰਹੀ ਹੈ।
੩੦ ਸੁਭਾਵਕ ਹੀ।
੩੧ ਚਿਤ੍ਰੇ ਹੋਏ ਦਿਸਦੇ ਹਨ ਮਹਲ ਮਾੜੀਆਂ।
੩੨ ਬਾਂਕੇ ਮਕਾਨ।
੩੩ ਸੁਆਹ।

* **ਸਮੁੱਚਾ ਭਾਵ** :- ਸਰੀਰ ਕਟਾਣ ਜਾਂ ਵੱਡੇ-ਵੱਡੇ ਦਾਨ-ਪੁੰਨ ਕਰਨ ਜਾਂ ਮਨ-ਹਠ ਦੇ ਸਾਧਨ ਕਰਨ ਵਰਗੇ ਕਰੋੜਾਂ ਕਰਮ ਇਕ ਹਰੀ-ਨਾਮ ਦੀ ਸੁੱਚੀ ਕਮਾਈ ਦੇ ਤੁੱਲ ਨਹੀਂ, ਜੋ ਗੁਰੂ ਦੁਆਰਾ ਬਖ਼ਸ਼ਸ਼ ਤੋਂ ਮਿਲਦੀ ਹੈ।

† ਅਰਪਨ ਕਰੀਏ ਅੱਗ ਵਿੱਚ। ਹੋਮ ਦਾ ਲਫ਼ਜ਼ੀ ਅਰਥ ਘੀ ਹੈ। ਦੇਵਤੇ ਨਮਿਤ ਘੀ ਆਦਿਕ ਸਾਮੱਗਰੀ ਅਗਨ ਭੇਟ ਕਰਦੇ ਹਨ, ਜਿਸ ਤੋਂ ਹੋਮ (ਹਵਨ) ਅਰਪਨ ਦੇ ਅਰਥਾਂ ਵਿੱਚ ਵੀ ਆਉਂਦਾ ਹੈ।

‡ **ਸਮੁੱਚਾ ਭਾਵ** :- ਸੁਖੀ ਜੀਵਨ ਦੇ ਸਾਰੇ ਸਮਿਆਨ (ਮਹਲ, ਮਾੜੀਆਂ, ਟੱਬਰ ਆਦਿ) ਨਾਮ ਦੇ ਪ੍ਰੇਮ ਬਿਨਾਂ ਵਿਅਰਥ ਹਨ।

ਆਪੇ ਬਖਸਣਹਾਰੁ ॥ ੨ ॥ ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ[੧] ॥ ਨਾਰੀ ਦੇਖਿ ਵਿਗਾਸੀਅਹਿ[੨] ਨਾਲੇ ਹਰਖੁ[੩] ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ[੪] ਅਹਿਨਿਸਿ[੫] ਹਰਿ ਰਸੁ ਭੋਗੁ ॥ ੩ ॥ ਚਿਤੁ ਚਲੈ ਵਿਤੁ[੬] ਜਾਵਣੋ ਸਾਕਤ[੭] ਡੋਲਿ ਡੋਲਾਇ ॥ ਬਾਹਰਿ ਢੂੰਢਿ ਵਿਗੁਚੀਐ[੮] ਘਰ ਮਹਿ ਵਸਤੁ ਸੁਥਾਇ[੯] ॥ ਮਨਮੁਖਿ ਹਉਮੈ ਕਰਿ ਮੁਸੀ[੧੦] ਗੁਰਮੁਖਿ ਪਲੈ ਪਾਇ ॥ ੪ ॥ ਸਾਕਤ ਨਿਰਗੁਣਿਆਰਿਆ ਆਪਣਾ ਮੂਲੁ[੧੧] ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ[੧੨] ॥ ਪਵਣੈ[੧੩] ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥ ੫ ॥ ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ ਨਾਮ ਵਿਹੂਣੇ[੧੪] ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥ ੬ ॥ ਜਿਉ ਸੁਪਨੈ ਨਿਸਿ[੧੫] ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ[੧੬] ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ[੧੭] ॥ ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ[੧੮] ॥ ੭ ॥ ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥ ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ [੧੯]ਮੀਨੁ ਮਰਾਇ ॥ ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥ ੮ ॥ ੧੫ ॥ ਸਿਰੀਰਾਗੁ ਮਹਲਾ ੧* ॥ †ਡੂੰਗਰੁ[੨੦] ਦੇਖਿ ਡਰਾਵਣੋ ਪੇਈਅੜੈ[੨੧] ਡਰੀਆਸੁ ॥ ਊਚਉ ਪਰਬਤੁ ਗਾਖੜੋ[੨੨] ਨਾ ਪਉੜੀ ਤਿਤੁ[੨੩] ਤਾਸੁ[੨੪] ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ[੨੫] ॥ ੧ ॥ ਭਾਈ ਰੇ ਭਵਜਲੁ[੨੬] ਬਿਖਮੁ[੨੭] ਡਰਾਂਉ[੨੮] ॥ ਪੂਰਾ ਸਤਿਗੁਰੁ ਰਸਿ[੨੯] ਮਿਲੈ ਗੁਰੁ ਤਾਰੇ ਹਰਿ ਨਾਉ[੩੦] ॥ ੧ ॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ[੩੧] ਸਚਾ ਸਾਲਾਹਣਾ [੩੨]ਸਚੈ ਥਾਨਿ ਪਿਆਰੁ ॥ ੨ ॥ ਦਰ ਘਰ ਮਹਲਾ ਸੋਹਣੇ ਪਕੇ ਕੋਟ[੩੩] ਹਜਾਰ ॥ ਹਸਤੀ[੩੪] ਘੋੜੇ ਪਾਖਰੇ[੩੫] ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ[੩੬] ॥ ੩ ॥ ਸੁਇਨਾ ਰੁਪਾ ਸੰਚੀਐ[੩੭] ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ[੩੮] ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ[੩੯] ਬਦਫੈਲੀ[੪੦] ਕਿਆ ਹਾਲੁ ॥ ੪ ॥ [੪੧]ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ[੪੨] ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ [੪੩]ਖੇਹੂ ਖੇਹ ਰਲਾਈਐ ਛੋਡਿ ਚਲੈ [੪੪]ਘਰ ਬਾਰੁ ॥ ੫ ॥ ਮਹਰ[੪੫] ਮਲੂਕ[੪੬] ਕਹਾਈਐ ਰਾਜਾ ਰਾਉ[੪੭] ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ [੪੮]ਡਵਿ ਦਧਾ ਕਾਨੁ ॥ ੬ ॥

੧ ਜੋ ਸੰਜੋਗ ਕਰ ਕੇ ਇਕੱਠੇ ਹੋਏ ਹਨ।
੨ ਖਿੜ ਜਾਂਦੇ ਹਨ।
੩ ਖੁਸ਼ੀ।
੪ ਰੰਗੀਲੇ, ਰਸੀਏ, ਅਨੰਦੀ। ਗੁਰਮੁਖ ਲੋਕ ਸ਼ਬਦ ਦੁਆਰਾ ਨਿਹਾਲ ਹੋਏ ਹੋਏ ਦਿਨ ਰਾਤ ਹਰੀ ਨਾਮ ਦਾ ਸੁਆਦ ਲੈਂਦੇ ਰਹਿੰਦੇ ਹਨ।
੫ ਦਿਨ ਰਾਤ।
੬ ਧਨ। ਧਨ ਦੇ ਜਾਣ ਨਾਲ ਚਿੱਤ ਡੋਲਦਾ ਹੈ।
੭ ਸ਼ਕਤੀ ਦੇ ਉਪਾਸ਼ਕ ਦਾ, ਮਾਇਆਧਾਰੀ ਦਾ (ਚਿੱਤ)।
੮ ਖਰਾਬ ਹੋਈਦਾ ਹੈ।
੯ ਹਿਰਦੇਂ ਰੂਪ ਚੰਗੇ ਥਾਂ 'ਤੇ।
੧੦ ਲੁੱਟੀ ਗਈ।
੧੧ ਅਸਲਾ। ਮਿੱਟੀ ਦੀ ਢੇਰੀ 'ਤੇ ਤੂੰ ਹੈਂ।
੧੨ ਪ੍ਰਯਾਨ, ਜਾਣਾ। ਮਾਤਾ ਦੀ ਰਕਤ ਅਤੇ ਪਿਤਾ ਦੀ ਬੂੰਦ ਤੋਂ ਇਹ ਸਰੀਰ ਬਣਿਆ ਹੈ ਅਤੇ ਅੰਤ ਨੂੰ ਅੱਗ ਵਿੱਚ ਇਸ ਨੇ ਚਲੇ ਜਾਣਾ ਹੈ।
੧੩ ਸੁਆਸ। ਹਰ ਇਕ ਦੇ ਮੱਥੇ 'ਤੇ ਇਹ ਸੱਚਾ ਨਿਸ਼ਾਨ ਪਿਆ ਹੈ ਕਿ ਦੇਹ ਸੁਆਸਾਂ ਦੇ ਆਸਰੇ ਹੈ।
੧੪ ਬਿਨਾਂ।
੧੫ ਰਾਤ ਸਮੇਂ।
੧੬ ਮਾਇਆ ਸੱਪਣੀ।
੧੭ ਦੂਜਾ ਭਾਵ, ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ।
੧੮ ਵੇਖ।
੧੯ ਮੱਛੀ ਮਰ ਜਾਂਦੀ ਹੈ।
੨੦ ਪਰਬਤ।
੨੧ ਪੇਕੇ ਘਰ, ਇਸ ਲੋਕ ਵਿੱਚ।
੨੨ ਕਠਿਨ।
੨੩ ਉਥੇ।
੨੪ ਉਸ ਦੀ। ਉਥੇ ਉਸ ਦੀ ਕੋਈ ਪੌੜੀ ਨਹੀਂ।
੨੫ ਮੈਂ ਤਰ ਗਈ।
੨੬ ਸੰਸਾਰ-ਸਾਗਰ।
੨੭ ਕਠਿਨ।
੨੮ ਡਰਾਉਣਾ।
੨੯ ਖੁਸ਼ ਹੋ ਕੇ।
੩੦ ਹਰੀ ਦਾ ਨਾਮ ਦੇ ਕੇ।
੩੧ ਤਾਂ ਤੇ।
੩੨ ਸੱਚੇ ਥਾਂ ਭਾਵ ਸਤਿਸੰਗ ਵਿੱਚ ਪਿਆਰ ਪਾ ਕੇ।
੩੩ ਕਿਲ੍ਹੇ।
੩੪ ਹਾਥੀ।
੩੫ ਕਾਠੀਆਂ, ਅੰਮਾਰੀਆਂ।
੩੬ ਬੇ-ਖ਼ਬਰ, ਗਾਫ਼ਿਲ, ਮੂਰਖ।
੩੭ ਇਕੱਠਾ ਕਰੀਏ।
੩੮ ਦੁਹਾਈ, ਡੌਂਡੀ। ਸਾਰੇ ਜਹਾਨ ਵਿੱਚ ਵਡਿਆਈ ਦਾ ਐਲਾਨ ਹੋ ਜਾਵੇ।
੩੯ ਖੇਡ ਖੇਡ ਲਵੇਗਾ, ਮੁਕਾ ਦੇਵੇਗਾ। ਸਰੀਰ ਦੇ "ਡਿੱਗਣ (ਮੁੱਕਣ) ਨਾਲ ਜੀਵ ਆਪਣੀ ਖੇਡ ਖਤਮ ਕਰ ਦੇਵੇਗਾ, ਉਸ ਵੇਲੇ ਐਬੀਆਂ ਦਾ ਕੀ ਹਾਲ ਹੋਵੇਗਾ?
੪੦ ਬੁਰੇ ਅਮਲਾਂ ਵਾਲਿਆਂ ਦਾ।
੪੧ ਪੁੱਤਰਾਂ ਨੂੰ ਵੇਖ ਕੇ ਖੁਸ਼ ਹੋਈਦਾ ਹੈ, ਅਤੇ ਪਤੀ ਆਪਣੀ ਇਸਤਰੀ ਨੂੰ ਸੇਜ 'ਤੇ ਦੇਖ ਕੇ ਖੁਸ਼ ਹੁੰਦਾ ਹੈ।
੪੨ ਅਤਰ।
੪੩ ਸਰੀਰ ਦੀ ਮਿੱਟੀ, ਮਿੱਟੀ ਵਿੱਚ ਹੀ ਰਲ ਜਾਂਦੀ ਹੈ।
੪੪ ਘਰ ਅਤੇ ਇਸ ਦੀ ਸਮਿਗਰੀ।
੪੫ ਸਰਦਾਰ।
੪੬ ਬਾਦਸ਼ਾਹ।
੪੭ ਰਾਜਾ।
੪੮ ਦਾਵਾ (ਜੰਗਲ ਦੀ) ਅਗਨੀ ਨਾਲ ਸੜਿਆ ਕਾਨਾ।

* **ਸਮੁੱਚਾ ਭਾਵ** :- ਨਾਮ ਤੋਂ ਬਿਨਾਂ ਖੁਸ਼ੀ ਦੇ ਸਮਿਆਨ (ਘਰ-ਬਾਰ, ਇਸਤਰੀ, ਪੁੱਤਰ ਵੱਡੇ ਰੁਤਬੇ ਆਦਿ) ਦੁੱਖ ਦੇ ਸਮਿਆਨ ਬਣ ਜਾਂਦੇ ਹਨ।

† ਏਥੇ ਇਕ ਅਲੰਕਾਰ ਵਰਤਿਆ ਹੈ। ਜਿਵੇਂ ਕੋਈ ਕਿਸੇ ਉੱਚੇ ਪਹਾੜ ਦੇ ਘੇਰੇ ਵਿੱਚ ਘਿਰ ਜਾਵੇ ਤੇ ਲੰਘਣ ਦਾ ਰਾਹ ਨਾ ਵੇਖ ਕੇ ਵਿਆਕੁਲ ਹੁੰਦਾ ਤੇ ਡਰਦਾ ਹੈ। ਤਿਵੇਂ ਇਸ ਸੰਸਾਰ ਰੂਪ ਪੇਕੇ-ਘਰ ਵਿੱਚ ਸੰਸਾਰ ਦੀਆਂ ਮੁਸ਼ਕਲਾਂ ਤੇ ਘੁੰਮਣ ਘੇਰੀਆਂ ਵਿੱਚ ਜੀਵ ਰੂਪ ਇਸਤਰੀ ਆਪਣੀ ਬਿਹਬਲਤਾ ਦੱਸ ਰਹੀ ਹੈ। ਫਿਰ ਗੁਰੂ ਆ ਮਿਲਦਾ ਹੈ ਤੇ ਪਤੀ ਦਾ ਅੰਦਰ ਹੀ ਵਾਸਾ ਦੱਸਦਾ ਹੈ, ਜਿਸ ਤੋਂ ਉਸ ਦਾ ਨਿਸਤਾਰਾ ਹੁੰਦਾ ਹੈ।

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ [੧]ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ[੨] ॥ ੭ ॥ ਨਾਨਕ ਤਰੀਐ ਸਚਿ ਨਾਮਿ ਸਿਰਿ[੩] ਸਾਹਾ ਪਾਤਿਸਾਹੁ ॥ ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ[੪] ॥ ਮਨਮੁਖ ਭਉਜਲਿ ਪਚਿ[੫] ਮੁਏ ਗੁਰਮੁਖਿ ਤਰੇ ਅਥਾਹੁ[੬] ॥ ੮ ॥ ੧੬ ॥ ਸਿਰੀਰਾਗੁ ਮਹਲਾ ੧ ਘਰੁ ੨ ॥ ਮੁਕਾਮੁ[੭] ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ [੮]ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ[੯] ਲੋਕ ॥ ੧ ॥ *ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥ ੧ ॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ[੧੦] ਬਹਹਿ ਦੇਵ ਸਥਾਨਿ[੧੧] ॥ ੨ ॥ ਸੁਰ[੧੨] ਸਿਧ ਗਣ[੧੩] ਗੰਧਰਬ[੧੪] ਮੁਨਿ ਜਨ[੧੫] ਸੇਖ ਪੀਰ ਸਲਾਰ[੧੬] ॥ [੧੭]ਦਰਿ ਕੂਚ ਕੂਚਾ ਕਰਿ ਗਏ ਅਵਰੇ[੧੮] ਭਿ ਚਲਣਹਾਰ ॥ ੩ ॥ ਸੁਲਤਾਨ ਖਾਨ ਮਲੂਕ ਉਮਰੇ[੧੯] ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ[੨੦] ਕਿ ਚਲਣਾ ਦਿਲ ਸਮਝੁ [੨੧]ਤੂੰ ਭਿ ਪਹੂਚੁ ॥ ੪ ॥ [੨੨]ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ [੨੩]ਜਲਿ ਥਲਿ ਮਹੀਅਲਿ ਸੋਇ ॥ ੫ ॥ ਅਲਾਹੁ ਅਲਖੁ ਅਗੰਮੁ ਕਾਦਰੁ[੨੪] ਕਰਣਹਾਰੁ ਕਰੀਮੁ[੨੫] ॥ ਸਭ ਦੁਨੀ ਆਵਣ ਜਾਵਣੀ ਮੁਕਾਮੁ[੨੬] ਏਕੁ ਰਹੀਮੁ ॥ ੬ ॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ[੨੭] ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥ †ਦਿਨ ਰਵਿ[੨੮] ਚਲੈ ਨਿਸਿ ਸਸਿ[੨੯] ਚਲੈ ਤਾਰਿਕਾ ਲਖ ਪਲੋਇ[੩੦] ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ[੩੧] ॥ ੮ ॥ ੧੭ ॥ ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਸਿਰੀਰਾਗੁ ਮਹਲਾ ੩‡ ਘਰੁ ੧ ਅਸਟਪਦੀਆ§ ੴ ਸਤਿਗੁਰ ਪ੍ਰਸਾਦਿ ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥ [੩੨]ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥ ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ ॥ ੧ ॥ ਭਾਈ ਰੇ ਭਗਤਿਹੀਣੁ[੩੩] ਕਾਹੇ ਜਗਿ ਆਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥ ਆਪੇ ਹਰਿ ਜਗਜੀਵਨੁ ਦਾਤਾ ਆਪੇ ਬਖਸਿ ਮਿਲਾਏ ॥ ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥ ੨ ॥ ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ

੧ ਸਾਰਾ ਸੰਸਾਰ ਕੱਜਲ ਦੀ ਕੋਠੜੀ ਹੈ, ਜਿਸ ਵਿੱਚ ਤਨ, ਮਨ ਤੇ ਸਾਰੀ ਜ਼ਿੰਦਗੀ ਸੁਆਹ ਵਰਗੀ ਕਾਲੀ ਹੋ ਗਈ ਹੈ। 'ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥ ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥' (ਆਸਾ ਮ: ੫)।

੨ ਅਗਨੀ। ਤ੍ਰਿਸ਼ਨਾ-ਅਗਨੀ ਸ਼ਬਦ ਦੁਆਰਾ ਦੂਰ ਕੀਤੀ ਹੈ।

੩ ਸ਼ਰੋਮਣੀ, ਵੱਡਾ।

੪ ਖ਼ਰੀਦਿਆ ਹੈ।

੫ ਖ਼ੁਆਰ ਹੋ ਕੇ।

੬ ਡੂੰਘਾ (ਸਾਗਰ)।

੭ ਠਹਿਰਨ ਦੀ ਥਾਂ। ਅਸੀਂ ਏਥੇ ਘਰ ਬਣਾਈ ਬੈਠੇ ਹਾਂ, ਪਰ ਨਿੱਤ ਤੁਰ ਜਾਵਣ ਦੀ ਧੁਖ-ਧੁਖੀ ਲੱਗੀ ਰਹਿੰਦੀ ਹੈ।

੮ ਇਸ ਲੋਕ ਨੂੰ ਪੱਕਾ ਮੁਕਾਮ ਕਰ ਕੇ ਤਦ ਹੀ ਮੰਨ ਸਕਦੇ ਹਾਂ, ਜੇਕਰ ਇਹ ਕਾਇਮ ਰਹੇ।

੯ ਸਥਿਰ, ਕਾਇਮ ਰਹਿਣ ਵਾਲਾ। ਲੋਕ=ਦੁਨੀਆਂ।

੧੦ ਕਰਾਮਾਤਾਂ ਵਾਲੇ ਜੋਗੀ।

੧੧ ਦੇਵਤਿਆਂ ਦੇ ਮੰਦਰ ਵਿੱਚ।

੧੨ ਦੇਵਤੇ।

੧੩ ਸ਼ਿਵ ਆਦਿਕ ਦੇ ਸੇਵਕ।

੧੪ ਦੇਵ ਲੋਕ ਦੇ ਗਵੱਯੇ।

੧੫ ਮੋਨੀ ਜਨ=ਮੋਨ ਧਾਰਨ ਵਾਲੇ।

੧੬ ਸਰਦਾਰ।

੧੭ ਕੂਚ ਦਰ ਕੂਚ। ਵਾਰੋ ਵਾਰੀ ਚਲੇ ਗਏ।

੧੮ ਬਾਕੀ ਦੇ।

੧੯ ਅਮੀਰ ਲੋਕ।

੨੦ ਦੋ ਘੜੀ ਦੇ ਸਮੇਂ ਵਿੱਚ।

੨੧ ਤੂੰ ਭੀ ਜਾਵਣ ਵਾਲਾ ਹੈਂ।

੨੨ ਗੁਰ-ਸ਼ਬਦ ਦਵਾਰਾ। ਇਹ ਗੱਲ ਬਾਣੀ ਵਿੱਚ ਦੱਸੀ ਜਾ ਰਹੀ ਹੈ ਕਿ ਉਹ ਹਰੀ ਜਲ, ਥਲ ਵਿੱਚ ਹੈ, ਪਰ ਬੁੱਝਦਾ ਕੋਈ ਵਿਰਲਾ ਹੀ ਹੈ।

੨੩ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ।

੨੪ ਕੁਦਰਤ ਵਾਲਾ।

੨੫ ਬਖ਼ਸ਼ਿਸ਼ ਕਰਨ ਵਾਲਾ।

੨੬ ਟਿਕਣ ਵਾਲਾ ਕਾਇਮ।

੨੭ ਸਿਰ 'ਤੇ।

੨੮ ਸੂਰਜ।

੨੯ ਚੰਨ।

੩੦ ਤੁਰ ਜਾਂਦੇ ਹਨ। ਲੋਪ ਹੋ ਜਾਂਦੇ ਹਨ।

੩੧ [ਫ਼ਾਰਸੀ] ਕਹੋ।

੩੨ ਜੇ ਗੁਰੂ ਆਪਣੇ ਆਪ ਨਾਲ ਆਪ ਹੀ ਸਿੱਖ ਨੂੰ ਮਿਲਾਵੇ ਤਾਂ ਉਹ ਬੁੱਝਦਾ ਹੈ।

੩੩ ਭਗਤੀ ਤੋਂ ਬਿਨਾਂ।

* ਇਹ ਦੁਨੀਆਂ ਕਿਵੇਂ ਟਿਕਣ ਦੀ ਥਾਂ ਹੋ ਸਕਦੀ ਹੈ? ਕਈ ਮੁਸਲਮਾਨ ਫ਼ਕੀਰ ਇਕ ਥਾਂ ਨੂੰ 'ਮੁਕਾਮ' ਜਾਂ ਤਕੀਆ ਬਣਾ ਕੇ ਬਹਿ ਜਾਂਦੇ ਹਨ। ਇਹ ਸ਼ਬਦ ਉਨ੍ਹਾਂ ਪ੍ਰਤੀ ਉਚਾਰਿਆ ਗਿਆ ਹੈ। "ਮੁਲਾ ਬਹੈ ਮੁਕਾਮਿ"।

† ਦਿਨ ਅਤੇ ਸੂਰਜ ਚਲੇ ਜਾਣਗੇ, ਰਾਤ ਅਤੇ ਚੰਨ ਚਲੇ ਜਾਣਗੇ, ਲੱਖਾਂ ਤਾਰੇ ਲੋਪ ਹੋ ਜਾਣਗੇ। ਬੱਸ ਰਹਿਣਾ ਕੇਵਲ ਉਸੇ ਇਕ ਨੇ ਹੈ।

‡ ਅਗਲੀਆਂ ੧੦ ਅਸ਼ਟਪਦੀਆਂ ਦਾ ਮਜ਼ਮੂਨ ਇਹ ਹੈ : ਰੱਬ ਦੀ ਭਗਤੀ ਬਿਨਾਂ ਜੀਵਨ ਵਿਅਰਥ ਹੈ, ਅਤੇ ਇਹ ਭਗਤੀ-ਭਾਵ ਗੁਰੂ ਤੋਂ ਮਿਲਦਾ ਹੈ।

§ ਇਸ ਅਸ਼ਟਪਦੀ ਦੇ ਪਹਿਲੇ ਤਿੰਨ ਤੇ ਅੰਤਲਾ ਇਕ ਪਦ ਪੰ: ੩੨ ਉੱਤੇ ੧੫ਵਾਂ ਚੌਪਦਾ ਕਰ ਕੇ ਦਿੱਤਾ ਹੈ।

ਨਾਲਿ ਨ ਜਾਈ ॥ ਸਤਿਗੁਰੁ ਸੇਵਿ [੧]ਗੁਣ ਨਿਧਾਨੁ ਪਾਇਆ ਤਿਸ ਕੀ ਕੀਮ[੨]
ਨ ਪਾਈ ॥ ਪ੍ਰਭੁ ਸਖਾ[੩] ਹਰਿ ਜੀਉ ਮੇਰਾ ਅੰਤੇ ਹੋਇ ਸਖਾਈ[੪] ॥ ੩ ॥
[੫]ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥ ਬਿਨੁ ਸਤਿਗੁਰ ਕੋ
ਮਗੁ[੬] ਨ ਜਾਣੈ ਅੰਧੇ ਠਉਰ[੭] ਨ ਕਾਈ ॥ ਹਰਿ ਸੁਖਦਾਤਾ ਮਨਿ ਨਹੀ ਵਸਿਆ
ਅੰਤਿ ਗਇਆ ਪਛੁਤਾਈ ॥ ੪ ॥ ਪੇਈਅੜੈ ਜਗਜੀਵਨੁ ਦਾਤਾ ਗੁਰਮਤਿ
ਮੰਨਿ ਵਸਾਇਆ ॥ ਅਨਦਿਨੁ[੮] ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ
ਚੁਕਾਇਆ ॥ *ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥ ੫ ॥
ਆਪੇ ਨਦਰਿ ਕਰੇ ਭਾਉ[੯] ਲਾਏ ਗੁਰ ਸਬਦੀ ਬੀਚਾਰਿ ॥ ਸਤਿਗੁਰੁ ਸੇਵਿਐ
[੧੦]ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ ॥ ਹਰਿ ਗੁਣਦਾਤਾ ਸਦ ਮਨਿ ਵਸੈ
ਸਚੁ ਰਖਿਆ ਉਰ ਧਾਰਿ[੧੧] ॥ ੬ ॥ ਪ੍ਰਭੁ ਮੇਰਾ ਸਦਾ ਨਿਰਮਲਾ[੧੨] ਮਨਿ
ਨਿਰਮਲਿ ਪਾਇਆ ਜਾਇ ॥ [੧੩]ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ
ਸਭੁ ਜਾਇ ॥ ਸਤਿਗੁਰਿ ਸਬਦੁ ਸੁਣਾਇਆ [੧੪]ਹਉ ਸਦ ਬਲਿਹਾਰੈ ਜਾਉ ॥
੭ ॥ ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ[੧੫] ਨ ਜਾਈ ॥ ਹਰਿ
ਜੀਉ [੧੬]ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ ॥ ਨਾਨਕ
ਸੋਭਾ ਸੁਰਤਿ† ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥ ੮ ॥ ੧ ॥ ੧੮ ॥
ਸਿਰੀਰਾਗੁ ਮਹਲਾ ੩ ॥ ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ
ਆਇ ॥ ਜਿ ਸਤਿਗੁਰੁ ਸੇਵਨਿ ਸੇ ਉਬਰੇ[੧੭] ਹਰਿ ਸੇਤੀ ਲਿਵ ਲਾਇ ॥ ੧ ॥
ਮਨ ਰੇ ਗੁਰਮੁਖਿ ਨਾਮੁ ਧਿਆਇ ॥ ਧੁਰਿ ਪੂਰਬਿ[੧੮] ਕਰਤੈ ਲਿਖਿਆ ਤਿਨਾ
ਗੁਰਮਤਿ ਨਾਮਿ ਸਮਾਇ ॥ ੧ ॥ ਰਹਾਉ ॥ ਵਿਣੁ ਸਤਿਗੁਰ ਪਰਤੀਤਿ ਨ
ਆਵਈ ਨਾਮਿ ਨ ਲਾਗੋ ਭਾਉ ॥ ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ
ਸਮਾਇ ॥ ੨ ॥ ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ[੧੯] ਨ ਮੇਟਿਆ
ਜਾਇ ॥ ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ [੨੦]ਪਏ ਦਰਿ ਥਾਇ ॥
੩ ॥ [੨੧]ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ[੨੨] ਭੀ ਬਿਖੁ[੨੩] ਫਲੁ ਲਾਗੈ ਧਾਇ[੨੪] ॥ ੪ ॥ ਸੇ ਜਨ
ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ ਸਤਿਗੁਰ ਕਾ ਭਾਣਾ
ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥ ੫ ॥ ਮਨਹਠਿ ਕਿਤੈ ਉਪਾਇ ਨ
ਛੂਟੀਐ [੨੫]ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ ਮਿਲਿ ਸੰਗਤਿ ਸਾਧੂ ਉਬਰੇ ਗੁਰ
ਕਾ ਸਬਦੁ ਕਮਾਇ ॥ ੬ ॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ
ਪਾਰਾਵਾਰੁ[੨੬] ॥ ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥ ੭ ॥
ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ[੨੭] ਪਾਈਐ

੧ ਗੁਣਾਂ ਦਾ ਖ਼ਜ਼ਾਨਾ, ਭਾਵ ਵਾਹਿਗੁਰੂ।
੨ ਕੀਮਤ।
੩ ਮਿੱਤਰ।
੪ ਸਹਾਈ, ਮੱਦਦਗਾਰ।
੫ ਪੇਕੇ ਘਰ ਵਿੱਚ, ਭਾਵ ਇਸ ਸੰਸਾਰ ਵਿੱਚ ਹੀ ਉਹ ਦਾਤਾ, ਜੋ ਸੰਸਾਰ ਦੀ ਜਿੰਦ ਜਾਨ ਹੈ, ਵੱਸਦਾ ਹੈ, ਪਰ ਮਨੁੱਖ ਨੇ ਉਸ ਵਲੋਂ ਮੂੰਹ ਮੋੜ ਕੇ (ਭਾਵ ਮਨਮੁਖ ਹੋ ਕੇ) ਆਪਣੀ ਪਤ ਗਵਾ ਲਈ ਹੈ।
੬ ਰਸਤਾ।
੭ ਥਾਂ, ਟਿਕਾਣਾ।
੮ ਹਰ ਰੋਜ਼, ਲਗਾਤਾਰ, ਇਕਰਸ।
੯ ਪਿਆਰ।
੧੦ ਹੰਕਾਰ ਤੇ ਲਾਲਚ ਨੂੰ ਮਾਰ ਕੇ ਪੂਰਨ ਗਿਆਨ 'ਤੇ ਅਡੋਲਤਾ ਵਾਲੀ ਹਾਲਤ ਪੈਦਾ ਹੁੰਦੀ ਹੈ।
੧੧ ਹਿਰਦੇ ਵਿੱਚ ਧਾਰ ਕੇ।
੧੨ ਸਾਫ਼ ਦਿਲ ਦੁਆਰਾ।
੧੩ ਜੇ ਹਰੀ ਦਾ ਨਾਮ, ਜੋ ਨਿਧੀਆਂ ਦਾ ਖ਼ਜ਼ਾਨਾ ਹੈ, ਮਨ ਵਿੱਚ ਵਸੇ। ਨਿਧੀਆਂ, ਦੇਖੋ ਪੰਨਾ ੧੦, ਫੁਟ ਨੋਟ §।
੧੪ ਮੈਂ ਉਸ ਤੋਂ ਸਦਾ ਕੁਰਬਾਨ ਜਾਂਦਾ ਹਾਂ।
੧੫ ਆਪਾ ਭਾਵ, ਹਉਮੈ। ਆਪਣੇ ਦਿਲ ਵਿੱਚ ਕੋਈ ਪਿਆ ਆਖੇ ਤੇ ਹੋਰਨਾਂ ਪਾਸੋਂ ਅਖਵਾਏ ਕਿ ਮੈਂ ਹਉਮੈ ਤੋਂ ਖਾਲੀ ਹਾਂ, ਪਰ ਗੁਰੂ ਦੀ ਸਹਾਇਤਾ ਤੋਂ ਬਿਨਾਂ ਹਉਮੈ ਜਾਂਦੀ ਨਹੀਂ।
੧੬ ਭਗਤੀ ਨੂੰ ਪਿਆਰ ਕਰਨ ਵਾਲਾ ਵਾਹਿਗੁਰੂ।
੧੭ ਬਚ ਗਏ।
੧੮ ਪਹਿਲਾਂ ਤੋਂ, ਮੁੱਢ ਤੋਂ।
੧੯ ਕੀਤੇ ਕੰਮਾਂ ਤੋਂ ਪਏ ਸੰਸਕਾਰ। ਜੇ ਉਹਨਾਂ ਤੋਂ ਹਰੀ-ਸਿਮਰਨ ਕਰਾਣਾ ਚਾਹੀਏ ਤਾਂ ਕਰਮਾਂ ਤੋਂ ਬਣਿਆ ਸੁਭਾਅ ਕੁਝ ਨਹੀਂ ਕਰਨ ਦਿੰਦਾ।
੨੦ ਉਸ ਦੇ ਦਰ 'ਤੇ ਕਬੂਲ ਹਨ।
੨੧ ਗੁਰੂ ਤਾਂ ਆਪਣਾ ਸ਼ਬਦ ਪ੍ਰੇਮ ਨਾਲ ਸਮਝਾ ਰਿਹਾ ਹੈ।
੨੨ ਸਿੰਚੀਏ।
੨੩ ਜ਼ਹਿਰ ਵਾਂਗੂ ਕੌੜਾ।
੨੪ ਦੌੜ ਕੇ। ਉਹ ਕਿਰਪਾ-ਹੀਨ ਇਉਂ ਹਨ; ਜਿਵੇਂ ਜ਼ਹਿਰੀਲਾ ਦਰੱਖ਼ਤ ਹੁੰਦਾ ਹੈ। ਜੇ ਉਸ ਨੂੰ ਸੌ ਵੇਰ ਪਏ ਅੰਮ੍ਰਿਤ ਪਾ ਪਾ ਕੇ ਸਿੰਜੋ, ਫਿਰ ਭੀ ਉਸ ਨੂੰ ਫਲ ਆਮ ਕਰ ਕੇ ਜ਼ਹਿਰੀਲਾ ਹੀ ਲੱਗੇਗਾ।
੨੫ ਦੇਖੋ ਪੰ: ੧੧ ਫੁਟ ਨੋਟ * ਅਤੇ †।
੨੬ ਪਾਰ ਉਰਾਰ, ਹੱਦ।
੨੭ ਗੁਰੂ ਦੀ ਕਿਰਪਾ ਦੁਆਰਾ।

* ਜੈਸੇ ਇਸ਼ਟ ਨੂੰ ਕੋਈ ਪਿਆਰ ਕਰਦਾ ਹੈ, ਵੈਸਾ ਹੀ ਉਹ ਆਪ ਹੋ ਜਾਂਦਾ ਹੈ, (ਇਸੇ ਤਰ੍ਹਾਂ) ਓਹ ਸੱਚੇ ਹੋਣ ਕਰ ਕੇ ਸੱਚ ਵਿੱਚ ਸਮਾ ਜਾਂਦੇ ਹਨ: "ਜੈਸਾ ਸੇਵੈ ਤੈਸੋ ਹੋਇ" (ਗਉੜੀ ਮ: ੧)।

† ਉੱਚੀ ਜਾਗਰਤ। ਪ੍ਰਭੂ ਆਪੇ ਹੀ ਜਸ ਅਤੇ ਉੱਚੀ ਬ੍ਰਿਤੀ ਦਿੰਦਾ ਹੈ, ਤੇ ਆਪੇ ਹੀ ਗੁਰੂ ਦੁਆਰਾ ਉੱਚੇ ਹੋਣ ਦੀ ਰੁਚੀ ਦਿੰਦਾ ਹੈ। ਇਥੇ 'ਵਡਿਆਈ' ਤੋਂ ਭਾਵ ਉੱਚੇ ਹੋਣ ਦੀ ਵਿਕਾਸ ਬ੍ਰਿਤ ਹੈ, ਜਿਸ ਦਾ ਜ਼ਿਕਰ ਹੇਠ ਲਿਖੀਆਂ ਤੁਕਾਂ ਵਿੱਚ ਹੈ : "ਮਾਣਸ ਕਉ ਪ੍ਰਭਿ ਦੀਈ ਵਡਿਆਈ" (ਮਾਰੂ ਮ: ੫) "ਤਿਨਿ ਕਰਤੈ ਲੇਖੁ ਲਿਖਾਇਆ॥ ਲਿਖੁ ਦਾਤਿ ਜੋਤਿ ਵਡਿਆਈ॥ ਮਿਲਿ ਮਾਇਆ ਸੁਰਤਿ ਗਵਾਈ॥" (ਮਾਰੂ ਮ: ੧)।

ਕਰਮਿ[੧] ਪਰਾਪਤਿ ਹੋਇ ॥ ੮ ॥ ੨ ॥ ੧੯ ॥ ਸਿਰੀਰਾਗੁ ਮਹਲਾ ੩ ॥ [੨]ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ [੩]ਸਹਜਿ ਰਹੈ [੪]ਉਡੈ ਨ ਆਵੈ ਜਾਇ ॥ [੫]ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥ ੧ ॥ ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ [੬]ਅਨਦਿਨੁ ਰਾਚਹਿ ਹਰਿ ਨਾਇ ॥ ੧ ॥ ਰਹਾਉ ॥ ਪੰਖੀ ਬਿਰਖ ਸੁਹਾਵੜੇ [੭]ਊਡਹਿ ਚਹੁ ਦਿਸਿ ਜਾਹਿ ॥ ਜੇਤਾ ਊਡਹਿ ਦੁਖ ਘਣੇ[੮] ਨਿਤ ਦਾਝਹਿ[੯] ਤੈ ਬਿਲਲਾਹਿ[੧੦] ॥ ਬਿਨੁ ਗੁਰ ਮਹਲੁ[੧੧] ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥ ੨ ॥ [੧੨]ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥ [੧੩]ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ [੧੪]ਆਪੇ ਦੇਇ ਖਵਾਇ ॥ ੩ ॥ [੧੫]ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ[੧੬] ॥ ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥ ੪ ॥ ਹੁਕਮੇ ਕਰਮ ਕਮਾਵਣੇ [੧੭]ਪਇਐ ਕਿਰਤਿ ਫਿਰਾਉ ॥ ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥ ੫ ॥ ਹੁਕਮੁ ਨ ਜਾਣਹਿ ਬਪੁੜੇ[੧੮] ਭੂਲੇ ਫਿਰਹਿ ਗਵਾਰ[੧੯] ॥ ਮਨਹਠਿ[੨੦] ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥ ੬ ॥ ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ[੨੧] ॥ ੭ ॥ *ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥ ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥ ਨਾਨਕ ਨਾਮਿ ਵਡਾਈਆ ਕਰਮਿ[੨੨] ਪਰਾਪਤਿ ਹੋਇ ॥ ੮ ॥ ੩ ॥ ੨੦ ॥ ਸਿਰੀਰਾਗੁ ਮਹਲਾ ੩ ॥ ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ [੨੩]ਮੁਖ ਊਜਲੇ ਹਰਿ ਵਸਿਆ ਮਨਿ ਆਇ ॥ ਸਹਜੇ[੨੪] ਹੀ ਸੁਖੁ ਪਾਈਐ ਸਹਜੇ ਰਹੇ ਸਮਾਇ ॥ ੧ ॥ ਭਾਈ ਰੇ ਦਾਸਨਿ ਦਾਸਾ ਹੋਇ ॥ ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥ ੧ ॥ ਰਹਾਉ ॥ ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ[੨੫] ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥ ਸਬਦਿ ਮਿਲੀ ਨਾ ਵੀਛੁੜੈ [੨੬]ਪਿਰ ਕੈ ਅੰਕਿ ਸਮਾਇ ॥ ੨ ॥ ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ ਗੁਰਮਤੀ ਹਰਿ ਸਦਾ ਪਾਇਆ ਰਸਨਾ[੨੭] ਹਰਿ ਰਸੁ ਸਮਾਇ ॥ ੩ ॥ ਮਾਇਆ ਮੋਹੁ ਚੁਕਾਇਆ[੨੮] ਗੁਰਮਤੀ

੧ ਬਖ਼ਸ਼ਿਸ਼ ਦੁਆਰਾ।
੨ ਜੀਵ ਰੂਪ ਪੰਛੀ, ਸਰੀਰ ਰੂਪ ਰੁੱਖ ਤੇ ਸੁੰਦਰ ਤਦੇ ਹੈ ਜੇ ਉਹ ਗੁਰੂ ਦੇ ਪਿਆਰ ਵਿੱਚ ਸੱਚ ਰੂਪ ਚੋਗ ਚੁਗਦਾ ਹੈ।
੩ ਤੁਰੀਆ ਅਵਸਥਾ ਦੇ ਟਿਕਾਉ ਵਿੱਚ ਰਹਿੰਦਾ ਹੈ।
੪ ਭਟਕਦਾ ਨਹੀਂ।
੫ ਆਪਣੇ ਅਸਲੀ ਟਿਕਾਣੇ ਵਿੱਚ ਰਹਿਣਾ ਮਿਲਿਆ ਹੈ।
੬ ਰਾਤ ਦਿਨ ਸਮਾਇਆ ਰਹੇ।
੭ ਚਾਰੇ ਤਰਫ਼, ਸਭ ਪਾਸੇ ਭਟਕਦੇ ਫਿਰਦੇ ਹਨ।
੮ ਬਹੁਤੇ।
੯ ਸੜਦੇ ਹਨ।
੧੦ ਵਿਲ੍ਕਦੇ ਹਨ, ਰੋਂਦੇ-ਖਪਦੇ ਹਨ।
੧੧ ਆਪਣਾ ਟਿਕਾਣਾ।
੧੨ ਗੁਰਮੁਖ ਬ੍ਰਹਮ-ਰੂਪ ਹਰਾ-ਭਰਾ ਰੁੱਖ ਹੈ, ਜੋ ਸੁਭਾਵਕ ਹੀ ਸੱਚੇ ਹਰੀ ਵਿੱਚ ਹੈ।
੧੩ ਤਿੰਨ ਗੁਣ ਰੂਪ ਸ਼ਾਖਾਂ ਨੂੰ ਦੂਰ ਕੀਤਾ ਹੈ।
੧੪ ਗੁਰਮੁਖ ਆਪ ਹੀ ਲੋੜਵੰਦਾਂ ਨੂੰ ਉਹ ਅੰਮ੍ਰਿਤ ਫ਼ਲ ਹਰੀ ਰੂਪ ਖਵਾਲਦਾ ਹੈ।
੧੫ ਮਨਮੁਖ ਖੜੋਤੇ ਹੀ ਸੁੱਕ ਗਏ (ਦਰੱਖ਼ਤ ਵਾਂਗੂੰ)।
੧੬ ਪਿੰਡ ਠਿਕਾਣਾ। ਨਾ ਉਨ੍ਹਾਂ ਦੀ ਆਪਣੀ ਸ਼ਖ਼ਸੀਅਤ ਵਿੱਚ ਤੇ ਨਾ ਉਨ੍ਹਾਂ ਦੀ ਸੰਗਤ ਵਿੱਚ ਕੁਝ ਹੈ।
੧੭ ਧੁਰੋਂ ਪਈ ਹੋਈ ਕਿਰਤ ਅਨੁਸਾਰ, ਕੀਤੇ ਕਰਮਾਂ ਅਨੁਸਾਰ, ਫਿਰਾਏ ਜਾਂਦੇ ਹਨ, ਅਰਥਾਤ ਜੂਨਾਂ ਵਿੱਚ ਭਵਾਏ ਜਾਂਦੇ ਹਨ।
੧੮ ਵਿਚਾਰੇ।
੧੯ ਮੂਰਖ।
੨੦ ਗੁਰੂ ਤੋਂ ਅਗਵਾਈ ਲੈਣ ਤੋਂ ਬਿਨਾਂ, ਨਿਰੀ ਮਨ ਦੀ ਜ਼ਿੱਦ ਨਾਲ।
੨੧ ਨਿਸਤਾਰਾ।
੨੨ ਬਖ਼ਸ਼ਿਸ਼ ਦੁਆਰਾ।
੨੩ ਚਿਹਰੇ ਚਮਕਦੇ ਹਨ, ਸੁਰਖ਼ਰੂ ਹੁੰਦੇ ਹਨ।
੨੪ ਕੁਦਰਤੀ ਤਰੀਕੇ ਨਾਲ, ਸੁਭਾਵਕ ਹੀ।
੨੫ ਭਾਣੇ ਅਨੁਸਾਰ।
੨੬ ਪਤੀ ਦੇ ਅੰਗ ਲੱਗ ਜਾਂਦੀ ਹੈ।
੨੭ ਜ਼ੁਬਾਨ ਵਿੱਚ।
੨੮ ਦੂਰ ਕੀਤਾ।

* ਹਰੀ ਦੀ ਅੱਖ ਹੇਠਾਂ, ਉਸ ਦੀ ਸੰਭਾਲ ਵਿੱਚ ਹੀ ਸਾਰੇ ਜੀਵ ਕੰਮ ਕਰਦੇ ਹਨ। ਕੋਈ ਵੀ ਉਸ ਦੀ ਨਜ਼ਰ ਤੋਂ ਓਹਲੇ ਨਹੀਂ। ਸੱਚਾ ਵਾਹਿਗੁਰੂ ਜਿਵੇਂ ਕਿਸੇ 'ਤੇ ਨਜ਼ਰ ਕਰ ਕੇ ਵੇਖਦਾ ਹੈ, ਵੈਸਾ ਹੀ ਉਸ ਦਾ ਆਚਰਣ ਬਣ ਜਾਂਦਾ ਹੈ। ਮਿਹਰ ਦੀ ਨਜ਼ਰ ਕਰੇ ਤਾਂ ਗੁਰਮੁਖ ਹੋ ਕੇ ਸੰਵਰ ਜਾਂਦਾ ਹੈ, ਜੇ ਕਰੋਪੀ ਕਰੇ ਤਾਂ ਮਨਮੁਖ ਬਣ ਜਾਂਦਾ ਹੈ।

[੧]ਸਹਜਿ ਸੁਭਾਇ ॥ ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥ ੪ ॥ ਮਾਇਆ ਭੂਲੇ ਸਿਧ[੨] ਫਿਰਹਿ ਸਮਾਧਿ ਨ ਲਗੈ ਸੁਭਾਇ[੩] ॥ [੪]ਤੀਨੇ ਲੋਅ ਵਿਆਪਤ ਹੈ ਅਧਿਕ[੫] ਰਹੀ ਲਪਟਾਇ[੬] ॥ ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ[੭] ਮਾਇਆ ਜਾਇ ॥ ੫ ॥ ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ[੮] ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥ ੬ ॥ ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥ ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ [੧]ਸਹਜਿ ਸੁਭਾਇ ॥ ੭ ॥ ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥ [੯]ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ[੧੦] ਮਿਲਿਆ ਪ੍ਰਭੁ ਸੋਇ ॥ ਨਾਨਕ ਸਬਦੇ ਹਰਿ ਸਾਲਾਹੀਐ ਕਰਮਿ[੧੧] ਪਰਾਪਤਿ ਹੋਇ ॥ ੮ ॥ ੪ ॥ ੨੧ ॥ ਸਿਰੀਰਾਗੁ ਮਹਲਾ ੩ ॥ ਮਾਇਆ ਮੋਹੁ [੧੨]ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥ ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ[੧੩] ਜਨਮੁ ਗਵਾਏ ॥ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ[੧੧] ਵਸੈ ਮਨਿ ਆਏ ॥ ੧ ॥ ਮਨ ਰੇ ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ[੧੦] ਮਿਲੈ ਪ੍ਰਭੁ ਸੋਇ ॥ ੧ ॥ ਰਹਾਉ ॥ ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥ [੧੪]ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥ ੨ ॥ ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ[੧੫] ਪਾਈ ॥ [੧੬]ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ ਸੁਰਿ ਨਰ[੧੭] ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥ ੩ ॥ *ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ [੧੮]ਦੂਜਾ ਭਾਉ ਨ ਜਾਣੈ ॥ [੧੯]ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥ ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥ ੪ ॥ [੨੦]ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ ਸਤਿਗੁਰੁ ਸੇਵਹਿ ਤਾ [੨੧]ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥ ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ[੨੨] ॥ ੫ ॥ ਪੰਡਿਤ ਪੜਿ ਪੜਿ ਵਾਦੁ[੨੩] ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥ ਲਖ ਚਉਰਾਸੀਹ ਫੇਰੁ[੨੪] ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥ ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥ ੬ ॥ ਸਤਸੰਗਤਿ ਮਹਿ

੧ (ਗੁਰਮਤ ਦੁਆਰਾ) ਸੁਭਾਵਕ ਹੀ।
੨ ਕਰਾਮਾਤਾਂ ਦੀ ਚੇਸ਼ਟਾ ਵਾਲੇ ਜੋਗੀ।
੩ ਸੁਭਾਵਕ, ਕੁਦਰਤੀ ਤਰੀਕੇ ਨਾਲ।
੪ ਤਿੰਨਾਂ ਲੋਕਾਂ ਵਿੱਚ ਫੈਲੀ ਹੋਈ ਹੈ।
੫ ਬਹੁਤ।
੬ ਚੰਬੜੀ ਹੈ।
੭ ਦ੍ਵੈਤ ਵਿੱਚ ਰੱਖਣ ਵਾਲੀ।
੮ ਬੱਧਾ ਹੈ। ਦੁੱਖ ਸੁਖ ਵਿੱਚ ਇਹ ਜੀਵ ਬੰਨ੍ਹਿਆ ਰਹਿੰਦਾ ਹੈ ਤੇ ਹਉਮੈ ਵਿੱਚ ਹੋ ਕੇ ਕਰਮ ਕਰਦਾ ਹੈ, ਇਹੋ ਮਾਇਆ ਹੈ।
੯ ਭਗਤੀ ਨੂੰ ਪਿਆਰ ਕਰਨ ਵਾਲਾ, ਭਗਤੀ ਦਾ ਚਾਹਵਾਨ ਹਰੀ।
੧੦ ਸੁਤੇ ਹੀ।
੧੧ ਮਿਹਰ ਦੁਆਰਾ।
੧੨ ਮੇਰੇ ਪ੍ਰਭੂ ਨੇ ਕੀਤਾ ਹੈ, ਬਣਾਇਆ ਹੈ।
੧੩ ਬੇ-ਅਰਥ, ਫ਼ਜ਼ੂਲ।
੧੪ ਆਪਣੇ ਅਸਲੀ ਸਰੂਪ ਵਿੱਚ ਸੱਚ ਦੁਆਰਾ ਸਮਾਈਦਾ ਹੈ।
੧੫ ਗਤੀ, ਉੱਚੀ ਅਵਸਥਾ।
੧੬ ਬ੍ਰਹਮ ਵੇਤਾ, ਬ੍ਰਹਮ ਦੇ ਜਾਣਨ ਵਾਲੇ।
੧੭ ਸੁਰੀ ਨਰ-ਦੈਵੀ ਗੁਣਾਂ ਵਾਲੇ ਮਨੁੱਖ, ਆਤਮਕ ਰਸ ਵਾਲੇ ਪੁਰਸ਼।
੧੮ ਦ੍ਵੈਤ ਭਾਵ।
੧੯ ਗੁਰੂ ਦੇ ਮਿਲਣ ਨਾਲ।
੨੦ ਜੋਗੀ, ਸੰਨਿਆਸੀ ਆਦਿ ਛੇ ਭੇਖ। ਛੇ ਭੇਖ ਇਹ ਹਨ-ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ, ਬੈਰਾਗੀ।
੨੧ ਗਤੀ (ਉੱਚੀ ਅਵਸਥਾ) ਅਤੇ ਮਰਯਾਦਾ।
੨੨ ਮੁਕਾ ਦੇਂਦਾ ਹੈ।
੨੩ ਝਗੜਾ (ਬਹਿਸਾਂ ਰੂਪ)।
੨੪ ਫੇਰਾ, ਗੇੜਾ।

* ਹਰਨਾਖ਼ਸ਼ ਦੈਂਤ ਦਾ ਪੁੱਤਰ, ਪ੍ਰਹਿਲਾਦ, ਕਰਮ-ਕਾਂਡ, ਜਾਂ ਸੰਜਮ (ਇੰਦਰੀਆਂ ਦੇ ਰੋਕਣ ਦੇ ਸਾਧਨ) ਦੱਸਣ ਵਾਲੀਆਂ ਪੁਸਤਕਾਂ ਨਹੀਂ ਪੜ੍ਹਦਾ ਸੀ, ਕਿਉਂਕਿ ਉਸ ਨੂੰ ਵਾਹਿਗੁਰੂ ਤੋਂ ਛੁੱਟ ਦੂਜੇ ਪਾਸੇ ਦਾ ਪਿਆਰ ਨਹੀਂ ਸੀ। ਉਹ ਤਾਂ ਸੱਚੇ ਗੁਰੂ ਦੇ ਮਿਲਣ ਕਰ ਕੇ ਪਵਿੱਤਰ ਹੋ ਚੁੱਕਾ ਸੀ ਅਤੇ ਹਰ ਰੋਜ਼ ਹਰੀ ਨਾਮ ਹੀ ਉਚਾਰਦਾ ਸੀ।

ਨਾਮੁ ਹਰਿ ਉਪਜੈ[੧] ਜਾ ਸਤਿਗੁਰੁ ਮਿਲੈ ਸੁਭਾਏ ॥ ਮਨੁ ਤਨੁ ਅਰਪੀ[੨] ਆਪੁ ਗਵਾਈ ਚਲਾ ਸਤਿਗੁਰ ਭਾਏ[੩] ॥ ਸਦ ਬਲਿਹਾਰੀ ਗੁਰ ਅਪੁਨੇ ਵਿਟਹੁ[੪] ਜਿ ਹਰਿ ਸੇਤੀ ਚਿਤੁ ਲਾਏ ॥ ੭ ॥ ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ[੫] ਹਰਿ ਸੇਤੀ ਰੰਗਿ[੬] ਰਾਤਾ ॥ ਪ੍ਰਭੁ ਨਿਕਟਿ[੭] ਵਸੈ ਸਭਨਾ [੮]ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥ ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥ ੮ ॥ ੫ ॥ ੨੨ ॥ ਸਿਰੀਰਾਗੁ ਮਹਲਾ ੩ ॥ *ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ[੯] ਥਕੇ ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ[੧੦] ॥ ੧ ॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥ ੧ ॥ ਰਹਾਉ ॥ [੧੧]ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ [੧੨]ਕਥਨੀ ਬਾਦਿ ॥ [੧੩]ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥ ੨ ॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ[੧੪] ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥ ੩ ॥ ਸਹਜੇ ਕਾਲੁ ਵਿਡਾਰਿਆ[੧੫] ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ ੪ ॥ ਮਾਇਆ ਵਿਚਿ ਸਹਜੁ ਨ ਊਪਜੈ [੧੬]ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥ †ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ[੧੭] ਕਿਆ ਕਥੀਐ[੧੮] ਜਾ ਮੁੰਢਹੁ ਘੁਥਾ ਜਾਇ ॥ [੧੯]ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ ੬ ॥ [੨੦]ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ[੨੧] ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥ ੭ ॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ[੨੨] ॥ ਸਹਜੇ ਹੀ ਸੋਝੀ ਪਈ [੨੩]ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ [੨੪]ਪੂਰੇ ਗੁਰ ਕਰਤਾਰਿ ॥ ੮ ॥ ਸਹਜੇ ਅਦਿਸਟੁ[੨੫] ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥ ੯ ॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ[੨੬] ਲਾਹਾ[੨੭] ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ

੧ ਪੈਦਾ ਹੁੰਦਾ ਹੈ।
੨ ਹਵਾਲੇ ਕਰਾਂ।
੩ ਭਾਣੇ ਵਿੱਚ, ਮਰਜ਼ੀ ਵਿੱਚ।
੪ ਉੱਤੋਂ।
੫ ਜਾਣੇ। ਦੇਖੋ ਪੰ: ੫੧੨, ਨੋਟ ੭, ਅਤੇ ਪੰ: ੧੧੨੮, ਨੋਟ ੧।
੬ ਪਿਆਰ (ਸ਼ੌਕ) ਨਾਲ।
੭ ਨੇੜੇ।
੮ ਦਿਲਾਂ ਅੰਦਰ।
੯ ਜੋਤਸ਼ੀ।
੧੦ ਮਰਜ਼ੀ ਅੰਦਰ।
੧੧ ਹਰੀ ਦਾ ਜਸ ਗਾਵਣਾ ਵੀ ਪਿਆਰ ਨਾਲ ਆਪਣੇ ਆਪ ਹੋਵੇ ਤਾਂ ਕਬੂਲ ਹੁੰਦਾ ਹੈ।
੧੨ ਕਥਨੀ ਝਗੜਾਲੂ ਹੋ ਜਾਂਦੀ ਹੈ, ਭਾਵ ਬਹਿਸਣ ਵਾਲੀ ਗੱਲ-ਬਾਤ ਹੁੰਦੀ ਹੈ।
੧੩ ਸਹਿਜ ਵਿੱਚ ਜਾ ਕੇ ਹੀ ਭਗਤੀ ਪੈਦਾ ਹੁੰਦੀ ਹੈ ਅਤੇ ਸਹਿਜ ਕਰ ਕੇ ਹੀ ਪ੍ਰੇਮ ਵਾਲਾ ਤੇ ਵੈਰਾਗ ਵਾਲਾ ਹੋਈਦਾ ਹੈ, ਭਾਵ ਸਹਿਜ ਦੇ ਪਿੱਛੇ ਲੱਗਣ ਨਾਲ ਹੀ ਸਾਡੇ ਅੰਦਰ ਪ੍ਰੇਮ ਤੇ ਵੈਰਾਗ ਦੇ ਗੁਣ ਉਪਜਦੇ ਹਨ—ਪਹਿਲਾਂ ਪ੍ਰੇਮ ਫਿਰ ਉਸ ਵਿੱਚੋਂ ਵੈਰਾਗ ਤੇ ਵੈਰਾਗ ਵਿੱਚੋਂ ਸਹਿਜ ਅਵਸਥਾ ਪਾਈਦੀ ਹੈ। ਦੇਖੋ ਪੰਨਾ ੭੭੪ ਉੱਤੇ ਤੀਜੀ ਤੇ ਚੌਥੀ ਲਾਂਵ।
੧੪ ਕਈਆਂ ਬੀੜਾਂ ਵਿੱਚ ਪਾਠ 'ਸਹਜੇ' ਹੈ, ਜਿਸ ਦਾ ਪ੍ਰਕਰਣ ਚੱਲ ਰਿਹਾ ਹੈ।
੧੫ ਦੂਰ ਕੀਤਾ, ਮਾਰਿਆ।
੧੬ ਦ੍ਵੈਤ ਭਾਵ ਵਿੱਚ ਮਾਇਆ ਹੈ।
੧੭ ਵਿਚਾਰੀਏ।
੧੮ ਬਿਆਨ ਕਰੀਏ, ਲੈਕਚਰ ਦਈਏ।
੧੯ ਤਿੰਨ ਗੁਣਾਂ ਤੋਂ ਉੱਤੇ ਹੋਣਾ ਚੌਥੀ ਹਾਲਤ ਵਿੱਚ ਹੋਣਾ ਹੈ।
੨੦ ਨਿਰਗੁਣ ਹਰੀ ਦਾ ਨਾਮ ਖ਼ਜ਼ਾਨਾ ਹੈ, ਜਿਸ ਦੀ ਖ਼ਬਰ ਸਹਿਜ ਦੁਆਰਾ ਹੁੰਦੀ ਹੈ।
੨੧ ਸ਼ੋਭਾ, ਸ਼ੁਹਰਤ।
੨੨ ਹਨੇਰਾ।
੨੩ ਸੱਚੇ ਦੇ ਅਪਾਰ ਸ਼ਬਦ ਦੁਆਰਾ।
੨੪ ਪੂਰੇ ਗੁਰੂ-ਕਰਤਾਰ ਨੇ। 'ਗੁਰ ਕਰਤਾਰਿ' ਇਕ ਹਸਤੀ ਹੈ, ਇਸੇ ਕਰ ਕੇ ਸਿਹਾਰੀ ਕਰਤਾ ਕਾਰਕ ਦੀ ਅੰਤਲੇ ਸ਼ਬਦ ਨਾਲ ਦਿੱਤੀ ਹੈ।
੨੫ ਨਾ ਦਿਸਣ ਵਾਲਾ ਹਰੀ।
੨੬ ਹਰ ਰੋਜ਼।
੨੭ ਲਾਭ।

* ਸਹਿਜ ਅਵਸਥਾ ਆਤਮਾ ਦੀ ਉਹ ਹਾਲਤ ਜੋ ਤਿੰਨਾਂ ਗੁਣਾ ਤੋਂ ਉੱਚੀ ਅਸਲੀ ਗਿਆਨ ਵਾਲੀ ਹੁੰਦੀ ਹੈ, ਜਿਸ ਵਿੱਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਰੂਪ ਵਿੱਚ ਟਿਕ ਜਾਂਦਾ ਹੈ। ਉਸ ਅਵਸਥਾ ਵਿੱਚ ਮਨੁੱਖ ਦਾ ਜੀਵਨ ਇਕ ਕੁਦਰਤੀ ਜੀਵਨ ਹੁੰਦਾ ਹੈ, ਨੇਕੀ ਤੇ ਪਿਆਰ ਉਸ ਦੇ ਅੰਦਰੋਂ ਆਪੇ ਫੁੱਟ-ਫੁੱਟ ਨਿਕਲਦਾ ਹੈ, ਸਾਰਾ ਜੀਵਨ ਦਿਖਾਵੇ ਤੋਂ ਰਹਿਤ ਹੁੰਦਾ ਹੈ, ਨੇਕੀ ਵੱਲ ਝੁਕਾਉ ਕਿਸੇ ਹੱਠ, ਲਾਲਚ ਜਾਂ ਦਬਾਉ ਕਰ ਕੇ ਨਹੀਂ, ਸੁਤੇ ਹੀ ਹੁੰਦਾ ਹੈ।

ਸਹਿਜ ਅਵਸਥਾ ਦੇ ਗੁਣ ਇਸ ਸ਼ਬਦ ਵਿੱਚ ਬਹੁਤ ਖੋਲ੍ਹ ਕੇ ਵੇਰਵੇ ਸਹਿਤ ਦਿੱਤੇ ਹਨ।

† ਰਜ, ਸਤ, ਤਮ। ਮਨੁੱਖ ਆਮ ਤੌਰ 'ਤੇ ਤਿੰਨਾਂ ਹਾਲਤਾਂ ਵਿੱਚ ਹੁੰਦੇ ਹਨ। ਗੁੱਸੇ, ਹੰਕਾਰ ਆਦਿ ਵਿੱਚ ਮਨੁੱਖ ਅਗਿਆਨੀ ਹੈ। ਉਹ ਉਸ ਵੇਲੇ ਅੰਧੇਰੇ ਵਿੱਚ ਹੋਣ ਕਰ ਕੇ ਜੜ੍ਹ ਵਤ ਹੈ। ਉਸ ਅੰਦਰ ਤਾਮਸ ਗੁਣ ਬਹੁਤਾ ਹੈ। ਕਈਆਂ ਵਿੱਚ ਖਾਹਸ਼ਾਂ ਦਾ ਬੜਾ ਜ਼ੋਰ ਹੈ ਤੇ ਸੁਖ ਲਈ ਦੌੜਦੇ ਫਿਰਦੇ ਹਨ। ਓਹ ਰਜ ਵਿੱਚ ਹਨ। ਇਨ੍ਹਾਂ ਦੋਹਾਂ ਤੋਂ ਉੱਤੇ ਸਤ ਹੈ, ਜਦੋਂ ਮਨੁੱਖ ਸੰਸਾਰ ਤੋਂ ਉਪਰਾਮ ਹੋ ਕੇ ਇਕ ਉੱਚੀ ਸ਼ਾਂਤੀ ਆਪਣੇ ਅੰਦਰ ਮਹਿਸੂਸ ਕਰਦਾ ਹੈ, ਸੰਸਾਰ ਦੇ ਟੰਟਿਆਂ ਵਿੱਚ ਨਹੀਂ ਪੈਂਦਾ, ਇਨ੍ਹਾਂ ਤਿੰਨਾਂ ਤੋਂ ਉੱਤੇ ਸਹਿਜ ਹੈ।

ਦੀਏ ਦੇਵਣਹਾਰਿ ॥ ੧੦ ॥ ੬ ॥ ੨੩ ॥ ਸਿਰੀਰਾਗੁ ਮਹਲਾ ੩ ॥ ਸਤਿਗੁਰਿ ਮਿਲਿਐ ਫੇਰੁ[੧] ਨ ਪਵੈ ਜਨਮ ਮਰਣ ਦੁਖੁ ਜਾਇ ॥ ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ ॥ ੧ ॥ ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥ ਨਿਰਮਲੁ ਨਾਮੁ ਸਦ ਨਵਤਨੋ[੨] ਆਪਿ ਵਸੈ ਮਨਿ ਆਇ ॥ ੧ ॥ ਰਹਾਉ ॥ ਹਰਿ ਜੀਉ ਰਾਖਹੁ ਅਪੁਨੀ ਸਰਣਾਈ ਜਿਉ ਰਾਖਹਿ ਤਿਉ ਰਹਣਾ ॥ ਗੁਰ ਕੈ ਸਬਦਿ [੩]ਜੀਵਤੁ ਮਰੈ ਗੁਰਮੁਖਿ ਭਵਜਲੁ[੪] ਤਰਣਾ ॥ ੨ ॥ ਵਡੈ ਭਾਗਿ ਨਾਉ ਪਾਈਐ *ਗੁਰਮਤਿ ਸਬਦਿ ਸੁਹਾਈ ॥ ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ[੫] ਰਹਿਆ ਸਮਾਈ ॥ ੩ ॥ ਇਕਨਾ ਮਨਮੁਖਿ ਸਬਦੁ ਨ ਭਾਵੈ [੬]ਬੰਧਨਿ ਬੰਧਿ ਭਵਾਇਆ ॥ [੭]ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥ ੪ ॥ ਭਗਤਾ ਮਨਿ ਆਨੰਦੁ ਹੈ [੮]ਸਚੈ ਸਬਦਿ ਰੰਗਿ ਰਾਤੇ ॥ ਅਨਦਿਨੁ[੯] ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥ ੫ ॥ ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮਰਾਮੁ[੧੦] ਪਛਾਣੀ ॥ ਏਕੋ ਸੇਵਨਿ ਏਕੁ ਅਰਾਧਹਿ[੧੧] ਗੁਰਮੁਖਿ [੧੨]ਅਕਥ ਕਹਾਣੀ ॥ ੬ ॥ ਸਚਾ ਸਾਹਿਬੁ ਸੇਵੀਐ ਗੁਰਮੁਖਿ ਵਸੈ ਮਨਿ ਆਇ ॥ ਸਦਾ ਰੰਗਿ ਰਾਤੇ ਸਚ ਸਿਉ ਅਪੁਨੀ ਕਿਰਪਾ ਕਰੇ ਮਿਲਾਇ ॥ ੭ ॥ ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ ॥ ਆਪੇ ਮੇਲਿ[੧੩] ਮਿਲਾਇਦਾ ਨਾਨਕ ਸਬਦਿ ਸਮਾਇ ॥ ੮ ॥ ੭ ॥ ੨੪ ॥ ਸਿਰੀਰਾਗੁ ਮਹਲਾ ੩ ॥ ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥ ਮਨਿ ਆਨੰਦੁ ਸਦਾ ਸੁਖੁ ਪਾਇਆ [੧੪]ਭੇਟਿਆ ਗਹਿਰ ਗੰਭੀਰੁ ॥ †ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥ ੧ ॥ ਮਨ ਰੇ ਸਤਿਗੁਰੁ ਸੇਵਿ ਨਿਸੰਗੁ[੧੫] ॥ ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ[੧੬] ॥ ੧ ॥ ਰਹਾਉ ॥ ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ[੧੭] ਜਾਉ ॥ ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥ ੨ ॥ ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥ ਸਭੁ ਆਤਮਰਾਮੁ[੧੦] ਪਛਾਣਿਆ ਗੁਰਮਤੀ ਨਿਜ ਘਰਿ[੧੮] ਵਾਸੁ ॥ ੩ ॥ ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ[੧੯] ਉਪਦੇਸੁ ਸਚੁ ਸਚੇ ਸਚੀ ਸੋਇ[੨੦] ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥ ੪ ॥ ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ[੨੧] ਆਏ ਸੰਸਾਰਿ ॥ ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ ਬਿਰਥਾ ਜਨਮੁ ਗਵਾਇਆ

੧ ਫੇਰਾ (ਗੇੜਾ) ਜਨਮ ਮਰਨ ਦਾ।
੨ ਤਾਜ਼ਾ, ਨਵਾਂ।
੩ ਜੀਵਦਿਆਂ ਮਰ ਜਾਵੇ, ਅਪਣੱਤ ਭਾਵ ਤੋਂ ਮਰ ਜਾਵੇ।
੪ ਸੰਸਾਰ ਸਾਗਰ।
੫ ਸਹਿਜ ਅਵਸਥਾ ਵਿੱਚ। ਦੇਖੋ ਪੰਨਾ ੬੮।
੬ ਬੰਧਨ ਵਿੱਚ ਬੰਨ੍ਹ ਕੇ।
੭ ਚੁਰਾਸੀ ਲੱਖ ਜੂਨਾਂ ਵਿੱਚ।
੮ ਸੱਚੇ ਸ਼ਬਦ ਦੁਆਰਾ ਪ੍ਰੇਮ ਵਿੱਚ ਰੰਗੇ ਗਏ।
੯ ਹਰ ਰੋਜ਼।
੧੦ ਸਭਨਾਂ ਆਤਮਾਂ ਵਿੱਚ ਰਮਿਆ ਹੋਇਆ ਵਾਹਿਗੁਰੂ।
੧੧ ਸਿਮਰਦੇ ਹਨ।
੧੨ (ਗੁਰਮੁਖਾਂ ਦੀ) ਅਕੱਥ ਕਥਾ ਹੈ।
੧੩ ਸੰਜੋਗ ਵਿੱਚ ਲਿਆ ਕੇ।
੧੪ ਜਦ ਡੂੰਘਾ ਅਥਾਹ (ਵਾਹਿਗੁਰੂ) ਮਿਲਿਆ।
੧੫ ਸ਼ੰਕਾ ਰਹਿਤ, ਅਝੱਕ ਹੋ ਕੇ, ਨਿਰਭੈ ਹੋ ਕੇ।
੧੬ ਕੀੜਾ, ਲੇਹਾ।
੧੭ ਕੁਰਬਾਣ।
੧੮ ਆਪਣੇ ਅਸਲੀ ਘਰ ਵਿੱਚ, ਆਤਮ ਸਰੂਪ ਵਿੱਚ।
੧੯ ਸਿੱਖਿਆ। ਉਨ੍ਹਾਂ ਦੀ ਸਿੱਖਿਆ ਸੱਚੀ ਹੈ।
੨੦ ਸ਼ੋਭਾ, ਸ਼ੁਹਰਤ।
੨੧ ਕਾਹਨੂੰ?

* ਗੁਰਮਤ ਅਤੇ ਸ਼ਬਦ ਦੁਆਰਾ (ਜ਼ਿੰਦਗੀ) ਸੋਹਣੀ ਬਣੀ ਹੈ।
† ਸਤ-ਸੰਗਤ ਵਿੱਚ ਬੈਠਣ ਕਰ ਕੇ ਸੱਚੇ ਨਾਮ ਨਾਲ ਮਨ ਨੂੰ ਧੀਰਜ ਮਿਲੀ।

ਮਰਿ ਜੰਮਹਿ ਵਾਰੋ ਵਾਰ ॥ ੫ ॥ ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ
ਸਤਿਗੁਰ ਸਰਣਾ ॥ ਸਤਿਗੁਰਿ ਸਚੁ ਦਿੜਾਇਆ[੧] ਸਦਾ ਸਚਿ ਸੰਜਮਿ[੨]
ਰਹਣਾ ॥ ਸਤਿਗੁਰ ਸਚਾ ਹੈ ਬੋਹਿਥਾ[੩] ਸਬਦੇ ਭਵਜਲੁ[੪] ਤਰਣਾ ॥ ੬ ॥ [੫]ਲਖ
ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥ ਪੜਿ ਪੜਿ
ਪੰਡਿਤ ਮੋਨੀ[੬] ਥਕੇ [੭]ਦੂਜੈ ਭਾਇ ਪਤਿ ਖੋਈ ॥ ਸਤਿਗੁਰਿ ਸਬਦੁ ਸੁਣਾਇਆ
ਬਿਨੁ ਸਚੇ ਅਵਰੁ ਨ ਕੋਈ ॥ ੭ ॥ ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ
ਕਾਰ ਕਰੰਨਿ ॥ ਤਿਨਾ ਨਿਜ ਘਰਿ[੮] ਵਾਸਾ ਪਾਇਆ ਸਚੈ ਮਹਲਿ ਰਹੰਨਿ ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥ ੮ ॥ ੧੭ ॥ ੮ ॥ ੨੫ ॥
ਸਿਰੀਰਾਗੁ ਮਹਲਾ ੫ ॥ ਜਾ ਕਉ ਮੁਸਕਲੁ ਅਤਿ ਬਣੈ ਢੋਈ[੯] ਕੋਇ ਨ ਦੇਇ ॥
[੧੦]ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ
ਅਸਰਾਉ[੧੧] ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥
ਸਾਹਿਬੁ ਨਿਤਾਣਿਆ[੧੨] ਕਾ ਤਾਣੁ ॥ [੧੩]ਆਇ ਨ ਜਾਈ ਥਿਰੁ ਸਦਾ ਗੁਰ
ਸਬਦੀ ਸਚੁ ਜਾਣੁ ॥ ੧ ॥ ਰਹਾਉ ॥ ਜੇ ਕੋ ਹੋਵੈ ਦੁਬਲਾ[੧੪] ਨੰਗ ਭੁਖ ਕੀ
ਪੀਰ[੧੫] ॥ ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ[੧੬] ॥ ਸੁਆਰਥੁ[੧੭] ਸੁਆਉ[੧੮]
ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ
ਹੋਵੈ ਰਾਜੁ ॥ ੨ ॥ ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ[੧੯] ਕਦੇ ਸੋਗੁ ॥ ਗਉਣੁ[੨੦] ਕਰੇ ਚਹੁ
ਕੁੰਟ ਕਾ ਘੜੀ [੨੧]ਨ ਬੈਸਣੁ ਸੋਇ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ
ਸੀਤਲੁ[੨੨] ਹੋਇ ॥ ੩ ॥ ਕਾਮਿ ਕਰੋਧਿ ਮੋਹਿ ਵਸਿ ਕੀਆ [੨੩]ਕਿਰਪਨ ਲੋਭਿ
ਪਿਆਰੁ ॥ ਚਾਰੇ ਕਿਲਵਿਖ[੨੪] ਉਨਿ ਅਘ[੨੫] ਕੀਏ ਹੋਆ ਅਸੁਰ[੨੬] ਸੰਘਾਰੁ[੨੭] ॥
ਪੋਥੀ ਗੀਤ ਕਵਿਤ ਕਿਛੁ ਕਦੇ ਨ [੨੮]ਕਰਨਿ ਧਰਿਆ ॥ ਚਿਤਿ ਆਵੈ ਓਸੁ
ਪਾਰਬ੍ਰਹਮੁ ਤਾ ਨਿਮਖ[੨੯] ਸਿਮਰਤ ਤਰਿਆ ॥ ੪ ॥ [੩੦]ਸਾਸਤ ਸਿੰਮ੍ਰਿਤਿ ਬੇਦ
ਚਾਰਿ ਮੁਖਾਗਰ[੩੧] ਬਿਚਰੇ[੩੨] ॥ ਤਪੇ ਤਪੀਸਰ[੩੩] ਜੋਗੀਆ ਤੀਰਥਿ ਗਵਨੁ[੨੦]
ਕਰੇ ॥ *ਖਟੁ ਕਰਮਾ ਤੇ ਦੁਗੁਣੇ[੩੪] ਪੂਜਾ ਕਰਤਾ ਨਾਇ[੩੫] ॥ ਰੰਗੁ[੩੬] ਨ ਲਗੀ
ਪਾਰਬ੍ਰਹਮ ਤਾ ਸਰਪਰ[੩੭] ਨਰਕੇ ਜਾਇ ॥ ੫ ॥ [੩੮]ਰਾਜ ਮਿਲਕ ਸਿਕਦਾਰੀਆ
ਰਸ ਭੋਗਣ ਬਿਸਥਾਰ[੩੯] ॥ ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ[੪੦] ॥ ਰੰਗ
ਤਮਾਸੇ ਬਹੁ ਬਿਧੀ ਚਾਇ[੪੧] ਲਗਿ ਰਹਿਆ ॥ ਚਿਤਿ ਨ ਆਇਓ ਪਾਰਬ੍ਰਹਮੁ
ਤਾ ਸਰਪ ਕੀ ਜੂਨਿ ਗਇਆ ॥ ੬ ॥ ਬਹੁਤੁ ਧਨਾਢਿ ਅਚਾਰਵੰਤੁ[੪੨] ਸੋਭਾ
ਨਿਰਮਲ ਰੀਤਿ ॥ ਮਾਤ ਪਿਤਾ ਸੁਤ[੪੩] ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸਬੰਦ[੪੪] ਬੰਦ[੪੫] ਜੀਉ ਜੀਉ ਸਗਲੀ ਕੀਤ ॥ ਚਿਤਿ ਨ

੧ ਸਮਝਾਇਆ।
੨ ਜੁਗਤੀ ਵਿੱਚ, ਮਰਯਾਦਾ ਵਿੱਚ।
੩ ਜਹਾਜ਼।
੪ ਸੰਸਾਰ ਸਾਗਰ।
੫ ਚੁਰਾਸੀ ਲੱਖ ਜੂਨਾਂ ਵਿੱਚ।
੬ ਮੋਨ (ਸਮਾਧੀਆਂ) ਲਾਵਣ ਵਾਲੇ।
੭ ਦ੍ਵੈਤ ਭਾਵ ਕਰ ਕੇ। ਇਕ ਵਾਹਿਗੁਰੂ ਤੋਂ ਬਿਨਾਂ ਹੋਰ ਵਿੱਚ ਪਿਆਰ ਹੋਣ ਕਰ ਕੇ।
੮ ਆਪਣੇ ਅਸਲੀ ਘਰ ਵਿੱਚ, ਆਤਮ-ਸਰੂਪ ਵਿੱਚ।
੯ ਓਟ।
੧੦ ਦੁਸ਼ਮਨ ਪਿੱਛੇ ਲੱਗ ਪੈਣ, ਖਹਿੜੇ ਪੈ ਜਾਣ।
੧੧ ਆਸਰਾ। ਸਭ ਤਰ੍ਹਾਂ ਦਾ ਆਸਰਾ ਮੁੱਕ ਜਾਵੇ।
੧੨ ਤਾਣ-ਰਹਿਤ ਲੋਕਾਂ ਦਾ, ਕਮਜ਼ੋਰਾਂ ਦਾ।
੧੩ ਉਹ ਨਾ ਆਉਂਦਾ ਹੈ, ਨਾ ਜਾਂਦਾ ਹੈ, ਉਹ ਸਦਾ ਕਾਇਮ ਰਹਿੰਦਾ ਹੈ, ਉਸ ਸੱਚ ਰੂਪ ਹਰੀ ਨੂੰ ਸ਼ਬਦ ਦੁਆਰਾ ਪਛਾਣ।
੧੪ ਕਮਜ਼ੋਰ, ਮਾੜਾ।
੧੫ ਪੀੜਾ, ਦੁੱਖ।
੧੬ ਧੀਰਜ।
੧੭ ਆਪਣੀ ਗਰਜ਼।
੧੮ ਪ੍ਰਯੋਜਨ, ਮਤਲਬ।
੧੯ ਖੁਸ਼ੀ।
੨੦ ਫਿਰਨਾ, ਚਵ੍ਹੀਂ ਪਾਸੀਂ ਦੌੜਦਾ ਰਹੇ।
੨੧ ਬਹਿਣਾ ਸੌਣਾ ਨਾ ਮਿਲੇ।
੨੨ ਠੰਢਾ।
੨੩ ਸ਼ੂਮ, ਕੰਜੂਸ ਦਾ ਲੋਭ ਨਾਲ ਪਿਆਰ ਹੈ।
੨੪ ਪਾਪ। ਚਾਰ ਪਾਪ ਇਹ ਹਨ:- ਮਦ, ਪਾਨ, ਸੋਨਾ ਚੁਰਾਉਣਾ; ਗੁਰ-ਨਾਰੀ ਗਮਨ, ਗਊ ਬ੍ਰਾਹਮਣ ਘਾਤ।
੨੫ ਪਾਪ।
੨੬ ਰਾਖ਼ਸ਼।
੨੭ ਕਤਲ, ਇਸ ਰਾਖ਼ਸ਼ ਮਨੁੱਖ ਦੀ ਤਬਾਹੀ ਹੋ ਰਹੀ ਹੋਵੇ।
੨੮ ਕੰਨੀਂ ਧਰਿਆ ਸੁਣਿਆ।
੨੯ ਅੱਖ ਝਮਕਣ ਜਿੰਨਾਂ ਸਮਾਂ, ਥੋੜ੍ਹਾ ਚਿਰ।
੩੦ ਦੇਖੋ ਪੰਨਾ ੧੧, ਫੁਟ ਨੋਟ † ਅਤੇ *।
੩੧ ਮੂੰਹ-ਜ਼ਬਾਨੀ।
੩੨ ਵਿਚਾਰੇ।
੩੩ ਵੱਡੇ ਤਪੀ।
੩੪ ਦੂਣੇ।
੩੫ ਨਹਾ ਕੇ।
੩੬ ਪਿਆਰ।
੩੭ ਜ਼ਰੂਰ ਹੀ।
੩੮ ਹਕੂਮਤਾਂ, ਜਗੀਰਾਂ, ਸਰਦਾਰੀਆਂ ਅਤੇ ਐਸ਼ਾਂ ਕਰਨ ਦੇ ਖਿਲਾਰੇ।
੩੯ ਖਿਲਾਰੇ, ਪਸਾਰੇ।
੪੦ ਆਫਰੇ ਹੋਏ ਦਾ, ਅਭਿਮਾਨੀ ਦਾ।
੪੧ ਚਾਅ ਵਿੱਚ।
੪੨ ਚੰਗੀ ਰਹਿਣੀ-ਬਹਿਣੀ ਵਾਲਾ।
੪੩ ਪੁੱਤਰ।
੪੪ ਤਰਕਸ਼ ਬੰਨ੍ਹਣ ਵਾਲੇ ਜੋਧਿਆਂ ਦਾ।
੪੫ ਬੰਦਨਾ, ਨਮਸਕਾਰ। ਤਰਕਸ਼ਬੰਦ ਲਸ਼ਕਰ, ਸਾਰੇ ਸਲਾਮੀ ਕਰ ਕੇ ਜੀ-ਜੀ ਕਰਦੇ ਹੋਣ।

* ਛੇ ਕਰਮ ਅਤੇ ਦੁਆਦਸ ਕਰਮ। ਛੇ ਕਰਮ ਇਹ ਹਨ :- ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ; ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ। ਇਨ੍ਹਾਂ ਛੇ ਕਰਮਾਂ ਵਿੱਚ ਛੇ ਕਰਮ ਹੋਰ ਮਿਲਾਈਦੇ ਹਨ, ਤਾਂ ਹਿੰਦੂ ਧਰਮ ਅਨੁਸਾਰ ੧੨ (ਦੁਆਦਸ) ਕਰਮ ਬਣਦੇ ਹਨ। ਇਹ ਛੇ ਕਰਮ ਹਨ :- ਇਸ਼ਨਾਨ, ਜਪ, ਹਵਨ, ਦੇਵਪੂਜਾ, ਤੀਰਥ ਯਾਤਰਾ ਅਤੇ ਤਪ।

ਆਇਓ ਪਾਰਬ੍ਰਹਮੁ ਤਾ ਖੜਿ[੧] ਰਸਾਤਲਿ[੨] ਦੀਤ ॥ ੭ ॥ ਕਾਇਆ[੩] ਰੋਗੁ ਨ ਛਿਦ੍ਰੁ[੪] ਕਿਛੁ ਨਾ ਕਿਛੁ ਕਾੜਾ[੫] ਸੋਗੁ ॥ ਮਿਰਤੁ[੬] ਨ ਆਵੀ ਚਿਤਿ ਤਿਸੁ ਅਹਿਨਿਸਿ[੭] ਭੋਗੈ ਭੋਗੁ ॥ ਸਭ ਕਿਛੁ ਕੀਤੋਨੁ ਆਪਣਾ [੮]ਜੀਇ ਨ ਸੰਕ ਧਰਿਆ ॥ ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ[੯] ਵਸਿ ਪਰਿਆ ॥ ੮ ॥ ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥ ਜਿਉ ਜਿਉ ਓਹੁ[੧੦] ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ [੧੧]ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥ ਸਤਿਗੁਰ ਤੁਠੈ[੧੨] ਪਾਇਆ ਨਾਨਕ ਸਚਾ ਨਾਉ ॥ ੯ ॥ ੧ ॥ ੨੬ ॥ ਸਿਰੀਰਾਗੁ ਮਹਲਾ ੫ ਘਰੁ ੫ ॥ [੧੩]ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ[੧੪] ॥ ੧ ॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨਹੀ[੧੫] ਜਾਤਾ ॥ ੧ ॥ ਭਗਉਤੀ[੧੬] ਰਹਤ ਜੁਗਤਾ[੧੭] ॥ ਜੋਗੀ ਕਹਤ ਮੁਕਤਾ ॥ [੧੮]ਤਪਸੀ ਤਪਹਿ ਰਾਤਾ ॥ ੨ ॥ ਮੋਨੀ ਮੋਨਿਧਾਰੀ ॥ [੧੯]ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥ ੩ ॥ *ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ [੨੦]ਗਿਰਸਤਿ ਧਰਮਾਤਾ ॥ ੪ ॥ ਇਕਸਬਦੀ[੨੧] ਬਹੁਰੂਪਿ[੨੨] ਅਵਧੂਤਾ[੨੩] ॥ ਕਾਪੜੀ[੨੪] ਕਉਤੇ[੨੫] ਜਾਗੂਤਾ[੨੬] ॥ ਇਕਿ ਤੀਰਥਿ ਨਾਤਾ ॥ ੫ ॥ [੨੭]ਨਿਰਹਾਰ ਵਰਤੀ ਆਪਰਸਾ[੨੮] ॥ ਇਕਿ [੨੯]ਲੂਕਿ ਨ ਦੇਵਹਿ ਦਰਸਾ ॥ [੩੦]ਇਕਿ ਮਨ ਹੀ ਗਿਆਤਾ ॥ ੬ ॥ ਘਾਟਿ[੩੧] ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥ ੭ ॥ ਸਗਲ ਉਕਤਿ[੩੨] ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ[੩੩] ॥ ੮ ॥ ੨ ॥ ੨੭ ॥

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਮਹਲਾ ੧† ਘਰੁ‡ ੩ ॥ [੩੪]ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥ ਤੇਰਾ ਅੰਤੁ ਨ ਪਾਇਆ ਸੁਰਗਿ ਮਛਿ[੩੫] ਪਇਆਲਿ[੩੬] ਜੀਉ ॥ ੧ ॥ ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ [੩੭]ਨਾਵ ਨੋ ॥ ੧ ॥ ਰਹਾਉ§ ॥ ਤੁਧੁ ਸੰਸਾਰੁ ਉਪਾਇਆ ॥ [੩੮]ਸਿਰੇ ਸਿਰਿ ਧੰਧੇ ਲਾਇਆ ॥ ਵੇਖਹਿ ਕੀਤਾ ਆਪਣਾ ਕਰਿ ਕੁਦਰਤਿ [੩੯]ਪਾਸਾ ਢਾਲਿ ਜੀਉ ॥ ੨ ॥ ¶ਪਰਗਟਿ ਪਾਹਾਰੈ[੪੦] ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ[੪੧] ॥ ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥ ੩ ॥ ਸਤਿਗੁਰ ਕਉ ਬਲਿ[੪੨] ਜਾਈਐ ॥ ਜਿਤੁ ਮਿਲਿਐ [੪੩]ਪਰਮ

੧ ਖੜ ਕੇ, ਲਿਜਾ ਕੇ।
੨ ਪਤਾਲ, ਨਰਕ। ਤਾਂ ਜਾ ਕੇ ਡੂੰਘੇ ਨਰਕ ਵਿੱਚ ਸਿੱਟਣਗੇ।
੩ ਸਰੀਰ ਨੂੰ।
੪ ਛੇਕ, ਜ਼ਖ਼ਮ, ਨੁਕਸ (ਲੂਲ੍ਹੇ ਲੰਙੇ ਹੋਣ ਦਾ)।
੫ ਫ਼ਿਕਰ, ਝੋਰਾ।
੬ ਮੌਤ।
੭ ਦਿਨ-ਰਾਤ।
੮ ਦਿਲ ਵਿੱਚ ਕੋਈ ਸੰਗ ਜਾਂ ਝੱਕ ਨਾ ਰੱਖਿਆ।
੯ ਕਿੰਕਰ, ਦਾਸ, ਸੇਵਕ। ਭਾਵ ਜਮਦੂਤਾਂ ਦੇ ਵੱਸ ਪਿਆ।
੧੦ ਸਾਧੂ ਦੀ ਸੰਗਤ। ਜਿਉਂ-ਜਿਉਂ ਸਾਧੂ ਦੀ ਸੰਗਤ ਵਧੇਰੇ ਕਰੀਏ, ਤਿਉਂ-ਤਿਉਂ ਹਰੀ ਨਾਲ ਵਧੇਰੇ ਪਿਆਰ ਹੁੰਦਾ ਜਾਂਦਾ ਹੈ।
੧੧ ਲੋਕ-ਪ੍ਰਲੋਕ।
੧੨ ਤ੍ਰੁੱਠਣ ਕਰ ਕੇ, ਕਿਰਪਾ ਕਰਨ ਨਾਲ।
੧੩ ਮੈਂ ਨਹੀਂ ਜਾਣਦਾ ਕਿ ਕਿਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ।
੧੪ ਰਸਤਾ।
੧੫ ਕਿਸੇ ਵਿਰਲੇ ਨੇ ਹੀ।
੧੬ ਭਗਵਤ ਦੇ ਉਪਾਸ਼ਕ, ਵੈਸ਼ਨਵ ਭਗਤ।
੧੭ ਜੁਗਤੀ (ਵਰਤ, ਤੁਲਸੀ ਮਾਲਾ ਆਦਿ ਸੰਜਮ) ਵਿੱਚ ਰਹਿੰਦੇ ਹਨ।
੧੮ ਤਪ ਕਰਨ ਵਾਲੇ ਤਪ ਵਿੱਚ ਹੀ ਮਗਨ ਹਨ।
੧੯ ਇਸੇ ਤਰ੍ਹਾਂ ਸੰਨਿਆਸੀ ਸੰਨਿਆਸ ਨੂੰ ਤੇ ਬ੍ਰਹਮਚਾਰੀ ਇਕੋ ਬ੍ਰਹਮਚਰਜ ਨੂੰ ਲਈ ਬੈਠੇ ਹਨ।
੨੦ ਗ੍ਰਿਹਸਥ ਧਰਮ ਵਿੱਚ ਮਸਤ ਹਨ।
੨੧ ਜੋ ਇਕੋ ਲਫ਼ਜ਼ ਵਰਤਦੇ ਹਨ। (ਅਲਖ ਅਲਖ ਕਰਨ ਵਾਲੇ ਜੋਗੀ ਆਦਿ।)
੨੨ ਬਹੁਰੂਪੀਏ।
੨੩ ਨਾਂਗੇ।
੨੪ ਖ਼ਾਸ ਤਰ੍ਹਾਂ ਦਾ ਚੋਲਾ ਜਾਂ ਹੋਰ ਕੋਈ ਕੱਪੜਾ ਪਹਿਰਨ ਵਾਲੇ।
੨੫ ਲੋਕਾਂ ਨੂੰ ਨਾਟਕ ਚੇਟਕ ਜਾਂ ਸ੍ਵਾਂਗ ਦਿਖਾ ਕੇ ਪ੍ਰਸੰਨ ਕਰਨ ਵਾਲੇ।
੨੬ ਜਾਗਣ ਵਾਲੇ (ਨੀਂਦ-ਤਿਆਗੀ)।
੨੭ ਨਿਰਾਹਾਰ ਰਹਿਣ ਵਾਲੇ ਵਰਤੀ, ਭੁੱਖੇ ਰਹਿ ਕੇ ਵਰਤ ਰੱਖਣ ਵਾਲੇ।
੨੮ ਜੋ ਕਿਸੇ ਨੂੰ ਛੋਹਣ ਨਾਂਹ।
੨੯ ਲੁਕੇ ਫਿਰਨ ਵਾਲੇ, ਜੋ ਕਿਸੇ ਨੂੰ ਦਰਸ਼ਨ ਨਹੀਂ ਦਿੰਦੇ।
੩੦ ਇਕ ਐਸੇ ਹਨ ਜੋ ਆਪਣੇ ਮਨ ਵਿੱਚ ਹੀ ਗਿਆਨੀ ਬਣੇ ਫਿਰਦੇ ਹਨ।
੩੧ ਘਟ।
੩੨ ਯੁਕਤੀ, ਦਲੀਲ। ਸਭ ਦਲੀਲਾਂ ਤੇ ਉਪਾਉ ਤਿਆਗ ਕੇ ਸ਼ਰਨ ਵਿੱਚ ਪਿਆ ਹਾਂ।
੩੩ ਪਿਆ ਹੈ।
੩੪ ਤੂੰ ਜੋਗੀ ਹੈਂ ਜੋਗੀਆਂ ਵਿੱਚ।
੩੫ ਮਾਤ ਲੋਕ ਵਿੱਚ।
੩੬ ਪਤਾਲ ਵਿੱਚ। ਤਿੰਨਾਂ ਲੋਕਾਂ ਵਿੱਚ ਤੇਰਾ ਅੰਤ ਕਿਸੇ ਨਹੀਂ ਪਾਇਆ।
੩੭ ਨਾਮ ਤੋਂ।
੩੮ ਹਰ ਇਕ ਜੀਵ ਨੂੰ।
੩੯ ਗੋਟਾਂ ਸਿਟਣਾ, ਚੌਪੜ ਖੇਡਣਾ। ਸੰਸਾਰ ਨੂੰ ਚੋਪੜ ਦੀ ਖੇਡ ਕਿਹਾ ਹੈ। ਭਾਵ ਤੂੰ ਇਹ ਸੰਸਾਰ ਦੀ ਖੇਡ ਰਚੀ ਹੈ।
੪੦ ਪਾਸਾਰੇ ਵਿੱਚ, ਸੰਸਾਰ ਵਿੱਚ।
੪੧ ਫਿਕਰ ਕਰਦਾ, ਲੋਚਦਾ। 'ਇਨਹੁ ਕੜਿਅਹੁ ਤਉ ਜਾਵਣਾ ਹੀ ਥਾ। ਕਾਲਿ ਨ ਗਏ ਤੇ ਆਜੁ ਗਏ। ਤੂ ਕਾਹੇ ਕਉ ਪਰਤਾਪਤੀ ਹੈ?' (ਪਰਚੀਆਂ ਸੇਵਾ ਦਾਸ, ਪੰ: ੧੬੧)
੪੨ ਬਲਿਹਾਰ, ਕੁਰਬਾਨ।
੪੩ ਪਰਮ ਪਦਵੀ, ਸਭ ਤੋਂ ਉੱਚੀ ਅਵਸਥਾ, ਜਿਥੇ ਤਕ ਮਨੁੱਖ ਉੱਨਤੀ ਕਰ-ਕਰ ਕੇ ਪਹੁੰਚ ਸਕਦਾ ਹੈ।

* ਨੌਂ ਤਰ੍ਹਾਂ ਦੀ ਭਗਤੀ—ਸ੍ਰਵਨ, ਕੀਰਤਨ, ਸਿਮਰਣ, ਚਰਨ ਸੇਵਾ, ਅਰਚਨ, ਬੰਦਨਾ, ਸਖਜ (ਮਿੱਤਰ ਭਾਵ), ਦਾਸਜ (ਦਾਸ ਭਾਵ), ਅਤੇ ਆਪਣਾ ਆਪ ਅਰਪਣ ਕਰਨਾ।

† **ਸਮੁੱਚਾ ਭਾਵ :-** ਵਾਹਿਗੁਰੂ ਨੇ ਆਪਣੇ ਆਪ ਨੂੰ ਸੰਸਾਰ ਵਿੱਚ ਲੁਕਾ ਕੇ ਰੱਖਿਆ ਹੋਇਆ ਹੈ, ਪਰ ਜੇ ਉਸ ਦੀ ਕਿਰਪਾ ਹੋਵੇ, ਤਾਂ ਮਿਲ ਭੀ ਸਕਦਾ ਹੈ। ਉਹ ਇਵੇਂ ਕਿ ਹਉਮੈ ਨੂੰ ਛੱਡ ਕੇ ਗੁਰੂ ਦੇ ਹਵਾਲੇ ਹੋ ਜਾਈਏ। ਉਹ ਸ਼ਬਦ ਦੁਆਰਾ ਭੁਲਾਂ ਕੱਢ ਕੇ ਨਾਮ ਦਾ ਪਿਆਰ ਬਖ਼ਸ਼ਦਾ ਹੈ ਤੇ ਸਭਨਾਂ ਨੂੰ ਵਾਹਿਗੁਰੂ ਨਾਲ ਜੋੜ ਦਿੰਦਾ ਹੈ।

‡ ਦੇਖੋ ਪੰਨਾ ੧੪, ਫੁਟ ਨੋਟ †।

§ ਦੇਖੋ ਪੰਨਾ ੯, ਫੁਟ ਨੋਟ †।

¶ ਵਾਹਿਗੁਰੂ ਸੰਸਾਰ ਵਿੱਚ ਪ੍ਰਤੱਖ ਪਿਆ ਦਿਸਦਾ ਹੈ। ਸਾਰਾ ਜਗਤ ਉਸ ਦੇ ਨਾਮ ਨੂੰ ਲੋਚਦਾ ਹੈ। 'ਹਰਿ ਨਾਵੈ ਨੋ ਸਭੁ ਕੋ ਪਰਤਾਪਦਾ, ਵਿਣੁ ਭਾਗਾ ਪਾਇਆ ਨ ਜਾਇ॥' (ਮਲਾਰ ਅ: ਮ: ੩-੧੨੭੭)।

ਗਤਿ ਪਾਈਐ ॥ ਸੁਰਿ ਨਰ[੧] ਮੁਨਿ ਜਨ[੨] ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥ ੪ ॥ ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ [੩]ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ ੫ ॥ ਇਹੁ ਜਗਤੁ ਭਰਮਿ ਭੁਲਾਇਆ ॥ ਆਪਹੁ ਤੁਧੁ ਖੁਆਇਆ[੪] ॥ ਪਰਤਾਪੁ[੫] ਲਗਾ ਦੋਹਾਗਣੀ[੬] ਭਾਗ ਜਿਨਾ ਕੇ ਨਾਹਿ ਜੀਉ ॥ ੬ ॥ ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ [੭]ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥ ੭ ॥ ਸੋਹਾਗਣੀ ਕਿਆ ਕਰਮੁ ਕਮਾਇਆ ॥ [੮]ਪੂਰਬਿ ਲਿਖਿਆ ਫਲੁ ਪਾਇਆ ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥ ੮ ॥ ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ[੯] ਸੇ ਸੋਹਾਗਣੀ ਜਿਨ ਸਹ[੧੦] ਨਾਲਿ ਪਿਆਰੁ ਜੀਉ ॥ ੯ ॥ ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ ੧੦ ॥ ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ[੧੧] ਚੁਕਾਇਆ ॥ ਦੁਰਮਤਿ ਕਾ ਦੁਖੁ ਕਟਿਆ [੧੨]ਭਾਗੁ ਬੈਠਾ ਮਸਤਕਿ ਆਇ ਜੀਉ ॥ ੧੧ ॥ [੧੩]ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥ [**]ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥ ੧੨ ॥ ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ[੧੪] ॥ ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥ ੧੩ ॥ [੧੫]ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥ ੧੪ ॥ ਤੂੰ ਸਭਨਾ ਮਾਹਿ ਸਮਾਇਆ ॥ [੧੬]ਤਿਨਿ ਕਰਤੈ ਆਪੁ ਲੁਕਾਇਆ ॥ [੧੭]ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥ ੧੫ ॥ ਆਪੇ ਖਸਮਿ ਨਿਵਾਜਿਆ[੧੮] ॥ ਜੀਉ ਪਿੰਡੁ[੧੯] ਦੇ ਸਾਜਿਆ ॥ ਆਪਣੇ ਸੇਵਕ ਕੀ ਪੈਜ[੨੦] ਰਖੀਆ [੨੧]ਦੁਇ ਕਰ ਮਸਤਕਿ ਧਾਰਿ ਜੀਉ ॥ ੧੬ ॥ ਸਭਿ ਸੰਜਮ[੨੨] ਰਹੇ[੨੩] ਸਿਆਣਪਾ ॥ ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥ ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥ ੧੭ ॥ ਮੇਰੇ ਗੁਣ ਅਵਗਨ ਨ ਬੀਚਾਰਿਆ ॥ ਪ੍ਰਭਿ ਅਪਣਾ ਬਿਰਦੁ† ਸਮਾਰਿਆ ॥ ਕੰਠਿ[੨੪] ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥ ੧੮ ॥ ਮੈ ਮਨਿ ਤਨਿ ਪ੍ਰਭੂ ਧਿਆਇਆ ॥ [੨੫]ਜੀਇ ਇਛਿਅੜਾ ਫਲੁ ਪਾਇਆ ॥ ਸਾਹ ਪਾਤਿਸਾਹ ਸਿਰਿ ਖਸਮੁ ਤੂ ਜਪਿ ਨਾਨਕ ਜੀਵੈ ਨਾਉ ਜੀਉ ॥ ੧੯ ॥ ਤੁਧੁ ਆਪੇ ਆਪੁ

੧ ਦੈਵੀ ਗੁਣਾਂ ਵਾਲੇ ਪੁਰਸ਼, ਚੰਗੇ ਲੋਕ।
੨ ਮੋਨੀ ਪੁਰਸ਼।
੩ ਇਕ ਨਾਮ ਜਪਣਾ ਹੀ ਹੁਕਮ ਹੈ, ਸੋ ਨਾਮ ਸਤਿਗੁਰੂ ਨੇ ਸਮਝਾ ਦਿੱਤਾ ਹੈ।
੪ ਖੁੰਝਾਇਆ, ਭੁਲਾਇਆ।
੫ ਪਰਿ ਤਾਪ, ਬਹੁਤ ਤਪਣਾ, ਮਹਾਂ ਦੁੱਖ।
੬ ਪਤੀ ਤੋਂ ਛੁੱਟੜ ਇਸਤਰੀਆਂ ਨੂੰ।
੭ ਉਨ੍ਹਾਂ ਇਸਤਰੀਆਂ ਦੇ ਮੈਲੇ ਕੱਪੜੇ ਹੁੰਦੇ ਹਨ, ਅਤੇ ਰਾਤ (ਭਾਵ ਜ਼ਿੰਦਗੀ) ਦੁਖੀ ਲੰਘਦੀ ਹੈ।
੮ ਪਿਛਲਾ ਅਰਥਾਤ ਧੁਰ ਵਾਹਿਗੁਰੂ ਤੋਂ ਲਿਖਿਆ।
੯ ਸਹੇਲੀਆਂ।
੧੦ ਪਤੀ।
੧੧ ਹੰਕਾਰ
੧੨ ਚੰਗੀ ਕਿਸਮਤ ਆ ਬੈਠੀ ਮੱਥੇ ਵਿੱਚ।
੧੩ ਤੇਰੀ ਬਾਣੀ ਅਮਰ ਕਰਨ ਵਾਲੀ ਹੈ ਤੇ ਤੇਰਿਆਂ ਭਗਤਾਂ ਦੇ ਦਿਲਾਂ ਵਿੱਚ ਵੱਸਦੀ ਹੈ।
੧੪ ਉਚਾਰੀਦਾ ਹੈ।
੧੫ ਮੈਂ ਸਤਿਗੁਰੂ ਉੱਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਭਰਮ ਵਿੱਚ ਭੁੱਲੇ ਹੋਏ ਨੂੰ ਰਸਤੇ ਪਾ ਦਿੱਤਾ।
੧੬ ਪਰ ਤਿਸ ਕਰਤੇ ਨੇ ਆਪਣਾ ਆਪ ਲੋਕਾਂ ਤੋਂ ਲੁਕਾ ਕੇ ਰੱਖਿਆ ਹੈ।
੧੭ ਹੇ ਨਾਨਕ! (ਉਹ ਲੁਕਿਆ ਹੋਇਆ ਵਾਹਿਗੁਰੂ) ਗੁਰੂ ਦੁਆਰਾ ਪ੍ਰਤੱਖ ਹੋਇਆ ਹੈ, ਜਿਸ (ਗੁਰੂ) ਵਿੱਚ ਕਰਤਾਰ ਨੇ ਆਪਣੀ ਜੋਤ ਰੱਖੀ ਹੋਈ ਹੈ।
੧੮ ਵਡਿਆਇਆ ਹੈ।
੧੯ ਸਰੀਰ।
੨੦ ਇੱਜ਼ਤ, ਮਾਣ।
੨੧ ਦੋਏ ਹੱਥ ਉਸ ਦੇ ਮੱਥੇ ਉੱਤੇ ਰੱਖ ਕੇ।
੨੨ ਜੁਗਤੀ, ਮਰਯਾਦਾ।
੨੩ ਰਹਿ ਗਈਆਂ।
੨੪ ਗਲੇ ਨਾਲ।
੨੫ ਮਨ-ਬਾਂਛਤ, ਜੋ ਦਿਲੋਂ ਚਾਹਿਆ।

* ਸੁਖ ਦੇਣ ਵਾਲੀ ਸੇਵਾ ਨੂੰ ਹਿਰਦੇ ਵਿੱਚ ਵਸਾਣ ਨਾਲ ਤੂੰ ਮੇਹਰ ਕਰਦਾ ਹੈਂ ਤੇ ਤਾਰਦਾ ਹੈਂ।

† ਨਿੱਤ ਦੇ ਕਰਮ, ਧਰਮ। ਵਾਹਿਗੁਰੂ ਦਾ ਇਹ ਧਰਮ ਹੈ ਕਿ ਉਹ ਬਖ਼ਸ਼ਣ ਵੇਲੇ ਗਿਣਤੀਆਂ ਵਿੱਚ ਨਹੀਂ ਪੈਂਦਾ। ਇਹ ਧਰਮ ਉਸ ਨੇ ਸੰਭਾਲਿਆ (ਪਾਲਿਆ) ਹੈ।

ਉਪਾਇਆ ॥ [੧]ਦੂਜਾ ਖੇਲੁ ਕਰਿ ਦਿਖਲਾਇਆ ॥ ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥ ੨੦ ॥ ਗੁਰ ਪਰਸਾਦੀ ਪਾਇਆ ॥ ਤਿਥੈ ਮਾਇਆ ਮੋਹੁ ਚੁਕਾਇਆ[੨] ॥ ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ ॥ ੨੧ ॥ [੩]ਗੋਪੀ ਨੈ[੪] ਗੋਆਲੀਆ[੫] ॥ ਤੁਧੁ ਆਪੇ ਗੋਇ[੬] ਉਠਾਲੀਆ ॥ ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ ॥ ੨੨ ॥ ਜਿਨ ਸਤਿਗੁਰ ਸਿਉ ਚਿਤੁ ਲਾਇਆ ॥ ਤਿਨੀ [੭]ਦੂਜਾ ਭਾਉ ਚੁਕਾਇਆ ॥ ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥ ੨੩ ॥ ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ[੮] ॥ ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ [੯]ਸਮਾਲਿ ਜੀਉ ॥ ੨੪ ॥ ੧ ॥ ਸਿਰੀਰਾਗੁ ਮਹਲਾ ੫* ॥ [੧੦]ਪੈ ਪਾਇ ਮਨਾਈ ਸੋਇ ਜੀਉ ॥ [੧੧]ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥ ੧ ॥ ਰਹਾਉ ॥ [੧੨]ਗੋਸਾਈ ਮਿਹੰਡਾ ਇਠੜਾ[੧੩] ॥ ਅੰਮ[੧੪] ਅਬੇ[੧੫] ਥਾਵਹੁ ਮਿਠੜਾ ॥ ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥ ੧ ॥ ਤੇਰੈ ਹੁਕਮੇ ਸਾਵਣੁ ਆਇਆ ॥ ਮੈ ਸਤ ਕਾ ਹਲੁ ਜੋਆਇਆ ॥ ਨਾਉ ਬੀਜਣ ਲਗਾ ਆਸ ਕਰਿ ਹਰਿ [੧੬]ਬੋਹਲ ਬਖਸ ਜਮਾਇ ਜੀਉ ॥ ੨ ॥ ਹਉ ਗੁਰ ਮਿਲਿ ਇਕੁ ਪਛਾਣਦਾ ॥ ਦੁਯਾ ਕਾਗਲੁ[੧੭] ਚਿਤਿ ਨ ਜਾਣਦਾ ॥ ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ ॥ ੩ ॥ ਤੁਸੀ ਭੋਗਿਹੁ ਭੁੰਚਹੁ[੧੮] ਭਾਈਹੋ ॥ ਗੁਰਿ ਦੀਬਾਣਿ[੧੯] ਕਵਾਇ[੨੦] ਪੈਨਾਈਓ ॥ ਹਉ ਹੋਆ ਮਾਹਰੁ[੨੧] ਪਿੰਡ[੨੨] ਦਾ ਬੰਨਿ ਆਦੇ ਪੰਜਿ ਸਰੀਕ[੨੩] ਜੀਉ ॥ ੪ ॥ ਹਉ ਆਇਆ [੨੪]ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ[੨੫] ਮਿਹਡਿਆ ॥ ਕੰਨੁ ਕੋਈ ਕਢਿ ਨ ਹੰਘਈ[੨੬] ਨਾਨਕ ਵੁਠਾ[੨੭] ਘੁਘਿ[੨੮] ਗਿਰਾਉ ਜੀਉ ॥ ੫ ॥ ਹਉ ਵਾਰੀ ਘੁੰਮਾ ਜਾਵਦਾ ॥ ਇਕ ਸਾਹਾ[੨੯] ਤੁਧੁ ਧਿਆਇਦਾ ॥ ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ[੩੦] ਕੁਰਬਾਣੁ ਜੀਉ ॥ ੬ ॥ ਹਰਿ ਇਠੈ[੩੧] ਨਿਤ ਧਿਆਇਦਾ ॥ [੩੨]ਮਨਿ ਚਿੰਦੀ ਸੋ ਫਲੁ ਪਾਇਦਾ ॥ ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥ ੭ ॥ ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ ॥ †ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ [੩੩]ਛਿਕਿ ਜੀਉ ॥ ੮ ॥ ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥ [੩੪]ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥ ੯ ॥ [੩੫]ਮੈ ਬਧੀ ਸਚੁ ਧਰਮ ਸਾਲ ਹੈ ॥ [੩੬]ਗੁਰਸਿਖਾ ਲਹਦਾ ਭਾਲਿ ਕੈ ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ[੩੭] ਜੀਉ ॥ ੧੦ ॥ [੩੮]ਸੁਣਿ ਗਲਾ ਗੁਰ ਪਹਿ

੧ ਦ੍ਵੈਤ-ਭਾਵ ਵਾਲਾ ਖੇਲ, ਮਾਇਆ ਖੇਲ।
੨ ਦੂਰ ਕੀਤਾ।
੩ ਤੂੰ ਆਪ ਹੀ ਗੋਪੀ ਹੈਂ, ਆਪ ਹੀ ਜਮਨਾ ਨਦੀ ਹੈਂ, ਆਪ ਹੀ ਕਾਨ੍ਹ ਹੈਂ, ਅਤੇ ਆਪ ਹੀ ਤੂੰ ਪ੍ਰਿਥਵੀ ਚੁੱਕੀ ਹੋਈ ਹੈ। "ਆਪੇ ਗੋਪੀ ਆਪੇ ਕਾਨਾ॥ ਆਪੇ ਗਊ ਚਰਾਵੈ ਬਾਨਾ॥ ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ" (ਮਾਰੂ ਸੋਲਹੇ ਮ: ੫, ਪੰਨਾ ੧੦੮੩)।
੪ ਨਦੀ, ਜਮਨਾ ਨਦੀ।
੫ ਗਊਆਂ ਪਾਲਨ ਵਾਲਾ, ਕ੍ਰਿਸ਼ਨ ਗੋਪਾਲ।
੬ ਪ੍ਰਿਥਵੀ, ਸਾਰੀ ਪ੍ਰਿਥਵੀ ਦੀ ਜ਼ਿੰਮੇਵਾਰੀ ਆਪਣੇ 'ਤੇ ਲਈ ਹੈ। "ਗੋਰਖੁ ਸੋ ਜਿਨਿ ਗੋਇ ਉਠਾਲੀ"। (ਰਾਮਕਲੀ ਮ: ੧)।
੭ ਦ੍ਵੈਤ ਭਾਵ, ਇਕ ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ।
੮ ਸਲਾਹੀਆਂ ਹਨ (ਰਾਤੀਂ ਤੇ ਦਿਨੇ)।
੯ ਯਾਦ ਕਰ।
੧੦ (ਪਾਇ) ਪੈਰਾਂ 'ਤੇ ਪੈ ਕੇ ਮਨਾ ਲਵਾਂ ਉਸ (ਵਾਹਿਗੁਰੂ) ਨੂੰ।
੧੧ ਸਤਿਗੁਰੂ ਪੁਰਖ ਨੇ ਮਿਲਾਇਆ ਹੈ ਵਾਹਿਗੁਰੂ, ਜਿਸ ਜਿੰਨਾ ਵੱਡਾ ਹੋਰ ਕੋਈ ਨਹੀਂ।
੧੨ ਮੇਰਾ ਮਾਲਕ ਪਿਆਰਾ ਹੈ।
੧੩ ਪਿਆਰਾ।
੧੪ ਮਾਂ।
੧੫ ਪਿਉ। ਮਾਂ ਪਿਉ ਨਾਲੋਂ ਵਧੀਕ ਮਿੱਠਾ ਹੈ।
੧੬ ਤੇਰੀ ਬਖ਼ਸ਼ਿਸ਼ ਦੇ ਬੋਹਲ ਇਕੱਠੇ ਕੀਤੇ। ਬੋਹਲ=ਅਨਾਜ ਦੇ ਢੇਰ।
੧੭ ਕਾਗ਼ਜ਼, ਲੇਖਾ। ਇਕ ਕਰਤਾਰ ਦੀ ਮਹਿਮਾ ਬਿਨਾਂ ਹੋਰ ਕੋਈ ਲੇਖਾ ਮੈਂ ਚਿਤਰਨ (ਲਿਖਣ) ਨਹੀਂ ਜਾਣਦਾ।
੧੮ ਭਖਨ ਕਰੋ, ਖਾਵੋ। ਭਰਾਵੋ ਆਨੰਦ ਲਵੋ, ਕਿਉਂ ਜੋ ਮੈਨੂੰ ਗੁਰੂ ਨੇ ਆਪਣੀ ਕਚਹਿਰੀ ਵਿੱਚ ਪੁਸ਼ਾਕਾ ਪਵਾ ਦਿੱਤਾ ਹੈ, ਭਾਵ ਮਾਣ ਦਿੱਤਾ ਹੈ।
੧੯ ਕਚਹਿਰੀ ਵਿੱਚ, ਦਰਬਾਰ ਵਿੱਚ।
੨੦ ['ਕਬਾ' ਅਰਬੀ] ਚੋਗ਼ਾ, ਪੁਸ਼ਾਕ, ਸਰੋਪਾ।
੨੧ ਮਹਰ, ਚੌਧਰੀ।
੨੨ ਭਾਵ ਸਰੀਰ ਦਾ।
੨੩ ਸ਼ਰੀਕਾ ਕਰਨ ਵਾਲੇ, ਵਿਰੋਧੀ; ਭਾਵ ਕਾਮ, ਕ੍ਰੋਧ ਆਦਿਕ।
੨੪ ਸ਼ਰਨ ਵਿੱਚ ਤੇਰੀ।
੨੫ ਮੁਜ਼ਾਰੇ, ਕਾਸ਼ਤਕਾਰ। ਪੰਜ ਕਰਮ ਇੰਦਰੇ ਮੇਰੇ ਹੁਕਮ ਵਿੱਚ ਹਨ।
੨੬ ਸਕਦਾ। ਕੋਈ ਸਿਰ ਨਹੀਂ ਚੁੱਕ ਸਕਦਾ।
੨੭ ਵਸਿਆ ਹੈ।
੨੮ ਸੰਘਣਾ। ਪਿੰਡ ਸੰਘਣਾ ਵਸਿਆ ਹੈ, ਭਾਵ ਸ਼ੁੱਭ ਗੁਣਾਂ ਦੀ ਆਬਾਦੀ ਹੋਈ ਹੈ।
੨੯ ਇਕ-ਸਾਹਾ, ਇਕੋ ਸਾਹ ਨਾਲ, ਲਗਾਤਾਰ, ਇਕ ਰਸ।
੩੦ ਉੱਤੋਂ।
੩੧ ਪਿਆਰੇ ਹਰੀ ਨੂੰ।
੩੨ ਜੋ ਮਨ ਵਿੱਚ ਚਿਤਵਿਆ ਹੋਵੇ, ਜੋ ਮਨ-ਭਾਉਂਦਾ ਹੋਵੇ।
੩੩ ਖਿੱਚ ਕੇ, ਘੁੱਟ ਕੇ।
੩੪ ਸਤਿਗੁਰੂ-ਪੁਰਖ ਨੇ ਮੱਥੇ 'ਤੇ ਹੱਥ ਧਰ ਕੇ ਮੈਨੂੰ ਦਿਖਾ ਦਿੱਤਾ।
੩੫ ਮੈਂ ਸੱਚ ਰੂਪ ਧਰਮਸ਼ਾਲਾ (ਧਰਮ ਕਮਾਉਣ ਦੀ ਥਾਂ) ਕਾਇਮ ਕੀਤੀ ਹੈ।
੩੬ ਗੁਰਸਿੱਖਾਂ ਨੂੰ ਟੋਲ ਟੋਲ ਕੇ ਲੱਭਦਾ ਹਾਂ (ਉਸ ਧਰਮ ਦੇ ਕੇਂਦਰ ਵਿੱਚ ਇਕੱਠੇ ਕਰਨ ਲਈ)।
੩੭ ਪੈਰੀਂ, ਪੈਰਾਂ ਨੂੰ।
੩੮ ਜੋ ਭੀ ਗੁਰੂ ਬਾਬਤ ਆਮ ਲੋਕਾਂ ਵਿੱਚ ਗੱਲਾਂ ਹੁੰਦੀਆਂ ਸੁਣ ਕੇ ਗੁਰੂ ਦੇ ਪਾਸ ਆਇਆ, ਗੁਰੂ ਨੇ ਉਸ ਨੂੰ ਨਾਮ ਜਪਣਾ, ਵੰਡ ਛਕਣਾ ਤੇ ਤਨ, ਮਨ ਕਰ ਕੇ ਪਵਿੱਤਰ ਰਹਿਣ ਦੀ ਸਿੱਖਿਆ ਦਿੱਤੀ।

* ਇਸ ਸ਼ਬਦ ਵਿੱਚ ਗੁਰੂ ਜੀ ਦੱਸਦੇ ਹਨ ਕਿ ਆਪਣੇ ਮਾਲਕ ਦਾ ਵਫ਼ਾਦਾਰ ਸੇਵਕ ਬਣਨ ਨਾਲ ਕੀ ਕੁਝ ਸਫਲਤਾ ਤੇ ਤਾਕਤ ਆ ਜਾਂਦੀ ਹੈ। ਇਸ ਸੰਬੰਧ ਵਿੱਚ ਜੋ ਸਿੱਖਾਂ ਨੂੰ ਟੋਲ ਟੋਲ ਕੇ ਇਕ ਧਾਰਮਕ ਕੇਂਦਰ ਬੰਨ੍ਹਿਆ ਗਿਆ, ਉਸ ਨੇ ਨੇਕੀ ਦੀਆਂ ਤਾਕਤਾਂ ਨੂੰ ਇਉਂ ਜਥੇਬੰਦ ਕਰ ਦਿੱਤਾ ਕਿ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਸਾਹਸ ਪੈਦਾ ਹੋ ਗਿਆ। ਇਉਂ ਮਹਿਸੂਸ ਹੋਣ ਲੱਗਾ ਕਿ ਜਿਵੇਂ ਮਿਹਰਵਾਨ ਰੱਬ ਨੇ ਹੁਕਮ ਕੱਢ ਦਿੱਤਾ ਹੈ ਕਿ ਅੱਜ ਤੋਂ ਲੈ ਕੇ ਕੋਈ ਆਦਮੀ ਦੂਜਿਆਂ ਨੂੰ ਦੁੱਖ ਨਹੀਂ ਦੇ ਸਕੇਗਾ, ਸਭ ਆਰਾਮ ਨਾਲ ਵਸਣ ਰਸਣਗੇ। ਭਗਤ ਲੋਕਾਂ ਵਿੱਚ ਆਜ਼ਾਦੀ ਦੀ ਰੂਹ ਫੂਕੀ ਗਈ ਅਤੇ ਉਹ ਆਪਣੇ ਆਪ ਨੂੰ ਗੁਸਾਈਂ ਦੇ ਪਹਿਲਵਾਨ ਸਮਝਣ ਲੱਗ ਪਏ। ਇਸ ਗੱਲ ਨੇ ਸਾਡੇ ਆਉਂਦੇ ਇਤਿਹਾਸ ਉੱਤੇ ਬਹੁਤ ਡੂੰਘਾ ਅਸਰ ਕੀਤਾ।

† ਦੇਖੋ ਪੰਨਾ ੧੦, ਫੁਟ ਨੋਟ §।

ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥ ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥ ੧੧ ॥ ਸਭ ਸ੍ਰਿਸਟਿ ਸੇਵੇ[੧] ਦਿਨੁ ਰਾਤਿ ਜੀਉ ॥ ਦੇ ਕੰਨੁ ਸੁਣਹੁ ਅਰਦਾਸਿ ਜੀਉ ॥ ਠੋਕਿ ਵਜਾਇ ਸਭ ਡਿਠੀਆ ਤੁਸਿ[੨] ਆਪੇ ਲਇਅਨੁ ਛਡਾਇ ਜੀਉ ॥ ੧੨ ॥ [੩]ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ [੪]ਸਭ ਸੁਖਾਲੀ ਵੁਠੀਆ ਇਹੁ ਹੋਆ [੫]ਹਲੇਮੀ ਰਾਜੁ ਜੀਉ ॥ ੧੩ ॥ [੬]ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ [੭]ਪਾਇਹਿ ਥਾਇ ਜੀਉ ॥ ੧੪ ॥ ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ[੮] ਮੇਰੀਆ ॥ ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥ ੧੫ ॥ ਤੁਧੁ ਜੇਵਡੁ ਅਵਰੁ ਨ ਭਾਲਿਆ ॥ ਤੂੰ [੯]ਦੀਪ ਲੋਅ ਪਇਆਲਿਆ ॥ ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ[੧੦] ਜੀਉ ॥ ੧੬ ॥ ਹਉ ਗੋਸਾਈ[੧੧] ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ* ॥ ਸਭ ਹੋਈ ਛਿੰਝ[੧੨] ਇਕਠੀਆ ਦਯੁ[੧੩] ਬੈਠਾ ਵੇਖੈ ਆਪਿ ਜੀਉ ॥ ੧੭ ॥ ਵਾਤ[੧੪] ਵਜਨਿ ਟੰਮਕ[੧੫] ਭੇਰੀਆ[੧੬] ॥ ਮਲ[੧੭] ਲਥੇ ਲੈਦੇ ਫੇਰੀਆ ॥ ਨਿਹਤੇ[੧੮] ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ[੧੯] ਜੀਉ ॥ ੧੮ ॥ †ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥ ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥ ੧੯ ॥ ਤੂੰ [੨੦]ਵਰਨਾ ਚਿਹਨਾ ਬਾਹਰਾ ॥ ਹਰਿ ਦਿਸਹਿ ਹਾਜਰੁ ਜਾਹਰਾ ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ[੨੧] ਜੀਉ ॥ ੨੦ ॥ [੨੨]ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ[੨੩] ॥ ਹਉ [੨੪]ਬਾਹੁੜਿ ਛਿੰਝ ਨ ਨਚਊ ਨਾਨਕ [੨੫]ਅਉਸਰੁ ਲਧਾ ਭਾਲਿ ਜੀਉ ॥ ੨੧ ॥ ੨ ॥ ੨੯ ॥

ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗੁ ਮਹਲਾ ੧ ਪਹਰੇ‡ ਘਰੁ§ ੧ ॥

ਪਹਿਲੈ ਪਹਰੈ ਰੈਣਿ[੨੬] ਕੈ ਵਣਜਾਰਿਆ[੨੭] ਮਿਤ੍ਰਾ ਹੁਕਮਿ ਪਇਆ ਗਰਭਾਸਿ[੨੮] ॥ ਉਰਧ[੨੯] ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ [੩੦]ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥ ਨਾ ਮਰਜਾਦੁ[੩੧] ਆਇਆ [੩੨]ਕਲਿ ਭੀਤਰਿ ਬਾਹੁੜਿ[੩੩] ਜਾਸੀ ਨਾਗਾ ॥ ਜੈਸੀ ਕਲਮ ਵੁੜੀ[੩੪] ਹੈ ਮਸਤਕਿ ਤੈਸੀ ਜੀਅੜੇ ਪਾਸਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ

੧ ਹੇ ਵਾਹਿਗੁਰੂ! ਤੈਨੂੰ ਸੇਂਵਦੀ ਹੈ।

੨ ਤ੍ਰੁਠ ਕੇ, ਪ੍ਰਸੰਨ ਹੋ ਕੇ। ਮੈਂ ਖੋਜ ਪੜਤਾਲ ਕੇ ਸਭ ਨੂੰ ਦੇਖ ਲਿਆ ਹੈ (ਕੋਈ ਭੀ ਕੁਝ ਨਹੀਂ ਕਰ ਸਕਦਾ), ਉਹ ਆਪ ਹੀ ਕਿਰਪਾ ਕਰੇ ਤਾਂ ਆਵਾ-ਗੌਣ ਤੋਂ ਛੁਡਾਂਦਾ ਹੈ।

੩ ਬਸ ਹੁਣ ਮਿਹਰਬਾਨ ਮਾਲਕ ਦਾ ਹੁਕਮ ਹੋ ਗਿਆ ਹੈ ਕਿ ਕੋਈ ਕਿਸੇ ਤੇ ਪੈ ਕੇ (ਪ੍ਰਬਲ ਹੋ ਕੇ) ਉਸ ਨੂੰ ਦੁੱਖ ਨਹੀਂ ਦੇ ਸਕੇਗਾ।

੪ ਸਾਰੀ ਰਈਅਤ ਸੁਖ ਨਾਲ ਵਸੇਗੀ ਐਸਾ ਨਰਮੀ ਵਾਲਾ ਰਾਜ ਹੋ ਗਿਆ ਹੈ।

੫ ਹਲੀਮੀਂ, ਨਰਮੀਂ ਜਾਂ ਕੋਮਲਤਾ ਦਾ ਰਾਜ।

੬ ਨਰਮ-ਨਰਮ ਆਵਾਜ਼ ਨਾਲ ਬਾਣੀ ਦਾ ਅੰਮ੍ਰਿਤ ਝਰਦਾ ਹੈ।

੭ ਕਬੂਲ ਕਰਦਾ ਹੈਂ।

੮ ਪੂਰੀ ਕਰ।

੯ ਦੇਸਾਂ ਵਿੱਚ, ਲੋਕਾਂ ਵਿੱਚ ਤੇ ਪਾਤਾਲ ਵਿੱਚ।

੧੦ ਆਸਰਾ।

੧੧ ਮਾਲਕ, ਵਾਹਿਗੁਰੂ।

੧੨ ਘੋਲ ਦਾ ਅਖਾੜਾ, ਸੰਸਾਰਕ ਖੇਲ।

੧੩ ਦਈਵ, ਕਰਤਾਰ।

੧੪ ਮੂੰਹ ਨਾਲ ਵੱਜਣ ਵਾਲੇ ਵਾਜੇ।

੧੫ ਛੋਟਾ ਨਗਾਰਾ।

੧੬ ਨਫੀਰੀ ਨਾਲ ਵਜਾਉਣ ਵਾਲਾ ਨਗਾਰਾ। ਮਨੁੱਖੀ ਦੌੜ ਭੱਜ ਨੂੰ ਵਾਤ ਆਦਿ ਆਖਿਆ ਹੈ।

੧੭ ਪਹਿਲਵਾਨ ਜੀਵ-ਰੂਪ।

੧੮ ਪਟਕਾਏ (ਮਾਰੇ ਹਨ ਪੰਜੇ ਹੀ ਕਾਮਾਦਕਿ ਜਵਾਨ)।

੧੯ ਪਿੱਠ 'ਤੇ।

੨੦ ਰੰਗਾਂ ਤੇ ਨਿਸ਼ਾਨਾਂ ਤੋਂ ਬਿਨਾਂ।

੨੧ ਗੁਣਾਂ ਦੇ ਖ਼ਜ਼ਾਨੇ ਜਾਂ ਮਾਲਕ।

੨੨ ਮੈਂ ਸਦਾ ਕਰਤਾਰ ਦੀ ਸੇਵਾ ਕਰਦਾ ਹਾਂ।

੨੩ ਰੱਸੀ, ਫਾਹੀ।

੨੪ ਮੁੜ ਕੇ ਸੰਸਾਰ ਵਿੱਚ ਜਨਮ ਮਰਨ ਨਹੀਂ ਹੋਵੇਗਾ।

੨੫ ਮੈਂ ਮੌਕਾ ਢੂੰਡ ਕੇ ਲੱਭ ਲਿਆ ਹੈ। ਮਨੁੱਖਾ ਜਨਮ ਸਫਲਾ ਕਰ ਲਿਆ ਹੈ।

੨੬ ਉਮਰ ਰੂਪ ਰਾਤ। ਚਾਰ ਹਿੱਸੇ ਉਮਰ ਦੇ ਕੀਤੇ ਹਨ।

੨੭ ਹੇ ਸੌਦਾਗਰ! ਜੀਵ ਜੋ ਸੰਸਾਰ ਵਿੱਚ ਸੌਦਾ ਕਰਨ ਆਇਆ ਹੈ।

੨੮ ਪੇਟ ਵਿੱਚ ਵਾਸਾ।

੨੯ ਉਲਟਾ। ਪੇਟ ਵਿੱਚ ਜੀਵ ਉਲਟਾ ਪਿਆ ਰਹਿੰਦਾ ਹੈ।

੩੦ ਮਾਲਕ ਦੇ ਪਾਸ ਪ੍ਰਾਰਥਨਾ ਕਰਦਾ ਹੈ, ਪੁੱਠਾ ਹੋ ਕੇ ਧਿਆਨ ਵਿੱਚ ਬਿਰਤੀ ਜੋੜ ਕੇ।

੩੧ ਮਰਯਾਦਾ ਰਹਿਤ, ਭਾਵ ਉਸ ਉੱਤੇ ਨਾ ਕੋਈ ਧਾਰਮਿਕ ਚਿੰਨ੍ਹ ਹੁੰਦਾ ਹੈ ਅਤੇ ਨਾ ਕੋਈ ਕੱਪੜਾ।

੩੨ ਕਲਯੁਗ ਵਿੱਚ, ਸੰਸਾਰ ਵਿੱਚ।

੩੩ ਮੁੜ ਕੇ, ਪਰਤ ਕੇ।

੩੪ ਵਗੀ ਹੈ, ਚੱਲੀ ਹੈ। ਉਸ ਦੀ ਆਤਮਾ ਵਿੱਚ ਉਹੀ ਕੁਝ ਹੁੰਦਾ ਹੈ ਜੋ ਉਸ ਦੇ ਮੱਥੇ ਉੱਤੇ ਵਾਹਿਗੁਰੂ ਦੇ ਹਜ਼ੂਰੋਂ ਲਿਖ ਕੇ ਪਿਆ ਹੁੰਦਾ ਹੈ।

* ਉੱਚੇ ਦੁਮਾਲੇ ਵਾਲਾ। ਦੁਮਾਲਾ [ਫ਼ਾਰਸੀ ਦੁੰਬਾਲ]। ਜਦ ਅਖਾੜੇ ਵਿੱਚ ਪਹਿਲਵਾਨ ਜਿੱਤਦਾ ਹੈ, ਤਾਂ ਉਸ ਨੂੰ ਇਕ ਸਰਬੰਦ ਮਿਲਦਾ ਹੈ; ਜੋ ਉਸ ਦੇ ਸਿਰ 'ਤੇ ਬੰਨ੍ਹਿਆ ਜਾਂਦਾ ਹੈ ਅਤੇ ਉਸ ਦੀ ਫਤ੍ਹੇ ਪਰਗਟ ਕਰਨ ਲਈ ਤੁਰਰੇ ਵਾਂਗ ਉਸ ਦਾ ਲੜ ਬਾਹਰ ਕੱਢ ਕੇ ਉੱਚਾ ਕੀਤਾ ਜਾਂਦਾ ਹੈ। ਇਥੇ ਸਤਿਗੁਰੂ ਨੇ ਆਪਣੇ ਸੇਵਕ ਨੂੰ ਖਿਲ੍ਹਤ ਬਖ਼ਸ਼ੀ ਹੈ।

† ਆਏ ਤਾਂ ਇਕੱਠੇ ਸਨ, ਸਭ ਨੂੰ ਮਨੁੱਖਾ ਜਨਮ ਦਾ ਮੂਲ ਇਕੋ ਜਿਹਾ ਮਿਲਿਆ ਸੀ, ਪਰ ਆਪੋ ਆਪਣੇ ਰਾਹ ਬਦਲ ਕੇ ਵਾਪਸ ਘਰ ਜਾਣਗੇ, ਕੋਈ ਇਸ ਜੂਨ ਵਿੱਚ ਕੋਈ ਦੂਜੀ ਜੂਨ ਵਿੱਚ।

‡ ਇਸ ਬਾਣੀ ਵਿੱਚ ਮਨੁੱਖ ਨੂੰ ਵਣਜਾਰਾ ਕਰ ਕੇ ਸੰਬੋਧਨ ਕੀਤਾ ਹੈ, ਜੋ ਰਾਤ ਕਿਧਰੇ ਪ੍ਰਦੇਸ ਵਿੱਚ ਕੱਢਦਾ ਹੈ, ਅਤੇ ਆਪਣੇ ਵਖਰ ਦੀ ਸੰਭਾਲ ਲਈ ਰਾਤ ਦਾ ਇਕ ਇਕ ਪਹਿਰ ਅੱਖਾਂ ਵਿੱਚੋਂ ਕੱਢ ਦਿੰਦਾ ਹੈ। ਮਨੁੱਖਾ ਜੀਵਨ ਨੂੰ ਰਾਤ ਕਿਹਾ ਹੈ ਅਤੇ ਬਾਲਪਨ ਆਦਿ ਚਾਰ ਅਵਸਥਾਂ ਨੂੰ ਚਾਰ ਪਹਿਰੇ ਆਖਿਆ ਹੈ।

§ ਦੇਖੋ ਪੰਨਾ ੧੪, ਫੁਟ ਨੋਟ †।

ਹੁਕਮਿ ਪਇਆ ਗਰਭਾਸਿ ॥ ੧ ॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ[੧] ਘਰਿ ਕਾਨੁ[੨] ॥ ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ[੩] ਧਰਿ ਗਿਆਨੁ ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥ ੨ ॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ[੪] ਭਇਆ ਸੰਗਿ ਮਾਇਆ ॥ ਧਨ ਸਿਉ ਰਤਾ ਜੋਬਨਿ ਮਤਾ[੫] ਅਹਿਲਾ[੬] ਜਨਮੁ ਗਵਾਇਆ ॥ ਧਰਮ ਸੇਤੀ ਵਾਪਾਰੁ ਨ ਕੀਤੋ [੭]ਕਰਮੁ ਨ ਕੀਤੋ ਮਿਤੁ ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥ ੩ ॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ[੮] ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ[੯] ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥ [੧੦]ਝੂਠਾ ਰੁਦਨੁ ਹੋਆ ਦੁੋਆਲੈ [੧੧]ਖਿਨ ਮਹਿ ਭਇਆ ਪਰਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ[੧੨] ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ[੧੩] ਖੇਤੁ ॥ ੪ ॥ ੧ ॥ ਸਿਰੀਰਾਗੁ ਮਹਲਾ ੧ ॥ ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥ ਖੀਰੁ[੧੪] ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ[੧੫] ਹੇਤੁ ॥ ਮਾਤ ਪਿਤਾ ਸੁਤ ਨੇਹੁ ਘਨੇਰਾ[੧੬] ਮਾਇਆ ਮੋਹੁ ਸਬਾਈ[੧੭] ॥ †ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ [੧੮]ਬੂਡੀ ਦੂਜੈ ਹੇਤਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥ ੧ ॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ[੧੯] ॥ [੨੦]ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥ ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ [੨੧]ਰਸ ਕਸ ਮੀਠੇ ॥ ਗਿਆਨੁ ਧਿਆਨੁ [੨੨]ਗੁਣ ਸੰਜਮੁ ਨਾਹੀ ਜਨਮਿ[੨੩] ਮਰਹੁਗੇ ਝੂਠੇ ॥ ‡ਤੀਰਥ ਵਰਤ ਸੁਚਿ ਸੰਜਮੁ[੨੪] ਨਾਹੀ ਕਰਮੁ ਧਰਮੁ ਨਹੀ ਪੂਜਾ ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ[੨੫] ਵਿਆਪੈ ਦੂਜਾ[੨੬] ॥ ੨ ॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ[੨੭] ਹੰਸ ਉਲਥੜੇ[੨੮] ਆਇ ॥ ਜੋਬਨੁ ਘਟੈ ਜਰੂਆ[੨੯] ਜਿਣੈ ਵਣਜਾਰਿਆ ਮਿਤ੍ਰਾ ਆਵ[੩੦] ਘਟੈ ਦਿਨੁ

੧ ਜਸੋਧਾਂ, ਨੰਦ ਗੋਪ ਦੀ ਇਸਤਰੀ, ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ ਸੀ।
੨ ਕ੍ਰਿਸ਼ਨ ਜੀ।
੩ ਵਿੱਚ।
੪ ਵਿਆਕੁਲ, ਘਬਰਾਇਆ ਹੋਇਆ, ਥਿੜਕਿਆ ਹੋਇਆ।
੫ ਮਸਤ ਹੋਇਆ।
੬ ਨਿਸਫਲ।
੭ ਸ਼ੁੱਭ ਕਰਮ ਨੂੰ ਆਪਣਾ ਮਿਤ੍ਰ ਨਾ ਬਣਾਇਆ।
੮ ਵਾਢੀ ਕਰਨ ਵਾਲਾ (ਜਮ)।
੯ ਚਿੱਤ, ਇਰਾਦਾ (ਹਰੀ ਦਾ)।
੧੦ ਝੂਠਾ ਰੋਣਾ ਹੋਣ ਲੱਗ ਪਿਆ ਉਸ ਦੇ ਆਸ ਪਾਸ।
੧੧ ਥੋੜ੍ਹੇ ਜਿਹੇ ਸਮੇਂ ਵਿੱਚ।
੧੨ ਪਿਆਰ।
੧੩ ਕੱਟਿਆ।
੧੪ ਦੁੱਧ।
੧੫ ਪੁੱਤਰ।
੧੬ ਬਹੁਤਾ।
੧੭ ਸਭ ਨੂੰ।
੧੮ ਡੁੱਬ ਗਈ ਦ੍ਵੈਤ ਭਾਵ ਵਿੱਚ।
੧੯ ਮੈਂ ਸ਼ਰਾਬ ਵਿੱਚ ਮਤਿ (ਮਸਤ)-ਭਰ ਜੁਆਨੀ ਦੇ ਨਸ਼ੇ ਵਿੱਚ ਮਸਤ।
੨੦ ਦਿਨ ਰਾਤ ਕਾਮ ਵਿੱਚ ਰੁੱਝਾ ਰਹਿੰਦਾ ਹੈ।
੨੧ ਕਸੈਲਾ ਆਦਿ ਛੇ ਪ੍ਰਕਾਰ ਦੇ ਰਸ।
੨੨ ਗੁਣਾਂ ਦੀ ਸੰਜਮ, ਗੁਣਾਂ ਵਾਲੀ ਰਹਿਣੀ।
੨੩ ਜੰਮ ਕੇ।
੨੪ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ।
੨੫ [ਦ੍ਵਿ-ਵਿਧ] ਦੋਏ ਤਰੀਕੇ ਪਕੜਨ ਨਾਲ, ਦੋਹਾਂ ਪਾਸੇ ਝੁਕਾਓ ਰੱਖਣ ਨਾਲ, ਉੱਪਰ ਦੱਸੇ (ਤੀਰਥ, ਵਰਤ ਆਦਿ) ਦ੍ਵੈਤ ਭਾਵ ਵਾਲੇ ਕਰਮ ਕਰਨ ਨਾਲ।
੨੬ ਸੰਸਾਰ, ਜਨਮ ਮਰਨ ਦਾ ਗੇੜ।
੨੭ ਸਿਰ ਰੂਪ ਸਰੋਵਰ ਤੇ ਧਉਲੇ ਰੂਪ ਹੰਸ ਆ ਲੱਥੇ।
੨੮ ਆ ਉਤਰੇ, ਆ ਬੈਠੇ।
੨੯ ਬੁਢੇਪਾ।
੩੦ ਉਮਰ।

* ਹੇ ਮੇਰੇ ਬੇ-ਖ਼ਬਰ ਮੂਰਖ ਮਨ! ਤੂੰ ਯਾਦ ਰੱਖ ਛੇਕੜ ਤੇਰਾ ਕੋਈ ਸਾਕ ਸੰਬੰਧੀ ਨਹੀਂ।

† ਭਾਗਾਂ ਕਰ ਕੇ ਇਸ ਜਨਮ ਵਿੱਚ ਆਇਆ, ਪਿਛਲੇ ਕਰਮਾਂ ਦੇ ਪ੍ਰਭਾਵ ਅਨੁਸਾਰ ਜੋ ਲਹਿਣਾ ਸੀ ਲਿਆ ਅਤੇ ਹੁਣ ਆਪਣੀ ਕਰਨੀ ਅਨੁਸਾਰ ਕਾਰ ਕਰ ਰਿਹਾ ਹੈ।

‡ ਤੀਰਥ, ਵਰਤ ਅਤੇ ਸੁੱਚਮ ਦੇ ਨੇਮ ਪੂਰੇ ਕਰਨ ਨਾਲ ਜਾਂ ਕਰਮ-ਕਾਂਡ ਅਤੇ ਪੂਜਾ ਕਰਨ ਨਾਲ ਮੁਕਤੀ ਨਹੀਂ ਮਿਲਦੀ। ਮੁਕਤੀ ਤਾਂ ਕੇਵਲ ਪ੍ਰੇਮਾ ਭਗਤੀ ਨਾਲ ਮਿਲਦੀ ਹੈ। ਉੱਪਰ ਦੱਸੇ ਦ੍ਵੈਤ ਭਾਵ ਵਾਲੇ ਕਰਮਾਂ ਨਾਲ ਤਾਂ ਸੰਸਾਰ ਹੀ ਪੱਲੇ ਪੈਂਦਾ ਹੈ, ਭਾਵ ਜਨਮ ਮਰਨ ਵਿੱਚ ਹੀ ਪੈਂਦੇ ਰਹੀਦਾ ਹੈ।

ਜਾਇ ॥ ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥ ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ [੧]ਖਿਨ ਮਹਿ ਭਇਆ ਪਰਾਇਆ ॥ ਬੁਧਿ ਵਿਸਰਜੀ[੨] ਗਈ ਸਿਆਣਪ ਕਰਿ ਅਵਗਣ ਪਛੁਤਾਇ ॥ ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ [੩]ਲਿਵ ਲਾਇ ॥ ੩ ॥ ਚਉਥੈ ਪਹਰੈ ਰੈਣਿ[੪] ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ[੫] ॥ ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ[੬] ॥ [੭]ਅਖੀ ਅੰਧੁ ਜੀਭ ਰਸੁ ਨਾਹੀ [੮]ਰਹੇ ਪਰਾਕਉ ਤਾਣਾ ॥ ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ [੯]ਮਨਮੁਖ ਆਵਣ ਜਾਣਾ ॥ *ਖੜੁ ਪਕੀ ਕੁੜਿ[੧੦] ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ[੧੧] ਸਬਦੁ ਪਛਾਣੁ ॥ ੪ ॥ ਓੜਕੁ ਆਇਆ ਤਿਨ ਸਾਹਿਆ[੧੨] ਵਣਜਾਰਿਆ ਮਿਤ੍ਰਾ ਜਰੁ[੧੩] ਜਰਵਾਣਾ[੧੪] ਕੰਨਿ[੧੫] ॥ ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ[੧੬] ਬੰਨਿ ॥ [੧੭]ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥ †ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥ ਪਤਿ ਸੇਤੀ ਜਾਵੈ ਸਹਜਿ[੧੮] ਸਮਾਵੈ ਸਗਲੇ[੧੯] ਦੂਖ ਮਿਟਾਵੈ ॥ ਕਹੁ ਨਾਨਕ ਪ੍ਰਾਣੀ ਗੁਰਮੁਖਿ[੨੦] ਛੂਟੈ ਸਾਚੇ ਤੇ ਪਤਿ ਪਾਵੈ ॥ ੫ ॥ ੨ ॥ ਸਿਰੀਰਾਗੁ ਮਹਲਾ ੪ ॥ ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ[੨੧] ਮੰਝਾਰਿ[੨੨] ॥ ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ[੨੩] ॥ ਹਰਿ ਹਰਿ ਨਾਮੁ ਜਪੇ ਆਰਾਧੇ [੨੪]ਵਿਚਿ ਅਗਨੀ ਹਰਿ ਜਪਿ ਜੀਵਿਆ ॥ ਬਾਹਰਿ ਜਨਮੁ ਭਇਆ [੨੫]ਮੁਖਿ ਲਾਗਾ [੨੬]ਸਰਸੇ ਪਿਤਾ ਮਾਤ ਥੀਵਿਆ ॥ ‡ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ [੨੭]ਹਰਿ ਜਪੀਐ ਕਿਰਪਾ ਧਾਰਿ ॥ ੧ ॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ [੨੮]ਦੂਜੈ ਭਾਇ ॥ ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ ॥ ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ ॥ ਜੋ ਦੇਵੈ ਤਿਸੈ ਨ ਜਾਣੈ ਮੂੜਾ [੨੯]ਦਿਤੇ ਨੋ ਲਪਟਾਏ ॥ ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥ ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥ ੨ ॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ [੩੦]ਆਲਿ ਜੰਜਾਲਿ ॥ ਧਨੁ ਚਿਤਵੈ ਧਨੁ ਸੰਚਵੈ[੩੧] ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ[੩੨] ॥ ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ[੩੩] ॥ ਇਹੁ ਧਨੁ ਸੰਪੈ[੩੪]

੧ ਥੋੜ੍ਹੇ ਸਮੇਂ ਵਿੱਚ।
੨ ਤਿਆਗੀ, ਵਿਦਾ ਕੀਤੀ।
੩ ਧਿਆਨ ਲਾ ਕੇ।
੪ ਰਾਤ, ਭਾਵ ਉਮਰ।
੫ ਕਮਜ਼ੋਰ, ਲਿੱਸਾ।
੬ ਬਚਨ, ਗੱਲਾਂ।
੭ ਅੱਖੀਆਂ ਅੱਗੇ ਹਨੇਰਾ (ਅੰਧੁ) ਹੈ।
੮ ਪ੍ਰਾਕ੍ਰਮ (ਉੱਦਮ) ਅਤੇ ਬਲ ਰਹਿ ਗਏ, ਮੁੱਕ ਗਏ।
੯ ਨਿਗੁਰੇ ਨੂੰ ਜੰਮਣ-ਮਰਨ ਬਣਿਆ ਰਹਿੰਦਾ ਹੈ।
੧੦ ਕੁੜਕ ਕੇ।
੧੧ ਗੁਰੂ ਦੁਆਰਾ।
੧੨ ਸੁਆਸਾਂ ਦਾ। ਉਨ੍ਹਾਂ ਸੁਆਸਾਂ ਦਾ ਓੜਕ (ਅੰਤ) ਆਇਆ।
੧੩ ਬੁਢੇਪਾ।
੧੪ ਬਲਵਾਨ, ਜ਼ਾਲਮ।
੧੫ ਮੋਢੇ 'ਤੇ। ਜ਼ਾਲਮ ਬੁਢੇਪਾ ਤੇਰੇ ਮੋਢੇ 'ਤੇ ਚੜ੍ਹਿਆ ਆਉਂਦਾ ਹੈ।
੧੬ ਲੈ ਜਾਣਗੇ। ਤੇਰੇ ਪਾਪ ਤੈਨੂੰ ਬੰਨ੍ਹ ਕੇ ਲਿਜਾਵਣਗੇ। "ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥" (ਸੋਰਠਿ ਮ: ੧)।
੧੭ ਜੋ ਗੁਣਾਂ ਦੀ ਸੰਜਮ (ਗੁਣਾਂ ਦੀ ਰਹਿਣੀ) ਨਾਲ ਜਾਂਦਾ ਹੈ, ਉਸ ਨੂੰ ਸੱਟ ਨਹੀਂ ਵੱਜਦੀ, ਨਾ ਉਸ ਨੂੰ ਆਵਾ-ਗਉਣ ਵਿੱਚ ਗੇੜੇ ਕੱਢਣੇ ਪੈਂਦੇ ਹਨ।
੧੮ ਪਰਮ ਸ਼ਾਂਤੀ ਵਿੱਚ।
੧੯ ਸਾਰੇ।
੨੦ ਗੁਰਾਂ ਦੁਆਰੇ।
੨੧ ਪੇਟ।
੨੨ ਵਿੱਚ।
੨੩ ਯਾਦ ਕਰਦਾ ਹੈ।
੨੪ ਪੇਟ ਦੀ ਅਗਨੀ ਵਿੱਚ ਹਰੀ ਨੂੰ ਜਪ ਕੇ ਜੀਉਂਦਾ ਰਿਹਾ।
੨੫ ਮੱਥੇ ਲੱਗਾ ਮਾਂ ਪਿਉ ਦੇ।
੨੬ ਮਾਂ ਪਿਉ ਸਰਸੇ ਥੀਵਿਆ (ਪ੍ਰਸੰਨ ਹੋਏ)।
੨੭ ਜੇ ਕਿਰਪਾ ਕਰੇ ਹਰੀ ਤਾਂ ਜਪੀਏ।
੨੮ ਦ੍ਵੈਤ ਭਾਵ ਵਿੱਚ, ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿੱਚ।
੨੯ ਉਸ ਦੀ ਦਾਤ ਨੂੰ ਚੰਬੜਦਾ ਹੈ। 'ਦਾਤਿ ਪਿਆਰੀ ਵਿਸਰਿਆ ਦਾਤਾਰਾ' (ਧਨਾਸਰੀ ਮ: ੫)।
੩੦ ਘਰ ਦੇ ਟੰਟਿਆਂ ਵਿੱਚ।
੩੧ ਇਕੱਠਾ ਕਰਦਾ ਹੈ।
੩੨ ਸਮ੍ਹਾਰਦਾ, ਯਾਦ ਕਰਦਾ।
੩੩ ਸਹਾਈ ਮੱਦਦਗਾਰ।
੩੪ ਮਾਲ ਧਨ, ਪਦਾਰਥ।

* ਖੇਤੀ ਪੱਕ ਗਈ, ਕੁੜਕ ਕੇ ਟੁੱਟਦੀ ਹੈ ਅਤੇ ਨਾਸ ਹੁੰਦੀ ਹੈ, (ਭਾਵ ਮਨੁੱਖ ਦੀ ਉਮਰ ਪੂਰੀ ਹੋ ਜਾਣ ਤੇ ਕਰੜਾ ਸ਼ਰੀਰ ਭੱਜ ਕੇ ਨਾਸ ਹੋ ਜਾਂਦਾ ਹੈ); ਐਸੇ ਆ ਕੇ ਚਲੇ ਜਾਣ ਵਾਲੇ ਸ਼ਰੀਰ ਦਾ ਕੀ ਮਾਣ ਹੈ?

† ਕਾਲ ਜਾਂ ਮਾਇਆ ਦਾ ਜਾਲ ਜਾਂ ਜਮ ਉਸ ਨੂੰ ਪੋਹ ਨਹੀਂ ਸਕਦਾ। ਉਸ ਨੇ ਤਾਂ ਪ੍ਰੇਮਾ-ਭਗਤੀ ਦੁਆਰਾ ਭੈ (ਦੇ ਸਮੁੰਦਰ) ਤੋਂ ਤਰਨਾ ਹੈ।

‡ ਜਿਸ ਵਾਹਿਗੁਰੂ ਦੀ ਦਿੱਤੀ ਹੋਈ (ਉਹ ਬਾਲਕ) ਵਸਤ ਹੈ, ਉਸ ਨੂੰ ਯਾਦ ਕਰੋ, ਗੁਰੂ ਦੁਆਰੇ ਦਿਲ ਵਿੱਚ ਵਿਚਾਰ ਕਰ ਕੇ।

ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ ॥ ਜਿਸ ਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ[੧] ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਸੇ ਜਾਇ ਮਿਲੇ ਹਰਿ ਨਾਲਿ ॥ ੩ ॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ[੨] ॥ ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ[੩] ॥ ਹਰਿ ਸੇਵਹੁ [੪]ਖਿਨੁ ਖਿਨੁ ਢਿਲ ਮੂਲਿ ਨ ਕਰਿਹੁ ਜਿਤੁ ਅਸਥਿਰੁ[੫] ਜੁਗੁ ਜੁਗੁ ਹੋਵਹੁ ॥ ਹਰਿ ਸੇਤੀ ਸਦ ਮਾਣਹੁ ਰਲੀਆ[੬] ਜਨਮ ਮਰਣ ਦੂਖ ਖੋਵਹੁ[੭] ॥ ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ[੮] ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਉ ਰੈਣਿ ਭਗਤਾ ਦੀ ॥ ੪ ॥ ੧ ॥ ੩ ॥ ਸਿਰੀਰਾਗੁ ਮਹਲਾ ੫ ॥ ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ *ਧਰਿ ਪਾਇਤਾ ਉਦਰੈ ਮਾਹਿ ॥ ਦਸੀ ਮਾਸੀ[੯] ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ[੧੦] ਕਰਮ ਕਮਾਹਿ ॥ ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ[੧੧] ਪਾਇਆ ॥ ਮਾਤ ਪਿਤਾ ਭਾਈ ਸੁਤ[੧੨] ਬਨਿਤਾ[੧੩] ਤਿਨ ਭੀਤਰਿ ਪ੍ਰਭੂ ਸੰਜੋਇਆ[੧੪] ॥ ਕਰਮ ਸੁਕਰਮ[੧੫] ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ ॥ ੧ ॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ [੧੬]ਲਹਰੀ ਦੇਇ ॥ ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ[੧੭] ॥ ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ[੧੮] ਕਰਾਰਾ[੧੯] ॥ ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ[੨੦] ਜਮ ਜੰਦਾਰਾ[੨੧] ॥ ਧਰਮਰਾਇ ਜਬ ਪਕਰਸਿ ਬਵਰੇ[੨੨] ਤਬ ਕਿਆ ਜਬਾਬੁ ਕਰੇਇ ॥ ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥ ੨ ॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ [੨੩]ਬਿਖੁ ਸੰਚੈ ਅੰਧੁ ਅਗਿਆਨੁ ॥ ਪੁਤ੍ਰਿ ਕਲਤ੍ਰਿ[੨੪] ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ[੨੫] ॥ ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥ ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ[੨੬] ਨ ਲਗੋ ਧਿਆਨੁ ॥ ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥ ੩ ॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ ॥ ਗੁਰਮੁਖਿ[੨੭] ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਹ ਬੇਲੀ ਹੋਇ ॥ ਗੁਰਮੁਖਿ ਨਾਮੁ ਸਮਾਲਿ ਪਰਾਣੀ ਅੰਤੇ ਹੋਇ ਸਖਾਈ[੨੮] ॥ ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ ॥

੧ ਸਮ੍ਹਾਰਦਾ ਹੈ, ਚੇਤੇ ਕਰਦਾ ਹੈ।
੨ ਲਿਆਂਦਾ (ਵਾਹਿਗੁਰੂ ਨੇ)। 'ਵੇਲਾ' ਇਸਤਰੀ-ਲਿੰਗ ਹੋਣ ਕਰ ਕੇ ਕ੍ਰਿਆ 'ਆਦੀ' ਆਈ ਹੈ।
੩ ਗੁਜ਼ਰਦੀ।
੪ ਪਲ-ਪਲ।
੫ ਕਾਇਮ, ਸਦਾ ਰਹਿਣ ਵਾਲੇ।
੬ ਮੌਜਾਂ।
੭ ਮਿਟਾ ਦੇਵੋ।
੮ ਚੰਗੀ ਲੱਗਦੀ ਹੈ।
੯ ਮਹੀਨੀਂ।
੧੦ ਸਮਾਂ, ਉਮਰ ਜੋ ਮੌਕਾ ਹੈ ਕੁਝ ਕਮਾਵਣ ਲਈ।
੧੧ ਧੁਰੋਂ, ਆਪਣੇ ਹਜ਼ੂਰੋਂ।
੧੨ ਪੁੱਤਰ।
੧੩ ਇਸਤਰੀ।
੧੪ ਜੋੜਿਆ। ਮਾਤ ਪਿਤਾ ਆਦਿਕ ਵਿੱਚ ਜੋੜ ਹਰੀ ਨੇ ਬਣਾ ਦਿੱਤਾ ਹੈ।
੧੫ ਸ਼ੁਭ ਕਰਮ।
੧੬ ਉਛਾਲੇ ਦਿੰਦੀ ਹੈ।
੧੭ ਹੰਕਾਰ ਵਿੱਚ।
੧੮ ਪੰਧ, ਰਸਤਾ (ਜਮਾਂ ਦਾ)।
੧੯ ਕਰੜਾ।
੨੦ ਖੜੇ ਹਨ।
੨੧ [ਫ਼ਾਰਸੀ ਜੰਦਾਲ] ਗਵਾਰ ਸ਼ਰਾਬੀ, ਅਵੈੜਾ।
੨੨ ਬਾਵਲੇ, ਝੱਲੇ।
੨੩ ਜ਼ਹਿਰ (ਮਾਇਆ) ਇਕੱਠੀ ਕਰਦਾ ਹੈ।
੨੪ ਇਸਤਰੀ ਵਿੱਚ।
੨੫ ਲੋਭਵਾਨ। ਲੋਭੀ ਹੋਇਆ ਹੈ (ਇਸ ਲਹਿਰ ਵਿੱਚ)।
੨੬ ਅੱਖ ਦੇ ਫੋਰ ਜਿੰਨੇ ਸਮੇਂ ਲਈ, ਥੋੜ੍ਹੇ ਸਮੇਂ ਲਈ।
੨੭ ਗੁਰੂ ਦੁਆਰਾ।
੨੮ ਸਹਾਈ, ਮਦਦਗਾਰ।

* ਧਰ ਪਾਇਆ, ਧਰ ਦਿੱਤਾ। ਪਿਛਲੇ ਸ਼ਬਦ ਦੀ ਪਹਿਲੀ ਤੁਕ ਵਿੱਚ ਵੀ 'ਹਰਿ ਪਾਇਆ ਉਦਰ ਮੰਝਾਰਿ' ਆਇਆ ਹੈ। ਵਾਹਿਗੁਰੂ ਨੇ ਮਾਤਾ ਦੇ ਪੇਟ ਵਿੱਚ ਰੱਖ ਦਿੱਤਾ, ਦਸੀਂ ਮਹੀਨੀਂ ਮਨੁੱਖ ਬਣਾ ਦਿੱਤਾ, ਅਤੇ ਮੌਕਾ ਦੇ ਦਿੱਤਾ ਕਿ ਕਰਮ ਕਮਾਵੇ।

ਸਗਲੀ ਰੈਣਿ ਗੁਦਰੀ ਅੰਧਿਆਰੀ[੧] ਸੇਵਿ ਸਤਿਗੁਰੁ ਚਾਨਣੁ ਹੋਇ ॥ ਕਹੁ
ਨਾਨਕ ਪ੍ਰਾਣੀ ਚਉਥੈ ਪਹਰੈ ਦਿਨੁ ਨੇੜੈ ਆਇਆ ਸੋਇ ॥ ੪ ॥ ਲਿਖਿਆ
ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ [੨]ਕਮਾਣਾ ਸਾਥਿ ॥
ਇਕ ਰਤੀ ਬਿਲਮ[੩] ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ[੪] ਤਕੜੇ ਪਾਏ
ਹਾਥ ॥ ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ[੫] ॥
ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ[੬] ॥ [੭]ਕਰਮ ਧਰਤੀ
ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ ਕਹੁ ਨਾਨਕ ਭਗਤ ਸੋਹਹਿ[੮]
ਦਰਵਾਰੇ[੯] ਮਨਮੁਖ ਸਦਾ ਭਵਾਤਿ[੧੦] ॥ ੫ ॥ ੧ ॥ ੪ ॥

ਸਿਰੀਰਾਗੁ ਮਹਲਾ ੪ ਘਰੁ ੨ ਛੰਤ* ੴ ਸਤਿਗੁਰ ਪ੍ਰਸਾਦਿ ॥

ਮੁੰਧ[੧੧] ਇਆਣੀ ਪੇਈਅੜੈ[੧੨] ਕਿਉ ਕਰਿ ਹਰਿ ਦਰਸਨੁ ਪਿਖੈ[੧੩] ॥ ਹਰਿ
ਹਰਿ ਅਪਨੀ ਕਿਰਪਾ ਕਰੇ [੧੪]ਗੁਰਮੁਖਿ ਸਾਹੁਰੜੈ ਕੰਮ ਸਿਖੈ ॥ ਸਾਹੁਰੜੈ
ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ [੧੫]ਸਹੀਆ ਵਿਚਿ ਫਿਰੈ
ਸੁਹੇਲੀ[੧੬] ਹਰਿ ਦਰਗਹ [੧੭]ਬਾਹ ਲੁਡਾਏ ॥ ਲੇਖਾ ਧਰਮਰਾਇ ਕੀ ਬਾਕੀ
ਜਪਿ ਹਰਿ ਹਰਿ ਨਾਮੁ ਕਿਰਖੈ† ॥ ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ
ਦਰਸਨੁ ਦਿਖੈ[੧੮] ॥ ੧ ॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ[੧੯] ਹਰਿ
ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ [੨੦]ਪ੍ਰਚੰਡੁ
ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ[੨੧] ਹਰਿ ਰਤਨੁ
ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ[੨੨] ਗੁਰਮਤਿ
ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ
ਜਾਇਆ ॥ ਵੀਆਹੁ ਹੋਆ ਮੇਰੇ ਬਾਬੋਲਾ[੨੩] ਗੁਰਮੁਖੇ ਹਰਿ ਪਾਇਆ ॥ ੨ ॥
[੨੪]ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥ ਪੇਵਕੜੈ ਹਰਿ
ਜਪਿ ਸੁਹੇਲੀ ਵਿਚਿ ਸਾਹੁਰੜੈ[੨੫] [੨੬]ਖਰੀ ਸੋਹੰਦੀ ॥ ਸਾਹੁਰੜੈ ਵਿਚਿ ਖਰੀ
ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ[੨੭] ॥ ਸਭੁ ਸਫਲਿਓ ਜਨਮੁ ਤਿਨਾ
ਦਾ ਗੁਰਮੁਖਿ ਜਿਨਾ ਮਨੁ ਜਿਣਿ[੨੮] ਪਾਸਾ ਢਾਲਿਆ ॥ ਹਰਿ ਸੰਤ ਜਨਾ ਮਿਲਿ
ਕਾਰਜੁ ਸੋਹਿਆ ਵਰੁ[੨੯] ਪਾਇਆ ਪੁਰਖੁ ਅਨੰਦੀ[੩੦] ॥ ਹਰਿ ਸਤਿ ਸਤਿ ਮੇਰੇ
ਬਾਬੋਲਾ ਹਰਿ ਜਨ ਮਿਲਿ ਜੰਵ ਸੋਹੰਦੀ ॥ ੩ ॥ ਹਰਿ ਪ੍ਰਭੁ ਮੇਰੇ ਬਾਬੁਲਾ

੧ ਅਗਿਆਨਤਾ ਰੂਪ ਹਨੇਰੇ ਵਿੱਚ (ਗੁਜ਼ਰੀ ਹੈ ਉਮਰ ਰੂਪ ਰਾਤ)।
੨ ਸਮੇਤ ਆਪਣੀ ਕਮਾਈ ਦੇ।
੩ ਦੇਰ।
੪ ਉਨ੍ਹਾਂ ਨੇ, ਜਮਾਂ ਨੇ।
੫ ਔਖੇ ਹੁੰਦੇ ਨੇ।
੬ ਸੁਖਾਲੇ, ਸੌਖੇ।
੭ ਇਸ ਜੁਗ ਵਿੱਚ ਸਰੀਰ ਕਰਮਾਂ ਦੀ ਧਰਤੀ ਹੈ ਭਾਵ ਕਰਮ ਕਮਾਵਣ ਦਾ ਵਸੀਲਾ ਹੈ "ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ" (ਗੌ: ਵਾਰ, ਮ: ੪)। "ਇਹੁ ਸਰੀਰੁ ਕਰਮ ਕੀ ਧਰਤੀ" (ਬਿਲਾਵਲੁ ਮ: ੪) "ਇਹੁ ਤਨੁ ਧਰਤੀ ਬੀਜੁ ਕਰਮਾ ਕਰੋ" (ਸਿਰੀਰਾਗੁ ਮ: ੧)।
੮ ਸੋਭਦੇ ਹਨ।
੯ ਦਰਬਾਰ ਹਰੀ ਦੇ।
੧੦ ਭੁਆਏ ਜਾਂਦੇ ਹਨ।
੧੧ ਇਸਤਰੀ।
੧੨ ਇਸ ਲੋਕ ਰੂਪ ਪੇਕੇ ਘਰ ਵਿੱਚ।
੧੩ ਵੇਖੇ।
੧੪ ਗੁਰਾਂ ਦੁਆਰੇ ਪ੍ਰਲੋਕ ਰੂਪ ਸਹੁਰੇ ਜਾਵਣ ਵਾਲੇ ਕੰਮ ਸਿੱਖੇ। ਉਹ ਕੀ? 'ਹਰਿ ਹਰਿ ਸਦਾ ਧਿਆਏ'।
੧੫ ਸਤਿਸੰਗੀਆਂ ਰੂਪ ਸਹੇਲੀਆਂ।
੧੬ ਸੌਖੀ।
੧੭ ਬਾਂਹ ਮਾਰਦੀ, ਭਾਵ, ਮਾਣ ਨਾਲ ਬੇ-ਫਿਕਰ ਹੋ ਕੇ।
੧੮ ਵੇਖੇ।
੧੯ ਗੁਰਾਂ ਦੁਆਰੇ।
੨੦ ਬਹੁਤ ਤੇਜ਼ ਬਾਲਿਆ ਜਾਂ ਜਗਾਇਆ।
੨੧ ਦੂਰ ਹੋਇਆ।
੨੨ ਸ੍ਵੈ-ਸਰੂਪ ਤੋਂ। ਗੁਰਮਤਿ ਦੁਆਰਾ ਆਪਾ ਭਾਵ ਸ੍ਵੈ-ਸਰੂਪ ਨੇ ਮੁਕਾਇਆ।
੨੩ ਹੇ ਪਿਤਾ!
੨੪ ਹਰੀ ਨਿਰੋਲ ਸੱਚ ਹੈ।
੨੫ ਅਗਲੇ ਜਹਾਨ, ਵਾਹਿਗੁਰੂ ਦੇ ਹਜ਼ੂਰ।
੨੬ ਬਹੁਤ ਸੋਹਣੀ ਲੱਗਦੀ ਹੈ।
੨੭ ਯਾਦ ਕੀਤਾ।
੨੮ ਜਿੱਤ ਕੇ। ਮਨ ਜਿੱਤ ਕੇ ਇਹ ਸੰਸਾਰਕ ਖੇਡ ਖੇਡੀ ਹੈ।
੨੯ ਪਤੀ।
੩੦ ਅਨੰਦ ਸਰੂਪ।

* ਇਸ ਛੰਤ ਵਿੱਚ ਵਿਆਹ ਦਾ ਅਲੰਕਾਰ ਲੈ ਕੇ ਜੀਵ ਦਾ ਹਰੀ ਨਾਲ ਮੇਲ ਤੇ ਉਸ ਤੋਂ ਉਪਜੇ ਗੁਣ ਲਾਭ ਦੱਸੇ ਹਨ।

† ਹਲ ਨਾਲ ਲਕੀਰਾਂ ਕੱਢਣੀਆਂ। ਏਥੇ ਲੀਕ ਫੇਰਨੀ ਤੋਂ ਭਾਵ ਹੈ—ਹਰੀ ਨਾਮ ਜਪ ਕੇ ਧਰਮਰਾਜ ਦੀ ਬਾਕੀ ਉੱਤੇ ਲੀਕ ਫੇਰ ਦੇਵੇ।

*ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ[੧] ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ [੨]ਖੰਡਿ ਵਰਭੰਡਿ ਹਰਿ ਸੋਭਾ ਹੋਈ [੩]ਇਹੁ ਦਾਨੁ ਨ ਰਲੈ ਰਲਾਇਆ ॥ ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ[੪] ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ੪ ॥ ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ[੫] ਵੇਲ[੬] ਵਧੰਦੀ ॥ ਹਰਿ [੭]ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ[੮] ਗੁਰੂ ਚਲੰਦੀ ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ [੯]ਚੜੈ ਸਵਾਇਆ ॥ ਨਾਨਕ [੧੦]ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥ ੫ ॥ ੧ ॥

ਸਿਰੀਰਾਗੁ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ ॥

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ[੧੧] ॥ ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ[੧੨] ਤੇਰੈ ਨਾਲੇ ॥ ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ[੧੩] ਕੋਇ ਨ ਜਾਏ ॥ [੧੪]ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥ ਜਲਿ ਥਲਿ ਪੂਰਿ ਰਹਿਆ ਬਨਵਾਰੀ[੧੫] ਘਟਿ ਘਟਿ ਨਦਰਿ ਨਿਹਾਲੇ† ॥ [੧੬]ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥ ੧ ॥ ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਮਨ ਪਿਆਰਿਆ ਜੀਉ ਮਿਤ੍ਰਾ ਬਿਖੁ[੧੭] ਸਾਗਰੁ ਸੰਸਾਰੇ ॥ ਚਰਣ ਕਮਲ ਕਰਿ ਬੋਹਿਥੁ[੧੮] ਕਰਤੇ ਸਹਸਾ[੧੯] ਦੂਖੁ ਨ ਬਿਆਪੈ ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ ॥ [੨੦]ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ[੨੧] ॥ ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥ ੨ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ[੨੨] ਸਵਲੀ[੨੩] ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥ ਹਰਿ ਦਰੁ ਸੇਵੇ ਅਲਖ[੨੪] ਅਭੇਵੇ[੨੫] ਨਿਹਚਲੁ[੨੬] ਆਸਣੁ ਪਾਇਆ ॥ ਤਹ[੨੭] ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥ [੨੮]ਚਿਤ੍ਰ ਗੁਪਤ ਕਾ ਕਾਗਦੁ ਫਾਰਿਆ[੨੯] ਜਮਦੂਤਾ [੩੦]ਕਛੂ ਨ ਚਲੀ ॥ ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥ ੩ ॥ ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ

੧ ਕੰਮ, ਵਿਆਹ ਦਾ ਕੰਮ।
੨ ਦੇਸ਼ ਵਿੱਚ ਅਤੇ ਬ੍ਰਹਮੰਡ (ਸੰਸਾਰ) ਵਿੱਚ।
੩ ਇਹ ਦਾਨ ਅਦੁੱਤੀ ਹੈ, ਇਸ ਨਾਲ ਕੋਈ ਹੋਰ ਦਾਨ ਟਾਕਰਾ ਨਹੀਂ ਖ਼ਾਂਦਾ।
੪ ਪਖੰਡ, ਦਿਖਾਵਾ।
੫ ਇਸਤਰੀ।
੬ ਪੀੜ੍ਹੀ, ਵੰਸ਼ (ਸੰਗਤ ਰੂਪ)।
੭ ਜੁਗ-ਜੁਗ, ਸਦਾ ਹੀ।
੮ ਗੁਰੂ ਦੀ ਰਾਹੀਂ ਗੁਰਮੁਖ ਰੂਪ ਇਸਤਰੀਆਂ ਦਾ ਹਰੀ ਰੂਪ ਪਤੀ ਨਾਲ ਮੇਲ ਹੁੰਦਾ ਹੈ। ਇਸ ਸਾਰੇ ਵਾਧੇ ਨੂੰ ਗੁਰੂ ਦੀ ਪੀੜ੍ਹੀ ਆਖਿਆ ਹੈ।
੯ ਦਾਤਿ ਵਿੱਚ ਵਾਧਾ ਹੁੰਦਾ ਰਹਿੰਦਾ ਹੈ।
੧੦ ਸੰਤ ਅਤੇ ਸੰਤਾਂ ਦਾ ਹਰੀ ਇਕੋ ਹੀ ਹਨ।
੧੧ ਚੇਤੇ ਕਰ।
੧੨ ਸਾਥ ਦਿੰਦਾ ਹੈ।
੧੩ ਖਾਲੀ।
੧੪ ਜੋ ਤੈਨੂੰ ਮਨ ਭਾਉਂਦੇ ਹਨ ਓਹੀ ਫਲ ਪਾਵੇਂ ਜੇ ਤੂੰ ਹਰੀ ਦੇ ਚਰਨ ਕੰਵਲਾਂ ਵਿੱਚ ਦਿਲ ਲਾਵੇਂ।
੧੫ ਬਨਮਾਲਾ (ਜੰਗਲੀ ਫੁੱਲਾਂ ਦੀ ਮਾਲਾ) ਪਹਿਰਨ ਵਾਲਾ, ਵਿਸ਼ਨੂੰ—ਏਥੇ ਕਰਤਾਰ ਲਈ ਵਰਤਿਆ ਹੈ।
੧੬ ਨਾਨਕ ਸਿੱਖਿਆ ਦਿੰਦਾ ਹੈ, ਹੇ ਪਿਆਰੇ ਮਨ!
੧੭ ਜ਼ਹਿਰ ਦਾ।
੧੮ ਜਹਾਜ਼। ਕਰਤੇ ਦੇ ਚਰਨ ਕਮਲਾਂ ਨੂੰ ਜਹਾਜ਼ ਬਣਾ।
੧੯ ਸੰਦੇਹ। ਫਿਕਰ ਨਾ ਲੱਗੇ।
੨੦ ਸੇਵਕਾਂ ਦਾ ਮਾਲਕ ਹੈ ਆਦਿ ਜੁਗਾਦਿ ਤੋਂ।
੨੧ ਆਸਰਾ।
੨੨ ਸੌਦੇ ਦਾ ਭਾਰ।
੨੩ ਨਫੇ ਵਾਲੀ।
੨੪ ਸਮਝ ਵਿੱਚ ਨਾ ਆਉਣ ਵਾਲਾ।
੨੫ ਜਿਸ ਦਾ ਭੇਦ ਨਹੀਂ ਪਾ ਸਕੀਦਾ।
੨੬ ਜੋ ਸਦਾ ਕਾਇਮ ਰਹੇ, ਭਾਵ ਉਹ ਟਿਕਾਣਾ ਮਿਲਿਆ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ।
੨੭ ਉਥੇ।
੨੮ ਚਿਤਰ ਅਤੇ ਗੁਪਤ ਇਹ ਦੋ ਧਰਮ ਰਾਜ ਦੇ ਮੁਨਸ਼ੀ ਹਨ, ਜੋ ਸਭ ਦੇ ਚੰਗੇ-ਮੰਦੇ ਕਰਮਾਂ ਦਾ ਹਿਸਾਬ ਰੱਖਦੇ ਹਨ।
੨੯ ਪਾੜ ਸਿਟਿਆ ਹੈ (ਲੇਖਾ)।
੩੦ ਕੁਝ ਪੇਸ਼ ਨਾ ਗਈ।

* ਹਰੀ ਨਾਮ ਦਾ ਦਾਨ ਮੈਨੂੰ ਦਾਜ ਵਜੋਂ ਦਿਓ। ਹਰੀ ਨਾਮ ਦੇ ਹੀ ਮੈਨੂੰ ਕੱਪੜੇ ਦੇਵੋ, ਤੇ ਹਰੀ ਨਾਮ ਦੀ ਹੀ ਸ਼ੋਭਾ (ਚਮਕੀਲੀਆਂ ਵਸਤਾਂ) ਦੇਵੋ।

† ਵੇਖਦਾ ਹੈ (ਮੇਹਰ ਦੀ ਨਜ਼ਰ ਨਾਲ) ਜੋ ਕਰਤਾਰ ਪਾਣੀ ਤੇ ਸੁੱਕੀ ਧਰਤੀ ਵਿੱਚ ਭਰਪੂਰ ਹੈ, ਉਹੋ ਦਿਲਾਂ ਦੇ ਅੰਦਰ ਮਿਹਰ ਦੀ ਨਜ਼ਰ ਨਾਲ ਵੇਖ ਰਿਹਾ ਹੈ।

ਜਪਤ ਪਰਗਾਸੋ[1] ॥ ਸਿਮਰਿ ਸੁਆਮੀ [2]ਸੁਖਹ ਗਾਮੀ [3]ਇਛ ਸਗਲੀ ਪੁੰਨੀਆ ॥ [4]ਪੁਰਬੇ ਕਮਾਏ ਸ੍ਰੀਰੰਗ[5] ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥ ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ[6] ॥ ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥ ੪ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ[7] ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ[8] ॥ ਹਰਿ ਪੀ ਆਘਾਨੇ[9] ਅੰਮ੍ਰਿਤ ਬਾਨੇ[10] ਸ੍ਰਬ ਸੁਖਾ ਮਨ ਵੁਠੇ[11] ॥ ਸ੍ਰੀਧਰ[12] ਪਾਏ ਮੰਗਲ[13] ਗਾਏ [14]ਇਛ ਪੁੰਨੀ ਸਤਿਗੁਰ ਤੁਠੇ ॥ ਲੜਿ ਲੀਨੇ ਲਾਏ ਨਉ ਨਿਧਿ[15] ਪਾਏ ਨਾਉ ਸਰਬਸੁ[16] ਠਾਕੁਰਿ ਦੀਨਾ ॥ *ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥ ੫ ॥ ੧ ॥ ੨ ॥

ਸਿਰੀਰਾਗ ਕੇ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਡਖਣਾ† ॥

‡ਹਠ[17] ਮਝਾਹੂ[18] [19]ਮਾ ਪਿਰੀ ਪਸੇ[20] ਕਿਉ ਦੀਦਾਰ ॥ ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ[21] ॥ ੧ ॥ ਛੰਤੁ ॥ ਚਰਨ ਕਮਲ ਸਿਉ ਪ੍ਰੀਤਿ ਰੀਤਿ[22] ਸੰਤਨ ਮਨਿ ਆਵਏ ਜੀਉ ॥ [23]ਦੁਤੀਆ ਭਾਉ ਬਿਪਰੀਤਿ[24] ਅਨੀਤਿ[25] ਦਾਸਾ ਨਹ ਭਾਵਏ ਜੀਉ ॥ ਦਾਸਾ ਨਹ ਭਾਵਏ ਬਿਨੁ ਦਰਸਾਵਏ[26] ਇਕ ਖਿਨੁ ਧੀਰਜੁ ਕਿਉ ਕਰੈ ॥ ਨਾਮ ਬਿਹੂਨਾ[27] ਤਨੁ ਮਨੁ ਹੀਨਾ[28] ਜਲ ਬਿਨੁ ਮਛੁਲੀ ਜਿਉ ਮਰੈ ॥ ਮਿਲੁ ਮੇਰੇ ਪਿਆਰੇ [29]ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ ॥ ਨਾਨਕ ਕੇ ਸੁਆਮੀ [30]ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ[31] ਸਮਾਵਏ ॥ ੧ ॥ ਡਖਣਾ ॥ [32]ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ[33] ॥ ਖੁਲ੍ਹ੍ੜੇ ਕਪਾਟ[34] ਨਾਨਕ ਸਤਿਗੁਰ ਭੇਟਤੇ[35] ॥ ੧ ॥ ਛੰਤੁ ॥ ਤੇਰੇ ਬਚਨ ਅਨੂਪ[36] ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥ ਸਿਮਰਤ ਸਾਸ ਗਿਰਾਸ[37] ਪੂਰਨ ਬਿਸੁਆਸ[38] ਕਿਉ ਮਨਹੁ ਬਿਸਾਰੀਐ ਜੀਉ ॥ ਕਿਉ ਮਨਹੁ ਬੇਸਾਰੀਐ ਨਿਮਖ[39] ਨਹੀ ਟਾਰੀਐ[40] ਗੁਣਵੰਤ ਪ੍ਰਾਨ ਹਮਾਰੇ ॥ ਮਨ ਬਾਂਛਤ[41] ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ[42] ਸਾਰੇ ॥ ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥ ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ[43] ਤਾਰੀਐ ॥ ੨ ॥ ਡਖਣਾ ॥ ਧੂੜੀ ਮਜਨੁ[44] ਸਾਧ ਖੇ ਸਾਈ ਥੀਏ ਕ੍ਰਿਪਾਲ ॥ ਲਧੇ ਹਭੇ ਥੋਕੜੇ[45] ਨਾਨਕ ਹਰਿ ਧਨੁ ਮਾਲ ॥ ੧ ॥ ਛੰਤੁ ॥ ਸੁੰਦਰ ਸੁਆਮੀ ਧਾਮ[46] ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ ॥

੧ ਚਾਨਣਾ ਹੁੰਦਾ ਹੈ।
੨ ਜਿਸ ਪਾਸ ਸੌਖ ਨਾਲ ਪਹੁੰਚ ਸਕੀਦਾ ਹੈ।
੩ ਸਾਰੀਆਂ ਖਾਹਿਸ਼ਾਂ ਪੂਰੀਆਂ ਹੁੰਦੀਆਂ ਹੈਨ।
੪ ਪਿਛਲਾ ਲਿਖਿਆ ਕਮਾਇਆ, ਵਾਹਿਗੁਰੂ ਲੱਭਾ ਅਤੇ ਚਿਰਾਂ ਤੋਂ ਵਿਛੜੇ ਹੋਏ ਮਿਲੇ।
੫ [ਸ੍ਰੀ (ਲਛਮੀ) ਨਾਲ ਰੰਗ ਕਰਨ ਵਾਲਾ, ਵਿਸ਼ਨੂੰ] ਪ੍ਰਭੂ ਜੀ।
੬ ਵਿਸ਼ਵਾਸ, ਨਿਸਚਾ। ਜੋ ਅੰਦਰ ਬਾਹਰ ਹਭਥੇ ਸਮਾਇਆ ਹੋਇਆ ਹੈ, ਉਸ ਵਿੱਚ ਨਿਸਚਾ ਪੈਦਾ ਹੋ ਗਿਆ।
੭ ਲੀਨ ਹੋਇਆ ਹੈ ਮਨ।
੮ ਮੱਛੀ। ਜੀਵ-ਮਛਲੀ ਹਰੀ-ਜਲ ਨੂੰ ਮਿਲ ਕੇ ਜੀ ਪੈਂਦੀ ਹੈ।
੯ ਰੱਜੇ। ਹਰੀ ਦੀ ਅੰਮ੍ਰਿਤ-ਬਾਣੀ ਰੂਪ ਪਾਣੀ ਪੀ ਕੇ ਰੱਜੇ।
੧੦ ਅੰਮ੍ਰਿਤ-ਬਾਣੀ।
੧੧ ਵੱਸੇ।
੧੨ [ਲਛਮੀ ਦੇ ਧਾਰਨ ਵਾਲਾ, ਵਿਸ਼ਨੂੰ] ਪ੍ਰਭੂ ਜੀ।
੧੩ ਖੁਸ਼ੀ ਦੇ ਗੀਤ।
੧੪ ਸਤਿਗੁਰੂ ਦੇ ਕ੍ਰਿਪਾਲੂ ਹੋਣ ਨਾਲ ਮੇਰੀ ਚਾਹਨਾ ਪੂਰੀ ਹੋਈ।
੧੫ ਨਉ ਨਿਧੀਆਂ, ਸਾਰੇ ਖ਼ਜ਼ਾਨੇ। ਦੇਖੋ ਪੰਨਾ ੧੦, ਫੁਟ ਨੋਟ §।
੧੬ ਸਭ ਕੁਝ। ਨਾਮ ਹੀ ਸਭ ਕੁਝ ਹੈ ਜੋ ਠਾਕਰ ਨੇ ਦਿੱਤਾ ਹੈ।
੧੭ ਹਿਰਦਾ।
੧੮ ਵਿੱਚ।
੧੯ ਮੇਰਾ ਪਤੀ।
੨੦ ਵੇਖੇ, ਦਿਸੇ। ਕਿਵੇਂ ਦੀਦਾਰ ਦਿਸੇ?
੨੧ ਆਸਰਾ। ਉਹ ਪ੍ਰਾਣਾਂ ਦਾ ਆਸਰਾ ਸੰਤ ਸਰਨ ਪਿਆਂ ਲੱਭਦਾ ਹੈ।
੨੨ ਮਰਯਾਦਾ। ਹਰੀ ਦੇ ਚਰਨ ਕਮਲ ਨਾਲ ਪ੍ਰੀਤੀ, ਇਹ ਮਰਯਾਦਾ ਸੰਤਾਂ ਦੇ ਮਨ ਵਿੱਚ ਆਉਂਦੀ ਹੈ।
੨੩ ਦ੍ਵੈਤ ਭਾਵ।
੨੪ ਉਲਟੀ ਰੀਤੀ (ਮਰਯਾਦਾ)।
੨੫ ਅਯੋਗ ਕਰਮ।
੨੬ ਦਰਸ਼ਨ।
੨੭ ਬਿਨਾਂ।
੨੮ ਖ਼ਾਲੀ, ਕਮਜ਼ੋਰ।
੨੯ ਜ਼ਿੰਦਗੀ ਦਾ ਆਸਰਾ।
੩੦ ਐਸੀ ਕਿਰਪਾ ਕਰੋ ਕਿ ਤਨ ਮਨ ਦੁਆਰਾ ਤੁਹਾਡੀ ਗੋਦੀ ਵਿੱਚ ਸਮਾ ਜਾਵੀਏ।
੩੧ ਅੰਗ ਨਾਲ, ਗੋਦੀ ਵਿੱਚ।
੩੨ ਸਭ ਥਾਈਂ ਸੋਭਦਾ ਹੈ।
੩੩ ਦੂਜਾ।
੩੪ ਦਰਵਾਜ਼ੇ (ਅਗਿਆਨ ਦੇ)।
੩੫ ਮਿਲਦਿਆਂ।
੩੬ ਜਿਸ ਦੀ ਉਪਮਾ ਨਾ ਹੋ ਸਕੇ।
੩੭ ਖਾਂਦਿਆਂ। ਸ੍ਵਾਸ ਲੈਂਦਿਆਂ ਤੇ ਪੀਂਦਿਆਂ ਸਿਮਰਨ ਨਾਲ ਪੂਰਨ ਸ਼ਰਧਾ ਆਉਂਦੀ ਹੈ।
੩੮ ਨਿਸਚਾ।
੩੯ ਥੋੜ੍ਹਾ ਸਮਾਂ ਵੀ।
੪੦ ਹਟਾਈਏ।
੪੧ ਮਨ-ਭਾਉਂਦੇ।
੪੨ ਪੀੜ੍ਹਾ। ਮਨ ਦੀ ਪੀੜਾ ਨੂੰ ਸੰਭਾਲਦਾ (ਜਾਣਦਾ) ਹੈ।
੪੩ ਭਵ ਸਾਗਰ, ਸੰਸਾਰ ਸਮੁੰਦਰ।
੪੪ ਇਸ਼ਨਾਨ। ਜਦ ਮਾਲਕ ਕ੍ਰਿਪਾਲੂ ਹੋਇਆ ਤਾਂ ਸਾਧਾਂ ਦੀ ਧੂੜੀ ਵਿੱਚ ਇਸ਼ਨਾਨ ਕੀਤਾ। ਖੇ=ਦੀ।
੪੫ ਥੋਕ, ਪਦਾਰਥ।
੪੬ ਘਰ। ਹਰੀ ਸੁੰਦਰ, ਮਾਲਕ, ਭਗਤਾਂ ਦੇ ਬਿਸਰਾਮ ਲਈ ਘਰ ਹੈ।

* ਹੇ ਨਾਨਕ! ਸੰਤਾਂ ਨੇ ਸਿੱਖਿਆ ਦ੍ਰਿੜ੍ਹ ਕਰਾਈ, ਜਿਸ ਕਰ ਕੇ ਮੇਰਾ ਮਨ ਹਰੀ ਦੀ ਪ੍ਰੇਮਾ-ਭਗਤੀ ਵਿੱਚ ਲੱਗ ਗਿਆ।

† ਮੁਲਤਾਨ ਸਾਹੀਵਾਲ ਆਦਿ ਜੋ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੇ ਇਲਾਕੇ ਹਨ, ਉਥੋਂ ਦੀ ਬੋਲੀ ਵਿੱਚ ਜੋ ਸ਼ਲੋਕ ਜਾਂ ਦੋਹਾ ਲਿਖਿਆ ਹੈ, ਉਸ ਦਾ ਨਾਮ 'ਡਖਣਾ' ਰੱਖਿਆ ਹੈ। ਇਸ ਰਚਨਾ ਵਿੱਚ 'ਦ' ਦੀ ਥਾਂ 'ਡ' ਅੱਖਰ ਵਰਤਿਆ ਹੈ, ਯਥਾ 'ਕੋਇ ਨ ਦਿਸੈ ਡੂਜੜੋ'।

‡ ਮੇਰਾ ਪਿਆਰਾ ਦਿਲ ਵਿੱਚ ਹੀ ਹੈ, ਪਰ ਉਸ ਦੇ ਦਰਸ਼ਨ ਕਿਵੇਂ ਹੋਣ?

ਮਨਿ ਤਨੇ ਗਲਤਾਨ[੧] ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥ *ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ[੨] ਬਿਖੈ[੩] ਬਨੁ[੪] ਫੀਕਾ ਜਾਨਿਆ ॥ ਭਏ ਕਿਰਪਾਲ ਗੋਪਾਲ ਪ੍ਰਭ ਮੇਰੇ [੫]ਸਾਧਸੰਗਤਿ ਨਿਧਿ ਮਾਨਿਆ ॥ ਸਰਬਸੋ ਸੂਖ ਆਨੰਦ ਘਨ[੬] ਪਿਆਰੇ [੭]ਹਰਿ ਰਤਨੁ ਮਨ ਅੰਤਰਿ ਸੀਵਤੇ ॥ ਇਕੁ ਤਿਲੁ ਨਹੀ ਵਿਸਰੈ [੮]ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥ ੩ ॥ ਡਖਣਾ ॥ ਜੋ ਤਉ[੯] ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ॥ [੧੦]ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ ॥ ੧ ॥ ਛੰਤੁ ॥ ਪ੍ਰੇਮ ਠਗਉਰੀ[੧੧] ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ॥ ਸੰਤਨ ਕੈ ਪਰਸਾਦਿ ਅਗਾਧਿ[੧੨] ਕੰਠੇ ਲਗਿ ਸੋਹਿਆ ਜੀਉ ॥ ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ[੧੩] ਭਗਤਿ ਲਖ੍ਣ[੧੪] ਕਰਿ ਵਸਿ ਭਏ ॥ [੧੫]ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ ॥ [੧੬]ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥ [੧੭]ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥ ੪ ॥ ਡਖਣਾ ॥ ਸਾਈ ਨਾਮੁ ਅਮੋਲੁ ਕੀਮ[੧੮] ਨ ਕੋਈ ਜਾਣਦੋ ॥ ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥ ਛੰਤੁ ॥ ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ[੧੯] ਕੁਲੁ ਤਾਰਿਆ ਜੀਉ ॥ ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥ ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥ [੧੭]ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥ †ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥ ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ[੨੦] ॥ ੫ ॥ ੧ ॥ ੩ ॥

ਸਿਰੀਰਾਗੁ ਮਹਲਾ ੪ ਵਣਜਾਰਾ ੴ ਸਤਿ ਨਾਮੁ ਗੁਰ ਪ੍ਰਸਾਦਿ ॥

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ[੨੧] ਸਭੁ ਕੋਇ ਜੀਉ ॥ ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ[੨੨] ਸੋਇ ॥ ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥ ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥ ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ[੨੩] ਹੋਇ ॥ ੧ ॥ ਮੈ ਹਰਿ ਬਿਨੁ ਅਵਰੁ ਨ ਕੋਇ ॥ ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥ ੧ ॥ ਰਹਾਉ ॥

੧ [ਫ਼ਾਰਸੀ] ਖਚਿਤ, ਲਿਵਲੀਨ।
੨ ਹੁੰਦੇ ਹਨ।
੩ ਵਿਸ਼ਯ, ਵਿਸ਼ੇ ਦਾ।
੪ ਪਾਣੀ, ਯਥਾ: 'ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥' (ਬਿਲਾਵਲੁ ਮ: ੫)।
੫ ਸਾਧ ਸੰਗਤ ਨੂੰ ਹਰ ਤਰ੍ਹਾਂ ਦਾ ਖ਼ਜ਼ਾਨਾ ਕਰ ਕੇ ਮੰਨਿਆ ਹੈ।
੬ ਬਹੁਤ।
੭ ਹਰੀ ਦੇ ਨਾਮ ਰੂਪ ਰਤਨ ਨੂੰ ਮਨ (ਦੇ ਧਾਗੇ) ਵਿੱਚ ਪਰੋਂਦੇ ਹਨ।
੮ ਜੀਵਨ ਦਾ ਆਸਰਾ।
੯ ਤੂੰ ਨੇ। ਜਿਨ੍ਹਾਂ ਨੂੰ ਤੂੰ ਆਪਣਾ ਬਣਾਇਆ ਹੈ ਉਨ੍ਹਾਂ ਨੂੰ ਤੂੰ ਮਿਲਿਆ ਹੈਂ।
੧੦ ਉਨ੍ਹਾਂ ਤੋਂ ਆਪਣਾ ਜਸ ਤੂੰ ਆਪ ਸੁਣ ਕੇ ਆਪ ਹੀ ਮੋਹਿਆ ਜਾਂਦਾ ਹੈਂ।
੧੧ ਠਗਮੂਰੀ (ਠੱਗ-ਬੂਟੀ) ਜਿਸ ਨਾਲ ਬੇਹੋਸ਼ ਕਰ ਕੇ ਠੱਗ ਧਨ ਲੁੱਟਦੇ ਹਨ। ਭਗਤਾਂ ਨੇ ਪ੍ਰੇਮ-ਠਗਉਰੀ ਪਾ ਕੇ ਤੇ ਪ੍ਰਸੰਨ ਕਰ ਕੇ ਹਰੀ ਦਾ ਮਨ ਮੋਹ ਲਿਆ ਹੈ।
੧੨ ਅਥਾਹ, ਬੇਅੰਤ। ਸੰਤਾਂ ਦੀ ਕਿਰਪਾ ਨਾਲ ਅਥਾਹ ਹਰੀ ਦੇ ਗਲ ਲੱਗ ਕੇ ਸ਼ੋਭਾ ਪਾਈ ਹੈ।
੧੩ ਮਿਟ ਗਏ।
੧੪ ਲੱਛਣ। ਭਗਤੀ-ਭਾਵ ਦੇ ਗੁਣਾਂ ਕਰ ਕੇ ਵਸ ਹੋਇਆ ਹੈ।
੧੫ ਗੋਬਿੰਦ ਦੇ ਖੁਸ਼ ਹੋਣ ਨਾਲ ਮਨ ਵਿੱਚ ਸਾਰੇ ਸੁਖ ਆ ਕੇ ਵੱਸੇ ਹਨ।
੧੬ ਮਿੱਤਰਾਂ ਨੇ ਖੁਸ਼ੀ ਦਾ ਗੀਤ ਗਾਇਆ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਈਆਂ, ਮੁੜ ਕੇ ਮਾਇਆ ਦੇ ਧੱਕੇ ਨਹੀਂ ਪੈਂਦੇ।
੧੭ ਹੱਥ ਫੜ ਕੇ।
੧੮ ਕੀਮਤ।
੧੯ ਲਿਖਣ ਵਾਲਿਆਂ ਨੇ।
੨੦ ਵਾਰਨੇ, ਕੁਰਬਾਨ।
੨੧ ਰਚਿਆ, ਬਣਾਇਆ।
੨੨ ਵਾਹਿਗੁਰੂ, ਜੋ ਸਭ ਵਿੱਚ ਰਮਿਆ ਹੋਇਆ (ਵਿਆਪਕ) ਹੈ।
੨੩ ਸਹਾਈ, ਮੱਦਦਗਾਰ।

* ਓਹ ਭਗਤ ਹਰੀ-ਨਾਮ ਦਾ ਅੰਮ੍ਰਿਤ ਪੀਂਦੇ ਅਤੇ ਅਮਰ ਹੁੰਦੇ ਹਨ, ਉਨ੍ਹਾਂ ਨੇ ਵਿਸ਼ੇ ਦੇ ਪਾਣੀ ਨੂੰ ਬੇ-ਸੁਆਦਾ ਕਰ ਕੇ ਸਮਝਿਆ ਹੈ।

† ਦਿਆਲੂ, ਕਿਰਪਾਲੂ ਸਤਿਗੁਰੂ ਜੀ ਨੂੰ ਮਿਲਣ ਕਰ ਕੇ ਅਸੀਂ ਹਰੇ (ਨਿਹਾਲ) ਹੋ ਗਏ ਅਤੇ ਕਾਮ, ਕ੍ਰੋਧ, ਲੋਭ ਆਦਿ ਪਾਪਾਂ ਨੂੰ ਮਾਰ ਲਿਆ।

[੧]ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ *ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ[੨] ॥ [੩]ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ[੪] ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ[੫] ਲਗਾ ਭਾਉ[੬] ॥ †ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ[੭] ਕਰਮ ਕਮਾਉ ॥ ੨ ॥ ਮਨਿ ਹਰਿ ਹਰਿ ਲਗਾ ਚਾਉ ॥ ਗੁਰਿ ਪੂਰੈ ਨਾਮੁ ਦ੍ਰਿੜਾਇਆ[੮] ਹਰਿ ਮਿਲਿਆ ਹਰਿ ਪ੍ਰਭ ਨਾਉ ॥ ੧ ॥ ਰਹਾਉ ॥ ਜਬ ਲਗੁ ਜੋਬਨਿ[੯] ਸਾਸੁ ਹੈ ਤਬ ਲਗੁ ਨਾਮੁ ਧਿਆਇ ॥ ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ[੧੦] ਆਇ ॥ ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥ [੧੧]ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥ ੩ ॥ ਮਨ ਹਰਿ ਹਰਿ ਪ੍ਰੀਤਿ ਲਗਾਇ ॥ ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥ ੧ ॥ ਰਹਾਉ ॥ ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥ ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥ ਗੁਰਮੁਖਾ ਮਨਿ ਪਰਗਾਸੁ[੧੨] ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ[੧੩] ॥ [੧੪]ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥ ੪ ॥ ਮਨਿ ਹਰਿ ਹਰਿ ਜਪਨੁ ਕਰੇ ॥ ਹਰਿ ਗੁਰ ਸਰਣਾਈ ਭਜਿ ਪਉ ਜਿੰਦੂ[੧੫] ਸਭ ਕਿਲਵਿਖ[੧੬] ਦੁਖ ਪਰਹਰੇ[੧੭] ॥ ੧ ॥ ਰਹਾਉ ॥ ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ[੧੮] ॥ ਗੁਰੁ ਪੂਰਾ ਸਤਿਗੁਰੁ ਭੇਟੀਐ[੧੯] ਹਰਿ ਆਇ ਵਸੈ ਮਨਿ ਚਿਤਿ ॥ ਮੈ ਧਰ[੨੦] ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ[੨੧] ਮਤਿ ॥ ਮੈ ਹਰਿ ਹਰਿ ਨਾਮੁ ਵਿਸਾਹੁ[੨੨] ਹੈ ਹਰਿ ਨਾਮੇ ਹੀ [੨੩]ਜਤਿ ਪਤਿ ॥ ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥ ੫ ॥ ਹਰਿ ਧਿਆਵਹੁ [੨੪]ਹਰਿ ਪ੍ਰਭੁ ਸਤਿ ॥ ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ[੨੫] ॥ ੧ ॥ ਰਹਾਉ ॥ ਜਿਨ ਕਉ ਪੂਰਬਿ[੨੬] ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥ [੨੭]ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥ ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ[੨੮] ਲਦਿਅੜਾ ਹਰਿ ਰਾਸਿ ॥ ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥ ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ[੨੯] ਗੁਣਤਾਸਿ[੩੦] ॥ ੬ ॥ ਹਰਿ ਧਿਆਵਹੁ [੩੧]ਸਾਸਿ ਗਿਰਾਸਿ ॥ ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ[੩੨] ॥ ੧ ॥ ਰਹਾਉ ॥ ੧ ॥

੧ ਬਿਨਾਂ ਸੰਤ-ਜਨ ਭਰਾਵਾਂ ਦੇ ਕਿਸੇ ਨੇ ਨਾਮ ਨਹੀਂ ਪਾਇਆ।
੨ ਬਗੈਰ ਨਾਮ ਦੇ।
੩ ਪਿਤਾ ਦੀ ਕੁਲ ਦੇ ਤਦ ਹੋਈਦਾ ਹੈ।
੪ ਮਿਹਰ।
੫ ਦਿਨ-ਰਾਤ।
੬ ਪਿਆਰ।
੭ ਸਿਫ਼ਤ, ਜਸ।
੮ ਸਮਝਾਇਆ।
੯ ਜੁਆਨੀ ਵਿੱਚ। ਜਦ ਤੱਕ ਜੁਆਨੀ ਵਿੱਚ ਸਾਹ ਹੈ, ਤਦ ਤੱਕ ਹਰੀ ਨਾਮ ਚੇਤੇ ਕਰੋ। (ਜੋਬਨ ਵਿੱਚ ਸੁਆਸ ਸੌਖਾ ਚੱਲਦਾ ਹੈ, ਇਸ ਲਈ ਨਾਮ ਧਿਆਵਣਾ ਸੌਖਾ ਹੈ।)
੧੦ ਵਸਿਆ ਹੈ।
੧੧ ਜਿਨ੍ਹਾਂ ਦੇ ਮੱਥੇ ਉੱਤੇ (ਭਾਗਾਂ ਵਿੱਚ) ਹਰੀ ਮਾਲਕ ਨੇ ਹੁਕਮ ਲਿਖਿਆ ਹੈ (ਹੇ ਨਾਨਕ!) ਉਹ ਨਾਮ ਨੂੰ ਧਿਆਉਂਦੇ ਹਨ।
੧੨ ਚਾਨਣਾ।
੧੩ ਗੁਰੂ ਦੀ ਮਤਿ ਦੁਆਰਾ।
੧੪ ਜਨ ਨਾਨਕ ਵਿੱਚ ਹਿਰਦੇ ਰੂਪ ਕਮਲ ਖਿੜਿਆ ਹੈ, ਕਿਉਂਕਿ ਮਨ ਵਿੱਚ ਹਰਿ ਹਰਿ ਨਾਮ ਆ ਕੇ ਵਸਿਆ ਹੈ।
੧੫ ਹੇ ਜਿੰਦ!
੧੬ ਪਾਪ।
੧੭ ਦੂਰ ਕੀਤੇ।
੧੮ ਭਾਂਤ, ਤਰੀਕਾ। ਸਰਬ-ਵਿਆਪਕ ਹਰੀ ਮਨ ਵਿੱਚ ਵਸਦਾ ਹੈ (ਪਰ ਦਿਸਦਾ ਨਹੀਂ), ਉਹ ਕਿਵੇਂ ਮਿਲੇ?
੧੯ ਮਿਲੀਏ।
੨੦ ਆਸਰਾ।
੨੧ ਗਤੀ। ਨਾਮ ਤੋਂ ਹੀ ਉੱਚੀ ਅਵਸਥਾ ਅਤੇ ਮਤਿ ਪ੍ਰਾਪਤ ਹੁੰਦੀ ਹੈ।
੨੨ ਭਰੋਸਾ, ਸਾਖ।
੨੩ ਜਾਤਿ ਅਤੇ ਪਤਿ।
੨੪ ਸਤਿ-ਸਰੂਪ ਹਰੀ ਪ੍ਰਭੂ ਨੂੰ।
੨੫ ਪੈਦਾ ਹੁੰਦੇ ਹਨ (ਸਭ ਹਰੀ ਤੋਂ)।
੨੬ ਪਹਿਲਾਂ ਤੋਂ, ਧੁਰ ਤੋਂ।
੨੭ ਦਾਸ-ਭਾਵ ਕਰ ਕੇ।
੨੮ ਸੌਦਾ।
੨੯ ਕਿਰਪਾਲੂ ਹੋਇਆ।
੩੦ ਗੁਣਾਂ ਦਾ ਭਾਂਡਾ ਜਾਂ ਖ਼ਜ਼ਾਨਾ। (ਭੂਤ ਕਾਲ ਕਿਰਿਆ ਦਾ ਕਰਤਾ ਕਾਰਕ ਹੋਣ ਕਰ ਕੇ ਅੰਤ ਵਿੱਚ ਸਿਹਾਰੀ ਆਈ ਹੈ)।
੩੧ ਸਾਹ ਲੈਂਦਿਆਂ ਅਤੇ ਰੋਟੀ ਖਾਂਦਿਆਂ, ਭਾਵ ਹਰ ਵਕਤ।
੩੨ ਰਹੁ-ਰੀਤੀ। ਜਿਨ੍ਹਾਂ ਦੀ ਰਹੁ-ਰੀਤੀ ਕੇਵਲ ਨਾਮ ਜਪਣਾ ਹੀ ਹੈ।

* ਜਿਹੜੇ ਮਨੁੱਖ ਹਉਮੈ ਵਿੱਚ ਹੋ ਕੇ ਕੰਮ ਕਰਦੇ ਹਨ, ਉਹ ਵੇਸਵਾ ਦੇ ਪੁੱਤਰ ਵਾਂਗੂੰ ਬੇ-ਨਾਮ (ਕੁਲ ਦੇ ਨਾਮ ਤੋਂ ਬਿਨਾਂ) ਹੀ ਹੁੰਦੇ ਹਨ, ਭਾਵ ਉਨ੍ਹਾਂ ਦੇ ਕਰਮ ਭਾਵੇਂ ਚੰਗੇ ਭੀ ਹੋਣ ਕਿਸੇ ਲੇਖੇ ਨਹੀਂ ਲੱਗਦੇ। ਜੇ ਉਹ ਦਾਨ ਕਰਨ ਤਾਂ ਦਾਨੀ ਨਹੀਂ ਅਖਵਾ ਸਕਦੇ ਤੇ ਜੇ ਉਹ ਗਿਆਨ ਕਰਨ ਤਾਂ ਗਿਆਨੀ ਨਹੀਂ ਅਖਵਾ ਸਕਦੇ। ਇਹੋ ਕਰਮ ਜੇ ਕਿਸੇ ਦੇ ਹੋ ਕੇ ਕਰੀਏ, ਭਾਵ ਗੁਰੂ ਨੂੰ ਪ੍ਰਸੰਨ ਕਰ ਕੇ ਕਰੀਏ ਤੇ ਉਹ ਤ੍ਰੁੱਠ ਕੇ ਮਿਹਰ ਕਰੇ, ਤਾਂ ਅਸੀਂ ਆਪਣੇ ਪਿਤਾ ਦੀ ਕੁਲ ਦਾ ਨਾਂ ਰੌਸ਼ਨ ਕਰ ਸਕਦੇ ਹਾਂ।

† ਦਾਸ ਨਾਨਕ ਨੇ ਬ੍ਰਹਮ ਨੂੰ ਪਛਾਣਿਆ ਹੈ, ਮੈਂ ਹਰੀ-ਜਸ ਰੂਪ ਕਰਮ ਕਮਾਉਂਦਾ ਹਾਂ।

ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗ ਕੀ ਵਾਰ* ਮਹਲਾ ੪ ਸਲੋਕਾ ਨਾਲਿ ॥
ਸਲੋਕ ਮਃ ੩ ॥ [੧]ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ [੨]ਨਿਹਚਲ ਮਤਿ ਅਪਾਰੁ ॥ [੩]ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ[੪] ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥ ੧ ॥ ਮਃ ੩ ॥ ਹੋਰੁ ਬਿਰਹਾ[੫] ਸਭ ਧਾਤੁ[੬] ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥ ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥ ਸਹ[੭] ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥ ਨਾਨਕ [੮]ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥ ੨ ॥ ਪਉੜੀ ॥ ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ[੯] ਹਰਿ ॥ ਹਰਿ ਇਕਸੈ ਦਾ ਹੈ ਅਮਰੁ[੧੦] ਇਕੋ ਹਰਿ ਚਿਤਿ ਧਰਿ ॥ ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ[੧੧] ਬਿਖਮੁ[੧੨] ਤਰਿ ॥ ੧ ॥ ਸਲੋਕ ਮਃ ੧ ॥ †ਦਾਤੀ ਸਾਹਿਬ ਸੰਦੀਆ[੧੩] ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹੰਨਿ[੧੪] ਇਕਨਾ ਸੁਤਿਆ ਦੇਇ ਉਠਾਲਿ ॥ ੧ ॥ ਮਃ ੧ ॥ [੧੫]ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ[੧੬] ॥ ਦੀਦਾਰੁ ਪੂਰੇ ਪਾਇਸਾ[੧੭] ਥਾਉ ਨਾਹੀ ਖਾਇਕਾ[੧੮] ॥ ੨ ॥ ਪਉੜੀ ॥ ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ ॥ ਤੂੰ ਆਪੇ ਵੇਖਿ ਵਿਗਸਦਾ[੧੯] ਆਪਣੀ ਵਡਿਆਈ ॥ ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ ॥ ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ ॥ ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ ॥ ੨ ॥ ਸਲੋਕ ਮਃ ੧ ॥ ਫਕੜ[੨੦] ਜਾਤੀ ਫਕੜੁ ਨਾਉ[੨੧] ॥ ਸਭਨਾ ਜੀਆ ਇਕਾ ਛਾਉ[੨੨] ॥ ਆਪਹੁ ਜੇ ਕੋ ਭਲਾ ਕਹਾਏ ॥ ਨਾਨਕ [੨੩]ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥ ੧ ॥ ਮਃ ੨ ॥ ‡ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ[੨੪] ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥ ਪਉੜੀ ॥ ਤੁਧੁ ਆਪੇ ਧਰਤੀ ਸਾਜੀਐ[੨੫] ਚੰਦੁ ਸੂਰਜੁ ਦੁਇ ਦੀਵੇ ॥ [੨੬]ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥ ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ[੨੭] ॥ ਤਿਨ ਜਮਕਾਲੁ ਨ ਵਿਆਪਈ[੨੮] ਜਿਨ ਸਚੁ ਅੰਮ੍ਰਿਤੁ ਪੀਵੇ ॥ ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ ॥ ੩ ॥ ਸਲੋਕ ਮਃ ੧ ॥

੧ ਸ੍ਰੀ ਰਾਗ ਹੋਰਨਾਂ ਰਾਗਾਂ ਵਿੱਚੋਂ ਉੱਤਮ ਰਾਗ ਤਦ ਅਖਵਾ ਸਕਦਾ ਹੈ, ਜੇ ਇਸ ਦੀ ਬਾਣੀ ਗਾ ਸੁਣ ਕੇ ਮਨੁੱਖ ਸੱਚ ਵਿੱਚ ਪਿਆਰ ਧਰੇ। 'ਸ੍ਰੀ' ਦੇ ਅਰਥ ਹਨ : ਉੱਤਮ, ਸ੍ਰੇਸ਼ਟ।

੨ ਮਤਿ ਨੂੰ ਅਪਾਰ ਹਰੀ ਸਥਿਰ ਕਰ ਦੇਵੇ।

੩ ਗੁਰੂ ਦਾ ਵਿਚਾਰ ਤੇ ਗੁਰੂ ਦਾ ਸ਼ਬਦ ਇਹ ਅਮੋਲਕ ਰਤਨ ਪਾਇਆ।

੪ ਜੀਭ।

੫ ਪਿਆਰ।

੬ ਦੌੜਨ ਵਾਲਾ, ਨਾਸ ਰੂਪ।

੭ ਪਤੀ।

੮ ਜਿਸ ਹਰੀ ਨੇ ਗਿਆਨ ਅੱਖੀਂ ਲੈ ਲਈਆਂ ਹਨ ਤੇ ਇਹ ਭੁਲੇਖਾ ਪਾ ਦਿੱਤਾ ਹੈ, ਉਹ ਆਪ ਹੀ ਅੱਖਾਂ ਵਾਪਸ ਦੇਂਦਾ ਹੈ।

੯ ਦਰਬਾਰ, ਕਚਹਿਰੀ।

੧੦ ਹੁਕਮ, ਰਾਜ।

੧੧ ਭਵਜਲ, ਸੰਸਾਰ-ਸਾਗਰ।

੧੨ ਕਠਿਨ, ਔਖਾ।

੧੩ ਦੀਆਂ। ਕਿਸੇ ਦੀ ਕੀ ਪੇਸ਼ ਜਾ ਸਕਦੀ ਹੈ?

੧੪ ਲੱਭਦੇ, ਪ੍ਰਾਪਤ ਕਰਦੇ।

੧੫ ਸਿਦਕ ਵਾਲਿਆਂ ਪਾਸ ਸਿਦਕ ਤੇ ਸਬਰ ਹੈ ਤੇ ਸਬਰ ਰੂਪ ਤੋਸ਼ਾ (ਖਰਚ) ਦੇਵਤੇ ਪੁਰਸ਼ਾਂ ਪਾਸ ਹੈ। ਉਹ ਦੀਦਾਰ ਹਰੀ ਦਾ ਪਾਉਣਗੇ, ਪਰ ਨਿਰੀਆਂ ਗੱਪਾਂ ਮਾਰਨ ਵਾਲਿਆਂ ਨੂੰ ਕੋਈ ਥਾਂ ਨਹੀਂ ਲੱਭਣੀ।

੧੬ ਦੇਵਤਿਆਂ ਦਾ, ਫ਼ਰਿਸ਼ਤਿਆਂ ਦਾ।

੧੭ ਪਾਉਂਦੇ ਹਨ।

੧੮ [ਫ਼ਾਰਸੀ] ਵਧ ਕੇ ਗੱਲ ਕਰਨ ਵਾਲੇ ਗਪੌੜੂ।

੧੯ ਖੁਸ਼ ਹੁੰਦਾ ਹੈ।

੨੦ ਬਕਵਾਸ, ਫ਼ਜ਼ੂਲ। 'ਜਾਤੀ' ਇਸਤਰੀ-ਲਿੰਗ ਹੋਣ ਕਰ ਕੇ ਪਹਿਲੇ 'ਫਕੜ' ਦੇ ਅੰਤ ਮੁਕਤਾ ਹੈ।

੨੧ ਵਡਿਆਈ। ਜਾਤੀ ਦਾ ਅਭਿਮਾਨ ਅਤੇ ਵਡਿਆਈ ਦਾ ਮਾਣ ਫ਼ਜ਼ੂਲ ਹੈ।

੨੨ ਆਸਰਾ।

੨੩ ਭਲੇ ਹੋਣ ਦਾ ਤਾਂ ਪਤਾ ਲੱਗਦਾ ਹੈ ਜੇ ਰੱਬ ਦੇ ਲੇਖੇ ਵਿੱਚ ਉਸ ਦੀ ਇੱਜ਼ਤ ਪਵੇ।

੨੪ ਪਹਿਲੇ ਹੀ।

੨੫ ਬਣਾਈ ਹੈ।

੨੬ ਚੌਦਾਂ ਭਵਨ ਰੂਪ ਹੱਟ।

੨੭ ਹੁੰਦੇ ਹਨ।

੨੮ ਲੱਗਦਾ, ਪੋਂਹਦਾ।

* ਵਾਰ ਉਸ ਗੀਤ ਨੂੰ ਕਹਿੰਦੇ ਹਨ, ਜਿਸ ਵਿੱਚ ਕਿਸੇ ਜੋਧੇ ਜਾਂ ਸੂਰਬੀਰ ਦੀ ਸਿਫ਼ਤ ਦਾ ਵਰਣਨ ਹੋਵੇ। ਇਹ ਵਰਣਨ ਆਮ ਤੌਰ 'ਤੇ ਪਉੜੀਆਂ ਵਿੱਚ ਕੀਤਾ ਜਾਂਦਾ ਸੀ। ਨਾਲ ਉਦਾਹਰਣਾਂ ਦੇਣ ਲਈ ਸ਼ਲੋਕ ਜਾਂ ਦੋਹੇ ਭੀ ਗਾਉਂਦੇ ਸਨ। ਗੁਰੂ ਜੀ ਨੇ ਦੇਸ਼ ਦੀ ਇਸ ਪ੍ਰਚੱਲਤ ਰਚਨਾ ਨੂੰ ਲੈ ਕੇ ਵਾਹਿਗੁਰੂ ਦੇ ਜਸ ਲਈ ਵਰਤਿਆ ਹੈ। ਇਸ ਵਿੱਚ ਨਿਰੀਆਂ ਪਉੜੀਆਂ ਹੀ ਨਹੀਂ, ਸਗੋਂ ਖ਼ਿਆਲ ਨੂੰ ਸਪਸ਼ਟ ਕਰਨ ਲਈ ਸ਼ਲੋਕ ਭੀ ਦਿੱਤੇ ਹਨ, ਇਸੇ ਲਈ ਲਿਖਿਆ ਹੈ : 'ਸਲੋਕਾ ਨਾਲਿ'। ਜਦ ਪੰਚਮ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ਅਤੇ ੨੨ ਵਾਰਾਂ ਚੜ੍ਹਾਈਆਂ, ਤਾਂ ਗੁਰੂ ਸਾਹਿਬਾਨ ਦੇ ਫੁਟਕਲ ਉਚਾਰੇ ਹੋਏ ਸ਼ਲੋਕ ਇਨ੍ਹਾਂ ਵਾਰਾਂ ਵਿੱਚ ਪ੍ਰਸੰਗ ਅਨੁਸਾਰ ਪਉੜੀਆਂ ਨਾਲ ਜੜਤ ਕੀਤੇ। ਬਾਕੀ ਜੋ ਬਚ ਰਹੇ, ਉਨ੍ਹਾਂ ਨੂੰ ਆਪ ਨੇ ਬੀੜ ਦੇ ਅੰਤ ਵਿੱਚ ਦਰਜ ਕਰ ਕੇ ਲਿਖ ਦਿੱਤਾ : 'ਸਲੋਕ ਵਾਰਾਂ ਤੇ ਵਧੀਕ।'

ਵਾਰ ਢਾਡੀ ਲੋਕ ਢਡ ਸਰੰਗੀ ਨਾਲ ਗਾਉਂਦੇ ਸਨ, ਇਸੇ ਲਈ ਇਸ ਵਾਰ ਵਿੱਚ ਗੁਰੂ ਜੀ ਫੁਰਮਾਉਂਦੇ ਹਨ, 'ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥' ਮਾਝ, ਮਾਰੂ, ਆਸਾ, ਆਦਿ ਕਈ ਹੋਰਨਾਂ ਵਾਰਾਂ ਵਿੱਚ ਭੀ ਗੁਰੂ ਜੀ ਆਪਣੇ ਆਪ ਨੂੰ ਢਾਡੀ ਕਰ ਕੇ ਲਿਖਦੇ ਹਨ।

† ਇਹੋ ਸ਼ਲੋਕ ਪੰਨਾ ੧੩੮੪ ਉੱਤੇ ਫਰੀਦ ਜੀ ਦਾ ੧੧੩ਵਾਂ ਸ਼ਲੋਕ ਕਰ ਕੇ ਆਇਆ ਹੈ।

‡ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਵਣ ਸਮੇਂ ਗੁਰੂ ਅੰਗਦ ਦੇਵ ਜੀ ਨੇ ਵੈਰਾਗ ਵਿੱਚ ਆ ਕੇ ਇਹ ਸ਼ਲੋਕ ਉਚਾਰਿਆ।

*ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ[੧] ਵੀਚਾਰੇ ਸੁ ਬੰਦਾ[੨] ਹੋਇ ॥ ਕੁਦਰਤਿ ਹੈ ਕੀਮਤਿ ਨਹੀ ਪਾਇ ॥ ਜਾ ਕੀਮਤਿ ਪਾਇ ਤ ਕਹੀ ਨ ਜਾਇ ॥ ਸਰੈ[੩] ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ[੪] ॥ ਸਿਦਕੁ ਕਰਿ ਸਿਜਦਾ[੫] ਮਨੁ ਕਰਿ ਮਖਸੂਦੁ[੬] ॥ [੭]ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ[੮] ॥ ੧ ॥ ਮਃ ੩ ॥ [੯]ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥ ਪਉੜੀ ॥ [੧੦]ਸਪਤ ਦੀਪ ਸਪਤ ਸਾਗਰਾ [੧੧]ਨਵ ਖੰਡ ਚਾਰਿ ਵੇਦ ਦਸ ਅਸਟ[੧੨] ਪੁਰਾਣਾ ॥ ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥ ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗਪਾਣਾ† ॥ ਜੋ ਗੁਰਮੁਖਿ ਹਰਿ ਆਰਾਧਦੇ[੧੩] ਤਿਨ ਹਉ ਕੁਰਬਾਣਾ ॥ ਤੂੰ ਆਪੇ ਆਪਿ ਵਰਤਦਾ ਕਰਿ [੧੪]ਚੋਜ ਵਿਡਾਣਾ ॥ ੪ ॥ ਸਲੋਕ ਮਃ ੩ ॥ ਕਲਉ[੧੫] ਮਸਾਜਨੀ[੧੬] ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥ ਸਦਾ ਸਾਹਿਬ ਕੈ ਰੰਗਿ[੧੭] ਰਹੈ ਕਬਹੂੰ ਨ ਤੂਟਸਿ ਨੇਹੁ ॥ ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ ॥ ਨਾਨਕ ਸਹ ਪ੍ਰੀਤਿ ਨ ਜਾਇਸੀ ਜੋ [੧੮]ਧੁਰਿ ਛੋਡੀ ਸਚੈ ਪਾਇ ॥ ੧ ॥ ਮਃ ੩ ॥ ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ[੧੯] ॥ ਸਤਿਗੁਰਿ ਸਚੁ ਦ੍ਰਿੜਾਇਆ[੨੦] ਸਚਿ ਰਹਹੁ ਲਿਵ ਲਾਇ ॥ ਨਾਨਕ ਸਬਦੀ ਸਚੁ ਹੈ ਕਰਮੀ[੨੧] ਪਲੈ ਪਾਇ ॥ ੨ ॥ ਪਉੜੀ ॥ ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥ [੨੨]ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ[੨੩] ॥ ਜਿਨਾ ਨਾਨਕ ਸਚੁ ਪਛਾਣਿਆ ਸੇ [੨੪]ਸਚਿ ਰਲੇਤੁ ॥ ੫ ॥ ਸਲੋਕ ਮਃ ੩ ॥ ਕਲਮ ਜਲਉ ਸਣੁ[੨੫] ਮਸਵਾਣੀਐ[੨੬] ਕਾਗਦੁ ਭੀ ਜਲਿ ਜਾਉ ॥ ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ [੨੭]ਦੂਜਾ ਭਾਉ ॥ ਨਾਨਕ ਪੂਰਬਿ[੨੮] ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥ ੧ ॥ ਮਃ ੩ ॥ ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥ ਨਾਨਕ ਵਿਣੁ ਨਾਵੈ ਕੋ ਥਿਰੁ[੨੯] ਨਹੀ ਪੜਿ ਪੜਿ ਹੋਇ ਖੁਆਰੁ ॥ ੨ ॥ ਪਉੜੀ ॥ ‡ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ [੩੦]ਫਲੁ ਹੈ ਜੀਅ ਕਾ ॥ ਹਰਿ ਕੀ ਵਡਿਆਈ ਵਡੀ ਹੈ ਜਾ [੩੧]ਨ ਸੁਣਈ ਕਹਿਆ ਚੁਗਲ ਕਾ ॥ ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ[੩੨] ਦੇਵਕਾ[੩੩] ॥ ੬ ॥ ਸਲੋਕ ਮਃ ੩ ॥ ਹਉ ਹਉ ਕਰਤੀ ਸਭ ਮੁਈ ਸੰਪਉ[੩੪] ਕਿਸੈ ਨ ਨਾਲਿ ॥ [੨੭]ਦੂਜੈ

੧ ਸਮਾਂ, ਮਨੁੱਖਾ-ਜਨਮ।
੨ ਦਾਸ। ਜੋ ਮਨੁੱਖਾ ਜਨਮ ਨੂੰ ਵਿਚਾਰੇ, ਭਾਵ ਚੰਗੀ ਤਰ੍ਹਾਂ ਵਰਤੇ ਉਹ ਦਾਸ ਹੈ ਹਰੀ ਦਾ।
੩ ਸ਼ਰ੍ਹਾ। ਸ਼ਰ੍ਹਾ ਸ਼ਰੀਅਤ ਦੇ ਮਸਲਿਆਂ ਦਾ ਵਿਚਾਰ ਤਾਂ ਕਰਦੇ ਹਨ।
੪ ਹੱਦ, ਅੰਤ।
੫ ਨਮਾਜ਼ ਵੇਲੇ ਜ਼ਮੀਨ 'ਤੇ ਸਿਰ ਰੱਖ ਕੇ ਮੱਥਾ ਟੇਕਣਾ, ਨਮਾਜ਼।
੬ ਮਕਸੂਦ=ਚਾਹੀਦੀ ਵਸਤੁ, ਮਨੋਰਥ। ਮਨ ਨੂੰ ਸਮਝਣਾ ਇਹ ਆਪਣੀ ਜ਼ਿੰਦਗੀ ਦਾ ਮਨੋਰਥ ਬਣਾ।
੭ ਜਿਧਰ, ਜਿਸ ਪਾਸੇ।
੮ ਹਾਜ਼ਰ, ਪ੍ਰਤੱਖ।
੯ ਗੁਰੂ ਦੀ ਸੰਗਤ ਸਰੀਰਕ ਤੌਰ 'ਤੇ ਨੇੜੇ ਜਾਂ ਦੂਰ ਹੋਇਆਂ ਨਹੀਂ ਪਾਈਦੀ। ਮਨ ਹਜ਼ੂਰੀ ਵਿੱਚ ਰਹਿਣਾ ਚਾਹੀਦਾ ਹੈ।
੧੦ ਸੱਤ ਜਲ ਨਾਲ ਘਿਰੇ ਦੇਸ਼ ਤੇ ਸੱਤ ਸਮੁੰਦਰ।
੧੧ ਨੌਂ ਖੰਡ, ਧਰਤੀ ਦੇ ਨੌਂ ਹਿੱਸੇ।
੧੨ ਅਠਾਰਾਂ।
੧੩ ਸਿਮਰਦੇ, ਯਾਦ ਕਰਦੇ।
੧੪ ਅਸਚਰਜ ਕੌਤਕ।
੧੫ ਕਲਮ।
੧੬ ਦਵਾਤ। ਕਲਮ ਦਵਾਤ ਕੀ ਮੰਗਵਾਨੀ ਹੈ, ਦਿਲ ਉੱਤੇ ਹੀ ਲਿਖ ਲਵੋ ਪ੍ਰੇਮ ਦੀਆਂ ਗੱਲਾਂ। ਕਈ ਪ੍ਰੇਮੀ ਲੋਕ ਆਪਣੇ ਪ੍ਰੇਮ ਨੂੰ ਕਵਿਤਾ ਲਿਖ-ਲਿਖ ਕੇ ਜ਼ਾਹਿਰ ਕਰਦੇ ਹਨ।
੧੭ ਪ੍ਰੇਮ ਵਿੱਚ।
੧੮ ਜੋ ਸੱਚੇ ਵਾਹਿਗੁਰੂ ਨੇ ਮੁੱਢ ਤੋਂ ਸਾਡੇ ਅੰਦਰ ਪਾ ਛੱਡੀ ਹੈ।
੧੯ ਨਿਰਨਾ ਕਰ ਕੇ (ਵੇਖ ਲੌ)।
੨੦ ਸਮਝਾਇਆ।
੨੧ ਬਖ਼ਸ਼ਿਸ਼ ਦੁਆਰਾ।
੨੨ ਡਰਦਾ ਉਹ ਹੈ ਜੋ ਪਾਪ ਕਰਦਾ ਹੈ, ਚੰਗਾ ਆਦਮੀ ਤਾਂ ਖੁਸ਼ ਰਹਿੰਦਾ ਹੈ। 'ਸੋ ਡਰੈ ਜਿਨਿ ਪਾਪ ਕਮਤੇ ਰਾਮ' (ਬਿਹਾਗੜਾ ਮ: ੪, ਪੰ: ੫੪੦)।
੨੩ ਕਿਸ ਲਈ, ਕਾਹਨੂੰ।
੨੪ ਸੱਚ ਵਿੱਚ ਰਲਦੇ ਹਨ।
੨੫ ਸਮੇਤ।
੨੬ ਦਵਾਤ ਦੇ।
੨੭ ਇਕ ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਦਾ ਪਿਆਰ।
੨੮ ਪਹਿਲਾਂ ਤੋਂ।
੨੯ ਕਾਇਮ ਰਹਿਣ ਵਾਲਾ।
੩੦ ਦਿਲ ਵਿੱਚ ਜੋ ਹੋਵੇ ਉਸੇ ਅਨੁਸਾਰ ਫਲ ਮਿਲਦਾ ਹੈ।
੩੧ ਚੁਗਲੀ ਕਰਨ ਵਾਲੇ ਦੀ ਬਖੀਲੀ ਕੀਤੀ ਸੁਣਦਾ ਨਹੀਂ।
੩੨ ਬਿਨਾਂ ਕਿਸੇ ਕੋਲੋਂ ਪੁੱਛਣ ਦੇ, ਸਲਾਹ ਲੈਣ ਦੇ। "ਵਡੀ ਵਡਿਆਈ ਜਾ ਪੁਛਿ ਨ ਦਾਤਿ" (ਵਾਰ ਆਸਾ, ਪੰਨਾ ੪੬੩)।
੩੩ ਦੇਂਦਾ ਹੈ।
੩੪ ਧਨ, ਪਦਾਰਥ।

* ਇਕ ਸ਼ਰੱਈ ਮੁਸਲਮਾਨ ਨੂੰ ਸਮਝਾ ਰਹੇ ਹਨ, ਇਸ ਲਈ ਬਹੁਤ ਸਾਰੇ ਲਫ਼ਜ਼ ਫ਼ਾਰਸੀ ਅਰਬੀ ਦੇ ਆਏ ਹਨ।

† ਸਾਰੰਗ-ਪਾਣਿ=ਧਰਤੀ ਹੈ ਜਿਸ ਦੇ ਹੱਥ ਵਿੱਚ, ਵਾਹਿਗੁਰੂ।

‡ ਦੇਖੋ ਆਸਾ ਦੀ ਵਾਰ ਦੀ ਦੂਜੀ ਪਉੜੀ ਦਾ ਦੂਜਾ ਸ਼ਲੋਕ।

ਭਾਇ ਦੁਖੁ ਪਾਇਆ ਸਭ ਜੋਹੀ[1] ਜਮਕਾਲਿ ॥ ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ[੩] ॥ ੧ ॥ ਮਃ ੧ ॥ *ਗਲੀਂ ਅਸੀ ਚੰਗੀਆ ਆਚਾਰੀ[੪] ਬੁਰੀਆਹ ॥ ਮਨਹੁ ਕੁਸੁਧਾ[੫] ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ[੬] ਜੋ ਸੇਵਹਿ ਦਰੁ ਖੜੀਆਹ[੭] ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ[੮] ॥ [੯]ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ [੧੦]ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥ ੨ ॥ ਪਉੜੀ ॥ ਤੂੰ ਆਪੇ ਜਲੁ ਮੀਨਾ[੧੧] ਹੈ ਆਪੇ ਆਪੇ ਹੀ ਆਪਿ ਜਾਲੁ ॥ ਤੂੰ ਆਪੇ ਜਾਲੁ ਵਤਾਇਦਾ[੧੨] ਆਪੇ ਵਿਚਿ ਸੇਬਾਲੁ[੧੩] ॥ ਤੂੰ ਆਪੇ ਕਮਲੁ ਅਲਿਪਤੁ[੧੪] ਹੈ ਸੈ ਹਥਾ ਵਿਚਿ ਗੁਲਾਲੁ† ॥ ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ[੧੫] ਘੜੀ ਕਰਿ ਖਿਆਲੁ ॥ ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰ ਸਬਦੀ ਵੇਖਿ ਨਿਹਾਲੁ[੧੬] ॥ ੭ ॥ ਸਲੋਕ ਮਃ ੩ ॥ ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ[੧੭] ਨੀਦ ਨ ਸੋਵੈ ॥ [੧੮]ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ[੧੯] ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥ ੧ ॥ ਮਃ ੩ ॥ ਮਨਮੁਖ ਨਾਮ ਵਿਹੂਣਿਆ[੨੦] ਰੰਗੁ ਕਸੁੰਭਾ[੨੧] ਦੇਖਿ ਨ ਭੁਲੁ ॥ ਇਸ ਕਾ ਰੰਗੁ ਦਿਨ ਥੋੜਿਆ ਛੋਛਾ[੨੨] ਇਸ ਦਾ ਮੁਲੁ ॥ ਦੂਜੈ ਲਗੇ ਪਚਿ[੨੩] ਮੁਏ ਮੂਰਖ ਅੰਧ ਗਵਾਰ ॥ ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥ ਨਾਨਕ ਨਾਮ ਰਤੇ ਸੇ ਰੰਗੁਲੇ[੨੪] [੨੫]ਗੁਰ ਕੈ ਸਹਜਿ ਸੁਭਾਇ ॥ ਭਗਤੀ ਰੰਗੁ ਨ ਉਤਰੈ ਸਹਜੇ[੨੬] ਰਹੈ ਸਮਾਇ ॥ ੨ ॥ ਪਉੜੀ ॥ ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ[੨੭] ॥ ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ[੨੮] ॥ ਤੁਧੁ ਆਪੇ ਭਾਵੈ ਸੋ ਕਰਹਿ ਤੁਧੁ [੨੯]ਓਤੈ ਕੰਮਿ ਓਇ ਲਾਇਆ ॥ ਇਕਨਾ ਸਚੁ ਬੁਝਾਇਓਨੁ ਤਿਨਾ [੩੦]ਅਤੁਟ ਭੰਡਾਰ ਦੇਵਾਇਆ ॥ ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ[੩੧] [੩੨]ਹਥ ਤਡਾਇਆ ॥ ੮ ॥ ਸਲੋਕ ਮਃ ੩ ॥ ਪੜਿ ਪੜਿ ਪੰਡਿਤ ਬੇਦ ਵਖਾਣਹਿ[੩੩] ਮਾਇਆ ਮੋਹ ਸੁਆਇ[੩੪] ॥ [੩੫]ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ[੩੬] ॥ ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥ ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ[੩੭] ਲਿਖਿਆ ਕਮਾਇ ॥ ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ[੩੮] ॥ ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥ ੧ ॥ ਮਃ ੩ ॥ ਸਤਿਗੁਰ

੧ ਤੱਕੀ ਹੈ (ਮਾਰਨ ਦੇ ਖ਼ਿਆਲ ਨਾਲ)। ਜਮਕਾਲ ਨੇ ਸਭ ਦੁਨੀਆਂ ਨਾਸ ਕੀਤੀ ਹੈ।
੨ ਬਚ ਗਏ।
੩ ਸਮਾਰਿ=ਚੇਤੇ ਕਰ ਕੇ।
੪ ਕੰਮਾਂ ਕਰ ਕੇ।
੫ ਖੋਟੀਆਂ।
੬ ਉਨ੍ਹਾਂ ਦੀਆਂ।
੭ ਖਲੋ ਕੇ (ਹਰੀ-ਦਰ ਨੂੰ ਸੇਂਵਦੀਆਂ ਹਨ)।
੮ ਮੌਜਾਂ।
੯ ਬਲ ਵਿੱਚ ਹੁੰਦਿਆਂ ਹੋਇਆਂ ਵੀ ਆਪ ਨੂੰ ਬਲ-ਰਹਿਤ ਸਮਝਦੀਆਂ ਹਨ।
੧੦ ਜਨਮ ਸਫਲਾ ਹੋ ਜਾਵੇ, ਜੇ ਏਹੋ ਜਿਹੀਆਂ ਨਾਲ ਮੇਲ ਹੋਵੇ।
੧੧ ਮੱਛੀ।
੧੨ ਫੇਰਦਾ। ਮੋਹ ਰੂਪ ਜਾਲ ਵਿਛਾਂਦਾ ਹੈ।
੧੩ [ਸੰ: ਸ਼ੇਵਾਲ] ਪਾਣੀ ਉੱਤੇ ਆਇਆ ਸਬਜ਼ ਜਾਲਾ (ਪਦਾਰਥ-ਰੂਪ)।
੧੪ ਨਿਰਲੇਪ। ਕਮਲ ਚਿੱਕੜ ਵਿੱਚੋਂ ਨਿਕਲਦਾ ਹੈ, ਪਰ ਨਿਰਲੇਪ ਰਹਿੰਦਾ ਹੈ।
੧੫ ਅੱਖ ਦੇ ਫੋਰ ਜਿੰਨੇ ਸਮੇਂ ਲਈ।
੧੬ ਖੁਸ਼। ਇਹ ਗੱਲ ਗੁਰ-ਸ਼ਬਦ ਦੁਆਰਾ ਵੇਖ ਕੇ ਖੁਸ਼ ਹੋਈ ਹਾਂ।
੧੭ ਤੌਖਲਾ, ਸੰਸਾ, ਸ਼ੱਕ।
੧੮ ਜੇ ਜੀਵ ਰੂਪ ਇਸਤਰੀ ਮਾਲਕ ਦੇ ਭਾਣੇ ਵਿੱਚ ਚੱਲੇ।
੧੯ ਬਖ਼ਸ਼ਿਸ਼ ਦੁਆਰਾ।
੨੦ ਖਾਲੀ।
੨੧ ਇਕ ਸੂਹੇ ਰੰਗ ਦਾ ਫੁੱਲ, ਜਿਸ ਦਾ ਰੰਗ ਕੱਚਾ ਹੁੰਦਾ ਹੈ। ਮਾਇਕ ਪਦਾਰਥਾਂ ਦੇ ਅਨੰਦ ਨੂੰ ਕਸੁੰਭੇ ਰੰਗ ਦਾ ਦ੍ਰਿਸ਼ਟਾਂਤ ਦਿੱਤਾ ਹੈ। ਨਾਮ ਦੀ ਲਾਲੀ ਨੂੰ ਮਜੀਠ ਰੰਗ ਆਖਿਆ ਹੈ। ਦੇਖੋ ਪੰਨਾ ੨੮, ਫੁਟ ਨੋਟ *।
੨੨ ਹਲਕਾ, ਥੋੜ੍ਹਾ।
੨੩ ਖਵਾਰ ਹੋ ਕੇ।
੨੪ ਰੰਗ ਵਾਲੇ, ਪਿਆਰ ਵਾਲੇ।
੨੫ ਗੁਰੂ ਵਾਲੇ, ਸ਼ਾਂਤ ਸੁਭਾਅ ਦੁਆਰਾ।
੨੬ ਸ਼ਾਂਤ, ਅਡੋਲ ਅਵਸਥਾ ਵਿੱਚ। ਦੇਖੋ ਪੰਨਾ ੨੬, ਨੋਟ ੬।
੨੭ ਪੁਚਾਇਆ।
੨੮ ਬੋਲਿਆ।
੨੯ ਉਸੇ ਕੰਮ ਵਿੱਚ, ਕੂੜ ਵਾਲੇ ਕੰਮ ਵਿੱਚ।
੩੦ ਨਾ ਮੁੱਕਣ ਵਾਲੇ ਖ਼ਜ਼ਾਨੇ।
੩੧ ਜੋ ਚੇਤਦੇ (ਸਿਮਰਦੇ) ਨਹੀਂ।
੩੨ ਹੱਥ ਅੱਡਦੇ, ਭਾਵ ਮੰਗਦੇ ਫਿਰਦੇ ਹਨ।
੩੩ ਬਿਆਨ ਕਰਦੇ ਹਨ।
੩੪ ਪ੍ਰਯੋਜਨ ਨਾਲ।
੩੫ ਮਾਇਆ ਵਿੱਚ ਲੱਗੇ ਹੋਏ।
੩੬ ਪਹੁੰਚਾ ਦਿੰਦਾ ਹੈ।
੩੭ ਪਿਛਲਾ।
੩੮ ਗੁਜ਼ਰਦੀ ਹੈ ਉਮਰ (ਸੁਖ ਵਿੱਚ)।

* ਜਦ ਗੁਰੂ ਨਾਨਕ ਦੇਵ ਜੀ ਕਾਮਰੂਪ ਗਏ, ਉਥੇ ਔਰਤਾਂ ਮੰਤਰ ਯੰਤਰ ਦੀਆਂ ਸਾਧਨਾਂ ਸਾਧ ਕੇ ਨਾਟਕ ਚੇਟਕ ਕਰਦੀਆਂ ਸਨ। ਨੂਰ ਸ਼ਾਹ ਉਥੋਂ ਦੀ ਇਕ ਚੇਟਕੀ ਰਾਣੀ ਸੀ। ਉਸ ਪ੍ਰਥਾਇ ਇਹ ਸ਼ਲੋਕ ਉਚਾਰਿਆ।

† ਗੁਲਾਲੀ ਰੰਗ ਵਾਲਾ। ਤੂੰ ਆਪ ਵੀ ਕਮਲ ਵਾਂਗ ਨਿਰਲੇਪ ਹੈਂ ਅਤੇ ਸੈਂਕੜੇ ਹੱਥ ਡੂੰਘੇ ਪਾਣੀ ਵਿੱਚ ਹੋਣ 'ਤੇ ਵੀ ਗੁਲਾਲ ਹੀ ਰਹਿੰਦਾ ਹੈ; ਭਾਵ ਆਪਣਾ ਰੰਗ ਨਹੀਂ ਛੱਡਦਾ। 'ਵਿਚਿ ਗੁਲਾਲੁ' ਦਾ ਅਰਥ 'ਕੀਲਾਲ (ਪਾਣੀ) ਵਿੱਚ' ਨਹੀਂ ਹੋ ਸਕਦਾ, ਕਿਉਂਕਿ [ਗੁਲਾਲੁ] ਦੇ ਅੰਤ ਔਂਕੜ ਹੈ। ਜਿਨ੍ਹਾਂ ਨਾਵਾਂ ਦੇ ਨਾਲ 'ਵਿਚਿ', 'ਬਾਹਰਿ', ਆਦਿ ਸਥਾਨ-ਵਾਚੀ ਸ਼ਬਦ ਆਉਂਦੇ ਹਨ, ਉਨ੍ਹਾ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ। ਦੇਖੋ ਨੇਮ ੫।

ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ[੧] ॥ ਗੁਰਮਤੀ ਆਪੁ[੨] ਪਛਾਣਿਆ [੩]ਰਾਮ ਨਾਮ ਪਰਗਾਸੁ ॥ ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥ ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ ਜਪੁ ਤਪੁ ਸੰਜਮੁ[੪] ਮਨੈ ਮਾਹਿ ਬਿਨੁ ਨਾਵੈ [੫]ਧ੍ਰਿਗੁ ਜੀਵਾਸੁ ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥ ੨ ॥ ਪਉੜੀ ॥ ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ* ॥ ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥ ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ[੬] ॥ ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ[੭] ॥ ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ ॥ ੯ ॥ ਸਲੋਕ ਮਃ ੩ ॥ ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ ਅੰਤਰਿ ਬ੍ਰਹਮੁ ਨ ਚੀਨਈ[੮] ਮਨਿ ਮੂਰਖੁ ਗਾਵਾਰੁ ॥ [੯]ਦੂਜੈ ਭਾਇ [੧੦]ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥ ੧ ॥ ਮਃ ੩ ॥ ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥ ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ[੧੧] ਕੂਕ ਪੁਕਾਰ ॥ [੧੨]ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥ †ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥ ੨ ॥ ਪਉੜੀ ॥ ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥ ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ ॥ ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥ ਮਨਹਠਿ ਕਿਨੈ ਨ ਪਾਇਓ [੧੩]ਪੁਛਹੁ ਵੇਦਾ ਜਾਇ ॥ ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥ ੧੦ ॥ ਸਲੋਕ ਮਃ ੩ ॥ ਨਾਨਕ ਸੋ ਸੂਰਾ ਵਰੀਆਮੁ[੧੪] ਜਿਨਿ ਵਿਚਹੁ ਦੁਸਟੁ ਅਹੰਕਰਣੁ[੧੫] ਮਾਰਿਆ ॥ ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ[੧੬] ॥ ‡ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ[੧੭] ਵਿਗਾੜਿਆ ॥ §ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥ ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥ ੧ ॥ ਮਃ ੩¶ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ[੧੮] ਤਿਨਿ ਵਿਚਹੁ ਭਰਮੁ ਚੁਕਾਇਆ[੧੯] ॥ ਰਾਮ ਨਾਮੁ [੨੦]ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ[੨੧] ਦਿਖਾਇਆ ॥ ਹਉਮੈ ਮਾਰਿ ਏਕ ਲਿਵ ਲਾਗੀ

੧ ਗੁਣਾਂ ਦਾ ਭਾਂਡਾ ਜਾਂ ਖ਼ਜ਼ਾਨਾ।
੨ ਆਪਣਾ ਆਪ।
੩ ਜਿਸ ਕਰ ਕੇ ਰਾਮ ਨਾਮ ਦਾ ਚਾਨਣਾ ਹੋ ਗਿਆ ਹੈ।
੪ ਇੰਦ੍ਰੀਆਂ ਨੂੰ ਰੋਕਣ ਦਾ ਕੰਮ।
੫ ਜੀਵਣ ਧ੍ਰਿਕਾਰ ਯੋਗ ਹੈ।
੬ ਨੇੜੇ। ਕਿਸੇ ਨੂੰ ਦੂਰ ਤੇ ਕਿਸੇ ਨੂੰ ਨੇੜੇ ਦਿਸਦਾ ਹੈਂ।
੭ ਨਿਰਨਾ ਕਰ ਕੇ।
੮ ਪਛਾਣਦਾ।
੯ ਦ੍ਵੈਤ ਭਾਵ ਵਿੱਚ।
੧੦ ਸੰਸਾਰ ਨੂੰ ਸਿੱਖਿਆ ਦੇਂਦਾ ਹੈ।
੧੧ ਮੁੱਕ ਜਾਵੇ।
੧੨ ਆਪਾ ਭਾਵ (ਹੰਕਾਰ) ਨੂੰ ਸ੍ਵੈ-ਰੂਪ ਖਾਂਦਾ ਹੈ, ਭਾਵ ਜਦ ਆਪਣੇ ਅਸਲੇ ਦੀ ਪਛਾਣ ਹੋ ਜਾਂਦੀ ਹੈ, ਤਾਂ ਹੰਕਾਰ ਮੁੱਕ ਜਾਂਦਾ ਹੈ।
੧੩ ਵੇਦਾਂ ਦੀ ਗਵਾਹੀ ਲੈ ਲਵੋ।
੧੪ ਬਹਾਦਰ, ਸੂਰਮਾ।
੧੫ ਹੰਕਾਰ।
੧੬ ਤਾਰਿਆ।
੧੭ ਮੌਤ। ਉਨ੍ਹਾਂ ਦਾ ਅੰਤ ਵੀ ਬੁਰਾ ਹੈ।
੧੮ ਦ੍ਰਿੜ੍ਹ ਕਰਾਇਆ, ਚੰਗੀ ਤਰ੍ਹਾਂ ਨਿਸਚੇ ਕਰਾਇਆ, ਪੱਕੀ ਤਰ੍ਹਾਂ ਸਮਝਾਇਆ।
੧੯ ਦੂਰ ਕੀਤਾ।
੨੦ ਹਰੀ ਜਸ।
੨੧ ਰਸਤਾ।

* ਪੂੰਜੀ, ਮੂੜੀ, ਮੁੱਢਲੀ ਰਕਮ, ਭਾਵ ਤੂੰ ਹੀ ਸਭ ਲਈ ਗੁਣਾਂ ਪਦਾਰਥਾਂ ਦਾ ਸੋਮਾ ਹੈਂ, ਜਿਸ ਵਿੱਚੋਂ ਲੋਕੀਂ ਲੈ ਲੈ ਕੇ ਆਪਣੇ ਜੀਵਨ ਦੇ ਕੰਮ ਨੂੰ ਚਲਾਂਦੇ ਹਨ।

† ਹੇ ਨਾਨਕ! ਜਿਹੜੇ ਗੁਰੂ ਦੀ ਬਾਣੀ ਵਿੱਚ ਰੰਗੇ ਗਏ, ਓਹ ਛੁੱਟ ਗਏ, ਉਨ੍ਹਾਂ ਨੇ ਹਰੀ ਦੀ ਪ੍ਰਾਪਤੀ ਲਈ ਪਿਆਰ ਕੀਤਾ ਹੈ।

‡ ਸੱਚੇ ਦੁਆਰੇ 'ਤੇ ਉਹੋ ਸੋਹਣੇ ਲੱਗਦੇ ਹਨ, ਜਿਨ੍ਹਾਂ ਨੇ ਨਾਮ ਨੂੰ ਪਿਆਰਿਆ ਹੈ।

§ ਓਹ ਵਿਚਾਰੇ ਭੀ ਕੀ ਕਰਨ; ਸਾਰਾ ਉਸ ਦਾ ਹੁਕਮ ਹੀ ਚਲਦਾ ਹੈ।

¶ ਇਹੋ ਸ਼ਲੋਕ ਪੰਨਾ ੧੪੨੪ ਉੱਤੇ ਮ: ੪ ਦਾ ੨੯ਵਾਂ ਸ਼ਲੋਕ ਕਰ ਕੇ ਆਇਆ ਹੈ।

ਅੰਤਰਿ ਨਾਮੁ ਵਸਾਇਆ ॥ ਗੁਰਮਤੀ [੧]ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥ ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ ਜਨ ਨਾਨਕੁ ਨਾਮੁ ਲਏ ਤਾ ਜੀਵੈ [੨]ਬਿਨੁ ਨਾਵੈ ਖਿਨੁ ਮਰਿ ਜਾਇਆ ॥ ੨ ॥ ਪਉੜੀ ॥ *ਜੋ ਮਿਲਿਆ ਹਰਿ ਦੀਬਾਣ[੩] ਸਿਉ ਸੋ ਸਭਨੀ ਦੀਬਾਣੀ ਮਿਲਿਆ ॥ ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ[੪] ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥ †ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ[੫] ॥ ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ[੬] ਸਭ ਹਿਰਿਆ[੭] ॥ ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ[੮] ਜਗਿ ਰਹਿਆ ॥ ੧੧ ॥ ਸਲੋਕ ਮਃ ੩ ॥ [੯]ਆਤਮਾ ਦੇਉ ਪੂਜੀਐ [੧੦]ਗੁਰ ਕੈ ਸਹਜਿ ਸੁਭਾਇ ॥ ‡ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ[੧੧] ਪਾਇ ॥ ਆਤਮਾ ਅਡੋਲੁ ਨ ਡੋਲਈ ਗੁਰ ਕੈ [੧੨]ਭਾਇ ਸੁਭਾਇ ॥ ਗੁਰ ਵਿਣੁ ਸਹਜੁ[੧੩] ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥ ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ[੧੪] ॥ ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ ਨਾਨਕ ਮੈਲਾ ਊਜਲੁ ਤਾ ਥੀਐ[੧੫] ਜਾ ਸਤਿਗੁਰ ਮਾਹਿ ਸਮਾਇ ॥ ੧ ॥ ਮਃ ੩ ॥ ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥ ਮਨਮੁਖੁ ਰਲਾਇਆ ਨਾ ਰਲੈ [੧੬]ਪਇਐ ਕਿਰਤਿ ਫਿਰਾਇ ॥ [੧੭]ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ[੧੮] ਮਨ ਹੀ ਮੰਝਿ[੧੯] ਸਮਾਇ ॥ ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ[੨੦] ॥ ਅੰਮ੍ਰਿਤ ਨਾਮੁ ਸਦ ਭੁੰਚੀਐ[੨੧] ਗੁਰਮੁਖਿ ਕਾਰ ਕਮਾਇ ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ[੨੨] ਜਾਸੀ ਜਨਮੁ ਗਵਾਇ ॥ ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ ਗੁਰ ਪਰਸਾਦੀ ਮਨੁ ਜਿਣੈ[੨੩] ਹਰਿ ਸੇਤੀ ਲਿਵ ਲਾਇ ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥ ੨ ॥ ਪਉੜੀ ॥ ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ[੨੪] ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ[੨੫] ॥ ਅਦਿਸਟੁ[੨੬] ਅਗੋਚਰੁ[੨੭] ਅਲਖੁ[੨੮] ਨਿਰੰਜਨੁ[੨੯] ਸੋ ਦੇਖਿਆ ਗੁਰਮੁਖਿ

੧ ਕਾਲ ਪੋਹ ਨਹੀਂ ਸਕਦਾ, ਮਾਰ ਨਹੀਂ ਸਕਦਾ।
੨ ਥੋੜ੍ਹੇ ਸਮੇਂ ਲਈ ਭੀ ਨਾਮ ਤੋਂ ਬਿਨਾਂ ਹੋਵੇ ਤਾਂ ਮਰ ਜਾਂਦਾ ਹੈ।
੩ ਕਚਹਿਰੀ। ਜੋ ਹਰੀ ਦੀ ਕਚਹਿਰੀ ਵਿੱਚ ਮਿਲਿਆ ਹੈ ਉਹ ਸਭ ਥਾਈਂ ਪ੍ਰਵਾਣ ਹੈ।
੪ ਜਿਸ ਦਾ ਰੂ (ਚਿਹਰਾ) ਸੁਰਖ (ਲਾਲ) ਹੈ, ਖ਼ੁਸ਼ੀ ਕਰ ਕੇ ਚਿਹਰੇ 'ਤੇ ਰੌਣਕ ਹੈ, ਕਿਉਂਕਿ ਉਹ ਆਪਣੇ ਫ਼ਰਜ਼ ਚੰਗੀ ਤਰ੍ਹਾਂ ਨਿਬਾਹੁੰਦਾ ਹੈ।
੫ [ਸੰ: ਪ੍ਰਵਰ] ਵੱਡਾ, ਸ੍ਰੇਸ਼ਟ। ਨਾਮ ਤੋਂ ਹੀ ਉਹ ਵੱਡਾ ਹੋਇਆ ਹੈ।
੬ ਪਾਪ।
੭ ਚੁਰਾਏ ਗਏ, ਦੂਰ ਹੋਏ।
੮ ਕਾਇਮ, ਅਡੋਲ।
੯ ਆਤਮਦੇਵ ਰੱਬ ਜੋ ਰੂਹ ਹੈ, ਸਰੀਰਕ ਹੋਂਦ ਨਹੀਂ।
੧੦ ਗੁਰੂ ਵਾਲੇ ਸ਼ਾਂਤ ਅਡੋਲ ਸੁਭਾਅ ਦੁਆਰਾ।
੧੧ [ਸੰ: ਪਰਿਚਯ] ਪਛਾਣ, ਵਾਕਫ਼ੀ, ਮੇਲ।
੧੨ ਸੁਭਾਵਕ ਭਾਵ ਅਨੁਸਾਰ, ਕੁਦਰਤੀ ਸੁਭਾਅ ਅਨੁਸਾਰ, ਜੋ ਕਦੀ ਡੋਲਦਾ ਨਹੀਂ।
੧੩ ਪੂਰਨ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ, ਵੇਖੋ ਪੰਨਾ ੨੬, ਨੋਟ ੬।
੧੪ ਇਸ਼ਨਾਨ। ੬੮ ਤੀਰਥਾਂ ਦੇ ਇਸ਼ਨਾਨ ਦੇ ਤੁੱਲ ਹੈ ਇਕ ਰਤਾ ਭਰ ਨਾਮ ਮਨ ਵਿੱਚ ਵਸਾਉਣਾ।
੧੫ ਹੁੰਦਾ ਹੈ।
੧੬ ਆਪਣੇ ਕੀਤੇ ਕੰਮਾਂ ਦੀ ਕਮਾਈ ਅਨੁਸਾਰ ਪਿਆ ਫਿਰਦਾ ਹੈ।
੧੭ ਹਰੀ ਵੱਲ ਧਿਆਨ ਅਤੇ ਹਰੀ ਵੱਲੋਂ ਭੱਜ ਕੇ ਦੂਰ ਜਾਣ ਦੀ ਬ੍ਰਿਤੀ, ਹਰੀ ਦਾ ਪਿਆਰ ਅਤੇ ਮਾਇਆ ਦਾ ਪਿਆਰ-ਇਹ ਦੋਵੇਂ ਰਸਤੇ ਹਨ। (ਇਕ ਉੱਤੇ ਗੁਰਮੁਖ ਲੋਕ ਚੱਲਦੇ ਹਨ ਤੇ ਦੂਜੇ 'ਤੇ ਮਨਮੁਖ।)
੧੮ ਪੰਚਾਇਤ ਮੇਲਣਾ, ਝਗੜਾ ਨਿਬੇੜਨ ਲਈ।
੧੯ ਵਿੱਚ। ਫਿਰ ਮਨ ਨਾਲ ਹੀ ਸੁਲਹ ਹੋ ਜਾਂਦੀ ਹੈ।
੨੦ ਪ੍ਰੇਮ ਦੁਆਰਾ।
੨੧ ਭੋਗੀਏ, ਖਾਈਏ।
੨੨ ਝਗੜਨਾ।
੨੩ ਜਿੱਤਦਾ ਹੈ।
੨੪ ਸਿੱਖਿਆ।
੨੫ ਖਿੱਚੀ, ਮਿਟਾਈ। ਜਿਵੇਂ ਸੂਰਜ ਰਾਤ ਦੇ ਹਨੇਰੇ ਨੂੰ ਖਿੱਚ ਲੈਂਦਾ ਹੈ, ਭਾਵ ਦਿਹੁੰ ਚੜ੍ਹਨ ਨਾਲ ਰਾਤ ਮੁੱਕ ਜਾਂਦੀ ਹੈ।
੨੬ ਜੋ ਦਿਸਦਾ ਨਹੀਂ।
੨੭ ਜੋ ਮਨ ਇੰਦ੍ਰੀਆਂ ਤੋਂ ਪਰ੍ਹੇ ਹੈ।
੨੮ ਜੋ ਸਮਝ ਵਿੱਚ ਨਹੀਂ ਆਉਂਦਾ।
੨੯ ਜੋ ਮਾਇਆ ਤੋਂ ਰਹਿਤ ਹੈ, ਮਾਦਾ ਚੀਜ਼ਾਂ ਦੀ ਲਾਗ-ਲਬੇੜ ਤੋਂ ਸਾਫ਼ ਹੈ।

* ਜਿਹੜਾ ਆਦਮੀ ਹਰੀ ਦੀ ਕਚਹਿਰੀ (ਸਾਧ ਸੰਗਤ) ਵਿੱਚ ਮਿਲਿਆ ਹੈ (ਅਰਥਾਤ ਉੱਥੇ ਦੀ ਰਹਿਣੀ-ਬਹਿਣੀ ਸਿੱਖ ਗਿਆ ਹੈ) ਉਹ ਦੁਨੀਆਂ ਦੀਆਂ ਸਭ ਸੁਸਾਇਟੀਆਂ ਵਿੱਚ ਵੀ ਪ੍ਰਵਾਣ ਹੁੰਦਾ ਹੈ; ਭਾਵ ਓਪਰਾ ਜਿਹਾ ਨਹੀਂ ਦਿਸਦਾ, ਸਾਰੇ ਉਸ ਨੂੰ ਇਕ ਹਿਲਿਆ-ਮਿਲਿਆ ਮਿੱਤਰ ਸਮਝਦੇ ਹਨ।

† ਦੇਖੋ-"ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ", ਆਦਿ ਪੰਨਾ ੧੭।

‡ ਜਦ ਜੀਵ ਆਤਮਾ ਨੂੰ ਪਰਮਾਤਮਾ ਦੀ ਸੋਝੀ ਹੋ ਜਾਵੇ, ਤਾਂ ਸਰੀਰ ਵਿੱਚ ਹੀ (ਭਾਵ ਇਸ ਸੰਸਾਰਕ ਜ਼ਿੰਦਗੀ ਵਿੱਚ ਹੀ) ਉਸ ਨਾਲ ਮੇਲ ਹੋ ਜਾਂਦਾ ਹੈ।

ਆਖੀ[1] ॥ ੧੨ ॥ ਸਲੋਕੁ ਮ: ੩ ॥ ਸਤਿਗੁਰੁ ਸੇਵੇ ਆਪਣਾ ਸੋ ਸਿਰੁ [2]ਲੇਖੈ ਲਾਇ ॥ ਵਿਚਹੁ ਆਪੁ[3] ਗਵਾਇ ਕੈ ਰਹਨਿ ਸਚਿ ਲਿਵ ਲਾਇ ॥ ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ ॥ ੧ ॥ ਮ: ੩ ॥ ਮਨੁ ਵੇਕਾਰੀ ਵੇੜਿਆ[4] ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ ਆਤਮ ਦੇਉ[5] ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ[6] ਭਾਣਾ ਸਤਿਗੁਰੂ ਕਾ ਕਰਮੀ[7] ਪਲੈ ਪਾਇ ॥ ਨਾਨਕ *ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥ ੨ ॥ ਪਉੜੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ[8] ਪਾਪ ਲਹਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ[9] ਦੁਖ ਭੁਖ ਸਭ ਲਹਿ ਜਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ [10]ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥ ਜਿਤੁ ਮੁਖਿ[11] ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ ॥ ੧੩ ॥ ਸਲੋਕ ਮ: ੩ ॥ ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ[12] ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ[13] ਪਇਆ ਮਰਿ ਜੰਮੈ ਹੋਇ ਖੁਆਰੁ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ ਸਤਿਗੁਰ ਵਿਚਿ ਨਾਮੁ ਨਿਧਾਨੁ[14] ਹੈ ਕਰਮਿ[15] ਪਰਾਪਤਿ ਹੋਇ ॥ ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥ ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ[16] ਸਮਾਵੈ ਸੋਇ ॥ ੧ ॥ ਮ: ੩ ॥ ਸੋ †ਭਗਉਤੀ ਜੁ ਭਗਵੰਤੈ[17] ਜਾਣੈ ॥ ਗੁਰ ਪਰਸਾਦੀ ਆਪੁ[18] ਪਛਾਣੈ ॥ [19]ਧਾਵਤੁ ਰਾਖੈ ਇਕਤੁ ਘਰਿ ਆਣੈ ॥ [20]ਜੀਵਤੁ ਮਰੈ ਹਰਿ ਨਾਮੁ ਵਖਾਣੈ[21] ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥ ੨ ॥ ਮ: ੩ ॥ ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ਸਤਸੰਗਤਿ ਸਿਉ ਬਾਦੁ[22] ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ[23] ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥ ੩ ॥ ਪਉੜੀ ॥ ਸਤਿਗੁਰੁ ਜਿਨੀ ਧਿਆਇਆ ਸੇ [24]ਕੜਿ ਨ ਸਵਾਹੀ ॥ ਸਤਿਗੁਰੁ ਜਿਨੀ ਧਿਆਇਆ ਸੇ [25]ਤ੍ਰਿਪਤਿ ਅਘਾਹੀ ॥ ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥ ਜਿਨ ਕਉ

੧ ਅੱਖਾਂ ਨਾਲ।
੨ ਮਨਜ਼ੂਰ ਹੁੰਦਾ ਹੈ।
੩ ਹੰਕਾਰ।
੪ ਘਿਰਿਆ ਹੋਇਆ (ਵਿਕਾਰਾਂ ਨਾਲ)।
੫ ਆਤਮ ਦੇਵ, ਰੱਬ ਜੋ ਰੂਹ ਹੈ, ਸਰੀਰਕ ਹਸਤੀ ਨਹੀਂ।
੬ ਮਨ ਇੰਦ੍ਰੀਆਂ ਨੂੰ ਰੋਕਣ ਲਈ ਬੱਝਵੇਂ ਕੰਮ। ਜਪ ਆਦਿਕ ਇਹੋ ਹੈ ਕਿ ਗੁਰੂ ਦੇ ਭਾਣੇ ਵਿੱਚ ਰਹਿਆ ਜਾਵੇ।
੭ ਚੰਗੇ ਭਾਗਾਂ ਨਾਲ।
੮ ਪਾਪ।
੯ (ਦਾਰਿਦ੍ਰ) ਗ਼ਰੀਬੀ।
੧੦ ਜੋ ਮੁਖੀ (ਸ਼੍ਰੋਮਣੀ) ਗੁਰਮੁਖਾਂ ਨਾਲ ਪ੍ਰੇਮ ਲਵਾ ਦਿੰਦਾ ਹੈ।
੧੧ ਮੂੰਹ 'ਤੇ, ਮੱਥੇ 'ਤੇ। ਜਿਸ ਦੇ ਮੱਥੇ 'ਤੇ ਭਾਗ ਲਿਖਿਆ ਹੈ ਧੁਰੋਂ ਸੱਚੇ ਨੇ।
੧੨ ਮੁਰਦਾ। ਉਹ ਸੰਸਾਰ ਵਿੱਚ ਮੁਰਦਾ ਹੈ।
੧੩ ਫੇਰਾ, ਗੇੜਾ।
੧੪ ਸਭ ਨਿਧੀਆਂ ਦਾ ਖ਼ਜ਼ਾਨਾ।
੧੫ ਬਖ਼ਸ਼ਿਸ਼ ਦੁਆਰਾ।
੧੬ ਸਹਜ ਵਿੱਚ, ਪੂਰਨ ਗਿਆਨ ਤੇ ਟਿਕਾਉ ਵਾਲੀ ਅਵਸਥਾ ਵਿੱਚ। ਦੇਖੋ ਪੰਨਾ ੨੬, ਨੋਟ ੬।
੧੭ ਵਾਹਿਗੁਰੂ ਨੂੰ।
੧੮ ਆਪਣੇ ਆਪ ਨੂੰ।
੧੯ ਦੌੜਦੇ ਮਨ ਨੂੰ ਰੋਕੇ ਤੇ ਇਕ ਘਰ (ਸ੍ਵੈ-ਸਰੂਪ) ਵਿੱਚ ਲਿਆਵੇ।
੨੦ ਜੀਉਂਦਿਆਂ ਹੀ ਮਰੇ, ਭਾਵ ਅਪਣੱਤ, ਹੰਕਾਰ ਭਾਵ ਤੋਂ ਮਰੇ।
੨੧ ਉਚਰੇ, ਬੋਲੇ।
੨੨ ਵਾਦ, ਝਗੜਾ।
੨੩ ਪਹਿਲੋਂ ਦਾ, ਵਾਹਿਗੁਰੂ ਵੱਲੋਂ।
੨੪ ਕੜ੍ਹ-ਕੜ੍ਹ (ਸੜ-ਸੜ ਕੇ) ਸੁਆਹ ਨਹੀਂ ਹੁੰਦੇ।
੨੫ ਤੇਹ ਤੇ ਭੁੱਖ ਵੱਲੋਂ ਰੱਜੇ ਰਹਿੰਦੇ ਹਨ।

* ਸੇਵਾ ਉੱਚੀ ਬਿਰਤੀ ਨਾਲ ਕਮਾਉਣੀ ਚਾਹੀਦੀ ਹੈ, ਭਾਵੇਂ ਜਿਹੜੀ ਵਾਹਿਗੁਰੂ ਨੂੰ ਭਾਵੇਗੀ, ਉਹੋ ਕਬੂਲ ਹੋਵੇਗੀ। ਸੁਰਤਿ=ਆਤਮਕ ਲਗਨ।

† ਭਗਤੀ ਮਾਰਗ ਦੇ ਮੰਨਣ ਵਾਲਾ ਇਕ ਫਿਰਕਾ। ਇਹ ਲੋਕ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਆਦਿ ਦੀ ਪੂਜਾ ਵਿੱਚ ਲੱਗੇ ਰਹਿੰਦੇ ਤੇ ਰਾਸਾਂ ਪਾਉਣ ਤੇ ਨੱਚਣ-ਕੁੱਦਣ ਦੁਆਰਾ ਆਪਣੀ ਭਗਤੀ ਨੂੰ ਜ਼ਾਹਰ ਕਰਦੇ ਸਨ। ਗੁਰੂ ਜੀ ਇਥੇ 'ਸੁਖਮਨੀ' ਦੀ ੯ਵੀਂ ਅਸ਼ਟਪਦੀ ਵਿੱਚ ਅਸਲ ਭਗਉਤੀ ਦਾ ਲੱਛਣ ਦੱਸਦੇ ਹਨ।

ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥ [1]ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ[2] ਜਾਹੀ ॥ ੧੪ ॥ ਸਲੋਕ ਮਃ ੨ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ [3]ਦੀਜੈ ਡਾਰਿ ॥ ਨਾਨਕ ਜਿਸੁ ਪਿੰਜਰ[4] ਮਹਿ ਬਿਰਹਾ[5] ਨਹੀ ਸੋ ਪਿੰਜਰੁ ਲੈ ਜਾਰਿ[6] ॥ ੧ ॥ ਮਃ ੫ ॥ ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ [7]ਜਨਮਿ ਮੁਈਆਸੁ ॥ ਕਸਤੂਰੀ ਕੈ ਭੋਲੜੈ ਗੰਦੇ ਡੁੰਮਿ[**] ਪਈਆਸੁ ॥ ੨ ॥ ਪਉੜੀ ॥ ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥ ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ [8]ਅੰਤੀ ਅਉਸਰਿ ਲਏ ਛਡਾਏ ॥ ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ [9]ਤ੍ਰਿਸਨਾ ਸਭ ਭੁਖ ਗਵਾਏ ॥ ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ[10] ਸਭਿ ਪੈਰੀ ਪਾਏ ॥ ਨਾਨਕ ਨਾਮੁ ਅਰਾਧਿ[11] ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ[12] ਨਿਵਾਏ ॥ ੧੫ ॥ ਸਲੋਕ ਮਃ ੩ ॥ †ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥ ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ[13] ॥ ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥ ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥ ਨਾਨਕ ਸਾ ਸੁਆਲਿਓ[14] ਸੁਲਖਣੀ ਜਿ ਰਾਵੀ[15] ਸਿਰਜਨਹਾਰਿ ॥ ੧ ॥ ਮਃ ੩ ॥ ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥ ਮਨਮੁਖ‡ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥ ਭਲਕੇ[16] ਉਠਿ ਬਹੁ ਕਰਮ ਕਮਾਵਹਿ [17]ਦੂਜੈ ਭਾਇ ਪਿਆਰੁ ॥ ਸਤਿਗੁਰੁ ਸੇਵਹਿ ਆਪਣਾ ਭਉਜਲੁ[18] ਉਤਰੇ ਪਾਰਿ ॥ ਨਾਨਕ ਗੁਰਮੁਖਿ§ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ[19] ॥ ੨ ॥ ਪਉੜੀ ॥ ਹਰਿ [20]ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ ॥ ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ [21]ਮਾਰਿ ਕਢੋਇ ॥ ਸਚਿਆਰਾ ਦੇਇ ਵਡਿਆਈ ਹਰਿ [22]ਧਰਮ ਨਿਆਉ ਕੀਓਇ ॥ ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ ॥ ਜੈਕਾਰੁ[23] ਕੀਓ ਧਰਮੀਆ ਕਾ ਪਾਪੀ ਕਉ ਡੰਡੁ[24] ਦੀਓਇ ॥ ੧੬ ॥ ਸਲੋਕ ਮਃ ੩ ॥ ਮਨਮੁਖ ਮੈਲੀ ਕਾਮਣੀ[25] ਕੁਲਖਣੀ ਕੁਨਾਰਿ[26] ॥ ਪਿਰੁ ਛੋਡਿਆ ਘਰਿ ਆਪਣਾ [27]ਪਰ ਪੁਰਖੈ ਨਾਲਿ ਪਿਆਰੁ ॥ ਤ੍ਰਿਸਨਾ ਕਦੇ ਨ ਚੁਕਈ[28] ਜਲਦੀ ਕਰੇ ਪੂਕਾਰ ॥ ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ [29]ਪਰਹਰਿ ਛੋਡੀ ਭਤਾਰਿ ॥ ੧ ॥ ਮਃ ੩ ॥ ਸਬਦਿ ਰਤੀ ਸੋਹਾਗਣੀ ਸਤਿਗੁਰ ਕੈ

੧ ਓਹ ਇਸ ਜਹਾਨ ਤੇ ਅਗਲੇ ਜਹਾਨ ਸੁਰਖਰੂ ਹਨ।
੨ ਸਰੋਪਾ ਲੈ ਕੇ, ਇੱਜ਼ਤ ਨਾਲ।
੩ ਵੱਢ ਕੇ ਸੁੱਟ ਦੇਈਏ।
੪ ਸਰੀਰ ਰੂਪੀ ਪਿੰਜਰਾ।
੫ ਪਿਆਰ ਦੀ ਖਿੱਚ।
੬ ਸਾੜ ਦੇਹ।
੭ ਜੰਮ ਕੇ ਮਰਦੀ ਹੈ।
੮ ਅੰਤ ਸਮੇਂ, ਅਖੀਰਲੇ ਮੌਕੇ 'ਤੇ।
੯ ਸਾਰੀ ਭੁੱਖ ਤੇ ਤੇਹ।
੧੦ ਖੋਟੇ, ਵੈਰੀ।
੧੧ ਯਾਦ ਕਰ, ਸਿਮਰ।
੧੨ ਲਿਆ ਕੇ।
੧੩ ਦੂਰ ਕਰਨ ਵਾਲੀ ਹੋ ਜਾਂਦੀ ਹੈ।
੧੪ ਸੋਹਣੀ।
੧੫ ਭੋਗੀ ਹੈ। ਓਹੋ ਸੋਹਣੀ ਤੇ ਸੁਚੱਜੀ ਹੈ, ਜਿਸ ਨੂੰ ਕਰਤਾਰ ਨੇ ਅਪਣਾਇਆ ਹੈ।
੧੬ ਹਰ ਰੋਜ਼, ਨਿੱਤ।
੧੭ ਦ੍ਵੈਤ-ਭਾਵ ਵਿੱਚ ਪਿਆਰ ਹੈ। ਰੱਬ ਨੂੰ ਛੱਡ ਕੇ ਮਾਇਆ ਦੇ ਮੋਹ ਵਿੱਚ ਲੱਗੇ ਹਨ।
੧੮ ਸੰਸਾਰ-ਸਾਗਰ।
੧੯ (ਉਰ) ਦਿਲ ਵਿੱਚ ਧਾਰ ਕੇ।
੨੦ ਪਾਣੀ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ।
੨੧ ਕੱਢ ਦਿੱਤੇ ਹਨ ਮਾਰ ਕੇ।
੨੨ ਧਰਮ ਦਾ ਨਿਆਂ, ਸੱਚਾ ਇਨਸਾਫ਼ ਕੀਤਾ।
੨੩ ਉੱਚੀ ਸੁਰ ਨਾਲ ਜੈ ਜੈ ਕਰ ਕੇ ਨਮਸਕਾਰ ਕਰਨਾ, ਜੈ ਜੈ ਕਰ ਕੇ ਸਲਾਹੁਣਾ, ਫ਼ਤਹ।
੨੪ ਦੰਡ, ਸਜ਼ਾ।
੨੫ ਇਸਤਰੀ।
੨੬ ਬੁਰੀ ਇਸਤਰੀ।
੨੭ ਪਰਾਏ ਪੁਰਸ਼ ਨਾਲ ਪਿਆਰ ਹੈ ਤੇ ਆਪਣਾ ਪਿਰ ਘਰ ਵਿੱਚ ਛੱਡ ਆਈ ਹੈ।
੨੮ ਦੂਰ ਹੁੰਦੀ।
੨੯ ਦੂਰ ਕਰ ਕੇ ਛੱਡ ਦਿੱਤੀ ਪਤੀ ਨੇ।

* ਪਾਣੀ ਦੇ ਟੋਏ ਵਿੱਚ। ਕਸਤੂਰੀ ਦੇ ਭੁਲੇਵੇਂ ਗੰਦੇ ਟੋਏ ਵਿੱਚ ਡਿੱਗੀ ਹੈ। ਹਿਰਨ ਦੀ ਆਪਣੀ ਧੁੰਨੀ ਵਿੱਚ ਕਸਤੂਰੀ ਹੁੰਦੀ ਹੈ, ਪਰ ਉਸ ਨੂੰ ਭੁਲੇਖਾ ਹੁੰਦਾ ਹੈ ਕਿ ਕਸਤੂਰੀ ਕਿਧਰੇ ਬਾਹਰ ਹੈ, ਇਸ ਲਈ ਉਹ ਇਧਰ-ਉਧਰ ਰਾਹ-ਕੁਰਾਹ ਭੱਜਦਾ-ਫਿਰਦਾ ਹੈ। ਇਸ ਤਰ੍ਹਾਂ ਮੁੱਢੋਂ ਘੁੱਥਾ ਹੋਣ ਕਰ ਕੇ ਕਿਧਰੇ ਗੰਦੇ ਪਾਣੀ ਦੇ ਟੋਏ ਵਿੱਚ ਜਾ ਪੈਂਦਾ ਹੈ। ਮਨੁੱਖ ਆਪਣੇ ਅਸਲੇ ਨੂੰ ਵਿਸਾਰ ਕੇ ਆਵਾ-ਗਉਣ ਦੇ ਗੇੜੇ ਪਿਆ ਕੱਢਦਾ ਹੈ। ਆਪਣੇ ਅੰਤਰ ਆਤਮੇ ਵਸਦੇ ਸੁਖ ਨੂੰ ਬਾਹਰ ਦੀਆਂ ਚੀਜ਼ਾਂ ਵਿੱਚ ਭੁਲੇਖੇ ਨਾਲ ਵੇਖਦਾ-ਵੇਖਦਾ ਵਿਸ਼ੇ ਵਿਕਾਰਾਂ ਵਿੱਚ ਜਾ ਪੈਂਦਾ ਹੈ।

† ਕੋਝੀ ਭੈੜੇ ਲੱਛਣਾਂ ਵਾਲੀ ਜੀਵ ਰੂਪ ਇਸਤਰੀ, ਮਨ ਦੇ ਖੋਟੇ ਹੋਣ ਕਰ ਕੇ ਝੂਠੀ ਹੈ, ਫਿਰ ਭੀ ਸੁਹਾਗਣਾਂ ਵਾਲੇ ਵੇਸ ਕਰਦੀ ਹੈ, (ਭਾਵ ਜੀਵ ਮਨਮੁਖ ਹੋਣ 'ਤੇ ਭੀ ਗੁਰਮੁਖਾਂ ਵਾਲੇ ਧਾਰਮਕ ਕੰਮਾਂ ਦੇ ਦਿਖਾਵੇ ਕਰਦਾ ਹੈ) ਪਤੀ ਦੇ ਹੁਕਮ ਵਿੱਚ ਨਹੀਂ ਚਲਦੀ, ਸਗੋਂ ਮੂਰਖ ਤੀਵੀਂ ਅੱਗੋਂ ਹੁਕਮ ਕਰਦੀ ਹੈ।

‡ ਦੇਖੋ ਪੰਨਾ ੧੧, ਨੋਟ ੨੧।

§ ਦੇਖੋ ਪੰਨਾ ੧੧, ਨੋਟ ੨੦।

ਭਾਇ ਪਿਆਰਿ ॥ [1]ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥ *ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥ ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥ ੨ ॥ ਪਉੜੀ ॥ ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ[2] ਕਾਢਿਆ ॥ ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥ ਹਰਿ ਨਿਮਾਣਿਆ ਤੂੰ ਮਾਣੁ ਹਰਿ [3]ਡਾਢੀ ਹੂੰ ਤੂੰ ਡਾਢਿਆ ॥ ਹਰਿ ਅਹੰਕਾਰੀਆ ਮਾਰਿ ਨਿਵਾਏ [4]ਮਨਮੁਖ ਮੂੜ ਸਾਧਿਆ ॥ ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥ ੧੭ ॥ ਸਲੋਕ ਮਃ ੩ ॥ ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥ †ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥ ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ[5] ਪਰਾਪਤਿ ਹੋਇ ॥ ਨਾਨਕ ‡ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥ ੧ ॥ ਮਃ ੩ ॥ §ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ[6] ॥ ਮਾਇਆ ਬੰਦੀ[7] ਖਸਮ ਕੀ ਤਿਨ ਅਗੈ ਕਮਾਵੈ ਕਾਰ ॥ ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥ ਗੁਰ ਪਰਸਾਦੀ[8] ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ[9] ॥ ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ[10] ॥ [11]ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥ ਸਭਿ ਅਉਗਣ ਗੁਣੀ[12] ਮਿਟਾਇਆ ਗੁਰੁ ਆਪੇ ਬਖਸਣਹਾਰੁ ॥ ੨ ॥ ਪਉੜੀ ॥ ¶ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥ ਹਰਿ ਜੇਵਡੁ ਨਾਹੀ ਕੋਈ ਜਾਣੁ[13] ਹਰਿ ਧਰਮੁ[14] ਬੀਚਾਰਦਾ ॥ ਕਾੜਾ[15] ਅੰਦੇਸਾ[16] ਕਿਉ ਕੀਜੈ ਜਾ ਨਾਹੀ ਅਧਰਮਿ[17] ਮਾਰਦਾ ॥ ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥ ਸਾਲਾਹਿਹੁ ਭਗਤਹੁ ਕਰ[18] ਜੋੜਿ ਹਰਿ ਭਗਤ ਜਨ ਤਾਰਦਾ ॥ ੧੮ ॥ ਸਲੋਕ ਮਃ ੩ ॥ ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ [19]ਉਰਿ ਧਾਰਿ ॥ ਸਾਲਾਹੀ ਸੋ ਪ੍ਰਭ ਸਦਾ ਸਦਾ ਗੁਰ ਕੈ ਹੇਤਿ ਪਿਆਰਿ ॥ ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ ॥ ੧ ॥ ਮਃ ੩ ॥ ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥ ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥ ਨਾਨਕ ਸਹਜਿ[20] ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ ॥ ੨ ॥ ਪਉੜੀ ॥ ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥ [21]ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥ ਹਰਿ ਭਗਤਾ ਨੋ ਦੇਇ ਅਨੰਦੁ ਥਿਰੁ[22] ਘਰੀ ਬਹਾਲਿਅਨੁ ॥ ਪਾਪੀਆ ਨੋ ਨ ਦੇਈ ਥਿਰੁ ਰਹਣਿ

੧ ਹਮੇਸ਼ਾਂ ਆਪਣੇ ਪਤੀ ਨੂੰ ਭੋਗਦੀ ਹੈ, ਸੱਚੇ ਪ੍ਰੇਮ ਤੇ ਪਿਆਰ ਕਰ ਕੇ।
੨ ਫਸਿਆਂ ਨੂੰ।
੩ ਤੂੰ ਡਾਢਿਆਂ ਤੋਂ ਡਾਢਾ ਹੈਂ, ਜ਼ੋਰਾਵਰਾਂ ਉੱਤੇ ਜ਼ੋਰਾਵਰ ਹੈਂ।
੪ ਆਪ-ਹੁਦਰਿਆਂ ਮੂਰਖਾਂ ਨੂੰ ਹਰੀ ਸੋਧਦਾ ਹੈ, ਕਾਬੂ ਕਰਦਾ ਹੈ।
੫ ਬਖ਼ਸ਼ਿਸ਼ ਦੁਆਰਾ।
੬ ਲਿਵ ਦੀ ਤਾਰ, ਇਕ-ਰਸ ਲਿਵ।
੭ ਦਾਸੀ, ਸੇਵਕ।
੮ ਗੁਰੂ ਦੀ ਕਿਰਪਾ ਦੁਆਰਾ।
੯ ਮੁਕਤੀ ਦਾ ਦੁਆਰਾ।
੧੦ ਜਮ ਜ਼ਾਲਮ। ਜੰਦਾਲ [ਫ਼ਾਰਸੀ]=ਗਵਾਰ, ਸ਼ਰਾਬੀ, ਅਵੈੜਾ ਤੇ ਡਾਢਾ ਹੈ।
੧੧ ਗੁਰੂ ਦੁਆਰੇ ਜਿਨ੍ਹਾਂ ਨੇ ਹਰੀ ਨੂੰ ਸਿਮਰਿਆ ਹੈ, ਉਨ੍ਹਾਂ ਨੇ ਸੰਸਾਰ, ਜੋ ਹਸਤੀ ਦਾ ਸਮੁੰਦਰ ਹੈ, ਤਰਿਆ ਹੈ।
੧੨ ਗੁਣਾਂ ਨਾਲ।
੧੩ ਜਾਣੂ, ਜਾਣਨ ਵਾਲਾ, ਸਿਆਣਾ।
੧੪ ਨਿਆਉਂ।
੧੫ ਝੋਰਾ, ਫ਼ਿਕਰ।
੧੬ ਡਰ।
੧੭ ਅਨਿਆਇ ਕਰ ਕੇ। ਬੇ-ਇਨਸਾਫ਼ੀ ਨਹੀਂ ਕਰਦਾ।
੧੮ ਹੱਥ।
੧੯ ਦਿਲ ਵਿੱਚ ਵਸਾ ਕੇ।
੨੦ ਸਭ ਤੋਂ ਉੱਚੀ ਪੂਰਨ ਗਿਆਨ ਅਤੇ ਸ਼ਾਂਤੀ ਵਾਲੀ ਅਵਸਥਾ ਵਿੱਚ। ਹਰੀ ਨੇ ਆਪਣੀ ਮਿਹਰ ਕਰ ਕੇ ਉਨ੍ਹਾਂ ਨੂੰ ਸਹਜ ਵਿੱਚ ਸਮਾ ਲਿਆ ਹੈ, ਪਰਮ ਪਦ 'ਤੇ ਪੁਚਾ ਦਿੱਤਾ ਹੈ।
੨੧ ਹਰੀ ਨੇ ਆਪਣਾ ਨਿਸਚਾ ਆਪ ਕਰਾ ਕੇ ਆਪ ਭਗਤ ਰੂਪ ਹੋ ਕੇ ਸੇਵਾ ਕਮਾਈ ਹੈ।
੨੨ ਅਡੋਲ। ਪੱਕਾ ਟਿਕਾਣਾ ਦੇ ਕੇ ਘਰ ਵਿੱਚ (ਆਪਣੀ ਹਜ਼ੂਰੀ ਵਿੱਚ) ਬਿਠਾਇਆ ਹੈ।

* ਉਹ ਅਤੀ ਸੁੰਦਰ, ਸੋਹਣੀ ਤੇ ਜਸ ਵਾਲੀ ਇਸਤਰੀ ਹੈ। ਹੇ ਨਾਨਕ! ਉਹ ਨਾਮ ਕਰ ਕੇ (ਨਾਮ ਵਿੱਚ ਲੱਗੀ ਹੋਣ ਕਰ ਕੇ) ਸੋਹਾਗਣ ਹੈ, ਜਿਸ ਨੂੰ ਮੇਲਣ ਵਾਲੇ ਵਾਹਿਗੁਰੂ ਨੇ ਆਪ ਮੇਲਿਆ ਹੈ, ਸੰਜੋਗ ਵਿੱਚ ਲਿਆਂਦਾ ਹੈ।

† ਜਿਸ ਦੇ ਮਨ ਵਿੱਚ ਹਰੀ ਦਾ ਉੱਤਮ ਨਾਮ ਵੱਸਦਾ ਹੈ, ਉਸ ਨੂੰ ਕੋਈ ਮਿਟਾ ਨਹੀਂ ਸਕਦਾ: ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥' (ਸਿਰੀਰਾਗੁ ਮ: ੧, ਪੰਨਾ ੧੭)।

‡ ਕਿਰਪਾ ਦਾ ਢੋ ਢੁਕਾਉਣਾ, ਮਿਹਰ ਦਾ ਅਵਸਰ ਬਣਾ ਦੇਣਾ, ਇਹ ਭੀ ਕਰਤੇ ਦੇ ਆਪਣੇ ਹੱਥ ਹੈ। ਇਹ ਗੱਲ ਗੁਰੂ ਦੁਆਰੇ ਕੋਈ ਵਿਰਲਾ ਹੀ ਬੁੱਝਦਾ ਹੈ।

§ ਹੇ ਨਾਨਕ! ਜਿਨ੍ਹਾਂ ਨੇ ਹਰੀ ਨਾਮ ਸਿਮਰਿਆ ਹੈ, ਨਿਤਾਪ੍ਰਤੀ ਹਰੀ ਵਿੱਚ ਲਗਾਤਾਰ ਬਿਰਤੀ ਜੋੜੀ ਹੈ, ਉਨ੍ਹਾਂ ਦੇ ਅੱਗੇ ਮਾਇਆ, ਜੋ ਵਾਹਿਗੁਰੂ ਮਾਲਕ ਦੀ ਗੋਲੀ ਹੈ, ਸੇਵਾ ਕਮਾਉਂਦੀ ਹੈ। ਉਨ੍ਹਾਂ ਨੂੰ ਪੂਰੇ ਵਾਹਿਗੁਰੂ ਨੇ ਸੁਧਾਰਨ ਵਾਲੇ ਦੇ ਹੁਕਮ ਵਿੱਚ ਰਹਿਣ ਵਾਲਾ ਕਾਮਲ ਪੁਰਸ਼ ਬਣਾ ਦਿੱਤਾ ਹੈ।

¶ ਭਗਤਾਂ ਨੂੰ ਹਰੀ ਉੱਤੇ ਨਿਸਚਾ ਹੈ ਕਿ ਉਹ ਸਭ ਕੁਝ ਜਾਣਦਾ ਹੈ। ਉਸ ਜੇਹਾ ਕੋਈ ਪਾਰਖੂ ਨਹੀਂ, ਉਹ ਸੱਚੋ-ਸੱਚ ਨਿਤਾਰਦਾ ਹੈ। ਫਿਰ ਝੋਰਾ ਤੇ ਡਰ ਕਿਉਂ ਕਰੀਏ, ਜਦ ਸਾਨੂੰ ਪਤਾ ਹੈ ਕਿ ਉਹ ਕਿਸੇ ਨੂੰ ਧੱਕਾ ਨਹੀਂ ਮਾਰਦਾ?

ਚੁਣਿ [੧]ਨਰਕ ਘੋਰਿ ਚਾਲਿਅਨੁ ॥ ਹਰਿ ਭਗਤਾ ਨੋ ਦੇਇ ਪਿਆਰੁ [੨]ਕਰਿ ਅੰਗੁ ਨਿਸਤਾਰਿਅਨੁ[੩] ॥ ੧੯ ॥ ਸਲੋਕ ਮਃ ੧* ॥ ਕੁਬੁਧਿ ਡੂਮਣੀ[੪] ਕੁਦਇਆ ਕਸਾਇਣਿ ਪਰ ਨਿੰਦਾ ਘਟ[੫] ਚੂਹੜੀ ਮੁਠੀ[੬] ਕ੍ਰੋਧਿ ਚੰਡਾਲਿ ॥ ਕਾਰੀ[੭] ਕਢੀ ਕਿਆ ਥੀਐ[੮] ਜਾਂ ਚਾਰੇ ਬੈਠੀਆ ਨਾਲਿ ॥ ਸਚੁ ਸੰਜਮੁ[੯] ਕਰਣੀ ਕਾਰਾਂ ਨਾਵਣੁ[੧੦] ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ[੧੧] ਨ ਦੇਹੀ ॥ ੧ ॥ ਮਃ ੧† ॥ ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥ ਜੋ ਤਿਸੁ ਭਾਵੈ ਨਾਨਕਾ [੧੨]ਕਾਗਹੁ ਹੰਸੁ ਕਰੇਇ ॥ ੨ ॥ ਪਉੜੀ ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ [੧੩]ਸਤਿਗੁਰ ਸਚੁ ਸਾਖੀਐ ॥ ਸੰਤਾ ਸੰਗਿ ਨਿਧਾਨੁ[੧੪] ਅੰਮ੍ਰਿਤੁ ਚਾਖੀਐ ॥ [੧੫]ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥ ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ[੧੬] ॥ ੨੦ ॥ ਸਲੋਕ ਮਃ ੩ ॥ ਜੀਉ ਪਿੰਡੁ[੧੭] ਸਭੁ ਤਿਸ ਕਾ ਸਭਸੈ ਦੇਇ ਅਧਾਰੁ[੧੮] ॥ ਨਾਨਕ ਗੁਰਮੁਖਿ[੧੯] ਸੇਵੀਐ ਸਦਾ ਸਦਾ ਦਾਤਾਰੁ ॥ ਹਉ ਬਲਿਹਾਰੀ[੨੦] ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ ॥ [੨੧]ਓਨਾ ਕੇ ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥ ੧ ॥ ਮਃ ੩ ॥ ਸਤਿਗੁਰ ਮਿਲਿਐ [੨੨]ਉਲਟੀ ਭਈ ‡ਨਵ ਨਿਧਿ ਖਰਚਿਉ ਖਾਉ ॥ ਅਠਾਰਹ ਸਿਧੀ§ ਪਿਛੈ ਲਗੀਆ ਫਿਰਨਿ [੨੩]ਨਿਜ ਘਰਿ ਵਸੈ ਨਿਜ ਥਾਇ ॥ ਅਨਹਦ[੨੪] ਧੁਨੀ ਸਦ ਵਜਦੇ ਉਨਮਨਿ[੨੫] ਹਰਿ ਲਿਵ ਲਾਇ ॥ ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ [੨੬]ਜਿਨ ਮਸਤਕਿ ਲਿਖਿਆ ਧੁਰਿ ਪਾਇ ॥ ੨ ॥ ਪਉੜੀ¶ ॥ ਹਉ ਢਾਢੀ[੨੭] ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥ ਹਰਿ ਅੰਦਰਿ ਸੁਣੀ ਪੂਕਾਰ ਢਾਢੀ [੨੮]ਮੁਖਿ ਲਾਇਆ ॥ ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ[੨੯] ਤੂੰ ਆਇਆ ॥ ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥ ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ[੩੦] ॥ ੨੧ ॥ ੧ ॥ ਸੁਧੁ::

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਕਬੀਰਃਃ ਜੀਉ ਕਾ ॥ ੦ਏਕੁ ਸੁਆਨੁ ਕੈ ਘਰਿ ਗਾਵਣਾ ॥ ਜਨਨੀ[੩੧] ਜਾਨਤ ਸੁਤੁ[੩੨] ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ[੩੩] ਘਟਤੁ ਹੈ ॥ [੩੪]ਮੋਰ ਮੋਰ ਕਰਿ ਅਧਿਕ[੩੫] ਲਾਡੁ ਧਰਿ

੧ ਨਰਕ ਡਰਾਉਣੇ ਵੱਲ ਧੱਕ ਦਿੱਤਾ ਹੈ।
੨ ਪੱਖ ਕਰ ਕੇ।
੩ ਤਾਰਿਆ ਹੈ।
੪ ਮਿਰਾਸਣ।
੫ ਦਿਲ ਦੀ, ਅੰਦਰ ਦੀ। ਸਾਡੇ ਅੰਦਰ ਖੋਟੀ ਮੱਤ ਡੂਮਨੀ ਹੈ, ਬੇਤਰਸੀ ਕਸਾਇਣ ਹੈ, ਪਰਾਈ ਨਿੰਦਾ ਚੂਹੜੀ ਹੈ ਅਤੇ ਕ੍ਰੋਧ ਚੰਡਾਲਨੀ ਨੇ ਠੱਗਿਆ ਹੈ।
੬ ਠੱਗੀ ਹੋਈ।
੭ ਚੌਂਕੇ ਦੀਆਂ ਲੀਕਾਂ।
੮ ਹੋ ਜਾਂਦਾ ਹੈ।
੯ ਜੁਗਤੀ ਚੌਂਕੇ ਨੂੰ ਸੁੱਚਾ ਰੱਖਣ ਦੀ।
੧੦ ਇਸ਼ਨਾਨ।
੧੧ ਪੰਦਿ [ਫ਼ਾਰਸੀ ਪਦ ਹੈ]=ਨਸੀਹਤ, ਸਿੱਖਿਆ। ਅੱਗੇ ਜਾ ਕੇ ਓਹੋ ਚੰਗੇ ਗਿਣੇ ਜਾਣਗੇ, ਜੋ ਇਥੇ ਕਿਸੇ ਨੂੰ ਪਾਪਾਂ ਵਾਲੀ ਸਿੱਖਿਆ ਨਹੀਂ ਦਿੰਦੇ। (ਸੁੱਚਮ ਕਰਨ ਵਾਲੇ ਪੰਡਤ ਨੂੰ ਕਹਿ ਰਹੇ ਹਨ।)
੧੨ ਕਾਂ ਤੋਂ ਹੰਸ, ਭਾਵ ਪਾਪੀ ਤੋਂ ਸੁਅੱਛ ਆਚਰਣ ਵਾਲਾ।
੧੩ ਸੱਚੇ ਸਤਿਗੁਰੂ ਦੀ ਸਿੱਖਿਆ ਦੁਆਰਾ।
੧੪ ਖ਼ਜ਼ਾਨਾ (ਨਾਮ ਅੰਮ੍ਰਿਤ ਰੂਪ)।
੧੫ ਹੇ ਡਰ ਦੇ ਨਾਸ ਕਰਨ ਵਾਲੇ ਕਿਰਪਾਲੂ।
੧੬ ਸਮਝੀਏ (ਨਾ ਸਮਝ ਵਿੱਚ ਆਵਣ ਵਾਲੇ ਪ੍ਰਭੂ ਨੂੰ)।
੧੭ ਸਰੀਰ।
੧੮ ਆਸਰਾ, ਸਹਾਰਾ।
੧੯ ਗੁਰੂ ਦੀ ਰਾਹੀਂ।
੨੦ ਕੁਰਬਾਨ, ਵਾਰਨੇ।
੨੧ ਉਨ੍ਹਾਂ ਦੇ ਮੂੰਹ ਸਦਾ ਚਮਕਦੇ ਹਨ, ਓਹ ਸੁਰਖਰੂ ਹਨ।
੨੨ ਸੰਸਾਰ ਵੱਲੋਂ ਮੁੜ ਪਈ।
੨੩ ਆਪਣੇ ਸਰੂਪ ਵਿੱਚ ਹੀ ਆਪਣੇ ਅੰਤਹਕਰਣ ਵਿੱਚ ਟਿੱਕ ਕੇ ਰਹਿੰਦਾ ਹੈ।
੨੪ ਬਿਨਾਂ ਵਜਾਏ ਵੱਜਣ ਵਾਲਾ ਸੰਗੀਤ। ਗੁਰਮਤਿ ਅਨੁਸਾਰ ਆਤਮ ਮੰਡਲ ਦਾ ਸੰਗੀਤ ਜੋ ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਅੰਦਰ ਦੀ ਇਕਾਗਰਤਾ ਵਿੱਚ ਅਨੁਭਵ ਕਰੀਦਾ ਹੈ। ਆਤਮਕ ਆਨੰਦ ਨੂੰ ਹੀ ਅਨਹਦ ਸ਼ਬਦ ਜਾਂ ਧੁਨੀ ਕਰ ਕੇ ਲਿਖਿਆ ਹੈ।
੨੫ ਉਨਮਨ ਅਵਸਥਾ ਵਿੱਚ, ਸੰਸਾਰ ਦੀਆਂ ਖਾਹਸ਼ਾਂ ਤੋਂ ਉੱਚਾ ਚੜ੍ਹ ਕੇ।
੨੬ ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਹੀ (ਵਾਹਿਗੁਰੂ ਦੇ ਹਜ਼ੂਰੋਂ) ਹੁਕਮ ਲਿਖੀ ਕੇ ਪਿਆ ਹੈ।
੨੭ ਢੱਡ ਨਾਲ ਵਾਰ ਗਾਉਣ ਵਾਲਾ, ਜੱਸ ਗਾਉਣ ਵਾਲਾ।
੨੮ ਸਾਮ੍ਹਣੇ ਸੱਦਿਆ।
੨੯ ਪ੍ਰਯੋਜਨ ਜਾਂ ਮਤਲਬ ਲਈ।
੩੦ ਖਿਲ੍ਹਤ ਜਾਂ ਆਦਰ ਦੀ ਪੁਸ਼ਾਕ ਦਿੱਤੀ।
੩੧ ਮਾਂ।
੩੨ ਪੁੱਤਰ।
੩੩ ਉਮਰ।
੩੪ ਮੇਰਾ ਮੇਰਾ।
੩੫ ਬਹੁਤ।

* ਗੁਰੂ ਨਾਨਕ ਜੀ ਨੇ ਇਕ ਦਿਨ ਸਵੇਰ ਸਾਰ ਭਾਈ ਮਰਦਾਨੇ ਨੂੰ ਇਕ ਵੈਸ਼ਨੋ ਪਾਸ ਲੱਕੜਾਂ ਲੈਣ ਲਈ ਭੇਜਿਆ। ਉਹ ਅਜੇ ਚੌਂਕਾ ਭਾਂਡਾ ਕਰ ਰਿਹਾ ਸੀ। ਮਰਦਾਨੇ ਨੂੰ ਵੇਖ ਕੇ ਉਹਨੂੰ ਰੋਹ ਚੜ੍ਹ ਗਿਆ ਕਿ ਨੀਚ ਜਾਤਿ ਮੱਥੇ ਆਣਿ ਲੱਗਾ ਤੇ ਚਉਂਕੇ ਦੀ ਪਵਿੱਤਰਤਾ ਜਾਂਦੀ ਰਹੀ। ਗੁਰੂ ਜੀ ਨੇ ਉਸ ਪ੍ਰਥਾਇ ਇਹ ਸ਼ਬਦ ਉਚਾਰਿਆ।

† ਇਹੋ ਸ਼ਲੋਕ ਫਰੀਦ ਜੀ ਦੇ ਸ਼ਲੋਕਾਂ ਵਿੱਚ ਸ਼ਲੋਕ ੧੨੪ ਕਰ ਕੇ ਦਿੱਤਾ ਹੈ।

‡ ਨੌਂ ਨਿਧੀਆਂ, ਧੰਨ ਸੰਪਦਾ ਦੇ ਖ਼ਜ਼ਾਨੇ। ਦੇਖੋ ਪੰਨਾ ੧੦, ਫੁਟ ਨੋਟ §।

§ ਕਰਾਮਾਤੀ ਸ਼ਕਤੀਆਂ। ਦੇਖੋ ਪੰਨਾ ੧੦, ਫੁਟ ਨੋਟ ¶।

¶ ਦੇਖੋ ਇਹੋ ਜਿਹੇ ਭਾਵ ਵਾਲੀ ਅੰਤਲੀ ਪਉੜੀ ਵਾਰ ਮਾਝ ਮ: ੧ ਦੀ।

:: ਕਈ ਵਾਰਾਂ ਦੇ ਅੰਤ ਵਿੱਚ 'ਸੁਧੁ' ਆਉਂਦਾ ਹੈ ਇਸ ਦਾ ਭਾਵ ਹੈ, ਕਿ ਅਸਲ ਨਾਲ ਮੇਲ ਕੇ ਸੋਧੀ ਹੋਈ ਠੀਕ ਹੈ। ਕਈ ਥਾਂ 'ਸੁਧੁ ਕੀਚੇ' ਹੈ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਆਪਣੇ ਲਿਖਾਰੀ ਭਾਈ ਗੁਰਦਾਸ ਜੀ ਨੂੰ ਚਿਤਾਵਨੀ ਹੈ ਕਿ ਇਸ ਬਾਣੀ ਨੂੰ ਅਸਲ ਨਾਲ ਮੇਲ ਕੇ ਸੋਧ ਲੈਣਾ।

⁘ ਬਨਾਰਸ ਵਿੱਚ ਰਹਿਣ ਵਾਲੇ ਇਕ ਉੱਘੇ ਭਗਤ ਜੋ ਸੰਨ ੧੩੯੮ ਤੋਂ ੧੫੧੮ ਤੱਕ ਜੀਵੇ।

○ ਇਹ ਸ਼ਬਦ 'ਏਕੁ ਸੁਆਨੁ ਦੁਇ ਸੁਆਨੀ ਨਾਲਿ' (ਸਿਰੀਰਾਗੁ ਮ: ੧ ਘਰੁ ੪) ਵਾਲੇ ਸ਼ਬਦ ਦੀ ਸੁਰ ਨਾਲ ਗਾਉਣਾ। ਉਹ ਘਰ ੪ ਵਿੱਚ ਗਾਇਆ ਜਾਂਦਾ ਹੈ, ਇਹ ਭੀ ਘਰ ੪ ਵਿੱਚ ਗਾਉਣਾ ਹੈ। ਦੇਖੋ ਪੰਨਾ ੨੪।

ਪੇਖਤ[੧] ਹੀ ਜਮਰਾਉ[੨] ਹਸੈ ॥ ੧ ॥ ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ ੧ ॥ ਰਹਾਉ ॥ ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ[੩] ਮਰਣਾ ॥ ਰਮਈਆ[੪] ਜਪਹੁ ਪ੍ਰਾਣੀ ਅਨਤ[੫] ਜੀਵਣ ਬਾਣੀ [੬]ਇਨ ਬਿਧਿ ਭਵ ਸਾਗਰੁ ਤਰਣਾ ॥ ੨ ॥ ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥ ਉਪਜੈ ਸਹਜੁ[੭] ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ[੮] ਅੰਤਰਿ ਲਿਵ ਲਾਗੈ ॥ ੩ ॥ ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥ ੧ ॥ *ਰਹਾਉ ਦੂਜਾ ॥ ਸਿਰੀਰਾਗੁ ਤ੍ਰਿਲੋਚਨ† ਕਾ ॥ ਮਾਇਆ ਮੋਹੁ ਮਨਿ ਆਗਲੜਾ[੯] ਪ੍ਰਾਣੀ ਜਰਾ[੧੦] ਮਰਣੁ ਭਉ ਵਿਸਰਿ ਗਇਆ ॥ ਕੁਟੰਬੁ ਦੇਖਿ [੧੧]ਬਿਗਸਹਿ ਕਮਲਾ ਜਿਉ [੧੨]ਪਰ ਘਰਿ ਜੋਹਹਿ ਕਪਟ ਨਰਾ ॥ ੧ ॥ ਦੂੜਾ[੧੩] ਆਇਓਹਿ [੧੪]ਜਮਹਿ ਤਣਾ ॥ ਤਿਨ ਆਗਲੜੈ[੧੫] ਮੈ ਰਹਣੁ ਨ ਜਾਇ ॥ ਕੋਈ ਕੋਈ ਸਾਜਣੁ ਆਇ ਕਹੈ ॥ ਮਿਲੁ ਮੇਰੇ ਬੀਠੁਲਾ‡ ਲੈ [੧੬]ਬਾਹੜੀ ਵਲਾਇ ॥ ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥ ੧ ॥ ਰਹਾਉ ॥ [੧੭]ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥ ਮਾਇਆ ਮੂਠਾ[੧੮] ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥ ੨ ॥ [੧੯]ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ [੨੦]ਰਵਿ ਸਸਿ ਤਹ ਨ ਪ੍ਰਵੇਸੰ ॥ ਮਾਇਆ ਮੋਹੁ ਤਬ ਬਿਸਰਿ ਗਇਆ ਜਾਂ [੨੧]ਤਜੀਅਲੇ ਸੰਸਾਰੰ ॥ ੩ ॥ ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ[੨੨] ਧਰਮਰਾਓ ॥ ਤਹ [੨੩]ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥ ੪ ॥ ਜੇ ਕੋ ਮੂੰ[੨੪] ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥ ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ[੨੫] ਤ੍ਰਿਲੋਚਨੁ ਰਾਮਈਆ ॥ ੫ ॥ ੨ ॥ ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥ ਅਚਰਜ ਏਕੁ ਸੁਨਹੁ ਰੇ ਪੰਡੀਆ[੨੬] ਅਬ ਕਿਛੁ ਕਹਨੁ ਨ ਜਾਈ ॥ ਸੁਰਿ ਨਰ[੨੭] ਗਣ[੨੮] ਗੰਧ੍ਰਬ[੨੯] ਜਿਨਿ ਮੋਹੇ ਤ੍ਰਿਭਵਣ ਮੇਖੁਲੀ[੩੦] ਲਾਈ ॥ ੧ ॥ ਰਾਜਾ ਰਾਮ ਅਨਹਦ ਕਿੰਗੁਰੀ[੩੧] ਬਾਜੈ ॥ ਜਾ ਕੀ ਦਿਸਟਿ[੩੨] ਨਾਦ[੩੩] ਲਿਵ ਲਾਗੈ ॥ ੧ ॥ ਰਹਾਉ ॥ §ਭਾਠੀ ਗਗਨੁ[੩੪] ਸਿੰਙਿਆ[੩੫] ਅਰੁ ਚੁੰਙਿਆ[੩੬] [੩੭]ਕਨਕ ਕਲਸ ਇਕੁ ਪਾਇਆ ॥ ਤਿਸੁ ਮਹਿ ਧਾਰ ਚੁਐ ਅਤਿ ਨਿਰਮਲ [੩੮]ਰਸ ਮਹਿ ਰਸਨ ਚੁਆਇਆ ॥ ੨ ॥ ਏਕ ਜੁ ਬਾਤ ਅਨੂਪ ਬਨੀ ਹੈ ਪਵਨ [੩੯]ਪਿਆਲਾ ਸਾਜਿਆ ॥ ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥ ੩ ॥ ਐਸੇ ਗਿਆਨ ਪ੍ਰਗਟਿਆ ਪੁਰਖੋਤਮ[੪੦] ਕਹੁ ਕਬੀਰ ਰੰਗਿ ਰਾਤਾ ॥ ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ[੪੧] ਮਾਤਾ[੪੨] ॥ ੪ ॥ ੩ ॥

੧ ਵੇਖ ਕੇ।
੨ ਜਮਰਾਜ।
੩ ਨਿਸਚੇ ਹੀ, ਜ਼ਰੂਰ ਹੀ।
੪ ਸਰਬ-ਵਿਆਪਕ ਹਰੀ।
੫ ਅਨੰਤ। ਸਦਾ ਰਹਿਣ ਵਾਲੀ ਜ਼ਿੰਦਗੀ ਦੇਣ ਵਾਲੀ ਬਾਣੀ ਦੁਆਰਾ।
੬ ਇਸ ਤਰੀਕੇ ਨਾਲ ਸੰਸਾਰ-ਸਾਗਰ ਤੋਂ ਪਾਰ ਹੋ ਜਾਏਂਗਾ।
੭ ਪੂਰਨ ਗਿਆਨ ਅਤੇ ਸ਼ਾਂਤੀ ਵਾਲੀ ਅਵਸਥਾ, ਅਡੋਲਤਾ।
੮ ਗੁਰੂ ਦੀ ਕਿਰਪਾ ਨਾਲ।
੯ ਬਹੁਤਾ।
੧੦ ਬੁਢੇਪਾ।
੧੧ ਖਿੜਦਾ ਹੈ ਕੰਵਲ ਵਾਂਗ।
੧੨ ਪਰਾਇਆ ਘਰ, ਪਰਾਈ ਇਸਤਰੀ ਤਾੜਦਾ ਹੈਂ, ਹੇ ਧੋਖੇਬਾਜ਼ ਆਦਮੀ!
੧੩ ਸੁਨੇਹਾ ਲਿਆਣ ਵਾਲਾ ਦੂਤ।
੧੪ ਜਮ ਦਾ ਪੁੱਤਰ, ਬੁਢੇਪਾ।
੧੫ ਅੱਗੇ। ਉਹਦੇ ਸਾਮ੍ਹਣੇ ਪੇਸ਼ ਨਹੀਂ ਜਾਵਣੀ।
੧੬ ਗਲਵਕੜੀ ਪਾ ਕੇ।
੧੭ ਅਨੇਕ ਭੋਗਾਂ ਵਿੱਚ ਲੱਗ ਕੇ ਹਰੀ ਨੂੰ ਵਿਸਾਰਦਾ ਹੈ ਤੇ ਸੰਸਾਰ ਵਿੱਚ ਆਪਣੇ ਆਪ ਨੂੰ ਅਮਰ ਸਮਝਦਾ ਹੈ।
੧੮ ਠੱਗਿਆ ਹੋਇਆ।
੧੯ ਔਖੇ ਅਤੇ ਡਰਾਉਣੇ ਰਸਤੇ ਉੱਤੇ।
੨੦ ਸੂਰਜ ਅਤੇ ਚੰਨ ਦਾ ਉਥੇ ਦਖ਼ਲ ਨਹੀਂ, ਭਿਆਨਕ ਹਨੇਰਾ ਹੈ।
੨੧ ਛੱਡੇਂਗਾ ਸੰਸਾਰ ਨੂੰ।
੨੨ ਵੇਖਿਆ ਹੈ।
੨੩ ਹੱਥਾਂ ਵਿੱਚ ਦਲ ਦਿੰਦੇ ਹਨ ਉਸ ਦੇ ਕਰੜੇ ਦੂਤ।
੨੪ ਮੈਨੂੰ। ਜੇ ਮੈਨੂੰ ਕੋਈ ਉਪਦੇਸ਼ ਕਰੇ ਤਾਂ ਉਸ ਵੇਲੇ ਹਰ ਥਾਂ ਹਰੀ ਵਿਆਪਕ ਦਿਸਦਾ ਹੈ।
੨੫ ਕਹਿੰਦਾ ਹੈ।
੨੬ ਹੇ ਪਾਂਡੇ! ਇਕ ਹਰੀ ਅਚਰਜ ਹੈ, ਮੇਰੇ ਅੰਦਰ ਉਸ ਦਾ ਪ੍ਰਕਾਸ਼ ਹੈ, ਮੈਂ ਦੱਸ ਨਹੀਂ ਸਕਦਾ।
੨੭ ਸੁਰੀ ਨਰ-ਦੈਵੀ ਗੁਣਾਂ ਵਾਲੇ ਪੁਰਸ਼।
੨੮ ਦੇਵਤਿਆਂ ਦੇ ਦਾਸ।
੨੯ ਦੇਵ ਲੋਕ ਦੇ ਗਵੱਯੇ।
੩੦ ਰੱਸੀ। ਤਿੰਨਾਂ ਲੋਕਾਂ ਨੂੰ ਨੇਮਾਂ ਰੂਪੀ ਰੱਸੀ ਵਿੱਚ ਬੱਧਾ ਹੈ।
੩੧ ਬੀਣਾ। ਰਾਜਾ ਰਾਮ ਦੀ ਅਨਹਦ ਕਿੰਗਰੀ (ਆਤਮ ਅਨੰਦ ਰੂਪ ਬੀਣਾ) ਮੇਰੇ ਅੰਦਰ ਪ੍ਰਗਟ ਹੋਈ ਹੈ, ਜਿਸ ਦੀ ਕਿਰਪਾ ਨਾਲ ਸ਼ਬਦ ਦੀ ਧੁਨੀ ਉੱਠਦੀ ਹੈ ਅਤੇ ਧਿਆਨ ਲੱਗ ਜਾਂਦਾ ਹੈ।
੩੨ ਕਿਰਪਾ ਦ੍ਰਿਸ਼ਟੀ ਨਾਲ।
੩੩ ਸ਼ਬਦ ਦੀ ਧੁਨੀ।
੩੪ ਦਸਮ ਦੁਆਰ।
੩੫ ਬਰਤਨ ਦੀ ਅੰਦਰ ਖਿੱਚਣ ਵਾਲੀ ਨਾਲ ਇੜਾ (ਸੱਜੀ) ਸੁਰ ਰੂਪੀ।
੩੬ ਖਿੱਚ ਕੇ ਬਾਹਰ ਕੱਢਣ ਵਾਲੀ ਨਾਲ, ਪਿੰਗਲਾ (ਖੱਬੀ) ਸੁਰ ਰੂਪੀ।
੩੭ ਸੋਨੇ ਦਾ ਘੜਾ, ਸ਼ੁੱਧ ਹਿਰਦਾ।
੩੮ ਰਸਾਂ ਵਿੱਚੋਂ ਮਹਾਂ ਰਸ।
੩੯ ਸੁਆਸਾਂ ਦਾ। ਸੁਆਸ-੨ ਨਾਮ ਜਪਿਆ ਹੈ।
੪੦ ਉੱਤਮ ਪੁਰਖ ਦਾ, ਵਾਹਿਗੁਰੂ ਦਾ।
੪੧ ਰਸਾਂ ਦਾ ਘਰ-ਵਾਹਿਗੁਰੂ ਦੇ ਨਾਮ ਰੂਪੀ ਸ਼ਰਾਬ।
੪੨ ਮਸਤ ਹੋਇਆ।

* ਸ਼ਬਦ ਵਿੱਚ ਆਮ ਤੌਰ 'ਤੇ ਇਕ ਰਹਾਉ ਹੁੰਦਾ ਹੈ। ਇਸ ਤੋਂ ਪਹਿਲੀ ਤੁਕ ਰਹਾਉ ਦੀ ਆਪਣੀ ਤੁਕ ਹੁੰਦੀ ਹੈ। ਇਸ ਵਿੱਚ ਸਾਰੇ ਸ਼ਬਦ ਦਾ ਸਾਰ ਬੰਨ੍ਹਿਆਂ ਹੁੰਦਾ ਹੈ, ਪਰ ਕਿਤੇ ਕਿਤੇ ਦੋ ਜਾਂ ਦੋ ਤੋਂ ਵਧੀਕ ਰਹਾਉ ਵੀ ਆਉਂਦੇ ਹਨ।

† ਇਸ ਭਗਤ ਜੀ ਦਾ ਜਨਮ ਬਾਰਸੀ, ਜ਼ਿਲ੍ਹਾ ਸ਼ੋਲਾ ਪੁਰ ਵਿੱਚ, ਸੰਨ ੧੨੬੮ ਨੂੰ ਹੋਇਆ।

‡ ਵਾਹਿਗੁਰੂ। ਵਿਸ਼ਨੂੰ ਜੀ ਭਗਤ ਨੂੰ ਮਿਲਣ ਗਏ। ਉਹ ਗ਼ਰੀਬ ਸੀ ਪਰ ਆਦਰ ਲਈ ਇਕ ਇੱਟ ਜੋ ਪਾਸ ਪਈ ਸੀ ਬੈਠਣ ਲਈ ਦਿੱਤੀ। ਵਿਸ਼ਨੂੰ ਜੀ ਬੜੇ ਪ੍ਰੇਮ ਨਾਲ ਉਸ 'ਤੇ ਬੈਠੇ, ਜਿਸ ਤੋਂ ਉਨ੍ਹਾਂ ਨੂੰ ਬੀਠਲ ਕਿਹਾ ਜਾਂਦਾ ਹੈ।

§ ਜੋਗੀ ਲੋਕ ਆਪਣੇ ਆਪ ਨੂੰ ਸਰੂਰ ਵਿੱਚ ਲਿਆਉਣ ਲਈ ਸ਼ਰਾਬ ਪੀਆ ਕਰਦੇ ਸਨ। ਕਬੀਰ ਸਾਹਿਬ ਇਸ ਸ਼ਬਦ ਵਿੱਚ ਜੋਗੀਆਂ ਦੀ ਬੋਲੀ ਵਿੱਚ ਵਾਹਿਗੁਰੂ ਦੇ ਨਾਮ ਦੀ ਸ਼ਰਾਬ ਕੱਢਣ ਅਤੇ ਉਸ ਦੇ ਨਾਲ ਮਸਤ ਹੋ ਜਾਣ ਦਾ ਤਰੀਕਾ ਦਸਦੇ ਹਨ। ਦਸਮ ਦੁਆਰ ਦੀ ਭੱਠੀ ਬਣਾਈ ਹੈ। ਇਸ ਭੱਠੀ ਵਿੱਚੋਂ ਦੋ ਨਾਲੀਆਂ ਨਿਕਲਦੀਆਂ ਹਨ। ਇਕ ਮੰਦੇ ਕੰਮਾਂ ਵੱਲੋਂ ਮਨ ਨੂੰ ਰੋਕਣਾ ਅਤੇ ਦੂਜਾ ਚੰਗੇ ਗੁਣ ਗ੍ਰਹਿਣ ਕਰਨੇ। ਸ਼ੁਧ ਅੰਤਹਕਰਣ ਦਾ ਘੜਾ ਬਣਾਇਆ ਹੈ, ਜਿਸ ਵਿੱਚ ਨਾਮ ਦੇ ਮਹਾਂ-ਰਸ ਦੀ ਬੜੀ ਸਾਫ਼ ਧਾਰ ਚੋ ਚੋ ਕੇ ਪੈਂਦੀ ਹੈ। ਇਕ ਬੜੀ ਅਜੀਬ ਗੱਲ ਇਹ ਹੈ ਕਿ ਇਸ ਸ਼ਰਾਬ ਨੂੰ ਪਾ ਕੇ ਪੀਣ ਲਈ ਸੁਾਸਾਂ ਦਾ ਪਿਆਲਾ ਬਣਾਇਆ ਹੈ, ਭਾਵ ਸੁਾਸ-ਸੁਾਸ ਸਿਮਰਨ ਦਾ ਉੱਦਮ ਕੀਤਾ ਹੈ। ਇਹੋ ਜਿਹਾ ਉੱਦਮੀ ਜੋਗੀ ਸਾਰੇ ਸੰਸਾਰ ਵਿੱਚ ਕੋਈ ਇਕ ਵਿਰਲਾ ਹੀ ਹੈ, ਜਿਸ ਦੇ ਨਾਲ ਦਾ ਕੋਈ ਬਾਦਸ਼ਾਹ ਭੀ ਨਹੀਂ। ਕਬੀਰ ਇਸ ਪ੍ਰੇਮ ਵਿੱਚ ਮਸਤ ਹੋਇਆ ਹੈ ਅਤੇ ਇਸ ਮਸਤੀ ਵਿੱਚ ਉਸ ਨੂੰ ਵਾਹਿਗੁਰੂ ਦੇ ਚਾਨਣ ਦਾ ਲਿਸ਼ਕਾਰਾ ਵੱਜਾ ਹੈ। ਹੋਰ ਲੋਕ ਤਾਂ ਐਵੇਂ ਵਹਿਮਾਂ ਵਿੱਚ ਪਏ ਹੋਏ ਸਨ, ਪਰ ਸਾਡਾ ਮਨ ਵਾਹਿਗੁਰੂ ਦੇ ਨਾਮ ਦੀ ਸ਼ਰਾਬ ਨਾਲ ਗੁੱਟ ਹੋਇਆ ਪਿਆ ਹੈ।

ਸ੍ਰੀਰਾਗ ਬਾਣੀ ਭਗਤ ਬੇਣੀ[*] ਜੀਉ ਕੀ ॥ †ਪਹਰਿਆ ਕੈ ਘਰਿ ਗਾਵਣਾ ॥

ੴ ਸਤਿਗੁਰ ਪ੍ਰਸਾਦਿ ॥ ਰੇ ਨਰ [੧]ਗਰਭ ਕੁੰਡਲ ਜਬ ਆਛਤ [੨]ਉਰਧ ਧਿਆਨ ਲਿਵ ਲਾਗਾ ॥ [੩]ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ[੪] ॥ [੫]ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ[੬] ਪਸਾਰਿਆ ॥ ਗਰਭ ਛੋਡਿ ਮ੍ਰਿਤ ਮੰਡਲ[੭] ਆਇਆ ਤਉ ਨਰਹਰਿ[੮] ਮਨਹੁ ਬਿਸਾਰਿਆ ॥ ੧ ॥ ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥ ਚੇਤਿ ਰਾਮੁ ਨਾਹੀ[੯] ਜਮ ਪੁਰਿ ਜਾਹਿਗਾ ਜਨੁ[੧੦] ਬਿਚਰੈ ਅਨਰਾਧਾ[੧੧] ॥ ੧ ॥ ਰਹਾਉ ॥ ਬਾਲ ਬਿਨੋਦ[੧੨] ਚਿੰਦ ਰਸ[੧੩] ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥ ਰਸੁ ਮਿਸੁ[੧੪] ਮੇਧੁ[੧੫] ਅੰਮ੍ਰਿਤੁ ਬਿਖੁ ਚਾਖੀ ਤਉ [੧੬]ਪੰਚ ਪ੍ਰਗਟ ਸੰਤਾਪੈ ॥ ਜਪੁ ਤਪੁ ਸੰਜਮੁ[੧੭] ਛੋਡਿ [੧੮]ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥ ਉਛਲਿਆ ਕਾਮੁ [੧੯]ਕਾਲ ਮਤਿ ਲਾਗੀ ਤਉ ਆਨਿ ਸਕਤਿ[੨੦] ਗਲਿ ਬਾਂਧਿਆ ॥ ੨ ॥ [੨੧]ਤਰੁਣ ਤੇਜੁ [੨੨]ਪਰ ਤ੍ਰਿਅ ਮੁਖੁ ਜੋਹਹਿ [੨੩]ਸਰੁ ਅਪਸਰੁ ਨ ਪਛਾਣਿਆ ॥ ਉਨਮਤ[੨੪] ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥ ਸੁਤ ਸੰਪਤਿ[੨੫] ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥ [੨੬]ਅਵਰ ਮਰਤ ਮਾਇਆ ਮਨੁ ਤੋਲੇ ਤਉ [੨੭]ਭਗ ਮੁਖਿ ਜਨਮੁ ਵਿਗੋਇਆ[੨੮] ॥ ੩ ॥ ਪੁੰਡਰ[੨੯] ਕੇਸ ਕੁਸਮ[੩੦] ਤੇ ਧਉਲੇ[੩੧] ਸਪਤ ਪਾਤਾਲ ਕੀ ਬਾਣੀ ॥ [੩੨]ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ [੩੩]ਕਾਮੁ ਪਵਸਿ ਮਾਧਾਣੀ ॥ ਤਾ ਤੇ ਬਿਖੈ ਭਈ ਮਤਿ ਪਾਵਸਿ[੩੪] ਕਾਇਆ ਕਮਲੁ ਕੁਮਲਾਣਾ ॥ [੩੫]ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥ ੪ ॥ [੩੬]ਨਿਕੁਟੀ ਦੇਹ ਦੇਖਿ [੩੭]ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ ਲਾਲਚੁ ਕਰੈ ਜੀਵਨ ਪਦ[੩੮] ਕਾਰਨ ਲੋਚਨ ਕਛੂ ਨ ਸੂਝੈ ॥ ਥਾਕਾ [੩੯]ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ[੪੦] ਨ ਸੁਖਾਈ ॥ ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ[੪੧] ਮੁਕਤਿ ਕਿਨਿ ਪਾਈ ॥ ੫ ॥ ਸਿਰੀਰਾਗੁ ॥ [੪੨]ਤੋਹੀ ਮੋਹੀ ਮੋਹੀ ਤੋਹੀ ਅੰਤਰੁ[੪੩] ਕੈਸਾ ॥ [੪੪]ਕਨਕ ਕਟਿਕ ਜਲ ਤਰੰਗ ਜੈਸਾ ॥ ੧ ॥ ਜਉ ਪੈ[੪੫] ਹਮ ਨ ਪਾਪ ਕਰੰਤਾ [੪੬]ਅਹੇ ਅਨੰਤਾ ॥ ਪਤਿਤ ਪਾਵਨ[੪੭] ਨਾਮੁ ਕੈਸੇ ਹੁੰਤਾ ॥ ੧ ॥ ਰਹਾਉ ॥ ਤੁਮ੍ਹ ਜੁ ਨਾਇਕ[੪੮] ਆਛਹੁ[੪੯] ਅੰਤਰਜਾਮੀ ॥ ਪ੍ਰਭ ਤੇ ਜਨੁ ਜਾਨੀਜੈ [੫੦]ਜਨ ਤੇ ਸੁਆਮੀ ॥ ੨ ॥ [੫੧]ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥ ‡ਰਵਿਦਾਸ [੫੨]ਸਮ ਦਲ ਸਮਝਾਵੈ ਕੋਊ ॥ ੩ ॥

੧ ਪੇਟ ਦੇ ਕੁੰਡਲ (ਘੇਰੇ) ਵਿੱਚ ਜਦ ਹੁੰਦਾ ਸੈਂ।
੨ ਉਲਟਾ ਟੰਗਿਆ ਹੋਇਆ ਰੱਬ ਦੇ ਧਿਆਨ ਵਿੱਚ ਲੱਗਾ ਸੈਂ।
੩ ਮਿੱਟੀ ਦੇ ਪਿੰਨੇ (ਸਰੀਰ) ਵਿੱਚ ਤੈਨੂੰ ਮਨੁੱਖ ਪਦਵੀ ਦਾ ਮਦ (ਮਾਣ) ਨਹੀਂ ਸੀ।
੪ ਨ ਹੋਣਾ, ਅਭਾਵ। ਦਿਨੇ ਰਾਤੀ ਇਕ ਹਰੀ ਦਾ ਧਿਆਨ ਸੀ ਤੇ ਅਗਿਆਨ ਦਾ ਅਭਾਵ ਸੀ।
੫ ਉਨ੍ਹਾਂ ਦਿਨਾਂ ਦੇ ਕਲੇਸ਼ ਤੇ ਵੱਡੇ ਦੁੱਖ ਯਾਦ ਕਰ।
੬ ਬਹੁਤਾ। ਹੁਣ ਤੂੰ ਆਪਣਾ ਚਿੱਤ ਬਹੁਤ ਖਿਲਾਰ ਲਿਆ ਹੈ ਭਾਵ ਖ਼ਾਹਸ਼ਾਂ ਬਹੁਤ ਵਧਾ ਲਈਆਂ ਹਨ। ੭ ਮਾਤ ਲੋਕ ਵਿੱਚ। ੮ ਵਾਹਿਗੁਰੂ।
੯ ਨਹੀਂ ਤਾਂ।
੧੦ ਮਾਨੋ, ਜਿਵੇਂ ਕਿ, ਯਥਾ-'ਨਾਮ ਸੁਨਤ ਜਨੁ ਬਿਛੂਅ ਡਸਾਨਾ' (ਰਾਮਕਲੀ ਮ: ੫)।
੧੧ [ਸੰ: ਅਨਿਰੁੱਧ, ਅਮੋੜ] ਇਸ ਤਰ੍ਹਾਂ ਫਿਰਦਾ ਹੈ ਜਿਵੇਂ ਕੋਈ ਬੜਾ ਅਮੋੜ ਹੈ।
੧੨ ਖੇਡ ਤਮਾਸ਼ਿਆਂ ਵਿੱਚ।
੧੩ ਰਸਾਂ ਦੇ (ਫ਼ਿਕਰਾਂ ਵਿੱਚ)। ੧੪ ਮਿੱਸਾ ਭੋਗ।
੧੫ ਮਾਸ ਦਾ ਰਸ, ਸ਼ੋਰਬਾ। ਚੰਗੇ ਮੰਦੇ ਸਭ ਪਦਾਰਥ ਖਾਂਦਾ ਹੈ।
੧੬ ਪੰਜ ਕਾਮਾਦਿਕ ਪ੍ਰਗਟ ਹੋ ਕੇ ਦੁੱਖ ਦਿੰਦੇ ਹਨ।
੧੭ ਮਨ ਇੰਦ੍ਰੀਆਂ ਨੂੰ ਰੋਕਣ ਦੀ ਕ੍ਰਿਆ।
੧੮ ਚੰਗੇ ਕੰਮਾਂ ਵੱਲ ਲੈ ਜਾਵਣ ਵਾਲੀ ਮਤਿ।
੧੯ ਕਾਲਖ ਮਤਿ ਨੂੰ ਲੱਗੀ ਹੈ।
੨੦ ਇਸਤਰੀ। ਕਬੀਲਦਾਰੀ ਉਸ ਦੇ ਗਲ ਵਿੱਚ ਬੰਨ੍ਹ ਦਿੱਤੀ। ੨੧ ਜਵਾਨੀ ਦਾ ਤੇਜ਼ ਹੈ।
੨੨ ਪਰਾਈ ਇਸਤਰੀ ਦੇ ਮੂੰਹ ਨੂੰ ਤੱਕਦਾ ਹੈਂ।
੨੩ ਚੰਗਾ ਮੰਦਾ।
੨੪ ਮਸਤ। ਕਾਮ ਵਿੱਚ ਜੋ ਵੱਡਾ ਵਿਸ਼ਾ ਹੈ, ਮਸਤ ਹੋ ਕੇ। ੨੫ ਦੌਲਤ।
੨੬ ਹੋਰਨਾਂ (ਸੰਬੰਧੀਆਂ ਆਦਿ) ਦੇ ਮਰਨ ਵੇਲੇ ਉਨ੍ਹਾਂ ਦੀ ਛੱਡੀ ਮਾਇਆ ਉਸ ਦਾ ਮਨ ਤੋਲਦਾ ਹੈ, ਕਿ ਮੇਰੇ ਹਿੱਸੇ ਕਿਤਨੀ ਕੁ ਆਉਣੀ ਹੈ।
੨੭ ਭਗ ਅਤੇ ਮੂੰਹ ਦੇ ਰਸ ਵਿੱਚ ਲੱਗ ਕੇ, ਭਾਵ ਵਿਸ਼ਿਆਂ ਅਤੇ ਖਾਣ ਪੀਣ ਦੇ ਸੁਆਦਾਂ ਵਿੱਚ ਲੱਗ ਕੇ ਮਨੁੱਖਾ ਜਨਮ ਜਾਇਆ ਕਰਦਾ ਹੈ।
੨੮ ਗਵਾ ਲੈਂਦਾ ਹੈ। ੨੯ ਚਿੱਟੇ।
੩੦ ਫੁੱਲ, ਇਥੇ ਚਿੱਟੇ ਫੁੱਲ।
੩੧ ਚਿੱਟੇ। ਕੇਸ ਚਿੱਟੇ ਫੁੱਲ ਤੋਂ ਭੀ ਸਫ਼ੈਦ ਹਨ ਤੇ ਬਾਣੀ (ਆਵਾਜ਼) ਇਸ ਤਰ੍ਹਾਂ ਮੱਧਮ ਹੈ, ਜਿਵੇਂ ਸੱਤਵੇਂ ਪਤਾਲ ਤੋਂ ਬੋਲ ਰਿਹਾ ਹੈ।
੩੨ ਅੱਖਾਂ ਵਗਦੀਆਂ ਹਨ ਪਾਣੀ ਨਾਲ।
੩੩ ਕਾਮਨਾ। ਕਾਮਨਾ ਰੂਪ ਮਧਾਣੀ ਅੰਦਰ ਪੈਂਦੀ ਹੈ, ਭਾਵ ਖ਼ਾਹਸ਼ਾਂ ਵਧਦੀਆਂ ਹਨ।
੩੪ ਵਰਖਾ। ਜਿਸ ਕਰ ਕੇ ਮਤਿ ਵਿੱਚ ਵਿਸ਼ਿਆਂ ਦੀ ਝੜੀ ਲੱਗ ਜਾਂਦੀ ਹੈ ਤੇ ਸਰੀਰ ਦਾ ਕਮਲ ਕੁਮਲਾਂਦਾ ਹੈ (ਵਰਖਾ ਵਿੱਚ ਕਮਲ ਕੁਮਲਾ ਜਾਂਦਾ ਹੈ)।
੩੫ ਅਵਿਨਾਸ਼ੀ ਹਰੀ ਦੀ ਬਾਣੀ ਇਸ ਸੰਸਾਰ ਵਿੱਚ ਛੱਡਦਾ ਹੈ।
੩੬ ਬਾਲ ਬੱਚੇ ਦੀਆਂ ਨਿੱਕੀਆਂ ਨਿੱਕੀਆਂ ਦੇਹਾਂ ਦੇਖ ਕੇ। ੩੭ ਚਾਉ ਪੈਦਾ ਹੁੰਦਾ ਹੈ।
੩੮ ਅਵਸਥਾ। ਹੋਰ ਜ਼ਿੰਦਗੀ ਲਈ ਲਾਲਚ ਕਰਦਾ ਹੈ। ਭਾਵੇਂ ਅੱਖਾਂ ਤੋਂ ਦਿਸਦਾ ਵੀ ਨਹੀਂ।
੩੯ ਮੁੱਕ ਗਿਆ।
੪੦ ਵੇਹੜੇ ਵਿੱਚ; ਘਰ ਵੇਹੜੇ ਵਿੱਚ ਮੁਰਦਾ ਪਿਆ ਹੈ, ਚੰਗਾ ਨਹੀਂ ਲੱਗਦਾ।
੪੧ ਇਸ ਤਰ੍ਹਾਂ ਦੀ ਮੌਤ ਪਿੱਛੋਂ।
੪੨ ਤੇਰੇ ਮੇਰੇ ਵਿੱਚ ਤੇ ਮੇਰੇ ਤੇਰੇ ਵਿੱਚ ਫ਼ਰਕ ਕੀ ਹੈ। ੪੩ ਅੰਤਰਾ, ਫ਼ਰਕ।
੪੪ ਐਸਾ ਫਰਕ ਹੈ ਜੈਸਾ ਸੋਨੇ ਤੇ ਸੋਨੇ ਦੇ ਕੜੇ ਵਿੱਚ ਜਾਂ ਪਾਣੀ ਤੇ ਪਾਣੀ ਦੀ ਲਹਿਰ ਵਿੱਚ।
੪੫ ਜੇਕਰ। ੪੬ ਹੇ ਬੇਅੰਤ ਹਰੀ!
੪੭ ਪੱਤਤਾਂ ਨੂੰ ਪਵਿੱਤਰ ਕਰਨ ਵਾਲਾ। ਤੈਨੂੰ ਪੱਤਤ-ਪਾਵਨ ਕੌਣ ਕਹਿੰਦਾ?
੪੮ ਮਾਲਕ। ੪੯ ਹੋ।
੫੦ ਜਾਣਿਆ ਜਾਂਦਾ ਹੈ। ਮਾਲਕ ਤੋਂ ਦਾਸ ਜਾਣਿਆ ਜਾਂਦਾ ਹੈ।
੫੧ ਇਹ ਸਮਝ ਦਿਹ ਕਿ ਮੇਰਾ ਸਰੀਰ ਤੈਨੂੰ ਧਿਆਵੇ।
੫੨ ਦਲਾਂ (ਸਮੂਹਾਂ) ਵਿੱਚ ਜੋ ਇਕੋ ਜੇਹਾ ਹੈ, ਉਸ ਹਰੀ ਦੀ ਮੈਨੂੰ ਸਮਝ ਦੇਵੋ।

* ਦੇਖੋ, ਭਗਤ ਬੇਣੀ ਬਾਬਤ ਭਾਈ ਗੁਰਦਾਸ ਜੀ ਦੀ ਦਸਵੀਂ ਵਾਰ।

† ਦੇਖੋ, ਪੰਨਾ ੭੪ ਜਿਥੇ ਗੁਰੂ ਨਾਨਕ ਜੀ ਦੇ 'ਪਹਰੇ' ਦਰਜ ਹਨ। ਉਨ੍ਹਾਂ ਪਹਰਿਆਂ ਨੂੰ ਘਰ ਪਹਿਲਾ ਵਿੱਚ ਗਾਵਿਆ ਹੈ, ਇਸ ਸ਼ਬਦ ਨੂੰ ਵੀ ਪਹਿਲੇ ਘਰ ਵਿੱਚ ਹੀ ਗਾਵਣਾ ਹੈ।

‡ ਕਾਸ਼ੀ ਦਾ ਉੱਘਾ ਭਗਤ ਜੋ ਰਾਮਾਨੰਦ ਜੀ ਦਾ ਚੇਲਾ ਸੀ ਅਤੇ ਚਮਾਰ ਦਾ ਕੰਮ ਕਰਦਾ ਸੀ। ਇਹ ਕਬੀਰ ਜੀ ਦਾ ਸਮਕਾਲੀ ਹੋਇਆ ਹੈ।

ਰਾਗੁ ਮਾਝ ਚਉਪਦੇ*
ਘਰੁ† ੧ ਮਹਲਾ ੪ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰਿ ਪੂਰੈ ਹਰਿ ਨਾਮ ਸਿਧਿ[੧] ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥ ੧ ॥ ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ [੨]ਪ੍ਰਾਣ ਸਖਾਈ ਸਦਾ ਨਾਲਿ ਚਲੈ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ[੩] ਹਰਿ ਧਨੁ ਪਲੈ ਜੀਉ ॥ ੨ ॥ ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ[੪] ॥ ਕੋਈ ਆਣਿ ਮਿਲਾਵੈ ਮੇਰੇ [੫]ਪ੍ਰਾਣ ਜੀਵਾਇਆ ॥ ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ[੬] ਵਹੇ ਵਹਿ ਚਲੈ ਜੀਉ ॥ ੩ ॥ ਸਤਿਗੁਰੁ ਮਿਤ੍ਰੁ ਮੇਰਾ [੭]ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥ ੪ ॥ ੧ ॥ ਮਾਝ ਮਹਲਾ ੪ ॥ ਮਧੁਸੂਦਨ[੮] ਮੇਰੇ ਮਨ ਤਨ ਪ੍ਰਾਨਾ ॥ ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥ ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥ ੧ ॥ ਹਉ ਮਨੁ ਤਨੁ ਖੋਜੀ [੯]ਭਾਲਿ ਭਾਲਾਈ ॥ ਕਿਉ[੧੦] ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ ਮਿਲਿ ਸਤਸੰਗਤਿ ਖੋਜੁ ਦਸਾਈ[੧੧] ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ੨ ॥ ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ ਹਮ ਬਾਰਿਕ ਦੀਨ[੧੨] ਕਰਹੁ ਪ੍ਰਤਿਪਾਲਾ ॥ ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ [੧੩]ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥ ੩ ॥ ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥ ਮੇਰੇ ਮਨ ਤਨਿ ਵੇਦਨ[੧੪] ਗੁਰ ਬਿਰਹੁ[੧੫] ਲਗਾਵੈ ॥ ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ[੧੬] ਜੀਉ ॥ ੪ ॥ ੨ ॥

੧ ਸਫਲਤਾ, ਪੂਰਣਤਾ। ਹਰੀ ਨਾਮ ਜਪਣ ਜਪਾਣ ਦਾ ਕਮਾਲ ਪੂਰੇ ਗੁਰੂ ਨੇ ਹੀ ਪ੍ਰਾਪਤ ਕੀਤਾ ਹੈ।
੨ ਪ੍ਰਾਣਾਂ ਦਾ ਸਹਾਈ।
੩ ਸਦਾ ਰਹਿਣ ਵਾਲਾ (ਧਨ)।
੪ ਰਾਜਾ, ਪਾਤਸ਼ਾਹ।
੫ ਪ੍ਰਾਣਾਂ ਦੇ ਜੀਵਾਲਣ ਵਾਲਾ।
੬ ਅੱਖਾਂ ਤੋਂ ਪਾਣੀ।
੭ ਬਾਲ-ਪਨ ਤੋਂ ਸਖਾ, ਬਚਪਨ ਦਾ ਮਿੱਤਰ।
੮ [ਮਧੁ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੯ ਭਾਲ ਕੇ ਤੇ ਭਾਲ ਕਰਵਾ ਕੇ।
੧੦ ਕਿਵੇਂ?
੧੧ ਪੁੱਛਦੀ ਹਾਂ। ਪਤਾ ਪੁੱਛਦੀ ਹਾਂ।
੧੨ ਗ਼ਰੀਬ, ਨਿਮਾਣੇ।
੧੩ ਗੁਰੂ ਰੂਪੀ ਜਲ ਨੂੰ ਮਿਲ ਕੇ ਹਿਰਦੇ ਰੂਪੀ ਕਮਲ ਖਿੜਦਾ ਹੈ।
੧੪ ਪੀੜ।
੧੫ ਵਿਛੋੜਾ। ਗੁਰੂ ਦਾ ਵਿਛੋੜਾ ਰੂਪ ਪੀੜ।
੧੬ ਖਿੜਦਾ ਹੈ, ਖੁਸ਼ ਹੁੰਦਾ ਹੈ।

* ਚਾਰ ਪਦਾਂ ਵਾਲੇ ਸ਼ਬਦ ਨੂੰ ਚਉਪਦੇ ਲਿਖਿਆ ਹੈ। ਇਨ੍ਹਾਂ ਸੱਤਾਂ ਚਉਪਦਿਆਂ ਵਿੱਚ ਮਜ਼ਮੂਨ ਇਕੋ ਹੈ। ਉਹ ਇਹ ਕਿ ਗੁਰੂ ਜੀ ਹਰੀ ਦੇ ਮਿਲਾਪ ਲਈ ਬਹੁਤ ਵਿਆਕੁਲ ਹੋ ਕੇ ਤਾਂਘਦੇ ਹਨ ਅਤੇ ਗੁਰੂ ਤੇ ਸਤ-ਸੰਗਤ ਨੂੰ ਵਸੀਲਾ ਬਣਾਉਂਦੇ ਹਨ, ਕਿਉਂਕਿ ਇਨ੍ਹਾਂ ਵਿੱਚ ਹਰੀ-ਪ੍ਰਭੂ ਆਪ ਵੱਸਦਾ ਹੈ।

† ਦੇਖੋ ਪੰਨਾ ੧੧, ਨੋਟ †।

ਮਾਝ ਮਹਲਾ ੪ ॥ ਹਰਿ ਗੁਣ ਪੜੀਐ ਹਰਿ ਗੁਣ ਗੁਣੀਐ[੧] ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ[੨] ਦੁਤਰੁ[੩] ਤਰੀਐ ਜੀਉ ॥ ੧ ॥ ਆਉ ਸਖੀ ਹਰਿ ਮੇਲੁ ਕਰੇਹਾ ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥ ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ[੪] ਜੀਉ ॥ ੨ ॥ ਮੇਰੀ ਬੇਦਨ[੫] ਹਰਿ ਗੁਰੁ ਪੂਰਾ ਜਾਣੈ ॥ ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥ ਮੈ ਅਉਖਧੁ[੬] ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ[੭] ਜੀਉ ॥ ੩ ॥ ਹਮ ਚਾਤ੍ਰਿਕ* ਦੀਨ ਸਤਿਗੁਰ ਸਰਣਾਈ ॥ ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥ ਹਰਿ ਜਲਨਿਧਿ[੮] ਹਮ ਜਲ ਕੇ ਮੀਨੇ[੯] ਜਨ ਨਾਨਕ ਜਲ ਬਿਨੁ ਮਰੀਐ ਜੀਉ ॥ ੪ ॥ ੩ ॥ ਮਾਝ ਮਹਲਾ ੪ ॥ ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ [੧੦]ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ[੧੧] ਜੀਉ ॥ ੧ ॥ ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥ ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥ ੨ ॥ ਵਡਭਾਗੀ ਹਰਿ ਸੰਗਤਿ ਪਾਵਹਿ ॥ ਭਾਗਹੀਨ ਭ੍ਰਮਿ ਚੋਟਾ ਖਾਵਹਿ ॥ ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ੩ ॥ ਮੈ ਆਇ ਮਿਲਹੁ ਜਗਜੀਵਨ ਪਿਆਰੇ ॥ ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥ ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥ ੪ ॥ ੪ ॥ ਮਾਝ ਮਹਲਾ ੪ ॥ ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥ ਹਰਿ ਹਰਿ ਨਾਮੁ ਮੁਖਿ[੧੨] ਹਰਿ ਹਰਿ ਬੋਲੀ ਮਨੁ ਹਰਿ ਰਸਿ [੧੩]ਟੁਲਿ ਟੁਲਿ ਪਉਦਾ ਜੀਉ ॥ ੧ ॥ ਆਵਹੁ ਸੰਤ ਮੈ ਗਲਿ ਮੇਲਾਈਐ ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥ ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ [੧੪]ਚਉਦਾ ਜੀਉ ॥ ੨ ॥ ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥ ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥ ੩ ॥ ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ[੧੫] ॥ ਨਾਨਕ ਹਟ ਪਟਣ[੧੬] ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥ ੪ ॥ ੫ ॥ ਮਾਝ ਮਹਲਾ ੪ ॥ ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ॥ ਮਿਲਿ ਸੰਗਤਿ ਮਨਿ ਨਾਮੁ ਵਸਾਈ ॥ ਹਰਿ ਪ੍ਰਭ ਅਗਮ[੧੭] ਅਗੋਚਰ[੧੮] ਸੁਆਮੀ ਮਿਲਿ ਸਤਿਗੁਰ ਹਰਿ ਰਸੁ

੧ ਵਿਚਾਰੀਏ।
੨ ਜਗਤ ਜੋ ਹਸਤੀ ਦਾ ਸਮੁੰਦਰ ਹੈ।
੩ ਜੋ ਤਰਿਆ ਨਾ ਜਾ ਸਕੇ।
੪ ਵਾਹਿਗੁਰੂ।
੫ ਪੀੜਾ।
੬ ਦਵਾਈ। ਨਾਮ-ਮੰਤਰ ਰੂਪ ਦਵਾਈ।
੭ ਤਾਰੀਏ।
੮ ਪਾਣੀ ਦਾ ਖ਼ਜ਼ਾਨਾ, ਸਮੁੰਦਰ।
੯ ਮੱਛੀਆਂ।
੧੦ ਹੇ ਜਗਤ ਦੀ ਜ਼ਿੰਦਗੀ! ਹੇ ਦਾਤੇ! ਮੇਰੀ ਚਾਹਨਾ ਪੂਰੀ ਕਰੋ। ਜਗ-ਜੀਵਨ=ਉਹ ਜ਼ਿੰਦਗੀ ਜੋ ਇਕ-ਦੁਕ ਦੀ ਜ਼ਿੰਦਗੀ ਨਹੀਂ, ਸਗੋਂ ਸਾਰੇ ਸੰਸਾਰ ਵਿੱਚ ਇਕ ਲਹਿਰ ਵਾਕੁਰ ਰੁਮਕਣ ਵਾਲੀ, ਸਾਰੇ ਸੰਸਾਰ ਨੂੰ ਇਕ ਕਰਨ ਵਾਲੀ ਹੈ।
੧੧ ਤਰੋ-ਤਰ ਹੋਵੇ, ਰੱਜ ਜਾਵੇ।
੧੨ ਮੂੰਹ ਨਾਲ।
੧੩ ਉਛਲ-ਉਛਲ ਕੇ। ਮਨ ਹਰੀ-ਰਸ ਵਿੱਚ ਉਛਲ-ਉਛਲ ਪੈਂਦਾ ਹੈ।
੧੪ [ਸਿੰਧੀ] ਮੂੰਹ ਨਾਲ ਉਚਾਰਨ ਕਰਦਾ ਹੈ।
੧੫ ਦੂਰ ਕੀਤੀ।
੧੬ ਸ਼ਹਿਰ। ਸਰੀਰ ਵਿੱਚ ਹੱਟੀਆਂ ਤੇ ਸ਼ਹਿਰ ਵੱਸਦੇ ਹਨ, ਜਿਨ੍ਹਾਂ ਤੋਂ ਗੁਰਮੁਖ ਲੋਕ ਹਰੀ ਨਾਮ ਦਾ ਸੌਦਾ ਲੈਂਦੇ ਹਨ। ਹਟ ਪਟਨ ਤੋਂ ਭਾਵ ਇੰਦਰੇ ਤੇ ਬਿਰਤੀਆਂ ਹੈ। ਦੇਖੋ, ਵਾਰ ਗਉੜੀ ਮ: ੪, ਪਉੜੀ ੧੫, ਪੰਨਾ ੩੦੯, ਸੂਹੀ ਮ: ੩, ਅਸਟਪਦੀ ਦੂਜੀ, ਪੰਨਾ ੭੫੪।
੧੭ ਪਹੁੰਚ ਰਹਿਤ।
੧੮ ਜੋ ਇੰਦਰੀਆਂ ਦਾ ਵਿਸ਼ਾ ਨਾ ਹੋਵੇ।

* ਪਪੀਹੇ ਵਾਂਗ। ਇਸ ਨੂੰ ਬਬੀਹਾ, ਸਾਰੰਗ, ਆਦਿ ਕਈ ਨਾਮ ਦਿੰਦੇ ਹਨ। ਇਸ ਪੰਛੀ ਬਾਬਤ ਰਵਾਇਤ ਹੈ ਕਿ ਇਹ ਬੱਦਲਾਂ ਵੱਲ ਮੂੰਹ ਕਰ ਕੇ ਇਕ ਖ਼ਾਸ ਬੂੰਦ ਲਈ (ਜਿਸ ਨੂੰ ਸ੍ਵਾਂਤੀ ਬੂੰਦ ਕਹਿੰਦੇ ਹਨ) ਲਿਉਂ-ਲਿਉਂ ਕਰਦਾ ਰਹਿੰਦਾ ਹੈ। ਇਸ ਨੂੰ ਸ਼ਾਂਤੀ ਤਦ ਆਉਂਦੀ ਹੈ, ਜਦ ਉਹ ਬੂੰਦ ਇਸ ਦੇ ਮੂੰਹ ਵਿੱਚ ਪੈਂਦੀ ਹੈ।

ਕੀਚੈ ਜੀਉ ॥ ੧ ॥ ਧਨੁ ਧਨੁ ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ ॥ ਜਾਇ ਪੁਛਾ ਜਨ ਹਰਿ ਕੀ ਬਾਤਾ ॥ [1]ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ[2] ਜੀਉ ॥ ੨ ॥ ਸਤਿਗੁਰ ਦਾਤੈ ਨਾਮੁ ਦਿੜਾਇਆ[3] ॥ ਵਡਭਾਗੀ ਗੁਰ ਦਰਸਨੁ ਪਾਇਆ ॥ ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥ ੩ ॥ ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥ ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥ ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ[4] ਜੀਉ ॥ ੪ ॥ ੬ ॥ ਮਾਝ ਮਹਲਾ ੪ ॥ ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥ ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥ ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ[5] ਜੀਉ ॥ ੧ ॥ ਜਹ ਜਹ ਦੇਖਾ ਤਹ ਤਹ ਸੁਆਮੀ ॥ ਤੂ [6]ਘਟਿ ਘਟਿ ਰਵਿਆ ਅੰਤਰਜਾਮੀ ॥ ਗੁਰਿ ਪੂਰੈ ਹਰਿ ਨਾਲਿ ਦਿਖਾਲਿਆ ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥ ੨ ॥ [7]ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ[8] ॥ ਸਭ ਇਕਾ ਜੋਤਿ ਵਰਤੈ [9]ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥ [10]ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ[11] ਜੀਉ ॥ ੩ ॥ ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥ ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥ ੪ ॥ ੭ ॥ ਸਤ ਚਉਪਦੇ ਮਹਲੇ ਚਉਥੇ ਕੇ ॥

ਮਾਝ ਮਹਲਾ ੫ ਚਉਪਦੇ* ਘਰੁ ੧ ॥

ਮੇਰਾ ਮਨੁ ਲੋਚੈ[12] ਗੁਰ ਦਰਸਨ ਤਾਈ ॥ [13]ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ[14] ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥ ਤੇਰਾ ਮੁਖੁ ਸੁਹਾਵਾ ਜੀਉ [15]ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ[16] ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ[17] ਜੀਉ ॥ ੨ ॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥ [18]ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ

੧ ਪੈਰ ਮਲਾਂ, ਘੁੱਟਾਂ।
੨ ਪੀਵੀਏ।
੩ ਪੱਕੀ ਤਰ੍ਹਾਂ ਸਮਝਾਇਆ।
੪ ਪਰਚਿਆ।
੫ ਕੁਰਬਾਨ ਹਾਂ (ਸਤਿਗੁਰਾਂ ਉੱਤੋਂ)।
੬ ਹਰ ਜੀਵ ਵਿੱਚ ਸਮਾਇਆ ਹੋਇਆ ਹੈਂ।
੭ ਸੁਆਸ, ਸਰੀਰ ਤੇ ਜੋਤ ਸਭ ਵਿੱਚ ਇਕ ਹੀ ਹੈ।
੮ ਸਾਰਿਆਂ ਵਿੱਚ।
੯ ਅੱਡ-ਅੱਡ ਚੀਜ਼ਾਂ ਵਿੱਚ।
੧੦ ਗੁਰੂ ਦੀ ਕਿਰਪਾ ਨਾਲ।
੧੧ ਵਾਰਨੇ, ਕੁਰਬਾਨ।
੧੨ ਤਾਂਘਦਾ ਹੈ।
੧੩ ਵਿਰਲਾਪ ਕਰਦਾ ਹੈ, ਵਿਲ੍ਹਕਦਾ ਹੈ, ਚਾਤ੍ਰਿਕ ਵਾਂਗ। ਚਾਤ੍ਰਿਕ ਲਈ ਦੇਖੋ, ਪਿਛਲੇ ਸਫ਼ੇ ਦਾ ਫ਼ੁਟ ਨੋਟ।
੧੪ ਤੇਹ।
੧੫ ਤੇਰੀ ਬਾਣੀ ਅਸਲੀ ਗਿਆਨ ਦੀ ਧੁਨੀ ਵਾਲੀ ਹੈ, ਭਾਵ ਅਸਲੀ ਗਿਆਨ ਦੀ ਪਰਾਪਤੀ ਕਰਵਾਂਦੀ ਹੈ।
੧੬ [ਪ੍ਰਿਥਵੀ ਹੈ ਜਿਸ ਦੇ ਹੱਥ ਵਿੱਚ] ਵਾਹਿਗੁਰੂ।
੧੭ [ਮੁਰ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੧੮ ਇਕ ਘੜੀ ਨਹੀਂ ਸਉ ਮਿਲਦੇ, ਤਾਂ ਮੇਰੇ ਭਾਣੇ ਕਲਜੁਗ ਆ ਜਾਂਦਾ ਸੀ।

* ਇਹ ਚਾਰ ਰਹਾਉ ਵਾਲਾ ਚਉਪਦਾ ਇਤਿਹਾਸਕ ਹੈ। ਗੁਰੂ ਅਰਜਨ ਦੇਵ ਜੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਆਗਿਆ ਅਨੁਸਾਰ ਆਪਣੇ ਇਕ ਸੰਬੰਧੀ ਭਾਈ ਸਹਾਰੀ ਮੱਲ ਦੇ ਪੁੱਤਰ ਦੇ ਵਿਆਹ ਉੱਤੇ ਲਾਹੌਰ ਗਏ ਸਨ। ਪਿਤਾ ਜੀ ਦਾ ਹੁਕਮ ਸੀ ਕਿ ਜਦ ਤੋੜੀ ਆਪ ਨਾ ਬੁਲਾਵੀਏ, ਤਦ ਤੋੜੀ ਉਥੇ ਹੀ ਰਹਿਣਾ। ਗੁਰੂ ਅਰਜਨ ਦੇਵ ਜੀ ਕੁਝ ਚਿਰ ਮਗਰੋਂ ਆਪਣੇ ਪਿਤਾ ਗੁਰੂ ਜੀ ਦੇ ਦਰਸ਼ਨਾਂ ਲਈ ਬਹੁਤ ਤਾਂਘਣ ਲੱਗੇ ਅਤੇ ਇਸ ਤਾਂਘ ਵਿੱਚ ਉਪਰੋਤਲੀ ਤਿੰਨ ਖ਼ਤ ਲਿਖੇ, ਜੋ ਇਸ ਚੌਪਦੇ ਦੇ ਪਹਿਲੇ ਤਿੰਨ ਅੰਗ ਹਨ। ਚੌਥਾ ਪਦਾ ਗੁਰੂ ਰਾਮਦਾਸ ਜੀ ਦੇ ਮਿਲਾਪ ਦੀ ਖ਼ੁਸ਼ੀ ਵਿੱਚ ਲਿਖਿਆ। ਗੁਰੂ ਰਾਮਦਾਸ ਜੀ ਸੁਣ ਕੇ ਬਹੁਤ ਖ਼ੁਸ਼ ਹੋਏ ਅਤੇ ਗੁਰੂ ਅਰਜਨ ਦੇਵ ਜੀ ਨੂੰ ਲਾਇਕ ਵੇਖ ਕੇ ਗੁਰਿਆਈ ਬਖ਼ਸ਼ੀ।

ਤੁਧੁ ਭਗਵੰਤਾ॥ [1]ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ ੧॥ ਰਹਾਉ॥ ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ[2] ਘਰ ਮਹਿ ਪਾਇਆ॥ ਸੇਵ ਕਰੀ ਪਲੁ ਚਸਾ[3] ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥ ੪॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥ ੧॥ ੮॥ ਰਾਗੁ ਮਾਝ ਮਹਲਾ ੫॥ ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ[4]॥ ਸੋ ਕੰਮੁ ਸੁਹੇਲਾ[5] ਜੋ ਤੇਰੀ ਘਾਲੀ[6]॥ ਸੋ ਰਿਦਾ[7] ਸੁਹੇਲਾ ਜਿਤੁ ਰਿਦੈ ਤੂੰ ਵੁਠਾ[8] ਸਭਨਾ ਕੇ ਦਾਤਾਰਾ ਜੀਉ॥ ੧॥ ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ *ਨਉ ਨਿਧਿ ਤੇਰੈ ਅਖੁਟ ਭੰਡਾਰਾ॥ ਜਿਸੁ ਤੂੰ ਦੇਹਿ ਸੁ [9]ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥ ੨॥ ਸਭੁ ਕੋ ਆਸੈ ਤੇਰੀ ਬੈਠਾ॥ [10]ਘਟ ਘਟ ਅੰਤਰਿ ਤੂੰਹੈ ਵੁਠਾ॥ ਸਭੇ ਸਾਝੀਵਾਲ[11] ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ[12] ਜੀਉ॥ ੩॥ ਤੂੰ ਆਪੇ ਗੁਰਮੁਖਿ[13] ਮੁਕਤਿ ਕਰਾਇਹਿ॥ ਤੂੰ ਆਪੇ ਮਨਮੁਖਿ[14] ਜਨਮਿ ਭਵਾਇਹਿ॥ ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ[15] ਜੀਉ॥ ੪॥ ੨॥ ੯॥ ਮਾਝ ਮਹਲਾ ੫॥ ਅਨਹਦੁ ਵਾਜੈ †ਸਹਜਿ ਸੁਹੇਲਾ॥ ਸਬਦਿ ਅਨੰਦ ਕਰੇ [16]ਸਦ ਕੇਲਾ॥ [17]ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥ ੧॥ [18]ਫਿਰਿ ਘਿਰਿ [19]ਅਪੁਨੇ ਗ੍ਰਿਹ ਮਹਿ ਆਇਆ॥ ਜੋ ਲੋੜੀਦਾ ਸੋਈ ਪਾਇਆ॥ [9]ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ[20] ਪੁਰਖੁ ਦਿਖਾਰਿਆ[21] ਜੀਉ॥ ੨॥ ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ[22] ਆਪੇ ਭੋਗਾ[23]॥ ਆਪੇ ਤਖਤਿ ਬਹੈ ਸਚੁ ਨਿਆਈ[24] ਸਭ ਚੂਕੀ ਕੂਕ ਪੁਕਾਰਿਆ ਜੀਉ॥ ੩॥ ਜੇਹਾ ਡਿਠਾ ਮੈ ਤੇਹੋ ਕਹਿਆ॥ ਤਿਸੁ ਰਸੁ ਆਇਆ ਜਿਨਿ [25]ਭੇਦੁ ਲਹਿਆ॥ ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ [26]ਇਕੁ ਪਸਾਰਿਆ ਜੀਉ॥ ੪॥ ੩॥ ੧੦॥ ਮਾਝ ਮਹਲਾ ੫॥ ਜਿਤੁ ਘਰਿ ਪਿਰਿ ਸੋਹਾਗੁ ਬਣਾਇਆ॥ ਤਿਤੁ ਘਰਿ ਸਖੀਏ ਮੰਗਲੁ ਗਾਇਆ॥ ਅਨਦ ਬਿਨੋਦ[27] ਤਿਤੈ ਘਰਿ ਸੋਹਹਿ ਜੋ ਧਨ[28] ਕੰਤਿ ਸਿਗਾਰੀ ਜੀਉ॥ ੧॥ ਸਾ ਗੁਣਵੰਤੀ ਸਾ ਵਡਭਾਗਣਿ॥ ਪੁਤ੍ਰਵੰਤੀ ਸੀਲਵੰਤਿ[29] ਸੋਹਾਗਣਿ॥ ਰੂਪਵੰਤਿ ਸਾ ਸੁਘੜਿ[30] ਬਿਚਖਣਿ[31] ਜੋ ਧਨ ਕੰਤ ਪਿਆਰੀ ਜੀਉ॥ ੨॥ ਅਚਾਰਵੰਤਿ[32] ਸਾਈ ਪਰਧਾਨੇ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥ ਸਾ ਕੁਲਵੰਤੀ ਸਾ ਸਭਰਾਈ[33] ਜੋ ਪਿਰਿ ਕੈ ਰੰਗਿ[34] ਸਵਾਰੀ ਜੀਉ॥ ੩॥ ਮਹਿਮਾ[35] ਤਿਸ ਕੀ ਕਹਣੁ ਨ ਜਾਏ॥ ਜੋ ਪਿਰਿ ਮੇਲਿ ਲਈ ਅੰਗਿ

੧ ਮੈਨੂੰ ਰਾਤ ਨਹੀਂ ਬੀਤਦੀ।
੨ ਨਾ ਨਾਸ ਹੋਣ ਵਾਲਾ।
੩ ਇਕ ਪਲ ਦਾ ਤੀਹਵਾਂ ਹਿੱਸਾ, ਬਹੁਤ ਥੋੜ੍ਹਾ ਸਮਾਂ।
੪ ਯਾਦ ਕਰਾਂ।
੫ ਸੁਖਦਾਈ।
੬ ਤੇਰੀ ਸੇਵਾ ਵਿੱਚ।
੭ ਦਿਲ।
੮ ਵਸਿਆ ਹੈਂ।
੯ ਰੱਜਦਾ ਹੈ ਤੇਹ ਵੱਲੋਂ ਤੇ ਭੁੱਖ ਵੱਲੋਂ।
੧੦ ਹਰ ਇਕ ਦੇ ਅੰਦਰ ਤੂੰ ਵਸਿਆ ਹੈਂ।
੧੧ ਹਿੱਸੇਦਾਰ।
੧੨ ਓਪਰਾ, ਬੇਗਾਨਾ।
੧੩ ਦੇਖੋ ਪੰਨਾ ੧੧, ਨੋਟ ੨੦।
੧੪ ਦੇਖੋ ਪੰਨਾ ੧੧, ਨੋਟ ੨੧।
੧੫ ਪਰਗਟ ਹੈ।
੧੬ ਸਦਾ ਖੁਸ਼ੀਆਂ।
੧੭ ਅਸਲ ਗਿਆਨ ਵਾਲੀ ਮਨ ਦੀ ਦਸ਼ਾ। ਜੋਗੀਆਂ ਦੀ ਬੋਲੀ ਵਿੱਚ ਆਤਮਕ ਅਨੰਦ ਬਿਆਨ ਕੀਤਾ ਜਾ ਰਿਹਾ ਹੈ। ਦੇਖੋ ਪੰਨਾ ੬੮, ਨੋਟ *।
੧੮ ਮੁੜ-ਘਿੜ ਕੇ।
੧੯ ਆਪਣੇ ਸਰੂਪ ਵਿੱਚ ਟਿਕਿਆ ਹੈ।
੨੦ ਗਿਆਨ ਸਰੂਪ ਵਾਹਿਗੁਰੂ।
੨੧ ਦਿਖਾਇਆ।
੨੨ ਤਿਆਗੀ।
੨੩ ਭੋਗੀ, ਭੋਗਣ ਵਾਲਾ।
੨੪ ਨਿਆਉਂ ਕਰਨ ਵਾਲਾ।
੨੫ ਭੇਦ ਲਖਿਆ, ਲੱਭਿਆ ਜਾਂ ਸਮਝਿਆ।
੨੬ ਇਕ ਹੀ ਸਾਰੇ ਥਾਂ ਵਿਆਪਕ ਦਿਸਦਾ ਹੈ।
੨੭ ਤਮਾਸ਼ੇ।
੨੮ ਇਸਤਰੀ।
੨੯ ਸ਼ੁੱਧ ਆਚਾਰ ਵਾਲੀ।
੩੦ ਚੰਗੀ ਘਾੜਤ ਵਾਲੀ, ਸੁਚੱਜੀ।
੩੧ ਚਤਰ, ਸਿਆਣੀ।
੩੨ ਚੰਗੀ ਰਹਿਣੀ ਬਹਿਣੀ ਵਾਲੀ।
੩੩ ਭਰਾਵਾਂ ਵਾਲੀ।
੩੪ ਪਿਆਰ ਨਾਲ।
੩੫ ਉਸਤਤੀ।

* ਧਨ, ਸੰਪਦਾ ਦੇ ਖ਼ਜ਼ਾਨੇ। ਦੇਖੋ ਪੰਨਾ ੧੦, ਫੁਟ ਨੋਟ §।

† ਆਸਾਨੀ ਨਾਲ। ਹੁਣ ਆਪਣੇ ਆਪ ਮੋਖ ਨਾਲ ਅਨਹਦ ਸ਼ਬਦ ਪਰਗਟ ਹੋਇਆ ਹੈ, ਭਾਵ ਆਤਮਕ ਆਨੰਦ ਪ੍ਰਾਪਤ ਹੋਇਆ ਹੈ। 'ਅਨਹਦ' ਲਈ ਦੇਖੋ, ਪੰਨਾ ੧੩, ਨੋਟ ੬।

ਲਾਏ ॥ ਥਿਰੁ ਸੁਹਾਗੁ ਵਰੁ ਅਗਮੁ[੧] ਅਗੋਚਰੁ[੨] ਜਨ ਨਾਨਕ [੩]ਪ੍ਰੇਮ ਸਾਧਾਰੀ ਜੀਉ ॥ ੪ ॥ ੪ ॥ ੧੧ ॥ ਮਾਝ ਮਹਲਾ ੫ ॥ ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ[੪] ॥ *ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥ ੧ ॥ [੫]ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥ †ਨਿਵਲੀ ਕਰਮ [੬]ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥ ੨ ॥ [੭]ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ[੮] ਕੀਆ ਧਰਤੀ ਭਰਮਾਤਾ ॥ ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ [੯]ਬਹੁੜਿ ਬਹੁੜਿ ਉਠਿ ਧਾਵੈ ਜੀਉ ॥ ੩ ॥ ਕਰਿ ਕਿਰਪਾ ਮੋਹਿ ਸਾਧੁ[੧੦] ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥ [੧੧]ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥ ੪ ॥ ੫ ॥ ੧੨ ॥ ਮਾਝ ਮਹਲਾ ੫ ॥ ਪਾਰਬ੍ਰਹਮ ਅਪਰੰਪਰ[੧੨] ਦੇਵਾ ॥ ਅਗਮ ਅਗੋਚਰ [੧੩]ਅਲਖ ਅਭੇਵਾ ॥ ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ[੧੪] ਜੀਉ ॥ ੧ ॥ ‡ਗੁਰਮੁਖਿ ਮਧੁਸੂਦਨੁ[੧੫] ਨਿਸਤਾਰੇ ॥ ਗੁਰਮੁਖਿ ਸੰਗੀ[੧੬] [੧੭]ਕ੍ਰਿਸਨ ਮੁਰਾਰੇ ॥ ਦਇਆਲ ਦਮੋਦਰੁ[੧੮] ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ[੧੯] ਜੀਉ ॥ ੨ ॥ ਨਿਰਹਾਰੀ[੨੦] ਕੇਸਵ[੨੧] ਨਿਰਵੈਰਾ ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥ ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ[੨੨] ਜੀਉ ॥ ੩ ॥ [੨੩]ਅਮੋਘ ਦਰਸਨ ਬੇਅੰਤ ਅਪਾਰਾ ॥ ਵਡ ਸਮਰਥੁ ਸਦਾ ਦਾਤਾਰਾ ॥ ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ [੨੪]ਗਤਿ ਨਾਨਕ ਵਿਰਲੀ ਜਾਤੀ ਜੀਉ ॥ ੪ ॥ ੬ ॥ ੧੩ ॥ ਮਾਝ ਮਹਲਾ ੫ ॥ [੨੫]ਕਹਿਆ ਕਰਣਾ ਦਿਤਾ ਲੈਣਾ ॥ ਗਰੀਬਾ ਅਨਾਥਾ ਤੇਰਾ ਮਾਣਾ ॥ ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥ ੧ ॥ [੨੬]ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ[੨੭] ਜੀਉ ॥ ੨ ॥ ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥ ਅਗਮ[੧] ਅਗੋਚਰ[੨] ਬੇਅੰਤ ਅਥਾਹਾ[੨੮] ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥ ੩ ॥ ਖਾਕੁ[੨੯] ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥ ਦਰਸਨੁ ਪੇਖਤ ਮਨੁ ਆਘਾਵੈ[੩੦] ਨਾਨਕ ਮਿਲਣੁ ਸੁਭਾਈ[੩੧] ਜੀਉ ॥ ੪ ॥ ੭ ॥ ੧੪ ॥ ਮਾਝ ਮਹਲਾ ੫ ॥ ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ[੩੨] ਵਿਆਪੈ ਬਹੁ ਬਿਧਿ ਧਾਵੈ ॥ ਸਿਮਰਤ ਨਾਮੁ ਸਦਾ ਸੁਹੇਲਾ[੩੩] ਜਿਸੁ ਦੇਵੈ ਦੀਨ ਦਇਆਲਾ ਜੀਉ ॥ ੧ ॥

੧ ਪਹੁੰਚ ਰਹਿਤ।
੨ ਜੋ ਇੰਦਰਿਆਂ ਦਾ ਵਿਸ਼ਾ ਨਹੀਂ।
੩ ਪ੍ਰੇਮ ਦੇ ਆਸਰੇ ਸਹਿਤ ਹੋਈ ਹੋਈ।
੪ ਗਾਹੇ ਹਨ, ਫਿਰੇ ਹਨ।
੫ ਛੇ ਸ਼ਾਸਤਰਾਂ ਦਾ ਗਿਆਨ ਮੂੰਹ-ਜ਼ਬਾਨੀ ਵਿਚਾਰਦਾ ਹੈ। ਖਟ ਸ਼ਾਸਤਰ ਲਈ ਦੇਖੋ ਪੰਨਾ ੧੨, ਨੋਟ ੩੪।
੬ ਜੋਗੀਆਂ ਦੇ ੮੪ ਆਸਣ, ਜਿਨ੍ਹਾਂ ਅਨੁਸਾਰ ਉਹ ਆਪਣੀ ਬੈਠਕ ਸਾਧਦੇ ਹਨ। ਇਹ ਯੋਗ ਦਾ ਤੀਜਾ ਅੰਗ ਹੈ।
੭ ਕਈ ਵਰ੍ਹੇ।
੮ ਚਲਣਾ, ਸਫ਼ਰ। ਸਫ਼ਰ ਕੀਤਾ ਅਤੇ ਧਰਤੀ ’ਤੇ ਫਿਰ ਨਿਕਲਿਆ।
੯ ਮੁੜ-ਮੁੜ।
੧੦ ਗੁਰੂ।
੧੧ ਨਾ ਨਾਸ ਹੋਣ ਵਾਲਾ ਪ੍ਰਭੂ ਦਿਲ ਵਿੱਚ ਵਸਿਆ ਹੈ ਅਤੇ ਨਾਨਕ ਹਰੀ ਦਾ ਜੱਸ ਰੂਪ ਖੁਸ਼ੀ ਦਾ ਗੀਤ ਗਾਉਂਦਾ ਹੈ।
੧੨ ਜਿਸ ਦਾ ਪਾਰ ਨਾ ਪਾ ਸਕੀਏ।
੧੩ ਅਲਖ=ਜਿਸ ਨੂੰ ਨਾ ਸਮਝ ਸਕੀਏ। ਅਭੇਵ=ਜਿਸ ਦਾ ਭੇਦ ਨਾ ਲੱਭੇ।
੧੪ ਮੁਕਤੀ ਦਾਤਾ ਹਰੀ। ਵਾਹਿਗੁਰੂ ਨੂੰ ਗੁਰਾਂ ਦੁਆਰੇ ਧਿਆਵੋ।
੧੫ [ਮਧੁ ਰਾਖ਼ਸ਼ ਨੂੰ ਮਾਰਨ ਵਾਲਾ, ਵਿਸ਼ਨੂੰ] ਵਾਹਿਗੁਰੂ।
੧੬ ਸਾਥੀ ਬਣਦਾ ਹੈ।
੧੭ [ਕ੍ਰਿਸ਼ਨ ਮੁਰਾਰੀ=ਮੁਰ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਹਰੀ।
੧੮ [ਰੱਸੀ ਬੰਨ੍ਹੀ ਹੋਵੇ ਜਿਸ ਦੇ ਉਦਰ (ਪੇਟ) ਨਾਲ। ਕ੍ਰਿਸ਼ਨ ਜੀ ਨੂੰ ਇੱਲਤ ਤੋਂ ਰੋਕਣ ਲਈ ਮਾਤਾ ਜਸੋਧਾ ਨੇ ਉੱਖਲੀ ਨਾਲ ਬੰਨ੍ਹ ਦਿੱਤਾ ਸੀ] ਵਾਹਿਗੁਰੂ।
੧੯ ਭਾਂਤ, ਤਰੀਕੇ ਨਾਲ।
੨੦ ਜੋ ਖਾਂਦਾ ਕੁਝ ਨਹੀਂ, ਵਾਹਿਗੁਰੂ।
੨੧ [ਸੋਹਣੇ ਕੇਸ਼ਾਂ ਵਾਲਾ ਵਿਸ਼ਨੂੰ] ਵਾਹਿਗੁਰੂ।
੨੨ ਅਨਿੰਨ, ਇਕ ਦਾ ਹੀ ਉਪਾਸ਼ਕ।
੨੩ ਸਫਲ ਦਰਸ਼ਨ, ਜਿਸ ਦਾ ਦਰਸ਼ਨ ਕਦੀ ਨਿਸਫਲ ਨਾ ਜਾਵੇ, ਉਸ ਤੋਂ ਜ਼ਰੂਰ ਹੀ ਕੁਝ ਨਾ ਕੁਝ ਪ੍ਰਾਪਤ ਹੋਵੇ।
੨੪ ਇਹ ਅਵਸਥਾ ਵਿਰਲਿਆਂ ਨੇ ਹੀ ਜਾਣੀ ਹੈ।
੨੫ ਤੇਰਾ ਕਹਿਆ ਕਰੀਦਾ ਹੈ ਤੇ ਤੇਰਾ ਦਿੱਤਾ ਲਈਦਾ ਹੈ।
੨੬ ਉਸ ਦੇ ਹੁਕਮ ਵਿੱਚ ਹੀ ਮਨੁੱਖ ਕੁਰਾਹੇ ਪੈ ਜਾਂਦਾ ਹੈ ਅਤੇ ਹੁਕਮ ਵਿੱਚ ਹੀ ਸਿੱਧੇ ਰਸਤੇ ਪੈਂਦਾ ਹੈ।
੨੭ ਹੁਕਮ ਵਿੱਚ।
੨੮ ਥਾਹ ਰਹਿਤ, ਬੇਅੰਤ।
੨੯ ਚਰਨ ਧੂੜੀ।
੩੦ ਰੱਜਦਾ ਹੈ। ਦਰਸ਼ਨ ਵੇਖ ਕੇ ਮਨ ਦੀ ਨਿਸ਼ਾ ਹੁੰਦੀ ਹੈ।
੩੧ ਸੁਭਾਵਿਕ ਹੀ।
੩੨ ਭੁੱਖ ਲੱਗਦੀ ਸੂ, ਤੇ ਕਈ ਤਰ੍ਹਾਂ ਨਾਲ ਏਧਰ ਉਧਰ ਭੱਜਦਾ ਹੈ।
੩੩ ਸੁਖਾਲਾ, ਸੁਖੀ ਹੈ।

* ਬਾਣੀ ਵਿੱਚ ਵਾਹਿਗੁਰੂ ਦੇ ਦੋ ਰੂਪ ਦੱਸੇ ਹਨ। ਇਕ ਉਹ ਜਦ ਉਸ ਨੇ ਕੋਈ ਰਚਨਾ ਨਹੀਂ ਕੀਤੀ ਸੀ ਤੇ ਕੇਵਲ ਆਪ ਹੀ ਆਪ ਸੀ। ਉਸ ਦੇ ਕਰਤਾ ਜਾਂ ਅਸੂਲੀ ਆਦਿਕ ਹੋਣ ਦੇ ਗੁਣ ਉਸ ’ਤੇ ਘਟ ਨਹੀਂ ਸਕਦੇ। ਸਗੋਂ ਉਸ ਬਾਬਤ ਅਸੀਂ ਕੋਈ ਵੀ ਖ਼ਿਆਲ ਆਪਣੇ ਮਨ ਵਿੱਚ ਨਹੀਂ ਬੰਨ੍ਹ ਸਕਦੇ। ਇਹ ਉਸ ਦਾ ਨਿਰਗੁਣ ਰੂਪ ਹੈ। ਫਿਰ ਉਸ ਨੇ ਰਚਨਾ ਕੀਤੀ ਤੇ ਆਪਣੇ ਆਪ ਨੂੰ ਕੁਦਰਤ ਵਿੱਚ ਦਰਸਾਇਆ। ਜਿਤਨੇ ਗੁਣ ਜਾਂ ਸਿਫ਼ਤਾਂ ਉਸ ਦੀਆਂ ਵਰਣਨ ਕੀਤੀਆਂ ਜਾਂਦੀਆਂ ਹਨ, ਉਹ ਸਭ ਇਸ ‘ਸਰਗੁਣ’ ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ।

† ਇਕ ਯੋਗ ਕ੍ਰਿਆ। ਯੋਗੀ ਲੋਕ ਦੋਵੇਂ ਮੋਢੇ ਨੀਵੇਂ ਕਰ ਕੇ ਪਿੱਠ ਦਾ ਵਲ ਸਿੱਧਾ ਕਰ ਕੇ ਬੈਠ ਜਾਂਦੇ ਹਨ ਅਤੇ ਸੁਆਸਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ ਹੇਠ ਉੱਤੇ ਇਸ ਤਰ੍ਹਾਂ ਚਲਾਂਦੇ ਹਨ, ਜਿਵੇਂ ਮਧਾਣੀ ਨਾਲ ਦਹੀਂ ਫੇਰੀਦਾ ਹੈ। ਇਸ ਨੂੰ ਨਿਉਲੀ ਕਰਮ ਕਹਿੰਦੇ ਹਨ ਜੋ ਸਰੀਰ ਦੀ ਸੁੱਧੀ ਲਈ ਕੀਤਾ ਜਾਂਦਾ ਹੈ।

‡ ਮਧੁਸੂਦਨ ਰੂਪ ਵਾਹਿਗੁਰੂ ਗੁਰੂ ਦੇ ਰਾਹੀਂ ਤਾਰਦਾ ਹੈ। ਕ੍ਰਿਸ਼ਨ-ਮੁਰਾਰੀ ਰੂਪ ਵਾਹਿਗੁਰੂ ਗੁਰੂ ਦੇ ਰਾਹੀਂ ਅੰਗ-ਸੰਗ ਰਹਿੰਦਾ ਹੈ। ਉਹ ਕਿਰਪਾਲੂ ਹਰੀ ਗੁਰੂ ਦੁਆਰਾ ਹੀ ਮਿਲ ਸਕਦਾ ਹੈ ਹੋਰ ਕਿਸੇ ਤਰੀਕੇ ਨਾਲ ਨਹੀਂ।

ਸਤਿਗੁਰੁ ਮੇਰਾ [੧]ਵਡ ਸਮਰਥਾ ॥ [੨]ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ [੩]ਕਰੇ ਪ੍ਰਤਿਪਾਲਾ ਜੀਉ ॥ ੨ ॥ ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ[੪] ॥ ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥ ੩ ॥ ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ[੫] ਮੇਰੇ ॥ ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ[੬] ਜੀਉ ॥ ੪ ॥ ੮ ॥ ੧੫ ॥ ਮਾਝ ਮਹਲਾ ੫ ॥ ਲਾਲ ਗੋਪਾਲ ਦਇਆਲ ਰੰਗੀਲੇ[੭] ॥ [੮]ਗਹਿਰ ਗੰਭੀਰ ਬੇਅੰਤ ਗੋਵਿੰਦੇ ॥ ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥ ੧ ॥ [੯]ਦੁਖ ਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥ ਅਕਾਲ ਮੂਰਤਿ ਅਜੂਨੀ ਸੰਭੌ[੧੦] ਮਨ ਸਿਮਰਤ ਠੰਢਾ ਥੀਵਾਂ ਜੀਉ ॥ ੨ ॥ ਸਦਾ ਸੰਗੀ ਹਰਿ ਰੰਗ ਗੋਪਾਲਾ ॥ ਊਚ ਨੀਚ ਕਰੇ ਪ੍ਰਤਿਪਾਲਾ ॥ [੧੧]ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥ ੩ ॥ ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ ਏਹ ਸੁਮਤਿ ਗੁਰੂ ਤੇ ਪਾਈ ॥ ਨਾਨਕ ਕੀ ਧਰ[੧੨] ਤੂੰਹੈ ਠਾਕੁਰ [੧੩]ਹਰਿ ਰੰਗਿ ਪਾਰਿ ਪਰੀਵਾਂ ਜੀਉ ॥ ੪ ॥ ੯ ॥ ੧੬ ॥ ਮਾਝ ਮਹਲਾ ੫ ॥ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ ਸਫਲੁ ਦਰਸਨੁ ਨੇਤ੍ਰ ਪੇਖਤ[੧੪] ਤਰਿਆ ॥ ਧੰਨੁ [੧੫]ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ[੧੬] ਜੀਉ ॥ ੧ ॥ ਉਦਮੁ ਕਰਤ ਮਨੁ ਨਿਰਮਲੁ ਹੋਆ ॥ [੧੭]ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥ ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥ ੨ ॥ ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ[੧੮] ॥ ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥ ੩ ॥ *ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ[੧੯] ॥ [੨੦]ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥ ੪ ॥ ੧੦ ॥ ੧੭ ॥ ਮਾਝ ਮਹਲਾ ੫ ॥ ਸਗਲ ਸੰਤਨ ਪਹਿ[੨੧] ਵਸਤੁ ਇਕ ਮਾਂਗਉ ॥ ਕਰਉ ਬਿਨੰਤੀ ਮਾਨੁ ਤਿਆਗਉ ॥ ਵਾਰਿ ਵਾਰਿ ਜਾਈ ਲਖ ਵਰੀਆ[੨੨] ਦੇਹੁ ਸੰਤਨ ਕੀ ਧੂਰਾ[੨੩] ਜੀਉ ॥ ੧ ॥ ਤੁਮ ਦਾਤੇ ਤੁਮ ਪੁਰਖ ਬਿਧਾਤੇ[੨੪] ॥ ਤੁਮ ਸਮਰਥ ਸਦਾ ਸੁਖਦਾਤੇ ॥ ਸਭ ਕੋ ਤੁਮ ਹੀ ਤੇ ਵਰਸਾਵੈ[੨੫] ਅਉਸਰੁ[੨੬] ਕਰਹੁ ਹਮਾਰਾ ਪੂਰਾ ਜੀਉ ॥ ੨ ॥ ਦਰਸਨਿ ਤੇਰੈ ਭਵਨ[੨੭] ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥ ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ[੨੮] ਜੀਉ ॥ ੩ ॥

੧ ਵੱਡੀ ਸਮਰੱਥਾ (ਤਾਕਤ) ਵਾਲਾ ਹੈ।
੨ ਹਿਰਦੇ ਵਿੱਚ ਯਾਦ ਕਰਾਂ।
੩ ਪਾਲਨਾ ਕਰਦਾ ਹੈ।
੪ ਖੁਸ਼ੀਆਂ, ਮੌਜਾਂ।
੫ ਸਾਰੇ।
੬ ਰਸ ਵਾਲੇ। ਆਪਣੇ ਪਿਆਰ ਵਿੱਚ ਰਸ ਵਾਲੇ ਕੀਤੇ ਹਨ।
੭ ਰੰਗ ਵਾਲੇ, ਪਿਆਰ ਸਰੂਪ।
੮ ਡੂੰਘੇ ਸੁਭਾਉ ਵਾਲਾ।
੯ ਦੁੱਖਾਂ ਦੇ ਤੋੜਣ ਵਾਲੇ, ਅਮੋਲਕ ਭੰਡਾਰਾਂ ਵਾਲੇ।
੧੦ (ਸੈਭੰ, ਸ੍ਵਯੰ ਭੂ) ਆਪਣੇ ਆਪ ਤੋਂ।
੧੧ ਨਾਮ ਰਸਾਂ ਦਾ ਘਰ ਹੈ ਅਤੇ ਮਨ ਨੂੰ ਰਜਾਵਣ ਵਾਲਾ ਹੈ।
੧੨ ਆਸਰਾ, ਟੇਕ।
੧੩ ਹਰੀ ਦੇ ਪ੍ਰੇਮ ਦੁਆਰਾ (ਸੰਸਾਰ-ਸਾਗਰ ਤੋਂ) ਪਾਰ ਪਵਾਂਗਾ।
੧੪ ਵੇਖਦਿਆਂ। ਉਹ ਐਸਾ ਸਫ਼ਲ ਦਰਸ਼ਨ ਹੈ ਕਿ ਅੱਖੀਂ ਦੇਖਣ ਸਾਰ ਮੈਂ ਤਰ ਗਿਆ। ਦੇਖੋ ਪੰਨਾ ੯੮, ਨੋਟ ੨੩।
੧੫ ਮਹੂਰਤ, ਦੋ ਘੜੀਆਂ। ਚਸਾ=ਪਲ ਦਾ ਤੀਹਵਾਂ ਹਿੱਸਾ।
੧੬ ਮੇਲ ਦਾ ਸਮਾਂ।
੧੭ ਹਰੀ ਦੇ ਰਸਤੇ ਚਲਦਿਆਂ ਸਾਰਾ ਵਹਿਮ ਦੂਰ ਹੋ ਗਿਆ।
੧੮ ਬਿਆਨ ਕੀਤੀ।
੧੯ ਹੋਇਆ।
੨੦ ਨਾਮ ਵਿੱਚ ਹੀ ਸਭ ਚੋਜ ਤਮਾਸ਼ੇ ਆਦਿ ਆ ਜਾਂਦੇ ਹਨ।
੨੧ ਪਾਸੋਂ।
੨੨ ਵਾਰੀ।
੨੩ ਚਰਨ ਧੂੜੀ।
੨੪ ਕਰਮ ਫਲ ਦਾਤਾ, ਵਾਹਿਗੁਰੂ।
੨੫ ਲਾਭ ਪਾਉਂਦਾ ਹੈ, ਦਾਤਾਂ ਲੈਂਦਾ ਹੈ।
੨੬ ਸਮਾਂ। ਮਨੁੱਖਾ ਜਨਮ ਸਵਾਰੋ।
੨੭ ਸਰੀਰ ਰੂਪ ਸ਼ਹਿਰ। ਜਿਨ੍ਹਾਂ ਤੇਰੇ ਦਰਸ਼ਨ ਦੁਆਰਾ ਸਰੀਰ ਪਵਿੱਤਰ ਕੀਤਾ ਹੈ, ਉਨ੍ਹਾਂ ਹੀ ਆਤਮ ਰੂਪ ਕਠਨ ਗੜ੍ਹ ਜਿੱਤਿਆ ਹੈ, ਭਾਵ ਮਨ ਵੱਸ ਕੀਤਾ ਹੈ।
੨੮ ਬਹਾਦਰ, ਜੋਧਾ।

* ਹਰੀ ਨਾਮ ਦਾ ਅੰਮ੍ਰਿਤ-ਰਸ ਗੁਰੂ ਤੋਂ ਪੀਤਾ (ਭਾਵ ਪੀਵਣ ਲਈ ਸਭ ਤੋਂ ਉੱਤਮ ਰਸ ਗੁਰੂ ਦਾ ਦਿੱਤਾ ਨਾਮ ਹੈ)। ਹਰੀ ਦਾ ਨਾਮ ਹੀ ਖਾਣ ਲਈ ਭੋਜਨ ਅਤੇ ਪਹਿਨਣ ਲਈ ਕੱਪੜਾ ਬਣਿਆ। ਨਾਮ ਵਿੱਚ ਹੀ ਸਭ ਖੁਸ਼ੀਆਂ, ਚੋਜ, ਤਮਾਸ਼ੇ ਅਤੇ ਭੋਗ ਆ ਜਾਂਦੇ ਹਨ।

ਰੇਨੁ[੧] ਸੰਤਨ ਕੀ ਮੇਰੈ ਮੁਖਿ ਲਾਗੀ ॥ [੨]ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥
ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ[੩] ਜੀਉ ॥ ੪ ॥
੧੧ ॥ ੧੮ ॥ ਮਾਝ ਮਹਲਾ ੫ ॥ ਵਿਸਰੁ ਨਾਹੀ ਏਵਡ ਦਾਤੇ ॥ ਕਰਿ ਕਿਰਪਾ
ਭਗਤਨ ਸੰਗਿ ਰਾਤੇ ॥ [੪]ਦਿਨਸੁ ਰੈਣਿ ਜਿਉ[੫] ਤੁਧੁ ਧਿਆਈ ਏਹੁ ਦਾਨੁ
ਮੋਹਿ ਕਰਣਾ ਜੀਉ ॥ ੧ ॥ *ਮਾਟੀ ਅੰਧੀ ਸੁਰਤਿ ਸਮਾਈ ॥ ਸਭ ਕਿਛੁ
ਦੀਆ ਭਲੀਆ ਜਾਈ[੬] ॥ [੭]ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ
ਹੋਣਾ ਜੀਉ ॥ ੨ ॥ ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥ †ਛਤੀਹ ਅੰਮ੍ਰਿਤ
ਭੋਜਨੁ ਖਾਣਾ ॥ [੮]ਸੇਜ ਸੁਖਾਲੀ ਸੀਤਲੁ ਪਵਣਾ ਸਹਜ[੯] ਕੇਲ[੧੦] ਰੰਗ ਕਰਣਾ
ਜੀਉ ॥ ੩ ॥ ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥ ਸਾ ਮਤਿ ਦੀਜੈ
ਜਿਤੁ ਤੁਧੁ ਧਿਆਈ ॥ ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ
ਚਰਣਾ ਜੀਉ ॥ ੪ ॥ ੧੨ ॥ ੧੯ ॥ ਮਾਝ ਮਹਲਾ ੫ ॥ [੧੧]ਸਿਫਤਿ ਸਾਲਾਹਣੁ
ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ ਜਪੁ
ਜੋ ਪ੍ਰਭ ਜੀਉ ਭਾਵੈ [੧੨]ਭਾਣੈ ਪੂਰ ਗਿਆਨਾ ਜੀਉ ॥ ੧ ॥ ਅੰਮ੍ਰਿਤੁ ਨਾਮੁ
ਤੇਰਾ ਸੋਈ ਗਾਵੈ ॥ ਜੋ ਸਾਹਿਬ ਤੇਰੈ ਮਨਿ ਭਾਵੈ ॥ ਤੂੰ ਸੰਤਨ ਕਾ ਸੰਤ
ਤੁਮਾਰੇ [੧੩]ਸੰਤ ਸਾਹਿਬ ਮਨੁ ਮਾਨਾ ਜੀਉ ॥ ੨ ॥ ਤੂੰ ਸੰਤਨ ਕੀ ਕਰਹਿ
ਪ੍ਰਤਿਪਾਲਾ[੧੪] ॥ ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥ ਅਪੁਨੇ ਸੰਤ ਤੁਧੁ ਖਰੇ[੧੫]
ਪਿਆਰੇ ਤੂ ਸੰਤਨ ਕੇ ਪ੍ਰਾਨਾ[੧੬] ਜੀਉ ॥ ੩ ॥ ਉਨ ਸੰਤਨ ਕੈ ਮੇਰਾ ਮਨੁ
ਕੁਰਬਾਨੇ ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥ ਤਿਨ ਕੈ ਸੰਗਿ ਸਦਾ
ਸੁਖੁ ਪਾਇਆ [੧੭]ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥ ੪ ॥ ੧੩ ॥
੨੦ ॥ ਮਾਝ ਮਹਲਾ ੫ ॥ ਤੂੰ ਜਲਨਿਧਿ[੧੮] ਹਮ ਮੀਨ[੧੯] ਤੁਮਾਰੇ ॥ ਤੇਰਾ
ਨਾਮੁ ਬੂੰਦ ਹਮ ਚਾਤ੍ਰਿਕ[੨੦] ਤਿਖਹਾਰੇ[੨੧] ॥ ਤੁਮਰੀ ਆਸ ਪਿਆਸਾ ਤੁਮਰੀ
ਤੁਮ ਹੀ ਸੰਗਿ ਮਨੁ ਲੀਨਾ ਜੀਉ ॥ ੧ ॥ ਜਿਉ ਬਾਰਿਕੁ ਪੀ ਖੀਰੁ[੨੨] ਅਘਾਵੈ ॥
ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥ ਤ੍ਰਿਖਾਵੰਤ ਜਲੁ ਪੀਵਤ ਠੰਢਾ
ਤਿਉ ਹਰਿ ਸੰਗਿ ਇਹੁ ਮਨੁ ਭੀਨਾ[੨੩] ਜੀਉ ॥ ੨ ॥ ਜਿਉ ਅੰਧਿਆਰੈ [੨੪]ਦੀਪਕੁ
ਪਰਗਾਸਾ ॥ ਭਰਤਾ[੨੫] ਚਿਤਵਤ ਪੂਰਨ ਆਸਾ ॥ ਮਿਲਿ ਪ੍ਰੀਤਮ ਜਿਉ ਹੋਤ
ਅਨੰਦਾ ਤਿਉ [੨੬]ਹਰਿ ਰੰਗਿ ਮਨੁ ਰੰਗੀਨਾ ਜੀਉ ॥ ੩ ॥ ਸੰਤਨ ਮੋ ਕਉ
[੨੭]ਹਰਿ ਮਾਰਗਿ ਪਾਇਆ ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ[੨੮] ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥
੪ ॥ ੧੪ ॥ ੨੧ ॥ ਮਾਝ ਮਹਲਾ ੫ ॥ ਅੰਮ੍ਰਿਤ ਨਾਮੁ ਸਦਾ ਨਿਰਮਲੀਆ[੨੯] ॥
ਸੁਖਦਾਈ ਦੂਖ ਬਿਡਾਰਨਹਰੀਆ[੩੦] ॥ ‡ਅਵਰਿ ਸਾਦ ਚਖਿ ਸਗਲੇ ਦੇਖੇ ਮਨ

੧ ਧੂੜੀ ਚਰਨਾਂ ਦੀ।

੨ ਖੋਟੀ ਮੱਤ ਅਤੇ ਬਦ-ਕਿਸਮਤ ਮੂਰਖਤਾ ਦੂਰ ਹੋ ਗਈ।

੩ ਕੂੜ।

੪ ਦਿਨ ਰਾਤ।

੫ ਜਿਵੇਂ ਹੋ ਸਕੇ।

੬ ਥਾਵਾਂ। ਚੰਗੀਆਂ ਥਾਵਾਂ ਦਿੱਤੀਆਂ ਹਨ।

੭ ਖੁਸ਼ੀਆਂ, ਚਾਉ, ਖੇਲ ਤਮਾਸ਼ੇ।

੮ ਆਰਾਮ ਵਾਲਾ ਬਿਸਤਰਾ ਸੌਣ ਨੂੰ, ਠੰਡੀ ਹਵਾ ਭਖਣ ਨੂੰ ਅਤੇ ਨਚਿੰਤ ਹੋ ਕੇ ਖੇਡਾਂ ਤਮਾਸ਼ੇ ਕਰਨੇ।

੯ ਬੇ-ਫ਼ਿਕਰ ਹੋ ਕੇ।

੧੦ ਖੇਡਾਂ।

੧੧ ਹੇ ਰਜ਼ਾ ਦੇ ਮਾਲਕ! ਤੇਰਾ ਹੁਕਮ ਮੰਨਣਾ ਇਹੋ ਹੀ ਵੱਡੀ ਸਿਫ਼ਤ-ਸਲਾਹ ਹੈ। ਗਿਆਨ ਭੀ ਓਹੋ ਹੈ ਜੋ ਤੈਨੂੰ ਭਾਵੇ, ਅਰਥਾਤ ਜੋ ਤੇਰੀ ਰਜ਼ਾ ਦੇ ਅਨੁਕੂਲ ਹੋਵੇ।

੧੨ ਤੇਰੇ ਭਾਣੇ ਵਿੱਚ ਰਹਿਣਾ ਹੀ ਪੂਰਨ ਗਿਆਨ ਹੈ।

੧੩ ਹੇ ਮਾਲਕ! ਸੰਤਾਂ ਦਾ ਮਨ (ਤੇਰੇ ਨਾਲ ਪਤੀਜ ਗਿਆ ਹੈ)।

੧੪ ਪਾਲਣਾ।

੧੫ ਬਹੁਤ।

੧੬ ਜਿੰਦ ਜਾਨ।

੧੭ ਉਨ੍ਹਾਂ ਦੀ ਸੰਗਤ ਵਿੱਚ ਹਰੀ-ਰਸ ਮਿਲਿਆ ਜਿਸ ਨਾਲ ਮੇਰੀ ਤੇਹ ਤੇ ਭੁੱਖ ਲਹਿ ਗਈ, ਰੱਜ ਗਿਆ।

੧੮ ਜਲ ਦਾ ਖ਼ਜ਼ਾਨਾ, ਸਮੁੰਦਰ।

੧੯ ਮੱਛੀਆਂ।

੨੦ ਦੇਖੋ ਪੰਨਾ ੯੫, ਨੋਟ *।

੨੧ ਤੇਹ ਨਾਲ ਆਤੁਰ ਹੋਏ, ਪਿਆਸੇ।

੨੨ ਦੁੱਧ।

੨੩ ਭਿੱਜਿਆ, ਰੱਜਿਆ।

੨੪ ਦੀਵਾ ਚਾਨਣ ਕਰਦਾ ਹੈ।

੨੫ ਪਤੀ। ਜਿਵੇਂ ਪਤੀ ਨੂੰ ਯਾਦ ਕਰਦੀ ਦੀ ਆਸ ਪੂਰਨ ਹੁੰਦੀ ਹੈ।

੨੬ ਹਰੀ ਦੇ ਪ੍ਰੇਮ ਵਿੱਚ ਮਨ ਰੰਗਿਆ ਗਿਆ ਹੈ।

੨੭ ਹਰੀ ਦੇ ਰਸਤੇ ਪਾਇਆ।

੨੮ ਗਿਝਾ ਦਿੱਤਾ, ਹਿਲਾ ਦਿੱਤਾ। "ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ" (ਗਉੜੀ ਛੰਤ ਮ: ੫, ਪੰਨਾ ੨੪੯)।

੨੯ ਪਵਿੱਤਰ।

੩੦ ਵਿਡਾਰਨ ਹਾਰਾ, ਦੂਰ ਕਰਨ ਵਾਲਾ।

* ਇਸ ਅੰਧੀ (ਜੜ੍ਹ) ਦੇਹੀ ਵਿੱਚ ਤੂੰ ਚੇਤਨਤਾ ਪਾ ਦਿੱਤੀ ਹੈ; ਮੁਰਦਾ ਮਾਦੇ ਦੇ ਸਰੀਰ ਵਿੱਚ ਸੋਚਣ ਸਮਝਣ ਦੀ ਤਾਕਤ ਪਾ ਦਿੱਤੀ ਹੈ।

† ਛੱਤੀ ਪ੍ਰਕਾਰ ਦੇ ਸੁਆਦੀ ਖਾਣਿਆਂ ਦਾ ਭੋਜਨ ਕਰਨਾ। "ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ" (ਭਾਈ ਗੁਰਦਾਸ, ਵਾਰ ੧੭/੮)।

‡ ਹੇ ਮਨ! ਹੋਰ ਸਵਾਦ ਮੈਂ ਸਾਰੇ ਚੱਖ ਕੇ ਦੇਖੇ ਹਨ, ਹਰੀ ਨਾਮ ਦਾ ਰਸ ਸਭ ਤੋਂ ਮਿੱਠਾ ਹੈ। "ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥" (ਸ਼ਲੋਕ ਫ਼ਰੀਦ)।

ਹਰਿ ਰਸੁ ਸਭ ਤੇ ਮੀਠਾ ਜੀਉ ॥ ੧ ॥ ਜੋ ਜੋ ਪੀਵੈ ਸੋ ਤ੍ਰਿਪਤਾਵੈ[1] ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥ [2]ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ[3] ਜੀਉ ॥ ੨ ॥ ਜਿਨਿ ਹਰਿ ਰਸੁ ਪਾਇਆ ਸੋ [4]ਤ੍ਰਿਪਤਿ ਅਘਾਨਾ ॥ ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥ ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ [5]ਮਸਤਕਿ ਭਾਗੀਠਾ ਜੀਉ ॥ ੩ ॥ ਹਰਿ ਇਕਸੁ[6] ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ[7] ॥ ਨਾਮੁ ਨਿਧਾਨਾ ਗੁਰਮੁਖਿ[8] ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥ ੪ ॥ ੧੫ ॥ ੨੨ ॥ ਮਾਝ ਮਹਲਾ ੫ ॥ *ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥ [9]ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ[10] ਜੀਉ ॥ ੧ ॥ [11]ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥ ਅਗਮ[12] ਅਗੋਚਰੁ[13] ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥ ੨ ॥ ਜਾ ਕਉ ਖੋਜਹਿ [14]ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥ ੩ ॥ [15]ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ[16] ਸਮਾਈ ਜੀਉ ॥ ੪ ॥ ੧੬ ॥ ੨੩ ॥ ਮਾਝ ਮਹਲਾ ੫ ॥ ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ ਪ੍ਰਭੂ ਦਇਆ ਤੇ ਮੰਗਲੁ[17] ਗਾਵਉ ॥ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ [18]ਸਗਲ ਅਵਰਦਾ ਜੀਉ ॥ ੧ ॥ ਨਾਮੁ ਅਉਖਧੁ[19] ਮੋ ਕਉ ਸਾਧੂ[20] ਦੀਆ ॥ ਕਿਲਬਿਖ[21] ਕਾਟੇ ਨਿਰਮਲੁ ਥੀਆ[22] ॥ ਅਨਦੁ ਭਇਆ ਨਿਕਸੀ[23] ਸਭ ਪੀਰਾ[24] ਸਗਲ ਬਿਨਾਸੇ ਦਰਦਾ ਜੀਉ ॥ ੨ ॥ ਜਿਸ ਕਾ ਅੰਗੁ[25] ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥ [26]ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥ ੩ ॥ ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ[27] ॥ ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥ ੪ ॥ ੧੭ ॥ ੨੪ ॥ ਮਾਝ ਮਹਲਾ ੫ ॥ †[28]ਓਤਿ ਪੋਤਿ ਸੇਵਕ ਸੰਗਿ ਰਾਤਾ ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥ ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ[29] ਜੀਉ ॥ ੧ ॥ ਕਾਟਿ ਸਿਲਕ[30] ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥ ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ[31] ਜੀਉ ॥ ੨ ॥ [32]ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥

੧ ਰੱਜਦਾ ਹੈ।
੨ ਨਾਮ ਦੇ ਖ਼ਜ਼ਾਨੇ ਉਸੇ ਨੂੰ ਮਿਲੇ ਹਨ।
੩ ਵਸਿਆ ਹੈ।
੪ ਉਸ ਦੀ ਤੇਹ ਤੇ ਭੁੱਖ ਦੂਰ ਹੋ ਗਈ ਹੈ, ਪੂਰੀ ਤਰ੍ਹਾਂ ਰੱਜ ਗਿਆ ਹੈ।
੫ ਮੱਥੇ 'ਤੇ ਭਾਗ (ਲਿਖੇ ਹੋਏ ਹਨ)।
੬ ਇਕ ਦੇ। ਵਾਹਿਗੁਰੂ ਇਕ ਗੁਰੂ ਦੇ ਹੱਥ ਆਇਆ ਹੈ ਤੇ (ਅੱਗੋਂ ਉਸ ਕੋਲੋਂ) ਲਾਭ ਬਹੁਤਿਆਂ ਨੇ ਉਠਾਇਆ ਹੈ।
੭ ਬਹੁਤੇ।
੮ ਗੁਰੂ ਦੁਆਰਾ।
੯ ਲੱਖਾਂ ਕਰੋੜਾਂ ਖੁਸ਼ੀਆਂ ਤੇ ਮੌਜਾਂ ਭੋਗਦਾ ਹੈ, ਮਾਣਦਾ ਹੈ।
੧੦ ਚਰਨੀਂ।
੧੧ ਉਸ ਦਾ ਦਰਸ਼ਨ ਦੇਖਦਿਆਂ ਹੀ ਪਵਿੱਤਰ ਹੋ ਗਏ। ਉਸ ਨੇ ਸਾਡੇ ਭਾਈ ਮਿੱਤਰ ਸਾਰੇ ਤਾਰ ਦਿੱਤੇ।
੧੨ ਜਿਸ ਤਕ ਪਹੁੰਚ ਨਾ ਹੋਵੇ।
੧੩ ਜੋ ਇੰਦ੍ਰੀਆਂ ਦਾ ਵਿਸ਼ਾ ਨਾ ਹੋਵੇ।
੧੪ ਸਾਰੇ ਉਪਾਵਾਂ ਨਾਲ।
੧੫ ਡੂੰਘਾ, ਜਿਸ ਦਾ ਭੇਦ ਲੱਭਣਾ ਔਖਾ ਹੋਵੇ।
੧੬ ਸਹਜ ਅਵਸਥਾ ਵਿੱਚ, ਸਭ ਤੋਂ ਉੱਚੀ ਗਿਆਨ ਤੇ ਸ਼ਾਂਤੀ ਵਾਲੀ ਹਾਲਤ ਵਿੱਚ। ਦੇਖੋ ਪੰਨਾ ੬੮ ਦਾ ਫੁਟ ਨੋਟ *।
੧੭ ਜਿਸ ਦਾ ਗੀਤ।
੧੮ ਸਾਰੀ ਆਰਬਲਾ, ਉਮਰ।
੧੯ ਦਵਾਈ।
੨੦ ਗੁਰੂ ਨੇ।
੨੧ ਪਾਪ।
੨੨ ਹੋਇਆ।
੨੩ ਨਿਕਲ ਗਈ।
੨੪ ਪੀੜਾਂ।
੨੫ ਪੱਖ।
੨੬ ਜਿਸ ਨੇ ਗੁਰੂ ਨੂੰ ਸੱਚ ਸਰੂਪ ਕਰ ਕੇ ਜਾਣਿਆ ਹੈ, ਉਹ ਕਾਹਨੂੰ ਡਰਦਾ ਹੈ।
੨੭ ਬਲਾ, ਆਫ਼ਤ, ਹੰਕਾਰ ਰੂਪ। ਗੁਰੂ ਮਿਲਣ ਨਾਲ ਹੰਕਾਰ ਦੀ ਬਲਾ ਦੂਰ ਹੋ ਗਈ।
੨੮ ਤਾਣੇ ਪੇਟੇ ਪੂਰੇ ਤੌਰ 'ਤੇ।
੨੯ ਉੱਦਮ। ਕਿਸੇ ਦਾ ਕੰਮ ਸਵਾਰਨਾ, ਉਸ ਦੇ ਆਹਰ ਲੱਗਣਾ ਹੈ।
੩੦ ਫਾਹੀ।
੩੧ ਚੌਧਰੀ। ਹਰ ਥਾਂ ਮੁਖੀ ਹੈ।
੩੨ ਤੂੰ ਸਿਆਣਾ ਮਾਲਕ ਹੈਂ, ਤੂੰ ਸਾਰੀਆਂ ਹਾਲਤਾਂ ਜਾਣਦਾ ਹੈਂ।

* ਨੌਂ ਨਿਧੀਆਂ (ਕੀਮਤੀ ਚੀਜ਼ਾਂ ਦੇ ਖ਼ਜ਼ਾਨੇ), ਅਠਾਰ੍ਹਾਂ ਸਿਧੀਆਂ (ਕਰਾਮਾਤੀ ਸ਼ਕਤੀਆਂ) ਅਤੇ ਰਿਧੀਆਂ (ਧਨ ਸੰਪਦਾ) ਮੇਰੇ ਹਰੀ ਪਾਸ ਹਨ। ਮਨੁੱਖਾ ਜਨਮ ਦੀ ਦਾਤ ਉਸੇ ਡੂੰਘੇ ਵਾਹਿਗੁਰੂ ਪਾਸ ਹੈ। ਦੇਖੋ ਪੰਨਾ ੧੦, ਫੁਟ ਨੋਟ § ਅਤੇ ¶।

† ਵਾਹਿਗੁਰੂ ਆਪਣੇ ਸੇਵਕ ਦੇ ਨਾਲ ਤਾਣੇ ਪੇਟੇ ਵਾਕੁਰ ਇਕ-ਮਿਕ ਹੋ ਕੇ ਰਚਿਆ ਹੋਇਆ ਹੈ। ਸੁਖ ਦੇਣ ਵਾਲਾ ਪ੍ਰਭੂ ਆਪਣੇ ਸੇਵਕ ਦੀ ਪਾਲਨਾ ਕਰਦਾ ਹੈ। ਮੈਂ ਐਸੇ ਸੇਵਕ ਲਈ ਜੇਕਰ ਪਾਣੀ ਢੋਵਾਂ ਜਾਂ ਪੱਖੇ ਦੀ ਸੇਵਾ ਕਰਾਂ ਤਾਂ ਇਹ ਕੰਮ (ਸੇਵਕ ਦਾ ਨਹੀਂ) ਪ੍ਰਭੂ ਦਾ ਹੀ ਹੈ। ਹਰਿ-ਭਗਤ ਦੀ ਸੇਵਾ ਹਰੀ ਦੀ ਸੇਵਾ ਹੈ, ਕਿਉਂਕਿ ਆਪਣੇ ਭਗਤ ਨਾਲ ਹਰੀ ਓਤ-ਪੋਤ ਇਕ ਹੋਇਆ ਹੈ।

ਠਾਕੁਰ ਕੇ ਸੇਵਕ ਹਰਿ ਰੰਗ[੧] ਮਾਣਹਿ ॥ ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ[੨] ਜੀਉ ॥ ੩ ॥ [੩]ਅਪੁਨੈ ਠਾਕੁਰਿ ਜੋ ਪਹਿਰਾਇਆ ॥ ਬਹੁਰਿ[੪] ਨ ਲੇਖਾ ਪੁਛਿ ਬੁਲਾਇਆ ॥ ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ[੫] ਜੀਉ ॥ ੪ ॥ ੧੮ ॥ ੨੫ ॥ ਮਾਝ ਮਹਲਾ ੫ ॥ ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ[੬] ਜੀਉ ॥ ੧ ॥ [੭]ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ [੮]ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ[੯] ਜੀਉ ॥ ੨ ॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥ ੩ ॥ *ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ[੧੦] ਬਹੁੜਿ[੪] ਨ ਹੋਈਐ ਜਉਲਾ[੧੧] ਜੀਉ ॥ ੪ ॥ ੧੯ ॥ ੨੬ ॥ ਮਾਝ ਮਹਲਾ ੫ ॥ ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥ ਤਿਸੁ ਬਲਿਹਾਰੀ ਜਿਨਿ [੧੨]ਰਸਨਾ ਭਣਿਆ ॥ [੧੩]ਵਾਰਿ ਵਾਰਿ ਜਾਈ ਤਿਸੁ ਵਿਟਹੁ ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥ ੧ ॥ ਤਿਸੁ ਚਰਣ ਪਖਾਲੀ[੧੪] ਜੋ ਤੇਰੈ ਮਾਰਗਿ ਚਾਲੈ ॥ ਨੈਨ ਨਿਹਾਲੀ[੧੫] ਤਿਸੁ ਪੁਰਖ ਦਇਆਲੈ ॥ ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥ ੨ ॥ †ਸੇ ਵਡਭਾਗੀ ਜਿਨਿ ਤੁਮ ਜਾਣੇ ॥ ਸਭ ਕੈ ਮਧੇ ਅਲਿਪਤ ਨਿਰਬਾਣੇ[੧੬] ॥ ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ[੧੭] ਜੀਉ ॥ ੩ ॥ ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥ ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ [੧੮]ਅਗਮ ਅਗਾਧੇ ਜੀਉ ॥ ੪ ॥ ੨੦ ॥ ੨੭ ॥ ਮਾਝ ਮਹਲਾ ੫ ॥ ਤੂੰ ਪੇਡੁ[੧੯] ਸਾਖ ਤੇਰੀ ਫੂਲੀ ॥ ਤੂੰ ਸੂਖਮੁ[੨੦] ਹੋਆ ਅਸਥੂਲੀ ॥ ਤੂੰ ਜਲਨਿਧਿ ਤੂੰ ਫੇਨੁ[੨੧] ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥ ੧ ॥ ‡ਤੂੰ ਸੂਤੁ ਮਣੀਏ[੨੨] ਭੀ ਤੂੰਹੈ ॥ ਤੂੰ ਗੰਠੀ[੨੩] ਮੇਰੁ[੨੪] ਸਿਰਿ ਤੂੰਹੈ ॥ ਆਦਿ ਮਧਿ[੨੫] ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥ ੨ ॥ ਤੂੰ §ਨਿਰਗੁਣੁ ਸਰਗੁਣੁ ਸੁਖਦਾਤਾ ॥ ਤੂੰ ਨਿਰਬਾਣੁ ਰਸੀਆ[੨੬] ਰੰਗਿ ਰਾਤਾ ॥ ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥ ੩ ॥ ਤੂੰ ਠਾਕੁਰੁ ਸੇਵਕੁ ਫੁਨਿ[੨੭] ਆਪੇ ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ[੨੮] ਨਦਰਿ ਨਿਹਾਲੀਐ

੧ ਹਰੀ ਦੀਆਂ ਖ਼ੁਸ਼ੀਆਂ।
੨ ਪਰਗਟ।
੩ ਆਪਣੇ ਮਾਲਕ ਨੇ ਜਿਸ ਨੂੰ ਪੈਨ੍ਹਾਇਆ ਸਰੋਪਾ ਦਿੱਤਾ, ਵਡਿਆਇਆ।
੪ ਫੇਰ।
੫ ਅਕਲਵੰਦ, ਸਿਆਣਾ, ਦਾਨਾ। ਉਹ ਡੂੰਘਾ, ਗੰਭੀਰ ਤੇ ਸਿਆਣਾ ਹੈ। "ਤੁਮ ਗਉਹਰ ਅਤਿ ਗਹਿਰ ਗੰਭੀਰਾ ਤੁਮ੍ ਪਿਰ ਹਮ ਬਹੁਰੀਆ ਰਾਮ" (ਸੂਹੀ ਛੰਤ ਮ: ੫, ੭੭੯)।
੬ ਸੁਖੀ।
੭ [ਬੂੰਦਾਂ ਦੀ ਧੁਨਿ] ਮੱਧਮ-ਮੱਧਮ ਅਵਾਜ਼ ਨਾਲ।
੮ ਖ਼ੁਸ਼ੀਆਂ ਅਤੇ ਤਮਾਸ਼ੇ।
੯ ਖੇਡਾਂ।
੧੦ ਤਖ਼ਤੇ। ਭਰਮ ਦੇ ਪਰਦੇ।
੧੧ [ਫ਼ਾਰਸੀ ਜਉਲਾਂ, ਦੌੜਦਾ, ਭਜਦਾ] ਅੱਡਰੇ (ਹਰੀ ਤੋਂ)।
੧੨ ਜੀਭ ਨਾਲ ਆਖਿਆ ਹੈ, ਜਪਿਆ ਹੈ।
੧੩ ਵਾਰਨੇ ਜਾਵਾਂ ਉਸ ਉੱਤੋਂ।
੧੪ ਧੋਵਾਂ।
੧੫ ਵੇਖਾਂ।
੧੬ ਨਿਰਲੇਪ, ਨਿਰਬੰਧਨ।
੧੭ ਵੱਸ ਕੀਤੇ।
੧੮ ਅਗਮ=ਜਿਸ ਤਕ ਕਿਸੇ ਦੀ ਪਹੁੰਚ ਨਾ ਹੋਵੇ। ਅਗਾਧ=ਅਥਾਹ। ਉਸ ਅਪਹੁੰਚ ਤੇ ਅਥਾਹ ਹਰੀ ਦਾ ਨਾਮ ਦਾਨ ਵਜੋਂ ਦਿਓ।
੧੯ ਪੇੜ, ਰੁੱਖ। ਤੂੰ ਰੁੱਖ ਹੈਂ ਤੇ ਸਭ ਸ੍ਰਿਸ਼ਟੀ ਤੇਰੀਆਂ ਸ਼ਾਖਾਂ ਫੁੱਟੀਆਂ ਹੋਈਆਂ ਹਨ, ਭਾਵ ਸਾਰੀ ਰਚਨਾ ਤੇਰਾ ਹੀ ਵਿਸਥਾਰ ਹੈ।
੨੦ ਤੂੰ ਬਾਰੀਕ (ਅਦ੍ਰਿਸ਼ਟ) ਹੋ ਕੇ ਫੇਰ ਦ੍ਰਿਸ਼ਟਮਾਨ ਰੂਪ ਹੋ ਰਿਹਾ ਹੈਂ।
੨੧ ਝੱਗ। ਤੂੰ ਸਮੁੰਦਰ ਹੈਂ ਤੇ ਤੂੰ ਹੀ (ਸਮੁੰਦਰ ਦੇ ਉੱਤੇ) ਝੱਗ ਤੇ ਬੁਲਬੁਲਾ ਹੈਂ। ਤੇਰੇ ਬਿਨਾਂ ਹੋਰ ਕੋਈ ਦਿਸਦਾ ਨਹੀਂ।
੨੨ ਮਣਕੇ।
੨੩ ਗੰਢ।
੨੪ ਸ਼ਰੋਮਣੀ ਮਣਕਾ।
੨੫ ਵਿਚਕਾਰ।
੨੬ ਸਭ ਰਸਾਂ ਦੇ ਭੋਗਣ ਵਾਲਾ। ਤੂੰ ਹੀ ਵਿਰੱਕਤ ਹੈਂ ਅਤੇ ਤੂੰ ਹੀ ਭੋਗੀ ਹੋ ਕੇ ਰਸਾਂ ਵਿੱਚ ਲੱਗਾ ਹੋਇਆ ਹੈਂ।
੨੭ ਫੇਰ।
੨੮ ਭੋਰੀ ਕੁ। ਥੋੜ੍ਹੀ ਜਿਹੀ ਮਿਹਰ ਦੀ ਨਜ਼ਰ ਨਾਲ ਵੇਖ।

* (ਜਦੋਂ ਗੁਰੂ ਦੁਆਰਾ ਪ੍ਰਾਣੀ ਦਾ ਹਰੀ ਨਾਲ ਮੇਲ ਹੋ ਗਿਆ, ਤਦ) ਜਿਵੇਂ ਪਾਣੀ ਦੀ ਲਹਿਰ ਪਾਣੀ ਵਿੱਚ ਰਲ ਜਾਂਦੀ ਹੈ, ਤਿਵੇਂ ਉਸ ਦੀ ਆਤਮ ਜੋਤ ਪਰਮਾਤਮਾ ਜੋਤ ਵਿੱਚ ਮਿਲ ਗਈ।

† ਓਹ ਚੰਗੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਤੈਨੂੰ ਜਾਣਿਆ ਹੈ। ਓਹ ਸਭਨਾਂ ਵਿੱਚ ਰਹਿੰਦੇ ਹੋਏ ਅਸੰਗ ਅਤੇ ਨਿਰਲੇਪ ਹਨ। ਉਨ੍ਹਾਂ ਨੇ ਗੁਰੂ ਦੇ ਸੰਗ ਵਿੱਚ ਸੰਸਾਰ-ਸਾਗਰ ਨੂੰ ਤਰਿਆ ਹੈ, ਅਤੇ ਸਾਰੇ ਵੈਰੀ (ਕਾਮ ਕ੍ਰੋਧ) ਆਦਿ ਕਾਬੂ ਕੀਤੇ ਹਨ।

‡ (ਮਾਲਾ ਦਾ ਅਲੰਕਾਰ ਵਰਤ ਕੇ ਹਰੀ ਦੀ ਸਰਬ-ਵਿਆਪਕਤਾ ਦਿਖਾਈ ਹੈ) ਤੂੰ ਮਾਲਾ ਦਾ ਧਾਗਾ ਹੈਂ, ਤੇ ਤੂੰ ਹੀ ਉਸ ਵਿੱਚ ਪਰੋਤੇ ਮਣਕੇ ਹੈਂ, ਉਸ ਦੇ ਸਿਰੇ 'ਤੇ (ਸਿਰਿ) ਜੋ ਗੰਢ ਅਤੇ ਮੇਰੂ ਮਣਕਾ ਹੈ, ਉਹ ਭੀ ਤੂੰ ਹੀ ਹੈਂ।

§ ਦੇਖੋ ਪੰਨਾ ੯੮, ਫੁਟ ਨੋਟ *।

ਜੀਉ ॥ ੪ ॥ ੨੧ ॥ ੨੮ ॥ ਮਾਝ ਮਹਲਾ ੫ ॥ *ਸਫਲ ਸੁ ਬਾਣੀ ਜਿਤੁ
ਨਾਮੁ ਵਖਾਣੀ ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥ ਧੰਨੁ ਸੁ ਵੇਲਾ ਜਿਤੁ
ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ ॥ ੧ ॥ ਸੇ †ਨੇਤ੍ਰ ਪਰਵਾਣੁ
ਜਿਨੀ ਦਰਸਨੁ ਪੇਖਾ ॥ ‡ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥ ਸੇ ਚਰਣ
ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥ ੨ ॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥ [੧]ਸਾਧਸੰਗਿ ਖਿਨ ਮਾਹਿ ਉਧਾਰੇ ॥
ਕਿਲਵਿਖ[੨] ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥
੩ ॥ ਦੁਇ ਕਰ ਜੋੜਿ ਇਕੁ ਬਿਨਉ[੩] ਕਰੀਜੈ ॥ ਕਰਿ ਕਿਰਪਾ ਡੁਬਦਾ ਪਥਰੁ
ਲੀਜੈ[੪] ॥ ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ ॥
੪ ॥ ੨੨ ॥ ੨੯ ॥ ਮਾਝ ਮਹਲਾ ੫ ॥ ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮ ਗਤਿ[੫] ਮੇਰੀ ॥ ਜਲਨਿ ਬੁਝੀ [੬]ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ ॥ ੧ ॥ ਸੂਖੁ ਭਇਆ ਦੁਖੁ ਦੂਰਿ ਪਰਾਨਾ[੭] ॥
[੮]ਸੰਤ ਰਸਨ ਹਰਿ ਨਾਮੁ ਵਖਾਨਾ ॥ ਜਲ ਥਲ ਨੀਰਿ[੯] ਭਰੇ ਸਰ ਸੁਭਰ[੧੦]
ਬਿਰਥਾ[੧੧] ਕੋਇ ਨ ਜਾਏ ਜੀਉ ॥ ੨ ॥ ਦਇਆ ਧਾਰੀ ਤਿਨਿ
ਸਿਰਜਨਹਾਰੇ[੧੨] ॥ ਜੀਅ ਜੰਤ [੧੩]ਸਗਲੇ ਪ੍ਰਤਿਪਾਰੇ ॥ ਮਿਹਰਵਾਨ ਕਿਰਪਾਲ
ਦਇਆਲਾ ਸਗਲੇ [੧੪]ਤ੍ਰਿਪਤਿ ਅਘਾਏ ਜੀਉ ॥ ੩ ॥ [੧੫]ਵਣੁ ਤ੍ਰਿਣੁ ਤ੍ਰਿਭਵਣੁ
ਕੀਤੋਨੁ ਹਰਿਆ ॥ ਕਰਣਹਾਰਿ ਖਿਨ ਭੀਤਰਿ ਕਰਿਆ ॥ ਗੁਰਮੁਖਿ ਨਾਨਕ
ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ ॥ ੪ ॥ ੨੩ ॥ ੩੦ ॥ ਮਾਝ
ਮਹਲਾ ੫ ॥ ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ[੧੬] ਤੂੰ ਮੇਰਾ
ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ[੧੭] ਜੀਉ ॥ ੧ ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥ ਤੁਝ
ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ[੧੮] ਜੀਉ ॥ ੨ ॥ ਜੀਅ
ਜੰਤ ਸਭਿ ਤੁਧੁ ਉਪਾਏ[੧੯] ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ
ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ[੨੦] ਜੀਉ ॥ ੩ ॥ ਨਾਮੁ ਧਿਆਇ
ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ[੨੧] ॥
[੨੨]ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ[੨੩] ਜੀਉ ॥ ੪ ॥ ੨੪ ॥
੩੧ ॥ ਮਾਝ ਮਹਲਾ ੫ ॥ ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ[੨੪] ॥ ਭਗਤ
ਜੀਵਹਿ ਗੁਣ ਗਾਇ ਅਪਾਰਾ ॥ ਗੁਣ ਨਿਧਾਨ[੨੫] ਅੰਮ੍ਰਿਤੁ ਹਰਿ ਨਾਮਾ ਹਰਿ
ਧਿਆਇ ਧਿਆਇ ਸੁਖੁ ਪਾਇਆ ਜੀਉ ॥ ੧ ॥ ਮਨਸਾ[੨੬] ਧਾਰਿ ਜੋ ਘਰ

੧ ਸਾਧ ਸੰਗ ਨੇ ਪਲ ਵਿੱਚ ਤਾਰ ਦਿੱਤੇ।
੨ ਪਾਪ।
੩ ਬੇਨਤੀ।
੪ ਕੱਢ ਲਓ।
੫ ਸਭ ਤੋਂ ਉੱਚੀ ਅਵਸਥਾ; ਮੁਕਤੀ।
੬ ਠੰਢਾ ਹੋਇਆ ਮਨ।
੭ ਪਲਾਇਨ ਹੋਇਆ, ਨੱਠ ਗਿਆ।
੮ ਸੰਤਾਂ ਦੀ ਰਸਨਾ ਨੇ ਜਦੋਂ ਨਾਮ ਉਚਾਰਿਆ।
੯ ਪਾਣੀ ਨਾਲ। ਜਲ ਥਲ ਤੇ ਸਰ ਸਭ ਪਾਣੀ ਨਾਲ ਨਕਾ-ਨੱਕ ਭਰ ਗਏ; ਭਾਵ ਇੰਦ੍ਰੇ, ਮਨ, ਬੁੱਧੀ ਆਦਿ ਸਭ ਨਾਮ-ਅੰਮ੍ਰਿਤ ਨਾਲ ਭਰਪੂਰ ਹੋ ਗਏ।
੧੦ ਨਕਾ-ਨੱਕ।
੧੧ ਖ਼ਾਲੀ।
੧੨ ਪੈਦਾ ਕਰਨ ਵਾਲੇ ਨੇ।
੧੩ ਸਾਰਿਆਂ ਦੀ ਪਾਲਨਾ ਕੀਤੀ।
੧੪ ਰੱਜ ਗਏ।
੧੫ ਜੰਗਲ, ਘਾਹ ਅਤੇ ਤਿੰਨੇ ਭਵਨ (ਅਰਥਾਤ ਸਾਰਾ ਸੰਸਾਰ) ਉਸ ਨੇ ਹਰੇ ਕੀਤੇ।
੧੬ ਰਿਸ਼ਤੇਦਾਰ।
੧੭ ਅੰਦੇਸ਼ਾ, ਚਿੰਤਾ।
੧੮ ਖੇਡਣ ਦੀ ਥਾਂ, ਸੰਸਾਰ।
੧੯ ਪੈਦਾ ਕੀਤੇ।
੨੦ ਅਸਾਡਾ।
੨੧ ਠੰਢਾ ਹੋ ਗਿਆ।
੨੨ ਪੂਰੇ ਗੁਰੂ ਦੀ ਰਾਹੀਂ ਪਰਗਟ ਹੋਈ ਹੈ, ਵਧਾਈ।
੨੩ ਵਿਖਮ-ਅਖਾੜਾ, ਅਉਖਾ ਮੈਦਾਨੇ-ਜੰਗ; ਸੰਸਾਰ।
੨੪ ਆਸਰਾ।
੨੫ ਗੁਣਾਂ ਦਾ ਖ਼ਜ਼ਾਨਾ।
੨੬ ਇੱਛਾ, ਆਸ਼ਾ।

* ਓਹ ਬਾਣੀ ਚੰਗੀ ਹੈ, ਜਿਸ ਦੇ ਰਾਹੀਂ ਹਰੀ ਦਾ ਨਾਮ ਉਚਾਰਨ ਹੋਵੇ, ਪਰ ਕਿਸੇ ਵਿਰਲੇ ਨੂੰ ਹੀ ਗੁਰੂ ਦੀ ਕਿਰਪਾ ਦੁਆਰਾ ਇਸ ਬਾਣੀ ਦਾ ਪਤਾ ਲੱਗਾ ਹੈ। (ਨਾਮ ਤੋਂ ਬਿਨਾਂ ਹੋਰ ਗੱਲਾਂ ਦੱਸਣ ਵਾਲੀਆਂ ਤ੍ਰੈਗੁਣੀ ਬਾਣੀਆਂ ਬਥੇਰੀਆਂ ਹਨ।)

† ਓਹ ਅੱਖੀਆਂ ਕਬੂਲ ਪੈਣ ਵਾਲੀਆਂ ਹਨ, ਜਿਨ੍ਹਾਂ ਨੇ ਹਰੀ ਦਾ ਦਰਸ਼ਨ ਦੇਖਿਆ ਹੈ।

‡ ਓਹ ਹੱਥ ਚੰਗੇ ਹਨ, ਜਿਨ੍ਹਾਂ ਨੇ ਹਰੀ ਦੀ ਉਸਤਤੀ ਲਿਖੀ ਹੈ। ਓਹ ਪੈਰ ਸੋਹਣੇ ਹਨ ਜੋ ਹਰੀ ਦੇ ਰਸਤੇ ਉੱਤੇ ਚੱਲਦੇ ਹਨ। ਮੈਂ ਕੁਰਬਾਨ ਜਾਵਾਂ! ਉਨ੍ਹਾਂ ਦੇ ਸੰਗ ਵਿੱਚ ਹਰੀ ਪਛਾਣੀਦਾ ਹੈ।

ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ ॥ ਆਸ ਮਨੋਰਥੁ ਪੂਰਨੁ ਹੋਵੈ [1]ਭੇਟਤ ਗੁਰ ਦਰਸਾਇਆ ਜੀਉ ॥ ੨ ॥ ਅਗਮ[2] ਅਗੋਚਰ[3] ਕਿਛੁ ਮਿਤਿ[4] ਨਹੀ ਜਾਨੀ ॥ *ਸਾਧਿਕ ਸਿਧ ਧਿਆਵਹਿ ਗਿਆਨੀ ॥ ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥ ੩ ॥ †ਅਨਦ ਮੰਗਲ ਕਲਿਆਣ[5] ਨਿਧਾਨਾ ॥ [6]ਸੂਖ ਸਹਜ ਹਰਿ ਨਾਮੁ ਵਖਾਨਾ ॥ ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥ ੪ ॥ ੨੫ ॥ ੩੨ ॥ ਮਾਝ ਮਹਲਾ ੫ ॥ ਸੁਣਿ ਸੁਣਿ ਜੀਵਾ ਸੋਇ[7] ਤੁਮਾਰੀ ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥ ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੁੋਪਾਲਾ ਜੀਉ ॥ ੧ ॥ ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ [8]ਮਲੁ ਸਗਲੀ ਖੋਵੈ ॥ ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥ ੨ ॥ ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ[9] ॥ ਇਹ ਮਤਿ [10]ਗੁਰ ਪ੍ਰਸਾਦਿ ਮਨਿ ਧਾਰਉ ॥ ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ[11] [12]ਸਰਬ ਮਇਆ ਪ੍ਰਤਿਪਾਲਾ ਜੀਉ ॥ ੩ ॥ ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥ ਚਲਿਤ[13] ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ ॥ ੪ ॥ ੨੬ ॥ ੩੩ ॥ ਮਾਝ ਮਹਲਾ ੫ ॥ ਹੁਕਮੀ ਵਰਸਣ ਲਾਗੇ ਮੇਹਾ[14] ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥ [15]ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥ ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥ ਕਰਿ ਕਿਰਪਾ [16]ਪ੍ਰਭਿ ਸਗਲ ਰਜਾਇਆ ॥ ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ[17] ਜੀਉ ॥ ੨ ॥ ਸਚਾ ਸਾਹਿਬੁ [18]ਸਚੀ ਨਾਈ ॥ ਗੁਰ ਪਰਸਾਦਿ ਤਿਸੁ ਸਦਾ ਧਿਆਈ ॥ ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ[19] ਜੀਉ ॥ ੩ ॥ ਸਾਸਿ ਸਾਸਿ ਨਾਨਕੁ ਸਾਲਾਹੇ ॥ ਸਿਮਰਤ ਨਾਮੁ ਕਾਟੇ ਸਭਿ ਫਾਹੇ ॥ ਪੂਰਨ ਆਸ ਕਰੀ [20]ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥ ੪ ॥ ੨੭ ॥ ੩੪ ॥ ਮਾਝ ਮਹਲਾ ੫ ॥ ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹ ਗੁਣ ਅਗਮ[2] ਅਪਾਰੇ ॥ ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥ ੧ ॥ ਜਨਮ ਜਨਮ ਕੇ ਕਿਲਬਿਖ[21] ਜਾਵਹਿ ॥ ਮਨਿ ਚਿੰਦੇ[22] ਸੇਈ ਫਲ ਪਾਵਹਿ ॥ ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥ ੨ ॥ ਨਾਮੁ ਜਪਤ ਸਰਬ ਸੁਖੁ ਪਾਈਐ ॥ ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥ ਜਿਨਿ ਸੇਵਿਆ ਸੋ ਪਾਰਗਿਰਾਮੀ[23] ਕਾਰਜ ਸਗਲੇ ਥੀਏ[3] ਜੀਉ ॥ ੩ ॥ ਆਇ ਪਇਆ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਲੈਹਿ ਮਿਲਾਈ ॥

੧ ਗੁਰੂ ਦੇ ਦਰਸ਼ਨ ਮਿਲਦਿਆਂ ਹੀ।
੨ ਜਿਸ ਤਕ ਕਿਸੇ ਦੀ ਪਹੁੰਚ ਨਾ ਹੋਵੇ।
੩ ਜੋ ਇੰਦ੍ਰਿਆਂ ਦਾ ਵਿਸ਼ਾ ਨਹੀਂ।
੪ ਅੰਦਾਜ਼ਾ।
੫ ਮੁਕਤੀ।
੬ ਗੁਰਮਤ ਵਿੱਚ ਹੋਰਨਾਂ ਸੁਖਾਂ ਦੇ ਮੁਕਾਬਲੇ 'ਤੇ ਸਹਜ ਸੁਖ ਆਉਂਦਾ ਹੈ ਜੋ ਅਸਲੀ ਸੁਖ ਹੈ ਤੇ ਮਨ ਨੂੰ ਟਿਕਾਣੇ 'ਤੇ ਰੱਖਦਾ ਹੈ।
੭ ਖ਼ਬਰ।
੮ ਮੇਲ ਸਾਰੀ।
੯ ਯਾਦ ਕਰਦਾ ਹਾਂ।
੧੦ ਗੁਰੂ ਦੀ ਕਿਰਪਾ ਨਾਲ ਦਿਲ ਵਿੱਚ ਵਸਾਵਾਂ।
੧੧ ਚਾਨਣਾ।
੧੨ ਹੇ ਸਭ 'ਤੇ ਦਇਆ ਕਰਨ ਵਾਲੇ ਤੇ ਪਾਲਣ ਵਾਲੇ।
੧੩ ਚੋਜ।
੧੪ ਮੀਂਹ (ਅੰਮ੍ਰਿਤ ਨਾਮ ਰੂਪ)।
੧੫ ਠੰਢੀ ਸ਼ਾਂਤੀ ਅਤੇ ਸਹਿਜ ਵਾਲਾ ਸੁਖ ਮਿਲਿਆ।
੧੬ ਪ੍ਰਭੂ ਨੇ ਸਭ ਨੂੰ ਰਜਾ ਦਿੱਤਾ।
੧੭ ਰੱਜ ਜਾਵਣ।
੧੮ ਸੱਚੇ ਨਾਮ ਕਰ ਕੇ।
੧੯ ਜਲਨ, ਸਾੜ।
੨੦ ਥੋੜ੍ਹੇ ਚਿਰ ਵਿੱਚ ਹੀ।
੨੧ ਪਾਪ।
੨੨ ਮਨਿੱਛਤ, ਮਨ-ਭਾਉਂਦੇ।
੨੩ ਪਾਰ ਜਾਣ ਵਾਲਾ।
੨੪ ਹੋ ਗਏ (ਸੰਪੂਰਨ)।

* ਜਿਸ ਨੂੰ ਅਭਿਆਸੀ ਲੋਕ, ਸ਼ਕਤੀ ਵਾਲੇ ਸਾਧ ਅਤੇ ਗਿਆਨੀ ਲੋਕ ਸਿਮਰਦੇ ਹਨ, ਉਸ ਨੂੰ ਜਦ ਹਉਮੈ ਦੂਰ ਹੋਈ ਅਤੇ ਭੁਲੇਖਾ ਮਿਟ ਗਿਆ-ਗੁਰੂ ਜੀ ਨੇ ਮਨ ਵਿੱਚ ਹੀ ਜ਼ਾਹਰ ਕਰ ਦੱਸਿਆ।

† ਖੁਸ਼ੀ, ਅਨੰਦ ਮੁਕਤੀ ਦਾ ਖ਼ਜ਼ਾਨਾ; ਅਤੇ (ਉਸ ਤੋਂ ਵੀ ਉੱਤੇ) ਸਹਜ ਅਵਸਥਾ ਵਾਲਾ ਸੁਖ ਦੇਣ ਵਾਲਾ ਹਰੀ-ਨਾਮ ਮੈਂ ਜਪਿਆ, ਤਾਂ ਦਿਆਲੂ ਮਾਲਕ ਨੇ ਕਿਰਪਾ ਕਰ ਕੇ ਆਪਣਾ ਨਾਮ ਹਿਰਦੇ ਵਿੱਚ ਹੀ ਵਸਾ ਦਿੱਤਾ।

ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥ ੪ ॥ ੨੮ ॥ ੩੫ ॥ ਮਾਝ ਮਹਲਾ ੫ ॥ ਭਏ ਕ੍ਰਿਪਾਲ ਗੋਵਿੰਦ ਗੁਸਾਈ ॥ [੧]ਮੇਘੁ ਵਰਸੈ ਸਭਨੀ ਥਾਈ ॥ [੨]ਦੀਨ ਦਇਆਲ ਸਦਾ ਕਿਰਪਾਲਾ [੩]ਠਾਢਿ ਪਾਈ ਕਰਤਾਰੇ ਜੀਉ ॥ ੧ ॥ ਅਪੁਨੇ ਜੀਅ ਜੰਤ ਪ੍ਰਤਿਪਾਰੇ[੪] ॥ ਜਿਉ ਬਾਰਿਕ ਮਾਤਾ ਸੰਮਾਰੇ ॥ [੫]ਦੁਖ ਭੰਜਨ ਸੁਖ ਸਾਗਰ ਸੁਆਮੀ [੬]ਦੇਤ ਸਗਲ ਆਹਾਰੇ ਜੀਉ ॥ ੨ ॥ [੭]ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥ ਸਦ ਬਲਿਹਾਰਿ[੮] ਜਾਈਐ ਕੁਰਬਾਨਾ ॥ [੯]ਰੈਣਿ ਦਿਨਸੁ ਤਿਸੁ ਸਦਾ ਧਿਆਈ ਜਿ [੧੦]ਖਿਨ ਮਹਿ ਸਗਲ ਉਧਾਰੇ ਜੀਉ ॥ ੩ ॥ ਰਾਖਿ ਲੀਏ ਸਗਲੇ ਪ੍ਰਭਿ ਆਪੇ ॥ ਉਤਰਿ ਗਏ ਸਭ ਸੋਗ ਸੰਤਾਪੇ[੧੧] ॥ ਨਾਮੁ ਜਪਤ ਮਨੁ ਤਨੁ ਹਰੀਆਵਲੁ ਪ੍ਰਭ ਨਾਨਕ [੧੨]ਨਦਰਿ ਨਿਹਾਰੇ ਜੀਉ ॥ ੪ ॥ ੨੯ ॥ ੩੬ ॥ ਮਾਝ ਮਹਲਾ ੫ ॥ ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ[੧੩] ਸੋਇਨ[੧੪] ਚਉਬਾਰੇ ॥ ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥ ੧ ॥ [*]ਹਰਿ ਰੁਖੀ ਰੋਟੀ ਖਾਇ ਸਮਾਲੇ ॥ ਹਰਿ ਅੰਤਰਿ ਬਾਹਰਿ [੧੨]ਨਦਰਿ ਨਿਹਾਲੇ ॥ ਖਾਇ ਖਾਇ ਕਰੇ ਬਦਫੈਲੀ[੧੫] ਜਾਣੁ [੧੬]ਵਿਸੂ ਕੀ ਵਾੜੀ ਜੀਉ ॥ ੨ ॥ ਸੰਤਾ ਸੇਤੀ ਰੰਗੁ[੧੭] ਨ ਲਾਏ ॥ ਸਾਕਤ[੧੮] ਸੰਗਿ ਵਿਕਰਮ[੧੯] ਕਮਾਏ ॥ ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ[੨੦] ਜੀਉ ॥ ੩ ॥ ਤੇਰੀ ਸਰਣਿ ਮੇਰੇ ਦੀਨ ਦਇਆਲਾ ॥ ਸੁਖ ਸਾਗਰ ਮੇਰੇ ਗੁਰ ਗੋਪਾਲਾ ॥ ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ [੨੧]ਸਰਮ ਅਸਾੜੀ ਜੀਉ ॥ ੪ ॥ ੩੦ ॥ ੩੭ ॥ ਮਾਝ ਮਹਲਾ ੫ ॥ ਚਰਣ ਠਾਕੁਰ ਕੇ ਰਿਦੈ[੨੨] ਸਮਾਣੇ ॥ [੨੩]ਕਲਿ ਕਲੇਸ ਸਭ ਦੂਰਿ ਪਇਆਣੇ[੨੪] ॥ ਸਾਂਤਿ ਸੂਖ [੨੫]ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥ ੧ ॥ ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥ ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥ ੨ ॥ [੨੬]ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥ [੨੭]ਤ੍ਰਿਪਤਿ ਅਘਾਇ ਰਹੇ ਜਨ ਤੇਰੇ [੨੮]ਸਤਿਗੁਰਿ ਕੀਆ ਦਿਲਾਸਾ ਜੀਉ ॥ ੩ ॥ ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥ ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥ ੪ ॥ ੩੧ ॥ ੩੮ ॥ ਮਾਝ ਮਹਲਾ ੫ ॥ ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥ ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥ ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ[੪] ॥

੧ ਬੱਦਲ ਵਸਦਾ ਹੈ।
੨ ਗ਼ਰੀਬਾਂ ਉੱਤੇ ਕਿਰਪਾ ਕਰਨ ਵਾਲਾ।
੩ ਕਰਤਾਰ ਨੇ ਠੰਢ ਪਾਈ।
੪ ਪਾਲੇ।
੫ ਦੁੱਖ ਦੇ ਤੋੜਨ ਵਾਲਾ, ਦੁੱਖ ਦੂਰ ਕਰਨ ਵਾਲਾ।
੬ ਦਿੰਦਾ ਹੈ ਸਾਰਿਆਂ ਨੂੰ ਖ਼ੁਰਾਕ।
੭ ਜਲ ਵਿੱਚ, ਖੁਸ਼ਕੀ ਵਿੱਚ (ਭਾਵ ਸਭ ਥਾਂ) ਭਰਿਆ ਹੋਇਆ ਹੈ।
੮ ਵਾਰਨੇ।
੯ ਰਾਤੀਂ ਦਿਨੇ।
੧੦ ਥੋੜ੍ਹੇ ਚਿਰ ਵਿੱਚ ਸਾਰੇ ਤਾਰ ਦਿੱਤੇ।
੧੧ ਅੰਦਰ ਦੇ ਦੁੱਖ।
੧੨ ਕਿਰਪਾ ਦੀ ਨਜ਼ਰ ਨਾਲ ਵੇਖਦਾ ਹੈ।
੧੩ ਨਹੀਂ ਹੈ ਜੋ ਚੰਗਾ ਸਥਲ (ਥਾਂ); ਉਜਾੜ।
੧੪ ਸੋਨੇ ਦੇ। ਉਹ ਉਜਾੜ ਥਾਵਾਂ ਭੀ ਸੋਨੇ ਦੇ ਚੁਬਾਰੇ ਹਨ।
੧੫ ਬੁਰੇ ਫ਼ੇਲ, ਮੰਦੇ ਕੰਮ।
੧੬ ਜ਼ਹਿਰ ਦੀ ਖੇਤੀ (ਸਮਝ)।
੧੭ ਪ੍ਰੇਮ।
੧੮ [ਸ਼ਕਤੀ ਦਾ ਉਪਾਸ਼ਕ] ਮਾਇਆ ਨੂੰ ਪਿਆਰ ਕਰਨ ਵਾਲਾ।
੧੯ ਬੁਰੇ ਕੰਮ।
੨੦ ਉਖਾੜੀ।
੨੧ ਲੱਜਾ ਸਾਡੀ।
੨੨ ਹਿਰਦੇ ਵਿੱਚ, ਦਿਲ ਵਿੱਚ।
੨੩ ਕਲਪਣਾ ਤੇ ਦੁੱਖ।
੨੪ [ਹਿੰਦੀ, ਪਯਾਨ ਕਰ ਗਏ] ਕੂਚ ਕਰ ਗਏ, ਚਲੇ ਗਏ।
੨੫ ਸਹਜ ਧੁਨੀ ਪੈਦਾ ਹੋਈ। ਮਨ ਦੇ ਪੂਰੇ ਟਿਕਾਉ ਕਰ ਕੇ ਜਦ ਅਨੰਦ ਦੀ ਸ਼ਕਲ ਸੰਗੀਤਕ ਹੋ ਜਾਏ, ਉਸ ਹਾਲਤ ਨੂੰ ਸਹਿਜ ਧੁਨੀ ਦਾ ਉਠਣਾ ਕਹਿੰਦੇ ਹਨ। ਟਿਕਾਉ ਵਾਲਾ ਅਨੰਦ ਪੈਦਾ ਹੋਇਆ।
੨੬ ਅਨਹਦ ਰੂਪ ਗੁਰਬਾਣੀ ਅੰਮ੍ਰਿਤ ਹੋ ਕੇ ਵਸ ਰਹੀ ਹੈ। ਜੋਗੀ ਲੋਕ ਅਨਹਤ ਸ਼ਬਦ ਨੂੰ ਬਹੁਤ ਸਰਾਹੁੰਦੇ ਹਨ। ਉਨ੍ਹਾਂ ਦੇ ਕਥਨ ਅਨੁਸਾਰ ਇਹ ਸ਼ਬਦ ਬਿਨਾਂ ਵਜਾਏ ਵੱਜਦਾ ਅਤੇ ਦਸਮ ਦੁਆਰ ਵਿੱਚ ਸੁਣੀਦਾ ਹੈ। ਗੁਰੂ ਜੀ ਗੁਰ-ਸ਼ਬਦ ਦੀ ਧੁਨੀ ਨੂੰ ਹੀ 'ਅਨਹਦ ਬਾਣੀ' ਕਹਿੰਦੇ ਹਨ।
੨੭ ਰੱਜ ਗਏ।
੨੮ ਸਤਿਗੁਰੂ ਨੇ ਐਸਾ ਦਿਲ ਨੂੰ ਆਰਾਮ ਦਿੱਤਾ ਹੈ।

* ਜੋ ਰੁੱਖੀ ਰੋਟੀ ਖਾ ਕੇ ਹਰੀ ਨੂੰ ਚੇਤੇ ਕਰਦਾ ਹੈ, ਹਰੀ ਉਸ ਨੂੰ ਅੰਦਰ ਬਾਹਰ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ; ਭਾਵ ਉਸ ਦੀ ਚੰਗੀ ਤਰ੍ਹਾਂ ਸੰਭਾਲਣਾ ਕਰਦਾ ਹੈ। ਪਰ ਜਿਹੜਾ ਖਾ-ਖਾ ਕੇ ਮੰਦੇ ਕੰਮ ਕਰਦਾ ਰਹਿੰਦਾ ਹੈ, ਜਾਣੋ ਉਸ ਦੀ ਜ਼ਿੰਦਗੀ ਜ਼ਹਿਰ ਦੀ ਖੇਤੀ ਹੈ।

ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥ ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ[1] ਜੀਉ ॥ ੨ ॥ ਸਰਬ ਜੀਆ ਕਉ ਦੇਵਣਹਾਰਾ ॥ [2]ਗੁਰ ਪਰਸਾਦੀ ਨਦਰਿ ਨਿਹਾਰਾ ॥ [3]ਜਲ ਥਲ ਮਹੀਅਲ ਸਭਿ ਤ੍ਰਿਪਤਾਣੇ [4]ਸਾਧੂ ਚਰਨ ਪਖਾਲੀ ਜੀਉ ॥ ੩ ॥ ਮਨ ਕੀ ਇਛ ਪੁਜਾਵਣਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥ ਨਾਨਕ ਦਾਨੁ ਕੀਆ [5]ਦੁਖ ਭੰਜਨਿ [6]ਰਤੇ ਰੰਗਿ ਰਸਾਲੀ ਜੀਉ ॥ ੪ ॥ ੩੨ ॥ ੩੯ ॥ ਮਾਝ ਮਹਲਾ ੫ ॥ ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ *ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥ ੧ ॥ ਸਦਾ ਸਦਾ ਤੂੰਹੈ ਸੁਖਦਾਈ ॥ ਨਿਵਿ ਨਿਵਿ ਲਾਗਾ ਤੇਰੀ ਪਾਈ[7] ॥ ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥ ੨ ॥ ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥ ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥ ਜਿਥੈ ਰਖਹਿ ਬੈਕੁੰਠੁ ਤਿਥਾਈ[8] ਤੂੰ ਸਭਨਾ ਕੇ ਪ੍ਰਤਿਪਾਲਾ[9] ਜੀਉ ॥ ੩ ॥ ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ ਆਠ ਪਹਰ ਤੇਰੇ ਗੁਣ ਗਾਇਆ ॥ [10]ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ[11] ਜੀਉ ॥ ੪ ॥ ੩੩ ॥ ੪੦ ॥ ਮਾਝ ਮਹਲਾ ੫ ॥ ਪਾਰਬ੍ਰਹਮਿ ਪ੍ਰਭਿ [12]ਮੇਘੁ ਪਠਾਇਆ ॥ ਜਲਿ ਥਲਿ ਮਹੀਅਲਿ ਦਹ ਦਿਸਿ[13] ਵਰਸਾਇਆ ॥ ਸਾਂਤਿ ਭਈ ਬੁਝੀ ਸਭ ਤ੍ਰਿਸਨਾ[14] ਅਨਦੁ ਭਇਆ ਸਭ ਠਾਈ ਜੀਉ ॥ ੧ ॥ ਸੁਖਦਾਤਾ [5]ਦੁਖ ਭੰਜਨਹਾਰਾ ॥ ਆਪੇ ਬਖਸਿ ਕਰੇ ਜੀਅ ਸਾਰਾ[15] ॥ ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ ॥ ੨ ॥ ਜਾ ਕੀ ਸਰਣਿ ਪਇਆ ਗਤਿ[16] ਪਾਈਐ ॥ ਸਾਸਿ ਸਾਸਿ ਹਰਿ ਨਾਮੁ ਧਿਆਈਐ ॥ ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ[17] ਜੀਉ ॥ ੩ ॥ ਤੇਰਾ ਮਾਣੁ ਤਾਣੁ ਪ੍ਰਭ ਤੇਰਾ ॥ ਤੂੰ ਸਚਾ ਸਾਹਿਬੁ [18]ਗੁਣੀ ਗਹੇਰਾ ॥ ਨਾਨਕੁ ਦਾਸੁ ਕਹੈ ਬੇਨੰਤੀ ਆਠ ਪਹਰ ਤੁਧੁ ਧਿਆਈ ਜੀਉ ॥ ੪ ॥ ੩੪ ॥ ੪੧ ॥ ਮਾਝ ਮਹਲਾ ੫ ॥ ਸਭੇ ਸੁਖ ਭਏ ਪ੍ਰਭ ਤੁਠੇ[19] ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥ †ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥ ੧ ॥ ਅਗਮ[20] ਅਗੋਚਰੁ[21] ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥ ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ[22] ਪਛਾਣੈ ਜੀਉ ॥ ੨ ॥ ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥ ਸਹਜਿ[23] ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥ ੩ ॥ ਹਥੀ[24] ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ[25] ॥ ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ[26] ਮਾਣੇ ਜੀਉ ॥ ੪ ॥ ੩੫ ॥

੧ ਘਾਲ, ਮਿਹਨਤ।
੨ ਗੁਰੂ ਦੀ ਮਿਹਰ ਦੁਆਰਾ ਉਸ (ਹਰੀ) ਨੇ ਕਿਰਪਾ ਦ੍ਰਿਸ਼ਟੀ ਨਾਲ ਦੇਖਿਆ।
੩ ਪਾਣੀ, ਖੁਸ਼ਕੀ ਤੇ ਜ਼ਿਮੀਂ ਅਸਮਾਨ ਦੇ ਵਿਚਕਾਰਲੀ ਥਾਂ ਸਭ ਰੱਜ ਗਏ; ਭਾਵ ਸਭ ਸੰਸਾਰ ਤ੍ਰਿਪਤ ਹੋਇਆ।
੪ ਮੈਂ ਐਸੇ ਗੁਰੂ ਦੇ ਚਰਨ ਧੋਵਾਂ।
੫ ਦੁੱਖ ਦੇ ਤੋੜਨ ਵਾਲੇ ਨੇ।
੬ ਰਸਾਂ ਵਾਲੇ ਹਰੀ ਦੇ ਪਿਆਰ ਵਿੱਚ ਰੰਗੇ ਗਏ।
੭ ਪੈਰਾਂ ਨੂੰ।
੮ ਉਥੇ ਹੀ।
੯ ਪਾਲਣ ਵਾਲਾ।
੧੦ ਸਾਰੀਆਂ ਭਾਵਣੀਆਂ ਪੂਰੀਆਂ ਹੋਈਆਂ।
੧੧ ਦੁੱਖ।
੧੨ ਬੱਦਲ ਭੇਜਿਆ।
੧੩ ਦਸੌਂ ਦਿਸ਼ਾਂ ਵਿੱਚ, ਸਾਰੇ ਪਾਸੇ।
੧੪ ਤੇਹ।
੧੫ ਸਾਰ, ਖ਼ਬਰ।
੧੬ ਮੁਕਤੀ।
੧੭ ਥਾਵਾਂ।
੧੮ ਗੁਣਾਂ ਕਰ ਕੇ ਗੰਭੀਰ, ਅਥਾਹ ਗੁਣਾਂ ਵਾਲਾ।
੧੯ ਮਿਹਰ ਕਰਨ ਨਾਲ।
੨੦ ਜਿਸ ਤੋੜੀ ਪਹੁੰਚ ਨਾ ਹੋਵੇ।
੨੧ ਜੋ ਇੰਦਰਿਆਂ ਦਾ ਵਿਸ਼ਾ ਨਾ ਹੋਵੇ।
੨੨ ਆਪਣੇ ਸਰੂਪ ਨੂੰ।
੨੩ ਪੂਰਨ ਟਿਕਾਉ ਵਿੱਚ।
੨੪ ਬਾਂਹ, ਸਹਾਰਾ।
੨੫ ਦੂਰ ਕੀਤੇ।
੨੬ ਮੌਜਾਂ, ਅਨੰਦ।

* ਰੂਹ ਤੇ ਸਰੀਰ ਸਾਰੀ ਤੇਰੀ ਦਿੱਤੀ ਪੂੰਜੀ ਹੈ (ਜਿਸ ਨੂੰ ਵਰਤ ਕੇ ਮੈਂ ਇਸ ਸੰਸਾਰ ਵਿੱਚ ਕੁਝ ਖੱਟਣਾ ਹੈ); ਇਨ੍ਹਾਂ ਵਿੱਚ ਬਲ ਭੀ ਤੇਰਾ ਹੀ ਹੈ।

† ਗੁਰਮਤ ਵਿੱਚ ਹੱਠ-ਸਮਾਧੀ ਦੇ ਉਲਟ ਸਹਿਜ-ਸਮਾਧੀ ਹੈ, ਜੋ ਨਿਰਜਤਨ ਪੂਰੇ ਟਿਕਾਉ ਵਾਲੀ ਹੁੰਦੀ ਹੈ। ਇਸ ਦਸ਼ਾ ਵਿੱਚ ਬਿਨਾਂ ਜਤਨ ਵਾਹਿਗੁਰੂ ਵਿੱਚ ਪਿਆਰ ਬਣਿਆ ਰਹਿੰਦਾ ਹੈ।

੪੨ ॥ ਮਾਝ ਮਹਲਾ ੫ ॥ ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥ [੧]ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥ ੧ ॥ ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ[੨] ਥਾਨੁ ਨ ਦਿਸੈ ਕੋਈ ॥ ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ[੩] ਜੀਉ ॥ ੨ ॥ ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥ ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥ ੩ ॥ ਚਰਣ ਕਮਲ ਜਨ ਕਾ ਆਧਾਰੋ[੪] ॥ ਆਠ ਪਹਰ ਰਾਮ ਨਾਮੁ ਵਾਪਾਰੋ ॥ [੫]ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ [੬]ਸਰਬ ਸਮਾਹਿਆ ਜੀਉ ॥ ੪ ॥ ੩੬ ॥ ੪੩ ॥ ਮਾਝ ਮਹਲਾ ੫ ॥ ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ [੭]ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥ ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ[੮] ਕੁਰਬਾਣੋ ਜੀਉ ॥ ੧ ॥ ਸਚੁ ਵਡਾਈ ਕੀਮ[੯] ਨ ਪਾਈ ॥ ਕੁਦਰਤਿ ਕਰਮੁ[੧੦] ਨ ਕਹਣਾ ਜਾਈ ॥ ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ[੧੧] ਜੀਉ ॥ ੨ ॥ ਸਚੁ ਸਾਲਾਹਣੁ ਵਡਭਾਗੀ ਪਾਈਐ ॥ [੧੨]ਗੁਰ ਪਰਸਾਦੀ ਹਰਿ ਗੁਣ ਗਾਈਐ ॥ *ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥ ੩ ॥ ਸਚੇ ਅੰਤੁ ਨ ਜਾਣੈ ਕੋਈ ॥ [੧੩]ਥਾਨਿ ਥਨੰਤਰਿ ਸਚਾ ਸੋਈ ॥ ਨਾਨਕ ਸਚੁ ਧਿਆਈਐ ਸਦ ਹੀ [੧੪]ਅੰਤਰਜਾਮੀ ਜਾਣੋ ਜੀਉ ॥ ੪ ॥ ੩੭ ॥ ੪੪ ॥ ਮਾਝ ਮਹਲਾ ੫ ॥ [੧੫]ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥ ਘੜੀ ਮੂਰਤ[੧੬] ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥ ੧ ॥ ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥ ੨ ॥ ਪ੍ਰਭੁ ਸਮਰਥੁ ਵਡ ਊਚ ਅਪਾਰਾ ॥ [੧੭]ਨਉ ਨਿਧਿ ਨਾਮੁ ਭਰੇ ਭੰਡਾਰਾ ॥ ਆਦਿ ਅੰਤਿ ਮਧਿ[੧੮] ਪ੍ਰਭੁ ਸੋਈ ਦੂਜਾ [੧੯]ਲਵੈ ਨ ਲਾਈ ਜੀਉ ॥ ੩ ॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਜਾਚਿਕੁ ਜਾਚੈ ਸਾਧ ਰਵਾਲਾ[੨੦] ॥ ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥ ੪ ॥ ੩੮ ॥ ੪੫ ॥ ਮਾਝ ਮਹਲਾ ੫ ॥ ਐਥੈ ਤੂੰਹੈ ਆਗੈ ਆਪੇ ॥ ਜੀਅ ਜੰਤ੍ਰ ਸਭਿ ਤੇਰੇ ਥਾਪੇ ॥ ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥ ੧ ॥ ਰਸਨਾ[੨੧] ਜਪਿ ਜਪਿ ਜੀਵੈ ਸੁਆਮੀ ॥ ਪਾਰਬ੍ਰਹਮ ਪ੍ਰਭ ਅੰਤਰਜਾਮੀ ॥ ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥ ੨ ॥ ਨਾਮੁ ਅਵਖਧੁ[੨੨]

੧ ਕਬੂਲ ਕੀਤਾ, ਲੜ ਲਾਇਆ।
੨ ਔਖਾ, ਦੁਰਗਮ, ਦੁੱਖਦਾਈ।
੩ ਚਾਹਿਆ ਹੈ।
੪ ਆਸਰਾ।
੫ ਅਡੋਲ ਅਵਸਥਾ ਵਾਲੇ ਅਨੰਦ ਨਾਲ ਹਰੀ ਦੇ ਗੁਣ ਗਾਉਂਦੇ ਹਨ।
੬ ਜੋ ਸਭ ਵਿੱਚ ਵਿਆਪਕ ਹੈ।
੭ ਉਹ ਦਿਲ ਸੁਖਾਲਾ, ਅਰਾਮ ਵਾਲਾ।
੮ ਉੱਤੋਂ।
੯ ਕੀਮਤ।
੧੦ ਬਖ਼ਸ਼ਿਸ਼।
੧੧ ਮਾਨਿਆ ਹੈ (ਸੱਚੇ ਸ਼ਬਦ ਨੂੰ)।
੧੨ ਗੁਰੂ ਦੀ ਕਿਰਪਾ ਨਾਲ।
੧੩ ਥਾਵਾਂ ਵਿੱਚ ਤੇ ਉਨ੍ਹਾਂ ਦੇ ਵਿਚਕਾਰ ਜੋ ਵਿੱਥਾਂ ਹਨ ਉਨ੍ਹਾਂ ਵਿੱਚ।
੧੪ ਅੰਦਰ ਦੀਆਂ ਜਾਨਣ ਵਾਲਾ ਜਾਣੂੰ।
੧੫ ਰਾਤ ਸੋਹਣੀ ਤੇ ਦਿਨ ਸੁਖਾਲਾ ਹੋਵੀ, ਜੇ ਅੰਮ੍ਰਿਤ ਨਾਮ ਜਪੇਂ ਤੇ ਸੰਤਾਂ ਦਾ ਸੰਗ ਕਰੇਂ।
੧੬ ਮਹੂਰਤ, ਦੋ ਘੜੀ। ਜਿਥੇ ਸਿਮਰਨ ਵਿੱਚ ਘੜੀ ਪਲ ਲੰਘਣ, ਉਹੋ ਥਾਂ ਸਫਲ ਹੈ।
੧੭ ਦੇਖੋ ਪੰਨਾ ੧੦, ਫੁਟ ਨੋਟ §।
੧੮ ਵਿਚਕਾਰ।
੧੯ (ਮੈਂ) ਨੇੜੇ ਨਹੀਂ ਲੱਗਣ ਦਿੰਦਾ, ਬਰਾਬਰ ਦਾ ਨਹੀਂ ਸਮਝਦਾ।
੨੦ ਮਿੱਟੀ, ਚਰਨ ਧੂੜੀ। ਮੰਗਤਾ ਮੰਗਦਾ ਹੈ ਸਾਧੂ ਦੀ ਚਰਨ-ਧੂੜ।
੨੧ ਜੀਭ।
੨੨ ਦਵਾਈ।

* ਜੋ ਤੇਰੇ ਪ੍ਰੇਮ (ਰੰਗ) ਵਿੱਚ ਰੱਤੇ ਹੋਏ ਹਨ, ਓਹੀ ਤੈਨੂੰ ਚੰਗੇ ਲੱਗਦੇ ਹਨ; ਉਨ੍ਹਾਂ ਪਾਸ ਤੇਰੀ ਪ੍ਰਸੰਨਤਾ ਦੀ ਨਿਸ਼ਾਨੀ ਤੇਰਾ ਦਿੱਤਾ ਸੱਚਾ ਨਾਮ ਹੈ।

ਜਿਨਿ ਜਨ ਤੇਰੈ ਪਾਇਆ ॥ ਜਨਮ ਜਨਮ ਕਾ ਰੋਗੁ ਗਵਾਇਆ ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥ ੩ ॥ [੧]ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ [੨]ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ[੩] ਨਾਨਕ [੪]ਇਹ ਮਤਿ ਸਾਰੀ ਜੀਉ ॥ ੪ ॥ ੩੯ ॥ ੪੬ ॥ ਮਾਝ ਮਹਲਾ ੫ ॥ ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ[੫] ਦੀਜੈ ਅਪਨਾ ਵਾਰੇ ॥ ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥ ੧ ॥ ਸੋਈ ਸਾਜਨ ਮੀਤੁ ਪਿਆਰਾ ॥ ਰਾਮ ਨਾਮੁ ਸਾਧਸੰਗਿ ਬੀਚਾਰਾ ॥ ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥ ੨ ॥ [੬]ਚਾਰਿ ਪਦਾਰਥ ਹਰਿ ਕੀ ਸੇਵਾ ॥ [*]ਪਾਰਜਾਤੁ ਜਪਿ ਅਲਖ[੭] ਅਭੇਵਾ[੮] ॥ ਕਾਮੁ ਕ੍ਰੋਧੁ ਕਿਲਬਿਖ[੯] ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥ ੩ ॥ ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ[੧੦] ॥ ਨਾਨਕ ਨਾਮੁ ਵਸਿਆ ਜਿਸੁ ਅੰਤਰਿ [੧੧]ਪਰਵਾਣੁ ਗਿਰਸਤ ਉਦਾਸਾ ਜੀਉ ॥ ੪ ॥ ੪੦ ॥ ੪੭ ॥ ਮਾਝ ਮਹਲਾ ੫ ॥ ਸਿਮਰਤ ਨਾਮੁ ਰਿਦੈ[੧੨] ਸੁਖੁ ਪਾਇਆ ॥ ਕਰਿ ਕਿਰਪਾ ਭਗਤੀ ਪ੍ਰਗਟਾਇਆ ॥ ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥ ੧ ॥ ਜਾ ਕੈ ਗ੍ਰਿਹਿ [੧੩]ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ[੧੪] ਕਮਾਈ ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ[੧੫] ਜੀਉ ॥ ੨ ॥ ਖਿਨ ਮਹਿ ਥਾਪਿ ਉਥਾਪਨਹਾਰਾ[੧੬] ॥ ਆਪਿ ਇਕੰਤੀ[੧੭] ਆਪਿ ਪਸਾਰਾ ॥ ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥ ੩ ॥ ਅੰਚਲਿ[੧੮] ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ ॥ ਗੁਰ ਬੋਹਿਥੁ[੧੯] ਪਾਇਆ ਕਿਰਪਾ ਤੇ ਨਾਨਕ [੨੦]ਧੁਰਿ ਸੰਜੋਗਾ ਜੀਉ ॥ ੪ ॥ ੪੧ ॥ ੪੮ ॥ ਮਾਝ ਮਹਲਾ ੫ ॥ ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ[੨੧] ॥ ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥ ੧ ॥ ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥ †ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥ ੨ ॥ ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥ ਹਉ ਬਲਿਹਾਰੀ[੨੨] ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ[੨੩] ਜੀਉ ॥ ੩ ॥ ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ[੨੪] ॥ ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ

੧ ਕਿਰਪਾ-ਦ੍ਰਿਸ਼ਟੀ ਧਾਰ ਕੇ ਜਦੋਂ।
੨ ਹਰ ਇਕ ਵਿੱਚ।
੩ ਹੇ ਬਾਬਾ, ਹੇ ਭਾਈ!
੪ ਇਹ ਮੱਤ ਸ੍ਰੇਸ਼ਟ ਹੈ।
੫ ਸਭ ਕੁਝ।
੬ ਪੁਰਾਣਾਂ ਅਨੁਸਾਰ ਚਾਰ ਪਦਾਰਥ ਇਹ ਹਨ :- ਅਰਥ (ਦੁਨਿਆਵੀ ਪ੍ਰਤਾਪ), ਧਰਮ, ਕਾਮ (ਸਫਲਤਾ), ਮੋਖ (ਮੁਕਤੀ)। ਹਰੀ ਦੀ ਸੇਵਾ ਹੀ ਚਾਰ ਪਦਾਰਥ ਹਨ।
੭ ਜਿਸ ਨੂੰ ਨਾ ਸਮਝ ਸਕੀਏ।
੮ ਜਿਸ ਦਾ ਭੇਦ ਨਾ ਪਾ ਸਕੀਏ।
੯ ਪਾਪ।
੧੦ ਵਾਹਿਗੁਰੂ। ਦੇਖੋ ਪੰਨਾ ੨੩, ਨੋਟ ੨੮।
੧੧ ਉਸ ਦਾ ਗ੍ਰਹਸਤ ਵਿੱਚ ਰਹਿਣਾ ਜਾਂ ਫਕੀਰ ਹੋ ਕੇ ਰਹਿਣਾ, ਦੋਵੇਂ ਪ੍ਰਵਾਨ ਹਨ।
੧੨ ਦਿਲ ਵਿੱਚ।
੧੩ ਦੇਖੋ ਪੰਨਾ ੧੦, ਫੁਟ ਨੋਟ §।
੧੪ ਪਿਛਲੀ।
੧੫ ਸਮਰਥ।
੧੬ ਉਠਾ ਦੇਣ ਵਾਲਾ। ਪਲ ਵਿੱਚ ਬਣਾ ਕੇ ਢਾਹ ਦੇਣ ਵਾਲਾ ਹੈ।
੧੭ ਇਕੱਲਾ। ਨਿਰਗੁਣ ਸਰਗੁਣ ਆਪ ਹੀ ਹੈ।
੧੮ ਪੱਲੇ ਨਾਲ।
੧੯ ਜਹਾਜ਼।
੨੦ ਰੱਬ ਦੇ ਹਜ਼ੂਰੋਂ ਪਏ ਚੰਗੇ ਭਾਗਾਂ ਦੇ ਜੋੜ ਕਰ ਕੇ।
੨੧ ਥਾਂ।
੨੨ ਕੁਰਬਾਨ।
੨੩ ਪੀਹ ਦਿੱਤਾ ਹੈ।
੨੪ ਪਾਪ।

* ਇੰਦਰ ਦੇ ਬਾਗ ਦਾ ਕੀਮਤੀ ਰੁੱਖ, ਜਿਸ ਨੂੰ ਕ੍ਰਿਸ਼ਨ ਜੀ ਨੇ ਆਪਣੀ ਗੋਪੀ ਸਤਭਾਮਾ ਲਈ ਆਂਦਾ ਸੀ। ਅਲਖ ਹਰੀ ਨੂੰ ਜਪਣਾ ਪਾਰਜਾਤ ਹੈ, ਦੇਖੋ ਪੰਨਾ ੫੨, ਫੁਟ ਨੋਟ *।

† ਜਿਸ ਦੇ ਉਲਟੇ ਕਮਲ, ਭਾਵ ਬੇਮੁਖ ਹਿਰਦੇ ਨੂੰ ਚਾਨਣਾ ਮਿਲਦਾ ਹੈ, ਉਹ ਸਭ ਤੋਂ ਨਿਰਲੇਪ ਹਰੀ ਨੂੰ ਦੇਖਦਾ ਹੈ। [ਕਮਲ ਮੂਧਾ ਪਿਆ ਹੋਵੇ, ਤਾਂ ਉਸ ਵਿੱਚ ਸੂਰਜ ਦਾ ਚਾਨਣਾ ਨਹੀਂ ਪੈਂਦਾ, ਨਾ ਹੀ ਉਸ ਵਿੱਚ ਆ ਕੇ ਅੰਮ੍ਰਿਤ ਝਰਦਾ ਹੈ, "ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ" (ਗੂਜਰੀ ਮ: ੧)।] ਹਿਰਦੇ ਰੂਪੀ ਕਮਲ ਜਦ ਸਿੱਧਾ ਹੋਵੇ, ਤਾਂ ਉਸ ਵਿੱਚ ਵਾਹਿਗੁਰੂ ਦੀ ਮਿਹਰ ਨਾਲ ਗਿਆਨ ਦਾ ਚਾਨਣਾ ਪੈਂਦਾ ਹੈ, ਤੇ ਉਸ ਨਾਲ ਮਨੁੱਖ ਨਿਰਲੇਪ ਵਾਹਿਗੁਰੂ ਨੂੰ ਦੇਖ ਲੈਂਦਾ ਹੈ।

ਭ੍ਰਮੁ ਭਉ ਧੀਠਾ[੧] ਜੀਉ ॥ ੪ ॥ ੪੨ ॥ ੪੯ ॥ ਮਾਂਝ ਮਹਲਾ ੫ ॥ ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥ ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ [੨]ਨਿਹਚਲੁ ਕਹਣਾ ॥ ੧ ॥ ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ ਗੁਣ ਗਾਵੈ [੩]ਅਨਦਿਨੁ ਨਿਤਿ ਜਾਗੀ ॥ ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ [੪]ਮਸਤਕਿ ਲਹਣਾ ॥ ੨ ॥ ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ[੫] ॥ ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ[੬] ਨਾਮੁ ਸਚੇ ਕਾ ਗਹਣਾ ॥ ੩ ॥ ਊਠਤ ਬੈਠਤ ਹਰਿ ਹਰਿ ਗਾਈਐ ॥ ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥ ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥ ੪ ॥ ੪੩ ॥ ੫੦ ॥

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ* ੧ ੴ ਸਤਿਗੁਰ ਪ੍ਰਸਾਦਿ ॥

[੭]ਸਬਦਿ ਰੰਗਾਏ ਹੁਕਮਿ ਸਬਾਏ ॥ ਸਚੀ ਦਰਗਹ ਮਹਲਿ ਬੁਲਾਏ ॥ ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ[੮] ॥ ੧ ॥ ਹਉ ਵਾਰੀ ਜੀਉ ਵਾਰੀ [੯]ਸਬਦਿ ਸੁਹਾਵਣਿਆ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥ ੧ ॥ ਰਹਾਉ ॥ ਨਾ ਕੋ ਮੇਰਾ ਹਉ ਕਿਸੁ ਕੇਰਾ[੧੦] ॥ ਸਾਚਾ ਠਾਕੁਰੁ ਤ੍ਰਿਭਵਣਿ[੧੧] ਮੇਰਾ ॥ ਹਉਮੈ ਕਰਿ ਕਰਿ ਜਾਇ ਘਣੇਰੀ[੧੨] ਕਰਿ ਅਵਗਣ ਪਛੋਤਾਵਣਿਆ ॥ ੨ ॥ ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ[੧੩] ॥ ਗੁਰ ਕੈ ਸਬਦਿ ਨਾਮਿ ਨੀਸਾਣੈ[੧੪] ॥ [੧੫]ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥ ੩ ॥ ਮਨਮੁਖੁ[੧੬] ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ [੧੭]ਮੁਕਤੇ ਨਾਮੁ ਧਿਆਵਣਿਆ ॥ ੪ ॥ ਸਾਕਤ[੧੮] ਕੂੜੇ ਸਚੁ ਨ ਭਾਵੈ ॥ [੧੯]ਦੁਬਿਧਾ ਬਾਧਾ ਆਵੈ ਜਾਵੈ ॥ ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ[੨੦] ਮੁਕਤਿ ਕਰਾਵਣਿਆ ॥ ੫ ॥ ਪੇਈਅੜੈ[੨੧] ਪਿਰੁ ਜਾਤੋ ਨਾਹੀ ॥ [੨੨]ਝੂਠਿ ਵਿਛੁੰਨੀ ਰੋਵੈ ਧਾਹੀ ॥ [੨੩]ਅਵਗਣਿ ਮੁਠੀ ਮਹਲੁ ਨ ਪਾਏ [੨੪]ਅਵਗਣ ਗੁਣਿ ਬਖਸਾਵਣਿਆ ॥ ੬ ॥ ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥ ਆਵਣੁ ਜਾਣਾ [੨੫]ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥ ੭ ॥ ਗੁਰਮੁਖਿ [੨੬]ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥ ੮ ॥ ੧ ॥

੧ ਠਹਿਰਿਆ ਹੋਇਆ, ਜੰਮਿਆ ਹੋਇਆ।
੨ ਨਿਹਚਲ, ਅਮਰ ਕਹਾਉਂਦਾ ਹੈ।
੩ ਹਰ ਰੋਜ਼ ਲਗਾਤਾਰ ਜਾਗ ਕੇ।
੪ ਮੱਥੇ 'ਤੇ ਲਾਭ ਲੈਣਾ ਲਿਖਿਆ ਹੈ।
੫ ਲੁੱਟੇ ਗਏ।
੬ ਮੰਗਦੇ ਹਨ।
੭ ਉਹ ਹਰੀ ਆਪਣੇ ਹੁਕਮ ਵਿੱਚ ਸ਼ਬਦ ਦੁਆਰਾ ਸਭਨਾਂ ਨੂੰ ਰੰਗਦਾ ਹੈ।
੮ ਪਤੀਜਦਾ। ਸੱਚੇ ਤੋਂ ਹੀ ਮਨ ਪਤੀਜਦਾ ਹੈ।
੯ ਜੋ ਸ਼ਬਦ ਰਾਹੀਂ ਸੁੰਦਰ ਹੋਏ ਹਨ।
੧੦ ਦਾ।
੧੧ ਤਿੰਨਾਂ ਭਵਨਾਂ ਵਿੱਚ, ਸਾਰੀ ਰਚਨਾ ਵਿੱਚ।
੧੨ ਬਹੁਤੀ।
੧੩ ਆਖਦਾ ਹੈ, ਉਚਾਰਦਾ ਹੈ।
੧੪ ਪਰਗਟ। ਸ਼ਬਦ ਤੇ ਨਾਮ ਦੁਆਰਾ ਪਰਗਟ ਹੁੰਦਾ ਹੈ।
੧੫ ਸਾਰਿਆਂ ਦਾ ਸੱਚੇ ਦਰਬਾਰ ਵਿੱਚ ਲੇਖਾ ਹੋਵੇਗਾ, ਛੁੱਟੇਗਾ ਓਹੀ ਜੋ ਨਾਮ ਦੁਆਰਾ ਸੰਵਾਰਿਆ ਗਿਆ ਹੈ।
੧੬ ਦੇਖੋ ਪੰਨਾ ੧੧, ਨੋਟ ੨੧।
੧੭ ਨਾਮ ਧਿਆਵਣ ਵਾਲੇ ਮੁਕਤ ਹਨ।
੧੮ [ਸ਼ਕਤੀ ਦਾ ਉਪਾਸ਼ਕ] ਮਾਇਆ ਨੂੰ ਪਿਆਰ ਕਰਨ ਵਾਲੇ ਨੂੰ।
੧੯ [ਦ੍ਵਿ-ਵਿਧ] ਦੁਪਾਸੀ ਬਿਰਤੀ ਦਾ ਬੱਧਾ ਹੋਇਆ ਜੰਮਦਾ ਮਰਦਾ ਰਹਿੰਦਾ ਹੈ।
੨੦ ਗੁਰੂ ਦੁਆਰਾ।
੨੧ ਇਸ ਲੋਕ ਰੂਪੀ ਪੇਕੇ ਘਰ ਵਿੱਚ।
੨੨ ਝੂਠ ਕਰ ਕੇ ਵਿਛੜੀ ਹੈ ਅਤੇ ਢਾਹੀਂ ਮਾਰ ਰੋਂਦੀ ਹੈ।
੨੩ ਅਵਗੁਣਾਂ ਕਰ ਕੇ ਛਲੀ ਹੋਈ ਆਪਣੇ ਅਸਲੀ ਘਰ ਨੂੰ ਨਹੀਂ ਪਾ ਸਕਦੀ।
੨੪ ਪਾਪ ਗੁਣਾਂ ਨਾਲ ਬਖ਼ਸ਼ੀਦੇ ਹਨ।
੨੫ ਰੋਕ ਰੱਖਦਾ ਹੈ।
੨੬ ਅਕੱਥ ਹਰੀ ਨੂੰ ਬੁੱਝਦਾ ਹੈ ਅਤੇ ਹੋਰਨਾਂ ਤੋਂ ਕਹਾਉਂਦਾ ਹੈ।

* ਦੇਖੋ ਪੰਨਾ ੧੪, ਫੁਟ ਨੋਟ †।

ਮਾਝ ਮਹਲਾ ੩ ਘਰੁ ੧ ॥ ਕਰਮੁ[੧] ਹੋਵੈ ਸਤਿਗੁਰੂ ਮਿਲਾਏ ॥ [*]ਸੇਵਾ ਸੁਰਤਿ ਸਬਦਿ ਚਿਤੁ ਲਾਏ ॥ ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ[੨] ॥ [੩]ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥ ਤਨੁ ਮਨੁ ਖੋਜੇ ਤਾ ਨਾਉ ਪਾਏ ॥ [੪]ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਕੀ ਬਾਣੀ ਅਨਦਿਨੁ ਗਾਵੈ [੫]ਸਹਜੇ ਭਗਤਿ ਕਰਾਵਣਿਆ ॥ ੨ ॥ [੬]ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ †ਨਉ ਦਰਵਾਜੇ ਦਸਵੈ ਮੁਕਤਾ[੭] ਅਨਹਦ ਸਬਦੁ ਵਜਾਵਣਿਆ ॥ ੩ ॥ ਸਚਾ ਸਾਹਿਬੁ [੮]ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥ ੪ ॥ ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥ ਅਗਿਆਨੀ ਅੰਧਾ ਮਗੁ[੯] ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥ ੫ ॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥ ਗੁਰ ਸਾਖੀ[੧੦] ਮਿਟਿਆ ਅੰਧਿਆਰਾ [੧੧]ਬਜਰ ਕਪਾਟ ਖੁਲਾਵਣਿਆ ॥ ੬ ॥ ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥ ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥ ੭ ॥ ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥ ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥ ੮ ॥ ੧ ॥ ੨ ॥ ਮਾਝ ਮਹਲਾ ੩ ॥ ਮੇਰਾ ਪ੍ਰਭੁ ਨਿਰਮਲੁ ਅਗਮ[੧੨] ਅਪਾਰਾ ॥ ਬਿਨੁ ਤਕੜੀ ਤੋਲੈ ਸੰਸਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ[੧੩] ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥ ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥ ਆਪਿ ਸੁਣੈ ਤੈ[੧੪] ਆਪੇ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ[੧੫] ॥ ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ ॥ ੨ ॥ ਜਿਸੁ ਆਪਿ ਭੁਲਾਏ ਸੁ [੧੬]ਕਿਥੈ ਹਥੁ ਪਾਏ ॥ ਪੂਰਬਿ[੧੭] ਲਿਖਿਆ ਸੁ ਮੇਟਣਾ ਨ ਜਾਏ ॥ ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ[੧੮] ਮਿਲਾਵਣਿਆ ॥ ੩ ॥ [੧੯]ਪੇਈਅੜੈ ਧਨ ਅਨਦਿਨੁ ਸੁਤੀ ॥ ਕੰਤਿ ਵਿਸਾਰੀ ਅਵਗਣਿ ਮੁਤੀ[੨੦] ॥ ਅਨਦਿਨੁ ਸਦਾ [੨੧]ਫਿਰੈ ਬਿਲਲਾਦੀ ਬਿਨੁ ਪਿਰ ਨੀਦ ਨ ਪਾਵਣਿਆ ॥ ੪ ॥ ਪੇਈਅੜੈ ਸੁਖਦਾਤਾ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਸੇਜ ਸੁਹਾਵੀ ਸਦਾ ਪਿਰੁ

੧ ਭਾਗ।
੨ ਕੁਰਬਾਨ ਹਾਂ (ਗੁਰੂ ਉੱਤੋਂ)।
੩ ਗੁਰੂ ਦੀ ਸਿੱਖਿਆ ਦੁਆਰਾ ਚਾਨਣਾ ਹੋਇਆ ਹਿਰਦੇ ਵਿੱਚ ਅਤੇ ਹਰ ਰੋਜ਼ ਹਰੀ ਗੁਣ ਗਾਵਣ ਲੱਗੇ।
੪ ਦੌੜਦੇ ਮਨ ਨੂੰ ਮੋੜੇ ਅਤੇ ਰੋਕ ਰੱਖੇ।
੫ ਸੁਤੇ-ਸਿਧ।
੬ ਇਸ ਸਰੀਰ ਵਿੱਚ ਅਣਗਿਣਤ ਚੀਜ਼ਾਂ ਹਨ।
੭ ਬੰਧਨ ਰਹਿਤ। ਨੌਂ ਗੋਲਕਾਂ ਦੀ ਵਾਸ਼ਨਾਂ ਤੋਂ ਉੱਤੇ ਹੋ ਕੇ ਦਸਮ ਦੁਆਰ ਵਿੱਚ ਅੱਪੜ ਕੇ ਮੁਕਤ ਹੁੰਦਾ ਹੈ। ਉੱਥੇ ਅਨਹਦ ਸ਼ਬਦ ਵੱਜਦਾ ਹੈ। ਅਨਹਦ ਲਈ ਦੇਖੋ ਪੰਨਾ ੧੩, ਨੋਟ ੬।
੮ ਸੱਚੇ ਨਾਮ ਕਰ ਕੇ।
੯ ਰਸਤਾ।
੧੦ ਗੁਰੂ ਦੀ ਸਿੱਖਿਆ ਦੁਆਰਾ।
੧੧ [ਵਜ੍ਰ=ਇੰਦਰ ਦੀ ਗਦਾ] ਕਰੜੇ ਕਿਵਾੜ (ਤਖ਼ਤੇ) ਅਗਿਆਨਤਾ ਦੇ।
੧੨ ਜਿਸ ਤੋੜੀ ਕਿਸੇ ਦੀ ਪਹੁੰਚ ਨਾ ਹੋਵੇ।
੧੩ ਗੁਣਾਂ ਵਾਲੇ ਵਾਹਿਗੁਰੂ ਵਿੱਚ। ਗੁਣ ਗਾ ਕੇ ਗੁਣੀ ਵਾਹਿਗੁਰੂ ਵਿੱਚ ਸਮਾ ਸਕੀਦਾ ਹੈ।
੧੪ ਅਤੇ।
੧੫ ਉਸ ਦੇ ਲੇਖੇ ਵਿੱਚ ਪੈਂਦਾ ਹੈ, ਕਬੂਲ ਹੁੰਦਾ ਹੈ।
੧੬ ਕਿਸ ਦਾ ਆਸਰਾ ਲਵੇ?
੧੭ ਪਿਛਲਾ, ਧੁਰ ਤੋਂ, ਰੱਬ ਦੇ ਹਜ਼ੂਰੋਂ।
੧੮ ਭਾਗਾਂ ਨਾਲ।
੧੯ ਇਸ ਲੋਕ ਰੂਪੀ ਪੇਕੇ ਘਰ ਵਿੱਚ ਜੀਵ ਰੂਪ ਇਸਤਰੀ ਲਗਾਤਾਰ ਸੁੱਤੀ ਰਹੀ।
੨੦ ਛੱਡੀ ਹੋਈ। ਅਵਗੁਣਾਂ ਕਰ ਕੇ ਤਿਆਗੀ ਹੋਈ ਹੈ।
੨੧ ਰੋਂਦੀ ਫਿਰਦੀ।

* ਤਾਂਹੀਓਂ ਸੇਵਾ ਵਿੱਚ ਬਿਰਤੀ ਲੱਗਦੀ ਹੈ, ਅਤੇ ਗੁਰਬਾਣੀ ਵਿੱਚ ਦਿਲ ਲੱਗਦਾ ਹੈ।
† ਨੌਂ ਗੋਲਕਾਂ-ਦੋ ਕੰਨ, ਦੋ ਨਾਸਾਂ, ਦੋ ਅੱਖਾਂ, ਮੂੰਹ, ਗੁਦਾ ਅਤੇ ਲਿੰਗ।

ਰਾਵੇ ਸਚੁ ਸੀਗਾਰੁ ਬਣਾਵਣਿਆ ॥ ੫ ॥ ਲਖ ਚਉਰਾਸੀਹ ਜੀਅ ਉਪਾਏ ॥
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥ ਕਿਲਬਿਖ[੧] ਕਾਟਿ ਸਦਾ
ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥ ੬ ॥ *ਲੇਖਾ ਮਾਗੈ ਤਾ
[੨]ਕਿਨਿ ਦੀਐ ॥ ਸੁਖੁ ਨਾਹੀ ਫੁਨਿ [੩]ਦੂਐ ਤੀਐ ॥ ਆਪੇ ਬਖਸਿ ਲਏ
ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥ ੭ ॥ ਆਪਿ ਕਰੇ ਤੈ ਆਪਿ
ਕਰਾਏ ॥ ਪੂਰੇ ਗੁਰ ਕੈ ਸਬਦਿ ਮਿਲਾਏ ॥ ਨਾਨਕ ਨਾਮੁ ਮਿਲੈ ਵਡਿਆਈ
ਆਪੇ ਮੇਲਿ ਮਿਲਾਵਣਿਆ ॥ ੮ ॥ ੨ ॥ ੩ ॥ ਮਾਝ ਮਹਲਾ ੩ ॥ ਇਕੋ
ਆਪਿ ਫਿਰੈ ਪਰਛੰਨਾ[੪] ॥ [੫]ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥ [੬]ਤ੍ਰਿਸਨਾ
ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥ ੧ ॥ ਹਉ ਵਾਰੀ
ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥ ਗੁਰਮਤੀ ਮਨੁ ਇਕਤੁ
ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥ ੧ ॥ ਰਹਾਉ ॥ ਇਹੁ ਜਗੁ
ਭੂਲਾ ਤੈਂ ਆਪਿ ਭੁਲਾਇਆ ॥ ਇਕੁ ਵਿਸਾਰਿ ਦੂਜੈ ਲੋਭਾਇਆ ॥ ਅਨਦਿਨੁ[੭]
ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥ ੨ ॥ ਜੋ ਰੰਗਿ
ਰਾਤੇ [੮]ਕਰਮ ਬਿਧਾਤੇ ॥ [੯]ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥ ਜਿਸ ਨੋ
ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥ ੩ ॥ ਮਾਇਆ
ਮੋਹਿ ਹਰਿ ਚੇਤੈ ਨਾਹੀ ॥ ਜਮ ਪੁਰਿ ਬਧਾ ਦੁਖ ਸਹਾਹੀ ॥ ਅੰਨਾ ਬੋਲਾ
ਕਿਛੁ ਨਦਰਿ ਨ ਆਵੈ ਮਨਮੁਖ[੧੦] ਪਾਪਿ ਪਚਾਵਣਿਆ[੧੧] ॥ ੪ ॥ ਇਕਿ
[੧੨]ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ ॥ ਭਾਇ ਭਗਤਿ ਤੇਰੈ ਮਨਿ
ਭਾਏ ॥ ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ ॥
੫ ॥ ਹਰਿ ਜੀਉ ਤੇਰੀ ਸਦਾ ਸਰਣਾਈ ॥ ਆਪੇ ਬਖਸਿਹਿ ਦੇ ਵਡਿਆਈ ॥
ਜਮਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ ॥
੬ ॥ ਅਨਦਿਨੁ ਰਾਤੇ ਜੋ ਹਰਿ ਭਾਏ ॥ ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥
ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥ ੭ ॥
ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ ਸਚੁ ਵਖਾਣੇ[੧੩] ॥
ਨਾਨਕ ਨਾਮਿ ਰਤੇ ਬੈਰਾਗੀ[੧੪] ਨਿਜ ਘਰਿ[੧੫] ਤਾੜੀ ਲਾਵਣਿਆ ॥ ੮ ॥
੩ ॥ ੪ ॥ ਮਾਝ ਮਹਲਾ ੩ ॥ ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ
ਚਾਪੈ[੧੬] ਦੁਖੁ ਨ ਸੰਤਾਪੈ[੧੭] ॥ ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ
ਮਨ ਸਚਿ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ
ਸੋਭਾ ਪਾਵਣਿਆ ॥ ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ[੧੮]
ਸਮਾਵਣਿਆ ॥ ੧ ॥ ਰਹਾਉ ॥ †ਕਾਇਆ ਕਚੀ ਕਚਾ ਚੀਰੁ[੧੯] ਹੰਢਾਏ ॥

੧ ਪਾਪ।

੨ ਕੌਣ ਦੇ ਸਕਦਾ ਹੈ?

੩ ਦੋ ਤਿੰਨ ਗਿਣਨ ਵਿੱਚ, ਗਿਣਤੀ ਵਿੱਚ, ਲੇਖਾ ਦੇਣ ਵਿੱਚ।

੪ ਲੁਕਿਆ ਹੋਇਆ, ਗੁਪਤ ਸੂਖਮ।

੫ ਗੁਰੂ ਦੁਆਰੇ ਵੇਖੀਏ, ਤਾਂ ਇਸ ਮਨ ਦੀ ਨਿਸ਼ਾ ਹੋ ਸਕਦੀ ਹੈ।

੬ ਖਾਹਿਸ਼ਾਂ ਛੱਡ ਕੇ ਅਡੋਲਤਾ ਵਾਲਾ ਸੁਖ ਪਾਇਆ, ਇਕੋ ਨੂੰ ਮਨ ਵਿੱਚ ਵਸਾ ਕੇ। ਦੇਖੋ ਪੰਨਾ ੧੦੪, ਨੋਟ ੬।

੭ ਹਰ ਰੋਜ਼।

੮ ਕਰਮਾਂ ਦੇ ਰਚਨਹਾਰ ਹਰੀ (ਦੇ ਪ੍ਰੇਮ ਵਿੱਚ ਜੋ ਰੱਤੇ ਹਨ)।

੯ ਗੁਰੂ ਦੀ ਸੇਵਾ ਤੋਂ ਚਵ੍ਹਾਂ ਜੁਗਾਂ ਵਿੱਚ ਜਾਣੇ ਗਏ; ਹਮੇਸ਼ਾਂ ਵਾਸਤੇ ਸ਼ੋਭਾ ਪਾ ਗਏ।

੧੦ ਦੇਖੋ ਪੰਨਾ ੧੧, ਨੋਟ ੨੧।

੧੧ ਸੜਦਾ ਹੈ, ਖਪਦਾ ਹੈ।

੧੨ ਪ੍ਰੇਮ ਵਿੱਚ ਲੱਗ ਗਏ।

੧੩ ਬਿਆਨ ਕਰਦੇ ਹਨ, ਆਖਦੇ ਹਨ, ਬੋਲਦੇ ਹਨ।

੧੪ ਪਿਆਰ ਵਾਲੇ।

੧੫ ਆਪਣੇ ਅਸਲੀ ਸਰੂਪ ਵਿੱਚ।

੧੬ ਦਬਾਉਂਦਾ।

੧੭ ਸਤਾਉਂਦਾ।

੧੮ ਸਹਜ ਅਵਸਥਾ ਵਿੱਚ। ਦੇਖੋ ਪੰਨਾ ੨੬ ਨੋਟ ੬।

੧੯ ਕੱਪੜਾ, ਗੁਣਾਂ ਰੂਪੀ ਸ਼ਿੰਗਾਰ (ਰੂਪ ਤੇ ਜਾਤ ਦਾ ਮਾਣ)। ਇਸ ਕੱਚੇ ਪਹਰਾਵੇ ਦੇ ਉਲਟ ਪੱਕਾ ਸ਼ਿੰਗਾਰ ਇਸ ਅਸਟਪਦੀ ਦੇ ਚੌਥੇ ਅੰਕ ਵਿੱਚ ਦਿੱਤਾ ਹੈ।

* ਪਹਿਲਾਂ ਤੋਂ ਜੇ ਵਾਹਿਗੁਰੂ ਲੇਖਾ ਮੰਗੇ ਤਾਂ ਕਉਣ ਦੇ ਸਕਦਾ ਹੈ? ਫਿਰ ਜੇ ਦੇਵੀਏ ਭੀ ਤਾਂ ਕੋਈ ਸੁਖ ਨਹੀਂ। ਇਸ ਲਈ ਉਸ ਦੀ ਮਿਹਰ ਵੱਲ ਹੀ ਵੇਖਣਾ ਚਾਹੀਦਾ ਹੈ ਕਿ ਉਹ ਆਪੇ ਸੱਚਾ ਬਖ਼ਸ਼ ਲਵੇਗਾ, ਅਤੇ ਬਖ਼ਸ਼ ਕੇ ਆਪਣੇ ਨਾਲ ਮਿਲਾ ਲਵੇਗਾ।

† ਸਰੀਰ ਛੇਤੀ ਛਿਜ ਜਾਣ ਵਾਲਾ ਹੈ, (ਭਾਵ ਜ਼ਿੰਦਗੀ ਬਹੁਤ ਚਿਰ ਨਹੀਂ ਰਹਿਣ ਵਾਲੀ), ਉੱਤੋਂ ਕੱਪੜਾ ਭੀ ਉਹ ਹੰਢਾ ਰਹੀ ਹੈ ਜੋ ਛੇਤੀ ਫਟ ਜਾਣ ਵਾਲਾ ਹੈ, (ਭਾਵ ਗੁਣ ਭੀ ਉਹ ਵਿਹਾਝ ਰਹੀ ਹੈ ਜੋ ਨਾਲ ਜਾਣ ਵਾਲੇ ਨਹੀਂ, ਜਿਵੇਂ ਦੇਹ ਤੇ ਜਾਤ ਦਾ ਅਭਿਮਾਨ)। ਆਪਣੇ ਪਤੀ ਨੂੰ ਛੱਡ ਕੇ ਕਿਸੇ ਹੋਰ ਵੱਲ ਰੁਚੀ ਹੋਣ ਕਰ ਕੇ ਪਤੀ-ਮਹਲ ਨੂੰ ਪ੍ਰਾਪਤ ਨਹੀਂ ਹੋ ਸਕਦੀ।

ਦੂਜੈ ਲਾਗੀ ਮਹਲੁ ਨ ਪਾਏ ॥ ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ ॥ ੨ ॥ [੧]ਦੇਹੀ ਜਾਤਿ ਨ ਆਗੈ ਜਾਏ ॥ ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥ ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥ ੩ ॥ *ਭੈ ਭਾਇ ਸੀਗਾਰੁ ਬਣਾਏ ॥ ਗੁਰ ਪਰਸਾਦੀ ਮਹਲੁ ਘਰੁ ਪਾਏ ॥ ਅਨਦਿਨੁ ਸਦਾ ਰਵੈ ਦਿਨੁ ਰਾਤੀ [੨]ਮਜੀਠੈ ਰੰਗੁ ਬਣਾਵਣਿਆ ॥ ੪ ॥ ਸਭਨਾ ਪਿਰੁ ਵਸੈ ਸਦਾ ਨਾਲੇ ॥ [੩]ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥ ਮੇਰਾ ਪ੍ਰਭੁ ਅਤਿ ਊਚੋ ਊਚਾ ਕਰਿ ਕਿਰਪਾ ਆਪਿ ਮਿਲਾਵਣਿਆ ॥ ੫ ॥ ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ[੪] ॥ [੫]ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥ ੬ ॥ ਅਪਿਉ[੬] ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥ †ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥ ੭ ॥ ਆਪਿ ਉਪਾਏ ਧੰਧੈ ਲਾਏ ॥ ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥ ਨਾਨਕ ਨਾਮੁ ਧਿਆਇ ਸਚਿ ਰਾਤੇ ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥ ੮ ॥ ੪ ॥ ੫ ॥ ਮਾਝ ਮਹਲਾ ੩ ॥ [੭]ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥ ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥ [੮]ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੧ ॥ ਰਹਾਉ ॥ ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ[੯] ਅਪਾਰਾ ॥ ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥ ੨ ॥ ਮੇਰਾ ਠਾਕੁਰੁ ਸਚੁ ਦ੍ਰਿੜਾਏ[੧੦] ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥ ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥ ੩ ॥ ਵੇਪਰਵਾਹੁ ਸਚੁ ਮੇਰਾ ਪਿਆਰਾ ॥ ਕਿਲਵਿਖ[੧੧] ਅਵਗਣ ਕਾਟਣਹਾਰਾ ॥ [੧੨]ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥ ੪ ॥ ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ ਆਪੇ ਦੇਇ ਨ ਪਛੋਤਾਵੈ ॥ ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥ ੫ ॥ ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥ ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥ ਆਪੇ ਮੇਲਿ ਲੈਹੁ ਪ੍ਰਭ ਸਾਚੇ [੧੩]ਪੂਰੈ ਕਰਮਿ ਤੂੰ ਪਾਵਣਿਆ ॥ ੬ ॥ ਮੈ ਹੋਰੁ ਨ ਕੋਈ ਤੁਧੈ ਜੇਹਾ ॥ [੧੪]ਤੇਰੀ ਨਦਰੀ ਸੀਝਸਿ ਦੇਹਾ ॥ ਅਨਦਿਨੁ[੧੫] ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥ ੭ ॥ ਤੁਧੁ ਜੇਵਡੁ ਮੈ ਹੋਰੁ ਨ ਕੋਈ ॥ ਤੁਧੁ ਆਪੇ ਸਿਰਜੀ[੧੬] ਆਪੇ ਗੋਈ[੧੭] ॥

੧ ਸਰੀਰ ਤੇ ਜਾਤ ਅੱਗੇ ਨਹੀਂ ਜਾਂਦੇ; ਦੇਹੀ ਦੇ ਜਾਤ ਦੇ ਅਭਿਮਾਨ ਦੀ ਅੱਗੇ ਪੁੱਛ ਨਹੀਂ ਹੁੰਦੀ, ਇਹ ਤਾਂ ਮਰਨ ਤੇ ਇਥੇ ਹੀ ਰਹਿ ਜਾਂਦੇ ਹਨ। ਕੱਚ੍ਹਾ ਪਹਿਰ੍ਹਾਵਾ ਜੋ ਹੋਇਆ।

੨ ਗੂੜ੍ਹਾ ਲਾਲ ਰੰਗ (ਪ੍ਰੇਮ ਦਾ)।

੩ ਪਰ ਕੋਈ ਵਿਰਲੀ ਹੀ ਗੁਰੂ ਦੀ ਕਿਰਪਾ ਨਾਲ ਉਸ ਨੂੰ ਅੱਖੀਂ ਦੇਖਦੀ ਹੈ।

੪ ਤਬਾਹ ਹੋਇਆ।

੫ ਜਿਸ ਹਰੀ ਦੇ ਹੁਕਮ ਨਾਲ ਗਫ਼ਲਤ ਵਿੱਚ ਸੁੱਤਾ ਹੈ, ਉਹੋ ਆਪ ਜਗਾਉਂਦਾ ਹੈ-ਇਹ ਗੱਲ ਗੁਰੂ ਦੀ ਸਿੱਖਿਆ ਤੋਂ ਹੀ ਸਮਝ ਆ ਸਕਦੀ ਹੈ।

੬ ਅੰਮ੍ਰਿਤ (ਨਾਮ)।

੭ ਮਨੁੱਖ ਦੇ ਅੰਦਰ ਨਾਮ ਰੂਪੀ ਰਤਨ ਰੱਖਿਆ ਹੈ।

੮ ਮਾਇਆ ਵਿੱਚ ਰਹਿੰਦਿਆਂ ਹੋਇਆਂ ਹਰੀ ਦਾ ਪਵਿੱਤਰ ਨਾਮ ਪ੍ਰਾਪਤ ਕੀਤਾ ਅਤੇ ਉਸ ਦੀ ਪਰਮਾਤਮ ਜੋਤ ਵਿੱਚ ਆਪਣੀ ਆਤਮ ਜੋਤ ਮਿਲਾ ਦਿੱਤੀ।

੯ ਜਿਸ ਤੱਕ ਕਿਸੇ ਦੀ ਪਹੁੰਚ ਨਾ ਹੋਵੇ।

੧੦ ਚੰਗੀ ਤਰ੍ਹਾਂ ਸਮਝਾਉਂਦਾ ਹੈ।

੧੧ ਪਾਪ।

੧੨ ਜੇ ਪ੍ਰੇਮ ਦੀ ਪ੍ਰੀਤੀ (ਪਿਆਰ ਦੀ ਲਗਨ) ਨਾਲ ਉਸ ਨੂੰ ਲਗਾਤਾਰ ਸਿਮਰੀਏ ਤਾਂ ਉਹ ਆਪਣਾ ਭਉ ਤੇ ਪ੍ਰੇਮਾ ਭਗਤੀ ਦ੍ਰਿੜ੍ਹ ਕਰਾਉਂਦਾ ਹੈ।

੧੩ ਪੂਰੇ ਭਾਗਾਂ ਨਾਲ।

੧੪ ਤੇਰੀ ਕਿਰਪਾ ਦ੍ਰਿਸ਼ਟੀ ਨਾਲ ਸਫ਼ਲ ਹੁੰਦੀ ਹੈ ਦੇਹੀ।

੧੫ ਹਰ ਰੋਜ਼।

੧੬ ਰਚੀ।

੧੭ ਮਿਟਾਈ, ਲੈ ਕੀਤੀ।

* ਪਤੀ ਦੇ ਡਰ ਤੇ ਪ੍ਰੇਮ ਦਾ ਸ਼ਿੰਗਾਰ ਬਣਾਵੇ, ਤਾਂ ਗੁਰੂ ਦੀ ਕਿਰਪਾ ਨਾਲ ਪਤੀ ਦਾ ਮਹਿਲ ਘਰ ਵਜੋਂ ਮਿਲ ਜਾਵੇਗਾ। ਇਹ ਪਹਿਰਾਵਾ ਪੱਕੇ ਮਜੀਠੀ ਰੰਗ ਦਾ ਹੋਵੇਗਾ ਅਤੇ ਘਰ ਵੀ ਉਹ ਜਿਸ ਵਿੱਚ ਪਤੀ ਨੂੰ ਰਾਤ ਦਿਨ ਨਿੱਤ ਭੋਗੇਗੀ; ਭਾਵ ਪਤੀ ਦੀ ਹਜ਼ੂਰੀ ਸਦਾ ਲਈ ਮਿਲ ਜਾਏਗੀ।

† ਅਸਲ ਵੈਰਾਗੀ ਉਹ ਹੈ ਜੋ ਸਦਾ ਪ੍ਰੇਮਾ ਭਗਤੀ ਵਿੱਚ ਲੱਗਾ ਰਹੇ। ਵੈਰਾਗੀ ਲੋਕ ਪਿਆਰ ਤੋਂ ਉਪਰਾਮ ਰਹਿੰਦੇ ਹਨ ਪਰ ਇਥੇ ਗੁਰੂ ਜੀ ਉਨ੍ਹਾਂ ਦੇ ਇਸ ਘਾਟੇ ਨੂੰ ਪੂਰਾ ਕਰਨ ਲਈ ਕਹਿੰਦੇ ਹਨ ਕਿ ਉਪਰਾਮਤਾ ਕੇਵਲ ਇਤਨੀ ਕਰੇ ਕਿ ਆਪਣੀ ਹਉਮੈ ਨੂੰ ਮਾਰ ਕੇ ਮਿਲਣ ਦੀ ਕੋਸ਼ਸ਼ ਕਰੇ, ਪਰ ਪ੍ਰੇਮ ਨੂੰ ਨਾ ਛੱਡੇ।

ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ ॥ ੮ ॥
੫ ॥ ੬ ॥ ਮਾਝ ਮਹਲਾ ੩ ॥ ਸਭ ਘਟ[੧] ਆਪੇ ਭੋਗਣਹਾਰਾ ॥ ਅਲਖੁ[੨] ਵਰਤੈ
ਅਗਮ[੩] ਅਪਾਰਾ ॥ ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ[੪]
ਸਚਿ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ
ਵਸਾਵਣਿਆ ॥ ਸਬਦੁ ਸੂਝੈ ਤਾ ਮਨ ਸਿਉ ਲੂਝੈ[੫] [੬]ਮਨਸਾ ਮਾਰਿ
ਸਮਾਵਣਿਆ ॥ ੧ ॥ ਰਹਾਉ ॥ [੭]ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ
ਸੁਧਿ ਨ ਸਾਰਾ[੮] ॥ ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ [੯]ਸਬਦਿ
ਪਚਾਵਣਿਆ ॥ ੨ ॥ ਇਕਿ ਗੁਰਮੁਖਿ ਸਦਾ [੧੦]ਸਚੈ ਰੰਗਿ ਰਾਤੇ ॥ ਸਹਜੇ
ਪ੍ਰਭੁ ਸੇਵਹਿ [੧੧]ਅਨਦਿਨੁ ਮਾਤੇ ॥ ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ
ਦਰਿ ਸੋਭਾ ਪਾਵਣਿਆ ॥ ੩ ॥ [੧੨]ਏਕਮ ਏਕੈ ਆਪੁ ਉਪਾਇਆ ॥ [੧੩]ਦੁਬਿਧਾ
ਦੂਜਾ ਤ੍ਰਿਬਿਧਿ ਮਾਇਆ ॥ [੧੪]ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ
ਕਮਾਵਣਿਆ ॥ ੪ ॥ ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ
ਸੋ ਸਹਜਿ[੧੫] ਸਮਾਵੈ ॥ ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ
ਸਮਾਵਣਿਆ ॥ ੫ ॥ ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ
ਖਪਿ ਖਪਿ ਮੂਆ ॥ ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ
ਪਾਵਣਿਆ ॥ ੬ ॥ ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ
ਕਚੀ ਪਕੀ ਸਾਰੀ[*] ॥ ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ
ਮਿਲਾਵਣਿਆ ॥ ੭ ॥ ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ ਸਭ ਮਹਿ ਆਪਿ
ਰਹਿਆ ਭਰਪੂਰਿ ॥ ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥
੮ ॥ ੬ ॥ ੭ ॥ ਮਾਝ ਮਹਲਾ ੩ ॥ ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ
ਵਿਰਲੈ ਕਿਨੈ ਚਖਿ ਡੀਠੀ ॥ ਅੰਤਰਿ ਪਰਗਾਸੁ[੧੬] ਮਹਾ ਰਸੁ ਪੀਵੈ ਦਰਿ
ਸਚੈ [੧੭]ਸਬਦੁ ਵਜਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੁਰ ਚਰਣੀ
ਚਿਤੁ ਲਾਵਣਿਆ ॥ [੧੮]ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ
ਚੁਕਾਵਣਿਆ ॥ ੧ ॥ ਰਹਾਉ ॥ ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ
ਪਰਸਾਦਿ[੧੯] ਕਿਨੈ ਵਿਰਲੈ ਚਿਤੁ ਲਾਇਆ ॥ ਤੁਧੁ ਸਾਲਾਹਿ ਨ ਰਜਾ ਕਬਹੂੰ
[੨੦]ਸਚੇ ਨਾਵੈ ਕੀ ਭੁਖ ਲਾਵਣਿਆ ॥ ੨ ॥ ਏਕੋ ਵੇਖਾ ਅਵਰੁ ਨ ਬੀਆ[੨੧] ॥
ਗੁਰ ਪਰਸਾਦੀ ਅੰਮ੍ਰਿਤੁ ਪੀਆ ॥ [੨੨]ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ
ਸੂਖਿ ਸਮਾਵਣਿਆ ॥ ੩ ॥ ਰਤਨੁ ਪਦਾਰਥੁ [੨੩]ਪਲਰਿ ਤਿਆਗੈ ॥ ਮਨਮੁਖੁ
ਅੰਧਾ [੨੪]ਦੂਜੈ ਭਾਇ ਲਾਗੈ ॥ ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ
ਪਾਵਣਿਆ ॥ ੪ ॥ ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ

੧ ਸਰੀਰ, ਜ਼ਿੰਦਗੀਆਂ।
੨ ਜਿਸ ਨੂੰ ਸਮਝ ਨਾ ਸਕੀਏ।
੩ ਜਿਸ ਤੋੜੀ ਪਹੁੰਚ ਨਾ ਸਕੀਏ।
੪ ਸੁਤੇ-ਸਿੱਧ, ਸੁਭਾਵਕ ਹੀ।
੫ ਲੜੇ, ਝਗੜੇ।
੬ ਖਾਹਸ਼ਾਂ ਮੁਕਾ ਕੇ ਵਾਹਿਗੁਰੂ ਵਿੱਚ ਸਮਾ ਜਾਵੇ।
੭ ਕਾਮ ਕ੍ਰੋਧ ਆਦਿ ਪੰਜ ਵੈਰੀ ਲੁੱਟਦੇ ਹਨ ਸੰਸਾਰ ਨੂੰ।
੮ ਸਾਰ, ਖ਼ਬਰ।
੯ ਸ਼ਬਦ ਦੁਆਰਾ ਨਾਸ ਕਰੇ।
੧੦ ਸੱਚੇ ਦੇ ਪਿਆਰ ਵਿੱਚ ਲੱਗੇ ਹੋਏ।
੧੧ ਹਰ ਰੋਜ਼ ਪ੍ਰੇਮ ਦੇ ਨਸ਼ੇ ਵਿੱਚ ਮਸਤ ਹੋ ਕੇ।
੧੨ ਪਹਿਲਾਂ ਇਕ ਵਾਹਿਗੁਰੂ ਨੇ ਆਪਣਾ ਆਪ ਪੈਦਾ ਕੀਤਾ।
੧੩ ਦ੍ਵੈਤ ਭਾਵ ਅਤੇ ਫਿਰ ਤ੍ਰਿਗੁਣੀ ਮਾਇਆ ਪੈਦਾ ਕੀਤੀ। ਤਿੰਨਾਂ ਗੁਣਾਂ ਲਈ ਦੇਖੋ ਪੰਨਾ ੬੮, ਫੁਟ ਨੋਟ †।
੧੪ ਸਹਜ ਦੀ ਉੱਚੀ ਅਵਸਥਾ ਵਾਹਿਗੁਰੂ ਨੇ ਗੁਰਮੁਖਾਂ ਲਈ ਬਣਾਈ, ਜਿਸ ਵਿੱਚ ਹੋ ਕੇ ਨਿਰੋਲ ਸੱਚ ਕਮਾ ਸਕੀਦਾ ਹੈ।
੧੫ ਦੇਖੋ ਪੰਨਾ ੬੮, ਫੁਟ ਨੋਟ *।
੧੬ ਚਾਨਣਾ।
੧੭ ਨਾਮ ਭਜਨ ਦੀ ਧੁਨੀ ਵੱਜਦੀ ਹੈ।
੧੮ ਸਤਿਗੁਰੂ ਅੰਮ੍ਰਿਤ ਦਾ ਸੱਚਾ ਸਰੋਵਰ ਹੈ, ਜਿਸ ਵਿੱਚ ਮਨ ਇਸ਼ਨਾਨ ਕਰ ਕੇ ਮੈਲ ਦੂਰ ਕਰਦਾ ਹੈ। (ਗੁਰੂ ਦੀ ਚਰਨੀਂ ਲੱਗ ਕੇ ਬਾਣੀ ਦੀ ਕਮਾਈ ਕਰਨੀ-ਇਹ ਗੁਰੂ ਰੂਪੀ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨਾ ਹੈ।)
੧੯ ਗੁਰੂ ਦੀ ਕਿਰਪਾ ਦੁਆਰਾ।
੨੦ ਤੁਸਾਂ ਸੱਚੇ ਨਾਮ ਦੀ ਐਸੀ ਭੁੱਖ ਲਾਈ ਹੈ।
੨੧ ਦੂਜਾ।
੨੨ ਗੁਰਬਾਣੀ ਦੁਆਰਾ ਤ੍ਰਿਸ਼ਨਾ ਰੂਪੀ ਤੇਹ ਦੂਰ ਕਰ ਦਿੱਤੀ ਹੈ ਅਤੇ ਅਸੀਂ ਸੁਭਾਵਕ ਹੀ ਮਹਾ ਅਨੰਦ ਵਿੱਚ ਸਮਾ ਗਏ ਹਾਂ।
੨੩ ਪਰਾਲੀ ਵੱਤ, ਫ਼ਜ਼ੂਲ ਸਮਝ ਕੇ ਛੱਡ ਦਿੰਦਾ ਹੈ।
੨੪ ਦੂਜੇ ਭਾਵ ਵਿੱਚ, ਵਾਹਿਗੁਰੂ ਤੋਂ ਛੁੱਟ ਹੋਰ ਪਾਸੇ ਦੇ ਪਿਆਰ ਵਿੱਚ ਲੱਗਦਾ ਹੈ।

* ਨਰਦ (ਜੀਵ ਰੂਪ)। ਆਪੇ ਰੱਖ-ਰੱਖ ਕੇ ਦੇਖਦਾ ਹੈ, ਕੱਚੀਆਂ ਪੱਕੀਆਂ ਨਰਦਾਂ ਨੂੰ। "ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥ ੨੬॥" (ਆਸਾ ਮ: ੧)। ਚੌਪੜ ਦੀ ਨਰਦ ਵਿਚਕਾਰੋਂ ਚੱਲ ਕੇ ਜਦ ਬਤਾਲੀ ਘਰ ਲੰਘਦੀ ਹੈ, ਤਦ ਪੱਕੀ ਹੋਣੀ ਸ਼ੁਰੂ ਹੁੰਦੀ ਹੈ; ਜਦ ਬਾਹਰਲੇ ਨਾਕੇ 'ਤੇ ਆਉਂਦੀ ਹੈ, ਤਾਂ ਪੱਕੀ ਹੋ ਜਾਂਦੀ ਹੈ। ਕੱਚੀ ਨਰਦ ਤੋਂ ਭਾਵ ਉਹ ਜੀਵ ਹੈ ਜੋ ਅਜੇ ਚੁਰਾਸੀ ਲੱਖ ਜੂਨਾਂ ਵਿੱਚ ਭੌਂ ਰਿਹਾ ਹੈ ਅਤੇ ਪੱਕੀ ਨਰਦ ਤੋਂ ਭਾਵ ਗੁਰੂ ਦੁਆਰੇ ਪੂਰਣਤਾ ਨੂੰ ਪ੍ਰਾਪਤ ਹੋਇਆ ਜੀਵ ਹੈ, ਜਿਸ ਦਾ ਆਵਾ-ਗੌਣ ਕੱਟਿਆ ਗਿਆ ਹੈ।

ਸਬਦੁ ਮੰਨਿ ਵਸਾਏ ॥ ਅਨਦਿਨੁ[੧] ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ[੨] ਚੁਕਾਵਣਿਆ ॥ ੫ ॥ ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ [੩]ਪਰਮ ਪਦੁ ਪਾਇਆ ॥ ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ[੪] ਗਾਵਣਿਆ ॥ ੬ ॥ [*]ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥ ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੂਖੋ ਦੂਖੁ ਕਮਾਵਣਿਆ ॥ ੭ ॥ ਆਪਿ ਕਰੇ ਕਿਸੁ ਆਖੈ ਕੋਈ ॥ ਆਖਣਿ ਜਾਈਐ ਜੇ ਭੂਲਾ ਹੋਈ ॥ ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥ ੮ ॥ ੭ ॥ ੮ ॥ ਮਾਝ ਮਹਲਾ ੩ ॥ ਆਪੇ ਰੰਗੇ [੫]ਸਹਜਿ ਸੁਭਾਏ ॥ ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥ ਮਨੁ ਤਨੁ ਰਤਾ [੬]ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥ ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ [੭]ਬਿਖੁ ਭਉਜਲੁ ਸਬਦਿ ਤਰਾਵਣਿਆ ॥ ੧ ॥ ਰਹਾਉ ॥ ਮਨਮੁਖ[੮] ਮੁਗਧ[੯] ਕਰਹਿ ਚਤੁਰਾਈ ॥ ਨਾਤਾ ਧੋਤਾ [੧੦]ਥਾਇ ਨ ਪਾਈ ॥ ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥ ੨ ॥ ਮਨਮੁਖ ਅੰਧੇ ਕਿਛੂ ਨ ਸੂਝੈ ॥ [੧੧]ਮਰਣੁ ਲਿਖਾਇ ਆਏ ਨਹੀ ਬੂਝੈ ॥ ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥ ੩ ॥ ਸਚੁ ਕਰਣੀ ਸਬਦੁ ਹੈ ਸਾਰੁ[੧੨] ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥ ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥ ੪ ॥ ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥ ਮਨੁ ਤਨੁ ਮੋਹਿਆ [੫]ਸਹਜਿ ਸੁਭਾਏ ॥ ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ॥ ੫ ॥ ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥ ਹਉ ਬਲਿਹਾਰੀ ਸਦਾ ਤਿਨ ਵਿਟਹੁ[੧੩] ਗੁਰ ਸੇਵਾ ਚਿਤੁ ਲਾਵਣਿਆ ॥ ੬ ॥ ਸਚਾ ਸਚੋ ਸਚਿ ਪਤੀਜੈ[੧੪] ॥ ਗੁਰ ਪਰਸਾਦੀ ਅੰਦਰੁ[੧੫] ਭੀਜੈ ॥ ਬੈਸਿ ਸੁਥਾਨਿ[੧੬] ਹਰਿ ਗੁਣ ਗਾਵਹਿ [੧੭]ਆਪੇ ਕਰਿ ਸਤਿ ਮਨਾਵਣਿਆ ॥ ੭ ॥ ਜਿਸ ਨੋ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਹਉਮੈ ਜਾਏ ॥ ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥ ੮ ॥ ੮ ॥ ੯ ॥ ਮਾਝ ਮਹਲਾ ੩ ॥ ਸਤਿਗੁਰੁ ਸੇਵਿਐ ਵਡੀ ਵਡਿਆਈ ॥ ਹਰਿ ਜੀ ਅਚਿੰਤੁ[੧੮] ਵਸੈ ਮਨਿ ਆਈ ॥ ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ[੧੯] ਲਹਾਵਣਿਆ[੨੦] ॥ ੧ ॥ ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥ ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥

੧ ਹਰ ਰੋਜ਼।
੨ ਵਹਿਮ (ਜਿਸ ਦਾ ਜ਼ਿਕਰ ਸਤਵੇਂ ਅੰਕ ਵਿੱਚ ਕੀਤਾ ਹੈ।)
੩ ਸਭ ਤੋਂ ਉੱਚੀ ਪਦਵੀ।
੪ ਸੁਭਾਵਕ ਹੀ, ਨਿਰਯਤਨ।
੫ ਸੁਤੇ-ਸਿਧ, ਸੁਭਾਵਕ ਹੀ।
੬ ਜੀਭ ਨਾਮ ਜਪਣ ਦੇ ਪ੍ਰੇਮ ਵਿੱਚ ਗੂੜ੍ਹੇ ਰੰਗ ਵਾਲੀ ਹੋ ਗਈ ਹੈ। ਚਲੂਲੀ ਇਸਤਰੀ-ਲਿੰਗ ਚਲੂਲਾ ਦਾ। ਚੂੰ-ਲਾਲਾ (ਫ਼ਾਰਸੀ)=ਗੁਲੇ ਲਾਲਹ ਵਾਕੁਰ ਸੂਹਾ।
੭ ਜ਼ਹਿਰ ਰੂਪ ਸੰਸਾਰ ਦਾ ਸਮੁੰਦਰ।
੮ ਦੇਖੋ ਪੰਨਾ ੧੧, ਨੋਟ ੨੧।
੯ ਮੂਰਖ।
੧੦ ਕਬੂਲ ਨਹੀਂ ਪੈਂਦਾ।
੧੧ ਮੌਤ ਲਿਖਾ ਕੇ ਆਇਆ ਹੈ, ਪਰ ਬੁਝਦਾ ਨਹੀਂ ਹੈ।
੧੨ ਸਰੇਸ਼ਟ। ਅਸਲ ਕਰਣੀ ਇਹ ਹੈ ਕਿ ਸਰੇਸ਼ਟ ਸ਼ਬਦ ਤੇ ਸੱਚ ਨੂੰ ਕਮਾਏ।
੧੩ ਉੱਤੋਂ।
੧੪ ਪ੍ਰਸੰਨ ਹੁੰਦਾ ਹੈ।
੧੫ ਹਿਰਦਾ।
੧੬ ਸਤਸੰਗ ਰੂਪ ਚੰਗੇ ਥਾਂ ਉੱਤੇ।
੧੭ ਆਪ ਹੀ ਹਰੀ ਉਨ੍ਹਾਂ ਨੂੰ ਸੱਤ ਕਰ ਕੇ ਮਨਵਾਂਦਾ ਹੈ, ਭਾਵ ਨਿਸਚਾ ਕਰਵਾਂਦਾ ਹੈ।
੧੮ ਸੁਭਾਵਕ ਹੀ।
੧੯ ਤੇਹ।
੨੦ ਲਹਿ ਜਾਂਦੀ ਹੈ।

* ਸਿਮ੍ਰਿਤੀਆਂ ਸ਼ਾਸਤਰ ਅਤੇ ਵੇਦ ਪੜ੍ਹਦਾ ਹੈ ਅਤੇ ਉਨ੍ਹਾਂ ਪਿੱਛੇ ਲੱਗਾ ਹੋਇਆ ਵਹਿਮਾਂ ਵਿੱਚ ਪੈ ਕੇ ਅਸਲੀਅਤ ਨਹੀਂ ਸਮਝ ਸਕਦਾ। (ਕਿਉਂਕਿ ਓਹ ਤਾਂ ਤਿੰਨਾਂ ਗੁਣਾਂ ਦੀ ਹੀ ਗੱਲ ਕਰਦੇ ਹਨ, ਚੌਥੇ ਪਦ ਦੀ ਗੱਲ ਤਾਂ ਗੁਰੂ ਜੀ ਹੀ ਸਮਝਾ ਸਕਦੇ ਹਨ) "ਚਾਰੇ ਬੇਦ ਕਥਹਿ ਆਕਾਰੁ॥ ਤੀਨਿ ਅਵਸਥਾ ਕਹਹਿ ਵਖਿਆਨੁ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥" (ਗਉੜੀ ਮ: ੧-੧੫੪)। ਹੋਰ ਦੇਖੋ ਅਨੰਦ, ਪਉੜੀ ੨੭।

ਸਤਿਗੁਰੁ ਸੇਵੀ [੧]ਸਬਦਿ ਸੁਹਾਇਆ॥ ਜਿਨਿ[੨] ਹਰਿ ਕਾ ਨਾਮੁ ਮੰਨਿ ਵਸਾਇਆ॥ ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ॥ ੨॥ ਬਿਨੁ ਗੁਰ ਨਾਮੁ ਨ ਪਾਇਆ ਜਾਇ॥ ਸਿਧ[੩] ਸਾਧਿਕ[੪] ਰਹੇ ਬਿਲਲਾਇ॥ ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ॥ ੩॥ *ਇਹੁ ਮਨੁ ਆਰਸੀ[੫] ਕੋਈ ਗੁਰਮੁਖਿ ਵੇਖੈ॥ ਮੋਰਚਾ[੬] ਨ ਲਾਗੈ ਜਾ ਹਉਮੈ ਸੋਖੈ[੭]॥ ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥ ੪॥ ਬਿਨੁ ਸਤਿਗੁਰ ਕਿਹੁ[੮] ਨ ਦੇਖਿਆ ਜਾਇ॥ ਗੁਰਿ ਕਿਰਪਾ ਕਰਿ ਆਪੁ[੯] ਦਿਤਾ ਦਿਖਾਇ॥ ਆਪੇ ਆਪਿ ਆਪਿ[੧੦] ਮਿਲਿ ਰਹਿਆ ਸਹਜੇ ਸਹਜਿ[੧੧] ਸਮਾਵਣਿਆ॥ ੫॥ ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ[੧੨] ਜਲਾਏ॥ [੧੩]ਕਾਇਆ ਅੰਦਰਿ ਵਣਜੁ ਕਰੇ ਵਾਪਾਰਾ[੧੪] ਨਾਮੁ ਨਿਧਾਨੁ ਸਚੁ ਪਾਵਣਿਆ॥ ੬॥ ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ[੧੫]॥ ਗੁਰਮੁਖਿ ਪਾਏ ਮੋਖ ਦੁਆਰੁ[੧੬]॥ [੧੭]ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ[੧੮] ਬੁਲਾਵਣਿਆ॥ ੭॥ ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥ ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥ ੮॥ ੯॥ ੧੦॥ ਮਾਝ ਮਹਲਾ ੩॥ [੧੯]ਆਪੁ ਵੰਞਾਏ ਤਾ ਸਭ ਕਿਛੁ ਪਾਏ॥ ਗੁਰ ਸਬਦੀ ਸਚੀ ਲਿਵ ਲਾਏ॥ ਸਚੁ ਵਣੰਜਹਿ ਸਚੁ ਸੰਘਰਹਿ[੨੦] ਸਚੁ ਵਾਪਾਰੁ ਕਰਾਵਣਿਆ॥ ੧॥ ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ[੨੧] ਗਾਵਣਿਆ॥ ਹਉ ਤੇਰਾ ਤੂੰ ਠਾਕੁਰੁ[੨੨] ਮੇਰਾ ਸਬਦਿ ਵਡਿਆਈ ਦੇਵਣਿਆ॥ ੧॥ ਰਹਾਉ॥ ਵੇਲਾ ਵਖਤ ਸਭਿ ਸੁਹਾਇਆ॥ ਜਿਤੁ ਸਚਾ ਮੇਰੇ ਮਨਿ ਭਾਇਆ॥ ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ॥ ੨॥ ਭਾਉ ਭੋਜਨੁ [੨੩]ਸਤਿਗੁਰਿ ਤੁਠੈ ਪਾਏ॥ [੨੪]ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ॥ ਸਚੁ ਸੰਤੋਖੁ [੨੫]ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ॥ ੩॥ ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ[੧੬]॥ ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ॥ ੪॥ ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ॥ ਨਿਰਮਲ ਬਾਣੀ ਸਬਦਿ ਵਖਾਣਹਿ॥ ਸਚੇ ਸੇਵਿ ਸਦਾ ਸੁਖੁ ਪਾਇਨਿ [੨੬]ਨਉ ਨਿਧਿ ਨਾਮੁ ਮੰਨਿ ਵਸਾਵਣਿਆ॥ ੫॥ ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ॥ ਸਤਸੰਗਤਿ ਬਹਿ ਹਰਿ ਗੁਣ ਗਾਇਆ॥ ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ

੧ ਜੋ ਸਤਿਗੁਰੂ ਸ਼ਬਦ ਦੇ ਕਾਰਨ ਸੋਹਣਾ ਹੈ।
੨ ਜਿਸ ਸਤਿਗੁਰ ਨੇ।
੩ ਜੋਗੀਆਂ ਦੇ ਗੁਰੂ ਗੋਰਖ ਆਦਿ।
੪ ਸਾਧਨਾਂ ਕਰਨ ਵਾਲੇ।
੫ ਮੂੰਹ ਵੇਖਣ ਵਾਲਾ ਸ਼ੀਸ਼ਾ।
੬ ਜ਼ੰਗਾਲ।
੭ ਸੁੱਕ ਜਾਵੇ।
੮ ਕਿਸੇ ਤਰ੍ਹਾਂ।
੯ ਆਪਣਾ ਆਪ।
੧੦ ਆਪਣੇ ਸਰੂਪ ਨਾਲ। ਇਸ ਮਨੁੱਖ ਦੇ ਅਸਲੇ ਨਾਲ ਉਹ ਵਾਹਿਗੁਰੂ ਆਪ ਮਿਲ ਜਾਂਦਾ ਹੈ; ਇਸ ਤਰ੍ਹਾਂ ਪੂਰਨ ਗਿਆਨ ਦੁਆਰਾ ਉੱਚੀ ਤੋਂ ਉੱਚੀ ਅਵਸਥਾ ਵਿੱਚ ਸਮਾ ਜਾਈਦਾ ਹੈ।
੧੧ ਪੂਰਨ ਅਡੋਲਤਾ ਤੇ ਸ਼ਾਂਤੀ ਵਾਲੀ ਅਵਸਥਾ ਵਿੱਚ। ਦੇਖੋ ਪੰਨਾ ੬੮।
੧੨ ਗੁਰਬਾਣੀ ਦੁਆਰਾ।
੧੩ ਸਰੀਰ ਅੰਦਰ।
੧੪ ਗੁਣਾਂ ਦਾ ਵਾਪਾਰ।
੧੫ ਸਰੇਸ਼ਟ। ਹਰੀ ਦਾ ਜੱਸ ਸਰੇਸ਼ਟ ਕਰਣੀ ਹੈ ਗੁਰਮੁਖ ਦੀ।
੧੬ ਮੁਕਤੀ।
੧੭ ਹਰ ਰੋਜ਼ ਪ੍ਰੇਮ ਵਿੱਚ ਰੰਗਿਆ ਹੋਇਆ।
੧੮ ਪਤੀ ਦੇ ਆਪਣੇ ਅਸਥਾਨ ਵਿੱਚ, ਵਾਹਿਗੁਰੂ ਦੀ ਹਜ਼ੂਰੀ ਵਿੱਚ।
੧੯ ਹੰਕਾਰ ਦੂਰ ਕਰੇ।
੨੦ ਇਕੱਠਾ ਕਰਦੇ ਹਨ। (ਕਈਆਂ ਬੀੜਾਂ ਵਿੱਚ ਪਾਠ 'ਸੰਗ੍ਰਹਿ' ਹੈ।)
੨੧ ਹਰ ਰੋਜ਼, ਨਿੱਤ।
੨੨ ਮਾਲਕ।
੨੩ ਸਤਿਗੁਰੂ ਦੇ ਮਿਹਰਬਾਨ ਹੋਣ ਨਾਲ ਪਾਈਦਾ ਹੈ।
੨੪ ਹੋਰ ਸਵਾਦ ਮੁੱਕ ਜਾਂਦਾ ਹੈ।
੨੫ ਹੋਰ ਸੰਸਾਰਕ ਸੁਖਾਂ ਦੇ ਮੁਕਾਬਲੇ 'ਤੇ ਗੁਰਮਤ ਵਾਲਾ ਸਹਿਜ ਸੁਖ ਹੈ, ਜੋ ਆਤਮਾ ਨੂੰ ਅਸਲੀ ਟਿਕਾਣੇ 'ਤੇ ਰੱਖਦਾ ਹੈ। ਇਹ ਸੁਖ ਬਾਣੀ ਦੁਆਰਾ ਪ੍ਰਾਪਤ ਹੋਇਆ ਹੈ। ਦੇਖੋ ਪੰਨਾ ੧੦੪, ਨੋਟ ੬।
੨੬ ਨਉ ਨਿਧੀ ਰੂਪ ਨਾਮ, ਭਾਵ ਨਾਮ ਜੋ ਹਰ ਤਰ੍ਹਾਂ ਦੀਆਂ ਅਮੋਲ ਚੀਜ਼ਾਂ ਦਾ ਖ਼ਜ਼ਾਨਾ ਹੈ। ਦੇਖੋ ਪੰਨਾ ੧੦, ਫੁਟ ਨੋਟ §।

* ਇਹ ਮਨ ਸ਼ੀਸ਼ਾ ਹੈ, (ਜਿਸ ਵਿੱਚੋਂ ਹਰ ਇਕ ਮਨੁੱਖ ਆਪਣਾ ਆਪ ਦੇਖ ਸਕਦਾ ਹੈ) ਪਰ ਦੇਖਦਾ ਕੋਈ ਵਿਰਲਾ ਹੀ ਹੈ ਆਪਣੇ ਆਪ ਨੂੰ ਗੁਰੂ ਦੁਆਰੇ। (ਕਈ ਵਾਰੀ ਮਨ ਨੂੰ ਹਉਮੈ ਦੀ ਗਿੱਲ ਚੜ੍ਹ ਜਾਂਦੀ ਹੈ, ਜਿਸ ਨਾਲ ਸ਼ੀਸ਼ਾ ਜ਼ੰਗਾਲਿਆ ਜਾਂਦਾ ਹੈ ਅਤੇ ਵਿੱਚੋਂ ਕੁਝ ਨਹੀਂ ਦਿੱਸਦਾ, ਭਾਵ ਹਉਮੈ ਕਰ ਕੇ ਮਨੁੱਖ ਆਪਣੇ ਗੁਣ ਔਗੁਣ ਨਹੀਂ ਦੇਖ ਸਕਦਾ।) ਪਰ ਜੇ ਇਸ ਹਉਮੈ ਦੀ ਗਿੱਲ ਨੂੰ ਸੁਕਾ ਦੇਵੇ, ਤਾਂ ਜ਼ੰਗਾਲ ਨਹੀਂ ਲੱਗਦਾ, ਮਨ ਸਾਫ਼ ਰਹਿੰਦਾ ਹੈ ਤੇ ਇਸ ਵਿੱਚ ਗੁਰੂ ਦੀ ਮਲ-ਰਹਿਤ ਬਾਣੀ ਅਗੰਮੀ ਨਾਦ ਵਜਾਉਂਦੀ ਹੈ। ਇਸ ਤਰ੍ਹਾਂ ਨਾਲ ਮਨੁੱਖ ਗੁਰਬਾਣੀ ਦੁਆਰਾ ਸੱਚ ਸਰੂਪ ਵਾਹਿਗੁਰੂ ਵਿੱਚ ਲੀਨ ਹੋ ਜਾਂਦਾ ਹੈ। 'ਅਨਹਤ ਬਾਣੀ' ਲਈ ਦੇਖੋ ਪੰਨਾ ੯੧, ਨੋਟ ੨੪।

ਨਾਦੁ[1] ਵਜਾਵਣਿਆ ॥ ੬ ॥ ਮਨਮੁਖ[2] ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥ ੭ ॥ ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ[3] ॥ ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ[4] ਕਰਿ ਜਾਨਣਿਆ ॥ ੮ ॥ ੧੦ ॥ ੧੧ ॥ ਮਾਝ ਮਹਲਾ ੩ ॥ ਤੇਰੀਆ ਖਾਣੀ[5] ਤੇਰੀਆ ਬਾਣੀ[6] ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥ ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥ ਹਰਿ ਸਚਾ ਗੁਰ ਭਗਤੀ[7] ਪਾਈਐ ਸਹਜੇ[8] ਮੰਨਿ ਵਸਾਵਣਿਆ ॥ ੧ ॥ ਰਹਾਉ ॥ ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ ਜੇਹੀ ਮਨਸਾ[9] ਕਰਿ ਲਾਗੈ ਤੇਹਾ ਫਲੁ ਪਾਏ ॥ ਸਤਿਗੁਰੁ ਦਾਤਾ ਸਭਨਾ [10]ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥ ੨ ॥ ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ [11]ਦੂਜੈ ਭਾਏ ॥ ਤਟਿ[12] ਤੀਰਥਿ ਦਿਸੰਤਰਿ[13] ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩ ॥ ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥ ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥ ੪ ॥ ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥ ਬਿਸਟਾ[14] ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥ ੫ ॥ *ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ[15] ਸਬਦੇ ਖੋਵੈ ॥ ਅਨਦਿਨੁ[16] ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥ ੬ ॥ ਆਪੇ ਬਖਸੇ ਮੇਲਿ ਮਿਲਾਏ ॥ ਪੂਰੇ ਗੁਰ ਤੇ [17]ਨਾਮੁ ਨਿਧਿ ਪਾਏ ॥ ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥ ੭ ॥ ਸਦਾ ਹਜੂਰਿ ਦੂਰਿ ਨ ਜਾਣਹੁ ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥ ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥ ੮ ॥ ੧੧ ॥ ੧੨ ॥ ਮਾਝ ਮਹਲਾ ੩ ॥ ਐਥੈ ਸਾਚੇ ਸੁ ਆਗੈ ਸਾਚੇ ॥ ਮਨੁ ਸਚਾ ਸਚੈ ਸਬਦਿ ਰਾਚੇ ॥ ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥ ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥ ੧ ॥ ਰਹਾਉ ॥ ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥ ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥ ੨ ॥ ਸਤਿਗੁਰੁ ਮਿਲੈ ਤਾ [18]ਤਤੁ ਪਾਏ ॥ ਹਰਿ ਕਾ ਨਾਮੁ ਮੰਨਿ

੧ ਸ਼ਬਦ, ਆਤਮ ਮੰਡਲ ਦਾ ਸੰਗੀਤ। ਆਤਮਕ ਅਨੰਦ ਪਰਗਟ ਹੋਇਆ ਹੈ।
੨ ਦੇਖੋ ਪੰਨਾ ੧੧, ਨੋਟ ੨੧।
੩ ਆਸਰਾ। ਪੂਰੇ ਗੁਰੂ ਦੇ ਸ਼ਬਦ ਦੇ ਸਦਕੇ ਮੈਨੂੰ ਸੱਚਾ ਮਾਲਕ ਬਹੁਤ ਪਿਆਰਾ ਲੱਗਦਾ ਹੈ।
੪ ਇਕੋ ਜਿਹਾ।
੫ ਜੀਵਾਂ ਦੀ ਉਤਪਤੀ ਦੇ ਚਾਰ ਸੋਮੇ ਇਹ ਹਨ:- ਅੰਡਜ (ਅੰਡਿਆਂ ਤੋਂ), ਜੇਰਜ (ਜੇਰ ਤੋਂ), ਸੇਤਜ (ਮੁੜ੍ਹਕੇ ਤੋਂ), ਉਤਭੁਜ (ਧਰਤੀ ਤੋਂ)। "ਅੰਡਜ, ਜੇਰਜ, ਉਤਭੁਜ, ਸੇਤਜ ਤੇਰੇ ਕੀਤੇ ਜੰਤਾ" (ਸੋਰਠਿ ਮਹਲਾ ੧-੫੯੬)।
੬ ਉਨ੍ਹਾਂ ਖਾਣੀਆਂ ਦੇ ਜੀਵਾਂ ਦੀਆਂ ਭਿੰਨ-ਭਿੰਨ ਬੋਲੀਆਂ।
੭ ਗੁਰੂ ਦੀ ਸੇਵਾ ਤੋਂ।
੮ ਸੁਭਾਵਕ ਹੀ।
੯ ਮਨ ਦਾ ਭਾਵ, ਭਾਵਣੀ।
੧੦ ਵਸਤਾਂ ਦਾ, ਚੀਜ਼ਾਂ ਦਾ।
੧੧ ਦ੍ਵੈਤ ਭਾਵ ਕਰ ਕੇ, ਵਾਹਿਗੁਰੂ ਨੂੰ ਛੱਡ ਕੇ ਦੂਜੇ ਪਾਸੇ ਲੱਗੇ ਹੋਣ ਕਰ ਕੇ।
੧੨ ਕਿਨਾਰੇ ਪਵਿੱਤਰ ਦਰਿਆਵਾਂ ਦੇ।
੧੩ ਦੇਸ਼ਾਂ ਵਿੱਚ।
੧੪ ਮੈਲਾ, ਗੰਦ।
੧੫ ਮੇਰਾਪਣ, ਹੰਕਾਰ।
੧੬ ਹਰ ਰੋਜ਼, ਨਿੱਤ।
੧੭ ਨਾਮ ਜੋ ਖ਼ਜ਼ਾਨਾ ਹੈ।
੧੮ ਅਸਲੀਅਤ ਲੱਭਦੀ ਹੈ।

* ਜੇ (ਗੁਰੂ ਜਿਹਾਂ) ਮੁਕਤ ਹੋਇਆਂ ਨੂੰ ਸੇਵੇ, ਤਾਂ ਮਨੁੱਖ ਮੁਕਤ ਹੁੰਦਾ ਹੈ। "ਜੈਸਾ ਸੇਵੈ ਤੈਸੋ ਹੋਇ" (ਗਉੜੀ ਮ: ੧, ੨੨੩)।

ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥ ੩ ॥ ਕਿਲਵਿਖ[੧] ਕਾਟੈ ਕ੍ਰੋਧੁ ਨਿਵਾਰੇ[੨] ॥ ਗੁਰ ਕਾ ਸਬਦੁ ਰਖੈ ਉਰ ਧਾਰੇ[੩] ॥ ਸਚਿ ਰਤੇ [੪]ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥ ੪ ॥ *ਅੰਤਰਿ ਰਤਨੁ [੫]ਮਿਲੈ ਮਿਲਾਇਆ ॥ ਤ੍ਰਿਬਿਧਿ[੬] ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ [੭]ਚਉਥੇ ਪਦ ਕੀ ਸਾਰ ਨ ਪਾਵਣਿਆ ॥ ੫ ॥ ਆਪੇ ਰੰਗੇ[੮] ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥ ਹਰਿ ਰੰਗੁ ਚੜਿਆ ਅਤਿ ਅਪਾਰਾ[੯] ਹਰਿ [੧੦]ਰਸਿ ਰਸਿ ਗੁਣ ਗਾਵਣਿਆ ॥ ੬ ॥ ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ[੧੧] ॥ [੧੨]ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥ ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥ ੭ ॥ ਗੁਰਮੁਖਿ ਥਾਪੇ ਥਾਪਿ ਉਥਾਪੇ[੧੩] ॥ ਗੁਰਮੁਖਿ ਜਾਤਿ ਪਤਿ ਸਭੁ ਆਪੇ ॥ ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥ ੮ ॥ ੧੨ ॥ ੧੩ ॥ ਮਾਝ ਮਹਲਾ ੩† ॥ ਉਤਪਤਿ ਪਰਲਉ ਸਬਦੇ[੧੪] ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ [੧੫]ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥ ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥ ੧ ॥ ਰਹਾਉ ॥ [੧੬]ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਣੁ [੧੭]ਬੈਸੰਤਰੁ ਖੇਲੈ ਵਿਡਾਣੀ ॥ [੧੮]ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥ ੨ ॥ ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ [੧੯]ਸਬਦਿ ਭੇਦਿ ਕੋਈ ਮਹਲੁ[੨੦] ਪਾਏ ਮਹਲੇ ਮਹਲਿ ਬੁਲਾਵਣਿਆ ॥ ੩ ॥ ਸਚਾ ਸਾਹੁ ਸਚੇ ਵਣਜਾਰੇ ॥ ਸਚੁ ਵਣੰਜਹਿ [੨੧]ਗੁਰ ਹੇਤਿ ਅਪਾਰੇ ॥ ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥ ੪ ॥ ਬਿਨੁ ਰਾਸੀ ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ ਲੋਕ ਸਬਾਏ ॥ ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥ ੫ ॥ ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ[੨੨] ॥ ਆਪਿ ਤਰਹਿ ਸਗਲੇ ਕੁਲ ਤਾਰੇ ॥ ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ ੬ ॥ ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ[੨੩] ॥ [੨੪]ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥ ੭ ॥ ਆਪੇ ਦੇਵੈ ਸਬਦਿ ਬੁਲਾਏ ॥ ਮਹਲੀ[੨੫] ਮਹਲਿ [੨੬]ਸਹਜ ਸੁਖੁ ਪਾਏ ॥ ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥ ੮ ॥ ੧੩ ॥ ੧੪ ॥ ਮਾਝ ਮਹਲਾ ੩ ॥ ਸਤਿਗੁਰ

੧ ਪਾਪ।
੨ ਦੂਰ ਕਰੇ।
੩ ਦਿਲ ਵਿੱਚ ਧਾਰਨ ਕਰ ਕੇ।
੪ ਸਦਾ ਵੈਰਾਗਵਾਨ ਹੈ, ਦੁਨੀਆਂ ਦੇ ਲਾਲਚਾਂ ਤੋਂ ਅਲੱਗ ਰਹਿਣ ਵਾਲਾ ਹੈ, ਕਿਉਂਕਿ ਉਹ ਹਉਮੈ ਨੂੰ ਮਾਰ ਕੇ ਮਿਲਿਆ ਹੋਇਆ ਹੈ। "ਜੋ ਮਨੁ ਮਾਰਹਿ ਆਪਣਾ ਸੋ ਪੁਰਖ ਬੈਰਾਗੀ ਰਾਮ" (ਵਡਹੰਸੁ ਮਹਲਾ ੩-੫੬੯)।
੫ ਪਰ ਗੁਰੂ ਦੇ ਮਿਲਾਇਆਂ ਮਿਲਦਾ ਹੈ।
੬ ਤਿੰਨ ਪ੍ਰਕਾਰ ਦੀ, ਤ੍ਰਿਗੁਣੀ। ਆਮ ਮਨੁੱਖੀ ਹਾਲਤ ਦਾ ਵਰਣਨ ਹੈ।
੭ ਸਹਿਜ ਅਵਸਥਾ ਦੀ ਸੋਝੀ।
੮ ਪ੍ਰੇਮ ਵਿੱਚ ਰੰਗਦਾ ਹੈ।
੯ ਬੇਹੱਦ, ਬੇਅੰਤ।
੧੦ ਸਵਾਦ ਲਾ ਲਾ ਕੇ।
੧੧ ਓਹੀ, ਵਾਹਿਗੁਰੂ ਹੀ। ਰਿਧਿ ਸਿਧਿ=ਕਰਾਮਾਤੀ ਤਾਕਤਾਂ। ਸੰਜਮੁ=ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ। ਗੁਰਮੁਖ ਲਈ ਉਹ ਵਾਹਿਗੁਰੂ ਹੀ ਰਿਧਿ ਸਿਧਿ ਆਦਿਕ ਹੈ।
੧੨ ਗੁਰਮੁਖ ਲਈ ਗਿਆਨ ਤੇ ਮੁਕਤੀ ਦੋਵੇਂ ਨਾਮ ਦੀ ਪ੍ਰਾਪਤੀ ਵਿੱਚ ਹੀ ਆ ਜਾਂਦੇ ਹਨ।
੧੩ ਮੇਟਦਾ ਹੈ। ਗੁਰਮੁਖ ਨੂੰ ਹਰੀ ਹੀ ਘੜ ਕੇ ਮੇਟਦਾ ਦਿਸਦਾ ਹੈ।
੧੪ ਨਾਮ ਦੁਆਰਾ। ਸ੍ਰਿਸ਼ਟੀ ਦੀ ਰਚਨਾ ਤੇ ਉਸ ਦਾ ਲੈ ਹੋਣਾ ਵਾਹਿਗੁਰੂ ਦੇ ਨਾਮ ਦੁਆਰਾ ਹੀ ਹੁੰਦਾ ਹੈ। ਫਿਰ ਉਸੇ ਨਾਮ ਦੁਆਰਾ ਮੁੜ ਪੈਦਾਇਸ਼ ਹੁੰਦੀ ਹੈ। ਦੇਖੋ ਸੁਖਮਨੀ, ੧੬ (੫)।
੧੫ ਗੁਰਮੁਖ ਦੇ ਭਾਣੇ ਸਭ ਕੁਝ ਵਾਹਿਗੁਰੂ ਆਪ ਹੀ ਵਰਤਦਾ ਹੈ, ਉਹ ਆਪ ਹੀ ਪੈਦਾ ਕਰ ਕੇ ਆਪਣੇ ਆਪ ਵਿੱਚ ਸਮਾ ਲੈਂਦਾ ਹੈ।
੧੬ ਧਰਤੀ ਤੇ ਪਾਣੀ ਆਦਿ ਤੱਤ ਭੀ ਹੁਕਮ ਕਮਾਂਵਦੇ ਹਨ, ਇਸ ਲਈ ਗੁਰਮੁਖ ਕਹੇ ਹਨ।
੧੭ ਅੱਗ ਅਸਚਰਜ ਖੇਡਾਂ ਖੇਡਦੀ ਹੈ।
੧੮ ਇਨ੍ਹਾਂ ਦੇ ਮੁਕਾਬਲੇ 'ਤੇ ਉਹ ਆਦਮੀ ਨਿਗੁਰਾ ਹੈ, ਜੋ (ਸ਼ਬਦ ਨੂੰ ਨਾ ਮੰਨਣ ਕਰ ਕੇ) ਆਵਾ-ਗਉਣ ਦੇ ਗੇੜੇ ਪਿਆ ਕੱਢਦਾ ਹੈ।
੧੯ ਸ਼ਬਦ ਦੁਆਰਾ ਵਿੰਨ੍ਹਿਆ ਜਾ ਕੇ।
੨੦ ਮਾਲਕ ਦਾ ਘਰ, ਵਾਹਿਗੁਰੂ ਦੀ ਹਜ਼ੂਰੀ।
੨੧ ਗੁਰੂ ਦੇ ਅਤੁੱਟ ਪ੍ਰੇਮ ਦੁਆਰਾ।
੨੨ ਇਕ ਗੁਰਮੁਖ ਪਿਆਰੇ (ਗੁਰਬਾਣੀ ਦੁਆਰਾ ਸੱਚ ਵਿਹਾਜਦੇ ਹਨ)।
੨੩ ਭੂਤਨਿਆਂ ਵਾਂਗ।
੨੪ ਜਿਸ ਗੁਰੂ ਕੋਲ ਵਸਤ ਹੈ, ਉਸ ਪਾਸੋਂ ਤਾਂ ਕੋਈ ਲੈਂਦਾ ਨਹੀਂ।
੨੫ ਇਸਤਰੀ।
੨੬ ਸਹਿਜ ਵਾਲਾ ਸੁਖ ਦੇਖੋ ਪੰਨਾ ੧੦੪, ਨੋਟ ੬।

* ਹਰ ਇਕ ਦੇ ਅੰਦਰ ਨਾਮ-ਰਤਨ ਹੈ, ਪਰ ਗੁਰੂ ਮਿਲਾਵੇ ਤਾਂ ਹੀ ਮਿਲਦਾ ਹੈ। (ਜਦ ਤਕ ਗੁਰੂ ਨਾ ਮਿਲੇ, ਲੋਕੀਂ ਤਿੰਨਾਂ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹਨ।) ਇਸ ਤ੍ਰਿਗੁਣੀ ਅਵਸਥਾ ਵਿੱਚ ਇੱਛਾ ਉਠਦੀ ਹੈ, ਅਤੇ ਮਾਇਆ ਵਿਆਪਦੀ ਰਹਿੰਦੀ ਹੈ। ਵੇਦਾਂ ਸ਼ਾਸਤਰਾਂ ਦੇ ਪੜ੍ਹਨ ਵਾਲੇ ਤ੍ਰਿਗੁਣੀ ਅਵਸਥਾ ਦੱਸਣ ਵਾਲੀਆਂ ਪੁਸਤਕਾਂ ਪੜ੍ਹ-ਪੜ੍ਹ ਕੇ ਥੱਕ ਜਾਂਦੇ ਹਨ, ਪਰ ਸਹਿਜ ਅਵਸਥਾ ਦੀ ਸੋਝੀ ਉਨ੍ਹਾਂ ਨੂੰ ਨਹੀਂ ਹੁੰਦੀ, ਕਿਉਂਕਿ "ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥ ਤੀਨਿ ਅਵਸਥਾ ਕਹਹਿ ਵਖਿਆਨੁ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥" (ਗਉੜੀ ਮ: ੧) ਦੇਖੋ ਪੰਨਾ ੧੫੪, ਨੋਟ ੧੮।

† ਇਸ ਅਸ਼ਟਪਦੀ ਵਿੱਚ ਸ਼ਬਦ ਦੀ ਮਹਿਮਾ ਦੱਸੀ ਹੈ। ਇਸ ਵਿੱਚ ਕਰਤਾਰ ਦੇ ਗੁਣ ਵਸਦੇ ਹਨ। ਸ਼ਬਦ ਦੇ ਮੰਨਣ ਵਾਲੇ ਨੂੰ 'ਗੁਰਮੁਖਿ' ਕਿਹਾ ਹੈ। ਸ੍ਰਿਸ਼ਟੀ ਦੇ ਤੱਤ ਭੀ ਸਨਮੁਖ ਹੋ ਕੇ ਭੈ ਦੀ ਕਾਰ ਕਮਾਉਂਦੇ ਹਨ, ਇਸ ਲਈ ਉਨ੍ਹਾਂ ਨੂੰ ਭੀ ਗੁਰਮੁਖਿ ਹੀ ਕਿਹਾ ਹੈ। ਇਹ ਸ਼ਬਦ ਸਭ ਦੇ ਅੰਦਰ ਕੰਮ ਕਰ ਰਿਹਾ ਹੈ। ਇਸ ਨੂੰ ਆਪਣੇ ਅੰਦਰੋਂ ਹੀ ਢੂੰਡ ਕੇ ਇਸ ਦੀ ਕਮਾਈ ਕਰਨੀ ਚਾਹੀਦੀ ਹੈ। ਇਸੇ ਨੂੰ ਸੁਣ-ਸੁਣ ਕੇ ਹਰੀ ਨੂੰ ਧਿਆਉਣਾ ਹੈ, ਅਤੇ ਗੁਣ ਕਹਿ ਗੁਣੀ ਸਮਾਉਣਾ ਹੈ।

ਸਾਚੀ ਸਿਖ[੧] ਸੁਣਾਈ॥ ਹਰਿ ਚੇਤਹੁ ਅੰਤਿ ਹੋਇ ਸਖਾਈ[੨]॥ ਹਰਿ ਅਗਮੁ[੩] ਅਗੋਚਰੁ[੪] ਅਨਾਥੁ[੫] ਅਜੋਨੀ[੬] ਸਤਿਗੁਰ ਕੈ ਭਾਇ ਪਾਵਣਿਆ॥ ੧॥ ਹਉ ਵਾਰੀ ਜੀਉ ਵਾਰੀ [੭]ਆਪੁ ਨਿਵਾਰਣਿਆ॥ ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ[੮] ਸਮਾਵਣਿਆ॥ ੧॥ ਰਹਾਉ॥ ਪੂਰਬਿ[੯] ਲਿਖਿਆ ਸੁ ਕਰਮੁ ਕਮਾਇਆ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ॥ ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ॥ ੨॥ ਗੁਰਮੁਖਿ ਅਲਿਪਤੁ[੧੦] ਰਹੈ ਸੰਸਾਰੇ॥ ਗੁਰ ਕੈ ਤਕੀਐ[੧੧] ਨਾਮਿ ਅਧਾਰੇ॥ [੧੨]ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ॥ ੩॥ ਮਨਮੁਖਿ ਅੰਧੇ ਸੁਧਿ ਨ ਕਾਈ॥ [੧੩]ਆਤਮ ਘਾਤੀ ਹੈ ਜਗਤ ਕਸਾਈ॥ ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ॥ ੪॥ ਇਹੁ ਜਗੁ ਵਾੜੀ[੧੪] ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ॥ ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ* ਵਾਸੁ ਜਣਾਵਣਿਆ॥ ੫॥ ਮਨਮੁਖੁ ਰੋਗੀ ਹੈ ਸੰਸਾਰਾ॥ ਸੁਖਦਾਤਾ ਵਿਸਰਿਆ ਅਗਮ ਅਪਾਰਾ॥ ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ॥ ੬॥ ਜਿਨਿ ਕੀਤੇ ਸੋਈ ਬਿਧਿ ਜਾਣੈ॥ [੧੫]ਆਪਿ ਕਰੇ ਤਾ ਹੁਕਮਿ ਪਛਾਣੈ॥ ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ [੧੬]ਬਾਹਰਿ ਪਾਵਣਿਆ॥ ੭॥ ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ॥ ਜਿਸੁ [੧੭]ਲਾਇ ਲਏ ਸੋ ਨਿਰਮਲੁ ਹੋਈ॥ ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ॥ ੮॥ ੧੪॥ ੧੫॥

ਮਾਝ ਮਹਲਾ ੩॥ ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥ ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥ ੧॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥ ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ॥ ੧॥ ਰਹਾਉ॥ ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ[੧੮]॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ॥ ੨॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ॥ ਅੰਮ੍ਰਿਤੁ [੧੯]ਗੁਰ ਪਰਸਾਦੀ ਪਾਏ॥ ਅੰਮ੍ਰਿਤੁ ਰਸਨਾ[੨੦] ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ॥ ੩॥ ਸੋ ਕਿਛੁ ਕਰੈ ਜੁ [੨੧]ਚਿਤਿ ਨ ਹੋਈ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥ ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ॥ ੪॥ ਅਜਬ ਕੰਮ ਕਰਤੇ ਹਰਿ ਕੇਰੇ[੨੨]॥ ਇਹੁ ਮਨੁ ਭੂਲਾ [੨੩]ਜਾਂਦਾ ਫੇਰੇ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ॥ ੫॥

੧ ਸਿੱਖਿਆ।
੨ ਸਹਾਈ, ਮੱਦਦਗਾਰ।
੩ ਜਿਸ ਤੋੜੀ ਕਿਸੇ ਦੀ ਪਹੁੰਚ ਨਾ ਹੋਵੇ।
੪. ਜੋ ਇੰਦਰਿਆਂ ਦਾ ਵਿਸ਼ਾ ਨਾ ਹੋਵੇ।
੫ ਜਿਸ ਦਾ ਕੋਈ ਮਾਲਕ ਨਹੀਂ, ਸੁਤੰਤਰ।
੬ ਜੋ ਜੂਨ ਵਿੱਚ ਨਹੀਂ ਆਉਂਦਾ, ਜੰਮਦਾ ਨਹੀਂ।
੭ ਆਪਾ-ਭਾਵ ਦੂਰ ਕਰਨ ਵਾਲਿਆਂ ਤੋਂ।
੮ ਦੇਖੋ ਪੰਨਾ ੬੮।
੯ ਪਹਿਲੋਂ।
੧੦ ਨਿਰਲੇਪ।
੧੧ ਆਸਰੇ।
੧੨ ਜੋ ਗੁਰਮੁਖ ਨਾਲ ਧੱਕਾ ਕਰਦਾ ਹੈ, ਉਸ ਨੂੰ ਕੀ ਲਾਭ?
੧੩ ਆਪਣੇ ਆਪ ਨੂੰ ਤਬਾਹ ਕਰਨ ਵਾਲਾ ਅਤੇ ਸੰਸਾਰ ਦਾ ਕਸਾਈ ਹੈ।
੧੪ ਬਗ਼ੀਚੀ।
੧੫ ਆਪੇ ਹਰੀ ਇਸ ਲਾਇਕ ਬਣਾਵੇ ਤਾਂ ਜੀਵ ਹੁਕਮ ਦੁਆਰਾ ਪਛਾਣਦਾ ਹੈ।
੧੬ ਮੰਦੇ ਸੁਭਾਵ ਨੂੰ ਬਾਹਰ ਕੱਢ ਦਿੰਦਾ ਹੈ।
੧੭ ਆਪਣੇ ਨਾਲ ਲਾ ਲਵੇ, ਮਿਲਾ ਲਵੇ।
੧੮ ਬਚਨਾਂ ਦੁਆਰਾ।
੧੯ ਗੁਰੂ ਦੀ ਕਿਰਪਾ ਤੋਂ।
੨੦ ਜੀਭ।
੨੧ ਚਿਤ ਚੇਤੇ ਭੀ ਨਹੀਂ ਹੁੰਦਾ।
੨੨ ਦੇ।
੨੩ ਭਟਕਦਾ ਫਿਰਦਾ ਹੈ।

* ਵਾਸ (ਖੁਸ਼ਬੋ) ਤੋਂ। ਜਿਸ ਤਰ੍ਹਾਂ ਦੀ ਵਾਸ ਕਿਸੇ ਵਿੱਚ ਹਰੀ ਪਾ ਦਿੰਦਾ ਹੈ, ਓਸੇ ਤਰ੍ਹਾਂ ਦੀ ਵਾਸ ਖਿਲ੍ਹਰਦੀ ਹੈ। ਇਸ ਪਈ ਹੋਈ ਵਾਸ ਤੋਂ ਹੀ ਮਨੁੱਖ ਦੀ ਚੰਗੀ ਮੰਦੀ ਸੋਭਾ ਹੁੰਦੀ ਹੈ।

ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ[੧] ॥ ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥ ੬ ॥ ਕਿਉ ਕਰਿ ਵੇਖਾ ਕਿਉ ਸਾਲਾਹੀ ॥ [੨]ਗੁਰ ਪਰਸਾਦੀ ਸਬਦਿ ਸਲਾਹੀ ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ੭ ॥ ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥ ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥ ੮ ॥ ੧੫ ॥ ੧੬ ॥ ਮਾਝ ਮਹਲਾ ੩ ॥ [੩]ਅੰਮ੍ਰਿਤੁ ਵਰਸੈ [੪]ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥ ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ[੫] ਕਰਿ ਕਿਰਪਾ ਤ੍ਰਿਸਨਾ[੬] ਬੁਝਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥ ਰਸਨਾ[੭] ਰਸੁ ਚਾਖਿ ਸਦਾ ਰਹੈ [੮]ਰੰਗਿ ਰਾਤੀ ਸਹਜੇ[੯] ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥ ਗੁਰ ਪਰਸਾਦੀ ਸਹਜੁ[੧੦] ਕੋ ਪਾਏ ॥ ਦੁਬਿਧਾ[੧੧] ਮਾਰੇ ਇਕਸੁ ਸਿਉ ਲਿਵ ਲਾਏ ॥ ਨਦਰਿ[੧੨] ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥ ੨ ॥ ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ[੧੩] ॥ ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥ ੩ ॥ ਗੁਰਮੁਖਿ ਤਤੁ ਹੈ ਬੀਚਾਰਾ ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥ ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥ ੪ ॥ ਸਤਿਗੁਰੁ ਸੇਵੈ ਸੋ ਜਨੁ ਸੋਹੈ ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥ ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥ ੫ ॥ ਮਨਮੁਖੁ ਭੂਲਾ [੧੪]ਦੂਜੈ ਭਾਇ ਖੁਆਏ ॥ ਨਾਮੁ ਨ ਲੇਵੈ ਮਰੈ ਬਿਖੁ[੧੫] ਖਾਏ ॥ ਅਨਦਿਨੁ[੧੬] ਸਦਾ ਵਿਸਟਾ[੧੭] ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥ ੬ ॥ ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ ਗੁਰ ਪਰਸਾਦੀ ਸਹਜਿ[੧੦] ਲਿਵ ਲਾਏ ॥ ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥ ੭ ॥ ਆਪੇ ਆਪਿ ਨਿਰੰਜਨੁ[੧੮] ਸੋਈ ॥ ਜਿਨਿ ਸਿਰਜੀ[੧੯] ਤਿਨਿ ਆਪੇ ਗੋਈ[੨੦] ॥ ਨਾਨਕ ਨਾਮੁ ਸਮਾਲਿ[੨੧] ਸਦਾ ਤੂੰ ਸਹਜੇ ਸਚਿ ਸਮਾਵਣਿਆ ॥ ੮ ॥ ੧੬ ॥ ੧੭ ॥ ਮਾਝ ਮਹਲਾ ੩* ॥ ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ [੪]ਸਹਜ ਸੁਭਾਏ ॥ ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥ ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥ ੧ ॥ ਰਹਾਉ ॥ ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਤਨੁ

੧ ਸਾਰੇ।
੨ ਗੁਰੂ ਦੀ ਕਿਰਪਾ ਦੁਆਰਾ ਸ਼ਬਦ ਦੇ ਰਾਹੀਂ ਤੈਨੂੰ ਸਲਾਹਵਾਂ।
੩ ਹਰਿ ਨਾਮ ਰੂਪੀ ਅੰਮ੍ਰਿਤ ਵੱਸ ਰਿਹਾ ਹੈ ਸੁਭਾਵਕ ਹੀ ਭਾਵ ਮੀਂਹ ਵਾਕੁਰ ਖੁਲ੍ਹਾ-ਡੁਲ੍ਹਾ ਮਿਲਦਾ ਹੈ।
੪ ਸੁਭਾਵਕ ਹੀ, ਕੁਦਰਤੀ ਤੌਰ 'ਤੇ।
੫ ਰੱਜੇ।
੬ ਤ੍ਰੇਹ।
੭ ਜੀਭ।
੮ ਪ੍ਰੇਮ ਵਿੱਚ ਰੱਤੀ ਹੋਈ।
੯ ਸੁਤੇ ਸਿਧ।
੧੦ ਦੇਖੋ ਪੰਨਾ ੬੮।
੧੧ ਦੋਹਾਂ ਪਾਸੇ ਦੀ ਰੁਚੀ।
੧੨ ਮੇਹਰ।
੧੩ ਬਹੁਤ।
੧੪ ਇਕ ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨ ਕਰ ਕੇ।
੧੫ ਜ਼ਹਿਰ।
੧੬ ਹਰ ਰੋਜ਼।
੧੭ ਮੈਲਾ, ਗੰਦ।
੧੮ ਮਾਇਆ ਤੋਂ ਰਹਿਤ।
੧੯ ਰਚੀ।
੨੦ ਮਿਟਾ ਦਿੱਤੀ।
੨੧ ਚੇਤੇ ਕਰ।

* ਇਨ੍ਹਾਂ ਅਸ਼ਟਪਦੀਆਂ ਵਿੱਚ ਵਾਹਿਗੁਰੂ ਦੇ ਕਈ ਸਰਵ-ਵਿਆਪਕ ਰੂਪ ਦੱਸੇ ਹਨ। ਪਿੱਛੇ ਦੱਸਿਆ ਸੀ ਕਿ ਉਹ ਅੰਮ੍ਰਿਤ ਰੂਪ ਹੈ। ਹੁਣ ਦੱਸਦੇ ਹਨ ਕਿ ਉਹ ਸੱਚ ਰੂਪ ਹੈ। ਸਾਰੀਆਂ ਹਾਲਤਾਂ ਵਿੱਚ ਉਹ ਗੁਰਬਾਣੀ ਦੁਆਰਾ ਪ੍ਰਤੱਖ ਹੁੰਦਾ ਹੈ। ਵਾਹਿਗੁਰੂ ਦੇ ਇਸ ਰੂਪ ਨੂੰ ਦੱਸਣ ਲਈ ਬਾਣੀ ਭੀ ਕਦੀ "ਅੰਮ੍ਰਿਤ-ਬਾਣੀ" ਅਖਵਾਂਦੀ ਹੈ, ਕਦੀ "ਸੱਚ-ਸ਼ਬਦ"।

ਸਚਾ ਰਸਨਾ[1] ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ[2] ॥ ੨ ॥ ਮਨਸਾ[3] ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥ ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ[4] ਵਾਸਾ ਪਾਵਣਿਆ ॥ ੩ ॥ ਗੁਰ ਕੈ ਸਬਦਿ ਰਿਦੈ[5] ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥ ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥ ੪ ॥ ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥ ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥ ੫ ॥ ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ[6] ਅਗੋਚਰੁ[7] ਸਬਦਿ ਸੁਧਿ[8] ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥ ੬ ॥ ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥ [9]ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥ ੭ ॥ ਗੁਰ ਪਰਸਾਦੀ ਏਕੋ ਜਾਣਾ ॥ ਦੂਜਾ[10] ਮਾਰਿ ਮਨੁ ਸਚਿ ਸਮਾਣਾ ॥ ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥ ੮ ॥ ੧੭ ॥ ੧੮ ॥ ਮਾਝ ਮਹਲਾ ੩ ॥ ਵਰਨ[11] ਰੂਪ ਵਰਤਹਿ ਸਭ ਤੇਰੇ ॥ ਮਰਿ ਮਰਿ ਜੰਮਹਿ ਫੇਰ[12] ਪਵਹਿ ਘਣੇਰੇ[13] ॥ ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥ ਤਿਸੁ ਰੂਪੁ ਨ ਰੇਖਿਆ[14] ਵਰਨੁ ਨ ਕੋਈ ਗੁਰਮਤੀ [15]ਆਪਿ ਬੁਝਾਵਣਿਆ ॥ ੧ ॥ ਰਹਾਉ ॥ ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥ ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥ ੨ ॥ ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥ ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥ ੩ ॥ ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ[16] ਸੂਝੈ ॥ ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ[*] ਸਚਿ ਸਮਾਵਣਿਆ ॥ ੪ ॥ ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥ ਸਚੁ ਸਲਾਹੇ [17]ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥ ੫ ॥ ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥ ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥ ੬ ॥ ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥ ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥ ੭ ॥ ਸਚੁ ਸਾਲਾਹੀ ਅਵਰੁ ਨ ਕੋਈ ॥ ਜਿਤੁ ਸੇਵਿਐ ਸਦਾ ਸੁਖੁ

੧ ਜੀਭ।
੨ ਬਿਆਨ ਕਰੀਦਾ ਹੈ।
੩ ਇੱਛਾ, ਖ਼ਾਹਿਸ਼।
੪ ਆਪਣੇ ਅਸਲੀ ਘਰ ਵਿੱਚ, ਵਾਹਿਗੁਰੂ ਦੀ ਹਜ਼ੂਰੀ ਵਿੱਚ।
੫ ਦਿਲ ਵਿੱਚ ਹੀ।
੬ ਜਿਸ ਤਕ ਪਹੁੰਚ ਨਾ ਸਕੀਏ।
੭ ਜੋ ਇੰਦਰਿਆਂ ਦਾ ਵਿਸ਼ਾ ਨਾ ਹੋਵੇ।
੮ ਸੋਝੀ।
੯ ਜ਼ਹਿਰ ਖਰੀਦਦੇ ਹਨ।
੧੦ ਦ੍ਵੈਤ ਭਾਵ।
੧੧ ਰੰਗ।
੧੨ ਜੰਮਣ ਮਰਨ ਦੇ ਗੇੜੇ।
੧੩ ਬਹੁਤੇ।
੧੪ ਚਿਹਨ ਚੱਕਰ, ਆਕਾਰ।
੧੫ ਆਪ ਸੋਝੀ ਦੇਂਦਾ ਹੈ।
੧੬ ਤਿੰਨ ਭਵਣ, ਸਾਰਾ ਸੰਸਾਰ।
੧੭ ਸਾਰਿਆਂ ਦਿਲਾਂ ਅੰਦਰ।

* ਸਹਜ ਅਵਸਥਾ ਦੁਆਰਾ। 'ਸਹਜ' ਲਈ ਦੇਖੋ ਪੰਨਾ ੬੮।

ਹੋਈ ॥ ਨਾਨਕ ਨਾਮਿ ਰਤੇ ਵੀਚਾਰੀ[੧] ਸਚੋ ਸਚੁ ਕਮਾਵਣਿਆ ॥ ੮ ॥ ੧੮ ॥
੧੯ ॥ ਮਾਝ ਮਹਲਾ ੩ ॥ ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ
ਜੋਤਿ ਸਭ ਮਾਹਿ ਸਮਾਣੀ ॥ ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ
ਨਿਰਮਲੁ ਮੈਲੁ ਗਵਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਸੁਖਦਾਤਾ
ਮੰਨਿ ਵਸਾਵਣਿਆ ॥ ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ
ਤਿਸਾ[੨] ਮਿਟਾਵਣਿਆ ॥ ੧ ॥ ਰਹਾਉ ॥ ਨਿਰਮਲ ਨਾਮੁ ਵਸਿਆ ਮਨਿ
ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥ ਨਿਰਮਲ ਗੁਣ ਗਾਵੈ
ਨਿਤ ਸਾਚੇ ਕੇ ਨਿਰਮਲ ਨਾਦੁ[੩] ਵਜਾਵਣਿਆ ॥ ੨ ॥ ਨਿਰਮਲ ਅੰਮ੍ਰਿਤੁ
ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ ਨਿਰਮਲ
ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥
੩ ॥ ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ
ਧੋਵੈ ॥ *ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ
ਪਾਵਣਿਆ ॥ ੪ ॥ ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ
ਹਰਿ ਸਬਦਿ ਪਰੋਵੈ ॥ ਨਿਰਮਲ ਨਾਮਿ ਲਗੇ ਬਡਭਾਗੀ [੪]ਨਿਰਮਲੁ ਨਾਮਿ
ਸੁਹਾਵਣਿਆ ॥ ੫ ॥ ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ
ਤਨੁ ਮੋਹੈ[੫] ॥ ਸਚਿ ਨਾਮਿ ਮਲੁ ਕਦੇ ਨ ਲਾਗੈ [੬]ਮੁਖੁ ਊਜਲੁ ਸਚੁ
ਕਰਾਵਣਿਆ ॥ ੬ ॥ ਮਨੁ ਮੈਲਾ ਹੈ [੭]ਦੂਜੈ ਭਾਇ ॥ ਮੈਲਾ ਚਉਕਾ ਮੈਲੈ
ਥਾਇ ॥ ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥
੭ ॥ ਮੈਲੇ ਨਿਰਮਲ ਸਭਿ ਹੁਕਮਿ ਸਬਾਏ[੮] ॥ ਸੇ ਨਿਰਮਲ ਜੋ ਹਰਿ ਸਾਚੇ
ਭਾਏ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥
੮ ॥ ੧੯ ॥ ੨੦ ॥ ਮਾਝ ਮਹਲਾ ੩ ॥ [੯]ਗੋਵਿੰਦੁ ਊਜਲੁ ਊਜਲ ਹੰਸਾ ॥
ਮਨੁ ਬਾਣੀ ਨਿਰਮਲ ਮੇਰੀ ਮਨਸਾ[੧੦] ॥ ਮਨਿ ਊਜਲ ਸਦਾ ਮੁਖ ਸੋਹਹਿ
ਅਤਿ ਊਜਲ ਨਾਮੁ ਧਿਆਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਗੋਬਿੰਦ
ਗੁਣ ਗਾਵਣਿਆ ॥ ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ
ਸਬਦਿ ਸੁਣਾਵਣਿਆ ॥ ੧ ॥ ਰਹਾਉ ॥ ਗੋਬਿਦੁ ਗਾਵਹਿ [੧੧]ਸਹਜਿ ਸੁਭਾਏ ॥
ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥ ਸਦਾ ਅਨੰਦਿ ਰਹਹਿ ਭਗਤਿ
ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ ॥ ੨ ॥ †ਮਨੂਆ
ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥ ਸਚਾ ਤਾਲੁ[੧੨]
ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ[੧੩] ਕਰਾਵਣਿਆ ॥ ੩ ॥ ਊਚਾ
ਕੂਕੇ [੧੪]ਤਨਹਿ ਪਛਾੜੇ ॥ ਮਾਇਆ ਮੋਹਿ [੧੫]ਜੋਹਿਆ ਜਮਕਾਲੇ ॥ ਮਾਇਆ

੧ ਵੀਚਾਰਵਾਨ ਹਨ।
੨ ਤਿਖਾ, ਤੇਹ।
੩ ਸ਼ਬਦ।
੪ ਪਵਿੱਤਰ ਨਾਮ ਦੁਆਰਾ ਸੋਹਣੇ ਲੱਗਦੇ ਹਨ।
੫ ਮੋਹਤ ਹੁੰਦਾ ਹੈ।
੬ ਸੱਚ ਹੀ ਮੂੰਹ ਉਜਲਾ ਕਰਾਂਦਾ ਹੈ, ਭਾਵ ਸੁਰਖਰੂ ਹੋਣ ਦਾ ਕਾਰਨ ਬਣਦਾ ਹੈ।
੭ ਦ੍ਵੈਤ ਭਾਵ ਕਰ ਕੇ, ਵਾਹਿਗੁਰੂ ਨੂੰ ਛੱਡ ਕੇ ਹੋਰਥੇ ਦਿਲ ਲਾਉਣ ਕਰ ਕੇ।
੮ ਸਾਰੇ।
੯ ਇਕ ਅਲੰਕਾਰ ਵਰਤਿਆ ਹੈ। ਗੋਬਿੰਦ ਇਕ ਸਰੋਵਰ ਹੈ, ਜਿਸ ਵਿੱਚ ਗੁਰਮੁਖਿ-ਆਤਮਾ ਹੰਸ ਹਨ।
੧੦ ਮਨ ਦਾ ਭਾਵ, ਇਰਾਦਾ।
੧੧ ਸੁਭਾਵਕ ਹੀ, ਨਿਰ ਯਤਨ ਹੋ ਕੇ।
੧੨ ਨਾਚ ਵਿੱਚ ਹੱਥਾਂ ਜਾਂ ਪੈਰਾਂ ਦੀ ਆਵਾਜ਼ ਨੂੰ ਰਾਗ ਦੇ ਵਜ਼ਨ ਨਾਲ ਮੇਲਣਾ, ਇਹ ਤਾਲ ਪੂਰਨਾ ਹੈ।
੧੩ ਨਾਚ।
੧੪ ਸਰੀਰ ਨੂੰ ਪਟਕਦੇ ਹਨ। "ਆਪੁ ਪਛਾੜਹਿ ਧਰਤੀ ਨਾਲਿ" (ਵਾਰ ਆਸਾ, ੪੬੫)।
੧੫ ਜਮਕਾਲ ਨੇ ਤੱਕਿਆ ਹੈ (ਮਾਰਨ ਦੇ ਖ਼ਿਆਲ ਨਾਲ)।

* ਬਾਣੀ ਦੀ ਅਨਹਤ ਧੁਨੀ ਸਾਫ਼-ਸਾਫ਼ ਸੁਣਾਈ ਦਿੰਦੀ ਹੈ। 'ਅਨਹਤ ਧੁਨੀ' ਲਈ ਦੇਖੋ ਪੰਨਾ ੯੧, ਨੋਟ ੨੪।

† ਇਥੇ ਭਗਤੀ ਪਾਉਣ ਵਾਲੇ ਰਾਸਧਾਰੀਆਂ ਦੇ ਮੁਕਾਬਲੇ 'ਤੇ ਅਸਲੀ ਭਗਤੀ ਦਾ ਰੂਪ ਦੱਸਦੇ ਹਨ :

ਅਰਥ :- ਮਨ ਨੱਚੇ ਪ੍ਰੇਮ ਵਿੱਚ ਦ੍ਰਿੜ੍ਹ ਹੋ ਕੇ (ਭਾਵ ਮਾਇਆ ਦੇ ਲਾਲਚ ਵਿੱਚ ਨਾ ਨੱਚੇ।) ਗੁਰਬਾਣੀ ਦੁਆਰਾ ਆਪਣੇ ਮਨ ਨੂੰ ਪਰਮ ਜੋਤ ਨਾਲ ਇਕ-ਸੁਰ ਕਰ ਦੇਵੇ। ਮਾਇਕ ਪਦਾਰਥਾਂ ਦੇ ਲਾਲਚ ਨੂੰ ਛੱਡ ਦੇਵੇ, ਇਹ ਤਾਲ ਪੂਰਨਾ ਹੋਵੇ। ਨੱਚਣ ਵਾਲੇ ਤਾਂ ਰਾਗ ਦੀ ਸੁਰ ਅਨੁਸਾਰ ਪੈਰਾਂ ਨੂੰ ਹਿਲਾ ਕੇ ਨੱਚਦੇ ਹਨ, ਇਹ ਭਗਤ ਗੁਰਬਾਣੀ ਦੇ ਅਨੁਕੂਲ ਆਪਣੇ ਜੀਵਨ ਨੂੰ ਨਚਾਵੇ, ਭਾਵ ਬਾਣੀ ਦੇ ਹੁਕਮ ਅਨੁਸਾਰ ਜ਼ਿੰਦਗੀ ਬਣਾਵੇ।

ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ[੧] ਦੂਖੁ ਪਾਵਣਿਆ ॥ ੪ ॥ [੨]ਗੁਰਮੁਖਿ ਭਗਤਿ ਜਾ ਆਪਿ ਕਰਾਏ ॥ ਤਨੁ ਮਨੁ ਰਾਤਾ [੩]ਸਹਜਿ ਸੁਭਾਏ ॥ [੪]ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ [੫]ਥਾਇ ਪਾਵਣਿਆ ॥ ੫ ॥ ਬਹੁ ਤਾਲ ਪੂਰੇ ਵਾਜੇ ਵਜਾਏ ॥ ਨਾ ਕੋ ਸੁਣੇ ਨ ਮੰਨਿ ਵਸਾਏ ॥ ਮਾਇਆ ਕਾਰਣਿ ਪਿੜ ਬੰਧਿ ਨਾਚੈ [੬]ਦੂਜੈ ਭਾਇ ਦੁਖੁ ਪਾਵਣਿਆ ॥ ੬ ॥ ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ [੭]ਸਚ ਸੰਜਮਿ ਜੁਗਤਾ ॥ ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥ ੭ ॥ ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥ ਹੋਰਤੁ ਭਗਤਿ ਨ ਪਾਏ ਕੋਈ ॥ ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥ ੮ ॥ ੨੦ ॥ ੨੧ ॥ ਮਾਝ ਮਹਲਾ ੩ ॥ ਸਚਾ ਸੇਵੀ ਸਚੁ ਸਾਲਾਹੀ ॥ ਸਚੈ ਨਾਇ ਦੁਖੁ ਕਬ ਹੀ ਨਾਹੀ ॥ ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ [*]ਸੁਖ ਸਹਜਿ ਸਮਾਧਿ ਲਗਾਵਣਿਆ ॥ ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥ ੧ ॥ ਰਹਾਉ ॥ ਸਭੁ ਕੋ ਤੇਰਾ ਭਗਤੁ ਕਹਾਏ ॥ ਸੇਈ ਭਗਤ ਤੇਰੈ ਮਨਿ ਭਾਏ ॥ ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥ ੨ ॥ ਸਭੁ ਕੋ ਸਚੇ ਹਰਿ ਜੀਉ ਤੇਰਾ ॥ ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥ ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥ ੩ ॥ ਗੁਰਮਤੀ ਹਰਿ ਮੰਨਿ ਵਸਾਇਆ ॥ ਹਰਖੁ[੮] ਸੋਗੁ ਸਭੁ ਮੋਹੁ ਗਵਾਇਆ ॥ ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥ ੪ ॥ ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ [੯]ਨਉ ਨਿਧਿ ਨਾਮੁ ਵਸਿਆ ਮਨਿ ਆਏ ॥ ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥ ੫ ॥ ਤੂੰ ਦਇਆਲੁ ਸਦਾ ਸੁਖਦਾਤਾ ॥ ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥ ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥ ੬ ॥ ਸਦਾ ਸਦਾ ਸਾਚੇ ਤੁਧੁ ਸਾਲਾਹੀ ॥ ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥ ਏਕਸੁ ਸਿਉ ਮਨੁ ਰਹਿਆ ਸਮਾਏ [੧੦]ਮਨਿ ਮੰਨਿਐ ਮਨਹਿ ਮਿਲਾਵਣਿਆ ॥ ੭ ॥ ਗੁਰਮੁਖਿ ਹੋਵੈ ਸੋ ਸਾਲਾਹੇ ॥ ਸਾਚੇ ਠਾਕੁਰ ਵੇਪਰਵਾਹੇ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥ ੮ ॥ ੨੧ ॥ ੨੨ ॥ ਮਾਝ ਮਹਲਾ ੩ ॥ ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ ਗੁਰ ਕੈ ਸਬਦਿ ਨਾਮਿ ਸਵਾਰੇ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ [੧੧]ਗੁਣ ਕਹਿ ਗੁਣੀ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥

੧ ਛਲ, ਧੋਖਾ।
੨ ਗੁਰਮੁਖ ਵਾਲੀ ਰਾਸ ਤਦ ਪੈਂਦੀ ਹੈ, ਜੇ ਆਪ ਪੁਆਵੇ।
੩ ਕੁਦਰਤੀ ਤੌਰ 'ਤੇ, ਸੁਭਾਵਕ ਹੀ।
੪ (ਨੱਚਣ ਲਈ) ਰਾਗ ਦੀ ਸੁਰ ਨਿਕਲਦੀ ਹੈ ਸ਼ਬਦ ਦੇ ਵਜਾਉਣ ਨਾਲ, ਭਾਵ ਬਾਣੀ ਦਾ ਕੀਰਤਨ ਕਰਨ ਨਾਲ।
੫ ਕਬੂਲ ਪੈਂਦੀ ਹੈ।
੬ ਦ੍ਵੈਤ ਭਾਵ ਵਿੱਚ; ਇਕ ਵਾਹਿਗੁਰੂ ਨੂੰ ਛੱਡ ਕੇ ਹੋਰਥੇ ਪਿਆਰ ਪਾਉਣ ਨਾਲ।
੭ ਸੱਚੀ ਰਹਿਣੀ ਬਹਿਣੀ ਦੁਆਰਾ ਜੁਗਤੀ ਵਾਲਾ ਹੁੰਦਾ ਹੈ।
੮ ਖੁਸ਼ੀ।
੯ ਦੇਖੋ ਪੰਨਾ ੧੦, ਫੁਟ ਨੋਟ §।
੧੦ ਮਨ ਦੇ ਪਤੀਜਨ ਨਾਲ ਸ੍ਵੈ-ਸਰੂਪ ਵਿੱਚ ਜਾਈਦਾ ਹੈ।
੧੧ ਦੇਖੋ ਪੰਨਾ ੧੪੭, ਨੋਟ ੧੭।

* ਜੋ ਸੁਖ-ਸਹਜ ਵਿੱਚ ਸਮਾਧੀ ਲਾਉਂਦੇ ਹਨ। ਦੇਖੋ ਪੰਨਾ ੧੦੪, ਨੋਟ ੬।

ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥ ੧ ॥ ਰਹਾਉ ॥
ਹਰਿ ਜੀਉ ਸਾਚਾ [1]ਸਾਚੀ ਨਾਈ ॥ ਗੁਰ ਪਰਸਾਦੀ ਕਿਸੈ ਮਿਲਾਈ ॥ [2]ਗੁਰ
ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ[3] ਸਚਿ ਸਮਾਵਣਿਆ ॥ ੨ ॥ ਤੁਝ
ਤੇ ਬਾਹਰਿ ਕਛੂ ਨ ਹੋਇ ॥ ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਆਪੇ
ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥ ੩ ॥ ਕਾਮਣਿ[4]
ਗੁਣਵੰਤੀ ਹਰਿ ਪਾਏ ॥ [5]ਭੈ ਭਾਇ ਸੀਗਾਰੁ ਬਣਾਏ ॥ ਸਤਿਗੁਰੁ ਸੇਵਿ ਸਦਾ
ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥ ੪ ॥ ਸਬਦੁ ਵਿਸਾਰਨਿ ਤਿਨਾ
[6]ਠਉਰੁ ਨ ਠਾਉ ॥ ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥ [7]ਹਲਤੁ ਪਲਤੁ
ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ[8] ॥ ੫ ॥ ਲਿਖਦਿਆ
ਲਿਖਦਿਆ ਕਾਗਦ ਮਸੁ[9] ਖੋਈ ॥ [10]ਦੂਜੈ ਭਾਇ ਸੁਖੁ ਪਾਏ ਨ ਕੋਈ ॥ ਕੂੜੁ
ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥ ੬ ॥
ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ[11] ॥
ਸਚੁ ਕਾਗਦੁ ਕਲਮ ਮਸਵਾਣੀ[12] ਸਚੁ ਲਿਖਿ ਸਚਿ ਸਮਾਵਣਿਆ ॥ ੭ ॥
ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ [13]ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥
ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥ ੮ ॥ ੨੨ ॥
੨੩ ॥ ਮਾਝ ਮਹਲਾ ੩ ॥ [*]ਆਤਮਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ
ਮੈਲੁ ਲਾਗੀ ਗੁਰ ਸਬਦੀ ਖੋਵੈ ॥ ਮਨੁ ਨਿਰਮਲੁ ਅਨਦਿਨੁ[14] ਭਗਤੀ ਰਾਤਾ
ਭਗਤਿ ਕਰੇ ਹਰਿ ਪਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਆਪਿ ਭਗਤਿ
ਕਰਨਿ ਅਵਰਾ ਭਗਤਿ ਕਰਾਵਣਿਆ ॥ ਤਿਨਾ ਭਗਤ ਜਨਾ ਕਉ ਸਦ
ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥
ਆਪੇ ਕਰਤਾ ਕਾਰਣੁ ਕਰਾਏ ॥ ਜਿਤੁ ਭਾਵੈ ਤਿਤੁ ਕਾਰੈ ਲਾਏ ॥ ਪੂਰੈ ਭਾਗਿ
ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥ ੨ ॥ ਮਰਿ ਮਰਿ ਜੀਵੈ
ਤਾ ਕਿਛੁ ਪਾਏ ॥ ਗੁਰ ਪਰਸਾਦੀ ਹਰਿ ਮੰਨਿ ਵਸਾਏ ॥ [15]ਸਦਾ ਮੁਕਤੁ ਹਰਿ
ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥ ੩ ॥ ਬਹੁ ਕਰਮ ਕਮਾਵੈ ਮੁਕਤਿ
ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ[16] ॥ ਬਿਰਥਾ ਜਨਮੁ ਗਵਾਇਆ
ਕਪਟੀ[17] ਬਿਨੁ ਸਬਦੈ ਦੁਖੁ ਪਾਵਣਿਆ ॥ ੪ ॥ [18]ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਪਰਸਾਦੀ [19]ਪਰਮ ਪਦੁ ਪਾਏ ॥ ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ
ਪ੍ਰੀਤਮ ਸੁਖੁ ਪਾਵਣਿਆ ॥ ੫ ॥ ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ
ਭਾਇ ਬਿਰਥਾ ਜਨਮੁ ਗਵਾਏ ॥ ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ

੧ ਸੱਚੇ ਨਾਮ ਕਰ ਕੇ।

੨ ਗੁਰੂ ਦੇ ਸ਼ਬਦ ਦੁਆਰਾ ਜੋ ਮਿਲਦੇ ਹਨ।

੩ ਸੁਤੇ ਸਿਧ; ਸੁਭਾਵਕ ਹੀ।

੪ ਇਸਤਰੀ।

੫ ਵਾਹਿਗੁਰੂ ਦੇ ਡਰ ਤੇ ਪਿਆਰ ਨੂੰ ਸ਼ਿੰਗਾਰ ਬਣਾਵੇ।

੬ ਨਾ ਥਾਂ ਨਾ ਟਿਕਾਣਾ।

੭ ਲੋਕ ਤੇ ਪਰਲੋਕ।

੮ (ਉਮਰ) ਗੁਜ਼ਰਦੀ ਹੈ।

੯ ਸਿਆਹੀ।

੧੦ ਦ੍ਵੈਤ ਭਾਵ ਕਰ ਕੇ, ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨ ਨਾਲ।

੧੧ ਮੁਕਤੀ।

੧੨ ਦਵਾਤ।

੧੩ ਗੁਰੂ ਦੀ ਕਿਰਪਾ ਦੁਆਰਾ।

੧੪ ਹਰ ਰੋਜ਼, ਨਿੱਤ।

੧੫ ਜੋ ਹਰੀ ਨੂੰ ਮਨ ਵਿੱਚ ਵਸਾਉਂਦਾ ਹੈ, ਉਹ ਸਦਾ ਮੁਕਤ ਹੁੰਦਾ ਹੈ, ਅਤੇ ਸੁਭਾਵਕ ਹੀ ਸਹਜ ਅਵਸਥਾ ਵਿੱਚ ਸਮਾ ਜਾਂਦਾ ਹੈ। ਸਹਿਜ ਲਈ ਦੇਖੋ ਪੰਨਾ ੬੮।

੧੬ ਭੁਲਿਆ ਹੈ।

੧੭ ਛਲੀਏ ਨੇ।

੧੮ ਮਨ ਨੂੰ ਭਜਦਿਆਂ ਮੋੜੇ, ਅਤੇ (ਮਾਇਆ ਵਲੋਂ) ਰੋਕ ਰੱਖੇ।

੧੯ ਉੱਚੀ ਤੋਂ ਉੱਚੀ ਪਦਵੀ ਜਿਥੇ ਤਕ ਮਨੁੱਖ ਉਨੱਤੀ ਕਰ ਕੇ ਪਹੁੰਚ ਸਕਦਾ ਹੈ; ਵਾਹਿਗੁਰੂ ਨਾਲ ਅਭੇਦਤਾ।

* ਵਾਹਿਗੁਰੂ (ਜੋ ਸਾਰੀਆਂ ਆਤਮਾਂ ਵਿੱਚ ਰਮਿਆ ਹੋਇਆ ਹੈ) ਦਾ ਚਾਨਣਾ ਗੁਰੂ ਦੁਆਰੇ ਹੁੰਦਾ ਹੈ। ਜੋ ਹਉਮੈ ਦੀ ਮੈਲ ਲੱਗੀ ਹੋਈ ਹੈ, ਉਸ ਨੂੰ ਗੁਰਬਾਣੀ ਦੁਆਰਾ ਦੂਰ ਕਰੀਦਾ ਹੈ।

ਬੋਲਿ ਬਿਖੁ[੧] ਖਾਵਣਿਆ ॥ ੬ ॥ [*]ਇਸੁ ਤਨ ਮਹਿ ਮਨੁ ਕੋ[੨] ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ[੩] ॥ [੪]ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ[੫] ॥ ੭ ॥ ਆਪਿ ਕਰਾਏ ਕਰਤਾ ਸੋਈ ॥ ਹੋਰੁ ਕਿ ਕਰੇ ਕੀਤੈ ਕਿਆ ਹੋਈ ॥ ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥ ੮ ॥ ੨੩ ॥ ੨੪ ॥ ਮਾਝ ਮਹਲਾ ੩ ॥ [੬]ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ[੭] ਅਪਾਰਾ ॥ ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ[੮] ਵੰਞਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥ ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥ ੧ ॥ ਰਹਾਉ ॥ ਹਉਮੈ ਮਾਰਿ [੯]ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥ ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥ ੨ ॥ [੧੦]ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥ ੩ ॥ ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ[੧੧] ਦੁਖੁ ਪਾਏ ॥ ਮਨਮੁਖ[੧੨] ਅੰਧੇ ਸੂਝੈ ਨਾਹੀ [੧੩]ਫਿਰਿ ਘਿਰਿ ਆਇ ਗੁਰਮੁਖਿ[੧੪] ਵਥੁ ਪਾਵਣਿਆ ॥ ੪ ॥ ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ ਬੈਸਿ ਸੁਥਾਨਿ[੧੫] ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥ ੫ ॥ [੧੬]ਨਉ ਦਰ ਠਾਕੇ ਧਾਵਤੁ ਰਹਾਏ ॥ [੧੭]ਦਸਵੈ ਨਿਜ ਘਰਿ ਵਾਸਾ ਪਾਏ ॥ ਓਥੈ [੧੮]ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥ ੬ ॥ ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ[੧੯] ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥ ੭ ॥ ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥ ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ[੨੦] ਮੰਨਿ ਵਸਾਵਣਿਆ ॥ ੮ ॥ ੨੪ ॥ ੨੫ ॥ ਮਾਝ ਮਹਲਾ ੩ ॥ ਗੁਰਮੁਖਿ[੨੦] ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ[੨੧] ਦੁਖੁ ਨ ਸੰਤਾਪੇ[੨੨] ॥ ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥ ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥ ੧ ॥ ਰਹਾਉ ॥ ਗੁਰਮੁਖਿ [੨੩]ਜੀਵੈ ਮਰੈ ਪਰਵਾਣੁ ॥ ਆਰਜਾ[੨੪] ਨ ਛੀਜੈ[੨੫] ਸਬਦੁ ਪਛਾਣੁ ॥

੧ ਜ਼ਹਿਰ।
੨ ਕੋਈ ਵਿਰਲਾ।
੩ ਸੁਕੇ, ਮੁੱਕ ਜਾਵੇ।
੪ ਵੱਡੇ ਜੋਗੀ, ਅਭਿਆਸੀ ਅਤੇ ਚੁੱਪ ਸਾਧਣ ਵਾਲੇ।
੫ ਦੇਖਿਆ।
੬ ਇਸ (ਸਰੀਰ ਰੂਪ) ਗੁਫਾ ਵਿੱਚ ਅਮੁੱਕ ਖ਼ਜ਼ਾਨਾ ਹੈ (ਆਤਮਕ ਸ਼ਕਤੀਆਂ ਦਾ)।
੭ ਜਿਸ ਨੂੰ ਸਮਝ ਨਾ ਸਕੀਏ (ਵਾਹਿਗੁਰੂ)।
੮ ਹੰਕਾਰ। ਗੁਰਬਾਣੀ ਦੁਆਰਾ ਜਿਨ੍ਹਾਂ ਨੇ ਆਪਾ ਭਾਵ ਗਵਾ ਦਿੱਤਾ ਹੈ, ਉਨ੍ਹਾਂ ਨੂੰ ਇਹ ਸਮਝ ਆਈ ਹੈ।
੯ ਕਰੜੇ ਪਰਦੇ (ਅਗਿਆਨਤਾ ਦੇ)।
੧੦ ਗੁਰ-ਗਿਆਨ ਦਾ ਸੱਚਾ ਸੁਰਮਾ ਅੱਖਾਂ ਵਿੱਚ ਪਾਇਆ।
੧੧ ਵਿਗਾਰੀਆਂ ਵਾਂਗ।
੧੨ ਦੇਖੋ ਪੰਨਾ ੧੧, ਨੋਟ ੨੧।
੧੩ ਮੁੜ ਘਿੜ ਕੇ।
੧੪ ਦੇਖੋ ਪੰਨਾ ੧੧, ਨੋਟ ੨੦।
੧੫ ਉੱਤਮ ਥਾਂ (ਸਤਸੰਗ) ਵਿੱਚ।
੧੬ ਨੌਂ ਗੋਲਕਾਂ ਰੂਪ ਦਰਵਾਜ਼ੇ (ਵਿਸ਼ਿਆਂ ਵਲੋਂ ਰੋਕੇ)।
੧੭ ਦਸਵੇਂ ਦੁਆਰ ਦੁਆਰਾ ਆਪਣੇ ਅਸਲੀ ਘਰ ਵਿੱਚ (ਜਿਥੇ ਵਾਹਿਗੁਰੂ ਪ੍ਰਤੱਖ ਹੁੰਦਾ ਹੈ) ਵਾਸਾ ਕਰੇ। ਦਸਵਾਂ ਦੁਆਰ=ਸੁਰਤ ਦੀ ਉਹ ਉੱਚੀ ਤੇ ਸਾਫ਼ ਹਾਲਤ ਜਿਸ ਵਿੱਚ ਨਾ ਸਰੀਰਕ ਰੁਝੇਵਿਆਂ ਦਾ ਖ਼ਿਆਲ ਤੇ ਨਾ ਮਨ ਦੀ ਉਧੇੜ-ਬੁਣ ਬਾਕੀ ਰਹਿ ਜਾਂਦੀ ਹੈ।
੧੮ ਦੇਖੋ ਪੰਨਾ ੯੧, ਨੋਟ ੨੪।
੧੯ ਹੋਰ ਕਿਸੇ ਤੋਂ।
੨੦ ਗੁਰੂ ਦੁਆਰਾ।
੨੧ ਤੱਕਦਾ (ਮਾਰਨ ਲਈ)।
੨੨ ਸਤਾਉਂਦਾ।
੨੩ ਜ਼ਿੰਦਗੀ ਵਿੱਚ ਤੇ ਮਰ ਕੇ; ਦੋਹਾਂ ਹਾਲਤਾਂ ਵਿੱਚ ਪ੍ਰਵਾਨ ਹੈ।
੨੪ ਉਮਰ।
੨੫ ਨਾਸ ਹੁੰਦੀ। ਉਸ ਦੀ ਉਮਰ ਵਿਅਰਥ ਨਹੀਂ ਜਾਂਦੀ, ਉਹ ਸ਼ਬਦ ਨੂੰ ਪਛਾਣਨ ਵਾਲਾ ਹੈ।

* ਲੋਕ ਇਤਨੇ ਮਾਇਆਧਾਰੀ ਜਾਂ ਮਾਦਾ-ਪ੍ਰਸੱਤ ਹੋ ਗਏ ਹਨ ਕਿ ਉਨ੍ਹਾਂ ਦਾ ਸਾਰਾ ਰੁਝੇਵਾਂ ਸਰੀਰਕ ਰਸਾਂ ਵਿੱਚ ਹੀ ਹੈ। ਕੋਈ ਗੁਰੂ ਦੇ ਪਾਸੇ ਲੱਗਾ ਹੋਇਆ ਵਿਰਲਾ ਸੱਜਣ ਹੀ ਹੈ, ਜੋ ਇਸ ਸਰੀਰਕ ਜ਼ਿੰਦਗੀ ਵਿੱਚ ਆਤਮਾ ਵੱਲ ਭੀ ਝਾਤ ਪਾਉਂਦਾ ਹੈ, ਅਤੇ ਪ੍ਰੇਮਾ ਭਗਤੀ ਕਰ ਕੇ ਆਪਣੀ ਹਉਮੈ ਨੂੰ ਸੁਕਾ ਦਿੰਦਾ ਹੈ। ਆਮ ਲੋਕਾਂ ਦਾ ਕੀ ਕਹਿਣਾ ਹੈ, ਵੱਡੇ-ਵੱਡੇ ਧਾਰਮਿਕ ਜ਼ੁਹਦੀਆਂ ਕਰਨ ਵਾਲੇ ਭੀ ਧਿਆਨ ਲਾ ਲਾ ਕੇ ਹੁੱਟ ਗਏ, ਪਰ ਉਨ੍ਹਾਂ ਨੂੰ ਵੀ ਸਰੀਰ ਵਿੱਚ ਆਤਮਾ ਦਿਸ ਨਾ ਸਕਿਆ, ਭਾਵ ਇਹ ਕਿ ਉਨ੍ਹਾਂ ਦੀ ਨਜ਼ਰ ਭੀ ਕਿਸੇ ਨਾ ਕਿਸੇ ਸ਼ਕਲ ਵਿੱਚ ਸਰੀਰਕ ਰਸਾਂ ਤੇ ਰੁਝੇਵਿਆਂ ਤਕ ਹੀ ਮਹਦੂਦ ਰਹੀ, ਉਨ੍ਹਾਂ ਤੋਂ ਉੱਚੀ ਹੋ ਕੇ ਆਤਮਕ ਅਵਸਥਾ ਦੀ ਬਰੀਕੀ ਤਕ ਨਾ ਅਪੜ ਸਕੀ। "ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥" (ਗਉੜੀ ਗੁਆਰੇਰੀ ਅਸਟ: ਕਬੀਰ, ੩੩੦)।

ਗੁਰਮੁਖਿ[1] ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥ ੨ ॥ ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ[2] ਗਵਾਏ ॥ ਆਪਿ ਤਰੈ ਕੁਲ ਸਗਲੇ[3] ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥ ੩ ॥ ਗੁਰਮੁਖਿ ਦੂਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ[4] ॥ ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ[5] ਸਮਾਵਣਿਆ ॥ ੪ ॥ ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ [6]ਸਬਦੁ ਕਰਾਵਣਿਆ ॥ ੫ ॥ ਗੁਰਮੁਖਿ ਅਨਦਿਨੁ[7] ਸਬਦੇ ਰਾਤਾ ॥ ਗੁਰਮੁਖਿ [*]ਜੁਗ ਚਾਰੇ ਹੈ ਜਾਤਾ ॥ ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥ ੬ ॥ ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ[8] ਕਰਹਿ ਪੁਕਾਰਾ ॥ ਅਨਦਿਨੁ ਰੋਗੀ ਬਿਸਟਾ[9] ਕੇ ਕੀੜੇ ਬਿਸਟਾ ਮਹਿ ਦੂਖੁ ਪਾਵਣਿਆ ॥ ੭ ॥ ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ[10] ਆਪਿ ਆਏ ॥ ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥ ੮ ॥ ੨੫ ॥ ੨੬ ॥ ਮਾਝ ਮਹਲਾ ੩ ॥ ਏਕਾ ਜੋਤਿ [11]ਜੋਤਿ ਹੈ ਸਰੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥ ਆਪੇ [12]ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥ ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥ ੧ ॥ ਰਹਾਉ ॥ ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ ਤੂੰ ਆਪੇ ਨਦਰੀ ਜਗਤੁ ਪਰੋਵਹਿ ॥ ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥ ੨ ॥ ਆਪੇ ਕਰਤਾ ਕਰੇ ਕਰਾਏ ॥ ਆਪੇ ਸਬਦੁ ਗੁਰ ਮੰਨਿ ਵਸਾਏ ॥ ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥ ੩ ॥ ਆਪੇ ਕਰਤਾ ਆਪੇ ਭੁਗਤਾ[13] ॥ ਬੰਧਨ ਤੋੜੇ ਸਦਾ ਹੈ ਮੁਕਤਾ ॥ ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ[14] ਲਖਾਵਣਿਆ ॥ ੪ ॥ ਆਪੇ ਮਾਇਆ ਆਪੇ ਛਾਇਆ[15] ॥ ਆਪੇ ਮੋਹੁ ਸਭੁ ਜਗਤੁ ਉਪਾਇਆ ॥ ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥ ੫ ॥ ਆਪੇ ਕਰੇ ਕਰਾਏ ਆਪੇ ॥ ਆਪੇ ਥਾਪਿ ਉਥਾਪੇ[16] ਆਪੇ ॥ ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥ ੬ ॥ ਆਪੇ ਮਾਰੇ ਆਪਿ ਜੀਵਾਏ ॥ ਆਪੇ ਮੇਲੇ ਮੇਲਿ ਮਿਲਾਏ ॥ ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ[5] ਸਮਾਵਣਿਆ ॥ ੭ ॥ ਆਪੇ ਊਚਾ ਊਚੋ ਹੋਈ ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥ ਨਾਨਕ ਨਾਮੁ ਵਸੈ ਘਟ[17]

੧ ਦੇਖੋ ਪੰਨਾ ੧੧, ਨੋਟ ੨੦।
੨ ਆਪਾ ਭਾਵ, ਹਉਮੈ।
੩ ਸਾਰੇ।
੪ ਪੀੜ। ਹਉਮੈ ਦੀ ਪੀੜ ਮੁੱਕ ਜਾਂਦੀ ਹੈ।
੫ ਸਹਜ ਅਵਸਥਾ ਵਿੱਚ, ਜੋ ਪੂਰਨ ਅਡੋਲਤਾ ਤੇ ਸ਼ਾਂਤੀ ਵਾਲੀ ਹੁੰਦੀ ਹੈ, ਦੇਖੋ ਪੰਨਾ ੬੮।
੬ ਸ਼ਬਦ ਦੀ ਕਮਾਈ ਕਰਦੇ ਹਨ।
੭ ਹਰ ਰੋਜ਼।
੮ ਗੁੱਸੇ, ਵਰੇ ਹੋਏ।
੯ ਮੈਲਾ, ਗੰਦਗੀ।
੧੦ ਵੱਸਿਆ।
੧੧ ਸਭ ਸਰੀਰਾਂ ਵਿੱਚ ਇਕ ਹਰੀ ਦੀ ਜੋਤ ਹੈ।
੧੨ ਵਿੱਥ, ਵਿਖੇਪਤਾ। ਸਰੀਰਾਂ ਵਿੱਚੋਂ ਆਪਣੀ ਜੋਤ ਪਾ ਕੇ ਏਕਤਾ ਭੀ ਆਪ ਹੀ ਵਰਤਾਈ ਹੈ, ਅਤੇ ਆਪ ਹੀ ਉਨ੍ਹਾਂ ਵਿੱਚ ਫ਼ਰਕ ਪਾਇਆ ਹੈ, ਅਤੇ ਵੱਖੋ-ਵੱਖ ਬਣਾਵਟ ਦਿੱਤੀ ਹੈ।
੧੩ ਭੋਗਣ ਵਾਲਾ।
੧੪ ਜਿਸ ਨੂੰ ਕੋਈ ਸਮਝ ਨਾ ਸਕੇ।
੧੫ ਮਾਇਆ ਦਾ ਅਕਸ (ਪ੍ਰਭਾਵ), ਭਾਵ ਅਵਿੱਦਿਆ।
੧੬ ਮੁੜ ਉਖੇੜਦਾ ਹੈ, ਨਾਸ ਕਰਦਾ ਹੈ।
੧੭ ਦਿਲ।

* ਚਵ੍ਹਾਂ ਜੁਗਾਂ (ਭਾਵ ਹਰ ਜ਼ਮਾਨੇ) ਵਿੱਚ ਮਸ਼ਹੂਰ ਹੋ ਜਾਂਦਾ ਹੈ। ਹਰ ਸਮੇਂ ਦੇ ਲੋਕ ਉਸ ਦੀ ਕਥਨੀ ਤੇ ਕਰਨੀ ਦੀਆਂ ਮਿਸਾਲਾਂ ਦਿੰਦੇ ਹਨ।

ਅੰਤਰਿ [1]ਆਪੇ ਵੇਖਿ ਵਿਖਾਲਣਿਆ॥ ੮॥ ੨੬॥ ੨੭॥ ਮਾਝ ਮਹਲਾ ੩॥ ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ॥ ਗੁਰ ਪਰਸਾਦੀ [2]ਘਰ ਹੀ ਮਹਿ ਪਾਈ॥ ਸਦਾ ਸਰੇਵੀ[3] ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ॥ ੧॥ ਹਉ ਵਾਰੀ ਜੀਉ ਵਾਰੀ ਜਗਜੀਵਨੁ[4] ਮੰਨਿ ਵਸਾਵਣਿਆ॥ ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ[5] ਸਮਾਵਣਿਆ॥ ੧॥ ਰਹਾਉ॥ [2]ਘਰ ਮਹਿ ਧਰਤੀ *ਧਉਲੁ ਪਾਤਾਲਾ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ[6]॥ ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ॥ ੨॥ ਕਾਇਆ[7] ਅੰਦਰਿ ਹਉਮੈ ਮੇਰਾ॥ ਜੰਮਣ ਮਰਣੁ ਨ ਚੂਕੈ ਫੇਰਾ॥ ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ॥ ੩॥ †ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥ ਦੋਵੈ ਮਾਰਿ ਜਾਇ ਇਕਤੁ[8] ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ॥ ੪॥ ਘਰ ਹੀ ਮਾਹਿ [9]ਦੂਜੈ ਭਾਇ ਅਨੇਰਾ[10]॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ॥ ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ[11] ਨਾਮੁ ਧਿਆਵਣਿਆ॥ ੫॥ ਅੰਤਰਿ ਜੋਤਿ ਪਰਗਟੁ ਪਾਸਾਰਾ॥ ਗੁਰ ਸਾਖੀ[12] ਮਿਟਿਆ ਅੰਧਿਆਰਾ॥ [13]ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ॥ ੬॥ ਅੰਦਰਿ ਮਹਲ ਰਤਨੀ ਭਰੇ ਭੰਡਾਰਾ॥ ਗੁਰਮੁਖਿ ਪਾਏ ਨਾਮੁ ਅਪਾਰਾ॥ ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ॥ ੭॥ ਆਪੇ ਵਥੁ[14] ਰਾਖੈ ਆਪੇ ਦੇਇ॥ ਗੁਰਮੁਖਿ ਵਣਜਹਿ ਕੇਈ ਕੇਇ॥ ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ॥ ੮॥ ੨੭॥ ੨੮॥ ਮਾਝ ਮਹਲਾ ੩॥ ਹਰਿ ਆਪੇ ਮੇਲੇ ਸੇਵ ਕਰਾਏ॥ ਗੁਰ ਕੈ ਸਬਦਿ ਭਾਉ ਦੂਜਾ ਜਾਏ॥ ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ॥ ੧॥ ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ॥ ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ॥ ੧॥ ਰਹਾਉ॥ ਆਪੇ ਗੁਰੁ ਦਾਤਾ [15]ਕਰਮਿ ਬਿਧਾਤਾ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ॥ ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ॥ ੨॥ ਇਸੁ ਗੁਫਾ[16] ਮਹਿ ਇਕੁ ਥਾਨੁ[17] ਸੁਹਾਇਆ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ॥ ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ॥ ੩॥ ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ॥ ਨਾਮੁ ਨਿਰੰਜਨੁ[18] ਅੰਤਰਿ ਵਸੈ ਮੁਰਾਰੇ॥ ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ

੧ ਉਹ ਆਪੇ ਵੇਖ ਕੇ ਹੋਰਨਾਂ ਨੂੰ ਵਿਖਾਲਦਾ ਹੈ।
੨ ਆਪਣੇ ਦਿਲ ਦੇ ਅੰਦਰ ਹੀ।
੩ ਸੇਵਨ ਕਰਾਂ।
੪ ਜੋ ਸੰਸਾਰ ਦੀ ਜ਼ਿੰਦਗੀ ਹੈ।
੫ ਦੇਖੋ ਪੰਨਾ ੬੮।
੬ ਜਵਾਨ।
੭ ਸਰੀਰ।
੮ ਸ੍ਵੈ-ਸਰੂਪ ਵਿੱਚ।
੯ ਦ੍ਵੈਤ ਭਾਵ ਕਰ ਕੇ; ਇਕ ਵਾਹਿਗੁਰੂ ਨੂੰ ਛੱਡ ਕੇ ਹੋਰ ਪਾਸੇ ਲੱਗਣ ਨਾਲ।
੧੦ ਅੰਧੇਰਾ (ਅਗਿਆਨਤਾ)।
੧੧ ਹਰ ਰੋਜ਼।
੧੨ ਸਿੱਖਿਆ ਦੁਆਰਾ।
੧੩ ਹਿਰਦੇ ਰੂਪ ਕਮਲ ਖਿੜ ਪਿਆ।
੧੪ ਵਸਤ, ਸੌਦੇ ਦੀ ਚੀਜ਼।
੧੫ ਕਰਮਾਂ ਅਨੁਸਾਰ ਫਲ ਦੇਵਣ ਵਾਲਾ।
੧੬ ਸਰੀਰ ਰੂਪ।
੧੭ ਅੰਤਸ਼ਕਰਣ ਰੂਪ।
੧੮ ਮਾਇਆ ਤੋਂ ਰਹਿਤ, ਪਵਿੱਤਰ।

* ਬਲਦ। ਵਾਹਿਗੁਰੂ ਜੋ ਧਰਤੀ ਤੇ ਪਾਤਾਲਾਂ ਦਾ ਧਉਲ ਭਾਵ ਆਸਰਾ ਸਾਡੇ ਅੰਦਰ ਹੀ ਹੈ।

† ਇਸ ਸ਼ਬਦ ਵਿੱਚ ਗੁਰੂ ਜੀ ਬਹੁਤ ਉੱਚੀ ਟੀਸੀ ਤੋਂ ਆਤਮਕ ਵਿਚਾਰ ਕਰਦੇ ਹਨ। ਕਈ ਵਾਰੀ ਅਸੀਂ ਵਾਹਿਗੁਰੂ ਦੀ ਸਰਬ-ਨਿਰੰਤਰ ਜੋਤ ਨੂੰ ਵਿਸਾਰ ਕੇ ਆਪਣੀ ਹਉਮੈ ਦੁਆਰਾ ਇਖ਼ਲਾਕੀ ਨੇਮ ਘੜ ਲੈਂਦੇ ਹਾਂ, ਅਤੇ ਕੁਝ ਗੱਲਾਂ ਨੂੰ ਨੇਕੀ ਅਤੇ ਕੁਝ ਨੂੰ ਬਦੀ ਮੰਨਣ ਲੱਗ ਪੈਂਦੇ ਹਾਂ। ਇਹੋ ਜਿਹੇ ਪਾਪ ਪੁੰਨ ਇਕ ਦੂਜੇ ਦੇ ਭਰਾ ਅਖਵਾ ਸਕਦੇ ਹਨ, ਕਿਉਂਕਿ ਦੋਵੇਂ ਇਕੋ ਮਾਂ-ਹਉਮੈ ਤੋਂ ਪੈਦਾ ਹੋਏ ਹਨ। ਅਸਲ ਵਿੱਚ "ਪਾਪ ਪੁੰਨ ਹਮਰੈ ਵਸਿ ਨਾਹਿ" (ਰਾਮਕਲੀ ਮ: ੫); "ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵ੍ਵਿਕਾਰਾ॥ ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ" (ਮਾਰੂ ਮ: ੩)। ਇਸ ਲਈ ਗੁਰਮਤ ਇਹ ਹੈ ਕਿ ਇਸ ਹਉਮੈ ਦੇ ਆਧਾਰ 'ਤੇ ਕੀਤੀ ਹੋਈ ਵੰਡ ਤੋਂ ਉਤਾਹਾਂ ਚੜ੍ਹ ਕੇ ਆਪਣੇ ਲਈ ਇਹ ਨੇਮ ਮੰਨੇ. "ਜੋ ਤੁਧੁ ਭਾਵੈ ਸਾਈ ਭਲੀ ਕਾਰ"॥ (ਜਪੁ)।

ਸੁਖੁ ਪਾਵਣਿਆ ॥ ੪ ॥ ਜਮੁ ਜਾਗਾਤੀ[1] ਦੂਜੈ ਭਾਇ ਕਰੁ[2] ਲਾਏ ॥ ਨਾਵਹੁ
ਭੂਲੇ ਦੇਇ ਸਜਾਏ ॥ ਘੜੀ ਮੁਹਤ[3] ਕਾ ਲੇਖਾ ਲੇਵੈ ਰਤੀਅਹੁ ਮਾਸਾ
ਤੋਲ ਕਢਾਵਣਿਆ[4] ॥ ੫ ॥ ਪੇਈਅੜੈ[5] ਪਿਰੁ ਚੇਤੇ ਨਾਹੀ ॥ [6]ਦੂਜੈ ਮੁਠੀ
ਰੋਵੈ ਧਾਹੀ[7] ॥ ਖਰੀ[8] ਕੁਆਲਿਓ[9] ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ
ਪਾਵਣਿਆ ॥ ੬ ॥ ਪੇਈਅੜੈ ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ ਹਦੂਰਿ[10]
ਦਿਖਾਇਆ ॥ [11]ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ
ਸੇਜ ਸੁਹਾਵਣਿਆ ॥ ੭ ॥ ਆਪੇ ਦੇਵੈ ਸਦਿ ਬੁਲਾਏ ॥ ਆਪਣਾ ਨਾਉ ਮੰਨਿ
ਵਸਾਏ ॥ ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ[12] ਸਦਾ ਗੁਣ
ਗਾਵਣਿਆ ॥ ੮ ॥ ੨੮ ॥ ੨੯ ॥ ਮਾਝ ਮਹਲਾ ੩ ॥ ਊਤਮ ਜਨਮੁ ਸੁਥਾਨਿ[13]
ਹੈ ਵਾਸਾ ॥ ਸਤਿਗੁਰੁ ਸੇਵਹਿ [14]ਘਰ ਮਾਹਿ ਉਦਾਸਾ ॥ ਹਰਿ ਰੰਗਿ[15] ਰਹਹਿ
ਸਦਾ ਰੰਗਿ ਰਾਤੇ [16]ਹਰਿ ਰਸਿ ਮਨੁ ਤ੍ਰਿਪਤਾਵਣਿਆ ॥ ੧ ॥ ਹਉ ਵਾਰੀ
ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ ਗੁਰਮੁਖਿ ਪੜਹਿ ਹਰਿ ਨਾਮੁ
ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥ ਅਲਖ[17] ਅਭੇਉ[18]
ਹਰਿ ਰਹਿਆ ਸਮਾਏ ॥ ਉਪਾਇ[19] ਨ ਕਿਤੀ ਪਾਇਆ ਜਾਏ ॥ ਕਿਰਪਾ
ਕਰੇ ਤਾ ਸਤਿਗੁਰੁ ਭੇਟੈ[20] ਨਦਰੀ ਮੇਲਿ ਮਿਲਾਵਣਿਆ ॥ ੨ ॥ [21]ਦੂਜੈ ਭਾਇ
ਪੜੈ ਨਹੀ ਬੂਝੈ ॥ ਤ੍ਰਿਬਿਧਿ[22] ਮਾਇਆ ਕਾਰਣਿ ਲੂਝੈ[23] ॥ ਤ੍ਰਿਬਿਧਿ ਬੰਧਨ
ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥ ੩ ॥ ਇਹੁ ਮਨੁ
ਚੰਚਲੁ ਵਸਿ ਨ ਆਵੈ ॥ ਦੁਬਿਧਾ[*] ਲਾਗੈ ਦਹ ਦਿਸਿ[24] ਧਾਵੈ ॥ ਬਿਖੁ[25]
ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ[26] ॥ ੪ ॥ ਹਉ
ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥ ੫ ॥ ਉਪਜੈ
ਪਚੈ ਹਰਿ ਬੂਝੈ ਨਾਹੀ ॥ ਅਨਦਿਨੁ ਦੂਜੈ ਭਾਇ ਫਿਰਾਹੀ ॥ ਮਨਮੁਖ ਜਨਮੁ
ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥ ੬ ॥ ਪਿਰੁ ਪਰਦੇਸਿ
ਸਿਗਾਰੁ ਬਣਾਏ ॥ ਮਨਮੁਖ[27] ਅੰਧੁ ਐਸੇ ਕਰਮ ਕਮਾਏ ॥ [28]ਹਲਤਿ ਨ
ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥ ੭ ॥ ਹਰਿ ਕਾ
ਨਾਮੁ ਕਿਨੈ ਵਿਰਲੈ ਜਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥ ਅਨਦਿਨੁ
ਭਗਤਿ ਕਰੇ ਦਿਨੁ ਰਾਤੀ ਸਹਜੇ[29] ਹੀ ਸੁਖੁ ਪਾਵਣਿਆ ॥ ੮ ॥ ਸਭ ਮਹਿ
ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਨਕ ਨਾਮਿ ਰਤੇ
ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥ ੯ ॥ ੨੯ ॥ ੩੦ ॥
ਮਾਝ ਮਹਲਾ ੩† ॥ ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ

੧ ਮਸੂਲੀਆ।
੨ ਮਸੂਲ। ਦੂਜੇ ਭਾਵ ਵਿੱਚ ਹੋਣ ਕਰ ਕੇ ਮਸੂਲ ਲਾਂਦਾ ਹੈ।
੩ ਅੱਧੀ ਘੜੀ।
੪ ਕੱਢਦਾ ਹੈ। ਰਤਾ ਰਤਾ ਹਿਸਾਬ ਗਿਣਦਾ ਹੈ।
੫ ਇਸ ਲੋਕ ਰੂਪੀ ਪੇਕੇ-ਘਰ ਵਿੱਚ।
੬ ਦ੍ਵੈਤ ਭਾਵ ਦੀ ਠੱਗੀ ਹੋਈ।
੭ ਧਾਹਾਂ ਮਾਰ ਮਾਰ ਕੇ
੮ ਬਹੁਤ।
੯ ਬੁਰੇਆਲਯ (ਘਰ) ਦੀ; ਨੀਚ ਖਾਨਦਾਨ ਦੀ।
੧੦ ਪ੍ਰਤੱਖ, ਸਾਮ੍ਹਣੇ।
੧੧ ਇਸਤਰੀ ਨੇ ਪਤੀ ਨੂੰ ਗਲੇ ਨਾਲ ਲਾ ਰੱਖਿਆ।
੧੨ ਹਰ ਰੋਜ਼।
੧੩ ਚੰਗੇ ਥਾਂ, ਸਤਸੰਗ ਵਿੱਚ। ਉਨ੍ਹਾਂ ਦਾ ਉੱਤਮ ਜਨਮ ਹੈ, ਜਿਨ੍ਹਾਂ ਦਾ ਸਤਸੰਗ ਵਿੱਚ ਵਾਸਾ ਹੈ।
੧੪ ਗ੍ਰਿਹਸਤ ਵਿੱਚ ਹੀ ਉਦਾਸ ਕਮਾਉਂਦਾ ਹੈ।
੧੫ ਪ੍ਰੇਮ ਵਿੱਚ।
੧੬ ਹਰੀ ਦੇ ਪ੍ਰੇਮ-ਰਸ ਨਾਲ ਮਨ ਨੂੰ ਰਜਾਉਂਦੇ ਹਨ।
੧੭ ਜਿਸ ਨੂੰ ਸਮਝ ਨਾ ਸਕੀਏ।
੧੮ ਜਿਸ ਦੇ ਭੇਦ ਨਾ ਲੈ ਸਕੀਏ।
੧੯ ਉਪਾਉ ਨਾਲ।
੨੦ ਮਿਲਾਵੇ।
੨੧ ਦ੍ਵੈਤ ਭਾਵ ਨਾਲ।
੨੨ ਤ੍ਰਿਗੁਣੀ।
੨੩ ਝਗੜਦਾ ਹੈ।
੨੪ ਦਸਾਂ ਦਿਸ਼ਾਂ ਵੱਲ, ਸਾਰੇ ਪਾਸੇ।
੨੫ ਜ਼ਹਿਰ, ਮਾਇਆ।
੨੬ ਗ਼ਰਕ ਹੋ ਜਾਂਦਾ ਹੈ।
੨੭ ਦੇਖੋ ਪੰਨਾ ੧੧, ਨੋਟ ੨੧।
੨੮ ਇਸ ਲੋਕ ਵਿੱਚ ਉਸ ਨੂੰ ਕੋਈ ਚੰਗਾ ਨਹੀਂ ਕਹਿੰਦਾ, ਤੇ ਅਗਲੇ ਜਹਾਨ ਵਿੱਚ ਕੋਈ ਆਸਰਾ ਨਹੀਂ ਮਿਲਦਾ।
੨੯ ਸੁਤੇ-ਸਿਧ, ਨਿਰਯਤਨ।

* [ਦ੍ਵਿ-ਵਿਧਿ] ਦੁਹਾਂ ਪਾਸਿਆਂ ਵਲ ਝੁਕਾਉ ਰੱਖਣਾ; ਕਦੀ ਰੱਬ ਵੱਲ, ਕਦੀ ਮਾਇਆ ਵੱਲ ਜਾਣਾ, ਡੋਲਣ ਵਾਲੀ ਬਿਰਤੀ।

† ਇਸ ਸ਼ਬਦ ਵਿੱਚ ਜੋ ਵੇਦਾਂ ਸ਼ਾਸਤਰਾਂ ਅਤੇ ਗੁਰਬਾਣੀ ਦਾ ਟਾਕਰਾ ਕਰ ਕੇ ਦੱਸਿਆ ਹੈ, ਉਸ ਲਈ ਦੇਖੋ ਗਉੜੀ ਗੁਆਰੇਰੀ ਦਾ ਬਾਰ੍ਵਾਂ ਚਉਪਦਾ, ਪੰਨਾ ੧੫੪।

ਦੁਖੁ ਪਾਵਹਿ ॥ [1]ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥ ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ[2] ਪੀਆਵਣਿਆ ॥ ੧ ॥ ਰਹਾਉ ॥ ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ[3] ਵਖਾਣਹਿ ਮੋਹੇ ਮਾਇਆ ॥ [4]ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥ ੨ ॥ [5]ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥ ਸਚੋ ਸਚੁ ਰਵਹਿ[6] ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥ ੩ ॥ ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥ ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥ ੪ ॥ ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ[7] ਜਾਗੈ ॥ ਨਿਰਮਲ ਨਾਮੁ ਵਸੈ [8]ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥ ੫ ॥ [9]ਤ੍ਰੈ ਗੁਣ ਪੜਹਿ ਹਰਿ ਤਤੁ[10] ਨ ਜਾਣਹਿ ॥ ਮੂਲਹੁ[11] ਭੁਲੇ ਗੁਰ ਸਬਦੁ ਨ ਪਛਾਣਹਿ ॥ ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥ ੬ ॥ [12]ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ [13]ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥ ੭ ॥ ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ[14] ਦੂਖੁ ਚੁਕਾਏ ॥ ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥ ੮ ॥ ੩੦ ॥ ੩੧ ॥ ਮਾਝ ਮਹਲਾ ੩ ॥ *ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥ ਆਪਿ ਤਰੈ ਸਗਲੇ[15] ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥ ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥ ੧ ॥ ਰਹਾਉ ॥ ਸੋ ਨਿਹਕਰਮੀ[16] ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥ ਨਾਮੁ ਪਦਾਰਥੁ [17]ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥ ੨ ॥ ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥ ਅੰਤਰਿ ਬਿਬੇਕੁ[18] ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥ ੩ ॥ ਹਰਿ ਸਰੁ ਸਾਗਰੁ ਨਿਰਮਲੁ ਸੋਈ ॥ †ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥ ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥ ੪ ॥ [19]ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥ ਅਹਿਨਿਸਿ[20] ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥ ੫ ॥ [21]ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ

੧ ਮਾਇਆ ਵਿੱਚ ਗ਼ਲਤਾਨ ਹਨ।
੨ ਸੁਭਾਵਕ ਹੀ, ਨਿਰਯਤਨ ਹੀ।
੩ ਝਗੜਾ।
੪ ਬੇਸਮਝੀ ਵਾਲੀ ਮੱਤ ਦੇ ਕਾਰਨ।
੫ ਨਾ ਕਥੇ ਜਾਵਣ ਵਾਲੇ ਹਰੀ ਨੂੰ ਬਿਆਨ ਕਰ ਸ਼ੁਕੀਦਾ ਹੈ ਸੋਹਣੇ ਸ਼ਬਦ ਦੁਆਰਾ।
੬ ਜਪਦੇ ਹਨ।
੭ ਹਰ ਰੋਜ਼।
੮ ਦਿਲ ਵਿੱਚ।
੯ ਦੇਖੋ ਪੰਨਾ ੬੮, ਫੁਟ ਨੋਟ †।
੧੦ ਅਸਲੀਅਤ।
੧੧ ਮੁੱਢੋਂ, ਅਸਲੀਅਤ ਤੋਂ।
੧੨ ਵੇਦ ਪੁਕਾਰ ਕੇ ਕਹਿੰਦਾ ਹੈ ਕਿ ਮਾਇਆ ਤ੍ਰਿਗੁਣੀ ਹੈ।
੧੩ ਦੂਜੇ ਭਾਵ ਵਿੱਚ ਲੱਗੇ ਹੋਣ ਕਰ ਕੇ।
੧੪ ਤੌਖਲਾ।
੧੫ ਸਾਰੇ।
੧੬ ਨਿਰਲੇਪ; ਕਰਮਾਂ ਦੇ ਬੰਧਨਾਂ ਤੋਂ ਉੱਤੇ, ਚੰਗੇ ਮੰਦੇ ਕਰਮਾਂ ਦੇ ਬਣਾਵਟੀ ਨੇਮਾਂ ਤੋਂ ਅਗਾਂਹਾਂ ਲੰਘ ਕੇ ਇਕ ਵਾਹਿਗੁਰੂ ਦੀ ਰਜ਼ਾ ਨੂੰ ਹੀ ਆਪਣੇ ਆਚਰਣ ਦਾ ਆਸਰਾ ਮੰਨਣ ਵਾਲਾ। ਦੇਖੋ ਪੰਨਾ ੧੨੬, ਫੁਟ ਨੋਟ †।
੧੭ ਦੇਖੋ ਪੰਨਾ ੧੦, ਫੁਟ ਨੋਟ §।
੧੮ ਨਿਰਣੇ ਕਰਨ ਵਾਲੀ ਵਿਚਾਰ।
੧੯ ਗੁਰਮੁਖ-ਹੰਸ ਪ੍ਰੇਮਾ ਭਗਤੀ ਵਿੱਚ ਨਿਰਮਲ ਹਨ।
੨੦ ਦਿਨ ਰਾਤ।
੨੧ ਗੁਰਮੁਖ-ਹੰਸਾਂ ਦੇ ਮੁਕਾਬਲੇ ਉੱਤੇ ਮਨਮੁਖ ਬਗੁਲਾ ਹੈ ਜੋ ਸਦਾ ਗੰਦਾ ਰਹਿੰਦਾ ਹੈ।

* ਦੇਖੋ ਪੰਨਾ ੯੮, ਫੁਟ ਨੋਟ * ।

† ਉਸ ਦੇ ਸੰਤ ਗੁਰਮੁਖਿ ਰੂਪੀ ਹੰਸ ਹੋ ਕੇ ਉਸ ਨਿਰਮਲ ਸਾਗਰ ਦੇ ਕੰਢੇ ਨਾਮ ਰੂਪੀ ਮੋਤੀ ਚੁਗਦੇ ਹਨ।

ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥ [੧]ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥ ੬ ॥ ਰਤਨੁ ਪਦਾਰਥੁ [੨]ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਗੁਰ ਪਰਸਾਦਿ[੩] ਮਿਟਿਆ ਅੰਧਿਆਰਾ [੪]ਘਟਿ ਚਾਨਣੁ ਆਪੁ ਪਛਾਨਣਿਆ ॥ ੭ ॥ [੫]ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥ ਨਾਨਕ ਨਾਮੁ ਵਸੈ [੬]ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥ ੮ ॥ ੩੧ ॥ ੩੨ ॥ ਮਾਝ ਮਹਲਾ ੩* ॥ ਮਾਇਆ ਮੋਹੁ ਜਗਤੁ ਸਬਾਇਆ[੭] ॥ [੮]ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥ ਗੁਰ ਪਰਸਾਦੀ ਕੋ ਵਿਰਲਾ ਬੂਝੈ [੯]ਚਉਥੈ ਪਦਿ ਲਿਵ ਲਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥ ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥ ੧ ॥ ਰਹਾਉ ॥ ਦੇਵੀ ਦੇਵਾ ਮੂਲੁ ਹੈ ਮਾਇਆ[੧੦] ॥ ਸਿੰਮ੍ਰਿਤਿ ਸਾਸਤ ਜਿੰਨਿ[੧੧] ਉਪਾਇਆ ॥ ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ੨ ॥ [੧੨]ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥ ਜਤੁ ਸਤੁ ਸੰਜਮੁ[੧੩] ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥ ੩ ॥ [੧੪]ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥ [੧੫]ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥ ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥ ਪਿਰ ਕੈ ਸਹਜਿ[੧੬] ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥ ੫ ॥ ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ [੧੭]ਦੂਜਾ ਭਾਉ ਗੁਰ ਸਬਦਿ ਜਲਾਇਆ ॥ [੧੮]ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥ ੬ ॥ ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ [੧੯]ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥ ਮਨਮੁਖਿ[੨੦] ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥ ੭ ॥ ਜਿਨਿ ਸਿਸਟਿ[੨੧] ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥ ਨਾਨਕ ਨਾਮੁ ਮਿਲਿਆ ਤਿਨ ਜਨ ਕਉ [੨੨]ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥ ੮ ॥ ੧ ॥ ੩੨ ॥ ੩੩ ॥ ਮਾਝ ਮਹਲਾ ੪ ॥ ਆਦਿ ਪੁਰਖੁ ਅਪਰੰਪਰੁ[੨੩] ਆਪੇ ॥ ਆਪੇ ਥਾਪੇ [੨੪]ਥਾਪਿ ਉਥਾਪੇ ॥ ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ [੨੫]ਨਿਰੰਕਾਰੀ ਨਾਮੁ ਧਿਆਵਣਿਆ ॥ [੨੬]ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥ ੧ ॥ ਰਹਾਉ ॥ ਤੂ ਦਇਆਲੁ ਕਿਰਪਾਲੁ ਪ੍ਰਭੁ

੧ ਪਰ ਜੇ ਗੁਰਬਾਣੀ ਨੂੰ ਵਿਚਾਰੇ ਅਤੇ ਜੀਉਂਦਿਆਂ ਹੀ ਮਰ ਕੇ ਰਹੇ, ਤਾਂ ਹਉਮੈ ਦੀ ਮੈਲ ਦੂਰ ਕਰ ਸਕਦਾ ਹੈ।

੨ ਆਪਣੇ ਅੰਦਰੋਂ ਹੀ ਲੱਭ ਪਿਆ।

੩ ਗੁਰੂ ਦੀ ਕਿਰਪਾ ਨਾਲ।

੪ ਦਿਲ ਵਿੱਚ ਗਿਆਨ ਦਾ ਚਾਨਣਾ ਹੋ ਗਿਆ, ਅਤੇ ਉਸ ਦੀ ਸਹਾਇਤਾ ਨਾਲ ਆਪਣਾ ਆਪ ਪਛਾਣ ਲਿਆ।

੫ ਇਹ ਪਤਾ ਲੱਗ ਗਿਆ ਕਿ ਵਾਹਿਗੁਰੂ ਆਪ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਆਪ ਹੀ ਇਸ ਦੀ ਖ਼ਬਰ ਰੱਖਦਾ ਹੈ। ਜਿਹੜਾ ਮਨੁੱਖ ਸਤਿਗੁਰੂ ਨੂੰ ਸੇਂਵਦਾ ਹੈ, ਉਹ ਕਬੂਲ ਪੈਂਦਾ ਹੈ।

੬ ਦਿਲ ਵਿੱਚ।

੭ ਸਾਰਾ।

੮ ਤਿੰਨਾਂ ਗੁਣਾਂ ਵਿੱਚ ਵਰਤਣ ਵਾਲੇ, ਭਾਵ ਸਾਰੇ ਸੰਸਾਰੀ ਜੀਵ ਮਾਇਆ ਦੇ ਠੱਗੇ ਹੋਏ ਦਿਸਦੇ ਹਨ।

੯ ਤੁਰੀਆਵਸਥਾ ਜਾਂ ਸਹਿਜ ਵਿੱਚ। ਦੇਖੋ ਪੰਨਾ ੨੩੭, ਫੁਟ ਨੋਟ *।

੧੦ ਉਹ ਭਰਮ ਜਾਂ ਵਹਿਮ ਜਿਸ ਨਾਲ ਮਨੁੱਖ ਇੱਕ ਵਾਹਿਗੁਰੂ ਨੂੰ ਛੱਡ ਕੇ ਹੋਰਨਾਂ ਚੀਜ਼ਾਂ ਦੇ ਮੋਹ ਵਿੱਚ ਪੈ ਜਾਂਦਾ ਹੈ। "ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ" (ਅਨੰਦੁ, ਪੌੜੀ ੨੯)।

੧੧ ਜਿਸ ਮਾਇਆ ਨੇ।

੧੨ ਇਸੇ ਸੰਸਾਰ ਵਿੱਚ।

੧੩ ਮਨ ਨੂੰ ਮੰਦੀਆਂ ਵਾਸ਼ਨਾਂ ਵੱਲੋਂ ਰੋਕਣ ਦਾ ਕੰਮ, ਆਪਣੇ ਆਪ 'ਤੇ ਕਾਬੂ।

੧੪ ਇਸ ਸੰਸਾਰ ਰੂਪੀ ਪੇਕੇ ਘਰ ਵਿੱਚ ਇਸਤਰੀ ਵਹਿਮ ਵਿੱਚ ਭੁੱਲੀ ਰਹੀ।

੧੫ ਲੋਕ ਪਰਲੋਕ।

੧੬ ਗਿਆਨ ਦੁਆਰਾ।

੧੭ ਵਾਹਿਗੁਰੂ ਨੂੰ ਛੱਡ ਕੇ ਹੋਰਨਾਂ ਗੱਲਾਂ ਵਿੱਚ ਮਗਨ ਰਹਿਣ ਦਾ ਭਾਵ।

੧੮ ਇਕੋ ਵਾਹਿਗੁਰੂ ਵੱਸ ਰਿਹਾ ਹੈ, ਦਿਲ ਵਿੱਚ।

੧੯ ਨਿੰਦਣ ਯੋਗ ਹੈ ਐਸੀ ਜ਼ਿੰਦਗੀ।

੨੦ ਦੇਖੋ ਪੰਨਾ ੧੧, ਨੋਟ ੨੧।

੨੧ ਸ੍ਰਿਸ਼ਟੀ, ਦੁਨੀਆਂ।

੨੨ ਜਿਨ੍ਹਾਂ ਦੇ ਮੱਥੇ 'ਤੇ ਧੁਰੋਂ (ਭਾਵ ਵਾਹਿਗੁਰੂ ਦੇ ਹਜ਼ੂਰੋਂ) ਹੁਕਮ ਲਿਖਿਆ ਹੋਇਆ ਹੈ।

੨੩ ਪਰ੍ਹੇ ਤੋਂ ਪਰ੍ਹੇ।

੨੪ ਬਣਾ ਕੇ ਫਿਰ ਉਖੇੜ ਦਿੰਦਾ ਹੈ, ਭਾਵ ਨਾਸ਼ ਕਰ ਦਿੰਦਾ ਹੈ।

੨੫ ਜੋ (ਸਾਕਾਰ ਦੇਵੀ ਦੇਵਤਿਆਂ ਨੂੰ ਛੱਡ ਕੇ) ਆਕਾਰ-ਰਹਿਤ ਨਾਮ ਨੂੰ ਭਜਦੇ ਹਨ।

੨੬ ਉਸ ਦਾ ਚਿਹਨ ਚੱਕਰ ਕੋਈ ਨਹੀਂ; ਉਹ ਦਿਲਾਂ ਵਿੱਚ ਦਿਸਦਾ ਹੈ; ਐਸਾ ਨਾ ਲਖੇ ਜਾਣ ਵਾਲਾ ਵਾਹਿਗੁਰੂ ਗੁਰੂ ਦੁਆਰੇ ਸਮਝਿਆ ਜਾ ਸਕਦਾ ਹੈ।

* ਇਸ ਅਸ਼ਟਪਦੀ ਵਿੱਚ ਮਾਇਆ ਮੋਹ ਜਾਂ ਭਰਮ ਦਾ ਇਕ ਹੋਰ ਰੂਪ ਦਸਦੇ ਹਨ; ਉਹ ਹੈ ਦੇਵੀ ਦੇਵਤਿਆਂ ਵਿੱਚ ਯਕੀਨ। ਦੇਵੀ ਦੇਵਤਿਆਂ ਦੇ ਮੰਨਣ ਵਿੱਚ ਵੀ ਮਾਇਆ ਜਾਂ ਭਰਮ ਕੰਮ ਕਰ ਰਿਹਾ ਹੈ। ਇਸੇ ਭਰਮ ਦਾ ਹੀ ਸਿੱਟਾ ਸਿੰਮ੍ਰਿਤਿ ਅਤੇ ਸ਼ਾਸਤਰ ਹਨ, (ਜਿਨ੍ਹਾਂ ਵਿੱਚ ਦੇਵੀ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ) ਜਿਨ੍ਹਾਂ ਦੀਆਂ ਕਥਾ ਕਹਾਣੀਆਂ ਤੋਂ ਪਤਾ ਲੱਗਦਾ ਹੈ ਕਿ ਸੰਸਾਰ ਵਿੱਚ ਕਿਵੇਂ ਕਾਮ ਤੇ ਕ੍ਰੋਧ ਦਾ ਪਰਭਾਵ ਹੈ, ਜਿਸ ਕਰਕੇ ਲੋਕ ਜਨਮ ਮਰਨ ਦੇ ਗੇੜੇ ਕੱਢਦੇ ਤੇ ਦੁੱਖ ਪਾਉਂਦੇ ਹਨ।

ਸੋਈ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ॥ [੧]ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ॥ ੨॥ ਤੂੰ ਆਪੇ ਸਚਾ ਸਿਰਜਣਹਾਰਾ[੨]॥ ਭਗਤੀ ਭਰੇ ਤੇਰੇ ਭੰਡਾਰਾ॥ ਗੁਰਮੁਖਿ ਨਾਮੁ ਮਿਲੈ *ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ॥ ੩॥ ਅਨਦਿਨੁ[੩] ਗੁਣ ਗਾਵਾ ਪ੍ਰਭ ਤੇਰੇ॥ ਤੁਧੁ ਸਾਲਾਹੀ ਪ੍ਰੀਤਮ ਮੇਰੇ॥ ਤੁਧੁ ਬਿਨੁ ਅਵਰੁ ਨ ਕੋਈ ਜਾਚਾ[੪] ਗੁਰ ਪਰਸਾਦੀ[੫] ਤੂੰ ਪਾਵਣਿਆ॥ ੪॥ ਅਗਮੁ[੬] ਅਗੋਚਰੁ[੭] ਮਿਤਿ[੮] ਨਹੀ ਪਾਈ॥ ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ॥ ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ॥ ੫॥ ਰਸਨਾ[੯] ਗੁਣਵੰਤੀ ਗੁਣ ਗਾਵੈ॥ ਨਾਮੁ ਸਲਾਹੇ ਸਚੇ ਭਾਵੈ॥ ਗੁਰਮੁਖਿ ਸਦਾ ਰਹੈ [੧੦]ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ॥ ੬॥ ਮਨਮੁਖੁ[੧੧] ਕਰਮ ਕਰੇ ਅਹੰਕਾਰੀ॥ ਜੂਐ ਜਨਮੁ ਸਭ ਬਾਜੀ ਹਾਰੀ॥ ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ॥ ੭॥ ਆਪੇ ਕਰਤਾ ਦੇ ਵਡਿਆਈ॥ ਜਿਨ ਕਉ ਆਪਿ [੧੨]ਲਿਖਤੁ ਧੁਰਿ ਪਾਈ॥ ਨਾਨਕ ਨਾਮੁ ਮਿਲੈ [੧੩]ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ॥ ੮॥ ੧॥ ੩੪॥ ਮਾਝ ਮਹਲਾ ੫ ਘਰੁ ੧॥ ਅੰਤਰਿ ਅਲਖੁ[੧੪] ਨ ਜਾਈ ਲਖਿਆ॥ ਨਾਮੁ ਰਤਨੁ ਲੈ ਗੁਝਾ ਰਖਿਆ॥ ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ[੧੫]॥ ੧॥ ਹਉ ਵਾਰੀ ਜੀਉ ਵਾਰੀ [੧੬]ਕਲਿ ਮਹਿ ਨਾਮੁ ਸੁਣਾਵਣਿਆ॥ ਸੰਤ ਪਿਆਰੇ [੧੭]ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ॥ ੧॥ ਰਹਾਉ॥ ਸਾਧਿਕ[੧੮] ਸਿਧ[੧੯] ਜਿਸੈ ਕਉ ਫਿਰਦੇ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ[੨੦]॥ [੨੧]ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ॥ ੨॥ ਆਠ ਪਹਰ ਤੁਧੁ ਜਾਪੇ[੨੨] ਪਵਨਾ॥ ਧਰਤੀ ਸੇਵਕ ਪਾਇਕ[੨੩] ਚਰਨਾ॥ [੨੪]ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ॥ ੩॥ ਸਾਚਾ ਸਾਹਿਬੁ ਗੁਰਮੁਖਿ[੨੫] ਜਾਪੈ॥ ਪੂਰੇ ਗੁਰ ਕੈ ਸਬਦਿ ਸਿਞਾਪੈ॥ ਜਿਨ ਪੀਆ ਸੇਈ ਤ੍ਰਿਪਤਾਸੇ[੨੬] ਸਚੇ ਸਚਿ ਅਘਾਵਣਿਆ[੨੭]॥ ੪॥ ਤਿਸੁ ਘਰਿ ਸਹਜਾ[੨੮] ਸੋਈ ਸੁਹੇਲਾ[੨੯]॥ [੩੦]ਅਨਦ ਬਿਨੋਦ ਕਰੇ ਸਦ ਕੇਲਾ॥ ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ॥ ੫॥ [੩੧]ਪਹਿਲੋ ਦੇ ਤੈਂ ਰਿਜਕੁ ਸਮਾਹਾ॥ ਪਿਛੋ ਦੇ ਤੈਂ ਜੰਤੁ ਉਪਾਹਾ॥ ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ [੩੨]ਲਵੈ ਨ ਕੋਈ ਲਾਵਣਿਆ॥ ੬॥ ਜਿਸੁ ਤੂੰ ਤੁਠਾ[੩੩] ਸੋ ਤੁਧੁ ਧਿਆਏ॥ ਸਾਧ ਜਨਾ ਕਾ ਮੰਤ੍ਰੁ ਕਮਾਏ॥ ਆਪਿ ਤਰੈ ਸਗਲੇ[੩੪] ਕੁਲ ਤਾਰੇ ਤਿਸੁ ਦਰਗਹ ਠਾਕ[੩੫] ਨ ਪਾਵਣਿਆ॥ ੭॥ ਤੂੰ ਵਡਾ ਤੂੰ ਊਚੋ ਊਚਾ॥ ਤੂੰ ਬੇਅੰਤੁ ਅਤਿ [੩੬]ਮੂਚੋ ਮੂਚਾ॥ ਹਉ ਕੁਰਬਾਣੀ ਤੇਰੈ ਵੰਞਾ ਨਾਨਕ [੩੭]ਦਾਸ

੧ ਗੁਰੂ ਕਿਰਪਾ ਕਰੇ।
੨ ਪੈਦਾ ਕਰਨ ਵਾਲਾ।
੩ ਹਰ ਰੋਜ਼।
੪ ਮੰਗਦਾ।
੫ ਗੁਰੂ ਦੀ ਕਿਰਪਾ ਨਾਲ।
੬ ਜਿਸ ਤੱਕ ਪੁੱਜ ਨਾ ਸਕੀਏ।
੭ ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ।
੮ ਅੰਦਾਜ਼ਾ।
੯ ਜੀਭ।
੧੦ ਪ੍ਰੇਮ ਵਿੱਚ ਲੱਗੀ ਹੋਈ।
੧੧ ਦੇਖੋ ਪੰਨਾ ੧੧, ਨੋਟ ੨੧।
੧੨ ਧੁਰ ਤੋਂ (ਵਾਹਿਗੁਰੂ ਦੇ ਹਜ਼ੂਰੋਂ) ਭਾਗਾਂ ਦਾ ਲੇਖਾ ਲਿਖਿਆ ਗਿਆ।
੧੩ ਡਰ ਦੇ ਤੋੜਨ ਵਾਲਾ।
੧੪ ਜੋ ਸਮਝ ਵਿੱਚ ਨਾ ਆ ਸਕੇ।
੧੫ ਜਾਣਿਆ ਜਾਂਦਾ ਹੈ।
੧੬ ਕਲਜੁਗ ਵਿੱਚ।
੧੭ ਸੱਚੇ ਦੇ ਆਸਰੇ ਹਨ।
੧੮ ਅਭਿਆਸੀ।
੧੯ ਵੱਡੇ ਜੋਗੀ।
੨੦ ਦਿਲ ਵਿੱਚ।
੨੧ ਤੇਤੀ ਕ੍ਰੋੜ (ਦੇਵਤੇ)।
੨੨ ਜਪਦੀ ਹੈ।
੨੩ ਦਾਸੀ, ਟਹਿਲਣ। ਤੇਰੇ ਚਰਣਾਂ ਦੀ ਟਹਿਲਣ ਹੈ।
੨੪ ਖਾਣੀਆਂ ਦੇ ਜੀਵ ਤੇ ਉਨ੍ਹਾਂ ਦੀਆਂ ਬੋਲੀਆਂ ਵਿੱਚ ਹਭਥੇ ਤੂੰ ਵੱਸ ਰਿਹਾ ਹੈਂ।
੨੫ ਗੁਰੂ ਦੇ ਰਾਹੀਂ।
੨੬ ਪੀ ਕੇ ਰੱਜ ਗਏ।
੨੭ ਖਾ ਕੇ ਰੱਜ ਗਏ।
੨੮ ਗਿਆਨ।
੨੯ ਸੁਖੀ।
੩੦ ਖੁਸ਼ੀਆਂ, ਤਮਾਸ਼ੇ ਅਤੇ ਖੇਡਾਂ ਹਮੇਸ਼ਾਂ ਕਰਦਾ ਹੈ।
੩੧ ਪਹਿਲੋਂ ਤੂੰ ਰੋਜ਼ੀ ਬਹੁੱਮ ਪੁਚਾਈ, ਪਿੱਛੋਂ ਜਾ ਕੇ ਤੂੰ ਜੀਵ ਪੈਦਾ ਕੀਤਾ।
੩੨ ਬਰਾਬਰ ਨਹੀਂ ਲੱਗਦਾ।
੩੩ ਮਿਹਰਬਾਨ ਹੋਇਆ।
੩੪ ਸਾਰੇ।
੩੫ ਰੋਕ।
੩੬ [ਮੂਚਾ=ਵਿਸਥਾਰ ਵਾਲਾ] ਬਹੁਤ ਹੀ ਬਹੁਤ, ਵੱਡੇ ਤੋਂ ਵੱਡਾ।
੩੭ ਦਾਸਾਂ ਦਾ ਦਾਸ।

* ਮਨ ਤਰੋ ਤਰ ਹੋ ਕੇ ਰੱਜੇ ਅਤੇ ਉੱਚੀ ਅਡੋਲ ਅਵਸਥਾ ਵਿੱਚ ਲਿਵ ਲੱਗ ਜਾਵੇ। 'ਸਹਜ' ਲਈ ਦੇਖੋ ਪੰਨਾ ੬੮।

ਦਸਾਵਣਿਆ॥ ੮॥ ੧॥ ੩੫॥ ਮਾਝ ਮਹਲਾ ੫*॥ [੧]ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ॥ ਕਉਣੁ ਸੁ ਗਿਆਨੀ ਕਉਣੁ ਸੁ ਬਕਤਾ[੨]॥ ਕਉਣੁ ਸੁ ਗਿਰਹੀ[੩] ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ॥ ੧॥ ਕਿਨਿ ਬਿਧਿ ਬਾਧਾ[੪] ਕਿਨਿ ਬਿਧਿ ਛੂਟਾ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ॥ ਕਉਣ ਕਰਮ[੫] ਕਉਣ ਨਿਹਕਰਮਾ[੬] ਕਉਣੁ ਸੁ ਕਹੈ ਕਹਾਏ ਜੀਉ॥ ੨॥ ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ॥ ਕਉਣੁ ਸੁ ਸਨਮੁਖੁ[੭] ਕਉਣੁ ਵੇਮੁਖੀਆ॥ ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ[੮] ਜੀਉ॥ ੩॥ ਕਉਣੁ ਸੁ ਅਖਰੁ[੯] ਜਿਤੁ [੧੦]ਧਾਵਤੁ ਰਹਤਾ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ [੧੧]ਸਮ ਸਹਤਾ॥ ਕਉਣੁ ਸੁ ਚਾਲ[੧੨] ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ॥ ੪॥ ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ॥ ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ॥ ੫॥ ਹਉਮੈ ਬਾਧਾ ਗੁਰਮੁਖਿ ਛੂਟਾ॥ ਗੁਰਮੁਖਿ ਆਵਣੁ ਜਾਵਣੁ ਤੂਟਾ॥ [੧੩]ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ॥ ੬॥ ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥ ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ॥ ੭॥ [੧੪]ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥ [੧੫]ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥ ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ॥ ੮॥ ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥ ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ॥ ੯॥ ੨॥ ੩੬॥ ਮਾਝ ਮਹਲਾ ੫॥ ਪ੍ਰਭੁ ਅਬਿਨਾਸੀ ਤਾ ਕਿਆ ਕਾੜਾ[੧੬]॥ ਹਰਿ ਭਗਵੰਤਾ ਤਾ ਜਨੁ ਖਰਾ[੧੭] ਸੁਖਾਲਾ॥ ਜੀਅ ਪ੍ਰਾਨ ਮਾਨ[੧੮] ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ॥ ੧॥ ਹਉ ਵਾਰੀ ਜੀਉ ਵਾਰੀ ਗੁਰਮੁਖਿ ਮਨਿ ਤਨਿ ਭਾਵਣਿਆ॥ ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ[੧੯] [੨੦]ਤੁਮ ਸੰਗਿ ਲਵੈ ਨ ਲਾਵਣਿਆ॥ ੧॥ ਰਹਾਉ॥ ਤੇਰਾ ਕੀਤਾ ਜਿਸੁ ਲਾਗੈ ਮੀਠਾ॥ [੨੧]ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ॥ [੨੨]ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ॥ ੨॥ [੨੩]ਸਗਲ ਮਨੋਰਥ ਤੂੰ ਦੇਵਣਹਾਰਾ॥ [੨੪]ਭਗਤੀ ਭਾਇ ਭਰੇ ਭੰਡਾਰਾ॥ ਦਇਆ ਧਾਰਿ ਰਾਖੇ ਤੁਧੁ ਸੇਈ ਪੂਰੈ ਕਰਮਿ[੨੫] ਸਮਾਵਣਿਆ॥ ੩॥ [੨੬]ਅੰਧ ਕੂਪ ਤੇ ਕੰਢੈ ਚਾੜੇ॥ ਕਰਿ ਕਿਰਪਾ ਦਾਸ [੨੭]ਨਦਰਿ ਨਿਹਾਲੇ॥ ਗੁਣ ਗਾਵਹਿ

੧ ਉਹ ਕਿਹੜਾ ਹੈ ਜੋ ਮੁਕਤੀ ਨੂੰ ਪ੍ਰਾਪਤ ਹੋਇਆ ਹੈ, ਅਤੇ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ।
੨ ਵਕਤਾ, ਜੱਸ ਕਰਨ ਵਾਲਾ।
੩ ਗ੍ਰਿਹਸਤੀ।
੪ ਬੰਨ੍ਹਿਆ ਹੋਇਆ ਮਾਇਆ ਵਿੱਚ।
੫ ਕਰਮਾਂ ਵਿੱਚ ਲੱਗਾ ਹੈ, ਉਨ੍ਹਾਂ ਦੇ ਫਲ ਦੀ ਇੱਛਾ ਧਾਰ ਕੇ।
੬ ਕਰਮਾਂ ਦੇ ਬੰਧਨ ਤੋਂ ਉੱਤੇ।
੭ ਹਜ਼ੂਰੀਆ, ਜੋ ਆਗਿਆ ਮੰਨਣ ਲਈ ਹਰ ਵੇਲੇ ਤਿਆਰ ਰਹਿੰਦਾ ਹੈ।
੮ ਦੱਸੋ।
੯ ਸ਼ਬਦ।
੧੦ ਦੌੜਦਾ ਮਨ ਰੁਕ ਜਾਵੇ ਦੌੜਨ ਤੋਂ।
੧੧ ਇਕੋ ਜੇਹਾ ਕਰ ਕੇ ਸਹਾਰਦਾ ਹੈ।
੧੨ ਤਰੀਕਾ, ਢੰਗ।
੧੩ ਗੁਰੂ ਦੀ ਆਗਿਆ ਅਨੁਸਾਰ ਚੱਲਣ ਵਾਲਾ ਹੀ ਕਰਮ ਕਮਾਉਂਦਾ ਹੈ, ਅਤੇ ਓਹੀ ਨਿਸ਼ਕਾਮ ਹੋ ਕੇ ਵਰਤਦਾ ਹੈ। ਜੋ ਕੁਝ ਉਹ ਕਰਦਾ ਹੈ, ਉਹ ਸੁਭਾਵਕ ਤੌਰ 'ਤੇ ਹੀ ਕਰਦਾ ਹੈ; ਭਾਵ ਇਹ ਹੈ ਕਿ ਭਲਿਆਈ ਉਸ ਦੇ ਸੁਭਾਉ ਦਾ ਹਿੱਸਾ ਬਣ ਗਈ ਹੁੰਦੀ ਹੈ; ਉਸ ਨੂੰ ਕਿਸੇ ਆਸ਼ੇ ਦੀ ਖਿੱਚ ਨਾਲ ਜਾਂ ਸਜ਼ਾ ਦੇ ਡਰ ਨਾਲ ਕੰਮ ਨਹੀਂ ਕਰਨੇ ਪੈਂਦੇ, ਸਗੋਂ ਜੋ ਕੁਝ ਉਹ ਕਰਦਾ ਹੈ, ਆਪ-ਮੁਹਾਰੇ ਆਪਣੇ ਅੰਦਰਲੇ ਸੁਭਾਉ ਅਨੁਸਾਰ ਕਰਦਾ ਹੈ।
੧੪ ਗੁਰਬਾਣੀ ਹੀ ਉਹ ਸ਼ਬਦ ਹੈ।
੧੫ ਗੁਰ ਦੇ ਮੁਖ ਤੋਂ ਉਚਰਿਆ ਉਪਦੇਸ਼ ਹੀ ਹੈ ਜਿਸ ਨੂੰ ਗ੍ਰਹਿਣ ਕਰ ਕੇ ਦੁੱਖ ਸੁਖ ਨੂੰ ਇਕੋ ਜਿਹਾ ਕਰ ਕੇ ਸਹਾਰਦਾ ਹੈ।
੧੬ ਫ਼ਿਕਰ। ਜੇ ਹਰੀ ਆਪਣਾ ਹੋ ਜਾਵੇ ਤਾਂ ਕਾਹਦਾ ਫ਼ਿਕਰ ਹੈ?
੧੭ ਬਹੁਤ।
੧੮ ਮਨ ਦਾ।
੧੯ ਆਸਰਾ, ਓਟ।
੨੦ ਤੇਰੇ ਨਾਲ ਦਾ ਨਹੀਂ ਸਮਝਦਾ।
੨੧ ਹਰ ਇਕ ਸਰੀਰ ਵਿੱਚ।
੨੨ ਥਾਵਾਂ ਵਿੱਚ ਤੇ ਉਨ੍ਹਾਂ ਦੇ ਵਿਚਕਾਰ ਜੋ ਵਿੱਥਾਂ ਹਨ, ਉਨ੍ਹਾਂ ਵਿੱਚ; ਭਾਵ ਸਭ ਥਾਵਾਂ ਵਿੱਚ।
੨੩ ਸਾਰੀਆਂ ਭਾਵਣੀਆਂ।
੨੪ ਭਗਤੀ ਭਾਵ ਦੇ।
੨੫ ਭਾਗਾਂ ਨਾਲ।
੨੬ ਅੰਨ੍ਹੇ ਖੂਹ (ਸੰਸਾਰ ਰੂਪ) ਤੋਂ ਬਾਹਰ ਕੱਢੇ।
੨੭ ਮਿਹਰਬਾਨੀ ਨਾਲ ਵੇਖੇ।

* ਪਹਿਲੇ ਚਵ੍ਹਾਂ ਪਦਾਂ ਵਿੱਚ ੨੪ ਸਵਾਲ ਦਿੱਤੇ ਹਨ, ਫਿਰ ਚਵ੍ਹਾਂ ਪਦਾਂ ਵਿੱਚ ਕ੍ਰਮ ਵਾਰ ਉੱਤਰ ਦਿੱਤੇ ਹਨ। ਸਾਰੀਆਂ ਧਾਰਮਕ ਔਕੜਾਂ ਦਾ ਹੱਲ ਇਕੋ ਦੱਸਿਆ ਹੈ ਕਿ ਮਨੁੱਖ ਹਉਮੈ ਨੂੰ ਛੱਡ ਕੇ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਵੇ ਅਤੇ ਉਸੇ ਦਾ ਉਪਦੇਸ਼ ਕਮਾਵੇ।

ਪੂਰਨ ਅਬਿਨਾਸੀ[੧] ਕਹਿ ਸੁਣਿ ਤੋਟਿ ਨ ਆਵਣਿਆ ॥ ੪ ॥ ਐਥੈ ਓਥੈ ਤੂੰਹੈ ਰਖਵਾਲਾ ॥ [੨]ਮਾਤ ਗਰਭ ਮਹਿ ਤੁਮ ਹੀ ਪਾਲਾ ॥ ਮਾਇਆ ਅਗਨਿ ਨ ਪੋਹੈ ਤਿਨ ਕਉ [੩]ਰੰਗਿ ਰਤੇ ਗੁਣ ਗਾਵਣਿਆ ॥ ੫ ॥ ਕਿਆ ਗੁਣ ਤੇਰੇ ਆਖਿ ਸਮਾਲੀ[੪] ॥ ਮਨ ਤਨ ਅੰਤਰਿ [੫]ਤੁਧੁ ਨਦਰਿ ਨਿਹਾਲੀ ॥ ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥ ੬ ॥ ਜਿਸ ਕਉ ਤੂੰ ਪ੍ਰਭ ਭਇਆ ਸਹਾਈ ॥ ਤਿਸੁ ਤਤੀ ਵਾਉ ਨ ਲਗੈ ਕਾਈ ॥ *ਤੂ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ ॥ ੭ ॥ ਤੂੰ ਊਚ ਅਥਾਹੁ ਅਪਾਰੁ ਅਮੋਲਾ ॥ ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ[੬] ॥ ਤੂੰ ਮੀਰਾ[੭] ਸਾਚੀ ਠਕੁਰਾਈ[੮] ਨਾਨਕ [੯]ਬਲਿ ਬਲਿ ਜਾਵਣਿਆ ॥ ੮ ॥ ੩ ॥ ੩੭ ॥ ਮਾਝ ਮਹਲਾ ੫ ਘਰੁ ੨ ॥ ਨਿਤ ਨਿਤ [੧੦]ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥ ਸੰਤਾ ਸੰਗਤਿ ਪਾਈਐ ॥ ਜਿਤੁ [੧੧]ਜਮ ਕੈ ਪੰਥਿ ਨ ਜਾਈਐ ॥ ਤੋਸਾ[੧੨] ਹਰਿ ਕਾ ਨਾਮੁ ਲੈ ਤੇਰੇ ਕੁਲਹਿ[੧੩] ਨ ਲਾਗੈ ਗਾਲਿ[੧੪] ਜੀਉ ॥ ੧ ॥ ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥ ਤਤੀ ਵਾਉ ਨ ਲਗਈ ਜਿਨ ਮਨਿ [੧੫]ਵੁਠਾ ਆਇ ਜੀਉ ॥ ੨ ॥ ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥ ਹਰਿ ਧਨੁ ਜਿਨੀ ਸੰਜਿਆ[੧੬] ਸੇਈ [੧੭]ਗੰਭੀਰ ਅਪਾਰ ਜੀਉ ॥ ੩ ॥ ਹਰਿ ਅਮਿਉ[੧੮] ਰਸਾਇਣੁ[੧੯] ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ ॥ ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ[੨੦] ਜੀਉ ॥ ੪ ॥ ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ[੨੧] ॥ ਸੋ ਸੂਰਾ ਪਰਧਾਨੁ ਸੋ ਮਸਤਕਿ[੨੨] ਜਿਸ ਦੈ ਭਾਗੁ ਜੀਉ ॥ ੫ ॥ ਮਨ ਮੰਧੇ[੨੩] ਪ੍ਰਭੁ ਅਵਗਾਹੀਆ[੨੪] ॥ ਏਹਿ ਰਸ ਭੋਗਣ ਪਾਤਿਸਾਹੀਆ ॥ ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥ ੬ ॥ ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥ ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥ ੭ ॥ ਅਟਲ ਪਦਾਰਥੁ ਪਾਇਆ ॥ [੨੫]ਭੈ ਭੰਜਨ ਕੀ ਸਰਣਾਇਆ ॥ ਲਾਇ ਅੰਚਲਿ[੨੬] ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰੁ ਜੀਉ ॥ ੮ ॥ ੪ ॥ ੩੮ ॥

ੴ ਸਤਿਗੁਰ ਪ੍ਰਸਾਦਿ ॥ ਮਾਝ ਮਹਲਾ ੫ ਘਰੁ† ੩ ॥

ਹਰਿ ਜਪਿ ਜਪੇ [੨੭]ਮਨੁ ਧੀਰੇ ॥ ੧ ॥ ਰਹਾਉ ॥ ਸਿਮਰਿ ਸਿਮਰਿ ਗੁਰਦੇਉ

੧ ਜੋ ਨਾਸ ਨਾ ਹੋਵੇ, ਵਾਹਿਗੁਰੂ।
੨ ਮਾਤਾ ਦੇ ਪੇਟ ਵਿੱਚ।
੩ ਪ੍ਰੇਮ ਵਿੱਚ ਰੰਗੇ ਹੋਏ।
੪ ਮੈਂ ਯਾਦ ਕਰਾਂ।
੫ ਤੈਨੂੰ ਹੀ ਨਜ਼ਰ ਨਾਲ ਵੇਖਦਾ ਹਾਂ।
੬ ਗੁਲਾਮ, ਦਾਸ, ਸੇਵਕ।
੭ ਮਾਲਕ।
੮ ਸਾਹਿਬੀ ਹੈ ਤੇਰੀ।
੯ ਕੁਰਬਾਨ ਜਾਂਦਾ ਹਾਂ।
੧੦ ਵਾਹਿਗੁਰੂ ਨੂੰ ਯਾਦ ਕਰੀਏ।
੧੧ ਜਮਾਂ ਦੇ ਰਸਤੇ।
੧੨ ਰਾਹ ਦਾ ਖ਼ਰਚ।
੧੩ ਕੁਲ ਨੂੰ।
੧੪ ਕਲੰਕ।
੧੫ ਵੱਸਿਆ ਆ ਕੇ।
੧੬ ਇਕੱਠਾ ਕੀਤਾ।
੧੭ ਬੇਓੜਕ ਡੂੰਘੇ, ਬੇਹੱਦ ਸਿਆਣੇ।
੧੮ ਅੰਮ੍ਰਿਤ।
੧੯ ਰਸਾਂ ਦਾ ਘਰ।
੨੦ ਪੈਰ।
੨੧ ਜਪਿਆ ਹੈ (ਉਸ ਨੇ ਮਾਲਕ ਨੂੰ)।
੨੨ ਮੱਥੇ 'ਤੇ।
੨੩ ਵਿੱਚ।
੨੪ ਵਿਚਾਰਿਆ ਹੈ।
੨੫ ਡਰ ਨੂੰ ਤੋੜਨ ਵਾਲਾ।
੨੬ ਪੱਲੇ ਨਾਲ, ਲੜ ਨਾਲ।
੨੭ ਮਨ ਧੀਰਜ ਕਰਦਾ ਹੈ।

* ਤੂੰ ਸਰਣੀ ਲਾਉਣ ਵਾਲਾ ਤੇ ਸੁਖ ਦੇਣ ਵਾਲਾ ਮਾਲਕ ਹੈਂ, ਸੱਚੀ ਸੰਗਤ ਦੁਆਰਾ ਜਪਿਆ ਜਾਵੇਂ ਤਾਂ ਪ੍ਰਤੱਖ ਹੁੰਦਾ ਹੈਂ।

† ਦੇਖੋ ਪੰਨਾ ੧੪, ਫੁਟ ਨੋਟ †।

ਮਿਟਿ ਗਏ ਭੈ ਦੂਰੇ ॥ ੧ ॥ ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥ ੨ ॥ ਚਰਨ ਸੇਵ ਸੰਤ ਸਾਧ ਕੇ [੧]ਸਗਲ ਮਨੋਰਥ ਪੂਰੇ ॥ ੩ ॥ [੨]ਘਟਿ ਘਟਿ ਏਕੁ ਵਰਤਦਾ [੩]ਜਲਿ ਥਲਿ ਮਹੀਅਲਿ ਪੂਰੇ ॥ ੪ ॥ [੪]ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥ ੫ ॥ ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ[੫] ॥ ੬ ॥ ਕਰਤੈ ਕੀਆ ਤਪਾਵਸੋ[੬] ਦੁਸਟ ਮੁਏ ਹੋਇ ਮੂਰੇ[੭] ॥ ੭ ॥ ਨਾਨਕ ਰਤਾ ਸਚਿ ਨਾਇ ਹਰਿ ਵੇਖੈ ਸਦਾ ਹਜੂਰੇ ॥ ੮ ॥ ੫ ॥ ੩੯ ॥ ੧ ॥ ੩੨ ॥ ੧ ॥ ੫ ॥ ੩੯ ॥

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥

ਕਿਰਤਿ[੮] ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ [੯]ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ[੧੦] ॥ [੧੧]ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ ਜਲ ਬਿਨੁ ਸਾਖ[੧੨] ਕੁਮਲਾਵਤੀ ਉਪਜਹਿ ਨਾਹੀ ਦਾਮ[੧੩] ॥ ਹਰਿ ਨਾਹ[੧੪] ਨ ਮਿਲੀਐ ਸਾਜਨੈ ਕਤ[੧੫] ਪਾਈਐ ਬਿਸਰਾਮ ॥ ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ [੧੬]ਭਠਿ ਨਗਰ ਸੇ ਗ੍ਰਾਮ ॥ ਸ੍ਰਬ ਸੀਗਾਰ ਤੰਬੋਲ[੧੭] ਰਸ ਸਣੁ[੧੮] ਦੇਹੀ ਸਭ ਖਾਮ[੧੯] ॥ ਪ੍ਰਭ ਸੁਆਮੀ [੨੦]ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ[੨੧] ॥ ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥ ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ [੨੨]ਨਿਹਚਲ ਧਾਮ ॥ ੧ ॥ ਚੇਤਿ ਗੋਵਿੰਦੁ ਅਰਾਧੀਐ[੨੩] ਹੋਵੈ ਅਨੰਦੁ ਘਣਾ[੨੪] ॥ ਸੰਤ ਜਨਾ ਮਿਲਿ ਪਾਈਐ [੨੫]ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ[੨੬] ॥ ਇਕੁ ਖਿਨੁ[੨੭] ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ[੨੮] ॥ [੩]ਜਲਿ ਥਲਿ ਮਹੀਅਲਿ ਪੂਰਿਆ [੨੯]ਰਵਿਆ ਵਿਚਿ ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ[੩੦] ॥ ਹਰਿ ਦਰਸਨ ਕੰਉ ਮਨੁ ਲੋਚਦਾ[੩੧] ਨਾਨਕ ਪਿਆਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ[੩੨] ਲਗਾ ॥ ੨ ॥ ਵੈਸਾਖਿ ਧੀਰਨਿ[੩੩] ਕਿਉ ਵਾਢੀਆ[੩੪] ਜਿਨਾ ਪ੍ਰੇਮ[੩੫] ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ [੩੬]ਮਾਇਆ ਧੋਹੁ ॥ ਪੁਤ੍ਰ ਕਲਤ੍ਰ[੩੭] ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ [੩੮]ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ *ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ[੩੯] ਵਿਸਾਰਿ ਵਿਗੁਚਣਾ[੪੦] ਪ੍ਰਭ ਬਿਨੁ

੧ ਸਾਰੀਆਂ ਭਾਵਣੀਆਂ।
੨ ਹਰ ਇਕ ਸਰੀਰ ਵਿੱਚ।
੩ ਜਲ ਵਿੱਚ, ਖੁਸ਼ਕ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ ਉਹ ਭਰਪੂਰ ਹੈ।
੪ ਪਾਪਾਂ ਦੇ ਨਾਸ ਕਰਨ ਵਾਲਾ (ਵਾਹਿਗੁਰੂ)।
੫ ਸ਼ਾਂਤ, ਠੰਢੀ।
੬ [ਅਰਬੀ 'ਤਫ਼ਾਹੁਸ'=ਖੋਜ, ਨਿਰਨਾ] ਨਿਆਉਂ।
੭ ਜੜ੍ਹ, ਗੁੰਗੇ, ਬੁੱਟ।
੮ ਕਮਾਈ। ਪਿਛਲੇ ਕਰਮਾਂ ਦੀ ਕਮਾਈ ਅਨੁਸਾਰ। 'ਕਿਰਤਿ' ਲਈ ਦੇਖੋ ਪੰਨਾ ੫੯, ਨੋਟ ੩੨।
੯ ਚਾਰੇ ਤਰਫ਼ਾਂ ਤੇ ਦਸੋ ਦਿਸ਼ਾਵਾਂ ਵਿੱਚ ਭਵੇਂ। ਦਿਸ਼ਾ=ਪੂਰਬ, ਪੱਛਮ, ਆਦਿ ਚਾਰ ਤਰਫ਼ਾਂ, ਉਨ੍ਹਾਂ ਦੇ ਚਾਰ ਕੋਨੇ ਅਤੇ ਹੇਠਾਂ ਉੱਤੇ ਦੋ ਤਰਫ਼ਾਂ।
੧੦ ਸ਼ਰਨ।
੧੧ ਗਊ ਦੁੱਧ ਤੋਂ ਖਾਲੀ।
੧੨ ਖੇਤੀ।
੧੩ ਪੈਸੇ (ਨਹੀਂ ਵੱਟੇ ਜਾਂਦੇ)।
੧੪ ਪਤੀ।
੧੫ ਕਿਵੇਂ? ਕਿਵੇਂ ਆਰਾਮ ਮਿਲੇ?
੧੬ ਭੱਠ ਪਿਆ ਉਹ ਸ਼ਹਿਰ ਜਾਂ ਪਿੰਡ।
੧੭ ਪਾਨਾਂ ਦਾ ਬੀੜਾ।
੧੮ ਸਣੇ, ਸਮੇਤ।
੧੯ [ਫ਼ਾਰਸੀ] ਕੱਚੇ ਭਾਵ ਨਾਸਵੰਤ।
੨੦ ਕੰਤ ਤੋਂ ਬਿਨਾਂ।
੨੧ ਜਮ ਰੂਪ।
੨੨ ਨਾ ਹਿੱਲਣ ਵਾਲਾ, ਪੱਕਾ ਘਰ।
੨੩ ਸਿਮਰੀਏ।
੨੪ ਬਹੁਤ।
੨੫ ਜੀਭ ਨਾਲ ਨਾਮ ਉਚਾਰਾਂ।
੨੬ ਗਿਣੀਦਾ ਹੈ।
੨੭ ਥੋੜ੍ਹੇ ਸਮੇਂ ਲਈ।
੨੮ ਜਾਣਾਂ, ਗਿਣਾਂ।
੨੯ ਸਮਾਇਆ ਹੋਇਆ ਜੰਗਲਾਂ ਵਿੱਚ।
੩੦ ਮਣਾਂ ਮੂੰਹ, ਬਹੁਤਾ।
੩੧ ਚਾਹੁੰਦਾ ਹੈ।
੩੨ ਚਰਨੀਂ।
੩੩ ਧੀਰਜ ਕਰਨ, ਸਬਰ ਕਰਨ।
੩੪ ਵਿਛੜੀਆਂ ਹੋਈਆਂ।
੩੫ ਪਤੀ ਦਾ। ਪਤੀ ਤੋਂ ਵਿਛੋੜਾ ਹੈ ਜਿਨ੍ਹਾਂ ਨੂੰ। ਜਿਨ੍ਹਾਂ ਵਿਯੋਗਣਾਂ ਨੂੰ ਪਤੀ ਦਾ ਵਿਛੋੜਾ ਹੈ, ਓਹ ਕਿਵੇਂ ਸਬਰ ਕਰਨ? "...ਵਾਢੀ ਕਿਉ ਧੀਰੇਉ" (ਮਾਰੂ ਮ: ੧, ੧੦੧੪)।
੩੬ ਛਲ ਰੂਪ ਮਾਇਆ ਵਿੱਚ।
੩੭ ਇਸਤਰੀ।
੩੮ ਫਸ-ਫਸ ਕੇ।
੩੯ ਦਈਵ, ਵਾਹਿਗੁਰੂ।
੪੦ ਖਰਾਬ ਹੋਣਾ ਹੈ।

* ਇਕ ਹਰੀ-ਨਾਮ ਤੋਂ ਬਿਨਾਂ (ਜੋ ਕੁਝ ਪਾਂਧੀ ਰੂਪ ਜੀਵ ਪਾਸ ਹੁੰਦਾ ਹੈ) ਉਹ ਅੱਗੇ ਖੋਹ ਲੈਂਦੇ ਹਨ। 'ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥' (ਗਉੜੀ ਮ: ੫, ੨੧੬)

ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ[੧]॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ [੨]ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ [੩]ਜਾ ਸੰਤੁ ਭੇਟੈ ਹਰਿ ਸੋਇ॥ ੩॥ ਹਰਿ ਜੇਠਿ [੪]ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ[੫] ਲਗਿਆ ਕਿਸੈ ਨ ਦੇਈ ਬੰਨਿ[੬]॥ ਮਾਣਕ[੭] ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ[੮] ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ [੯]ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ [੧੦]ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ [੧੧]ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ ਹਰਿ ਜੇਠੁ ਰੰਗੀਲਾ[੧੨] ਤਿਸੁ ਧਣੀ[੧੩] ਜਿਸ ਕੈ ਭਾਗੁ ਮਥੰਨਿ॥ ੪॥ ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ[੧੪] ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ [੧੫]ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ[੧੬] ਮਥੈ ਜੋ ਲਿਖਿਆਸੁ॥ [੧੭]ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ[੧੮] ਸੋ ਦਰਗਹ ਹੋਇ ਖਲਾਸੁ[੧੯]॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥ ੫॥ ਸਾਵਣਿ ਸਰਸੀ[੨੦] ਕਾਮਣੀ ਚਰਨ ਕਮਲ ਸਿਉ ਪਿਆਰੁ॥ ਮਨੁ ਤਨੁ ਰਤਾ ਸਚ ਰੰਗਿ[੨੧] ਇਕੋ ਨਾਮੁ ਅਧਾਰੁ[੨੨]॥ ਬਿਖਿਆ[੨੩] ਰੰਗ ਕੂੜਾਵਿਆ ਦਿਸਨਿ ਸਭੇ ਛਾਰੁ[੨੪]॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ[੨੫] ਪੀਵਣਹਾਰੁ॥ [੨੬]ਵਣੁ ਤਿਣੁ ਪ੍ਰਭ ਸੰਗਿ ਮਉਲਿਆ[੨੭] ਸੰਮ੍ਰਥ ਪੁਰਖ ਅਪਾਰੁ॥ ਹਰਿ ਮਿਲਣੈ ਨੋ ਮਨੁ ਲੋਚਦਾ [੨੮]ਕਰਮਿ ਮਿਲਾਵਣਹਾਰੁ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ[੨੯]॥ ਨਾਨਕ ਹਰਿ ਜੀ ਮਇਆ[੩੦] ਕਰਿ ਸਬਦਿ ਸਵਾਰਣਹਾਰੁ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ[੩੧] ਹਾਰੁ॥ ੬॥ *ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ[੩੨]॥ ਜਿਤੁ ਦਿਨਿ ਦੇਹ ਬਿਨਸਸੀ[੩੩] ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ[੩੪]॥ ਹਥ ਮਰੋੜੈ ਤਨੁ ਕਪੇ[੩੫] ਸਿਆਹਹੁ ਹੋਆ ਸੇਤੁ[੩੬]॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ[੩੭] ਖੇਤੁ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ[੩੮] ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ[੩੯]॥ ੭॥ ਅਸੁਨਿ [੪੦]ਪ੍ਰੇਮ ਉਮਾਹੜਾ ਕਿਉ[੪੧]

੧ ਸ਼ੋਭਾ, ਸ਼ੁਹਰਤ।
੨ ਪ੍ਰਤੱਖ ਹੋ ਕੇ।
੩ ਜੇ ਉਹ ਹਰੀ-ਸੰਤ ਮਿਲੇ।
੪ ਜੁੜਨਾ ਲੋੜੀਦਾ (ਚਾਹੀਦਾ) ਹੈ ਉਸੇ ਹਰੀ ਨਾਲ।
੫ ਦਾਮਨ ਨਾਲ, ਪੱਲੇ।
੬ ਬੰਨ੍ਹ ਕੇ (ਕਿਸੇ ਨੂੰ ਨਹੀਂ ਦੇਂਦਾ)।
੭ ਹੀਰੇ।
੮ ਖੁਸ਼ੀਆਂ, ਮੌਜਾਂ ਜਿਤਨੀਆਂ ਖੁਸ਼ੀਆਂ ਮਨ ਨੂੰ ਭਾਉਂਦੀਆਂ ਹਨ, ਉਹ ਸਾਰੀਆਂ ਨਾਰਾਇਣ ਪਾਸ ਹਨ। ਉਹ ਜੋ ਚਾਹੁੰਦਾ ਹੈ ਕਰਦਾ ਹੈ; ਜੀਵ ਭੀ ਉਹੋ ਕੁਝ ਕਰਦੇ ਹਨ।
੯ ਬਣਾਏ ਹਨ ਆਪਣੇ, ਜਿਨ੍ਹਾਂ ਨੂੰ ਉਸ ਨੇ ਅਪਣਾਇਆ ਹੈ।
੧੦ ਜੇ ਆਪਣੇ ਜਤਨ ਨਾਲ ਕੁਝ ਲਿਆ ਜਾ ਸਕਦਾ ਹੋਵੇ ਤਾਂ ਉਸ ਚੀਜ਼ ਤੋਂ ਵਿਛੜ ਕੇ ਜੀਵ ਕਿਉਂ ਰੋਣ? ਉਹ ਚੀਜ਼ ਜਦ ਚਾਹੁਣ ਫਿਰ ਲੈ ਲੈਣ।
੧੧ ਜਿਨ੍ਹਾਂ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੋਈ ਹੈ, ਉਹੋ ਮੌਜਾਂ ਮਾਣਦੇ ਹਨ।
੧੨ ਖੁਸ਼ੀ ਦੇਣ ਵਾਲਾ।
੧੩ ਮਾਲਕ, ਪਤੀ ਉਸੇ ਲਈ ਖੁਸ਼ੀ ਦੇਣ ਵਾਲਾ ਹੈ, ਜਿਸ ਦੇ ਮੱਥੇ ਚੰਗੇ ਭਾਗ ਹਨ।
੧੪ ਪਤੀ।
੧੫ ਦੂਜੇ ਭਾਵ ਕਰ ਕੇ (ਵਾਹਿਗੁਰੂ ਤੋਂ ਮੂੰਹ ਮੋੜਨ ਕਰ ਕੇ) ਖੁਆਰ ਹੋਈਦਾ ਹੈ।
੧੬ ਵੱਢਦਾ ਹੈ।
੧੭ ਉਮਰ ਰੂਪੀ ਰਾਤ ਪਛਤਾਂਦਿਆਂ ਲੰਘੀ, ਅਤੇ ਜਾਣ ਲੱਗਿਆਂ ਭੀ ਨਾ-ਉਮੈਦ ਹੋ ਕੇ ਗਈ।
੧੮ ਮਿਲੇ।
੧੯ ਮੁਕਤ।
੨੦ ਸਾ-ਰਸ ਹੋਈ, ਰਸ ਵਾਲੀ ਹੋਈ, ਖਿੜੀ।
੨੧ ਪ੍ਰੇਮ ਵਿੱਚ।
੨੨ ਆਸਰਾ।
੨੩ ਵਿਸ ਰੂਪ ਮਾਇਆ ਦੇ।
੨੪ ਸੁਆਹ ਵਾਂਗ।
੨੫ ਗੁਰੂ।
੨੬ ਜੰਗਲ ਤੇ ਘਾਹ ਬੂਟ।
੨੭ ਹਰਿਆ ਭਰਿਆ ਹੋਇਆ।
੨੮ ਬਖ਼ਸ਼ਿਸ਼ ਦੁਆਰਾ ਹਰੀ ਮਿਲਾਂਵਦਾ ਹੈ।
੨੯ ਕੁਰਬਾਨ, ਵਾਰਨੇ।
੩੦ ਮੇਹਰ।
੩੧ (ਹਿਰਦੇ ਰੂਪ) ਗਲੇ ਵਿੱਚ।
੩੨ ਕਿਸੇ।
੩੩ ਨਾਸ ਹੋਵੇਗੀ।
੩੪ ਹਿੱਤ, ਪਿਆਰ।
੩੫ ਕੰਬਦਾ ਹੈ।
੩੬ ਸਫ਼ੈਦ। ਰੰਗ ਡਰ ਨਾਲ ਕਾਲੇ ਤੋਂ ਚਿੱਟਾ ਹੋ ਜਾਂਦਾ ਹੈ।
੩੭ ਦਾ।
੩੮ ਜਹਾਜ਼ (ਜਿਸ ਉੱਤੇ ਚੜ੍ਹ ਕੇ ਸੰਸਾਰ-ਸਾਗਰ ਤੋਂ ਪਾਰ ਹੋਈਦਾ ਹੈ)।
੩੯ ਹਿਤੂ। ਪਿਆਰ ਕਰਨ ਵਾਲਾ। ਓਹ ਨਰਕ ਵਿੱਚ ਨਹੀਂ ਪਾਏ ਜਾਂਦੇ, ਜਿਨ੍ਹਾਂ ਦੀ ਰੱਖਿਆ ਕਰਨ ਵਾਲਾ ਪਿਆਰਾ ਗੁਰੂ ਮੌਜੂਦ ਹੈ।
੪੦ ਪ੍ਰੇਮ ਦਾ ਉਛਾਲਾ ਹੈ, ਪ੍ਰੇਮ ਉੱਛਲ-ਉੱਛਲ ਪੈਂਦਾ ਹੈ।
੪੧ ਕਿਵੇਂ, ਕਿਸ ਤਰ੍ਹਾਂ?

* ਜੇ ਇਸ ਬਾਰਹਮਾਂਹ ਨੂੰ ਗਹੁ ਨਾਲ ਪੜ੍ਹੀਏ ਤਾਂ ਪਤਾ ਲਗੇਗਾ ਕਿ ਗੁਰੂ ਜੀ ਹਰ ਮਹੀਨੇ ਦੇ ਕੁਦਰਤੀ ਨਜ਼ਾਰਿਆਂ ਅਤੇ ਰੁੱਤੀ ਸੁਭਾਉ ਨੂੰ ਲੈ ਕੇ ਮਨੁੱਖ ਦੇ ਜੀਵਨ ਉੱਤੇ ਘਟਾਂਦੇ ਹਨ। ਜਿਵੇਂ ਸਾਵਣ ਵਿੱਚ ਮੀਹਾਂ ਦੇ ਕਾਰਨ ਕੁਦਰਤ 'ਸਰਸੀ' ਹੁੰਦੀ ਹੈ, ਵਣ ਤ੍ਰਿਣ ਮਉਲਦਾ ਹੈ, ਅਤੇ ਜੀਅ ਜੰਤ ਉਮਾਹ ਵਿੱਚ ਹੁੰਦੇ ਹਨ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਦੀ ਤਬੀਅਤ ਵੀ ਰਸੀਲੀ ਹੁੰਦੀ ਹੈ ਅਤੇ ਦਿਲ ਵਿੱਚ ਪਤੀ ਦੇ ਮਿਲਾਪ ਦੀ ਚਾਹ ਪੈਦਾ ਹੁੰਦੀ ਹੈ। ਭਾਦਰੋਂ ਵਿੱਚ ਬੱਦਲ ਘਟਾਂ ਬੰਨ੍ਹ ਕੇ ਆਉਂਦੇ ਹਨ, ਪਰ ਛੇਤੀ ਛਾਈਂ-ਮਾਈਂ ਹੋ ਜਾਂਦੇ ਹਨ। ਇਹ ਮੌਸਮ ਨਿਚੱਲਾ ਜਿਹਾ, ਭ੍ਰਮ ਵਿੱਚ ਰੱਖਣ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਜੀਵ ਰੂਪ ਇਸਤਰੀ ਭੀ ਭਰਮ ਵਿੱਚ ਭੁੱਲੀ ਹੋਈ ਦ੍ਵੈਤ ਭਾਵ ਵਾਲੇ ਸ਼ਿੰਗਾਰਾਂ ਵਿੱਚ ਲੱਗੀ ਹੋਈ ਦੱਸੀ ਹੈ। ਮਾਘੀ ਇਸ਼ਨਾਨ ਲਈ ਮਸ਼ਹੂਰ ਹੈ, ਇਸ ਲਈ ਇਥੇ ਭੀ ਸੰਗਤਾਂ ਦੀ ਧੂੜੀ ਵਿੱਚ ਇਸ਼ਨਾਨ ਕਰਨਾ ਦੱਸਿਆ ਹੈ।

ਮਿਲੀਐ ਹਰਿ ਜਾਇ ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ[੧] ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ[੨] ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ [੩]ਤ੍ਰਿਪਤਿ ਰਹੇ ਆਘਾਇ ॥ ਆਪੁ[੪] ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ[੫] ਨ ਜਾਇ ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ ਅਸੂ ਸੁਖੀ ਵਸੰਦੀਆ ਜਿਨਾ [੬]ਮਇਆ ਹਰਿ ਰਾਇ ॥ ੮ ॥ ਕਤਿਕਿ ਕਰਮ ਕਮਾਵਣੇ ਦੋਸੁ ਨ [੭]ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਵੇਮੁਖ ਹੋਏ ਰਾਮ ਤੇ [੮]ਲਗਨਿ ਜਨਮ ਵਿਜੋਗ ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ[੯] ॥ ਵਿਚੁ[੧੦] ਨ ਕੋਈ ਕਰਿ ਸਕੈ ਕਿਸ ਥੈ[੧੧] ਰੋਵਹਿ ਰੋਜ[੧੨] ॥ *ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ[੧੩] ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ [੧੪]ਬੰਦੀ ਮੋਚ ॥ ਕਤਿਕ ਹੋਵੈ ਸਾਧਸੰਗੁ [੧੫]ਬਿਨਸਹਿ ਸਭੇ ਸੋਚ ॥ ੯ ॥ ਮੰਘਿਰਿ ਮਾਹਿ[੧੬] ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ ਤਿਨ ਕੀ ਸੋਭਾ ਕਿਆ ਗਣੀ [੧੭]ਜਿ ਸਾਹਿਬਿ ਮੇਲੜੀਆਹ ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ ਸਾਧ ਜਨਾ ਤੇ ਬਾਹਰੀ[੧੮] ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ[੧੯] ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ ਨਾਨਕ[੨੦] ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ ਮੰਘਿਰਿ ਪ੍ਰਭੁ ਆਰਾਧਣਾ [੨੧]ਬਹੁੜਿ ਨ ਜਨਮੜੀਆਹ ॥ ੧੦ ॥ ਪੋਖਿ ਤੁਖਾਰੁ[੨੨] ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ[੨੩] ॥ ਮਨੁ ਬੇਧਿਆ[੨੪] ਚਰਨਾਰਬਿੰਦ[੨੫] ਦਰਸਨਿ ਲਗੜਾ ਸਾਹੁ[੨੬] ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ[੨੭] ॥ ਬਿਖਿਆ[੨੮] ਪੋਹਿ ਨ ਸਕਈ ਮਿਲਿ ਸਾਧੂ [੨੯]ਗੁਣ ਗਾਹੁ ॥ ਜਹ ਤੇ ਉਪਜੀ ਤਹ ਮਿਲੀ [੩੦]ਸਚੀ ਪ੍ਰੀਤਿ ਸਮਾਹੁ ॥ [੩੧]ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ [੩੨]ਬਾਰਿ ਜਾਉ ਲਖ ਬੇਰੀਆ[੩੩] ਹਰਿ ਸਜਣੁ ਅਗਮ[੩੪] ਅਗਾਹੁ[੩੫] ॥ ਸਰਮ[੩੬] ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ ੧੧ ॥ ਮਾਘਿ ਮਜਨੁ[੩੭] ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ[੩੮] ॥ [੩੯]ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ[੪੦] ॥ ਕਾਮਿ ਕਰੋਧਿ ਨ ਮੋਹੀਐ[੪੧] ਬਿਨਸੈ[੪੨]

੧ ਚਰਨੀਂ।
੨ ਥਾਂ।
੩ ਰੱਜ ਗਏ।
੪ ਆਪਾ ਭਾਵ, ਹੰਕਾਰ।
੫ ਕਿਧਰੇ।
੬ ਹਰੀ-ਰਾਜੇ ਦੀ ਕਿਰਪਾ ਹੈ।
੭ ਕਿਸੇ ਤਾਈਂ (ਨੂੰ)।
੮ ਜਨਮ ਦੇ ਵਿਛੋੜੇ ਪੈਂਦੇ ਹਨ; ਥੋੜ੍ਹੇ ਚਿਰ ਲਈ ਨਹੀਂ, ਜਨਮਾਂ-ਜਨਮਾਂਤਰਾਂ ਦੇ ਲੰਮੇ ਵਿਛੋੜੇ ਪੈ ਜਾਂਦੇ ਹਨ।
੯ ਐਸ਼ਾਂ, ਬਹਾਰਾਂ।
੧੦ ਵਿਚੋਲਾ-ਪਨ।
੧੧ ਪਾਸ।
੧੨ ਸਦਾ। ਕਿਸ ਪਾਸ ਸਦਾ ਜਾ ਕੇ ਫਰਿਆਦੀ ਹੋਣ?
੧੩ ਵਿਛੋੜੇ ਦੇ ਦੁੱਖ।
੧੪ ਬੰਧਨ ਕੱਟਣ ਵਾਲੇ, ਬੰਦੀ-ਛੋੜ।
੧੫ ਸਾਰੇ ਫ਼ਿਕਰ ਦੂਰ ਹੋ ਜਾਣ।
੧੬ ਮਹੀਨੇ ਵਿੱਚ।
੧੭ ਜੋ ਮਾਲਕ ਨੇ ਆਪ ਮੇਲ ਲਈਆਂ ਹਨ।
੧੮ ਬਿਨਾਂ।
੧੯ ਤਿਆਰ-ਬਰ-ਤਿਆਰ, ਸੁਚੇਤ।
੨੦ ਮੰਗਦਾ ਹੈ, ਉਨ੍ਹਾਂ ਦੀ ਚਰਨ-ਧੂੜ।
੨੧ ਮੁੜ ਕੇ ਨਹੀਂ ਜੰਮਦੀਆਂ।
੨੨ ਪਾਲਾ। ਪੋਹ ਵਿੱਚ ਪਾਲਾ ਨਹੀਂ ਲੱਗਦਾ, ਜੋ ਹਰੀ-ਪਿਆਰਾ ਗਲੇ ਨਾਲ ਲੱਗਾ ਹੋਵੇ।
੨੩ ਪਤੀ।
੨੪ ਵਿੰਨ੍ਹਿਆ ਹੈ।
੨੫ ਚਰਨ ਅਰਬਿੰਦ (ਕਮਲ) ਨੇ।
੨੬ ਬਿਰਤੀ। ਹਰੀ ਦੇ ਦਰਸ਼ਨ ਵਿੱਚ ਬਿਰਤੀ ਜੁੜੀ ਹੈ।
੨੭ ਲਾਹਾ, ਲਾਭ।
੨੮ ਵਿਸ ਰੂਪ ਮਾਇਆ।
੨੯ ਗੁਣਾਂ ਨੂੰ ਗਾਹੁੰਦੀ ਹੈ, ਗੁਣਾਂ ਦਾ ਡੂੰਘਾ ਵਿਚਾਰ ਕਰਦੀ ਹੈ।
੩੦ ਸੱਚੇ ਪ੍ਰੇਮ ਵਿੱਚ ਸਮਾਉਣ ਕਰ ਕੇ।
੩੧ ਹੱਥ ਫੜ ਕੇ।
੩੨ ਵਾਰਨੇ, ਬਲਿਹਾਰ।
੩੩ ਵਾਰੀ।
੩੪ ਜਿਸ ਤੱਕ ਪਹੁੰਚ ਨਾ ਸਕੀਏ।
੩੫ ਅਗਾਧ, ਅਥਾਹ, ਡੂੰਘਾ।
੩੬ ਲੱਜਾ। ਦਰ ਢੱਠੀ ਦੀ ਨਾਰਾਇਣ ਨੂੰ ਲੱਜਾ ਪਾਲਣੀ ਪਈ।
੩੭ ਪੁਰਬੀ ਦਾ ਇਸ਼ਨਾਨ।
੩੮ ਨਾਮ ਦਾਨ।
੩੯ ਕਈ ਜਨਮਾਂ ਦੇ ਕਰਮਾਂ ਦੀ ਮੈਲ।
੪੦ ਹੰਕਾਰ।
੪੧ ਮੋਹੇ ਜਾਈਦਾ।
੪੨ ਦੂਰ ਹੁੰਦਾ ਹੈ।

* ਕੀਤਿਆਂ ਕੁਝ ਨਹੀਂ ਹੁੰਦਾ, ਕਿਉਂਕਿ ਰੱਬ ਦੇ ਹਜ਼ੂਰੋਂ ਉਨ੍ਹਾਂ ਦੇ ਭਾਗ ਹੀ ਐਸੇ ਲਿਖੇ ਹਨ।

ਲੋਭੁ ਸੁਆਨੁ[੧] ॥ [੨]ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ [੩]ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ[੪] ॥ ਜਿਸ ਨੋ ਦੇਵੈ[੫] ਦਇਆ ਕਰਿ ਸੋਈ ਪੁਰਖੁ ਸੁਜਾਨੁ[੬] ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ[੭] ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥ ਫਲਗੁਣਿ[੮] ਅਨੰਦ ਉਪਾਰਜਨਾ[੯] ਹਰਿ ਸਜਣ ਪ੍ਰਗਟੇ ਆਇ ॥ [੧੦]ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ[੧੧] ॥ [੧੨]ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ[੧੩] ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ [੧੪]ਲਵੈ ਨ ਲਾਇ ॥ [੧੫]ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ[੧੬] ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ[੧੭] ਨ ਜਨਮੈ ਧਾਇ[੧੮] ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ ਜਿਸ ਨੋ [੧੯]ਤਿਲੁ ਨ ਤਮਾਇ ॥ ੧੩ ॥ ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ[੨੦] ॥ ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ[੨੧] ॥ ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ[੨੨] ਤਰੇ ॥ ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ[੨੩] ॥ ਕੂੜ ਗਏ ਦੁਬਿਧਾ[੨੪] ਨਸੀ [੨੫]ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ [੨੬]ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ ॥

ਮਾਝ ਮਹਲਾ ੫ ਦਿਨ *ਰੈਣਿ[੨੭] ੴ ਸਤਿਗੁਰ ਪ੍ਰਸਾਦਿ ॥

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ ਆਪੁ[੨੮] ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ[੨੯] ॥ ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ[੩੦] ॥ ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ[੩੧] ॥ ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ[੩੨] ॥ [੩੩]ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥ ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥ ਨਾਨਕ ਕੀ ਬੇਨੰਤੀਆ [੩੪]ਹਰਿ ਸੁਰਜਨੁ ਦੇਖਾ ਨੈਣ ॥ ੧ ॥ ਜੀਅ ਕੀ ਬਿਰਥਾ[੩੫] ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥ ਮਰਣਿ ਜੀਵਣਿ

੧ ਕੁੱਤਾ।
੨ ਸੱਚੇ ਰਸਤੇ ਉੱਤੇ।
੩ ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ ਤੇ ਜੀਵਾਂ 'ਤੇ ਦਇਆ ਕਰਨੀ ਜੋ ਪ੍ਰਸਿੱਧ ਹੈ-ਇਹ ਸਾਰੇ ਕਰਮ ਇਸੇ ਇਕ ਗੱਲ ਵਿੱਚ ਆ ਜਾਂਦੇ ਹਨ ਕਿ "ਹਰਿ ਕਾ ਨਾਮੁ ਧਿਆਇ ਸੁਣਿ......"।
੪ ਜੋ ਮੰਨੀ ਗਈ ਹੈ, ਪ੍ਰਸਿੱਧ। 'ਪ੍ਰਵਾਣੁ' ਲਈ ਦੇਖੋ "ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ" (ਵਾਰ ਆਸਾ) "ਤਿੰਨਿ ਚੇਲੇ ਪਰਵਾਣੁ" (ਜਪੁ)।
੫ ਨਾਮ ਦੇਵੇ।
੬ ਸਿਆਣਾ।
੭ ਆਖੀਦੇ ਹਨ।
੮ ਫੱਗਣ ਦੁਆਰਾ ਦੱਸਦੇ ਹਨ।
੯ ਉਪਜੇ। ਖੁਸ਼ੀਆਂ ਪ੍ਰਾਪਤ ਹੋਈਆਂ।
੧੦ ਵਾਹਿਗੁਰੂ ਦੇ ਮੇਲ ਵਿੱਚ ਸਹਾਈ ਸੰਤ ਹਨ।
੧੧ ਥਾਂ।
੧੨ ਮੁਰਾਦ ਪੂਰੀ ਹੋਈ ਚੰਗੇ ਭਾਗਾਂ ਵਾਲੀ ਦੀ ਕਿ ਹਰੀ-ਰਾਜੇ ਜਿਹਾ ਪਤੀ ਮਿਲਿਆ।
੧੩ ਉਚਾਰਨ ਕਰ ਕੇ।
੧੪ [ਨੇੜੇ ਨਹੀਂ ਲੱਗਣ ਦਿੰਦਾ] ਉਸ ਦੇ ਬਰਾਬਰ ਦਾ ਨਹੀਂ।
੧੫ ਲੋਕ ਪਰਲੋਕ।
੧੬ ਥਾਂ, ਟਿਕਾਣਾ।
੧੭ ਮੁੜ ਕੇ, ਫਿਰ।
੧੮ ਦੌੜਦਾ, ਭਟਕਦਾ।
੧੯ ਤਿਲ ਭਰ ਵੀ ਲਾਲਚ ਨਹੀਂ।
੨੦ ਸਫਲ ਹੋਏ।
੨੧ ਖੋਟ ਰਹਿਤ, ਸ਼ੁੱਧ, ਚੰਗੇ।
੨੨ ਔਖਾ।
੨੩ ਸੜਦੇ। ਵਿਸ਼ਿਆਂ ਦੀ ਅੱਗ ਵਿੱਚ ਸੜਦੇ ਨਹੀਂ।
੨੪ [ਦ੍ਵਿ-ਵਿਧ] ਦੋ ਪਾਸੇ ਵੱਲ ਰੁਚੀ ਹੋਣੀ, ਮਨ ਦਾ ਡੁਲਾਉ।
੨੫ ਸੱਚ ਨਾਲ ਪੂਰਨ ਤੌਰ 'ਤੇ ਭਰੇ ਹਨ।
੨੬ ਸਾਰੇ ਮਹੀਨੇ, ਦਿਨ ਤੇ ਮਹੂਰਤਾਂ ਸ਼ੁਭ ਹਨ, ਉਨ੍ਹਾਂ ਲਈ ਜਿਨ੍ਹਾਂ ਨੂੰ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੇ।
੨੭ ਰਾਤ।
੨੮ ਆਪਾ ਭਾਵ, ਹਉਮੈ।
੨੯ ਬਚਨ।
੩੦ ਸਬੰਧੀ, ਰਿਸ਼ਤੇਦਾਰ।
੩੧ ਹੇ ਭੈਣ!
੩੨ ਆਕਾਸ਼, ਮੰਡਲ (*Spheres*)।
੩੩ ਆਪਣੇ ਕਰਮਾਂ ਦੀ ਕਮਾਈ ਕਰ ਕੇ।
੩੪ ਹਰੀ ਉੱਤਮ ਪੁਰਸ਼ (ਪਿਆਰੇ ਪਤੀ) ਨੂੰ।
੩੫ ਪੀੜਾ, ਦਰਦ।

* ਇਸ ਸ਼ਬਦ ਦਾ ਸਿਰਲੇਖ "ਦਿਨ ਰੈਣਿ" ਇਸ ਲਈ ਹੈ ਕਿ ਇਸ ਵਿੱਚ ਮਨੁੱਖ ਨੂੰ ਦਿਨ ਰਾਤ ਵਿੱਚ ਜੋ ਸ਼ੁਭ ਕੰਮ ਕਰਨੇ ਚਾਹੀਦੇ ਹਨ, ਓਹ ਦੱਸੇ ਹਨ।

ਆਰਾਧਣਾ ਸਭਨਾ ਕਾ ਆਧਾਰੁ[੧] ॥ ਸਸੁਰੈ[੨] ਪੇਈਐ[੩] ਤਿਸੁ ਕੰਤ ਕੀ [੪]ਵਡਾ ਜਿਸੁ ਪਰਵਾਰੁ ॥ ਊਚਾ ਅਗਮ[੫] ਅਗਾਧਿ ਬੋਧ[੬] ਕਿਛੁ ਅੰਤੁ ਨ ਪਾਰਾਵਾਰੁ ॥ [੭]ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥ ਦੀਨਾ ਨਾਥ ਦੈਆਲ ਦੇਵ [੮]ਪਤਿਤ ਉਧਾਰਣਹਾਰੁ ॥ [੯]ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥ ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥ ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥ [੧੦]ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ[੧੧] ॥ ੨ ॥ ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥ ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ॥ ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ[੧੨] ॥ ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥ ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ[੧੩] ॥ [੧੪]ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ॥ ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ[੧੫] ॥ ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥ ੩ ॥ [੧੬]ਸਰਬ ਕਲਾ ਪ੍ਰਭ ਪੂਰਣੋ ਮੰਞੁ[੧੭] ਨਿਮਾਣੀ ਥਾਉ ॥ [੧੮]ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥ ਕਰਿ ਕਿਰਪਾ ਪ੍ਰਭ ਆਪਣੀ [੧੯]ਜਨ ਧੂੜੀ ਸੰਗਿ ਸਮਾਉ ॥ ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥ ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥ [੨੦]ਅਗਿਆਨ ਬਿਨਾਸਨ [੨੧]ਤਮ ਹਰਣ ਊਚੇ ਅਗਮ ਅਮਾਉ[੨੨] ॥ ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ[੨੩] ॥ [੨੪]ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥ ੪ ॥ ੧ ॥

ਵਾਰ ਮਾਝ ਕੀ ਤਥਾ[੨੫] ਸਲੋਕ ਮਹਲਾ ੧

*ਮਲਕ ਮੁਰੀਦ ਤਥਾ ਚੰਦ੍ਰਹੜਾ

ਸੋਹੀਆ ਕੀ ਧੁਨੀ ਗਾਵਣੀ ॥ †ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਸਲੋਕੁ ਮਃ ੧ ॥ ਗੁਰੁ ਦਾਤਾ ਗੁਰੁ [੨੬]ਹਿਵੈ ਘਰੁ ਗੁਰੁ ਦੀਪਕੁ[੨੭] ਤਿਹ ਲੋਇ ॥ [੨੮]ਅਮਰ ਪਦਾਰਥੁ ਨਾਨਕਾ [੨੯]ਮਨਿ ਮਾਨਿਐ ਸੁਖੁ ਹੋਇ ॥ ੧ ॥ ਮਃ ੧ ॥ ਪਹਿਲੈ [੩੦]ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ[੩੧] ॥ ਚਉਥੈ ਪਿਆਰਿ ਉਪੰਨੀ[੩੨] ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ[੩੩] ॥ ਛਿਵੈ [੩੪]ਕਾਮੁ ਨ ਪੁਛੈ ਜਾਤਿ ॥ ਸਤਵੈ [੩੫]ਸੰਜਿ ਕੀਆ ਘਰ ਵਾਸੁ[੩੬] ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ[੩੭]

੧ ਆਸਰਾ।
੨ ਸਾਹੁਰੇ, ਪਰਲੋਕ ਵਿੱਚ।
੩ ਪੇਕੇ, ਇਸ ਲੋਕ ਵਿੱਚ।
੪ ਵੱਡਾ ਜਿਸ ਦਾ ਟੱਬਰ ਹੈ; ਜਿਸ ਦੇ ਪੈਦਾ ਕੀਤੇ ਹੋਏ ਜੀਅ-ਜੰਤ ਦਾ ਖਿਲਾਰਾ ਵੱਡਾ ਹੈ।
੫ ਜਿਸ ਤੱਕ ਪਹੁੰਚ ਨਾ ਸਕੀਏ।
੬ ਜਿਸ ਦੇ ਬੋਧ (ਗਿਆਨ) ਦਾ ਥਾਹ ਨਹੀਂ ਹੈ।
੭ ਸੇਵਾ ਉਹ ਹੈ ਜੋ ਉਸ ਨੂੰ ਚੰਗੀ ਲੱਗੇ ਅਤੇ ਜੋ ਅਸੀਂ ਸੰਤਾਂ ਦੇ ਚਰਨਾਂ ਦੀ ਧੂੜ ਹੋ ਕੇ (ਭਾਵ ਨਿਰਮਾਣ ਹੋ ਕੇ) ਕਰੀਏ।
੮ ਡਿੱਗਿਆਂ ਹੋਇਆਂ ਨੂੰ ਤਾਰਨ ਵਾਲਾ।
੯ ਉਹ ਸਤਿਨਾਮ ਕਰਤਾਰ ਮੁੱਢ ਤੋਂ ਸਦਾ ਰੱਖਿਆ ਕਰਦਾ ਆਇਆ ਹੈ।
੧੦ ਦਿਨੇਂ ਰਾਤੀਂ।
੧੧ ਵਾਰਨੇ।
੧੨ ਮੰਤਰ, ਜਾਪ।
੧੩ ਭਾਗਾਂ ਵਾਲਾ, ਭਗਵਾਨ।
੧੪ ਦਿਲ ਦੀਆਂ ਭਉਣੀਆਂ ਪੂਰੀਆਂ ਹੋਣ ਜੇ ਹਰੀ ਵਰੁ ਮਿਲੇ।
੧੫ ਨਾਸ।
੧੬ ਜਿਸ ਦੀਆਂ ਸਾਰੀਆਂ ਕਲਾਂ ਪੂਰੀਆਂ ਹੋਣ; ਜਿਸ ਵਿੱਚ ਸਾਰੇ ਗੁਣ (ਹੁਨਰ, ਵਿੱਦਿਆ ਆਦਿ) ਪੂਰੀ ਹਾਲਤ ਵਿੱਚ ਹੋਣ।
੧੭ ਮੈਂ। ਉਹ ਨਿਮਾਣੀ ਦਾ ਥਾਉਂ (ਆਸਰਾ) ਹੈ।
੧੮ ਮੈਂ ਹਰੀ ਦੀ ਓਟ ਪਕੜੀ ਹੈ ਮਨ ਦੇ ਅੰਦਰ ਹੀ।
੧੯ ਤੇਰੇ ਸੇਵਕਾਂ ਦੀ ਚਰਨ-ਧੂੜ ਵਿੱਚ ਸਮਾਇਆ ਰਹਾਂ।
੨੦ ਹੇ ਬੇਸਮਝੀ ਦੇ ਦੂਰ ਕਰਨ ਵਾਲੇ ਅਤੇ ਹਨੇਰਾ ਮਿਟਾਉਣ ਵਾਲੇ!
੨੧ ਹਨੇਰਾ ਦੂਰ ਕਰਨ ਵਾਲੇ।
੨੨ ਮਾਪ ਬਿਨਾਂ, ਅਮਿੱਤਾ।
੨੩ ਪ੍ਰਯੋਜਨ, ਮਨੋਰਥ।
੨੪ ਮੈਂ ਸਭ ਤਰ੍ਹਾਂ ਨਾਲ ਸੁਖੀ ਉਸ ਦਿਨ ਹੋਵਾਂਗਾ ਜਦੋਂ, ਹੇ ਹਰੀ! (ਆਪ ਦੇ ਪਠਾਏ) ਗੁਰੂ ਦੇ ਚਰਨ ਛੁਹਾਂਗਾ।
੨੫ ਅਤੇ।
੨੬ ਬਰਫ਼ ਦਾ ਘਰ, ਸ਼ਾਂਤੀ ਦਾ ਪੁੰਜ।
੨੭ ਦੀਵਾ। ਚਾਨਣਾ ਦੇਣ ਵਾਲਾ ਹੈ ਤਿੰਨਾਂ ਲੋਕਾਂ ਨੂੰ।
੨੮ ਨਾਮ ਪਦਾਰਥ।
੨੯ ਮਨ ਵਿੱਚ ਮਾਣਿਆ, ਦਿਲ ਵਿੱਚ ਭੋਗਿਆ।
੩੦ ਪਿਆਰ ਨਾਲ ਥਣਾਂ ਦੇ ਦੁੱਧ ਵਿੱਚ ਲੱਗਾ।
੩੧ ਭੈਣ।
੩੨ ਪੈਦਾ ਹੋਈ।
੩੩ ਧਾਵਣਾ, ਰੁਚੀ।
੩੪ ਕਾਮ ਜਾਤ-ਕੁਜਾਤ ਨਹੀਂ ਦੇਖਦਾ।
੩੫ ਧਨ ਇੱਕਠਾ ਕਰ ਕੇ ਘਰ ਬਾਰ ਬਣਾਇਆ।
੩੬ ਵਾਸਾ
੩੭ ਚਿੱਟੇ ਕੇਸ।

* ਮਲਕ ਜਾਤ ਦਾ ਮੁਰੀਦ ਖਾਂ ਅਤੇ ਸੋਹੀ ਜਾਤ ਦਾ ਚੰਦ੍ਰਹੜਾ ਅਕਬਰ ਬਾਦਸ਼ਾਹ ਦੇ ਦੋ ਵੱਡੇ ਸਰਦਾਰ ਸਨ। ਇਨ੍ਹਾਂ ਦੀ ਆਪਸ ਵਿੱਚ ਲਗਦੀ ਸੀ। ਇਕ ਵੇਰ ਸ਼ਾਹ ਨੇ ਕਾਬਲ ਦੀ ਮੁਹਿੰਮ ਤੇ ਮਲਕ ਨੂੰ ਭੇਜਿਆ, ਜਿਸ ਨੇ ਵੈਰੀ ਨੂੰ ਜਿੱਤਿਆ, ਪਰ ਅਮਨ ਦੀ ਬਹਾਲੀ ਵਿੱਚ ਕੁਝ ਦੇਰੀ ਹੋ ਗਈ। ਚੰਦ੍ਰਹੜਾ ਨੇ ਚੁਗਲੀ ਖਾਧੀ ਤੇ ਸ਼ਾਹ ਨੂੰ ਖੂਬ ਪੜ੍ਹਾਇਆ ਕਿ ਮਲਕ ਆਕੀ ਹੋ ਬੈਠਾ ਹੈ। ਸ਼ਾਹ ਨੇ ਚੰਦ੍ਰਹੜਾ ਨੂੰ ਭੇਜਿਆ ਕਿ ਉਹ ਮਲਕ ਨੂੰ ਸੋਧੇ। ਦੋਹਾਂ ਦੀ ਕਰੜੀ ਜੰਗ ਹੋਈ ਤੇ ਦੋਵੇਂ ਜੋਧੇ ਬੜੀ ਬਹਾਦਰੀ ਨਾਲ ਲੜ ਕੇ ਮਾਰੇ ਗਏ। ਢਾਡੀਆਂ ਨੇ ਇਸ ਜੰਗ ਦੇ ਬਿਰਤਾਂਤ ਨੂੰ ਵਾਰ ਵਿੱਚ ਗਾਂਵਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਮਾਝ ਦਾ ਵਜ਼ਨ ਓਹੀ ਹੈ, ਜੋ ਦੇਸ਼ ਵਿੱਚ ਪ੍ਰਚੱਲਤ ਮਲਕ ਮੁਰੀਦ ਵਾਲੀ ਵਾਰ ਦਾ ਹੈ। ਇਸ ਲਈ ਉਨ੍ਹਾਂ ਨੇ ਇਹ ਧੁਨੀ ਲਿਖ ਕੇ ਹੁਕਮ ਦਿੱਤਾ ਕਿ ਵਾਰ ਮਾਝ ਨੂੰ ਇਸ ਧਾਰਨਾ ਤੇ ਗਾਵਣਾ ਹੈ।

ਉੱਪਰ ਦੱਸੀ ਵਾਰਤਾ ਨਾਲ ਬਾਣੀ ਦਾ ਕੋਈ ਸੰਬੰਧ ਨਹੀਂ। ਕੇਵਲ ਇਸ ਵਾਰ ਦੀ ਪਉੜੀ ਨੂੰ ਸਿਰਲੇਖ ਵਾਲੀ ਵਾਰ ਦੀ ਸੁਰ ਨਾਲ ਗਾਉਣਾ ਹੈ। "ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ" ਦਾ ਵਜ਼ਨ ਮੇਲੋ ਧੁਨੀ ਵਾਲੀ ਵਾਰ ਦੀ ਤੁਕ ਨਾਲ: "ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜੋਰ"। ਇਸ ਵਾਰ ਵਿੱਚ ਵੀ ਮਨਮੁਖਾਂ ਤੇ ਗੁਰਮੁਖਾਂ ਦਾ ਟਾਕਰਾ ਕਰ ਕੇ ਦੱਸਿਆ ਹੈ। ਆਮ ਤੌਰ 'ਤੇ ਲਿਖਾਰੀ ਧੁਨਾਂ ਚੜ੍ਹਾਉਣ ਦਾ ਸੰਬੰਧ ਛੇਵੇਂ ਪਾਤਸ਼ਾਹ ਨਾਲ ਦੱਸਦੇ ਹਨ, ਪਰ ਇਹ ਠੀਕ ਨਹੀਂ, ਕਿਉਂਕਿ ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਜਿਸ ਕਲਮ ਤੇ ਸਿਆਹੀ ਨਾਲ ਵਾਰਾਂ ਲਿਖੀਆਂ ਹੋਈਆਂ ਹਨ, ਉਸੇ ਨਾਲ ਧੁਨਾਂ ਲਿਖੀਆਂ ਹਨ। ਹੋ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਧੁਨਾਂ ਨੂੰ ਸੰਗਤਾਂ ਵਿੱਚ ਵਧੇਰੇ ਪ੍ਰਚੱਲਤ ਕੀਤਾ ਹੋਵੇ।

ਇਸੇ ਤਰ੍ਹਾਂ ਦੀਆਂ ਕੁਲ ੯ ਵਾਰਾਂ ਸਿਰਲੇਖਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੜ੍ਹੀਆਂ ਹਨ।

† ਮੂਲ ਮੰਤਰ ਦਾ ਇਹ ਸੰਖੇਪ ਅੱਠ ਵਾਰੀ ਆਉਂਦਾ ਹੈ : ੧ ਵਾਰ ਇਸ ਰਾਗ ਵਿੱਚ, ੬ ਵਾਰ ਗਉੜੀ ਰਾਗ ਵਿੱਚ ਤੇ ੧ ਵਾਰ ਬਿਲਾਵਲੁ ਵਿੱਚ।

[੧]ਉਭੇ ਸਾਹ ॥ ਦਸਵੈ ਦਧਾ[੨] ਹੋਇਆ ਸੁਆਹ ॥ ਗਏ ਸਿਗੀਤ[੩] ਪੁਕਾਰੀ ਧਾਹ[੪] ॥ ਉਡਿਆ ਹੰਸੁ[੫] ਦਸਾਏ[੬] ਰਾਹ ॥ ਆਇਆ ਗਇਆ [੭]ਮੁਇਆ ਨਾਉ ॥ ਪਿਛੈ *ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ[੮] [੯]ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ ੨ ॥ ਮਃ ੧ ॥ [੧੦]ਦਸ ਬਾਲਤਣਿ ਬੀਸ ਰਵਣਿ[੧੧] ਤੀਸਾ ਕਾ ਸੁੰਦਰੁ ਕਹਾਵੈ ॥ ਚਾਲੀਸੀ ਪੁਰੁ[੧੨] ਹੋਇ [੧੩]ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥ ਸਤਰਿ ਕਾ ਮਤਿਹੀਣੁ [੧੪]ਅਸੀਹਾਂ ਕਾ ਵਿਉਹਾਰੁ ਨ ਪਾਵੈ ॥ ਨਵੈ ਕਾ ਸਿਹਜਾਸਣੀ[੧੫] ਮੂਲਿ ਨ ਜਾਣੈ ਅਪ ਬਲੁ[੧੬] ॥ [੧੭]ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ[੧੮] ॥ ੩ ॥ ਪਉੜੀ ॥ ਤੂੰ ਕਰਤਾ ਪੁਰਖੁ ਅਗੰਮੁ [੧੯]ਹੈ ਆਪਿ ਸ੍ਰਿਸਟਿ ਉਪਾਤੀ ॥ [੨੦]ਰੰਗ ਪਰੰਗ ਉਪਾਰਜਨਾ[੨੧] ਬਹੁ ਬਹੁ ਬਿਧਿ ਭਾਤੀ ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ[੨੨] ॥ ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥ ਗੁਰਮੁਖਿ ਰੰਗਿ ਚਲੂਲਿਆ[੨੩] ਰੰਗਿ ਹਰਿ ਰੰਗਿ ਰਾਤੀ ॥ [੨੪]ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥ ਤੂੰ ਆਪੇ ਆਪਿ ਸੁਜਾਣੁ[੨੫] ਹੈ ਵਡ ਪੁਰਖੁ ਵਡਾਤੀ ॥ ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ[੨੬] ॥ ੧ ॥ ਸਲੋਕ ਮਃ ੧ ॥ †ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ ਅਖੀ ਦੇਖੈ ਜਿਹਵਾ[੨੭] ਬੋਲੈ [੨੮]ਕੰਨੀ ਸੁਰਤਿ ਸਮਾਇ ॥ ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥ ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥ ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥ ੧ ॥ ਮਃ ੨ ॥ ਦੇਂਦੇ ਥਾਵਹੁ[੨੯] ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ [੩੦]ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ ਅੰਤਰਿ ਬਹਿ ਕੈ ਕਰਮ ਕਮਾਵੈ ਸੋ [੩੧]ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ[੩੨] ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥ ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ [੩੩]ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥ ੨ ॥ ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ‡ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ[੩੪] ॥ ਤਿਸਨਾ[੩੫] ਅੰਦਰਿ ਅਗਨਿ ਹੈ ਨਹ ਤਿਪਤੈ[੩੬] ਭੁਖਾ ਤਿਹਾਇਆ ॥ ਸਹਸਾ[੩੭] ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ

੧ ਖਿੱਚਵੇਂ ਸਾਹ, ਔਖੇ ਸਾਹ।
੨ ਸੜ ਕੇ।
੩ ਸੰਗੀ ਸਾਥੀ (ਜੋ ਫੂਕਣ ਜਾਂਦੇ ਹਨ)
੪ ਢਾਹੀਂ (ਮਾਰਦੇ ਹਨ)।
੫ ਜੀਵ ਰੂਪ।
੬ ਪੁਛਦਾ ਹੈ।
੭ ਨਾਮ ਵੀ ਨਹੀਂ ਰਹਿੰਦਾ।
੮ ਦੇਖੋ ਪੰਨਾ ੧੧, ਨੋਟ ੨੧।
੯ ਅਗਿਆਨਤਾ ਵਾਲਾ ਪਿਆਰ।
੧੦ ਦਸ ਵਰ੍ਹੇ ਦਾ ਬਾਲਪਨ ਵਿੱਚ ਹੁੰਦਾ ਹੈ।
੧੧ ਰਮਣ ਯੋਗ ਅਵਸਥਾ ਵਿੱਚ, ਜੁਆਨੀ ਵਿੱਚ।
੧੨ [ਫ਼ਾਰਸੀ] ਭਰਿਆ ਹੋਇਆ (ਜਵਾਨੀ, ਜ਼ੋਰ, ਤਜਰਬੇ ਨਾਲ)।
੧੩ ਪੰਜਾਹ ਤੇ ਪੈਰ ਤਿਲ੍ਹਕਦਾ ਹੈ, ਕਮਜ਼ੋਰੀ ਸ਼ੁਰੂ ਹੁੰਦੀ ਹੈ।
੧੪ ਅੱਸੀ ਦਾ ਹੋ ਕੇ ਕੰਮ-ਕਾਰ ਜੋਗਾ ਨਹੀਂ ਰਹਿੰਦਾ।
੧੫ ਮੰਜੇ 'ਤੇ ਆਸਣ ਲਾਉਣ ਵਾਲਾ।
੧੬ ਕਮਜ਼ੋਰੀ; ਜਿਵੇਂ "ਬਲ ਅਪਬਲ ਅਪਨੋ ਨ ਬਿਚਾਰਾ.........੩੯੮॥ ਚਰਿਤ੍ਰ ੪੦੫, ਪੰਨਾ ੧੩੮੬।
੧੭ ਮੈਂ ਖੋਜਿਆ, ਢੂੰਡਿਆ ਅਤੇ ਦੇਖਿਆ ਕਿ ਇਹ ਸੰਸਾਰ ਧੂੰਏਂ ਦਾ ਮਕਾਨ ਹੈ (ਇੱਟ, ਪੱਥਰ ਜਾਂ ਕਿਸੇ ਹੋਰ ਨਿੱਗਰ ਚੀਜ਼ ਦਾ ਬਣਿਆ ਨਹੀਂ)।
੧੮ ਧੌਲਰ, ਮੰਦਰ।
੧੯ ਜਿਸ ਤਕ ਕਿਸੇ ਦੀ ਪਹੁੰਚ ਨਾ ਹੋਵੇ।
੨੦ ਬਹੁਤ ਰੰਗ-ਬਰੰਗੀ ਅਤੇ ਕਈ ਤਰ੍ਹਾਂ ਤੇ ਵੰਨਗੀਆਂ ਦੀ ਪੈਦਾ ਕੀਤੀ।
੨੧ ਪੈਦਾ ਕੀਤੀ।
੨੨ ਤੁਮਾਰਾ, ਤੇਰਾ।
੨੩ [ਫ਼ਾਰਸੀ ਚੂੰ-ਲਾਲਹ, ਗੁਲੇ ਲਾਲਹ ਵਰਗਾ ਲਾਲ] ਗੂੜ੍ਹੇ ਲਾਲ। ਗੁਰਮੁਖ ਰੰਗ ਵਿੱਚ ਗੂੜ੍ਹੇ ਲਾਲ ਹਨ, ਹਰੀ ਦੇ ਪ੍ਰੇਮ ਵਿੱਚ ਰੰਗ-ਰੱਤੇ ਹਨ।
੨੪ ਉਸ ਹਰੀ ਨੂੰ ਸੇਵੋ ਜੋ ਸਤਿ-ਨਿਰੰਜਨ ਅਤੇ ਵਿਧਾਤਾ-ਪੁਰਖ ਹੈ; ਭਾਵ ਜੋ ਸਤ-ਸਰੂਪ, ਮਾਇਆ ਤੋਂ ਬੇਲਾਗ ਅਤੇ ਸੰਜੋਗ ਬਣਾਉਣ ਵਾਲੀ ਹਸਤੀ ਹੈ।
੨੫ ਸਿਆਣਾ।
੨੬ ਜਾਂਦਾ ਹਾਂ (ਵਾਰਨੇ)।
੨੭ ਜੀਭ।
੨੮ ਕੰਨਾਂ ਰਾਹੀਂ ਸੁਣ ਕੇ ਧਿਆਨ ਜੋੜਦਾ ਹੈ।
੨੯ ਨਾਲੋਂ। ਮਨਮੁਖ ਅਜੇਹਾ ਹੈ ਕਿ ਦੇਣ ਵਾਲੇ (ਹਰੀ) ਨਾਲੋਂ ਦਿਤੇ (ਦਾਤ) ਨੂੰ ਚੰਗਾ ਸਮਝਦਾ ਹੈ। "ਦਾਤਿ ਪਿਆਰੀ ਵਿਸਰਿਆ ਦਾਤਾਰਾ॥" (ਧਨਾਸਰੀ ਮ: ੫-੬੭੬)
੩੦ ਉਸ ਦੀ ਸਮਝ, ਅਕਲ ਤੇ ਸਿਆਣਪ ਨੂੰ ਕੀ ਕੁਝ ਕਰਕੇ ਦੱਸੀਏ? ਭਾਵ ਇਹੋ ਕਹਿ ਸਕਦੇ ਹਾਂ ਕਿ ਉਸ ਦੀ ਅਕਲ ਬਹੁਤ ਥੋੜ੍ਹੀ ਹੈ।
੩੧ ਚਾਰੇ ਕੁੰਟਾਂ ਵਿੱਚ, ਸਾਰੇ ਪਾਸੇ, ਹਰ ਥਾਂ।
੩੨ ਧਰਮੀ।
੩੩ ਜੇ ਕੋਈ ਕੁਝ ਕਰ ਵਿਖਾਵੇ ਤਾਂ ਜਾਣੀਏ। ਸਿਆਣੀਐ=ਸਿਵਾਣੀਏ।
੩੪ ਭੁਲਾਇਆ ਹੈ।
੩੫ ਪ੍ਰਾਪਤੀ ਦੀ ਇੱਛਾ ਲਾਲਚ।
੩੬ ਰੱਜਦਾ।
੩੭ ਸ਼ੰਕਾ ਰੂਪ।

* ਪੱਤਿਆਂ ਦੀ ਥਾਲੀ ਜਿਸ 'ਤੇ ਸਰਾਧ ਆਦਿ ਕਰਨ ਵੇਲੇ ਬ੍ਰਾਹਮਣਾਂ ਲਈ ਭੋਜਨ ਰੱਖਦੇ ਹਨ। ਮਰਨ ਪਿੱਛੋਂ ਪੱਤਲਾਂ ਦਿੰਦੇ ਤੇ ਕਾਵਾਂ ਨੂੰ ਬੁਲਾ-ਬੁਲਾ ਖੁਆਂਦੇ ਹਨ।

† 'ਜੀਉ ਪਾਇ' ਦੇ ਅਰਥ ਕਰਨ ਲਗਿਆਂ 'ਜੀਉ ਉਪਾਇ' ਪੜ੍ਹਨਾ ਹੈ; ਜਿਵੇਂ ਪੰ. ੪੭੫, ਨੋਟ ੧੬ ਵਿੱਚ ਦੱਸਿਆ ਹੈ। ਹੋਰ ਦੇਖੋ ਪੰਨਾ ੧੮੯ ਉੱਤੇ ਫੁਟ ਨੋਟ *।

‡ ਠੱਗ-ਮੂਰੀ, ਉਹ ਨਸ਼ੀਲੀ ਬੂਟੀ ਜੋ ਠੱਗ ਪਾਂਧੀਆਂ ਨੂੰ ਖੁਆ ਕੇ ਠੱਗ ਲੈਂਦੇ ਹਨ। ਮੋਹ ਦੀ ਨਸ਼ੀਲੀ ਬੂਟੀ ਖੁਆ ਕੇ ਤੂੰ ਆਪ ਸੰਸਾਰ ਨੂੰ ਭੁਲਾਇਆ ਹੈ।

ਕਮਾਇਆ॥ ਗੁਰਮਤੀ ਨਾਮੁ ਧਿਆਈਐ [੧]ਸੁਖਿ ਰਜਾ ਜਾ ਤੁਧੁ ਭਾਇਆ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ[੨]॥ [੩]ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥ ੨॥ ਸਲੋਕੁ ਮਃ ੨॥ *ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥ ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥ ੧॥ ਮਃ ੨॥ †ਦਿਸੈ ਸੁਣੀਐ ਜਾਣੀਐ ਸਾਉ[੪] ਨ ਪਾਇਆ ਜਾਇ॥ ਰੁਹਲਾ[੫] ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥ ਭੈ ਕੇ ਚਰਣ ਕਰ[੬] ਭਾਵ ਕੇ ਲੋਇਣ ਸੁਰਤਿ ਕਰੇਇ॥ ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥ ੨॥ ਪਉੜੀ॥ ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ॥ ਹਉਮੈ [੭]ਗਰਬੁ ਉਪਾਇ ਕੈ [੮]ਲੋਭੁ ਅੰਤਰਿ ਜੰਤਾ ਪਾਇਆ॥ ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ॥ ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ॥ ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ॥ ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ॥ ਪੁਤੁ ਕਲਤੁ[੯] ਕੁਟੰਬੁ ਹੈ ਇਕਿ [੧੦]ਅਲਿਪਤੁ ਰਹੇ ਜੋ ਤੁਧੁ ਭਾਇਆ॥ ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ॥ ੩॥ ਸਲੋਕੁ ਮਃ ੧॥ [੧੧]ਸੁਇਨੇ ਕੈ ਪਰਬਤਿ ਗੁਫਾ ਕਰੀ ਕੈ[੧੨] ਪਾਣੀ ਪਇਆਲਿ॥ ਕੈ ਵਿਚਿ ਧਰਤੀ ਕੈ ਆਕਾਸੀ ਉਰਧਿ[੧੩] ਰਹਾ ਸਿਰਿ ਭਾਰਿ॥ [੧੪]ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ[੧੫]॥ ‡ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ॥ ਹੋਇ ਕੁਚੀਲੁ[੧੬] ਰਹਾ ਮਲੁ ਧਾਰੀ[੧੭] [੧੮]ਦੁਰਮਤਿ ਮਤਿ ਵਿਕਾਰ॥ ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ॥ ੧॥ ਮਃ ੧॥ [੧੯]ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ[੨੦] ਹੋਵੈ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥ ਅੰਧਾ ਭੂਲਿ ਪਇਆ [੨੧]ਜਮ ਜਾਲੇ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ[੨੨]॥ ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ॥ ੨॥ ਪਵੜੀ॥ [੨੩]ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ॥ ਮੂਰਖੁ ਭੋਗੇ ਭੋਗੁ ਦੁਖ ਸਬਾਇਆ॥ ਸੁਖਹੁ ਉਠੇ ਰੋਗ ਪਾਪ ਕਮਾਇਆ॥ ਹਰਖਹੁ[੨੪] ਸੋਗੁ ਵਿਜੋਗੁ ਉਪਾਇ ਖਪਾਇਆ॥ ਮੂਰਖ ਗਣਤ ਗਣਾਇ ਝਗੜਾ ਪਾਇਆ॥ ਸਤਿਗੁਰ ਹਥਿ ਨਿਬੇੜੁ[੨੫] ਝਗੜੁ ਚੁਕਾਇਆ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ

੧ ਸੁਖ ਵਿੱਚ ਰੱਜਿਆ।
੨ ਮਾਂ।
੩ ਉਸ ਦੀ ਸੋਭਾ ਤੇ ਸਮਝ ਸੋਹਣੀ ਹੈ। ਟਾਕਰਾ ਕਰੋ ਇਸ ਗੁਰਮੁਖ ਦਾ ਮਨਮੁਖ ਨਾਲ ਜਿਸ ਦੀ ਬਾਬਤ ਪਿਛਲੇ ਪੰਨੇ ਤੇ ਕਿਹਾ ਹੈ: "ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ"।
੪ ਸਵਾਦ।
੫ ਲੂਲ੍ਹਾ।
੬ ਹੱਥ। ਪਿਆਰ ਦੇ ਹੱਥ ਤੇ ਗਿਆਨ ਦੀਆਂ ਅੱਖਾਂ।
੭ ਹੰਕਾਰ ਪੈਦਾ ਕਰ ਕੇ।
੮ ਜੀਵਾਂ ਵਿੱਚ ਲਾਲਚ ਪਾਇਆ।
੯ ਇਸਤਰੀ।
੧੦ ਬੇਲਾਗ ਰਹਿੰਦੇ ਹਨ।
੧੧ ਸੋਨੇ ਦੇ (ਸੁਮੇਰ) ਪਹਾੜ ਵਿੱਚ ਗੁਫ਼ਾ ਬਣਾਵਾਂ।
੧੨ ਜਾਂ। ਜਾਂ ਥੱਲੇ ਪਾਣੀ ਵਿੱਚ ਚਲਾ ਜਾਵਾਂ।
੧੩ ਪੁੱਠਾ ਲਟਕ ਕੇ।
੧੪ ਪੂਰਣ ਕਰ ਕੇ। ਸਰੀਰ ਤੇ ਭਰ ਕੇ ਕਪੜੇ ਪਾਵਾਂ (ਕਾਪੜੀਆਂ ਵਾਂਗ), ਤਾਂ ਜੋ ਕੋਈ ਅੰਗ ਸਰੀਰ ਦਾ ਨੰਗਾ ਨਾ ਰਹਿ ਜਾਵੇ।
੧੫ ਕਾਰਿ=ਕਾਰ ਦੇ ਤੌਰ 'ਤੇ; ਭਾਵ ਕਪੜੇ ਧੋ ਧੋ ਕੇ ਪਾਣਾ ਆਪਣਾ ਕੰਮ ਹੀ ਬਣਾ ਲਵਾਂ।
੧੬ ਗੰਦਾ (ਜੈਨੀਆਂ ਵਾਂਗ)।
੧੭ ਮੈਲਾ ਰਹਿਣ ਵਾਲਾ।
੧੮ ਇਹ ਸਭ ਦੁਰਮਤਿ (ਮੂਰਖਤਾ) ਅਤੇ ਭੈੜਾ-ਪਨ ਹੈ।
੧੯ ਕਪੜੇ ਧੋ ਕੇ ਸਰੀਰ ਧੋਂਦਾ ਹੈ।
੨੦ ਸੰਜਮੀ, ਸੁਚਮ ਕਰਨ ਵਾਲਾ।
੨੧ ਮੌਤ ਦੇ ਜਾਲ ਵਿੱਚ।
੨੨ ਪਾਂਦਾ ਹੈ।
੨੩ ਸਰੀਰ ਦਾ ਜੀਵ ਨਾਲ ਸੰਜੋਗ ਕਰਕੇ ਜੋੜ ਜੋੜਿਆ। ਜਿਸ ਨੇ ਪੈਦਾ ਕੀਤਾ ਉਸੇ ਨੇ ਮੁੜ ਇਨ੍ਹਾਂ ਨੂੰ ਵਿਛੋੜ ਦਿੱਤਾ।
੨੪ ਖੁਸ਼ੀ ਤੋਂ।
੨੫ ਨਿਬੇੜਾ, ਫ਼ੈਸਲਾ।

* ਅੱਖ ਕੰਨ ਆਦਿਕ ਦੇ ਰਾਹੀਂ ਮਨ ਵਿਕਾਰਾਂ ਨੂੰ ਦੌੜਦਾ ਹੈ। ਇਨ੍ਹਾਂ ਤੋਂ ਬਿਨਾਂ ਹੋ ਜਾਣ ਤੋਂ ਭਾਵ ਵਿਕਾਰ ਬਿਰਤੀ ਨੂੰ ਛੱਡਣਾ ਹੈ। 'ਭੈ ਕੇ ਚਰਣ ਕਰ ਭਾਵ ਕੇ... ...' ਇਹ ਅਵਸਥਾ ਪੈਦਾ ਕਰਨੀ ਹੈ।

† ਉਹ ਵਾਹਿਗੁਰੂ ਦਿਸ ਆਉਂਦਾ ਹੈ, ਸੁਣਿਆ ਜਾਂਦਾ ਹੈ ਅਤੇ ਜਾਣਿਆ ਜਾਂਦਾ ਹੈ, ਪਰ ਇਸ ਜੀਵ ਨੂੰ ਫਿਰ ਵੀ ਉਸ ਦਾ ਸੁਆਦ ਨਹੀਂ ਆਉਂਦਾ। ਕਾਰਨ ਇਹ ਹੈ ਕਿ ਜੀਵ ਪੈਰਾਂ ਤੋਂ ਲੂਲ੍ਹਾ, ਹੱਥਾਂ ਤੋਂ ਟੁੰਡਾ ਤੇ ਅੱਖਾਂ ਤੋਂ ਅੰਨ੍ਹਾ ਹੈ; ਫਿਰ ਕਿਸ ਤਰ੍ਹਾਂ ਵਾਹਿਗੁਰੂ ਪਿਆਰੇ ਦੇ ਗਲੇ ਧਾ ਕੇ ਜਾ ਲੱਗੇ? ਹਾਂ; ਜੇ ਵਾਹਿਗੁਰੂ ਦੇ ਡਰ ਦੇ ਪੈਰ, ਉਸ ਦੇ ਪਿਆਰ ਦੇ ਹੱਥ ਅਤੇ ਸੁਰਤ ਦੀਆਂ ਅੱਖਾਂ ਬਣਾਵੇ, ਤਾਂ ਗੁਰੂ ਜੀ ਕਹਿੰਦੇ ਹਨ, ਹੇ ਸਿਆਣੀਏ! ਏਹ ਜੀਵ ਆਪਣੇ ਮਾਲਕ ਨੂੰ ਮਿਲ ਸਕਦਾ ਹੈ।

‡ ਚਿੱਟਾ, ਲਾਲ, ਪੀਲਾ ਅਤੇ ਕਾਲਾ-ਇਨ੍ਹਾਂ ਰੰਗਾਂ ਵਾਲੇ ਵੇਦਾਂ ਨੂੰ ਉੱਚਾ ਕੂਕ ਕੇ ਪੜ੍ਹਾਂ। ਗਾਇਤ੍ਰੀ ਤੰਤਰ ਦੇ ਪੰਜਵੇਂ ਪਟਲ ਵਿੱਚ ਵੇਦਾਂ ਦੇ ਰੰਗ ਦਿਤੇ ਹਨ: ਹੀਰੇ ਜਿਹਾ ਸ਼ਾਮ, ਪੀਲਾ ਰਿਗ, ਲਾਲ ਯਜੁਰ ਅਤੇ ਸੁਰਮਈ ਅਥਰਵ। ਕਾਤਯਾਇਨ ਰਿਖੀ ਕ੍ਰਿਤ "ਚਰਣਵਿਹੂ" ਵਿੱਚ ਵੀ ਇਹੋ ਰੰਗ ਦਿੱਤੇ ਹਨ। ਭਾਈ ਗੁਰਦਾਸ ਜੀ ਭੀ ਇਨ੍ਹਾਂ ਰੰਗਾਂ ਵੱਲ ਇਸ਼ਾਰਾ ਕਰਦੇ ਹਨ: "ਰਿਗਿ ਨੀਲੰਬਰਿ, ਜੁਜਰ ਪੀਤ, ਸ੍ਵੇਤੰਬਰਿ ਕਰਿ ਸਿਆਮ ਸੁਧਾਰਾ'॥ (ਵਾਰ੧/੬)।

॥ ੪ ॥ ਸਲੋਕੁ ਮਃ ੧ ॥ ਕੂੜੁ ਬੋਲਿ ਮੁਰਦਾਰੁ[੧] ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ [੨]ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ ੧ ॥ ਮਹਲਾ ੪ ॥ ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ[੩] ॥ ਓਹੁ ਹਰਿ ਮਾਰਗਿ[੪] ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥ *ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ[੫] ਮਲੁ ਲਾਏ ॥ ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥ ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥ ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥ ੨ ॥ ਪਉੜੀ ॥ ਇਕਿ ਕੰਦ[੬] ਮੂਲੁ[੭] ਚੁਣਿ ਖਾਹਿ [੮]ਵਣ ਖੰਡਿ ਵਾਸਾ ॥ ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥ ਅੰਦਰਿ ਤ੍ਰਿਸਨਾ[੯] ਬਹੁਤੁ ਛਾਦਨ[੧੦] ਭੋਜਨ ਕੀ ਆਸਾ ॥ ਬਿਰਥਾ ਜਨਮੁ ਗਵਾਇ ਨ ਗਿਰਹੀ[੧੧] ਨ ਉਦਾਸਾ ॥ ਜਮ ਕਾਲੁ ਸਿਰਹੁ ਨ ਉਤਰੈ [੧੨]ਤ੍ਰਿਬਿਧਿ ਮਨਸਾ ॥ ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥ ਸਚਾ ਸਬਦੁ ਸਚੁ ਮਨਿ [੧੩]ਘਰ ਹੀ ਮਾਹਿ ਉਦਾਸਾ ॥ ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥ ੫ ॥ ਸਲੋਕੁ ਮਃ ੧ ॥ †ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਨਾਨਕ ਨਾਉ ਖੁਦਾਇ ਕਾ [੧੪]ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ[੧੫] ਦੁਨੀ ਕੇ ਝੂਠੇ ਅਮਲ ਕਰੇਹੁ ॥ ੧ ॥ ਮਃ ੧ ॥ ਜਾ ਹਉ ਨਾਹੀ ਤਾ ਕਿਆ ਆਖਾ ਕਿਹੁ[੧੬] ਨਾਹੀ ਕਿਆ ਹੋਵਾ ॥ [੧੭]ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥ ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ[੧੮] [੨]ਮੁਹਾਏ ਸਾਥੈ ॥ ਅਗੈ ਗਇਆ [੧੯]ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥ ੨ ॥ ਪਉੜੀ ॥ ਮਾਹਾ ਰੁਤੀ ਸਭ ਤੂੰ ਘੜੀ ਮੂਰਤ[੨੦] ਵੀਚਾਰਾ ॥ ਤੂੰ ਗਣਤੈ[੨੧] ਕਿਨੈ ਨ ਪਾਇਓ ਸਚੇ ਅਲਖ[੨੨] ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥ ੬ ॥ ਸਲੋਕੁ ਮਃ ੧ ॥ ਮਿਹਰ ਮਸੀਤਿ ਸਿਦਕੁ ਮੁਸਲਾ[੨੩] ਹਕੁ ਹਲਾਲੁ ਕੁਰਾਣੁ ॥ ਸਰਮ[੨੪] ਸੁੰਨਤਿ ਸੀਲੁ[੨੫] ਰੋਜਾ [੨੬]ਹੋਹੁ ਮੁਸਲਮਾਣੁ ॥ ਕਰਣੀ ਕਾਬਾ[੨੭] ਸਚੁ ਪੀਰੁ ਕਲਮਾ ਕਰਮ ਨਿਵਾਜ[੨੮] ॥ ਤਸਬੀ[੨੯] ਸਾ ਤਿਸੁ

੧ ਹਰਾਮ।
੨ ਠਗਾਉਂਦਾ ਹੈ ਸਾਥ ਨੂੰ।
੩ ਬੋਲਦਾ ਹੈ।
੪ ਰਸਤੇ ਉੱਤੇ।
੫ ਸਗੋਂ ਹੋਰ ਵੀ।
੬ ਗਾਜਰ ਆਦਿਕ ਜ਼ਮੀਨ ਵਿੱਚੋਂ ਨਿਕਲੀ ਬੂਟੀ।
੭ ਸਬਜ਼ੀ ਦੀ ਜੜ੍ਹ।
੮ ਜੰਗਲਾਂ ਵਾਲੀ ਜ਼ਮੀਨ ਵਿੱਚ।
੯ ਲਾਲਚ।
੧੦ ਕਪੜੇ।
੧੧ ਗ੍ਰਿਹਸਤੀ।
੧੨ ਤ੍ਰਿਗੁਣੀ ਵਾਸ਼ਨਾ ਹੋਣ ਕਰਕੇ, ਮਾਇਕ ਪਦਾਰਥਾਂ ਦੀ ਲਾਲਸਾ ਹੋਣ ਕਰਕੇ।
੧੩ ਗ੍ਰਿਹਸਤ ਵਿੱਚ ਉਦਾਸ ਕਮਾ ਰਹੇ ਹਨ।
੧੪ ਪਵਿੱਤਰ ਹਿਰਦੇ ਨਾਲ ਮੂੰਹੋਂ ਲਵੋ।
੧੫ [ਅਰਬੀ ਦੀਬਾਜਾ, ਫ਼ਾਰਸੀ ਦੀਬਾਜਾ ਜੋ ਬਹੁਤ ਟੀਪ-ਟਾਪ ਕਰਕੇ ਲਿਖਿਆ ਹੁੰਦਾ ਸੀ] ਦਿਖਾਵੇ ਸੰਸਾਰ ਦੇ।
੧੬ ਕੁਝ। ਮੈਂ ਕੁਝ ਨਹੀਂ ਹਾਂ, ਤੇ ਹੋ ਵੀ ਕੀ ਸਕਦਾ ਹਾਂ।
੧੭ ਕਰਾਇਆ ਹੋਇਆ ਤੇਰਾ ਕਰਦਾ ਹਾਂ, ਆਖਿਆ ਆਖਦਾ ਹਾਂ, ਪਾਪਾਂ ਦਾ ਭਰਿਆ ਹੋਇਆ ਮੁੜ-ਮੁੜ ਭਰ-ਭਰ ਕੇ ਧੋਂਦਾ ਹਾਂ।
੧੮ ਸਾਰੇ।
੧੯ ਮੂੰਹ-ਮੂੰਹ ਪੈਂਦੀਆਂ ਹਨ (ਚਪੇੜਾਂ)।
੨੦ ਮਹੂਰਤ, ਦੋ ਘੜੀਆਂ। ਹਰ ਵੇਲੇ ਤੇਰਾ ਵਿਚਾਰ ਕੀਤਾ ਹੈ।
੨੧ ਗਿਣਤੀਆਂ ਨਾਲ।
੨੨ ਜਿਸ ਦੀ ਸਮਝ ਨਾ ਆ ਸਕੇ।
੨੩ ਸਫ਼ ਜੋ ਨਮਾਜ਼ ਪੜ੍ਹਨ ਲਈ ਹੇਠ ਵਿਛਾਂਦੇ ਹਨ। ਤਰਸ ਦੀ ਮਸੀਤ, ਨਿਸਚੇ ਦਾ ਮੁਸੱਲਾ, ਤੇ ਨੇਕੀ ਦੀ ਕਮਾਈ ਕੁਰਾਣ ਬਣਾ।
੨੪ ਲੱਜਾ।
੨੫ ਚੰਗਾ ਸੁਭਾਉ।
੨੬ ਇਹ ਗੱਲਾਂ ਕਰੇਂ ਤਾਂ ਮੁਸਲਮਾਣ ਹੋ ਸਕਦਾ ਹੈਂ।
੨੭ ਮੱਕੇ ਅੰਦਰ ਮੁਸਲਮਾਨਾਂ ਦਾ ਮੁਖੀ ਮੰਦਰ।
੨੮ ਨਮਾਜ਼। ਬਖਸ਼ਿਸ਼ ਦੇ ਕੰਮਾਂ ਨੂੰ ਕਲਮਾ ਤੇ ਨਮਾਜ਼ ਬਣਾਵੇ।
੨੯ ਮਾਲਾ। ਜੋ ਉਸ ਨੂੰ ਚੰਗਾ ਲੱਗੇ ਇਹ ਮਾਲਾ ਬਣਾਏ; ਭਾਵ ਉਸ ਦੀ ਰਜ਼ਾ ਵਿੱਚ ਰਹੇ। ਇਸ ਤਰ੍ਹਾਂ ਉਹ ਲਾਜ ਰੱਖਦਾ ਹੈ।

* ਇਥੇ ਅਸਲੀ ਮੰਨਣ ਜੋਗ ਆਗੂ ਤੇ ਨਕਲੀ ਆਗੂ ਦਾ ਨਿਰਣਾ ਕਰ ਕੇ ਦੱਸਿਆ ਹੈ। ਕਈ ਦੰਭੀ ਆਪਣੇ ਆਪ ਨੂੰ ਗੁਰੂ ਬਣਾ ਕੇ ਲੋਕਾਂ ਕੋਲੋਂ ਮਾਨ ਪ੍ਰਤਿਸ਼ਟਾ ਲੈਣ ਦੇ ਆਹਰ ਲੱਗੇ ਰਹਿੰਦੇ ਹਨ। ਓਹ ਛੱਪੜ ਵਾਂਗ ਹਨ। ਜੇ ਤੀਰਥਾਂ ਵਾਕੁਰ ਖੁਲ੍ਹਾ ਪਾਣੀ ਹੋਵੇ ਤਾਂ ਆਦਮੀ ਉਸ ਵਿੱਚ ਨਹਾਉਣ ਨਾਲ ਆਪਣੀ ਮੈਲ ਲਾਹ ਲੈਂਦਾ ਹੈ, ਪਰ ਜੇਕਰ ਕਿਸੇ ਗੰਦੇ ਡੂੰਮ ਵਿੱਚ ਨਹਾਈਏ, ਤਾਂ ਮੈਲ ਲਹਿਣ ਦੀ ਥਾਂ ਸਗੋਂ ਹੋਰ ਵਧ ਜਾਂਦੀ ਹੈ। ਇਸੇ ਤਰ੍ਹਾਂ ਜੇ ਗੁਰੂ ਜਿਹੀ ਮਹਾਨਤਾ ਵਾਲੀ ਪਵਿੱਤਰ ਹਸਤੀ ਨੂੰ ਮੰਨੀਏ ਤਦ ਤਾਂ ਸਾਫ਼ ਸੁਥਰੇ ਹੋ ਕੇ ਜੀਵਨ ਸਫਲਾ ਕਰ ਲਈਦਾ ਹੈ, ਪਰ ਜੇ ਕਿਸੇ ਥੋੜ-ਦਿਲੇ ਮਾਮੂਲੀ ਜਿਹੇ ਮਨੁੱਖ ਨੂੰ ਗੁਰੂ ਬਣਾ ਕੇ ਆਪਣੀ ਜ਼ਿੰਦਗੀ ਹਵਾਲੇ ਕਰ ਦੇਈਏ, ਤਾਂ ਉਹ ਜ਼ਿੰਦਗੀ ਅੱਗੇ ਨਾਲੋਂ ਭੀ ਖ਼ਰਾਬ ਹੋ ਜਾਂਦੀ ਹੈ।

† ਮੁਸਲਮਾਣਾਂ ਬਾਬਤ ਕਿਹਾ ਹੈ ਕਿ ਜੇ ਕੱਪੜੇ ਨਾਲ ਲਹੂ ਲੱਗ ਜਾਏ ਤਾਂ ਕਹਿੰਦੇ ਹਨ ਕਿ ਕੱਪੜਾ ਅਪਵਿੱਤਰ ਹੋ ਗਿਆ ਹੈ, ਨਮਾਜ਼ ਪੜ੍ਹਨ ਜੋਗਾ ਨਹੀਂ ਰਿਹਾ; ਪਰ ਜਿਹੜੇ ਮਨੁੱਖਾਂ ਦਾ ਲਹੂ ਪੀਂਦੇ ਹਨ, ਭਾਵ ਜ਼ੁਲਮ ਕਰਦੇ ਹਨ, ਉਨ੍ਹਾਂ ਦਾ ਦਿਲ ਕਿਵੇਂ ਪਵਿੱਤਰ ਹੋ ਸਕਦਾ ਹੈ?

ਭਾਵਸੀ ਨਾਨਕ ਰਖੈ ਲਾਜ ॥ ੧ ॥ ਮਃ ੧ ॥ ਹਕੁ ਪਰਾਇਆ ਨਾਨਕਾ ਉਸੁ[੧] ਸੂਅਰ ਉਸੁ[੨] ਗਾਇ ॥ ਗੁਰੁ ਪੀਰੁ [੩]ਹਾਮਾ ਤਾ ਭਰੇ ਜਾ ਮੁਰਦਾਰੁ[੪] ਨ ਖਾਇ ॥ ਗਲੀ ਭਿਸਤਿ[੫] ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ[੬] ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥ ੨ ॥ ਮਃ ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ [*]ਪੰਜੇ ਨਾਉ ॥ ਪਹਿਲਾ ਸਚੁ ਹਲਾਲ[੭] ਦੁਇ ਤੀਜਾ [੮]ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ[੯] ॥ [੧੦]ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ[੧੧] ॥ ੩ ॥ ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ[੧੨] ਪਾਈਅਨਿ ਅੰਦਰਿ ਰਤਨ ਭੰਡਾਰਾ ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ[੧੩] ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥ ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ[੧੪] ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥ ੭ ॥ ਸਲੋਕੁ ਮਃ ੧ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ[੧੫] ਅਉਲਿ[੧੬] ਦੀਨੁ ਕਰਿ ਮਿਠਾ ਮਸਕਲ[੧੭] ਮਾਨਾ[੧੮] ਮਾਲੁ ਮੁਸਾਵੈ[੧੯] ॥ ਹੋਇ ਮੁਸਲਿਮੁ ਦੀਨ ਮੁਹਾਣੈ[੨੦] ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ [੨੧]ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ ੧ ॥ ਮਹਲਾ ੪ ॥ ਪਰਹਰਿ[੨੨] ਕਾਮ ਕ੍ਰੋਧੁ ਝੂਠੁ ਨਿੰਦਾ ਤਜਿ[੨੨] ਮਾਇਆ ਅਹੰਕਾਰੁ ਚੁਕਾਵੈ ॥ ਤਜਿ ਕਾਮੁ ਕਾਮਿਨੀ[੨੩] ਮੋਹੁ ਤਜੈ ਤਾ [੨੪]ਅੰਜਨ ਮਾਹਿ ਨਿਰੰਜਨੁ ਪਾਵੈ ॥ ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ[੨੫] ਤਜਿ ਪਿਆਸ ਆਸ ਰਾਮ ਲਿਵ ਲਾਵੈ ॥ ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥ ੨ ॥ ਪਉੜੀ ॥ ਰਾਜੇ ਰਯਤਿ ਸਿਕਦਾਰ[੨੬] ਕੋਇ ਨ ਰਹਸੀਓ ॥ ਹਟ ਪਟਣ[੨੭] ਬਾਜਾਰ ਹੁਕਮੀ ਢਹਸੀਓ ॥ ਪਕੇ ਬੰਕ[੨੮] ਦੁਆਰ ਮੂਰਖੁ ਜਾਣੈ ਆਪਣੇ ॥ ਦਰਬਿ[੨੯] ਭਰੇ ਭੰਡਾਰ ਰੀਤੇ[੩੦] ਇਕਿ ਖਣੇ[੩੧] ॥ ਤਾਜੀ[੩੨] ਰਥ ਤੁਖਾਰ[੩੩] ਹਾਥੀ ਪਾਖਰੇ[੩੪] ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥ ਤੰਬੂ ਪਲੰਘ ਨਿਵਾਰ ਸਰਾਇਚੇ[੩੫] ਲਾਲਤੀ[੩੬] ॥ ਨਾਨਕ ਸਚ ਦਾਤਾਰੁ [੩੭]ਸਿਨਾਖਤੁ ਕੁਦਰਤੀ ॥ ੮ ॥ ਸਲੋਕੁ ਮਃ ੧ ॥ ਨਦੀਆ ਹੋਵਹਿ ਧੇਣਵਾ[੩੮] ਸੁੰਮ[੩੯] ਹੋਵਹਿ ਦੁਧੁ ਘੀਉ ॥ ਸਗਲੀ[੪੦]

੧ ਮੁਸਲਮਾਣ ਲਈ।
੨ ਹਿੰਦੂ ਲਈ।
੩ ਸਫ਼ਾਰਸ਼ ਤਦ ਕਰਦਾ ਹੈ।
੪ ਬੇਈਮਾਨੀ ਦੀ ਕਮਾਈ; ਭਾਵ ਹਰਾਮ ਨਾ ਖਾਵੇ।
੫ ਬਹਿਸ਼ਤ, ਸੁਵਰਗ। ਨਿਰੀਆਂ ਗੱਲਾਂ ਨਾਲ ਬਹਿਸ਼ਤ ਨਹੀਂ ਜਾਈਦਾ; ਮੁਕਤੀ ਸੱਚ ਨੂੰ ਅਮਲੀ ਤੌਰ 'ਤੇ ਕਮਾਉਣ ਨਾਲ ਮਿਲਦੀ ਹੈ।
੬ ਮਸਾਲੇ। ਹਰਾਮ ਦੇ ਮਾਸ ਵਿੱਚ ਮਸਾਲੇ ਪਾਣ ਨਾਲ ਹਲਾਲ ਨਹੀਂ ਹੋ ਜਾਂਦਾ। ਚਤਰਾਈ ਦੀਆਂ ਗੱਲਾਂ ਮਸਾਲੇ ਹਨ।
੭ ਧਰਮ ਦੀ ਕਿਰਤ।
੮ ਭਲਾ ਮੰਗਣਾ (ਸਭ ਦਾ) ਖ਼ੁਦਾ ਕੋਲੋਂ।
੯ [ਅ.ਸਨਾ] ਵਡਿਆਈ (ਹਰੀ ਦੀ)।
੧੦ ਚੰਗੀ ਕਰਨੀ ਦਾ ਕਲਮਾ ਪੜ੍ਹ। ਮੁਸਲਮਾਣ ਆਪਣੇ ਮੂਲ-ਮੰਤਰ (ਬਿਸਮਿੱਲਾ ਆਦਿ) ਨੂੰ 'ਕਲਮਾ' ਆਖਦੇ ਹਨ।
੧੧ ਪਾਇਆਂ, ਕਦਰ, ਸ਼ਕਤੀ।
੧੨ ਮਿਹਰਬਾਨ ਹੋਣ ਨਾਲ।
੧੩ ਦੇਖੋ ਪੰਨਾ ੧੧, ਨੋਟ ੨੧। ਮਨਮੁਖ ਦ੍ਵੈਤ ਭਾਵ ਵਿੱਚ ਸੜ ਕੇ ਤਬਾਹ ਹੋ ਗਏ।
੧੪ ਤਜਾਰਤ ਦੇ ਭੰਡਾਰ; ਖ਼ਜ਼ਾਨੇ।
੧੫ ਪਹਿਲਾਂ।
੧੬ ਅਉਲੀਆ, ਸੰਤ ਫ਼ਕੀਰਾਂ ਦਾ ਦੀਨ (ਮਜ਼ਹਬ) ਮਿੱਠਾ ਕਰਕੇ ਮੰਨ।
੧੭ [ਅਰਬੀ 'ਮਿਸਕਲਾ'] ਜ਼ੰਗਾਲ ਲਾਹ ਦੇਣ ਵਾਲਾ ਹਥਿਆਰ।
੧੮ ਵਾਂਗ।
੧੯ ਲੁਟਾ ਦੇਵੇ। ਮਸਕਲੇ ਵਾਂਗ ਆਪਣਾ ਮਾਲ ਲੁਟਾ ਦੇਵੇ; ਭਾਵ ਵਿਕਾਰ ਰੂਪ ਧਨ ਇਉਂ ਖ਼ੁਰਚ ਕੇ ਲਾਹ ਸੁਟੇ, ਜਿਵੇਂ ਮਸਕਲਾ ਜ਼ੰਗ ਲਾਹ ਦਿੰਦਾ ਹੈ।
੨੦ ਆਗੂ ਦਾ। ਮਜ਼ਹਬ ਦੇ ਮੁਖੀਏ ਦਾ ਮੰਨਣ ਵਾਲਾ ਹੋ ਕੇ।
੨੧ ਦਇਆ ਕਰੇ।
੨੨ ਛੱਡ ਕੇ।
੨੩ ਇਸਤਰੀ ਦਾ।
੨੪ ਇਸ ਕਾਲਖ ਰੂਪ ਸੰਸਾਰ ਵਿੱਚ ਹੀ ਮੈਲ-ਰਹਿਤ ਵਾਹਿਗੁਰੂ ਮਿਲ ਜਾਵੇ।
੨੫ ਇਸਤਰੀ।
੨੬ ਸਰਦਾਰ।
੨੭ ਸ਼ਹਿਰ।
੨੮ ਸੁੰਦਰ।
੨੯ ਪਦਾਰਥ ਨਾਲ।
੩੦ ਖਾਲੀ ਹੋ ਜਾਂਦੇ ਹਨ।
੩੧ ਖਿਨ ਵਿੱਚ।
੩੨ ਅਰਬੀ ਨਸਲ ਦੇ ਘੋੜੇ।
੩੩ ਊਠ।
੩੪ ਹਾਥੀ ਘੋੜੇ ਦੇ ਸਰੀਰ ਨੂੰ ਸੱਟਾਂ ਤੋਂ ਬਚਾਣ ਲਈ ਲੋਹੇ ਦਾ ਝੁੱਲ।
੩੫ ਕਨਾਤਾਂ।
੩੬ ਅਤਲਸ, ਕੀਮਖ਼ਾਬ।
੩੭ [ਫ਼ਾਰਸੀ 'ਸ਼ਨਾਖ਼ਤ'] ਪਛਾਣੀਦਾ ਹੈ ਕੁਦਰਤ ਦੁਆਰਾ।
੩੮ ਗਊਆਂ।
੩੯ ਸੋਮੇਂ ਪਹਾੜਾਂ ਦੇ।
੪੦ ਸਾਰੀ।

* ਤੁਸਾਂ ਨਮਾਜ਼ ਦੇ ਪੰਜ ਨਾਂ ਰਖੇ ਹਨ (ਭਾਵ, ਨਮਾਜ਼ੇ ਸੁਬਹ, ਨਮਾਜ਼ੇ ਪੇਸ਼ੀਨ, ਨਮਾਜ਼ੇ ਦੀਗਰ, ਨਮਾਜ਼ੇ ਸ਼ਾਮ, ਨਮਾਜ਼ੇ ਖ਼ੁਫ਼ਤਨ) ਅਸੀਂ ਭੀ ਤੁਹਾਨੂੰ ਪੰਜੇ ਨਾਂ ਦੱਸਦੇ ਹਾਂ; ਸੱਚ ਦੀ, ਹਲਾਲ ਦੀ, ਖ਼ੈਰ ਦੀ, ਨੀਅਤ ਰਾਸ ਦੀ ਅਤੇ ਸਿਫ਼ਤ ਸਨਾ ਦੀ।

ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥ ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥ ਭੀ ਤੂੰਹੈ ਸਾਲਾਹਣਾ [੧]ਆਖਣ ਲਹੈ ਨ ਚਾਉ ॥ ੧ ॥ ਮਃ ੧ ॥ [੨]ਭਾਰ ਅਠਾਰਹ ਮੇਵਾ ਹੋਵੈ ਗਰੁੜਾ[੩] ਹੋਇ ਸੁਆਉ[੪] ॥ ਚੰਦੂ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥ ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੨ ॥ ਮਃ ੧ ॥ ਜੇ ਦੇਹੈ[੫] ਦੁਖੁ ਲਾਈਐ *ਪਾਪ ਗਰਹ ਦੁਇ ਰਾਹੁ ॥ ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ[੬] ॥ ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੩ ॥ ਮਃ ੧ ॥ ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥ ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ[੭] ॥ ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੪ ॥ ਪਵੜੀ ॥ ਬਦਫੈਲੀ[੮] ਗੈਬਾਨਾ[੯] ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥ ਕਲਹਿ[੧੦] ਬੁਰੀ ਸੰਸਾਰਿ ਵਾਦੇ[੧੧] ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ[੧੨] ॥ [੧੩]ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ[੧੪] ॥ [੧੫]ਕੁਫਰ ਗੋਅ ਕੁਫਰਾਣੈ ਪਇਆ ਦਝਸੀ[੧੬] ॥ [੧੭]ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ [੧੮]ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥ ੯ ॥ ਮਃ ੧ ਸਲੋਕੁ ॥ ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ [੧੯]ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ [੨੦]ਨਚੈ ਨੰਗੁ ॥ ਨਾਨਕ ਠਗਿਆ [੨੧]ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥ ੧ ॥ ਮਃ ੧ ॥ ਕਿਆ ਖਾਧੈ ਕਿਆ ਪੈਧੈ[੨੨] ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥ ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥ ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥ ਕਿਆ ਲਸਕਰ ਕਿਆ ਨੇਬ[੨੩] ਖਵਾਸੀ[੨੪] ਆਵੈ ਮਹਲੀ ਵਾਸੁ ॥ ਨਾਨਕ ਸਚੇ ਨਾਮ ਵਿਣੁ ਸਭੇ ਟੋਲ[੨੫] ਵਿਣਾਸੁ ॥ ੨ ॥ ਪਵੜੀ ॥ †ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ ਮਹੁਰਾ ਹੋਵੈ ਹਥਿ ਮਰੀਐ ਚਖੀਐ ॥ ਸਚੇ ਕੀ ਸਿਰਕਾਰ[੨੬] ਜੁਗੁ ਜੁਗੁ ਜਾਣੀਐ ॥ [੨੭]ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥ ਫੁਰਮਾਨੀ ਹੈ ਕਾਰ ਖਸਮਿ ਪਠਾਇਆ[੨੮] ॥ ਤਬਲਬਾਜ[੨੯] ਬੀਚਾਰ ਸਬਦਿ ਸੁਣਾਇਆ ॥ ਇਕਿ ਹੋਏ ਅਸਵਾਰ ਇਕਨਾ ਸਾਖਤੀ[੩੦] ॥ ਇਕਨੀ ਬਧੇ ਭਾਰ ਇਕਨਾ ਤਾਖਤੀ[੩੧] ॥ ੧੦ ॥ ਸਲੋਕੁ ਮਃ ੧ ॥ ਜਾ ਪਕਾ ਤਾ ਕਟਿਆ ਰਹੀ ਸੁ ਪਲਰਿ[੩੨] ਵਾੜਿ ॥ ਸਣੁ[੩੩] ਕੀਸਾਰਾ[੩੪] ਚਿਥਿਆ ਕਣੁ[੩੫] ਲਇਆ ਤਨੁ ਝਾੜਿ ॥ ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ[੩੬] ॥ ਜੋ ਦਰਿ[੩੭] ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ ੧ ॥ ਮਃ ੧ ॥

੧ ਸਿਫਤ ਸਲਾਹ ਕਰਨ ਨਾਲ ਚਾਉ ਮੁੱਕਦਾ ਨਹੀਂ, ਸਗੋਂ ਵਧਦਾ ਹੈ।

੨ ਕੁਲ ਬਨਾਸਪਤੀ ਮੇਰੇ ਖਾਣ ਨੂੰ ਮੇਵਾ ਹੋ ਜਾਵੇ, ਜਿਸ ਦਾ ਸੁਆਦ ਮੂੰਹ ਵਿੱਚ ਘੁਲ ਜਾਣ ਵਾਲਾ, ਭਾਵ ਬਹੁਤ ਰਸੀਲਾ ਹੋਵੇ। ਪੁਰਾਣਾ ਖਿਆਲ ਹੈ ਕਿ ਹਰ ਇਕ ਬ੍ਰਿਛ ਬੂਟੇ ਦਾ ਇਕ ਇਕ ਪੱਤਰ ਲੈ ਕੇ ਸਾਰੇ ਨੂੰ ਤੋਲੀਏ ਤਾਂ ੧੮ ਭਾਰ ਵਜ਼ਨ ਹੋਵੇਗਾ। ਇਕ ਭਾਰ ਪੰਜ ਮਣ ਕੱਚੇ ਬਰਾਬਰ ਹੈ।

੩ [ਸਿੰਧੀ] ਨਰਮ-ਨਰਮ, ਮੂੰਹ ਵਿੱਚ ਪੰਘਰ ਜਾਣ ਵਾਲਾ।

੪ ਸੁਆਦ, ਰਸ।

੫ ਸਰੀਰ ਨੂੰ।

੬ ਦਸ਼ਾ, ਹਾਲਤ। ਇਸ ਤਰ੍ਹਾਂ ਦੀ ਹਾਲਤ ਹੋ ਜਾਵੇ।

੭ ਚਲੀਆਂ ਜਾਵਣ। ਦੇਖੋ ਨੇਮ ੨੭।

੮ ਬੁਰੇ ਕੰਮ ਕਰਨ ਵਾਲਾ, ਮੰਦ ਕਰਮੀ।

੯ [ਅਰਬੀ, ਛੁਪੀ ਹੋਈ ਸਰਿਸ਼ਟੀ ਵਿੱਚੋਂ] ਭੂਤਨਾ। "ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ' (ਤਿਲੰਗ ਮ: ੫, ੭੨੩)।

੧੦ ਬਿਖਾਧ, ਝਗੜਾ।

੧੧ ਝਗੜੇ ਵਿੱਚ।

੧੨ ਖਵਾਰ ਹੋਈਦਾ ਹੈ।

੧੩ ਹਿੰਦੂ ਤੇ ਮੁਸਲਮਾਣੀ ਮੱਤ ਨੂੰ ਜੋ ਇਕ ਕਰਕੇ ਜਾਣੇ ਓਹੀ ਜੀਵਣ ਸਫ਼ਲ ਕਰੇਗਾ।

੧੪ ਕਾਮਯਾਬ ਹੋਵੇਗਾ, ਜ਼ਿੰਦਗੀ ਦਾ ਮਨੋਰਥ ਸਿਧ ਕਰੇਗਾ।

੧੫ ਨਾਸਤਕਤਾਂ ਦੀਆਂ ਗੱਲਾਂ ਕਰਨ ਵਾਲਾ, ਮਸਲਨ ਇਹ ਕਿ ਹਿੰਦੂਆਂ ਵਿੱਚ ਰੱਬ ਨਹੀਂ ਮੁਸਲਮਾਣਾਂ ਵਿੱਚ ਹੀ ਹੈ, ਆਦਿ। ਇਹੋ ਜਿਹੀਆਂ ਗੱਲਾਂ ਕਰਨ ਵਾਲਾ ਨਾਸਤਕਾਂ ਦੀ ਥਾਂ (ਦੋਜ਼ਖ਼) ਵਿੱਚ ਪੈ ਕੇ ਸੜੇਗਾ।

੧੬ ਸੜੇਗਾ।

੧੭ ਸਾਰੇ ਜਗਤ ਦੇ ਲੋਕ (ਹਿੰਦੂ ਮੁਸਲਮਾਣ ਸਭ) ਮੁਬਾਰਕ ਹਨ ਜੋ ਸੱਚ ਵਿੱਚ ਲੱਗੇ ਹੋਏ ਹਨ।

੧੮ ਰੱਬ ਦੀ ਦਰਗਾਹ ਵਿੱਚ ਉਹ ਪ੍ਰਵਾਨ ਹੋਵੇਗਾ ਜੋ ਹੰਕਾਰ ਗੁਆਉਂਦਾ ਹੈ।

੧੯ ਰਾਜ ਵਿੱਚ ਤੇ ਮਾਲ ਵਿੱਚ ਜਿਸ ਦਾ ਰੰਗ (ਪਿਆਰ) ਹੈ।

੨੦ ਨਿਲੱਜ ਹੋ ਕੇ (ਬੇਸ਼ਰਮ ਹੋ ਕੇ) ਵਿਚਰਦਾ ਹੈ।

੨੧ ਲੁਟਿਆ ਜਾ ਰਿਹਾ ਹੈ।

੨੨ ਪਹਿਨਣ ਨਾਲ।

੨੩ ਨਾਇਬ।

੨੪ ਸ਼ਾਹੀ ਨੌਕਰ।

੨੫ ਸ਼ੋਭਾ ਦੇ ਸਮਿਆਨ (ਨਾਸ ਹੋ ਜਾਣਗੇ)।

੨੬ ਹਕੂਮਤ

੨੭ ਉਸ ਦੇ ਦਰਬਾਰ ਵਿੱਚ ਸਰਦਾਰ ਓਹੀ ਬਣਦਾ ਹੈ ਜੋ ਉਸ ਦਾ ਹੁਕਮ ਮੰਨੇ।

੨੮ ਭੇਜਿਆ। ਹੁਕਮ ਮੰਨਣਾ ਇਹ ਕਾਰ ਹੈ ਜੋ ਖਸਮ ਨੇ ਦੇ ਕੇ ਭੇਜਿਆ ਹੈ।

੨੯ ਨਗਾਰਚੀ (ਗੁਰੂ)। ਗੁਰੂ ਨੇ ਸ਼ਬਦ ਦਵਾਰਾ ਵਿਚਾਰ ਸੁਣਾਇਆ ਹੈ।

੩੦ ਦੁਮਚੀ। ਹੁਕਮ ਗੁਰੂ ਦਾ ਸੁਣ ਕੇ ਇਕ ਸਵਾਰ ਹੋ ਪਏ; ਇਕ ਦੁਮਚੀ ਆਦਿ ਕੱਸਣ ਲੱਗ ਪਏ; ਕਈਆਂ ਭਾਰ ਬੰਨ੍ਹ ਲਏ, ਕਈਆਂ ਨੇ ਘੋੜੇ ਦੁੜਾ ਭੀ ਲਏ।

੩੧ ਦੁੜਾਣਾ। ਅੱਡ-ਅੱਡ ਉਤਸ਼ਾਹ ਵਾਲਿਆਂ ਦੀ, ਤਿਆਰੀ ਬਿਆਨ ਕੀਤੀ ਹੈ।

੩੨ ਦਾਣੇ ਤੋਂ ਬਿਨਾਂ ਫੂਸ। ਨਿਰਾ ਭੋਹ ਅਤੇ ਵਾੜ ਰਹਿ ਗਈ।

੩੩ ਸਮੇਤ।

੩੪ ਸਿੱਟੇ ਨਾਲ ਜੋ ਤਿਖੇ ਕੰਡੇ ਹੁੰਦੇ ਹਨ।

੩੫ ਦਾਣੇ।

੩੬ ਬੈਠੇ ਹਨ।

੩੭ ਦਰ 'ਤੇ, ਭਾਵ ਕਿੱਲੀ ਨਾਲ। ਜੋ ਵਾਹਿਗੁਰੂ ਦੇ ਹੋ ਕੇ ਰਹਿੰਦੇ ਹਨ ਉਹੋ ਇਸ ਸੰਸਾਰ ਦੀਆਂ ਗੁੰਝਲਾਂ ਨੂੰ ਹੱਲ ਕਰਦੇ ਹਨ।

* ਰਾਹੂ ਤੇ ਕੇਤੂ, ਜੋ ਪਾਪਾਂ ਦੇ ਦੋ ਗ੍ਰਹ (ਤਾਰੇ) ਹਨ, ਸਰੀਰ ਨੂੰ ਲੱਗ ਜਾਣ। ਰਾਹੂ ਇਕ ਰਾਖਸ਼ ਸੀ ਜਿਸ ਦੀਆਂ ਚਾਰ ਬਾਹਾਂ ਤੇ ਇਕ ਮੱਛ ਦੀ ਪੂਛ ਜੇਹਾ ਧੜ ਸੀ। ਜਦ ਦੇਵਤਿਆਂ ਸਮੁੰਦਰ ਰਿੜਕ ਕੇ ੧੪ ਰਤਨ ਕੱਢੇ ਤਾਂ ਇਹ ਰੂਪ ਵਟਾ ਕੇ ਪੰਗਤ ਵਿੱਚ ਬੈਠਾ ਤੇ ਅੰਮ੍ਰਿਤ ਇਸ ਨੂੰ ਵੀ ਮਿਲਿਆ। ਸੂਰਜ ਅਤੇ ਚੰਦ੍ਰਮਾ ਨੇ ਪਛਾਣ ਲਿਆ ਤੇ ਵਿਸ਼ਨੂੰ ਨੂੰ ਦੱਸਿਆ, ਜਿਸ ਨੇ ਇਸ ਦਾ ਸਿਰ ਤੇ ਦੋ ਬਾਹਾਂ ਕੱਟ ਦਿੱਤੀਆਂ। ਪਰ ਕਿਉਂਕਿ ਇਹ ਅਮਰ ਹੋ ਚੁੱਕਾ ਸੀ ਇਸ ਲਈ ਇਸ ਦੇ ਦੋ ਸਰੀਰ ਬਣ ਗਏ- ਕੇਤੂ ਅਤੇ ਰਾਹੂ। ਕਹਿੰਦੇ ਹਨ ਚੰਦ੍ਰਮਾ ਤੇ ਸੂਰਜ ਨੂੰ ਆਪਣਾ ਪੁਰਾਣਾ ਵੈਰ ਲੈਣ ਲਈ ਰਾਹੂ ਕੇਤੂ ਆ ਘੇਰਦੇ ਹਨ ਅਤੇ ਗ੍ਰਹਣ ਲੱਗਦਾ ਹੈ। ਇਨ੍ਹਾਂ ਦਾ ਆਗਮਨ ਬੜਾ ਮਾੜਾ ਗਿਣਿਆ ਜਾਂਦਾ ਹੈ।

† ਉਪਰ ਵਡਿਆਈ ਦੇ ਅਭਿਮਾਨ ਦਾ ਜ਼ਿਕਰ ਕਰਦੇ ਆਏ ਹਨ। ਇਥੇ ਵੀ ਖ਼ਾਨਦਾਨ ਜਾਂ ਜਾਤ ਦੇ ਮਾਣ ਦੀ ਨਿਖੇਧੀ ਕਰਦੇ ਹਨ। ਜਾਤ ਵਿੱਚ ਕੁਝ ਨਹੀਂ ਪਿਆ ਹੋਇਆ। ਕੇਵਲ ਇਸ ਗੱਲ ਦੀ ਪੜਤਾਲ ਹੋਵੇਗੀ ਕਿ ਮਨੁੱਖ ਵਿੱਚ ਸੱਚ ਕਿਤਨਾ ਕੁ ਸੀ। (ਝੂਠ ਗਾਲ ਦੇਂਦਾ ਹੈ, ਭਾਵੇਂ ਝੂਠ ਕਮਾਉਣ ਵਾਲਾ ਕਿੰਨਾ ਵੱਡਾ ਹੋਵੇ) ਜਿਵੇਂ ਹੱਥ ਵਿੱਚ ਜ਼ਹਿਰ ਹੋਵੇ, ਤਾਂ ਉਸ ਦੇ ਖਾਣ ਨਾਲ ਆਦਮੀ ਮਰ ਜਾਂਦਾ ਹੈ, ਭਾਵੇਂ ਉਹ ਕਿਸੇ ਜਾਤ ਦਾ ਹੋਵੇ।

*ਵੇਖੁ ਜਿ ਮਿਠਾ[੧] ਕਟਿਆ ਕਟਿ ਕੁਟਿ [੨]ਬਧਾ ਪਾਇ ॥ ਖੁੰਢਾ[੩] ਅੰਦਰਿ ਰਖਿ ਕੈ ਦੇਨਿ ਸੁ ਮਲ[੪] ਸਜਾਇ ॥ [੫]ਰਸੁ ਕਸੁ ਟਟਰਿ[੬] ਪਾਈਐ ਤਪੈ ਤੈ ਵਿਲਲਾਇ[੭] ॥ [੮]ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥ ਨਾਨਕ [੯]ਮਿਠੈ ਪਤਰੀਐ ਵੇਖਹੁ ਲੋਕਾ ਆਇ ॥ ੨ ॥ ਪਵੜੀ ॥ ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥ ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ[੧੦] ॥ ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥ ਜਮਰਾਜੈ ਨਿਤ ਨਿਤ ਮਨਮੁਖ[੧੧] ਹੇਰਿਆ[੧੨] ॥ ਮਨਮੁਖ ਲੂਣ ਹਾਰਾਮ [੧੩]ਕਿਆ ਨ ਜਾਣਿਆ ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥ ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥ ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥ ੧੧ ॥ ਮਃ ੧ ਸਲੋਕੁ ॥ ਮਛੀ ਤਾਰੂ[੧੪] ਕਿਆ ਕਰੇ ਪੰਖੀ ਕਿਆ ਆਕਾਸੁ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ ਕੁਤੇ ਚੰਦਨੁ ਲਾਈਐ ਭੀ ਸੋ [੧੫]ਕੁਤੀ ਧਾਤੁ ॥ ਬੋਲਾ ਜੇ ਸਮਝਾਈਐ [੧੬]ਪੜੀਅਹਿ ਸਿੰਮ੍ਰਿਤਿ ਪਾਠ ॥ ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ ਚਉਣੇ[੧੭] ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ ਲੋਹਾ [੧੮]ਮਾਰਣਿ ਪਾਈਐ [੧੯]ਢਹੈ ਨ ਹੋਇ ਕਪਾਸ ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ[੨੦] ॥ ੧ ॥ ਮਃ ੧ ॥ ਕੈਹਾ ਕੰਚਨੁ ਤੁਟੈ ਸਾਰੁ[੨੧] ॥ ਅਗਨੀ ਗੰਢੁ ਪਾਏ ਲੋਹਾਰੁ ॥ [੨੨]ਗੋਰੀ ਸੇਤੀ ਤੁਟੈ ਭਤਾਰੁ ॥ [੨੩]ਪੁਤੀਂ ਗੰਢੁ ਪਵੈ ਸੰਸਾਰਿ ॥ [੨੪]ਰਾਜਾ ਮੰਗੈ ਦਿਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ ਜਾ ਖਾਇ ॥ ਕਾਲਾ[੨੫] ਗੰਢੁ ਨਦੀਆ [੨੬]ਮੀਹ ਝੋਲ ॥ [੨੭]ਗੰਢੁ ਪਰੀਤੀ ਮਿਠੇ ਬੋਲ ॥ ਬੇਦਾ[੨੮] ਗੰਢੁ ਬੋਲੇ ਸਚੁ ਕੋਇ ॥ [੨੯]ਮੁਇਆ ਗੰਢੁ ਨੇਕੀ ਸਤੁ ਹੋਇ ॥ ਏਤੁ ਗੰਢਿ ਵਰਤੈ ਸੰਸਾਰੁ ॥ [੩੦]ਮੂਰਖ ਗੰਢੁ ਪਵੈ ਮੁਹਿ ਮਾਰ ॥ ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ[੩੧] ॥ ੨ ॥ ਪਉੜੀ ॥ ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ[੩੨] ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥ ੧੨ ॥ ਸਲੋਕੁ ਮਃ ੧ ॥ [੩੩]ਹਮ ਜੇਰ[੩੪] ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥ [੩੫]ਮੇ ਰਵਦਿ ਬਾਦਿਸਾਹਾ ਅਫਜੂੰ ਖੁਦਾਇ ॥ ਏਕ ਤੂਹੀ ਏਕ ਤੁਹੀ ॥ ੧ ॥ ਮਃ ੧ ॥ [੩੬]ਨ ਦੇਵ ਦਾਨਵਾ ਨਰਾ ॥ ਨ ਸਿਧ ਸਾਧਿਕਾ ਧਰਾ[੩੭] ॥ ਅਸਤਿ[੩੮]

੧ ਭਾਵ ਕਮਾਦ।
੨ ਪੈਰਾਂ ਤੋਂ ਬੰਨ੍ਹ ਦਿੱਤਾ।
੩ ਵੇਲਣੇ ਦੀਆਂ ਲੱਠਾਂ।
੪ ਪਹਿਲਵਾਨ, ਤਕੜੇ ਆਦਮੀ। ਉਸ ਨੂੰ ਤਕੜੇ ਆਦਮੀ ਸਜ਼ਾ ਦਿੰਦੇ ਹਨ, ਭਾਵ ਪੀੜਦੇ ਹਨ।
੫ ਕਸ਼ੀਦਹ ਰਸ, ਗੰਨੇ ਨੂੰ ਪੀੜ ਕੇ ਕੱਢਿਆ ਰਸ (ਰਹੁ)।
੬ ਕੜਾਹੇ ਵਿੱਚ।
੭ ਰੋਂਦਾ ਹੈ। ਸ਼ੂ-ਸ਼ੂ ਦੀ ਅਵਾਜ਼ ਨੂੰ ਰੋਣ ਕਿਹਾ ਹੈ।
੮ ਫੋਕ ਨੂੰ ਵੀ 'ਕੱਠਾ ਕਰ ਕੇ ਅੱਗ ਵਿੱਚ ਸਾੜ ਦਿੰਦੇ ਹਨ।
੯ ਮਿੱਠੇ ਪੱਤਰਾਂ ਵਾਲੇ ਭਾਵ ਗੰਨੇ ਨੂੰ। ਆ ਕੇ ਵੇਖੋ ਇਸ ਮਿੱਠੇ ਗੰਨੇ ਨੂੰ, ਇਸ ਦਾ ਕੀ ਹਾਲ ਹੋਇਆ!
੧੦ ਜੋਗੇ।
੧੧ ਦੇਖੋ ਪੰਨਾ ੧੧, ਨੋਟ ੨੧।
੧੨ ਵੇਖਿਆ (ਮਾਰਨ ਲਈ)।
੧੩ ਕੀਤਾ ਨਹੀਂ ਜਾਣਦੇ।
੧੪ ਡੂੰਘਾ ਪਾਣੀ। ਡੂੰਘਾ ਪਾਣੀ ਮੱਛੀ ਨੂੰ ਰੋਕ ਨਹੀਂ ਪਾ ਸਕਦਾ, ਪੰਛੀ ਨੂੰ ਅਸਮਾਨ ਕੀ ਕਰ ਸਕਦਾ ਹੈ?
੧੫ ਅਸਲਾ (ਕੁੱਤੀਂ) ਕੁੱਤਿਆਂ ਵਾਲਾ ਹੈ।
੧੬ ਸਿਮ੍ਰਿਤੀਆਂ ਦਾ ਪਾਠ ਕਰੀਏ। ਦੇਖੋ ਪੰਨਾ ੧੧, ਫੁਟ ਨੋਟ *।
੧੭ ਗਊਆਂ ਆਦਿਕ ਦੇ ਵੱਗ ਨੂੰ।
੧੮ ਕੁੱਟਣ ਡਹੀਏ, ਝੰਬਣੀ ਨਾਲ ਝੰਬੀਏ।
੧੯ ਨਰਮ ਨਹੀਂ ਹੁੰਦਾ ਕਪਾਹ ਵਰਗਾ।
੨੦ ਬੇਅਰਥ ਗੱਲ।
੨੧ ਲੋਹਾ। ਜੇ ਕੈਹਾਂ, ਸੋਨਾ ਜਾਂ ਲੋਹਾ ਟੁਟੇ ਤਾਂ ਅੱਗ ਦੁਆਰਾ ਲੋਹਾਰ ਗੰਢਦਾ ਹੈ।
੨੨ ਇਸਤਰੀ ਨਾਲੋਂ ਜੇ ਪਤੀ ਟੁੱਟ ਜਾਏ।
੨੩ ਤਾਂ ਸੰਸਾਰ ਵਿੱਚ ਪੁੱਤਰਾਂ ਦੁਆਰਾ ਫਿਰ ਮੇਲ ਹੋ ਜਾਂਦਾ ਹੈ।
੨੪ ਜੇ ਰਾਜਾ ਮੰਗੇ ਤਾਂ ਰਈਅਤ ਦੇਵੇ ਤਾਂ ਉਨ੍ਹਾਂ ਦਾ ਪ੍ਰਸਪਰ ਸੰਬੰਧ ਜੁੜਦਾ ਹੈ।
੨੫ ਕਾਲ ਦੇ ਸਮੇਂ।
੨੬ ਬਹੁਤੇ ਮੀਂਹ ਜੋ ਜ਼ੋਰ ਨਾਲ ਪੈਣ।
੨੭ ਪਿਆਰ ਦਾ ਮਿੱਠੇ ਬੋਲਾਂ ਨਾਲ ਜੋੜ ਹੈ।
੨੮ ਗਿਆਨ।
੨੯ ਨੇਕੀ ਅਤੇ ਸੱਚ ਦੇ ਹੋਣ ਕਰਕੇ ਮੋਇਆਂ ਹੋਇਆਂ ਦੀ ਜੀਉਂਦਿਆਂ ਨਾਲ ਗੰਢ ਪੈਂਦੀ ਹੈ, ਭਾਵ ਉਨ੍ਹਾਂ ਦੀ ਨੇਕੀ ਯਾਦ ਕਰ-ਕਰ ਕੇ ਅਪਣਿਆਂ ਦੇ ਰਹਿੰਦੇ ਹਨ।
੩੦ ਮੂਰਖ ਮੂੰਹ 'ਤੇ ਮਾਰ ਪਿਆਂ ਸੂਤ ਹੁੰਦਾ ਹੈ।
੩੧ ਹਰੀ ਦੇ ਦਰਬਾਰ ਨਾਲ।
੩੨ ਸ੍ਰੇਸ਼ਟ।
੩੩ [ਫ਼ਾਰਸੀ ਹਮਹ] ਸਾਰੀ। ਪੀਰ, ਸ਼ੇਖ, ਰਾਇ ਆਦਿ ਸਾਰੀ ਦੁਨੀਆਂ ਜ਼ਮੀਨ ਹੇਠ ਆ ਜਾਏਗੀ, ਮਰ ਕੇ ਦੱਬੀ ਜਾਏਗੀ।
੩੪ ਥੱਲੇ।
੩੫ ਜਾਂਦਾ ਹੈ, ਨਾਸਵੰਤ।
੩੬ ਨਾ ਦੇਵਤੇ, ਨਾ ਦੈਂਤ, ਨਾ ਮਨੁੱਖ, ਨਾ ਵੱਡੇ ਜੋਗੀ, ਨਾ ਅਭਿਆਸੀ ਸਾਧੂ, ਜੋ ਭੀ ਧਰਤੀ 'ਤੇ ਹੈ।
੩੭ ਧਰਤੀ 'ਤੇ।
੩੮ [ਫ਼ਾਰਸੀ ਅਸਤੀ=ਤੂੰ ਹੈਂ] ਹੈਂ।

* ਸਮੁੱਚਾ ਭਾਵ:-ਖਾਸ ਕਰਕੇ ਚੰਗਿਆਂ ਨੂੰ ਕਈ ਵਾਰੀ ਦੁੱਖ ਝੱਲਣੇ ਪੈਂਦੇ ਹਨ।

† [ਫ਼ਾਰਸੀ] ਹੋਰ, ਬਾਕੀ ਰਹਿਣ ਵਾਲਾ, ਅਟੱਲ। ਦਸਮ ਗ੍ਰੰਥ ਵਿੱਚ ਚਲਦਾ ਪ੍ਰਸੰਗ ਦੱਸਣ ਲਈ 'ਅਫਜੂ' ਆਉਂਦਾ ਹੈ।

ਏਕ ਦਿਗਰਿ[੧] ਕੁਈ॥ ਏਕ ਤੁਈ ਏਕ ਤੁਈ॥ ੨॥ ਮਃ ੧॥ ਨ [੨]ਦਾਦੇ ਦਿਹੰਦ ਆਦਮੀ॥ ਨ ਸਪਤ[੩] ਜੇਰ ਜਿਮੀ॥ ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥ ੩॥ ਮਃ ੧॥ [੪]ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ[੫] ਨਹ ਜਲੋ[੬]॥ ਅੰਨ ਪਉਣ ਥਿਰੁ ਨ ਕੁਈ॥ ਏਕੁ ਤੁਈ ਏਕੁ ਤੁਈ॥ ੪॥ ਮਃ ੧॥ ਨ ਰਿਜਕੁ ਦਸਤ[੭] ਆ ਕਸੇ॥ [੮]ਹਮਾ ਰਾ ਏਕੁ ਆਸ ਵਸੇ[੯]॥ ਅਸਤਿ ਏਕੁ ਦਿਗਰ ਕੁਈ॥ ਏਕ ਤੁਈ ਏਕੁ ਤੁਈ॥ ੫॥ ਮਃ ੧॥ ਪਰੰਦਏ[੧੦] ਨ ਗਿਰਾਹ[੧੧] ਜਰ॥ ਦਰਖਤ ਆਬ ਆਸ ਕਰ॥ [੧੨]ਦਿਹੰਦ ਸੁਈ॥ ਏਕ ਤੁਈ ਏਕ ਤੁਈ॥ ੬॥ ਮਃ ੧॥ ਨਾਨਕ ਲਿਲਾਰਿ[੧੩] ਲਿਖਿਆ ਸੋਇ॥ ਮੇਟਿ ਨ ਸਾਕੈ ਕੋਇ॥ ਕਲਾ ਧਰੈ ਹਿਰੈ[੧੪] ਸੁਈ॥ ਏਕੁ ਤੁਈ ਏਕੁ ਤੁਈ॥ ੭॥ ਪਉੜੀ॥ ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥ ਗੁਰਮਤੀ[੧੫] ਆਪੁ[੧੬] ਗਵਾਇ ਸਚੁ ਪਛਾਣਿਆ॥ ਸਚੁ ਤੇਰਾ ਦਰਬਾਰੁ [੧੭]ਸਬਦੁ ਨੀਸਾਣਿਆ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥ ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ [੧੮]ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥ ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ ੧੩॥ ਸਲੋਕੁ ਮਃ ੧॥ ਸੀਹਾ ਬਾਜਾ ਚਰਗਾ[੧੯] ਕੁਹੀਆ[*] ਏਨਾ ਖਵਾਲੇ ਘਾਹ॥ ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥ ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ[੨੦]॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ[੨੧]॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ[੨੨]॥ ੧॥ ਮਃ ੧॥ [੨੩]ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ॥ ਇਕਨਾ †ਛਤੀਹ ਅੰਮ੍ਰਿਤ ਪਾਹਿ॥ ਇਕਿ ਮਿਟੀਆ ਮਹਿ ਮਿਟੀਆ ਖਾਹਿ॥ ਇਕਿ [੨੪]ਪਉਣ ਸੁਮਾਰੀ ਪਉਣ ਸੁਮਾਰਿ॥ [੨੫]ਇਕਿ ਨਿਰੰਕਾਰੀ ਨਾਮ ਆਧਾਰਿ॥ [੨੬]ਜੀਵੈ ਦਾਤਾ ਮਰੈ ਨ ਕੋਇ॥ ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥ ੨॥ ਪਉੜੀ॥ ਪੂਰੇ ਗੁਰ ਕੀ ਕਾਰ ਕਰਮਿ[੨੭] ਕਮਾਈਐ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥ ਦੂਜੀ ਕਾਰੈ ਲਗਿ ਜਨਮੁ ਗਵਾਈਐ॥ ਵਿਣੁ ਨਾਵੈ ਸਭ ਵਿਸੁ[੨੮] ਪੈਝੈ ਖਾਈਐ॥ ਸਚਾ ਸਬਦੁ ਸਾਲਾਹਿ ਸਚਿ ਸਮਾਈਐ॥ ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ॥ ਦੁਨੀਆ ਖੋਟੀ ਰਾਸਿ ਕੂੜੁ ਕਮਾਈਐ॥ ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ॥ ੧੪॥ ਸਲੋਕੁ ਮਃ ੧॥ ਤੁਧੁ ਭਾਵੈ ਤਾ ਵਾਵਹਿ[੨੯] ਗਾਵਹਿ ਤੁਧੁ ਭਾਵੈ ਜਲਿ ਨਾਵਹਿ॥

੧ ਹੋਰ। ਇਕ ਕਰਤਾਰ ਤੂੰ ਹੀ ਹੈਂ, ਹੋਰ ਦੂਜਾ ਕੌਣ ਹੈ?
੨ ਦਾਦ ਦਹਿੰਦਹ, ਇਨਸਾਫ਼ ਦੇਣ ਵਾਲਾ।
੩ ਸੱਤ। ਨਾ ਸੱਤ ਪਤਾਲ ਜੋ ਜ਼ਿਮੀਂ ਦੇ ਥਲੇ ਹਨ (ਉਨ੍ਹਾਂ ਵਿੱਚ ਕੋਈ ਹੋਰ ਨਿਆਕਾਰੀ ਹਸਤੀ ਹੈ)।
੪ ਨਾ ਸੂਰਜ, ਨਾ ਚੰਦ੍ਰਮਾ, ਨਾ ਲੋਕ।
੫ ਦੇਸ਼।
੬ ਜਲ, ਪਾਣੀ।
੭ ਹੱਥ। ਕਿਸੇ ਹੋਰ ਦੇ ਹੱਥ ਰਿਜ਼ਕ ਨਹੀਂ ਹੈ।
੮ [ਫ਼: ਹਮਹ=ਸਾਰੇ; ਰਾ=ਨੂੰ] ਸਭ ਤਾਈਂ।
੯ ਬੱਸ, ਕਾਫ਼ੀ। ਉਸ ਦੀ ਆਸ ਕਾਫ਼ੀ ਹੈ।
੧੦ ਪਰਿੰਦੇ, ਪੰਛੀ।
੧੧ [ਫ਼ਾਰਸੀ, ਪੱਲੇ ਦੀ ਗੰਢ ਵਿੱਚ] ਪੱਲੇ। ਪੰਛੀਆਂ ਦੇ ਪੱਲੇ ਕੋਈ ਮਾਲ ਨਹੀਂ ਹੈ। ਓਹ ਰੁੱਖਾਂ ਤੇ ਪਾਣੀ ਦਾ ਆਸਰਾ ਲੈਂਦੇ ਹਨ।
੧੨ ਦੇਣ ਵਾਲਾ ਉਹੋ ਹੈ।
੧੩ ਮੱਥੇ 'ਤੇ।
੧੪ ਖੋਂਹਦਾ। ਉਹੋ ਸ਼ਕਤੀ ਦੇਂਦਾ ਹੈ ਤੇ ਲੈਂਦਾ ਵੀ ਉਹੋ ਹੈ।
੧੫ ਗੁਰੂ ਦੀ ਸਿੱਖਿਆ ਦੁਆਰਾ।
੧੬ ਹੰਕਾਰ।
੧੭ ਸ਼ਬਦ ਉਸ ਦਾ ਨਿਸ਼ਾਨ ਹੈ, (ਜਿਸ ਤੋਂ ਉਹ ਪਰਗਟ ਹੁੰਦਾ ਹੈ)।
੧੮ ਮੈਲੇ ਵਿੱਚ ਉਸ ਦਾ ਵਾਸਾ ਹੈ (ਕੀੜੇ ਵਾਂਗ)।
੧੯ ਇਕ ਸ਼ਿਕਾਰੀ ਪੰਛੀ।
੨੦ ਅਥਾਹ ਪਾਣੀ। ਰੇਤਲਿਆਂ ਟਿੱਬਿਆਂ 'ਤੇ ਜਲ ਥਲ ਕਰ ਦੇਵੇ।
੨੧ ਸਾਹ ਤੋਂ ਬਿਨਾਂ। ਜੇ ਉਸ ਨੇ ਸਾਹ ਤੋਂ ਬਿਨਾਂ ਰੱਖਣਾ ਹੋਵੇ ਤਾਂ ਕੀ ਵੱਡੀ ਗੱਲ ਹੈ?
੨੨ ਗਰਾਹੀ, ਰੋਟੀ।
੨੩ ਕਈ ਮਾਸ ਖਾਣ ਵਾਲੇ ਹਨ ਤੇ ਕਈ ਘਾਹ ਖਾਣ ਵਾਲੇ ਹਨ।
੨੪ ਸੁਆਸਾਂ ਦੀ ਗਿਣਤੀ ਕਰਨ ਵਾਲੇ, ਪ੍ਰਾਣਾਯਾਮ ਦੇ ਅਭਿਆਸੀ।
੨੫ ਦੂਜੇ ਪਾਸੇ ਕੇਵਲ ਇਕ ਆਕਾਰ-ਰਹਿਤ ਵਾਹਿਗੁਰੂ ਦੇ ਉਪਾਸ਼ਕ ਹਨ, ਜਿਨ੍ਹਾਂ ਨੂੰ ਨਾਮ ਦਾ ਹੀ ਆਸਰਾ ਹੈ।
੨੬ ਉਨ੍ਹਾਂ ਦਾ ਦਾਤਾ ਜੀਵੇ! ਉਨ੍ਹਾਂ 'ਚੋਂ ਕੋਈ ਭੁੱਖਾ ਨਹੀਂ ਮਰਦਾ। ਭਾਵ ਉਨ੍ਹਾਂ ਨੇ ਆਸਰਾ ਪਕੜਿਆ ਹੈ ਆਪਣੇ ਦਾਤਾਰ ਦਾ, ਇਸ ਲਈ ਉਨ੍ਹਾਂ ਨੂੰ ਰੋਜ਼ੀ ਜ਼ਰੂਰ ਮਿਲਦੀ ਰਹੇਗੀ।
੨੭ ਭਾਗਾਂ ਨਾਲ।
੨੮ ਜ਼ਹਿਰ ਹੈ।
੨੯ ਵਜਾਂਦੇ ਹਨ।

* ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ। ਉਹ ਇੰਨਾ ਬੇਅੰਤ ਹੈ ਕਿ ਸ਼ੇਰਾਂ, ਬਾਜ਼ਾਂ ਆਦਿ ਸ਼ਿਕਾਰੀ ਜਨੌਰਾਂ ਨੂੰ, ਜੋ ਮਾਸਾਹਾਰੀ ਹਨ, ਘਾਹ ਖੁਆ ਸਕਦਾ ਹੈ।

† ਹਰ ਤਰ੍ਹਾਂ ਦੇ ਖਾਣੇ ਜਿਨ੍ਹਾਂ ਦੀ ਗਿਣਤੀ ੩੬ ਤੱਕ ਦੱਸੀਦੀ ਹੈ।

ਜਾ ਤੁਧੁ ਭਾਵਹਿ ਤਾ [੧]ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ ॥ ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ ॥ ਜਾ ਤੁਧੁ ਭਾਵੈ ਤਾ ਹੋਵਹਿ ਰਾਜੇ [੨]ਰਸ ਕਸ ਬਹੁਤੁ ਕਮਾਵਹਿ ॥ ਜਾ ਤੁਧੁ ਭਾਵੈ [੩]ਤੇਗ ਵਗਾਵਹਿ ਸਿਰ [੪]ਮੁੰਡੀ ਕਟਿ ਜਾਵਹਿ ॥ ਜਾ ਤੁਧੁ ਭਾਵੈ ਜਾਹਿ ਦਿਸੰਤਰਿ ਸੁਣਿ ਗਲਾ ਘਰਿ ਆਵਹਿ ॥ ਜਾ ਤੁਧੁ ਭਾਵੈ [੫]ਨਾਇ ਰਚਾਵਹਿ [੬]ਤੁਧੁ ਭਾਣੇ ਤੂੰ ਭਾਵਹਿ ॥ ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ ॥ ੧ ॥ ਮਃ ੧ ॥ [੭]ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ ॥ ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥ ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ[੮] ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥ ੨ ॥ ਪਉੜੀ ॥ ਸਤਿਗੁਰੁ ਸੇਵਿ ਨਿਸੰਗੁ[੯] ਭਰਮੁ ਚੁਕਾਈਐ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥ ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ ਲਾਹਾ ਭਗਤਿ ਸੁ ਸਾਰੁ[੧੦] ਗੁਰਮੁਖਿ ਪਾਈਐ ॥ ਮਨਮੁਖਿ[੧੧] ਕੂੜੁ ਗੁਬਾਰੁ ਕੂੜੁ ਕਮਾਈਐ ॥ ਸਚੇ ਦੈ ਦਰਿ ਜਾਇ ਸਚੁ ਚਵਾਂਈਐ[੧੨] ॥ [੧੩]ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥ ੧੫ ॥ ਸਲੋਕੁ ਮਃ ੧ ॥ ਕਲਿ[੧੪] ਕਾਤੀ[੧੫] ਰਾਜੇ ਕਾਸਾਈ ਧਰਮੁ [੧੬]ਪੰਖ ਕਰਿ ਉਡਰਿਆ ॥ [੧੭]ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ[੧੮] ਚੜਿਆ ॥ [੧੯]ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ[੨੦] ਹੋਈ ॥ ੧ ॥ ਮਃ ੩[*] ॥ ਕਲਿ ਕੀਰਤਿ[੨੧] ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥ ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥ ੨ ॥ ਪਉੜੀ ॥ ਭਗਤਾ ਤੈ ਸੈਸਾਰੀਆ[੨੨] ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ ਸੈਸਾਰੀ ਆਪਿ ਖੁਆਇਅਨੁ[੨੩] ਜਿਨੀ ਕੂੜੁ ਬੋਲਿ ਬੋਲਿ ਬਿਖੁ[੨੪] ਖਾਇਆ ॥ ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ[੨੪] ਵਧਾਇਆ ॥ ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ[੨੫] ਨਾਮੁ ਧਿਆਇਆ ॥ ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ[੨੬] ਗਵਾਇਆ ॥ [੨੭]ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥ ੧੬ ॥ ਸਲੋਕੁ ਮਃ ੧ ॥ [੨੮]ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ [੨੯]ਵਖਤੇ ਉਪਰਿ ਲੜਿ ਮੁਏ ॥ ਦੂਜੈ[੩੦] ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ ਬਹੁਤੁ ਪਏ ਅਸਗਾਹ[੩੧] ਗੋਤੇ ਖਾਹਿ

੧ ਸਰੀਰ 'ਤੇ ਸੁਆਹ ਮਲਦੇ ਹਨ ਅਤੇ ਸਿੰਗੀ ਦਾ ਨਾਦ ਵਜਾਉਂਦੇ ਹਨ, ਭਾਵ ਜੋਗੀ ਸਾਧ ਬਣਦੇ ਹਨ।
੨ ਕਸੈਲਾ ਆਦਿ ਛੇ ਰਸ। ਬਹੁਤ ਐਸ਼ਾਂ ਕਰਦੇ ਹਨ।
੩ ਤਲਵਾਰ ਚਲਾਉਂਦੇ ਹਨ।
੪ ਗਰਦਨ ਨਾਲੋਂ ਸਿਰ ਕੱਟੇ ਜਾਂਦੇ ਹਨ।
੫ ਤੇਰੇ ਨਾਮ ਵਿੱਚ ਲੱਗਦੇ ਹਨ।
੬ ਜੋ ਤੇਰੇ ਭਾਣੇ ਵਿੱਚ ਹਨ, ਓਹ ਤੈਨੂੰ ਭਾਉਂਦੇ ਹਨ।
੭ ਕਿਉਂਕਿ ਤੂੰ ਵੱਡਾ ਹੈਂ, ਇਸ ਲਈ ਤੈਥੋਂ ਸਭ ਵਡਿਆਈਆਂ ਨਿਕਲਦੀਆਂ ਹਨ। ਤੂੰ ਚੰਗਾ ਹੈਂ, ਤੈਥੋਂ ਚੰਗਾ ਹੀ ਹੁੰਦਾ ਹੈ।
੮ ਚਲਾਇਮਾਨ। ਇਹ ਸਾਰੀਆਂ ਗੱਲਾਂ ਆਪਣੇ ਆਪ ਵਿੱਚ ਤਾਂ ਚਲਾਇਮਾਨ ਹਨ, ਪਰ ਟਿਕੀਆਂ ਹੋਈਆਂ ਇਸ ਲਈ ਹਨ ਕਿ ਉਹ ਨਿਹਚਲ ਹਰੀ ਆਪ ਇਨ੍ਹਾਂ ਨੂੰ ਹੁਕਮ ਵਿੱਚ ਰੱਖਦਾ ਹੈ।
੯ ਬਿਨਾਂ ਸ਼ੰਕੇ ਦੇ।
੧੦ ਸ੍ਰੇਸ਼ਟ।
੧੧ ਦੇਖੋ ਪੰਨਾ ੧੧, ਨੋਟ ੨੧।
੧੨ ਬੋਲੀਏ।
੧੩ ਸੱਚ ਦੇ ਹੋਣ ਕਰਕੇ ਹੀ ਸੱਚੇ ਦੇ ਮਹਿਲ ਵਿੱਚ ਬੁਲਾਈਦਾ ਹੈ।
੧੪ ਕਲਜੁਗ। ਇਹ ਘੋਰ ਸਮਾਂ ਛੁਰੀ ਵਰਗਾ ਹੈ, ਅਤੇ ਰਾਜੇ ਕਸਾਈਆਂ ਵਾਂਗ ਜ਼ਾਲਮ ਹਨ।
੧੫ ਕੈਂਚੀ, ਛੁਰੀ।
੧੬ ਖੰਭ ਲਾ ਕੇ ਉਡ ਗਿਆ ਹੈ।
੧੭ ਝੂਠ ਮੱਸਿਆ ਦੀ ਰਾਤ ਵਾਕੁਰ ਪਸਰਿਆ ਹੋਇਆ ਹੈ, ਅਤੇ ਸੱਚ ਮੱਸਿਆ ਦੇ ਚੰਨ ਵਾਕੁਰ ਹੋ ਗਿਆ ਹੈ, ਜੋ ਦਿਸਦਾ ਹੀ ਨਹੀਂ, ਕਿ ਕਿਥੇ ਚੜ੍ਹਿਆ ਹੋਇਆ ਹੈ। ਦੇਖੋ ਭਾਈ ਗੁਰਦਾਸ, ਵਾਰ ੧ (੨੯)।
੧੮ ਕਿੱਥੇ।
੧੯ ਮੈਂ ਢੂੰਡ-ਢੂੰਡ ਕੇ ਵਿਆਕੁਲ ਹੋ ਗਈ ਹਾਂ।
੨੦ ਗਤੀ, ਛੁਟਕਾਰਾ।
੨੧ ਹਰੀ-ਜਸ।
੨੨ ਮਾਇਆ ਵਿੱਚ ਗ੍ਰਸੇ ਹੋਏ ਲੋਕ ("ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ")।
੨੩ ਭੁਲਾਇਆ ਹੈ।
੨੪ ਜ਼ਹਿਰ ।
੨੫ ਹਰ ਰੋਜ਼, ਨਿੱਤ।
੨੬ ਹਉਮੈ, ਹੰਕਾਰ।
੨੭ ਮਾਲਕ ਦੇ ਦਰਬਾਰ ਵਿੱਚ ਓਹ ਸੁਰਖਰੂ ਹਨ।
੨੮ [ਸੁਬਹ ਵੇਲੇ] ਅੰਮ੍ਰਿਤ ਵੇਲੇ ਜੋ ਸਿਫ਼ਤ ਸਲਾਹ ਕਰਦੇ ਹਨ ਅਤੇ ਇਕਾਗਰ ਹੋ ਕੇ ਧਿਆਉਂਦੇ ਹਨ।
੨੯ ਵੇਲੇ ਸਿਰ। ਭਾਵ ਅੰਮ੍ਰਿਤ ਵੇਲੇ ਨੂੰ ਚੰਗੀ ਤਰ੍ਹਾਂ ਵਰਤਦੇ ਹਨ।
੩੦ ਦੂਜੇ ਪਹਿਰ; (ਦਿਨ ਚੜ੍ਹ ਪਿਆ ਤਾਂ ਮਨ ਕਈ ਪਾਸੇ ਦੌੜਦਾ ਹੈ)।
੩੧ ਅਥਾਹ ਸਮੁੰਦਰ (ਸੰਸਾਰਕ ਗੁੰਝਲਾਂ ਰੂਪ)।

* ਉਤਲੇ ਸ਼ਲੋਕ ਵਿੱਚ ਜੋ ਸਵਾਲ ਸੀ, ਉਸ ਦਾ ਜਵਾਬ ਇਸ ਸ਼ਲੋਕ ਵਿੱਚ ਹੈ। ਝੂਠ ਦੇ ਹਨੇਰੇ ਨੂੰ ਦੂਰ ਕਰਨ ਲਈ ਕਲਜੁਗ ਵਿੱਚ ਇਕ ਰਤਨ ਹੈ। ਉਹ ਹੈ ਹਰੀ ਜਸ, ਜਿਸ ਦਾ ਪ੍ਰਤੱਖ ਚਾਨਣਾ ਸਾਰੇ ਸੰਸਾਰ ਨੂੰ ਰੋਸ਼ਨ ਕਰ ਸਕਦਾ ਹੈ। ਪਰ ਇਸ ਚਮਕਦੇ ਰਤਨ ਨੂੰ ਕੋਈ ਵਿਰਲਾ ਹੀ ਗੁਰੂ ਕੋਲੋਂ ਲੈ ਕੇ ਹਨੇਰੇ ਦੇ ਸਮੁੰਦਰ ਵਿੱਚੋਂ ਪਾਰ ਹੁੰਦਾ ਹੈ।

ਨ ਨਿਕਲਹਿ ॥ [੧]ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ[੨] ॥ [੩]ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ ਚਉਥੈ ਆਈ ਊਂਘ[੪] ਅਖੀ ਮੀਟਿ *ਪਵਾਰਿ ਗਇਆ ॥ ਭੀ ਉਠਿ ਰਚਿਓਨੁ ਵਾਦੁ[੫] ਸੈ ਵਰ੍ਹਿਆ ਕੀ ਪਿੜ[੬] ਬਧੀ ॥ [੭]ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ [੮]ਸਚਾ ਨਾਵਣੁ ਹੋਇ ॥ ੧ ॥ ਮਃ ੨ ॥ ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ[੯] ॥ [੧੦]ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥ ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥ ੨ ॥ ਪਉੜੀ ॥ ਜਾ ਤੂੰ ਤਾ ਕਿਆ ਹੋਰਿ [੧੧]ਮੈ ਸਚੁ ਸੁਣਾਈਐ ॥ [੧੨]ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥ [੧੩]ਏਨੈ ਚਿਤਿ ਕਠੋਰਿ ਸੇਵ ਗਵਾਈਐ ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ॥ [੧੪]ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥ [੧੫]ਕੋਇ ਨ ਆਖੈ ਘਟਿ ਹਉਮੈ ਜਾਈਐ ॥ ਲਈਅਨਿ ਖਰੇ ਪਰਖਿ [੧੬]ਦਰਿ ਬੀਨਾਈਐ ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥ ੧੭ ॥ ਸਲੋਕ ਮਃ ੨ ॥ †ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ [੧੭]ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ [੧੮]ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ ਚਉਥੈ ਪਹਰਿ ਸਬਾਹ[੧੯] ਕੈ [੨੦]ਸੁਰਤਿਆ ਉਪਜੈ ਚਾਉ ॥ [੨੧]ਤਿਨਾ ਦਰੀਆਵਾ ਸਿਉ ਦੋਸਤੀ [੨੨]ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ [੨੩]ਕਰਮੀ ਹੋਇ ਪਸਾਉ ॥ [੨੪]ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ [੨੫]ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ [੨੬]ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ[੨੭] ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥ ੧ ॥ ਮਃ ੨ ॥ [੨੮]ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥ ੨ ॥ ਪਉੜੀ ॥ ਸਚਾ ਭੋਜਨੁ ਭਾਉ[੨੯] ਸਤਿਗੁਰਿ ਦਸਿਆ ॥ [੩੦]ਸਚੇ ਹੀ ਪਤੀਆਇ ਸਚਿ ਵਿਗਸਿਆ ॥ [੩੧]ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ [੩੨]ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ[੩੩] ॥ ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ[੩੪] ॥ ਸਚੈ [੩੫]ਸਬਦਿ ਨੀਸਾਣਿ ਠਾਕ ਨ

੧ ਤੀਜੇ ਪਹਿਰ ਮੂੰਹ ਵਿੱਚ ਭੋਜਨ ਪਾਇਆ।
੨ ਭਾਵ ਭੜਕੀਆਂ।
੩ ਜੋ ਖਾਧਾ ਹੁੰਦਾ ਹੈ, ਉਹ ਭਸਮ ਹੋ ਜਾਂਦਾ ਹੈ, ਫਿਰ ਖਾਣ ਲਈ ਚਾਹ ਪੈਦਾ ਹੁੰਦੀ ਹੈ।
੪ ਨੀਂਦ।
੫ ਝਗੜਾ।
੬ ਅਖਾੜਾ। ਨੀਂਦ ਤੋਂ ਉਠ ਕੇ ਮੁੜ ਓਹੀ ਝਗੜੇ ਖੜੇ ਕਰ ਲੈਂਦਾ ਹੈ, ਜਿਕੁਰ ਸੈਂਕੜੇ ਵਰ੍ਹਿਆਂ ਦੇ ਜੀਵਣ ਦਾ ਘੋਲ ਰਚਿਆ ਹੁੰਦਾ ਹੈ।
੭ ਜੇ ਅੱਠੇ ਪਹਿਰ ਹਰੀ ਦਾ ਡਰ ਹੋਵੇ ਤਾਂ (ਕੇਵਲ ਸਵੇਰ ਵੇਲਾ ਹੀ ਨਹੀਂ) ਸਭ ਵੇਲਾ ਵਖਤ ਪਵਿੱਤਰ ਹੈ।
੮ ਆਤਮਕ ਇਸ਼ਨਾਨ।
੯ ਪਾਈਦੇ ਹਨ। ਉਸ ਹਰੀ ਦੇ ਅਥਾਹ ਦਰਸ਼ਨ ਤੇ ਰੂਪ ਵਿੱਚ ਜੁੜੇ ਹੋਏ ਵਿਰਲੇ ਹੀ ਗੁਰਮੁਖ ਲਭਦੇ ਹਨ। ਅਥਾਹ=ਅਪਾਰ, ਅਕਹਿ।
੧੦ ਪੂਰੇ ਭਾਗਾਂ ਨਾਲ।
੧੧ ਮੈਂ ਸੱਚ ਕਹਿੰਦਾ ਹਾਂ।
੧੨ ਜੋ ਠੱਗੀ ਹੈ ਧੰਧੇ ਰੂਪ ਚੋਰ ਨੇ, ਉਹ ਤੋੜ ਪਤੀ ਦੇ ਮਹਿਲ ਤੱਕ ਅਪੜਦੀ ਹੀ ਨਹੀਂ।
੧੩ ਇਸ ਨੇ ਕਠੋਰ ਚਿਤ ਹੋਣ ਕਰਕੇ ਆਪਣੀ ਸਾਰੀ ਸੇਵਾ ਵਿਅਰਥ ਗੁਆ ਲਈ ਹੈ।
੧੪ ਕਿਵੇਂ ਪੂਰੇ ਵੱਟੇ ਨਾਲ ਤੋਲ ਵਿੱਚ ਪੂਰੀ ਉਤਰ ਸਕਦੀ ਹੈ?
੧੫ ਉਸ ਨੂੰ ਕੋਈ ਘੱਟ ਨਹੀਂ ਆਖੇਗਾ, ਜੇ ਉਸ ਵਿੱਚੋਂ ਹਉਮੈ ਚਲੀ ਜਾਵੇ।
੧੬ ਸਿਆਣੇ ਹਰੀ ਦੇ ਦਰ 'ਤੇ।
੧੭ ਸਰੀਰ ਵਿੱਚ ਇਕ ਗੁਣੀ ਗਹੀਰ ਨੌ-ਨਿਧ ਨਾਮ ਨੂੰ ਭਾਲਦੇ ਹਨ। 'ਨਉ ਨਿਧਿ' ਲਈ ਦੇਖੋ ਪੰਨਾ ੧੦, ਫੁਟ ਨੋਟ **§**। ਗੁਣੀ ਗਹੀਰੁ= ਗੁਣਾਂ ਕਰਕੇ ਡੂੰਘਾ।
੧੮ ਭਾਗਾਂ ਵਾਲਿਆਂ ਨੇ ਉਸ ਨੂੰ ਸਲਾਹਿਆ ਹੈ, ਗੁਰ ਪੀਰ ਧਾਰਨ ਕਰਕੇ।
੧੯ ਅੰਮ੍ਰਿਤ ਵੇਲੇ।
੨੦ ਅਸਲੀ ਹੋਸ਼ਾਂ ਵਾਲੇ ਉਤਸ਼ਾਹ ਵਿੱਚ ਆਉਂਦੇ ਹਨ।
੨੧ ਭਾਵ ਓਹ ਉਠ ਕੇ ਦਰਿਆਵਾਂ ਵੱਲ ਜਾਂਦੇ ਹਨ, ਹਿਰਦੇ ਤੋਂ ਤੇ ਮੂੰਹ ਤੋਂ ਸੱਚਾ ਨਾਮ ਉਚਾਰਨ ਕਰਦੇ ਹੋਏ। ਦੇਖੋ ਭਾਈ ਗੁਰਦਾਸ, ਵਾਰ ੬ (੩)।
੨੨ ਮਨ ਤੇ ਮੁਖ ਵਿੱਚ।
੨੩ ਬਖਸ਼ਿਸ਼ ਨਾਲ ਦਾਤ ਮਿਲਦੀ ਹੈ।
੨੪ ਸੋਨਾ ਰੂਪ ਦੇਹੀ ਨੂੰ ਕੱਸ ਲੱਗਦੀ ਹੈ ਪਰਖ ਵੇਲੇ, ਤੇ ਸੋਹਣਾ ਰੰਗ ਚੜ੍ਹਦਾ ਹੈ।
੨੫ ਜੇ ਸਰਾਫ਼ (ਹਰੀ) ਦੀ ਨਜ਼ਰ ਵਿੱਚ ਪਸੰਦ ਹੋਵੇ ਤਾਂ ਮੁੜ ਕੇ ਉਸ ਸੋਨੇ (ਸਰੀਰ) ਨੂੰ ਅੱਗ ਵਿੱਚ ਪਾ ਕੇ ਨਹੀਂ ਤਾਇਆ ਜਾਂਦਾ।
੨੬ (ਇਕ ਪਹਿਰ ਹਰੀ ਜਸ ਵਿੱਚ ਲਗਾ ਕੇ) ਬਾਕੀ ਸੱਤ ਪਹਿਰਾਂ ਵਿੱਚ ਸੱਚਾ ਜੀਵਣ ਬਿਤਾਉਣਾ ਚੰਗਾ ਹੈ।
੨੭ ਫ਼ਜ਼ੂਲ।
੨੮ ਅਰਥ ਹੋ ਚੁੱਕੇ ਹਨ। ਦੇਖੋ 'ਜਪੁਜੀ' ਦਾ ਅੰਤਲਾ ਸ਼ਲੋਕ।
੨੯ ਪ੍ਰੇਮ।
੩੦ ਸੱਚ ਨਾਲ ਹੀ ਸਰਚਿਆ ਜਾਂ ਪਤੀਜਿਆ ਅਤੇ ਸੱਚ ਨਾਲ ਹੀ ਖੁਸ਼ ਹੋਇਆ।
੩੧ ਸੱਚ ਦੇ ਹੀ ਕਿਲ੍ਹੇ ਤੇ ਪਿੰਡ ਹਨ, ਜਿਨ੍ਹਾਂ ਵਿੱਚ ਆਪਣਾ ਘਰ ਬਣਾ ਕੇ ਵਸਿਆ।
੩੨ ਸਤਿਗੁਰੂ ਦੇ ਦਿਆਲੂ ਹੋਣ 'ਤੇ।
੩੩ ਖਿੜਿਆ ਹੈ, ਖੁਸ਼ ਹੋਇਆ ਹੈ।
੩੪ ਗਵਾਈਦਾ ਹੈ।
੩੫ ਸ਼ਬਦ ਰੂਪ ਝੰਡਾ ਲੈ ਕੇ ਗਿਆਂ ਕੋਈ ਰੋਕ ਨਹੀਂ ਹੁੰਦੀ।

* ਪ੍ਰਲੋਕ ਵਿੱਚ ਭਾਵ ਘੂਕ ਸੌਂ ਗਿਆ। [ਇਹ ਗੱਲ ਮਸ਼ਹੂਰ ਹੈ ਕਿ ਕਈ ਵਾਰੀ ਕਿਸੇ ਹੋਰ ਦੇ ਭੁਲੇਖੇ ਜਮ ਕਿਸੇ ਨੂੰ ਲੈ ਜਾਂਦੇ ਹਨ, ਪਰ ਧਰਮ ਰਾਜ ਉਸ ਨੂੰ ਦੇਖ ਕੇ ਮੋੜ ਦਿੰਦਾ ਹੈ। ਪੰਜਾਬੀ ਵਿੱਚ ਇਸ ਨੂੰ 'ਪਵਾਰ ਗਿਆ' ਆਖਦੇ ਹਨ]

† ਸਾਰੀ ਰਚਨਾ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ ਜੋ ਖੰਡ ਆਖੀਦੇ ਹਨ। ਏਥੇ ਗੁਰੂ ਸਾਹਿਬ ਨੇ ਸਰੀਰ ਨੂੰ ਇਕ ਖੰਡ ਤੇ ਬਾਕੀ ਰਚਨਾ ੮ ਖੰਡ ਆਖੀ ਹੈ। ਜੀਵ ਅੱਠੇ ਪਹਿਰ ਬਾਹਰ ਭਾਲਦੇ ਹਨ, ਪਰ ਜੋ ਨਾਵਾਂ ਖੰਡ ਸਰੀਰ ਹੈ, ਉਸ ਦੀ ਭਾਲ ਨਹੀਂ ਕਰਦੇ।

ਪਾਈਐ ॥ ਸਚੁ ਸੁਣਿ ਬੁਝਿ ਵਖਾਣਿ[1] ਮਹਲਿ ਬੁਲਾਈਐ ॥ ੧੮ ॥ ਸਲੋਕੁ ਮਃ ੧[*] ॥ ਪਹਿਰਾ ਅਗਨਿ ਹਿਵੈ[2] ਘਰੁ ਬਾਧਾ[3] ਭੋਜਨੁ ਸਾਰੁ[4] ਕਰਾਈ ॥ [5]ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ [6]ਹਾਕ ਚਲਾਈ ॥ ਧਰਿ ਤਾਰਾਜੀ[7] ਅੰਬਰੁ[8] ਤੋਲੀ ਪਿਛੈ ਟੰਕੁ[9] ਚੜਾਈ ॥ ਏਵਡੁ ਵਧਾ [10]ਮਾਵਾ ਨਾਹੀ [11]ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ [12]ਕਰੀ ਭਿ ਆਖਿ ਕਰਾਈ ॥ [13]ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ[14] ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ੧ ॥ ਮਃ ੨ ॥ ਆਖਣੁ[15] ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ ਅਖੀ ਦੇਖਿ ਨ ਰਜੀਆ [16]ਗੁਣ ਗਾਹਕ ਇਕ ਵੰਨ ॥ [17]ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥ ੨ ॥ ਪਉੜੀ ॥ ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥ ਵਿਣੁ ਸਚੇ ਤਨੁ ਛਾਰੁ[18] ਛਾਰੁ ਰਲਾਈਐ ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥ ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ ਕੂੜੈ ਲਾਲਚਿ ਲਗਿ [19]ਮਹਲੁ ਖੁਆਈਐ ॥ ਸਭੁ ਜਗੁ ਠਗਿਓ ਠਗਿ[20] ਆਈਐ ਜਾਈਐ ॥ ਤਨ ਮਹਿ ਤ੍ਰਿਸਨਾ[21] ਅਗਿ ਸਬਦਿ ਬੁਝਾਈਐ ॥ ੧੯ ॥ ਸਲੋਕ ਮਃ ੧ ॥ ਨਾਨਕ ਗੁਰੁ ਸੰਤੋਖੁ[22] ਰੁਖੁ ਧਰਮੁ ਫੁਲੁ ਫਲ ਗਿਆਨੁ ॥ [23]ਰਸਿ ਰਸਿਆ ਹਰਿਆ ਸਦਾ [24]ਪਕੈ ਕਰਮਿ ਧਿਆਨਿ ॥ ਪਤਿ ਕੇ ਸਾਦ ਖਾਦਾ ਲਹੈ †ਦਾਨਾ ਕੈ ਸਿਰਿ ਦਾਨੁ ॥ ੧ ॥ ਮਃ ੧ ॥ ਸੁਇਨੇ ਕਾ ਬਿਰਖੁ[25] ਪਤ ਪਰਵਾਲਾ[26] ਫੁਲ ਜਵੇਹਰ ਲਾਲ ॥ [27]ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥ ਨਾਨਕ [28]ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥ ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ[29] ॥ [30]ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ[31] ਨਾਨਕਾ ਤਰੀਐ [32]ਕਰਮੀ ਲਗਿ ॥ ੨ ॥ ਪਉੜੀ ॥ [33]ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥ ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥ ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥ ਕਾਲੁ ਬੁਰਾ [34]ਖੈ ਕਾਲੁ ਸਿਰਿ ਦੁਨੀਆਈਐ ॥ ਹੁਕਮੀ ਸਿਰਿ ਜੰਦਾਰੁ[35] ਮਾਰੇ ਦਾਈਐ[36] ॥ ਆਪੇ ਦੇਇ ਪਿਆਰੁ ਮੰਨਿ ਵਸਾਈਐ ॥ ਮੁਹਤੁ ਨ ਚਸਾ ਵਿਲੰਮੁ[37] ਭਰੀਐ ਪਾਈਐ ॥ [38]ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥ ੨੦ ॥ ਸਲੋਕੁ ਮਃ ੧ ॥ ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ [39]ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥ ਨਾਨਕ ਕਹੀਐ ਕਿਸੁ ਹੰਢਨਿ[40] [41]ਕਰਮਾ ਬਾਹਰੇ ॥ ੧ ॥ ਮਃ ੧ ॥ ਮਤਿ ਪੰਖੇਰੂ[42]

੧ ਬਿਆਨ ਕਰੀਏ ਤਾਂ। ੨ ਬਰਫ ਵਿੱਚ।
੩ ਬਣਾਵਾਂ। ੪ ਲੋਹਾ।
੫ ਸਾਰੇ ਦੁੱਖ ਪਾਣੀ ਕਰਕੇ ਪੀ ਜਾਵਾਂ, ਭਾਵ ਸੌਖ ਨਾਲ ਝੱਲਾਂ ਸਾਰੇ ਦੁੱਖਾਂ ਨੂੰ।
੬ ਹਿੱਕ ਕੇ ਅੱਗੇ ਲਾ ਲਵਾਂ।
੭ [ਤਰਾਜ਼ੂ] ਤਕੜੀ ਵਿੱਚ।
੮ ਅਸਮਾਨ (ਭਾਵ ਅਕਾਸ਼ ਦੇ ਚੰਨ ਤਾਰੇ ਜੋ ਬਹੁਤ ਭਾਰੇ ਹਨ)।
੯ ਚਾਰ ਮਾਸੇ ਦਾ ਤੋਲ। ਟੰਕ ਨਾਲ ਜੇ ਸਾਰੇ ਤਾਰਿਆਂ ਚੰਨਾਂ ਨੂੰ ਤੋਲ ਲਵਾਂ, ਭਾਵ ਇਤਨੇ ਵਜ਼ਨੀ ਆਕਾਸ਼ ਮੰਡਲ ਨੂੰ ਇਉਂ ਸੌਖ ਨਾਲ ਤੋਲ ਲਵਾਂ ਜਿਵੇਂ ਚਾਰ ਮਾਸੇ ਭਾਰੀ ਚੀਜ਼ ਤੋਲੀਦੀ ਹੈ। (ਅਸਮਾਨ ਇਕ ਛਾਬੇ ਵਾਂਗੂ ਦਿੱਸਦਾ ਹੈ ਜਿਸ ਵਿੱਚ ਚੰਨ ਤਾਰੇ ਰਖੇ ਹੋਏ ਹਨ।)
੧੦ ਕਿਤੇ ਸਮਾਵਾਂ ਹੀ ਨਾ। (ਇਹ ਵੀ ਇਕ ਕਰਾਮਾਤੀ ਸ਼ਕਤੀ ਮੰਨੀ ਹੋਈ ਹੈ, ਜਿਸ ਨੂੰ 'ਮਹਿਮਾ' ਆਖਦੇ ਹਨ।) ਦੇਖੋ ਪੰ: ੧੦, ਫੁਟ ਨੋਟ ¶।
੧੧ ਸਭ ਨੂੰ ਹੁਕਮ ਵਿੱਚ ਨੱਥ ਕੇ ਚਲਾਵਾਂ।
੧੨ ਆਪ ਭੀ ਕਰਾਂ ਤੇ ਹੋਰਨਾਂ ਨੂੰ ਆਖ ਕੇ ਕਰਾ ਸਕਾਂ ਜੋ ਜੀ ਚਾਹੇ।
੧੩ ਜਿੰਨਾ ਵੱਡਾ ਉਹ ਹੈ ਉੱਨੀਆਂ ਵੱਡੀਆਂ ਦਾਤਾਂ ਹਨ; ਭਾਵ ਇਹ ਹੈ ਕਿ ਇੰਨੀਆਂ ਕਰਾਮਾਤਾਂ ਲੈ ਕੇ ਮੈਂ ਤਾਂ ਕੇਵਲ ਉਸ ਵਡੇ ਦੀ ਵਡਿਆਈ ਮੰਨਾਂਗਾ ਜੋ ਸਭ ਦਾਤਾਂ ਦੇਣ ਦੇ ਸਮਰਥ ਹੈ।
੧੪ ਰਜ਼ਾ। ਭਾਣਾ ਕਰਦਾ ਹੈ।
੧੫ ਮੂੰਹ। ਮੂੰਹ ਗੱਲਾਂ ਕਰ-ਕਰ ਕੇ ਨਹੀਂ ਰੱਜਦਾ।
੧੬ ਇਹ ਇੰਦਰੇ ਇਕ-ਇਕ ਤਰ੍ਹਾਂ ਦੇ ਗੁਣ (ਰਸ) ਦੇ ਗਾਹਕ ਹਨ, ਭਾਵ ਅੱਖਾਂ ਕੇਵਲ ਉਨ੍ਹਾਂ ਚੀਜ਼ਾਂ ਦਾ ਹੀ ਸਵਾਦ ਲੈ ਸਕਦੀਆਂ ਹਨ, ਜੋ ਦੇਖਣ ਨਾਲ ਤਅੱਲਕ ਰਖਦੀਆਂ ਹਨ; ਕੰਨ ਓਹੀ ਰਸ ਮਾਣ ਸਕਦੇ ਹਨ ਜੋ ਕੰਨਾਂ ਰਾਹੀਂ ਪ੍ਰਾਪਤ ਹੁੰਦੇ ਹਨ, ਇਤਿਆਦੀ ਹੋਰਨਾਂ ਇੰਦਰਿਆਂ ਦਾ ਹਾਲ ਹੈ।
੧੭ ਇੰਦਰੇ ਸਦਾ ਭੁੱਖੇ ਰਹਿੰਦੇ ਹਨ। ਇਨ੍ਹਾਂ ਦੀ ਭੁਖ ਕਦੀ ਨਹੀਂ ਉਤਰ ਸਕਦੀ, ਨਾਹੀ ਉੱਤੋਂ ਉੱਤੋਂ ਗੱਲਾਂ ਕਰਕੇ ਸਮਝਾਉਣ ਨਾਲ ਅੰਦਰ ਦੀ ਭੁੱਖ ਜਾਂਦੀ ਹੈ। ਹੇ ਨਾਨਕ! ਭੁੱਖਾ ਤਦ ਰੱਜ ਸਕਦਾ ਹੈ ਜੇ ਹਰੀ ਦੇ ਗੁਣ ਆਖ-ਆਖ ਕੇ ਗੁਣਾਂ ਵਾਲੇ ਹਰੀ ਵਿੱਚ ਲੀਨ ਹੋ ਜਾਵੇ। ਦੇਖੋ ਪੰ: ੧੨੨, ਨੋਟ ੧੧।
੧੮ ਸੁਆਹ।
੧੯ ਹਰੀ ਦੀ ਹਜ਼ੂਰੀ ਨੂੰ ਖੋਹ ਬੈਠਦੇ ਹਨ।
੨੦ ਮਾਇਆ ਠੱਗਣੀ ਨੇ।
੨੧ ਖ਼ਾਹਿਸ਼ਾਂ ਦੀ।
੨੨ ਸੰਤੋਖ ਦੇ ਘਰ ਗੁਰੂ ਨੂੰ ਰੁੱਖ ਕਿਹਾ ਹੈ, ਜਿਸ ਨੂੰ ਫੁਲ ਲਗਾ ਹੈ ਧਰਮ ਦਾ ਅਤੇ ਫਲ ਗਿਆਨ ਦਾ।
੨੩ ਪ੍ਰੇਮ ਨਾਲ ਸਿੰਚਿਆ ਹਰਾ ਰਹਿੰਦਾ ਹੈ।
੨੪ ਪਕਦਾ ਹੈ ਅਮਲ ਦੁਆਰਾ ਤੇ ਹਰੀ ਦੇ ਧਿਆਨ ਦੁਆਰਾ।
੨੫ ਗੁਰੂ ਬਿਰਖ।
੨੬ ਮੂੰਗਾ। ਮੂੰਗੇ ਦੇ ਪਤੇ ਹਨ।
੨੭ ਮੂੰਹ ਦੇ ਰਤਨ (ਅਮੋਲਕ) ਬਚਨ ਫਲ ਹਨ। ਉਸ (ਗੁਰੂ) ਨੂੰ ਹਿਰਦੇ ਅੰਦਰ ਹੀ ਦੇਖ ਲੈ।
੨੮ ਭਾਗ ਹੋਵੇ ਮੂੰਹ ਮੱਥੇ 'ਤੇ।
੨੯ ਵਿਸ਼ੇਸ਼। ਗੁਰੂ ਦੇ ਚਰਨਾਂ ਨੂੰ ਹੀ ੬੮ ਤੀਰਥਾਂ ਨਾਲੋਂ ਵਿਸ਼ੇਸ਼ ਜਾਣਦਾ ਹੈ।
੩੦ ਹਿੰਸਾ, ਮੋਹ, ਲੋਭ ਤੇ ਗੁੱਸਾ।
੩੧ ਸੜਦੇ ਹਨ।
੩੨ ਬਖ਼ਸ਼ਿਸ਼ ਦੁਆਰਾ ਲੱਗ ਕੇ (ਚਰਨੀ)।
੩੩ ਜੀਉਂਦਿਆਂ ਹੀ ਮੰਦੀਆਂ ਵਾਸ਼ਨਾਂ ਮਾਰ ਕੇ ਇਉਂ ਮਰੀਏ, ਕਿ ਫਿਰ ਪਛਤਾਵਾ ਨਾ ਹੋਵੇ।
੩੪ ਨਾਸ ਕਰਨ ਵਾਲਾ ਕਾਲ ਦੁਨੀਆਂ ਦੇ ਸਿਰ 'ਤੇ ਖੜਾ ਹੈ।
੩੫ ਦੇਖੋ ਪੰਨਾ ੪੩, ਨੋਟ ੧੨।
੩੬ ਦਾਉ ਲਾ ਕੇ।
੩੭ ਦੇਗੀ। ਜਦ ਪਾਈ (ਪੜੋਪ) ਭਰ ਜਾਂਦੀ ਹੈ, ਭਾਵ ਉਮਰ ਮੁਕਦੀ ਹੈ; ਤਾਂ ਤੁਰਤ ਤੁਰ ਜਾਈਦਾ ਹੈ।
੩੮ ਗੁਰੂ ਦੀ ਕਿਰਪਾ ਨਾਲ।
੩੯ ਜਿਨ੍ਹਾਂ ਨੂੰ ਤੂੰ ਚੇਤੇ ਨਹੀਂ ਆਉਂਦਾ, ਉਹਨਾਂ ਦੇ ਮਨ ਵਿੱਚ ਤੇ ਮੂੰਹ ਵਿੱਚ ਇਹ ਸਾਰੀਆਂ ਜ਼ਹਿਰੀਲੀਆਂ ਚੀਜ਼ਾਂ ਵਸਦੀਆਂ ਹਨ।
੪੦ ਫਿਰਦੇ ਹਨ, ਭਟਕਦੇ ਹਨ।
੪੧ ਕਰਮ ਹੀਨ।
੪੨ ਪੰਛੀ ਵਾਂਗ ਉਡਾਰੂ, ਜੋ ਸਥਿਰ ਨਹੀਂ ਰਹਿੰਦੀ।

* ਕਰਾਮਾਤ ਦੇ ਸ਼ੁਕੀਨ ਜੋਗੀਆਂ ਨੂੰ ਇਹ ਉਪਦੇਸ਼ ਦਿੱਤਾ ਗਿਆ ਸੀ। ਕਰਾਮਾਤੀ ਤਾਕਤਾਂ ਭਾਵੇਂ ਕਿੰਨੀਆਂ ਹੋ ਜਾਣ, ਫਿਰ ਭੀ ਓਹ ਸੱਚੇ ਨਾਮ ਦੀ ਵਡਿਆਈ ਕਰਨ ਦੇ ਤੁੱਲ ਨਹੀਂ।

† ਸ੍ਰੇਸ਼ਟ ਦਾਨ। ਪੱਤ ਨੂੰ ਸ੍ਰੇਸ਼ਟ ਦਾਨ ਕਿਹਾ ਹੈ, ਜੋ ਜੀਵ ਨੂੰ ਪੂਰਨ ਪ੍ਰਾਪਤੀ ਦੇ ਵੇਲੇ ਵਾਹਿਗੁਰੂ ਵਲੋਂ ਮਿਲਦਾ ਹੈ। "ਨਾਨਕ ਗੁਰ ਬਿਨੁ ਨਾਹਿ ਪਤਿ, ਪਤਿ ਵਿਣੁ ਪਾਰਿ ਨ ਪਾਇ" (ਮ: ੧, ਵਾਰ ਮਾਝ); "ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ" (ਆਸਾ ਮ: ੧)। 'ਪਤਿ' ਤੋਂ ਭਾਵ ਹੈ ਪੂਰੇ ਵਿਸਾਹ ਵਾਲਾ ਮਾਣ। ਇਥੇ ਭਾਵ ਹੈ: ਪਤਿ ਵਾਲੇ ਸਵਾਦ ਨਾਲ ਖਾਈਏ ਤਾਂ ਇਹ ਫਲ ਖਾਣਾ ਮਿਲਦਾ ਹੈ, ਇਹੋ ਸ੍ਰੇਸ਼ਟ ਦਾਨ ਹੈ।

ਕਿਰਤੁ[੧] ਸਾਥਿ ਕਬ ਉਤਮ ਕਬ ਨੀਚ॥ ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ॥ ਨਾਨਕ [੨]ਹੁਕਮਿ ਚਲਾਈਐ ਸਾਹਿਬ ਲਗੀ ਰੀਤਿ॥ ੨॥ ਪਉੜੀ॥ ਕੇਤੇ [੩]ਕਹਹਿ ਵਖਾਣ ਕਹਿ ਕਹਿ ਜਾਵਣਾ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥ ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ [੪]ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥ ਸਚਾ ਪੁਰਖੁ ਅਲਖੁ[੫] ਸਬਦਿ ਸੁਹਾਵਣਾ॥ ਮੰਨੇ ਨਾਉ ਬਿਸੰਖ[੬] ਦਰਗਹ ਪਾਵਣਾ॥ ਖਾਲਕ[੭] ਕਉ ਆਦੇਸੁ[੮] ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ ੨੧॥ ਸਲੋਕੁ ਮਹਲਾ ੨॥ ਮੰਤ੍ਰੀ[੯] ਹੋਇ ਅਠੂਹਿਆ [੧੦]ਨਾਗੀ ਲਗੈ ਜਾਇ॥ ਆਪਣ ਹਥੀ ਆਪਣੈ ਦੇ ਕੂਚਾ[੧੧] ਆਪੇ ਲਾਇ॥ ਹੁਕਮੁ ਪਇਆ ਧੁਰਿ ਖਸਮ ਕਾ [੧੨]ਅਤੀ ਹੂ ਧਕਾ ਖਾਇ॥ [੧੩]ਗੁਰਮੁਖ ਸਿਉ ਮਨਮੁਖੁ ਅੜੈ ਡੁਬੈ [੧੪]ਹਕਿ ਨਿਆਇ॥ [੧੫]ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ[੧੬]॥ ਨਾਨਕ ਏਵੈ ਜਾਣੀਐ ਸਭ ਕਿਛੁ [੧੭]ਤਿਸਹਿ ਰਜਾਇ॥ ੧॥ ਮਹਲਾ ੨*॥ ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ[੧੮]॥ ਵਾਟ[੧੯] ਨ ਕਰਈ ਮਾਮਲਾ ਜਾਣੈ ਮਿਹਮਾਣੁ॥ ਮੂਲੁ[੨੦] ਜਾਣਿ ਗਲਾ ਕਰੇ ਹਾਣਿ ਲਾਏ ਹਾਣੁ॥ ਲਬਿ ਨ ਚਲਈ ਸਚਿ ਰਹੈ ਸੋ ਵਿਸਟੁ[੨੧] ਪਰਵਾਣੁ॥ [੨੨]ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ॥ ੨॥ ਪਉੜੀ॥ ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ[੨੩]॥ ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ[੨੪]॥ ਸੋਹਨਿ ਖਸਮੈ ਪਾਸਿ [੨੫]ਹੁਕਮਿ ਸਿਧਾਰੀਆ॥ †ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥ ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥ ਸਬਦਿ ਸਵਾਰੀਆਸੁ[੨੬] ਅੰਮ੍ਰਿਤੁ ਪੀਵਿਆ॥ ੨੨॥ ਸਲੋਕੁ ਮਃ ੧॥ [੨੭]ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ[੨੮]॥ ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥ ੧॥ ਮਹਲਾ ੨‡॥ ਨਿਹਫਲੰ ਤਸਿ[੨੯] ਜਨਮਸਿ[੩੦] ਜਾਵਤੁ[੩੧] ਬ੍ਰਹਮ ਨ ਬਿੰਦਤੇ[੩੨]॥ [੩੩]ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ[੩੪] ਰਖੀ ਧਾਰਿ॥ ੨॥ ਪਉੜੀ॥ ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ[੩੫] [੩੬]ਕਮਲੁ ਵਿਗਸਿਆ॥ ਖਸਮਹੁ ਪੂਰਾ ਪਾਇ ਮਨਹੁ ਰਹਸਿਆ[੩੭]॥ ਦੁਸਮਨ ਕਢੇ ਮਾਰਿ ਸਜਣ ਸਰਸਿਆ[੩੮]॥ ਸਚਾ ਸਤਿਗੁਰੁ

੧ ਪਿਛਲੇ ਕਮਾਏ ਹੋਏ ਕਰਮਾਂ ਨਾਲ ਬਣਿਆ ਸੁਭਾਉ। ਦੇਖੋ ਪੰਨਾ ੫੯, ਨੋਟ ੩੨। ਕਰਮਾਂ ਦੀ ਕਿਰਤ ਨਾਲ ਹੈ ਅਤੇ ਜੀਵ ਉਸ ਅਨੁਸਾਰ ਕਦੀ ਚੰਗੇ ਕਦੀ ਮੰਦੇ ਹੁੰਦੇ ਹਨ।
੨ ਇਹ ਹਰੀ ਦੀ ਰੀਤ ਚਲੀ ਆਉਂਦੀ ਹੈ (ਕਿ ਜੀਵ ਨੂੰ, ਆਪਣੀ ਆਗਿਆ ਅੰਦਰ ਕਈ ਰੰਗਾਂ ਵਿੱਚ ਵਰਤਾਂਦਾ ਹੈ; ਕਦੀ ਚੰਦਨ ਵੱਲ ਤੇ ਕਦੀ ਅੱਕ ਵੱਲ; ਭਾਵ ਚੰਗੇ ਜਾਂ ਮੰਦੇ ਪਾਸੇ ਲੱਗਦਾ ਹੈ)।
੩ ਬਿਆਨ ਕਰਦੇ ਹਨ।
੪ ਛੇ ਭੇਖ ਜੋਗੀਆਂ, ਸੰਨਿਆਸੀਆਂ ਆਦਿ ਦੇ ਵਿੱਚੋਂ ਕਿਸੇ ਵਿਰਲੇ ਨੇ ਹੀ ਸੱਚ ਵਿੱਚ ਸਮਾਉਣਾ ਹੁੰਦਾ ਹੈ। 'ਛੇ ਭੇਖ' ਲਈ ਦੇਖੋ ਪੰਨਾ ੬੭, ਨੋਟ ੨੦।
੫ ਜਿਸ ਨੂੰ ਸਮਝ ਨਾ ਸਕੀਏ।
੬ ਸੰਖਿਆ ਰਹਿਤ, ਬੇਅੰਤ: "ਖਪਿ ਖਪਿ ਮੁਇ ਬਿਸੰਖ" (ਓਅੰਕਾਰ) ਜੋ ਬੇਅੰਤ ਦਾ ਨਾਮ ਮੰਨਦਾ ਹੈ, ਉਸੇ ਨੂੰ ਦਰਗਾਹ ਤੱਕ ਪਹੁੰਚ ਹੁੰਦੀ ਹੈ।
੭ ਹਰੀ ਜੋ ਪੈਦਾ ਕਰਨ ਵਾਲਾ ਹੈ।
੮ ਪਰਨਾਮ!
੯ ਮਾਂਦ੍ਰੀ, ਸਿਆਣਾ।
੧੦ ਸੱਪਾਂ ਨੂੰ ਜਾ ਹੱਥ ਪਾਏ।
੧੧ ਬਲਦੀ ਅੱਗ ਦਾ ਮੁਆਤਾ।
੧੨ ਅੱਤ ਤੋਂ, ਤੋੜ ਤੋਂ, ਸਿਖਰ ਤੋਂ (ਧੱਕਾ ਖਾਂਦਾ ਹੈ)।
੧੩ ਦੇਖੋ ਪੰਨਾ ੧੧, ਨੋਟ ੨੦ ਅਤੇ ੨੧।
੧੪ ਸੱਚੇ ਇਨਸਾਫ਼ ਦੁਆਰਾ।
੧੫ ਗੁਰਮੁਖ ਤੇ ਮਨਮੁਖ ਦੁਹਾਂ ਧਿਰਾਂ ਦਾ।
੧੬ ਨਿਰਣਾ।
੧੭ ਉਸੇ ਦੇ ਭਾਣੇ ਅਨੁਸਾਰ ਹੁੰਦਾ ਹੈ।
੧੮ ਸਿਆਣਾ।
੧੯ ਰਸਤਾ। ਉਹ ਆਪਣੇ ਆਪ ਨੂੰ ਮੁਸਾਫ਼ਰ ਸਮਝ ਕੇ ਰਸਤੇ ਵਿੱਚ ਕੋਈ ਝਗੜਾ ਨਹੀਂ ਪਾ ਬਹਿੰਦਾ।
੨੦ ਅਸਲ ਪੂੰਜੀ। (ਵਪਾਰੀ ਉਹ ਹੈ ਜੋ) ਆਪਣੀ ਵਿੱਤ ਨੂੰ ਸਮਝ ਕੇ (ਸੌਦੇ ਦੀਆਂ) ਗੱਲਾਂ ਕਰੇ ਅਤੇ ਨੁਕਸਾਨ ਦੀ ਹਾਲਤ ਵਿੱਚ ਨੁਕਸਾਨ ਦਾ ਅੰਦਾਜ਼ਾ ਲਾ ਸਕੇ।
੨੧ ਵਿਚੋਲਾ, ਵਕੀਲ। ਉਹੋ ਵਿਚੋਲਾ ਮਨਜ਼ੂਰ ਹੁੰਦਾ ਹੈ ਜੋ ਲਾਲਚ ਵਿੱਚ ਨਹੀਂ ਪੈਂਦਾ ਤੇ ਸੱਚ ਵਿੱਚ ਰਹਿੰਦਾ ਹੈ; ਭਾਵ ਦੋਹਾਂ ਧਿਰਾਂ ਲਈ ਨਿਰਪੱਖ ਸਚਾਈ ਵਰਤਦਾ ਹੈ।
੨੨ ਤੀਰ ਖਿੱਚੇ ਅਸਮਾਨ ਵਲ, ਤਾਂ ਉਹ ਤੀਰ ਨਿਸ਼ਾਨੇ ਤੇ ਕਿਵੇਂ ਪੁਜੇ? ਕਿਉਂਕਿ ਅੱਗੋਂ ਉਹ ਅਸਮਾਨ ਤਾਂ ਅਪਹੁੰਚ ਹੈ; ਤੀਰ ਵਾਹਣ ਵਾਲੇ ਨੂੰ ਹੀ ਵੱਜੇਗਾ, ਇਹ ਤੂੰ ਸਮਝ।
੨੩ ਰੋਕੀਆਂ, ਵਰਜੀਆਂ (ਨਹੀਂ ਰਹਿੰਦੀਆਂ)।
੨੪ ਨਿਮ੍ਰਤਾ ਵਾਲੀਆਂ।
੨੫ ਹੁਕਮ ਨਾਲ ਹੀ ਵਿਦਾ ਹੋਈਆਂ।
੨੬ ਅਸੀਂ ਸਵਾਰੀਆਂ ਗਈਆਂ।
੨੭ ਰੇਤਲਾ ਥਲ ਮੀਂਹ ਨਾਲ ਨਹੀਂ ਰੱਜਦਾ ਤੇ ਅੱਗ ਦੀ ਭੁੱਖ ਲੱਕੜਾਂ ਨਾਲ ਨਹੀਂ ਲਹਿੰਦੀ। "ਜਿਉ ਪਾਵਕੁ ਈਧਨਿ ਨਹੀ ਧ੍ਰਾਪੈ" (ਸੁਖਮਨੀ-੨੮੦)।
੨੮ ਖੁਸ਼ਕ, ਤਿਹਾਏ। ਸਮੁੰਦਰ ਪਾਣੀ ਨਾਲ ਭਰੇ ਨਹੀਂ ਕਿ ਉਸੇ ਵਕਤ ਖੁਸ਼ਕ ਹੋ ਜਾਂਦੇ ਹਨ, ਭਾਵ ਤਿਹਾਏ ਹੋ ਜਾਂਦੇ ਹਨ। ਇਸੇ ਤਰ੍ਹਾਂ ਸੱਚੇ ਨਾਮ ਨੂੰ ਜਪਦਿਆਂ ਰੱਜੀਦਾ ਨਹੀਂ।
੨੯ ਤਿਸ ਦਾ।
੩੦ ਜਨਮ ਅਸਿ (ਹੈ)।
੩੧ ਜਦ ਤੱਕ।
੩੨ ਜਾਣਦਾ। ਤਿਸ ਦਾ ਜਨਮ ਤਦ ਤੱਕ ਨਿਹਫਲ ਹੈ, ਜਦ ਤਕ ਹਰੀ ਨੂੰ ਨਹੀਂ ਪਛਾਣਦਾ।
੩੩ ਸੰਸਾਰ ਦਾ ਜੋ ਸਾਗਰ ਹੈ, ਉਹ ਕੋਈ ਹੀ ਗੁਰੂ ਦੀ ਕਿਰਪਾ ਨਾਲ ਤਰਦਾ ਹੈ।
੩੪ ਕਲਾ, ਸ਼ਕਤੀ।
੩੫ ਜਸ ਕਰ ਕੇ।
੩੬ ਹਿਰਦੇ ਰੂਪ ਕਮਲ (ਖਿੜਿਆ)।
੩੭ ਅਨੰਦ ਹੋਏ।
੩੮ ਪ੍ਰਸੰਨ ਹੋਏ।

* ਇਸ ਸਾਰੇ ਸਲੋਕ ਵਿੱਚ ਖ਼ਿਆਲ ਇਹ ਹੈ ਕਿ ਮਨੁੱਖ ਨੂੰ ਆਪਣੀ ਵਿੱਤ ਅਨੁਸਾਰ ਰਹਿਣਾ ਚਾਹੀਦਾ ਹੈ। ਇਸ ਨੂੰ ਬੜੀ ਖ਼ੂਬਸੂਰਤੀ ਨਾਲ ਅੱਡ-ਅੱਡ ਮਿਸਾਲਾਂ ਦੇ ਕੇ ਦਰਸਾਇਆ ਹੈ। ਹਰ ਇਕ ਤੁਕ ਵਿੱਚ ਇਕ-ਇਕ ਮਿਸਾਲ ਹੈ। ਸੇਵਾ ਦੇ ਮੈਦਾਨ ਵਿੱਚ ਵੀ ਜਿਹੜੇ ਲੋਕ ਆਪਣੀ ਵਿੱਤ ਤੇ ਪਾਇਆਂ ਤੋਂ ਵਧ ਕੇ ਅੱਗੇ ਆਉਂਦੇ ਹਨ ਉਹਨਾਂ ਤੋਂ ਸੇਵਾ ਨਿਭਦੀ ਨਹੀ; ਸਿੱਟਾ ਈਰਖ਼ਾ, ਵੈਰ ਵਿਰੋਧ, ਨਿੰਦਾ ਬਖੀਲੀ ਆਦਿ ਨਿਕਲਦਾ ਹੈ।

† ਆਪਣੀਆਂ ਸਾਥਣਾਂ ਨੂੰ (ਸਤਸੰਗੀਆਂ ਨੂੰ) ਭੀ ਬੇਨਤੀ ਕਰਕੇ ਕਹਿੰਦੀਆਂ ਹਨ, ਦਿਲੋਂ ਜੋ ਪਿਆਰੀਆਂ ਲੱਗਦੀਆਂ ਹਨ, "ਨਾਮ ਤੋਂ ਬਿਨਾਂ ਧਿਕਾਰ ਯੋਗ ਹੈ ਵਸਣਾ ਤੇ ਫਿਟਕਾਰਨ ਯੋਗ ਹੈ ਜੀਉਣਾ। ਅਸੀਂ ਤਾਂ ਸ਼ਬਦ ਦੁਆਰਾ ਸਵਾਰੀਆਂ ਗਈਆਂ ਹਾਂ ਅਤੇ ਪਿਆਰੇ ਦੇ ਨਾਮ ਦਾ ਅੰਮ੍ਰਿਤ ਪੀਤਾ ਹੈ।"

‡ ਇਹੋ ਸ਼ਲੋਕ ਸਹਸਕ੍ਰਿਤੀ ਸ਼ਲੋਕਾਂ ਵਿੱਚ ਦੂਜਾ ਸ਼ਲੋਕ ਕਰਕੇ ਦਿੱਤਾ ਹੈ। ਦੇਖੋ ਪੰਨਾ ੧੩੫੩।

ਸੇਵਨਿ ਸਚਾ ਮਾਰਗੁ[੧] ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ[੨]॥ ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ [੩]ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥ ੨੩॥ ਸਲੋਕੁ ਮਃ ੧॥ *ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ॥ ਨਾਨਕ ਬਖਸੇ ਬਖਸੀਅਹਿ ਨਾਹਿ ਤ [੪]ਪਾਹੀ ਪਾਹਿ॥ ੧॥ ਮਃ ੧॥ ਨਾਨਕ ਬੋਲਣੁ ਝਖਣਾ[੫] ਦੁਖ ਛਡਿ ਮੰਗੀਅਹਿ ਸੁਖ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ ੨॥ ਪਉੜੀ॥ ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥ ਸਚੈ ਪੁਰਖਿ ਅਲਖਿ[੬] [੭]ਸਿਰਜਿ ਨਿਹਾਲਿਆ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥ ਸਤਿਗੁਰ ਸਚੇ ਵਾਹੁ[੮] ਸਚੁ ਸਮਾਲਿਆ॥ ਪਾਇਆ ਰਤਨੁ ਘਰਾਹੁ[੯] ਦੀਵਾ[੧੦] ਬਾਲਿਆ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ॥ [੧੧]ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ[੧੨]॥ ੨੪॥ ਸਲੋਕੁ ਮਃ ੩॥ [੧੩]ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ॥ ਨਾਨਕ ਭੈ ਵਿਚਿ ਜੇ ਮਰੈ ਸਹਿਲਾ[੧੪] ਆਇਆ ਸੋਇ॥ ੧॥ ਮਃ ੩॥ ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥ ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ ੨॥ ਪਉੜੀ॥ ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ[੧੫]॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥ ੨੫॥ ਸਲੋਕੁ ਮਃ ੧॥ †ਸਿਰੁ ਖੋਹਾਇ ਪੀਅਹਿ ਮਲਵਾਣੀ[੧੬] ਜੂਠਾ ਮੰਗਿ ਮੰਗਿ ਖਾਹੀ॥ ਫੋਲਿ ਫਦੀਹਤਿ[੧੭] ਮੁਹਿ ਲੈਨਿ ਭੜਾਸਾ[੧੮] ਪਾਣੀ ਦੇਖਿ ਸਗਾਹੀ[੧੯]॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ[੨੦]॥ [੨੧]ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ [੨੨]ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ [੨੩]ਕਿਥਾਊ ਪਾਹੀ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥ ਸਦਾ ਕੁਚੀਲ[੨੪] ਰਹਹਿ ਦਿਨੁ ਰਾਤੀ ਮਥੈ ਟਿਕੇ[੨੫] ਨਾਹੀ॥ [੨੬]ਝੁੰਡੀ ਪਾਇ ਬਹਨਿ ਨਿਤਿ ਮਰਣੈ [੨੭]ਦੜਿ ਦੀਬਾਣਿ ਨ ਜਾਹੀ॥ [੨੮]ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ ਨਾ ਓਇ ਜੋਗੀ ਨਾ ਓਇ ਜੰਗਮ[੨੯] ਨਾ ਓਇ

III-250

੧ ਰਸਤਾ।
੨ ਨਾਸ ਕੀਤਾ।
੩ ਗੁਣਾਂ ਦੀ ਰਾਸ (ਪੂੰਜੀ) ਪਕੜ ਕੇ, ਗ੍ਰਹਿਣ ਕਰ ਕੇ।
੪ ਜੁੱਤੀਆਂ ਪੈਣਗੀਆਂ।
੫ ਵਿਅਰਥ ਬੋਲਣਾ ਹੈ। ਜੋ ਦੁੱਖ ਛੱਡ ਕੇ ਸੁਖ ਮੰਗਣਾ ਹੈ, ਇਹ ਬੋਲਣਾ ਵਿਅਰਥ ਸਿਰ-ਖਪਾਈ ਹੈ। ਹਰੀ ਦੇ ਦਰ ਤੋਂ ਸੁਖ ਤੇ ਦੁੱਖ ਦੋ ਕਪੜੇ ਮਿਲੇ ਹਨ, ਜਿਨ੍ਹਾਂ ਨੂੰ ਮਨੁੱਖ ਪਹਿਨਦੇ ਹਨ। ਜਿਸ ਥਾਂ ਬੋਲਣ (ਇਤਰਾਜ਼ ਕਰਨ) ਨਾਲ ਹਾਰ ਹੀ ਖਾਣੀ ਹੋਵੇ, ਉਥੇ ਚੁੱਪ ਹੀ ਚੰਗੀ ਹੈ; ਭਾਵ ਭਾਣਾ ਮੰਨਣ ਵਿੱਚ ਹੀ ਕਲਿਆਣ ਹੈ।
੬ ਜਿਸ ਨੂੰ ਸਮਝ ਨਾ ਸਕੀਏ।
੭ ਬਣਾ ਕੇ ਸਭ ਦਾ ਧਿਆਨ ਰੱਖਿਆ ਹੈ।
੮ ਧੰਨ ਹੈ!
੯ ਘਰੋਂ ਹੀ, ਹਿਰਦੇ ਵਿੱਚੋਂ ਹੀ।
੧੦ ਗਿਆਨ ਰੂਪ ਦੀਵਾ।
੧੧ ਜੋ ਹਰੀ ਦੇ ਡਰ ਤੋਂ ਖ਼ਾਲੀ ਹਨ, ਉਹਨਾਂ ਨੂੰ ਡਰ ਲੱਗਦਾ ਹੈ ਅਤੇ ਜੋ ਹੰਕਾਰ ਕਰਦੇ ਹਨ ਓਹ ਗਲਦੇ ਹਨ।
੧੨ ਭੂਤਨਾ ਹੋ ਕੇ।
੧੩ ਸੰਸਾਰੀ ਭੈ ਵਿੱਚ।
੧੪ ਸਫਲਾ। ਜੇ ਹਰੀ ਦੇ ਭੈ ਵਿੱਚ ਮਰੇ ਤਾਂ ਉਸ ਦਾ ਜਨਮ ਸਫਲਾ ਹੁੰਦਾ ਹੈ।
੧੫ ਸਰੀਰ ਨੂੰ।
੧੬ ਮੈਲਾ ਪਾਣੀ, ਧੋਣ ਧਾਣ।
੧੭ [ਅਰਬੀ 'ਫਜ਼ੀਅਤ'] ਵਿਸ਼ਟਾ। ਇਸ ਖਿਆਲ ਨਾਲ ਫੋਲਦੇ ਸਨ ਕਿ ਕੋਈ ਕੀੜਾ ਨਾ ਮਰ ਜਾਵੇ।
੧੮ ਹਵਾੜਾਂ।
੧੯ ਸੰਗਦੇ ਹਨ। ਇਸ ਵਿੱਚ ਮਟਕ ਇਹ ਵੀ ਹੈ ਕਿ ਠੰਢ ਦੀ ਉਹਨਾਂ ਨੂੰ ਲੋੜ ਨਹੀਂ।
੨੦ ਸੁਆਹ ਨਾਲ। ਜੈਨੀ ਲੋਕ ਸਿਰ ਦੇ ਵਾਲ ਹੱਥਾਂ ਨਾਲ ਇਕ-ਇਕ ਕਰ ਕੇ ਪੁਟਦੇ ਹਨ, ਤਾਂ ਜੋ ਹੱਥ ਵਾਲਾਂ ਨੂੰ ਸੌਖੇ ਪੈਣ, ਅਤੇ ਹੱਥਾਂ ਨਾਲ ਸੁਆਹ ਮਲ ਲੈਂਦੇ ਹਨ।
੨੧ ਮਾਂ ਪਿਉ ਵਾਲਾ ਕੰਮ-ਕਾਜ ਵਿਸਾਰ ਬੈਠੇ ਹਨ, ਤੇ ਵਿਹਲੇ ਹੋਣ ਕਰਕੇ ਘਰ ਵਾਲੇ ਧਾਹਾਂ ਮਾਰ-ਮਾਰ ਕੇ ਰੋਂਦੇ ਹਨ।
੨੨ ਉਨ੍ਹਾਂ ਨਿਮਿਤ ਪਿੰਡ ਆਦਿਕ ਰੀਤੀ ਕੋਈ ਨਹੀਂ ਕਰਦਾ।
੨੩ ਕਿਥੇ ਪਾਏ ਜਾਣਗੇ ?
੨੪ ਗੰਦੇ।
੨੫ ਤਿਲਕ।
੨੬ ਝੁੰਬ ਮਾਰ ਕੇ, ਝੁੰਗਲ-ਮਾਟਾ ਮਾਰ ਕੇ ਨਿੱਤ ਇਉਂ ਬਹਿੰਦੇ ਹਨ, ਜਿਵੇਂ ਕਿਸੇ ਦੇ ਨੜੋਏ 'ਤੇ ਬੈਠੇ ਹੁੰਦੇ ਹਨ।
੨੭ ਦੜੇ ਦੀਵਾਨ ਵਿੱਚ ਨਹੀਂ ਜਾਂਦੇ।
੨੮ ਲੱਕ ਨਾਲ ਕਾਸਾ (ਪਿਆਲਾ) ਤੇ ਹੱਥੀ ਸੂਤ ਦਾ ਢੁੰਮਣ ਪਾ ਕੇ ਅੱਗੜ-ਪਿੱਛੜ ਚਲਦੇ ਹਨ।
੨੯ ਸ਼ਿਵ ਉਪਾਸ਼ਕਾਂ ਦਾ ਇਕ ਤੁਰਨ ਫਿਰਨ ਵਾਲਾ ਫਿਰਕਾ, ਜੋ ਟੱਲੀ ਖੜਕਾ ਕੇ ਮੰਗਦੇ ਫਿਰਦੇ ਹਨ।

* [ਅਰਬੀ 'ਖ਼ਤਾ'=ਭੁੱਲ] ਖ਼ਤਾ ਤੋਂ। ਪਾਪਾਂ ਕਰਕੇ ਜਨਮ ਵਿੱਚ ਆਏ, ਇਥੇ ਭੀ ਪਾਪ ਕਰਦੇ ਹਨ, ਤੇ ਅੱਗੋਂ ਭੀ (ਪਈ ਕਿਰਤ ਅਨੁਸਾਰ) ਪਾਪਾਂ ਵਿੱਚ ਹੀ ਸਿੱਟੇ ਜਾਣਗੇ। ਇਹ ਪਾਪ ਧੋਤਿਆਂ ਬਿਲਕੁਲ ਨਹੀਂ ਉਤਰਦੇ, ਭਾਵੇਂ ਸੌ ਧੋਣ ਪਾਈਏ। ਹਾਂ, ਰੱਬ ਬਖ਼ਸ਼ੇ ਤਾਂ ਬਖ਼ਸ਼ੇ ਜਾ ਸਕਦੇ ਹਨ, ਨਹੀਂ ਤਾਂ ਜੁੱਤੀਆਂ ਪੈਣਗੀਆਂ।

† ਇਹ ਸਾਰਾ ਸ਼ਲੋਕ ਜੈਨੀਆਂ ਸਰੇਵੜਿਆਂ ਪਰਥਾਇ ਉਚਾਰਿਆ ਹੈ। ਵਹਿਮ ਤੇ ਪਖੰਡ ਦਾ ਕਰੜੇ ਪਰ ਹਾਸ-ਰਸ ਦੇ ਤਰੀਕੇ ਨਾਲ ਖੰਡਨ ਕੀਤਾ ਹੈ।

ਕਾਜੀ ਮੁੰਲਾ ॥ ਦਯਿ[੧] ਵਿਗੋਏ ਫਿਰਹਿ ਵਿਗੁਤੇ [੨]ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ *ਦਾਨਹੁ ਤੈ ਇਸਨਾਨਹੁ ਵੰਜੇ[੩] [੪]ਭਸੁ ਪਈ ਸਿਰਿ ਖੁਥੈ ॥ [੫]ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ [੬]ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ [੭]ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ[੮] ॥ ਮੁਇਆ ਜੀਵਦਿਆ ਗਤਿ[੯] ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ [੧੦]ਵੁਠੈ ਹੋਇਐ ਹੋਇ ਬਿਲਾਵਲੁ[੧੧] [੧੨]ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ[੧੩] ਸਾਧਨ[੧੪] ਦਹੀ ਵਿਲੋਵੈ ॥ ਤਿਤੁ ਘਿਇ[੧੫] ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ †ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ [੧੬]ਸਤ ਚਟੇ ਸਿਰਿ ਛਾਈ ॥ ੧ ॥ ਮਃ ੨ ॥ [੧੭]ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ ਚੰਦ ਅਨੇਰਾ ਕਿ ਕਰੇ [੧੮]ਪਉਣ ਪਾਣੀ ਕਿਆ ਜਾਤਿ ॥ ਧਰਤੀ ਚੀਜੀ[੧੯] ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥ ਨਾਨਕ [੨੦]ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥ ੨ ॥ ਪਉੜੀ ॥ ਤੁਧੁ ਸਚੇ [੨੧]ਸੁਬਹਾਨੁ ਸਦਾ ਕਲਾਣਿਆ[੨੨] ॥ ਤੂੰ ਸਚਾ ਦੀਬਾਣੁ[੨੩] ਹੋਰਿ ਆਵਣ ਜਾਣਿਆ ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ ਕਰਮਿ[੨੪] ਪਵੈ ਨੀਸਾਨੁ ਨ ਚਲੈ ਚਲਾਇਆ ॥ ਤੂੰ ਸਚਾ ਦਾਤਾਰੁ ਨਿਤ ਦੇਵਹਿ [੨੫]ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥ ੨੬ ॥ ਸਲੋਕੁ ਮਃ ੨ ॥ ਦੀਖਿਆ[੨੬] ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ ੧ ॥ ਮਃ ੧ ॥ ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥ [੨੭]ਅਖਰ ਨਾਨਕ ਅਖਿਓ[੨੮] ਆਪਿ ॥ ਲਹੈ ਭਰਾਤਿ[੨੯] ਹੋਵੈ ਜਿਸੁ ਦਾਤਿ ॥ ੨ ॥ ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ[੩੦] ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ[੩੧] ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ[੩੨] ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥ ਸੁਧੁ[੩੩]

੧ ਹਰੀ। ਰੱਬ ਦੇ ਮਾਰੇ ਹੋਏ, ਫਿਟਕੇ ਹੋਏ ਫਿਰਦੇ ਹਨ।
੨ ਸਾਰਾ ਟੋਲਾ ਹੀ ਵਿਗੜਿਆ ਹੋਇਆ ਹੈ; ਸਾਰਾ ਆਵਾ ਹੀ ਊਤਿਆ ਹੋਇਆ ਹੈ ।
੩ ਰਹਿ ਗਏ, ਖਾਲੀ।
੪ ਸੁਆਹ ਪਈ ਇਹੋ ਜਿਹੇ ਸਿਰ ਖੋਹਣ ਦੇ।
੫ ਸਮੁੰਦਰ ਨੂੰ ਦੇਵਤਿਆਂ ਤੇ ਦੈਂਤਾਂ ਨੇ ਰਿੜਕ ਕੇ ੧੪ ਰਤਨ ਕੱਢੇ ਸਨ। ਸੁਮੇਰ ਪਰਬਤ ਨੂੰ ਮਧਾਣੀ ਬਣਾਇਆ ਸੀ ।
੬ ਦੇਵਤਿਆਂ ਦੇ ੬੮ ਤੀਰਥ ਬਣਾਏ ਹਨ ਜਿਥੇ ਪੁਰਬ ਲਗਦੇ ਹਨ ਤੇ ਕਥਾ ਵਾਰਤਾ ਹੁੰਦੀ ਹੈ।
੭ ਨ੍ਹਾਵਣ ਨਾਲ ਨਮਾਜ਼ਾਂ।
੮ ਸਿਆਣੇ।
੯ ਮੁਕਤੀ। ਇਹ ਖ਼ਿਆਲ ਹੈ ਕਿ ਜੰਮਣ ਮਰਣ ਸਮੇਂ ਸਰੀਰ ਨੂੰ ਨਵ੍ਹਾਲਿਆਂ ਹੀ ਗਤੀ ਹੋ ਸਕਦੀ ਹੈ।
੧੦ ਮੀਂਹ ਵੱਸਣ ਨਾਲ।
੧੧ ਖੁਸ਼ੀ, ਅਨੰਦ।
੧੨ ਜੀਵਾਂ ਦੇ ਜੀਵਨ ਦੀ ਜੁਗਤੀ ਪਾਣੀ ਵਿੱਚ ਸਮਾਈ ਹੋਈ ਹੈ। "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ" (ਵਾਰ ਆਸਾ)।
੧੩ ਗਊਆਂ।
੧੪ ਇਸਤਰੀ (ਦਹੀਂ ਰਿੜਕਦੀ ਹੈ)।
੧੫ ਘਿਉ ਦੁਆਰਾ।
੧੬ ਸੱਤ ਬੁਕ ਸੁਆਹ ਉਨ੍ਹਾਂ ਦੇ ਸਿਰ ਵਿੱਚ।
੧੭ ਅੱਗ ਨੂੰ ਪਾਲਾ ਕੀ ਕਰ ਸਕਦਾ ਹੈ?
੧੮ ਜਾਤਿ ਦਾ ਫ਼ਰਕ ਪਉਣ ਪਾਣੀ ਆਦਿ ਕੁਦਰਤੀ ਪਵਿੱਤਰ ਚੀਜ਼ਾਂ ਦਾ ਕੀ ਵਿਗਾੜ ਸਕਦਾ ਹੈ?
੧੯ ਚੀਜ਼ਾਂ, ਭੋਜਨ ਆਦਿਕ ਜੋ ਯੱਗ ਹਵਨ ਸਮੇਂ ਧਰਤੀ ਨੂੰ ਅਰਪਨ ਕੀਤੇ ਜਾਂਦੇ ਹਨ। ਧਰਤੀ ਨੂੰ, ਜਿਸ ਤੋਂ ਚੀਜ਼ਾਂ ਪੈਦਾ ਹੁੰਦੀਆਂ ਹਨ, ਉਹ ਚੀਜ਼ਾਂ ਅਰਪਣ ਵਿੱਚ ਕੀ ਵਡਿਆਈ ਹੈ?
੨੦ ਪਤਿ ਉਹ ਹੈ ਜੋ ਹਰੀ ਵਲੋਂ ਮਿਲੇ। ਆਪਣੇ ਆਪ ਬਣਾਈ ਇੱਜ਼ਤ ਦਾ ਕੀ ਮਾਣ ਹੈ?
੨੧ [ਅਰਬੀ] ਅਸਚਰਜ ਰੂਪ ਕਹਿ ਕੇ ਸਦਾ ਵਡਿਆਈ ਕੀਤੀ ਹੈ।
੨੨ ਗਾਂਵਿਆ ਹੈ।
੨੩ ਹਾਕਿਮ; ਕਚਹਿਰੀ ਲਾਣ ਵਾਲਾ। ਯਥਾ: 'ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ' (ਵਾਰ ਵਡਹੰਸ ਮ: ੪)।
੨੪ ਬਖਸ਼ਿਸ਼ ਦੁਆਰਾ।
੨੫ ਵਧੀਕ ਦੇਈ ਜਾਂਦਾ ਹੈ।
੨੬ ਸਿੱਖਿਆ। ਜਿਨ੍ਹਾਂ ਦਾ ਗੁਰੂ ਨਾਨਕ ਦੇਵ ਹੈ, ਅਤੇ ਜਿਨ੍ਹਾਂ ਨੂੰ ਗੁਰੂ ਨੇ ਸਿਖਿਆ ਦੇ ਕੇ ਸਮਝਾਇਆ ਹੈ ਕਿ ਸੱਚ ਦੁਆਰਾ ਸਿਫ਼ਤ ਵਿੱਚ ਜੁੜ ਜਾਓ, ਉਨ੍ਹਾਂ ਨੂੰ ਹੋਰ ਕੀ ਦੱਸਣ ਦੀ ਲੋੜ ਹੈ।
੨੭ ਹੇ ਨਾਨਕ! ਵਾਹਿਗੁਰੂ ਨੇ ਇਹ ਅੱਖਰ ਆਪ ਆਖਿਆ ਹੈ, ਭਾਵ ਸ਼ਬਦ ਧੁਰੋਂ ਆਇਆ ਹੈ। ਜਿਸ ਨੂੰ ਇਸ ਦੀ ਦਾਤ ਹੋਵੇ; ਉਸ ਦਾ ਭਰਮ ਨਵਿਰਤ ਹੁੰਦਾ ਹੈ।
੨੮ ਆਖਿਆ।
੨੯ ਭਰਮ।
੩੦ ਹਰੀ ਜਸ। ਹਜ਼ੂਰੋਂ ਹੁਕਮ ਹੋਇਆ ਕਿ ਰਾਤ ਦਿਨ ਜਸ ਕਰੋ।
੩੧ ਸਰੋਪਾ।
੩੨ ਫੈਲਾਉ, ਪਰਚਾਰ। ਸ਼ਬਦ ਨੂੰ ਪਰਗਟ ਕਰ ਕੇ ਥਾਂ-ਥਾਂ ਵੰਡਿਆ ਹੈ।
੩੩ ਦੇਖੋ ਪੰਨਾ ੬੧, ਫੁਟ ਨੋਟ ੦।

* ਇਥੋਂ ਲੈ ਕੇ ਪਾਣੀ ਦੇ ਕਈ ਲਾਭ ਦੱਸਦੇ ਹਨ, ਤਾਂ ਕਿ ਪਾਣੀ ਤੋਂ ਸੰਗਣ ਵਾਲੇ ਜੈਨੀਆਂ ਨੂੰ ਮਤ ਆਵੇ।

† ਗੁਰੂ ਸਮੁੰਦਰ ਹੈ ਤੇ ਉਸ ਦੀ ਸਿੱਖੀ (ਭਾਵ ਸਿੱਖ ਸੰਗਤਾਂ) ਨਦੀਆਂ ਹਨ, ਜਿਨ੍ਹਾਂ ਵਿੱਚ ਨ੍ਹਾਤਿਆਂ ਵਡਿਆਈ ਮਿਲਦੀ ਹੈ। ਭਾਵ ਇਹ ਕਿ ਗੁਰੂ ਜੀ ਇਨ੍ਹਾਂ ਸਰੇਵੜਿਆਂ ਨੂੰ ਦੇਖ ਕੇ ਜੀਅ ਵਿੱਚ ਖਿਆਲ ਕਰਦੇ ਹਨ ਕਿ ਇਹ ਲੋਕ ਭਰਮ ਵਿੱਚ ਪਏ ਹੋਏ ਗੰਦੇ ਹੋ ਰਹੇ ਹਨ; ਪਰ ਜੇ ਇਹ ਗੁਰੂ ਦੀ ਜਾਂ ਸਿੱਖਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਦੇ, ਤਾਂ ਸ਼ੁੱਧ ਹੋ ਕੇ ਇਹ ਵਹਿਮ ਛੱਡ ਦਿੰਦੇ।

ਰਾਗੁ ਗਉੜੀ ਗੁਆਰੇਰੀ
ਮਹਲਾ ੧ ਚਉਪਦੇ ਦੁਪਦੇ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਭਉ ਮੁਚੁ[੧] ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ ੧ ॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥ [੨]ਭੈ ਭਉ ਰਾਖਿਆ ਭਾਇ ਸਵਾਰਿ ॥ ੧ ॥ ਰਹਾਉ ॥ [੩]ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ *ਭੈ ਬਿਨੁ ਘਾੜਤ ਕਚੁ ਨਿਕਚ[੪] ॥ ਅੰਧਾ ਸਚਾ[੫] ਅੰਧੀ ਸਟ[੬] ॥ ੨ ॥ [੭]ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ[੮] ॥ [੯]ਅੰਧਾ ਅਖਰੁ ਵਾਉ ਦੁਆਉ ॥ ੩ ॥ ੧ ॥ ਗਉੜੀ ਮਹਲਾ ੧ ॥ [੧੦]ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ[੧੧] ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥ ੧ ॥ ਡਰੀਐ ਜੇ ਡਰੁ ਹੋਵੈ ਹੋਰੁ ॥ [੧੨]ਡਰਿ ਡਰਿ ਡਰਣਾ ਮਨ ਕਾ ਸੋਰੁ ॥ ੧ ॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ ੨ ॥ ਹੰਸੁ ਹੇਤੁ ਆਸਾ [੧੩]ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ [੧੪]ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥ ੩ ॥ [੧੫]ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ[੧੬] ਬੀਚਾਰੁ ॥ ੪ ॥ ੨ ॥ ਗਉੜੀ ਮਹਲਾ ੧ ॥ ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ[੧੭] ॥ ੧ ॥

੧ ਬਹੁਤਾ। ਹਰੀ ਦਾ ਡਰ ਬਹੁਤਾ ਭਾਰਾ ਹੈ ਤੇ ਵੱਡੇ ਤੋਲ ਵਾਲਾ ਹੈ; ਭਾਵ ਹਰੀ ਦੇ ਡਰ ਤੋਂ ਗੰਭੀਰਤਾ ਤੇ ਵਡਿਆਈ ਪ੍ਰਾਪਤ ਹੁੰਦੀ ਹੈ। ਦੂਜੇ ਪਾਸੇ ਮਨਮਤਿ ਹੌਲੀ ਹੈ, ਤੇ ਬੋਲ ਬੋਲਦੀ ਹੈ, ਭਾਵ ਆਪਹੁਦਰਾ ਆਦਮੀ ਹੋਛਾ ਹੈ ਤੇ ਖਾਲੀ ਗੱਲਾਂ ਹੀ ਗੱਲਾਂ ਕਰਦਾ ਹੈ। "ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ" (ਬਿਲਾਵਲੁ ਅ: ਮ: ੧) ਇਸ ਡਰ ਨੂੰ ਸਿਰ 'ਤੇ ਧਰ ਕੇ ਚਲੀਏ ਤੇ ਤਕੜੇ ਹੋ ਕੇ ਇਸ ਦਾ ਭਾਰ ਸਹਾਰੀਏ ਤਾਂ ਉਸ ਨਦਰ ਵਾਲੇ ਦੀ ਬਖਸ਼ਿਸ਼ ਨਾਲ ਗੁਰਾਂ ਦੀ ਵੀਚਾਰ ਮਿਲਦੀ ਹੈ।

੨ ਭੈ ਵਿੱਚ ਰਹਿ ਕੇ ਉਸ ਭਉ ਨੂੰ ਪ੍ਰੇਮ ਨਾਲ ਸਵਾਰ ਕੇ ਰੱਖਿਆ ਹੈ। ਇਥੇ ਭਉ ਦਾ ਅਰਥ ਭੈ ਵਾਲਾ ਜੀਵਣ ਹੈ।

੩ ਸਰੀਰ ਵਿੱਚ ਜੋ ਭੈ ਰੂਪ ਅਗਨੀ ਹੈ, ਉਹ ਭੈ ਨਾਲ ਵਧੇਰੇ ਬਲਦੀ ਹੈ। ਭੈ ਵਿੱਚ ਰਹਿ ਕੇ ਉਸ ਭਉ ਨੂੰ ਸ਼ਬਦ ਦਵਾਰਾ ਸਵਾਰ ਕੇ ਘੜੀਏ।

੪ ਬਿਲਕੁਲ ਕੱਚੀ।

੫ ਕਾਲਬ, ਸਾਂਚਾ ਜਿਸ ਵਿੱਚ ਕੋਈ ਚੀਜ਼ ਢਾਲੀ ਜਾਂਦੀ ਹੈ।

੬ ਚੋਟ। ਅਗਿਆਨਤਾ ਦੀ ਚੋਟ।

੭ ਅਗਿਆਨੀ ਦੀ ਬੁੱਧੀ ਸੰਸਾਰਕ ਖੇਡ ਵਿੱਚ ਲੱਗੀ ਹੈ ਤੇ ਖੁਸ਼ ਹੁੰਦੀ ਹੈ। ਭਾਵੇਂ ਹਜ਼ਾਰਾਂ ਸਿਆਣਪਾਂ ਕਰੇ ਪਰ ਭੈ ਰੂਪ ਅੱਗ ਦਾ ਤਾਉ (ਸੇਕ) ਨਹੀਂ ਲੱਗਦਾ, ਭਾਵ ਉਨ੍ਹਾਂ ਦਾ ਮਨ ਢਲਦਾ ਨਹੀਂ।

੮ ਫ਼ਜ਼ੂਲ।

੯ ਉਨ੍ਹਾਂ ਦਾ ਅੱਖਰ (ਉਪਦੇਸ਼) ਅੰਨ੍ਹਾ (ਬੇਅਰਥ) ਹੈ ਅਤੇ ਨਿਰਾ ਰੋਲ ਘਚੋਲਾ ਹੈ। ਦੇਖੋ ਪੰ: ੧੬, ਨੋਟ ੧੨।

੧੦ ਹਰੀ ਦੇ ਡਰ ਕਰ ਕੇ ਸਰੂਪ ਦੀ ਲੱਖਤਾ ਹੁੰਦੀ ਹੈ ਤੇ ਹਿਰਦੇ ਵਿੱਚ ਐਸਾ ਡਰ ਆ ਵੱਸਦਾ ਹੈ, ਜਿਸ ਡਰ ਨਾਲ ਹੋਰ ਡਰ ਚਲਾ ਜਾਂਦਾ ਹੈ। ਉਹ ਡਰ ਹਰੀ ਦਾ ਕੀ ਹੋਇਆ, ਜਿਸ ਡਰ ਹੋਣ ਨਾਲ ਵੀ ਹੋਰ ਡਰ ਨੇੜੇ ਆ ਸਕੇ!

੧੧ ਥਾਂ।

੧੨ ਕਿਸੇ ਹੋਰ ਡਰ ਤੋਂ ਡਰ ਕੇ ਡਰਨਾ ਜੋ ਹੈ, ਇਹ ਮਨ ਦਾ ਸ਼ੋਰ ਹੈ, ਭਾਵ ਮਨ ਦੇ ਟਿਕਾਣੇ 'ਤੇ ਨਾ ਹੋਵਣ ਦੀ ਨਿਸ਼ਾਨੀ ਹੈ।

੧੩ ਕਿਸੇ ਨੂੰ ਆਪਣੇ ਸਮਾਨ ਨਾ ਸਮਝਣਾ, ਹੰਕਾਰ, ਨਿਰਦੈਤਾ, ਮੋਹ; ਆਸਾ ਅਤੇ ਹੰਕਾਰ ਜਿਥੇ ਵਸਦੇ ਹਨ ਉੱਥੇ ਵਿਕਾਰਾਂ ਲਈ ਭੁੱਖ ਨਦੀ ਦੇ ਪ੍ਰਵਾਹ ਵੱਤ ਵੱਡੀ ਹੈ।

੧੪ ਨਦੀ ਸਮਾਨ।

੧੫ ਜਿਸ ਦਾ ਕੋਈ ਹੁੰਦਾ ਹੈ, ਉਸ ਦਾ ਕੋਈ-ਕੋਈ ਹੀ ਹੁੰਦਾ ਹੈ, ਭਾਵ ਹਰ ਇਕ ਦਾ ਹਰ ਕੋਈ ਨਹੀਂ ਹੁੰਦਾ, ਪਰ ਤੂੰ (ਹਰੀ) ਸਭ ਦਾ ਹੈਂ ਅਤੇ ਸਭ ਤੇਰੇ ਹਨ।

੧੬ ਔਖਾ। ਵਰਣਨ ਕਰਨਾ ਮੁਸ਼ਕਲ ਹੈ।

੧੭ ਖਾਸ। ਸੱਚ ਨੂੰ ਭਰਾ ਬਣਾਓ। ਇਹ ਖ਼ਾਸ ਸੰਬੰਧ ਹਨ।

* ਵਾਹਿਗੁਰੂ ਦੇ ਭੈ ਤੋਂ ਬਿਨਾਂ (ਆਪਣੀ ਮਤ ਦੇ ਆਸਰੇ) ਜੋ ਆਚਰਣ ਘੜਿਆ ਜਾਂਦਾ ਹੈ, ਉਹ ਬਿਲਕੁਲ ਕੱਚਾ ਹੁੰਦਾ ਹੈ। ਜਿਸ ਸਾਂਚੇ ਵਿੱਚ ਮਨੁੱਖ ਢਲਦਾ ਹੈ ਉਹ ਭੀ ਕਿਸੇ ਆਦਰਸ਼ ਵਾਲਾ ਨਹੀਂ ਹੁੰਦਾ, ਐਵੇਂ ਅੰਨ੍ਹੇ ਵਾਹ ਕਿਸੇ ਸ਼ਕਲ ਦਾ ਬਣ ਜਾਂਦਾ ਹੈ, ਅਤੇ ਉਤੇ ਸੱਟਾਂ ਭੀ ("ਵੇਦ ਹਥਿਆਰ" ਦੀਆਂ ਨਹੀਂ) ਅੰਨ੍ਹੇ ਵਾਹ ਹੀ ਪੈਂਦੀਆਂ ਹਨ-ਕਿਸੇ ਬੱਝਵੀਂ ਵਿਉਂਤ ਵਾਲੀਆਂ ਸੱਟਾਂ ਤਦ ਪੈਣ ਜੇ ਕਿਸੇ ਖਾਸ ਸ਼ਕਲ ਵਿੱਚ ਢਾਲਣਾ ਹੋਵੇ।

[੧]ਕਹਣਾ ਹੈ ਕਿਛੁ ਕਹਣੁ ਨ ਜਾਇ ॥ [੨]ਤਉ ਕੁਦਰਤਿ ਕੀਮਤਿ ਨਹੀ ਪਾਇ ॥ ੧ ॥ ਰਹਾਉ ॥ ਸਰਮ ਸੁਰਤਿ ਦੁਇ ਸਸੁਰ[੩] ਭਏ ॥ [੪]ਕਰਣੀ ਕਾਮਣਿ ਕਰਿ ਮਨ ਲਏ ॥ ੨ ॥ [੫]ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ[੬] ਕਹੁ ਨਾਨਕ ਜੋਗੁ ॥ ੩ ॥ ੩ ॥ ਗਉੜੀ ਮਹਲਾ ੧ ॥ ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ[੭] ਬੁਧਿ ਕਾ ਖੇਲੁ ॥ [੮]ਨਉ ਦਰਵਾਜੇ *ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧ ॥ ਕਥਤਾ ਬਕਤਾ[੯] ਸੁਨਤਾ ਸੋਈ ॥ [੧੦]ਆਪੁ ਬੀਚਾਰੇ ਸੁ ਗਿਆਨੀ ਹੋਈ ॥ ੧ ॥ ਰਹਾਉ ॥ ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ [੧੧]ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ[੧੨] ॥ ੨ ॥ ਜੈ ਕਾਰਣਿ [੧੩]ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥ ੩ ॥ ਹਉ ਨ ਮੂਆ ਮੇਰੀ ਮੁਈ ਬਲਾਇ[੧੪] ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ[੧੫] ਨਦਰਿ ਨ ਆਇਆ ॥ ੪ ॥ ੪ ॥ ਗਉੜੀ ਮਹਲਾ ੧ ਦਖਣੀ ॥ ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ[੧੬] ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥ ੧ ॥ ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ[੧੭] ॥ ੧ ॥ ਰਹਾਉ ॥ [੧੮]ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ[੧੯] ॥ ਕਾਮੁ ਕ੍ਰੋਧੁ [੨੦]ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥ ੨ ॥ ਸਾਚੇ ਗੁਰ ਕੀ ਸਾਚੀ ਸੀਖ[੨੧] ॥ ਤਨੁ ਮਨੁ ਸੀਤਲੁ[੨੨] ਸਾਚੁ ਪਰੀਖ[੨੩] ॥ ਜਲ ਪੁਰਾਇਨਿ[੨੪] ਰਸ ਕਮਲ ਪਰੀਖ ॥ ਸਬਦਿ ਰਤੇ [੨੫]ਮੀਠੇ ਰਸ ਈਖ ॥ ੩ ॥ ਹੁਕਮਿ ਸੰਜੋਗੀ ਗੜਿ[੨੬] ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥ [੨੭]ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥ ੪ ॥ ੫ ॥ ਗਉੜੀ ਮਹਲਾ ੧ ॥ [੨੮]ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ[੨੯] ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ[੩੦] ਸਹਜਿ ਸਮਾਵੈ ॥ ੧ ॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ[੩੧] ਨਾਮੁ ਨਰਹਰ ਨਿਹਕਾਮੁ ॥ ੧ ॥ ਰਹਾਉ ॥ ਸਹਜੇ[੩੨] ਆਵੈ ਸਹਜੇ ਜਾਇ ॥ [੩੩]ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ[੩੪] ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥ ੨ ॥ [੩੫]ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੂਖੀਆ ਮਨਿ ਮੋਹ ਵਿਣਾਸੁ ॥ ਸਾਝ[੩੬] ਬਿਹਾਗ[੩੭] ਤਕਹਿ ਆਗਾਸੁ ॥ [੩੮]ਦਹ ਦਿਸਿ ਧਾਵਹਿ ਕਰਮਿ

੧ ਆਖ-ਆਖ ਕੇ ਏਵੇਂ ਗਵਾਣਾ ਹੀ ਹੈ, ਕਿਉਂਕਿ ਉਹ ਕਥਨ ਤੋਂ ਰਹਿਤ ਹੈ।
੨ ਤੇਰੀ ਕੁਦਰਤ ਦੀ ਕੀਮਤ ਨਹੀਂ ਪਾ ਸਕੀਦੀ।
੩ ਸੱਸ, ਸਹੁਰਾ।
੪ ਹੇ ਮਨ, ਕਰਣੀ ਨੂੰ ਇਸਤਰੀ ਬਣਾ।
੫ ਸਤਸੰਗ ਦਾ ਮੇਲ ਹੋਵੇ 'ਸਾਹਾ' ਤੇ ਸੰਸਾਰ ਵੱਲੋਂ ਉਪਰਾਮਤਾ ਹੋਵੇ 'ਵਿਆਹ' ।
੬ ਸੰਤਾਨ। ਸੱਚ ਨੂੰ ਸੰਤਾਨ ਬਣਾਓ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਇਹ ਸੰਬੰਧ ਠੀਕ ਹੈ।
੭ ਇਕ ਥਾਂ ਨਾ ਠਹਿਰਨ ਵਾਲੀ। ਇਸ ਤੱਤਾਂ ਦੇ ਸਰੀਰ ਵਿੱਚ ਚੰਚਲ ਬੁੱਧੀ ਖੇਲ ਕਰ ਰਹੀ ਹੈ।
੮ ਅੱਖ, ਮੂੰਹ ਆਦਿ ੯ ਗੋਲਕਾਂ।
੯ ਵਕਤਾ, ਬੋਲਦਾ।
੧੦ ਜੋ ਆਪਾ ਸਮਝੇ ਉਸ ਨੂੰ ਇਹ ਗਿਆਨ ਹੁੰਦਾ ਹੈ।
੧੧ ਉਹ ਸੁਰਤਿ (ਸਰੀਰ), ਜੋ ਹਉਂ ਤੇ ਵਾਦ-ਵਿਵਾਦ ਦੇ ਆਸਰੇ ਕਾਇਮ ਸੀ, ਖਤਮ ਹੋ ਗਈ। ਪਰੰਤੂ, ਇਸ ਦੇ ਅੰਦਰ ਜੋ ਵੇਖਣ ਵਾਲੀ ਸ਼ਕਤੀ ਹੈ, ਉਹ ਨਹੀਂ ਮਰੀ, ਕਾਇਮ ਦਾਇਮ ਹੈ।
੧੨ ਜੋ ਸਾਖੀ ਹੈ, ਚੇਤਨ ਆਤਮਾ।
੧੩ ਤੀਰਥਾਂ ਦੇ ਕਿਨਾਰੇ।
੧੪ ਅਵਿਦਿਆ ਰੂਪ ਬਲਾ।
੧੫ ਜੰਮਦਾ। ਹੁਣ ਜੰਮਦਾ ਮਰਦਾ ਕੋਈ ਨਹੀਂ ਦਿੱਸਦਾ, ਭਾਵ ਇਕ ਹਰੀ ਦੀ ਖੇਡ ਪਰਤੀਤ ਹੋ ਰਹੀ ਹੈ।
੧੬ ਥਾਂ।
੧੭ ਕਾਲ ਨੇ, ਮੌਤ ਨੇ।
੧੮ ਅਸਲੀ ਖੇਤੀ ਤੇ ਵਣਜ ਨਾਮ ਦੀ ਓਟ ਹੈ।
੧੯ ਪੋਟਲੀ। ਮਨੁੱਖ ਪਾਪ ਪੁੰਨ ਰੂਪ ਬੀਜ ਦੀ ਪੋਟਲੀ ਹੈ।
੨੦ ਅੰਤਸ਼ਕਰਣ ਵਿੱਚ।
੨੧ ਸਿੱਖਿਆ।
੨੨ ਠੰਢਾ।
੨੩ ਪਰਖ।
੨੪ ਚੌਪੱਤੀ। ਜਲ ਉਪਰ ਚੌਪੱਤੀ ਅਤੇ ਰਸ (ਪਾਣੀ) ਅੰਦਰ ਕਮਲ ਵਾਂਗ ਨਿਰਲੇਪ ਹੋਣਾ ਉਸ ਦੀ ਪਰਖ ਹੈ।
੨੫ ਕਮਾਦ ਦੇ ਰਸ ਵਾਂਗ ਮਿੱਠੇ।
੨੬ (ਸਰੀਰ ਰੂਪ) ਕਿਲ੍ਹੇ ਵਿੱਚ। ਉਸ ਦੇ ਹੁਕਮ ਵਿੱਚ ਸੰਜੋਗਾਂ ਨਾਲ ਸਰੀਰ ਵਿੱਚ ਦਸ ਦੁਆਰੇ ਹੋਏ। ਪੰਜ ਤੱਤ ਇਕੱਠੇ (ਜੀਵਾਤਮਾ) ਅਪਾਰ ਜੋਤ ਨਾਲ ਮਿਲ ਕੇ ਵਸਦੇ ਹਨ।
੨੭ ਆਪ ਹਰੀ ਵਣਜਾਰਾ ਹੈ ਤੇ ਆਪ ਹੀ ਸੌਦਾ ਹੋ ਕੇ ਤੁਲ ਰਿਹਾ ਹੈ।
੨੮ ਜੰਮਦਾ ਮਰਦਾ ਹੈ ਜੀਵ; ਇਹ ਕਿਥੋਂ ਆਉਂਦਾ ਹੈ?
੨੯ ਪੈਦਾ ਹੁੰਦਾ ਹੈ।
੩੦ ਅਵਿਨਾਸੀ ਹਰੀ ਵਿੱਚ।
੩੧ [ਨਰਸਿੰਘ] ਵਾਹਿਗੁਰੂ। ਜੋ ਹਰੀ ਦਾ ਨਾਮ ਜਪਦਾ ਹੈ ਉਹ ਹਰੀ ਰੂਪ ਹੋ ਕੇ ਨਿਸ਼ਕਾਮ ਹੁੰਦਾ ਹੈ।
੩੨ ਕੁਦਰਤੀ ਪ੍ਰਬੰਧ ਅਨੁਸਾਰ।
੩੩ ਮਨ ਦੇ ਸੰਕਲਪਾਂ ਵਿਕਲਪਾਂ ਅਨੁਸਾਰ ਮਨੁੱਖ ਜਨਮ ਲੈਂਦਾ ਹੈ ਤੇ ਇਸੇ ਤਰ੍ਹਾਂ ਸਮਾਂਦਾ ਹੈ।
੩੪ ਗੁਰੂ ਦੀ ਸਿਖਿਆ ਦੁਆਰਾ।
੩੫ ਸੰਸਾਰ ਰੂਪ ਰੁਖ 'ਤੇ ਬਹੁਤ ਜੀਵ-ਪੰਛੀ ਰਾਤ ਵੇਲੇ ਆ ਵਾਸਾ ਕਰਦੇ ਹਨ। ਕੋਈ ਸੁਖੀ ਤੇ ਕੋਈ ਦੁਖੀ, ਮਨ ਵਿੱਚ ਮੋਹ ਹੋਣ ਕਰਕੇ ਨਾਸ ਹੁੰਦੇ ਹਨ।
੩੬ ਰਾਤ।
੩੭ ਸਵੇਰ। ਰਾਤ ਪਿਛੋਂ ਦਿਨ ਚੜ੍ਹੇ ਫਿਰ ਆਕਾਸ਼ ਨੂੰ ਤੱਕਦੇ ਹਨ, ਭਾਵ ਮੁੜ ਉਹੋ ਭਟਕਣਾ ਸ਼ੁਰੂ ਹੋ ਜਾਂਦੀ ਹੈ।
੩੮ ਲਿਖੇ ਕਰਮਾਂ ਅਨੁਸਾਰ ਸਾਰੇ ਪਾਸੇ ਭਜਦੇ ਹਨ।

* ਮਨ ਦੀ ਉਹ ਹਾਲਤ ਜਿਸ ਰਾਹੀਂ ਵਾਹਿਗੁਰੂ ਅਨੁਭਵ ਹੁੰਦਾ ਹੈ, ਉਸ ਨੂੰ ਦਸਮ ਦੁਆਰ ਆਖਿਆ ਹੈ। ਦੇਖੋ ਪੰਨਾ ੧੨੪, ਨੋਟ ੧੭।

ਲਿਖਿਆਸੁ ॥ ੩ ॥ ਨਾਮ ਸੰਜੋਗੀ ਗੋਇਲਿ[੧] ਥਾਟੁ[੨] ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ[੩] ॥ [੪]ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ [੫]ਬਜਰ ਕਪਾਟ ॥ ੪ ॥ [੬]ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ[੭] ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ [੮]ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥ ੫ ॥ ੬ ॥ ਗਉੜੀ ਮਹਲਾ ੧ ॥ ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ[੯] ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ[੧੦] ॥ ੧ ॥ ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥ ੧ ॥ ਰਹਾਉ ॥ ਅਗਨਿ ਪਾਣੀ ਬੋਲੈ ਭੜਵਾਉ[੧੧] ॥ ਜਿਹਵਾ ਇੰਦ੍ਰੀ ਏਕੁ ਸੁਆਉ[੧੨] ॥ [੧੩]ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ[੧੪] ਮਾਰੇ ਤਾ ਪਾਏ ਨਾਉ ॥ ੨ ॥ ਸਬਦਿ ਮਰੈ ਫਿਰਿ ਮਰਣੁ ਨ ਹੋਇ ॥ [੧੫]ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ[੧੬] ਵਿਆਪਿ ਰਹਿਆ ਮਨੁ ਦੋਇ[੧੭] ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥ ੩ ॥ [੧੮]ਬੋਹਿਥਿ ਚੜਉ ਜਾ ਆਵੈ ਵਾਰੁ ॥ [੧੯]ਠਾਕੇ ਬੋਹਿਥ ਦਰਗਹ ਮਾਰ ॥ [੨੦]ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ [੨੧]ਦਰਿ ਘਰਿ ਏਕੰਕਾਰੁ ॥ ੪ ॥ ੭ ॥ ਗਉੜੀ ਮਹਲਾ ੧ ॥ *ਉਲਟਿਓ ਕਮਲੁ[੨੨] ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ [੨੩]ਗਗਨਿ ਦਸ ਦੁਆਰਿ ॥ [੨੪]ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥ ੧ ॥ ਰੇ ਮਨ ਮੇਰੇ ਭਰਮੁ ਨ ਕੀਜੈ ॥ [੨੫]ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥ [੨੬]ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ[੨੭] ਮੂਆ [੨੮]ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ [੨੯]ਘਰ ਤੇ ਜਾਨਿਆ ॥ ੨ ॥ ਜਤੁ ਸਤੁ ਤੀਰਥੁ ਮਜਨੁ[੩੦] ਨਾਮਿ ॥ [੩੧]ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ [੩੨]ਨਰ ਨਾਰਾਇਣ ਅੰਤਰਜਾਮਿ ॥ ੩ ॥ [੩੩]ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ[੩੪] ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ[੩੫] ਸਮਾਉ ॥ ੪ ॥ ੮ ॥ ਗਉੜੀ ਮਹਲਾ ੧ ॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ [੩੬]ਮਰਣ ਰਹਣ ਰਸੁ ਅੰਤਰਿ ਭਾਏ ॥ [੩੭]ਗਰਬੁ ਨਿਵਾਰਿ ਗਗਨ ਪੁਰੁ ਪਾਏ ॥ ੧ ॥ ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥ ੧ ॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ[੩੮] ਭਾਗੈ ॥ [੩੯]ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ[੪੦] ॥ ੨ ॥ ਸਤਿਗੁਰਿ ਮਿਲਿਐ [੪੧]ਸਚ ਸੰਜਮਿ ਸੂਚਾ ॥ [੪੨]ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ[੪੩] ॥ ੩ ॥ ਗੁਰਿ ਮਿਲਿਐ ਮਿਲਿ ਅੰਕਿ[੪੪] ਸਮਾਇਆ ॥ ਕਰਿ ਕਿਰਪਾ [੪੫]ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥ ੪ ॥ ੯ ॥

੧ ਬਰਸਾਤ ਰੁੱਤ ਵਿੱਚ ਗਊਆਂ ਲਈ ਹਰਾ ਘਾਹ ਚਰਨ ਦੀ ਥਾਂ।
੨ ਬਣਾਵਟ, ਰਚਨਾ, ਠਟੀ। ਜੋ ਨਾਮ ਸੰਜੋਗੀ ਹਨ ਓਹ ਸੰਸਾਰ ਨੂੰ ਗੋਇਲ ਵਿੱਚ ਦੀ ਕੱਚੀ ਝੁੱਗੀ ਵਾਂਗ ਸਮਝਦੇ ਹਨ ਜੋ ਥੋੜ੍ਹਿਆਂ ਦਿਨਾਂ ਦੇ ਰਹਿਣ ਲਈ ਕਾਨਿਆਂ ਆਦਿ ਦੀ ਬਣਾਈ ਹੁੰਦੀ ਹੈ।
੩ ਮੱਟ, ਘੜਾ (ਜ਼ਹਿਰ ਦਾ)।
੪ (ਨਾਮ ਦੇ) ਸੌਦੇ ਬਿਨਾਂ ਘਰ ਤੇ ਹੱਟੀ ਸੱਖਣੇ ਹਨ।
੫ ਕਰੜੇ ਤਖ਼ਤੇ (ਦਰਵਾਜ਼ੇ) ਅਗਿਆਨਤਾ ਦੇ।
੬ ਪਿਛਲੇ ਭਾਗਾਂ ਕਰ ਕੇ ਗੁਰੂ ਮਿਲਦਾ ਹੈ।
੭ ਖਿੜੇ।
੮ ਸੁਭਾਵਕ ਹੀ (ਹਰੀ ਨੂੰ ਲੈਂਦੇ ਹਨ ਆਪਣਾ ਤਨ ਮਨ ਹਵਾਲੇ ਕਰਕੇ)।
੯ ਮੋਹ। ਝੂਠ ਦੇ ਵਿਕਾਰ ਵਿੱਚ ਉਸ ਦਾ ਮੋਹ ਵਾਲਾ ਚਿੱਤ ਜਾਗਦਾ ਰਹਿੰਦਾ ਹੈ।
੧੦ ਸੁਚੇਤ, ਪਵਿੱਤਰ। ਮਨ ਵਿੱਚ ਪਵਿੱਤਰ ਨਾਮ ਰੱਖ ਕੇ ਤਾਰੀ ਤਰ ਜਾ, ਭਾਵ ਭਵਜਲ ਤੋਂ ਪਾਰ ਹੋ ਜਾ।
੧੧ ਸੁਆਸ। ਅੱਗ ਤੇ ਪਾਣੀ ਦੇ ਮੇਲ ਕਰਕੇ ਪ੍ਰਾਣ ਭੜ-ਭੜ ਕਰ ਕੇ ਬੋਲਦੇ ਹਨ, ਭਾਵ ਜੀਵ ਅੱਗ ਪਾਣੀ ਦੇ ਬਲ ਕਰ ਕੇ ਚੰਗਾ-ਮੰਦਾ ਬੋਲਦਾ ਹੈ।
੧੨ ਸਵਾਦ। ਜੀਭ ਆਦਿਕ ਇੰਦ੍ਰਿਆਂ ਨੂੰ ਇਕ-ਇਕ ਰਸ ਹੈ।
੧੩ ਨਜ਼ਰ ਮਾੜੀ ਹੋਣ ਕਰਕੇ ਨਾ ਵਾਹਿਗੁਰੂ ਦਾ ਡਰ ਹੈ ਨਾ ਪ੍ਰੇਮ।
੧੪ ਆਪਾ ਭਾਵ, ਹੰਕਾਰ।
੧੫ ਹਉਮੈ ਵਲੋਂ ਮੋਇ ਬਿਨਾਂ ਪੂਰਨਤਾ ਨੂੰ ਕਿਵੇਂ ਪਹੁੰਚ ਸਕਦਾ ਹੈ?
੧੬ ਮਾਇਆ ਦੇ ਛਲ ਵਿੱਚ।
੧੭ ਦ੍ਵੈਤ ਵਿੱਚ।
੧੮ ਮੈਂ (ਭਵਜਲ ਤੋਂ ਪਾਰ ਹੋਣ ਲਈ) ਨਾਮ ਰੂਪੀ ਜਹਾਜ਼ ਉੱਤੇ ਤਦ ਚੜ੍ਹ ਸਕਦਾ ਹਾਂ ਜਦੋਂ ਮੇਰੀ ਵਾਰੀ ਆਵੇ, ਜਦ ਅਵਸਰ ਮਿਲੇ।
੧੯ ਜੋ ਚੜ੍ਹਨੋਂ ਰੋਕੇ ਗਏ ਹਨ, ਉਨ੍ਹਾਂ ਨੂੰ ਦਰਗਾਹੋਂ ਮਾਰ ਹੈ, ਓਹ ਧੁਰੋਂ ਹੀ ਧੱਕੇ ਹੋਏ ਹਨ।
੨੦ ਧੰਨ ਗੁਰੂ ਦਾ ਦੁਆਰਾ ਹੈ, ਜਿਥੇ ਸਤਿ ਸਰੂਪ ਹਰੀ ਨੂੰ ਸਲਾਹੁੰਦਾ ਹਾਂ।
੨੧ ਭਾਵ ਸਭ ਥਾਂਈਂ ਇਕ ਹਰੀ ਦਿੱਸਦਾ ਹੈ।
੨੨ ਹਿਰਦੇ ਰੂਪ ਕਮਲ ਮਾਯਾ ਵਲੋਂ ਉਲਟਿਆ ਹੈ।
੨੩ ਹਿਰਦੇ ਅਕਾਸ਼ ਵਿੱਚ ਭਾਵ ਦਸਮ ਦੁਆਰ ਵਿੱਚ।
੨੪ ਤਿੰਨਾਂ ਭਵਣਾਂ (ਸਾਰੇ ਸੰਸਾਰ) ਨੂੰ ਆਪ ਹਰੀ ਨੇ ਵਿੰਨ੍ਹਿਆ, ਭਾਵ ਸਭ ਥਾਂਈਂ ਵਿਆਪਕ ਦਿੱਸਦਾ ਹੈ। ਮੁਰਾਰਿ= (ਮੁਰ ਰਾਖਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ) ਵਾਹਿਗੁਰੂ।
੨੫ ਮਨ ਦੀ ਨਿਸ਼ਾ ਹੋਣ 'ਤੇ ਬ੍ਰਹਮਾਨੰਦ ਦਾ ਅੰਮ੍ਰਿਤ ਪੀਵੀਦਾ ਹੈ। ਇਹ ਮਨ ਦੀ ਨਿਸ਼ਾ ਕਿਵੇਂ ਹੁੰਦੀ ਹੈ? ਇਹ ਅਗਲੀ ਤੁਕ ਵਿੱਚ ਦੱਸਿਆ ਹੈ।
੨੬ ਜੀਵਤ ਭਾਵ ਨੂੰ ਜਿੱਤ ਕੇ ਮਰਨ ਨਾਲ ਮਨ ਦੀ ਨਿਸ਼ਾ ਹੁੰਦੀ ਹੈ।
੨੭ ਆਪਾ ਭਾਵ ਤੋਂ।
੨੮ ਮਨ ਨੂੰ ਮਨ ਤੋਂ ਹੀ ਸੋਝੀ ਹੋਈ ਹੈ, ਭਾਵ ਸਰੂਪ ਨੂੰ ਪਛਾਣ ਕੇ ਮਨ ਪਤੀਜ ਗਿਆ ਹੈ।
੨੯ ਹਿਰਦੇ ਵਿੱਚੋਂ।
੩੦ ਪੁਰਬੀ ਦਾ ਇਸ਼ਨਾਨ।
੩੧ ਬਹੁਤ ਖਿਲਾਰੇ ਅਡੰਬਰ।
੩੨ ਜਦ ਵਾਹਿਗੁਰੂ ਅੰਦਰ ਦੀਆਂ ਜਾਣਨ ਵਾਲਾ ਹੈ।
੩੩ ਜੇ ਹੋਰ ਕਿਸੇ ਨੂੰ ਮੰਨਦਾ ਹੋਵਾਂ ਤਾਂ।
੩੪ ਮੰਗਾਂ।
੩੫ ਦੇਖੋ ਪੰਨਾ ੬੮।
੩੬ ਜੀਵਤ ਭਾਵ ਤੋਂ ਮਰਨ 'ਤੇ ਇਸ ਤਰ੍ਹਾਂ ਰਹਿਣ ਦਾ ਅਨੰਦ ਅੰਦਰ ਚੰਗਾ ਲੱਗਦਾ ਹੈ।
੩੭ ਹੰਕਾਰ ਦੂਰ ਕਰਕੇ ਦਸਮ ਦੁਆਰਾ ਮਿਲ ਪੈਂਦਾ ਹੈ।
੩੮ [ਦ੍ਵਿ-ਵਿਧ] ਦੋਹਾਂ ਪਾਸਿਆਂ ਦਾ ਖ਼ਿਆਲ, ਦੁਚਿੱਤੀ।
੩੯ ਹਿਰਦੇ ਰੂਪੀ ਕਮਲ ਖਿੜ ਕੇ।
੪੦ ਸਾਹਮਣੇ। ਪ੍ਰਤੱਖ ਮਿਲਦਾ ਹੈ।
੪੧ ਸੱਚ ਦੀ ਰਹਿਣੀ ਵਿੱਚ ਸੁੱਚੇ ਹੋਈਦਾ ਹੈ।
੪੨ ਗੁਰੂ ਦੀ ਪਉੜੀ 'ਤੇ ਚੜ੍ਹ ਕੇ ਉੱਚੇ ਤੋਂ ਉੱਚਾ ਹੁੰਦਾ ਹੈ।
੪੩ ਕਟੀਦਾ ਹੈ।
੪੪ ਗੋਦੀ ਵਿੱਚ।
੪੫ ਆਪਣਾ ਹਿਰਦਾ ਹੀ ਪਤੀ ਦਾ ਮਹਿਲ ਕਰ ਕੇ ਦਿਖਾ ਦਿੱਤਾ।

* ਬ੍ਰਹਮ ਦਾ ਵਿਚਾਰ ਕਰਨ ਨਾਲ ਹਿਰਦੇ ਰੂਪੀ ਕਮਲ, ਜੋ ਮੂਧਾ ਪਿਆ ਸੀ, ਸਿੱਧਾ ਹੋ ਗਿਆ ਅਤੇ ਉਸ ਵਿੱਚ ਸ਼ੁੱਧ ਅੰਤਹਕਰਨ ਦੇ ਰਾਹੀਂ ਨਾਮ ਦੀ ਅੰਮ੍ਰਿਤ ਧਾਰ ਚੋ ਕੇ ਪੈ ਰਹੀ ਹੈ। "ਊਂਧੇ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ" (ਗੂਜਰੀ ਮ: ੧, ਪੰਨਾ ੫੦੪)

ਗਉੜੀ ਮਹਲਾ ੧ ॥ [੧]ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥ ੧ ॥ [੨]ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥ ੧ ॥ ਰਹਾਉ ॥ ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ [੩]ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੨ ॥ ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥ [੪]ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥ ੩ ॥ ਤਨ ਮਹਿ ਮੈਲੁ ਨਾਹੀ [੫]ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥ ਤੇਰਾ ਤਾਣੂ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥ ੪ ॥ ੧੦ ॥ ਗਉੜੀ ਮਹਲਾ ੧ ॥ [੬]ਜਿਨਿ ਅਕਥੁ ਕਹਾਇਆ ਅਪਿਓ[੭] ਪੀਆਇਆ ॥ [੮]ਅਨ ਭੈ ਵਿਸਰੇ ਨਾਮਿ ਸਮਾਇਆ ॥ ੧ ॥ ਕਿਆ ਡਰੀਐ [੯]ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥ ੧ ॥ ਰਹਾਉ ॥ ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ [੧੦]ਸਹਜਿ ਸੁਭਾਇ [੧੧]ਮਿਲੇ ਸਾਬਾਸਿ ॥ ੨ ॥ ਜਾਹਿ ਸਵਾਰੈ[੧੨] ਸਾਝ[੧੩] ਬਿਆਲ[੧੪] ॥ ਇਤ ਉਤ ਮਨਮੁਖ ਬਾਧੇ ਕਾਲ ॥ ੩ ॥ [੧੫]ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥ ੪ ॥ ੧੧ ॥ ਗਉੜੀ ਮਹਲਾ ੧ ॥ ਜਨਮਿ ਮਰੈ ਤ੍ਰੈ ਗੁਣ ਹਿਤਕਾਰੁ[੧੬] ॥ ਚਾਰੇ ਬੇਦ [੧੭]ਕਥਹਿ ਆਕਾਰੁ ॥ [੧੮]ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ[੧੯] ਸਤਿਗੁਰ ਤੇ ਹਰਿ ਜਾਨੁ ॥ ੧ ॥ ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ[੨੦] ਜਨਮੁ ਨ ਹੋਇ ਹੈ ਮਰਣਾ ॥ ੧ ॥ ਰਹਾਉ ॥ *ਚਾਰਿ ਪਦਾਰਥ ਕਹੈ ਸਭੁ ਕੋਈ ॥ †ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥ ੨ ॥ ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥ ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥ ੩ ॥ ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ ਨਿਰਾਸੁ ਬੁਝਾਇਆ ॥ ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥ ੪ ॥ ੧੨ ॥ ਗਉੜੀ ਚੇਤੀ[੨੧] ਮਹਲਾ ੧ ॥ [੨੨]ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ[੨੩] ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ[੨੪] ਉਪਰਿ ਛਾਰੋ[੨੫] ॥ ੧ ॥ ਸੁਣਿ ਸੁਣਿ ਸਿਖ[੨੬] ਹਮਾਰੀ ॥ [੨੭]ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ

੧ ਕਰਮਾਂ ਦੇ ਮੁਤਾਬਕ ਜੋ ਲੇਖ ਪਿਆ ਹੈ।

੨ ਮੈਂ ਨਹੀਂ ਜਾਣਦਾ ਕਿ ਸਾਡੇ ਕਰਮ ਕੀ ਕੁਝ ਹਨ ਅਤੇ (ਉਨ੍ਹਾਂ ਦੇ ਮੁਕਾਬਲੇ 'ਤੇ) ਆਪ ਦੀ ਦਾਤ ਕਿਤਨੀ ਵੱਡੀ ਹੈ। ਮੇਰੇ ਭਾਣੇ ਤਾਂ ਕਰਮ ਧਰਮ ਸਭ ਤੇਰੇ ਨਾਮ ਦੀ ਜਾਤ ਵਿੱਚ ਹਨ; ਭਾਵ ਜਿਸ ਪਾਸ ਨਾਮ ਹੈ ਉਸ ਪਾਸ ਕਰਮ ਧਰਮ ਸਭ ਆ ਗਏ ਹਨ। 'ਕੇਵਡ' ਦੇਹਲੀ ਦੀਪਕ ਕਰਕੇ ਵਰਤਿਆ ਹੈ, ਅਰਥਾਤ ਦੋਹਾਂ ਪਾਸੇ ਲੱਗਦਾ ਹੈ, ਕਰਮ ਨਾਲ ਭੀ ਤੇ ਤੇਰੀ ਦਾਤਿ ਨਾਲ ਭੀ।

੩ ਹੰਕਾਰ ਕੀਤਾ ਹੋਇਆ ਠੀਕ ਨਹੀਂ ਪੈਂਦਾ। ਮਨ ਤੇ ਤਨ ਸਭ ਤੇਰੇ ਵੱਸ ਵਿੱਚ ਹਨ।

੪ ਤੂੰ ਜਾਨਣ ਵਾਲਾ ਤੇ ਦੇਖਣ ਵਾਲਾ ਮੇਰੇ ਸਿਰ 'ਤੇ ਹੈਂ।

੫ ਜਿਸ ਦਾ ਮਨ ਰੱਤਾ ਹੈ ਹਰੀ ਵਿੱਚ।

੬ ਜਿਸ ਗੁਰੂ ਨੇ ਨਾ ਬਿਆਨ ਹੋਣ ਵਾਲਾ ਹਰੀ ਬਿਆਨ ਕਰਾ ਦਿੱਤਾ।

੭ ਅੰਮ੍ਰਿਤ।

੮ ਹੋਰ ਡਰ।

੯ ਹੋਰ ਡਰ ਹਰੀ ਦੇ ਡਰ ਵਿੱਚ ਮੁਕ ਗਿਆ ਹੈ।

੧੦ ਸੁਤੇ ਸਿੱਧ ਹੀ, ਨਿਰਯਤਨ ਹੀ।

੧੧ ਸ਼ਾਬਾਸ਼ (ਸ਼ੋਭਾ) ਮਿਲਦੀ ਹੈ।

੧੨ ਸਵਾਲੈ; ਸਵਾਲਦਾ ਹੈ।

੧੩ ਸ਼ਾਮ।

੧੪ ਸਵੇਰੇ। ਜਿਨ੍ਹਾਂ ਨੂੰ ਹਰੀ ਸ਼ਾਮ-ਸਵੇਰੇ ਸਵਾਲ ਰੱਖਦਾ ਹੈ, ਓਹ ਮਨਮੁਖ ਇਥੇ ਉਥੇ (ਹਰ ਥਾਂ) ਕਾਲ ਦੇ ਬਧੇ ਹਨ।

੧੫ ਦੂਜੇ ਪਾਸੇ ਜਿਨ੍ਹਾਂ ਦੇ ਦਿਲ ਵਿੱਚ ਦਿਨ ਰਾਤ ਹਰੀ ਦਾ ਵਾਸਾ ਹੈ, ਓਹ ਪੂਰਣਤਾ ਨੂੰ ਪ੍ਰਾਪਤ ਹੋ ਗਏ ਹਨ।

੧੬ ਹਿਤਕਾਰੀ। ਜੋ ਤਿੰਨਾਂ ਗੁਣਾਂ ਨਾਲ ਪਿਆਰ ਕਰਨ ਵਾਲਾ ਹੈ, ਉਹ ਜੰਮਦਾ ਮਰਦਾ ਹੈ।

੧੭ ਦ੍ਰਿਸ਼ਟਮਾਨ ਨੂੰ ਹੀ ਬਿਆਨ ਕਰਦੇ ਹਨ।

੧੮ ਤਿੰਨਾਂ ਗੁਣਾਂ ਵਾਲੀ ਅਵਸਥਾ। "ਤ੍ਰੈ ਗੁਣਯ ਵਿਸ਼ਯਾ ਵੇਦਾ, ਨਿਸਤ੍ਰੈ ਗੁਣਯੋ ਭਵਾਰਜੁਨ" (ਗੀਤਾ, ੨.੪੫); ਅਰਥਾਤ, ਵੇਦਾਂ ਵਿੱਚ ਤਾਂ ਤਿੰਨਾਂ ਗੁਣਾਂ ਦਾ ਹਾਲ ਹੀ ਕਥਨ ਕੀਤਾ ਹੁੰਦਾ ਹੈ; ਹੇ ਅਰਜੁਨ! ਤੂੰ ਇਨ੍ਹਾਂ ਗੁਣਾਂ ਤੋਂ ਪਰ੍ਹੇ ਲੰਘ ਜਾ।

੧੯ ਸਹਿਜ ਅਵਸਥਾ, ਜਿਸ ਵਿੱਚ ਨਿਰੰਕਾਰ ਨਾਲ ਲਿਵ ਲੱਗਦੀ ਹੈ।

੨੦ ਮੁੜ ਕੇ, ਫਿਰ।

੨੧ ਗਉੜੀ ਚੇਤੀ, ਬੈਰਾਗਣ, ਮਾਝ, ਗੁਆਰੇਰੀ ਆਦਿ ਗਉੜੀ ਰਾਗ ਦੀਆਂ ਰਾਗਣੀਆਂ ਹਨ।

੨੨ ਆਪਣੇ ਆਪ ਨੂੰ ਅਮਰ ਜਾਣਨ ਵਾਲੀ, ਹੇ ਕਾਇਆਂ! ਤੂੰ ਬੇਫ਼ਿਕਰ ਰਹਿੰਦੀ ਹੈਂ; ਪਰ ਇਕ ਤੂੰ ਕੀ, ਸਾਰਾ ਸੰਸਾਰ ਹੀ ਇਕ ਖੇਡ ਹੈ।

੨੩ ਬਹੁਤਾ।

੨੪ ਧਰਤੀ।

੨੫ ਸੁਆਹ, ਮਿੱਟੀ।

੨੬ ਸਿੱਖਿਆ।

੨੭ ਚੰਗਾ ਕੰਮ ਕੀਤਾ ਹੀ ਕਾਇਮ ਰਹੇਗਾ; ਅਤੇ ਇਸ ਕੰਮ ਲਈ ਮੁੜ ਕੇ ਮੌਕਾ ਭੀ ਨਹੀਂ ਮਿਲਣਾ।

---

* ਧਰਮ, ਅਰਥ, ਕਾਮ, ਮੋਖ। ਦੇਖੋ ਪੰਨਾ ੧੦੮; ਨੋਟ ੬।

† ਦੇਖੋ ਪੰਨਾ ੧੧, ਫੁਟ ਨੋਟ * ਅਤੇ †।

ਵਾਰੀ॥ ੧॥ ਰਹਾਉ॥ ਹਉ ਤੁਧੁ ਆਖਾ ਮੇਰੀ ਕਾਇਆ[੧] ਤੂੰ ਸੁਣਿ ਸਿਖ[੨]
ਹਮਾਰੀ॥ ਨਿੰਦਾ ਚਿੰਦਾ[੩] ਕਰਹਿ ਪਰਾਈ ਝੂਠੀ ਲਾਇਤਬਾਰੀ[੪]॥ ਵੇਲਿ[੫]
ਪਰਾਈ ਜੋਹਹਿ[੬] ਜੀਅੜੇ ਕਰਹਿ ਚੋਰੀ ਬੁਰਿਆਰੀ॥ ਹੰਸੁ[੭] ਚਲਿਆ ਤੂੰ
ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ॥ ੨॥ ਤੂੰ ਕਾਇਆ ਰਹੀਅਹਿ
ਸੁਪਨੰਤਰਿ[੮] ਤੁਧੁ ਕਿਆ ਕਰਮ ਕਮਾਇਆ॥ ਕਰਿ ਚੋਰੀ ਮੈ ਜਾ ਕਿਛੁ
ਲੀਆ ਤਾ ਮਨਿ ਭਲਾ ਭਾਇਆ॥ [੯]ਹਲਤਿ ਨ ਸੋਭਾ ਪਲਤਿ ਨ ਢੋਈ
ਅਹਿਲਾ[੧੦] ਜਨਮੁ ਗਵਾਇਆ॥ ੩॥ [੧੧]ਹਉ ਖਰੀ ਦੁਹੇਲੀ ਹੋਈ ਬਾਬਾ
ਨਾਨਕ ਮੇਰੀ ਬਾਤ ਨ ਪੁਛੈ ਕੋਈ॥ ੧॥ ਰਹਾਉ॥ [੧੨]ਤਾਜੀ ਤੁਰਕੀ ਸੁਇਨਾ
ਰੁਪਾ ਕਪੜ ਕੇਰੇ ਭਾਰਾ॥ ਕਿਸ ਹੀ ਨਾਲਿ ਨ ਚਲੇ ਨਾਨਕ [੧੩]ਝੜਿ ਝੜਿ
ਪਏ ਗਵਾਰਾ॥ ਕੂਜਾ[੧੪] ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ
ਤੁਮਾਰਾ॥ ੪॥ [੧੫]ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥
[੧੬]ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ॥ ਸੋਇਨ ਲੰਕਾ ਸੋਇਨ
ਮਾੜੀ ਸੰਪੈ[੧੭] ਕਿਸੈ ਨ ਕੇਰੀ॥ ੫॥ ਸੁਣਿ ਮੂਰਖ ਮੰਨ ਅਜਾਣਾ॥ ਹੋਗੁ
ਤਿਸੈ ਕਾ ਭਾਣਾ॥ ੧॥ ਰਹਾਉ॥ ਸਾਹੁ ਹਮਾਰਾ ਠਾਕੁਰੁ[੧੮] ਭਾਰਾ ਹਮ ਤਿਸ
ਕੇ ਵਣਜਾਰੇ॥ [੧੯]ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ॥
੬॥ ੧॥ ੧੩॥ ਗਉੜੀ ਚੇਤੀ ਮਹਲਾ ੧॥ [੨੦]ਅਵਰਿ ਪੰਚ ਹਮ ਏਕ
ਜਨਾ ਕਿਉ ਰਾਖਉ ਘਰ ਬਾਰੁ[੨੧] ਮਨਾ॥ ਮਾਰਹਿ ਲੂਟਹਿ ਨੀਤ ਨੀਤ ਕਿਸੁ
ਆਗੈ ਕਰੀ ਪੁਕਾਰ ਜਨਾ॥ ੧॥ ਸ੍ਰੀ ਰਾਮ ਨਾਮਾ ਉਚਰੁ ਮਨਾ॥ ਆਗੈ
[੨੨]ਜਮ ਦਲੁ [੨੩]ਬਿਖਮੁ ਘਨਾ॥ ੧॥ ਰਹਾਉ॥ ਉਸਾਰਿ ਮੜੋਲੀ[੨੪] ਰਾਖੈ
ਦੁਆਰਾ[੨੫] ਭੀਤਰਿ ਬੈਠੀ ਸਾਧਨਾ[੨੬]॥ [੨੭]ਅੰਮ੍ਰਿਤ ਕੇਲ ਕਰੇ ਨਿਤ ਕਾਮਣਿ
ਅਵਰਿ ਲੁਟੇਨਿ ਸੁ ਪੰਚ ਜਨਾ॥ ੨॥ [੨੮]ਢਾਹਿ ਮੜੋਲੀ ਲੂਟਿਆ ਦੇਹੁਰਾ
ਸਾਧਨ ਪਕੜੀ [੨੯]ਏਕ ਜਨਾ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ
ਗਏ ਸੇ ਪੰਚ ਜਨਾ॥ ੩॥ ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ [੩੦]ਲੁੜੇਨਿ
ਸੁ ਖਾਧਾਤਾ॥ ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮ ਪੁਰਿ
ਬਾਧਾਤਾ[੩੧]॥ ੪॥ ੨॥ ੧੪॥ ਗਉੜੀ ਚੇਤੀ ਮਹਲਾ ੧*॥ ਮੁੰਦ੍ਰਾ[੩੨] ਤੇ
ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ[੩੩]॥ ਪੰਚ ਚੇਲੇ[੩੪] ਵਸਿ ਕੀਜਹਿ
ਰਾਵਲ[੩੫] ਇਹੁ ਮਨੁ ਕੀਜੈ ਡੰਡਾਤਾ[੩੬]॥ ੧॥ [੩੭]ਜੋਗ ਜੁਗਤਿ ਇਵ
ਪਾਵਸਿਤਾ॥ ਏਕੁ ਸਬਦੁ ਦੂਜਾ ਹੋਰੁ ਨਾਸਤਿ[੩੮] [੩੯]ਕੰਦ ਮੂਲਿ ਮਨੁ
ਲਾਵਸਿਤਾ॥ ੧॥ ਰਹਾਉ॥ [੪੦]ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ
ਕੀਨੀ ਗੰਗਾਤਾ[੪੧]॥ [੪੨]ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ
ਅੰਧਾਤਾ॥ ੨॥ ਕਰਿ ਪਟੰਬੁ[੪੩] ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ॥

੧ ਸਰੀਰ।
੨ ਸਿਖਿਆ।
੩ ਚਿੰਤਨ, ਖਿਆਲ। ਪਰਾਈ ਨਿੰਦਾ ਦਾ ਚਿੰਤਨ
੪ ਇਤਬਾਰ ਦਾ ਅਭਾਵ; ਉਹ ਗੱਲ ਜਿਸ ਨਾਲ ਇਤਬਾਰ ਜਾਂਦਾ ਰਹੇ, ਚੁਗਲੀ।
੫ ਇਸਤਰੀ ਰੂਪ ਵੇਲ ਜੋ ਸੰਤਾਨ ਰੂਪ ਫਲ ਦਿੰਦੀ ਹੈ।
੬ ਤੱਕਦਾ ਹੈਂ।
੭ ਜੀਵ, ਰੂਹ।
੮ ਸੁਪਨੇ ਵਿੱਚ ਭਾਵ ਬੇਪਰਵਾਹ।
੯ ਇਸ ਲੋਕ ਵਿੱਚ ਕੋਈ ਚੰਗੀ ਸ਼ੁਹਰਤ ਨਾ ਮਿਲੀ ਅਤੇ ਪਰਲੋਕ ਵਿੱਚ ਭੀ ਕੋਈ ਓਟ ਨਹੀਂ ਮਿਲਣੀ।
੧੦ ਨਿਸਫਲ।
੧੧ ਮੈਂ ਬਹੁਤ ਦੁਖੀ ਹੋਈ, ਹੇ ਬਾਬਾ!
੧੨ ਅਰਬੀ ਤੇ ਤੁਰਕੀ ਘੋੜੇ।
੧੩ ਹੇ ਗਵਾਰ! ਇਹ ਸਭ ਪਿੱਛੇ ਰਹਿ ਜਾਂਦੇ ਹਨ।
੧੪ ਮਿਸਰੀ।
੧੫ ਨੀਹਾਂ ਰੱਖ-ਰੱਖ ਕੇ ਕੰਧ ਉਸਾਰੀ, ਪਰ ਉਹ ਸੁਆਹ ਦੇ ਬਣੇ ਮੰਦਰ ਦੀ ਢੇਰੀ ਵਾਕੁਰ ਹੋ ਗਈ।
੧੬ 'ਕੱਠੀ ਕਰਦਾ ਹੈ ਤੇ 'ਕੱਠੀ ਕਰਕੇ ਕਿਸੇ ਨੂੰ ਦੇਂਦਾ ਨਹੀਂ।
੧੭ ਮਾਇਆ। ਜਦ ਸੋਨੇ ਦੀ ਲੰਕਾ ਤੇ ਸੋਨੇ ਦੇ ਮਹਿਲ ਰਾਵਣ ਦੇ ਨਾ ਰਹੇ, ਤਾਂ ਸਮਝ ਲਵੋ ਕਿ ਮਾਇਆ ਕਿਸੇ ਦੀ ਨਹੀਂ।
੧੮ ਮਾਲਕ।
੧੯ ਜੀਵ ਤੇ ਸਰੀਰ ਸਭ ਉਸੇ ਸ਼ਾਹ ਦੀ ਦਿੱਤੀ ਪੂੰਜੀ ਹੈ।
੨੦ (ਮੇਰੇ ਮੁਕਾਬਲੇ 'ਤੇ) ਹੋਰ ਜਣੇ ਕਾਮਾਦਿਕ ਪੰਜ ਹਨ ਤੇ ਮੈਂ ਇਕੱਲਾ ਹਾਂ।
੨੧ ਘਰ ਦੀ ਸਾਰੀ ਸਾਮਿਗਰੀ।
੨੨ ਜਮਾਂ ਦਾ ਦਲ।
੨੩ ਘਣਾ ਕਠਨ, ਬਹੁਤ ਡਾਢਾ।
੨੪ ਮੱਠ, ਭਾਵ ਸਰੀਰ।
੨੫ ਵਿੱਚ ਉਸ ਦੇ ਦਸ ਦਰਵਾਜ਼ੇ (ਨੱਕ, ਮੂੰਹ ਆਦਿ ਬਣਾਏ ਹਨ)।
੨੬ ਇਸਤਰੀ ਜੀਵ ਰੂਪ।
੨੭ ਇਹ ਇਸਤਰੀ ਆਪਣੇ ਆਪ ਨੂੰ ਅਮਰ ਜਾਣ ਕੇ ਨਿਤ ਖੇਡਾਂ ਤਮਾਸ਼ੇ ਕਰਦੀ ਰਹਿੰਦੀ ਹੈ, ਅਤੇ ਹੋਰ ਪੰਜ ਜਣੇ (ਕਾਮ, ਕ੍ਰੋਧ ਆਦਿ) ਇਸ ਨੂੰ ਲੁਟਦੇ ਰਹਿੰਦੇ ਹਨ।
੨੮ ਮੌਤ ਨੇ ਆ ਕੇ ਸਰੀਰ ਰੂਪੀ ਮਠ ਢਾਹ ਕੇ ਅੰਦਰ ਦਾ ਦੇਹੁਰਾ ਲੁਟ ਲਿਆ। ਵਿੱਚੋਂ ਜੀਵ ਰੂਪੀ ਇਸਤਰੀ ਇਕੱਲੀ ਹੀ ਪਕੜੀ ਗਈ।
੨੯ ਇਕੱਲੀ ਹੀ।
੩੦ ਖਾਧਾ ਲੋੜਦੇ ਹਨ।
੩੧ ਬੰਨ੍ਹਿਆ ਹੋਇਆ।
੩੨ ਕੰਨਾਂ ਦੀਆਂ ਮੁੰਦਰਾਂ। ਅਸਲ ਮੁੰਦਰਾਂ ਇਹ ਹਨ ਕਿ ਹਿਰਦੇ ਵਿੱਚ ਮੁੰਦਰਾਂ ਹੋਣ; ਭਾਵ ਗੰਦੀਆਂ ਵਾਸ਼ਨਾਂ ਨੂੰ ਵਿੰਨ੍ਹਿਆ ਜਾਵੇ।
੩੩ ਖਫ਼ਣੀ, ਸਰੀਰ ਨੂੰ ਖਫ਼ਣੀ ਕਰ; ਭਾਵ ਨਾਸਵੰਤ ਸਮਝ।
੩੪ ਭਾਵ ਗਿਆਨ ਇੰਦਰੇ।
੩੫ ਹੇ ਜੋਗੀ!
੩੬ ਡੰਡਾ ਜੋਗੀਆਂ ਪਾਸ ਬਲ ਦਾ ਨਿਸ਼ਾਨ ਹੈ। ਦ੍ਰਿੜ੍ਹਤਾ ਤੇ ਵਿਸ਼ਵਾਸ ਵਾਲੇ ਮਨ ਨੂੰ ਡੰਡਾ ਬਣਾ।
੩੭ ਜੋਗ ਕਮਾਉਣ ਦਾ ਤਰੀਕਾ ਇਉਂ ਲਭੇਂਗਾ।
੩੮ ਨਹੀਂ ਹੈ।
੩੯ ਫਲ ਫੂਲ। ਇਕ ਬ੍ਰਹਮ ਹੈ ਹੋਰ ਕੁਝ ਨਹੀਂ। ਉਸ ਵਿੱਚ ਮਨ ਲਾਵਣਾ ਹੀ ਕੰਦ ਮੂਲ ਨਾਲ ਮਨ ਪਰਚਾਵਣਾ ਹੋਵੇ।
੪੦ (ਗੰਗਾ ਦੇ ਕੰਢੇ) ਸਿਰ ਮੁਨਾਇਆਂ ਜੇ ਗੁਰੂ ਮਿਲਦਾ ਹੈ, ਤਾਂ ਅਸਾਂ ਤਾਂ ਪਤਿਤ-ਪਾਵਨ ਗੁਰੂ ਨੂੰ ਹੀ ਗੰਗਾ ਬਣਾਇਆ ਹੈ।
੪੧ ਗੰਗਾ ਦੇ ਕਿਨਾਰੇ ਲੋਕ ਬਹੁਤ ਸਿਰ ਮੁਨਾਂਦੇ ਹਨ।
੪੨ ਤਿੰਨਾਂ ਭਵਣਾਂ (ਸਾਰੇ ਸੰਸਾਰ) ਦੇ ਤਾਰਨ ਵਾਲੇ ਇਕ ਮਾਲਕ ਨੂੰ ਅੰਧਾ ਯਾਦ ਨਹੀਂ ਕਰਦਾ।
੪੩ ਪਖੰਡ।

* ਇਕ ਜੋਗੀ ਨੂੰ ਉਪਦੇਸ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਉੱਤਰੀ ਹਿੰਦ ਵਿੱਚ ਜੋਗੀਆਂ ਦਾ ਬਹੁਤ ਜ਼ੋਰ ਸੀ, ਇਸ ਲਈ ਉਨ੍ਹਾਂ ਪ੍ਰਤੀ ਕਈ ਸ਼ਬਦ ਉਚਾਰਨ ਹੋਏ।

ਇਥੇ ਜੋਗੀਆਂ ਦੀਆਂ ਵਿਸ਼ੇਸ਼ ਗੱਲਾਂ (ਮੁੰਦਰਾਂ, ਖਿੰਥਾ, ਚੇਲੇ ਮੁੰਨਣਾ, ਡੰਡਾ, ਜੁਗਤ, ਕੰਦ ਮੂਲ ਖਾਣਾ, ਮੂੰਡ ਮੁਨਾਉਣਾ, ਟੋਲੀਆਂ ਬੰਨ੍ਹ ਕੇ ਗੰਗਾ ਜਾਣਾ) ਦੇ ਮੁਕਾਬਲੇ ਗੁਰਮਤਿ ਦੀਆਂ ਗੱਲਾਂ ਦੱਸੀਆਂ ਹਨ। ਇਸ ਸ਼ਬਦ ਨਾਲ ਜਪੁ ਜੀ ਦੀ ੨੮ਵੀਂ ਪਉੜੀ ਮਿਲਾ ਕੇ ਵਿਚਾਰੋ।

ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ[੧] ਧਾਵਸਿਤਾ ॥ ੩ ॥ [੨]ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ[੩] ॥ ੧ ॥ ਰਹਾਉ ॥ ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ[੪] ॥ ਪ੍ਰਣਵਤਿ[੫] ਨਾਨਕੁ [੬]ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥ ੪ ॥ ੩ ॥ ੧੫ ॥ ਗਉੜੀ ਚੇਤੀ ਮਹਲਾ ੧ ॥ ਅਉਖਧ[੭] ਮੰਤ੍ਰ ਮੂਲੁ[੮] ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ[੯] ਰੇ ॥ ੧ ॥ [੧੦]ਮਨ ਏਕੋ ਸਾਹਿਬੁ ਭਾਈ ਰੇ ॥ *ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥ ੧ ॥ ਰਹਾਉ ॥ ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ[੧੧] ਰੇ ॥ ਰਾਤਿ[੧੨] ਅਨੇਰੀ ਸੂਝਸਿ ਨਾਹੀ ਲਜੁ[੧੩] ਟੂਕਸਿ ਮੂਸਾ[੧੪] ਭਾਈ ਰੇ ॥ ੨ ॥ ਮਨਮੁਖਿ[੧੫] ਕਰਹਿ ਤੇਤਾ ਦੂਖੁ ਲਾਗੈ ਗੁਰਮੁਖਿ[੧੬] ਮਿਲੈ ਵਡਾਈ ਰੇ ॥ ਜੋ ਤਿਨਿ ਕੀਆ ਸੋਈ ਹੋਆ ਕਿਰਤੁ[੧੭] ਨ ਮੇਟਿਆ ਜਾਈ ਰੇ ॥ ੩ ॥ [੧੮]ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ ਤਿਨ ਕੀ ਪੰਕ[੧੯] ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥ ੪ ॥ ੪ ॥ ੧੬ ॥ ਗਉੜੀ ਚੇਤੀ ਮਹਲਾ ੧ ॥ [੨੦]ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ [੨੧]ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥ ੧ ॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥ ੧ ॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ[੨੨] ਕੇਤੇ ਪਸੂ ਉਪਾਏ ॥ ਕੇਤੇ [੨੩]ਨਾਗ ਕੁਲੀ ਮਹਿ ਆਏ ਕੇਤੇ [੨੪]ਪੰਖ ਉਡਾਏ ॥ ੨ ॥ ਹਟ ਪਟਣ[੨੫] ਬਿਜ[੨੬] ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥ ੩ ॥ ਤਟ[੨੭] ਤੀਰਥ ਹਮ [੨੮]ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ[੨੯] ॥ ੪ ॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ ੫ ॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ[੩੦] ਵਗੈ ਕਾਤੀ[੩੧] ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ ੬ ॥ ੫ ॥ ੧੭ ॥ ਗਉੜੀ ਬੈਰਾਗਣਿ ਮਹਲਾ ੧ ॥ ਰੈਣਿ[੩੨] ਗਵਾਈ ਸੋਇ ਕੈ ਦਿਵਸੁ[੩੩] ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥ ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥ ੧ ॥ ਰਹਾਉ ॥ [੩੪]ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥ ੨ ॥

੧ ਕਾਸ ਨੂੰ। ਕਿਸ ਲਈ ਲਬ-ਲੋਭ ਵਿੱਚ ਦੌੜਦਾ ਹੈਂ?
੨ ਉਸ ਮਾਇਆ ਤੋਂ ਰਹਿਤ ਹਰੀ ਨੂੰ ਮਨ ਲਾ ਕੇ ਜਪ।
੩ ਬਹੁਤਾ।
੪ ਗੁਜ਼ਰ ਜਾਂਦੀ ਹੈ। ਦੇਹੀ ਝੱਲੀ ਹੈ ਅਤੇ ਜੀਵ ਬਾਲ-ਬੁਧ ਇਆਣਾ ਹੈ, ਹਉਮੈ ਵਿੱਚ ਹੀ ਸਾਰੀ ਉਮਰ ਲੰਘ ਜਾਂਦੀ ਹੈ।
੫ ਬੇਨਤੀ ਕਰਦਾ ਹੈ।
੬ ਦੇਹੀ ਨੰਗੀ ਹੀ ਸੜਦੀ ਹੈ।
੭ ਦਵਾਈ।
੮ ਜੜੀ ਬੂਟੀ। ਹੇ ਮਨ! ਦਵਾਈ ਆਦਿਕ ਉਹ ਹਰੀ ਹੀ ਹੈ।
੯ ਸਮਝ ਲਉ।
੧੦ ਹੇ ਮਨ! ਮੈਨੂੰ ਤਾਂ ਇਕੋ ਮਾਲਕ ਭਾਇਆ ਹੈ।
੧੧ ਚੁਕੀ ਹੋਈ ਹੈ।
੧੨ ਅਵਿਦਿਆ ਰੂਪੀ ਰਾਤ।
੧੩ ਸੁਆਸਾਂ ਰੂਪੀ ਲੱਜ।
੧੪ ਕਾਲ ਰੂਪੀ ਚੂਹਾ। ਦੇਖੋ ਪੰਨਾ ੪੧ ਦਾ ਫੁਟ ਨੋਟ*।
੧੫ ਆਪ-ਹੁਦਰੇ ਹੋ ਕੇ।
੧੬ ਗੁਰੂ ਦੁਆਰਾ ਹੋ ਕੇ।
੧੭ ਕਰਮਾਂ ਅਨੁਸਾਰ ਧੁਰੋਂ ਪਿਆ ਹੁਕਮ।
੧੮ ਲਬਾ-ਲਬ, ਨਕਾ-ਨਕ ਭਰੇ ਹੋਣਗੇ, ਖਾਲੀ ਨਹੀਂ ਹੋਣਗੇ, ਜੋ ਪ੍ਰੇਮ ਨਾਲ ਹਰੀ ਵਿੱਚ ਲੱਗੇ ਹਨ।
੧੯ ਚਰਨ ਧੂੜ।
੨੦ ਕਦੋਂ ਦੀ?
੨੧ ਮਾਤਾ ਦੇ ਪੇਟ ਦੀ ਅਗਨੀ ਤੇ ਪਿਤਾ ਦੇ ਵੀਰਜ ਰੂਪ ਜਲ ਦੇ (ਬਿੰਬ) ਬੁਲਬੁਲੇ ਤੋਂ ਪੈਦਾ ਹੋਏ ਹਾਂ।
੨੨ ਸਮਝੇ, ਵੇਖੇ, ਭਾਵ ਇਹ ਸਾਰੇ ਜਨਮ ਅਸਾਂ ਧਾਰੇ।
੨੩ ਸੱਪਾਂ ਦੀ ਕੁਲ ਵਿੱਚ।
੨੪ ਭਾਵ ਪੰਛੀ ਬਣੇ।
੨੫ ਸ਼ਹਿਰ।
੨੬ ਪੱਕੇ।
੨੭ ਦਰਿਆਵਾਂ ਦੇ ਕੰਢੇ ਜਿਥੇ ਯਾਤਰੂ ਲੋਕ ਜਾਂਦੇ ਹਨ।
੨੮ ਨੌ ਖੰਡ ਪ੍ਰਿਥਵੀ, ਸਾਰਾ ਸੰਸਾਰ।
੨੯ ਸੌਦਾਗਰ। ਕਈ ਜਨਮਾਂ ਵਿੱਚ ਧੱਕੇ ਖਾਂਦਾ ਆਇਆ ਇਹ ਸੌਦਾਗਰ, ਉਸ ਦੀ ਬੇਅੰਤਤਾ ਦਾ ਅੰਦਾਜ਼ਾ ਲਾਣਾ ਚਾਹੁੰਦਾ ਹੈ।
੩੦ ਅੰਦਰ।
੩੧ ਛੁਰੀ। ਦਿਲ ਵਿੱਚ ਛੁਰੀ ਫਿਰਦੀ ਹੈ।
੩੨ ਰਾਤ।
੩੩ ਦਿਨ।
੩੪ ਅਨੰਤ, ਬਿਨਸਨਹਾਰ ਧਨ ਧਰਤੀ ਵਿੱਚ ਦੱਬਦਾ ਹੈ, ਪਰ ਉਸ ਬੇਅੰਤ ਹਰੀ ਦੀ ਇੱਛਾ ਨਹੀਂ ਹੁੰਦੀ। ਜੋ ਮਾਇਆ ਦੀ ਇੱਛਾ ਧਾਰ ਕੇ ਗਏ ਹਨ, ਓਹ ਉਸ ਹਰੀ ਨੂੰ ਗਵਾ ਕੇ ਆਏ ਹਨ।

* ਜਿਨ੍ਹਾਂ ਤਿੰਨਾਂ ਗੁਣਾਂ ਨੂੰ ਤੂੰ ਮੰਨੀ ਬੈਠਾ ਹੈਂ, ਓਹ ਤਾਂ ਤੈਨੂੰ ਮਾਦੀ ਸੰਸਾਰ ਤੱਕ ਹੀ ਮਹਦੂਦ ਰੱਖਣਗੇ, ਇੰਦਰਿਆਂ ਨਾਲ ਨਾ ਲਖਿਆ ਜਾਣ ਵਾਲਾ ਹਰੀ ਤਾਂ ਨਹੀਂ ਸਮਝ ਸਕੇਂਗਾ।

ਆਪਨ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ[1] ਹੋਇ॥ *ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ ੩॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥ ੪॥ ੧॥ ੧੮॥ ਗਉੜੀ ਬੈਰਾਗਣਿ ਮਹਲਾ ੧॥ ਹਰਣੀ ਹੋਵਾ ਬਨਿ ਬਸਾ [2]ਕੰਦ ਮੂਲ ਚੁਣਿ ਖਾਉ॥ [3]ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ ੧॥ ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ[4] ਵਾਪਾਰੁ ਜੀ॥ ੧॥ ਰਹਾਉ॥ ਕੋਕਿਲ[5] ਹੋਵਾ ਅੰਬਿ ਬਸਾ [6]ਸਹਜਿ ਸਬਦ ਬੀਚਾਰੁ॥ [7]ਸਹਜਿ ਸੁਭਾਇ ਮੇਰਾ ਸਹੁ ਮਿਲੈ [8]ਦਰਸਨਿ ਰੂਪਿ ਅਪਾਰੁ॥ ੨॥ ਮਛੁਲੀ ਹੋਵਾ ਜਲਿ ਬਸਾ [9]ਜੀਅ ਜੰਤ ਸਭਿ ਸਾਰਿ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥ ੩॥ ਨਾਗਨਿ ਹੋਵਾ ਧਰ[10] ਵਸਾ ਸਬਦੁ ਵਸੈ ਭਉ ਜਾਇ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥ ੪॥ ੨॥ ੧੯॥

ਗਉੜੀ ਪੂਰਬੀ ਦੀਪਕੀ[11] ਮਹਲਾ ੧ ੴ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥ ੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ॥ ੧॥ ਰਹਾਉ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥ ੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥ ੧॥ ੨੦॥

ਰਾਗੁ ਗਉੜੀ ਗੁਆਰੇਰੀ॥ ਮਹਲਾ ੩ ਚਉਪਦੇ॥ ੴ ਸਤਿਗੁਰ ਪ੍ਰਸਾਦਿ॥

ਗੁਰਿ ਮਿਲਿਐ ਹਰਿ ਮੇਲਾ ਹੋਈ॥ ਆਪੇ ਮੇਲਿ ਮਿਲਾਵੈ ਸੋਈ॥ ਮੇਰਾ ਪ੍ਰਭੁ ਸਭ ਬਿਧਿ[12] ਆਪੇ ਜਾਣੈ॥ ਹੁਕਮੇ ਮੇਲੇ ਸਬਦਿ ਪਛਾਣੈ॥ ੧॥ [13]ਸਤਿਗੁਰ ਕੈ ਭਇ ਭ੍ਰਮੁ ਭਉ ਜਾਇ॥ ਭੈ ਰਾਚੈ ਸਚ ਰੰਗਿ ਸਮਾਇ॥ ੧॥ ਰਹਾਉ॥ ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ[14]॥ ਮੇਰਾ ਪ੍ਰਭੁ

੧ ਭਾਗਾਂ ਵਾਲਾ, ਸ਼ਾਹੂਕਾਰ। ਆਪਣੇ ਲਿਆਂ ਜੇ ਮਿਲ ਜਾਂਦਾ ਹੋਵੇ ਤਾਂ ਸਾਰੇ ਲੋਕ ਧਨੀ ਹੋ ਜਾਣ।

੨ ਫਲ ਤੇ ਜੜ੍ਹਾਂ, ਭਾਵ ਫਲ ਫੁੱਲ।

੩ ਗੁਰੂ ਦੀ ਕਿਰਪਾ ਦੁਆਰਾ।

੪ ਸੌਦਾ।

੫ ਕੋਇਲ (ਜੋ ਮਿੱਠੇ ਸ਼ਬਦ ਗਾਉਂਦੀ ਹੈ)।

੬ ਗਿਆਨ ਦੁਆਰਾ ਸ਼ਬਦ ਦਾ ਵਿਚਾਰ ਕਰਾਂ।

੭ ਸੁਭਾਵਿਕ ਹੀ।

੮ ਜੋ ਹਰੀ ਦਰਸ਼ਨ ਤੇ ਰੂਪ ਕਰਕੇ ਅਪਾਰ ਹੈ।

੯ ਜੋ ਜੀਆ ਜੰਤ ਦੀ ਸਾਰ ਲੈਣ ਵਾਲਾ ਹੈ, ਉਸ ਹਰੀ ਨੂੰ ਯਾਦ ਕਰਾਂ। (ਜਲ ਜ਼ਿੰਦਗੀ ਹੈ ਮਛਲੀ ਆਦਿ ਜੀਵਾਂ ਦੀ, ਤਿਵੇਂ ਉਸ ਜ਼ਿੰਦਗੀ ਦਾਤੇ ਨੂੰ ਯਾਦ ਕਰਾਂ।)

੧੦ ਧਰਤੀ। ਜਿਵੇਂ ਸੱਪਣੀ ਬੀਨ 'ਤੇ ਮਸਤ ਹੁੰਦੀ ਹੈ ਤੇ ਉਸ ਦਾ ਡਰ ਦੂਰ ਹੁੰਦਾ ਹੈ, ਤਿਵੇਂ ਜੇ ਸ਼ਬਦ ਮਨ ਵਿੱਚ ਵੱਸੇ ਤਾਂ ਭੈ ਦੂਰ ਹੋ ਜਾਵੇ।

੧੧ ਅਰਥ ਹੋ ਚੁੱਕੇ ਹਨ। ਦੇਖੋ ਪੰਨਾ ੧੨।

੧੨ ਤਰੀਕੇ (ਮਿਲਣ ਦੇ)।

੧੩ ਸਤਿਗੁਰੂ ਦੇ ਭੈ ਦੁਆਰਾ ਸੰਸਾਰ ਦਾ ਵਹਿਮ ਤੇ ਡਰ ਦੂਰ ਹੁੰਦਾ ਹੈ। ਜੇ ਇਸ ਭੈ ਵਿੱਚ ਲੱਗ ਜਾਵੇ, ਤਾਂ ਸੱਚ ਦੇ ਪ੍ਰੇਮ ਵਿੱਚ ਲੀਨ ਹੋ ਜਾਂਦਾ ਹੈ। (ਮਾਨੋ ਗੁਰੂ ਦਾ ਡਰ ਹਰੀ ਪ੍ਰੇਮ ਦਾ ਰਸਤਾ ਹੈ।) ਇਹੋ ਇਸ ਚਉਪਦੇ ਦਾ ਅੰਤਰੀਵ ਭਾਵ ਹੈ।

੧੪ ਸੁਭਾਵਕ ਹੀ।

•

* ਨਬੇੜਾ ਤਾਂ ਅਮਲਾਂ ਉਤੇ ਹੋਣਾ ਹੈ, ਭਾਵੇਂ ਕੋਈ ਕਿਤਨਾ ਪਿਆ ਚਾਹੇ ਪਰ ਇਨ੍ਹਾਂ ਕਰਮਾਂ ਦੀ ਪੜਤਾਲ ਓਹੀ ਆਪ ਕਰਦਾ ਹੈ ਅਤੇ ਇਸੇ ਦੇ ਮੁਤਾਬਕ ਆਪਣਾ ਹੁਕਮ ਚਾੜ੍ਹਦਾ ਹੈ। "ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥"(ਬਸੰਤੁ ਮ: ੧) ਅਸੀਂ ਨਹੀਂ ਜਾਣ ਸਕਦੇ ਕਿ ਮਾਲਕ ਦਾ ਹੁਕਮ ਕਿਵੇਂ ਚੜ੍ਹਦਾ ਹੈ। ਉਹ ਜਿਸ ਨੂੰ ਚਾਹੇ ਵਡਿਆਈ ਦੇ ਸਕਦਾ ਹੈ।

ਭਾਰਾ ਕੀਮਤਿ ਨਹੀ ਪਾਇ॥ ਸਬਦਿ ਸਾਲਾਹੇ ਅੰਤੁ ਨ ਪਾਰਾਵਾਰੁ॥ ਮੇਰਾ
ਪ੍ਰਭੁ ਬਖਸੇ ਬਖਸਣਹਾਰੁ॥ ੨॥ *ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥
[੧]ਮਨਿ ਨਿਰਮਲਿ ਵਸੈ ਸਚੁ ਸੋਇ॥ ਸਾਚਿ ਵਸਿਐ ਸਾਚੀ ਸਭ ਕਾਰ॥ ਊਤਮ
ਕਰਣੀ ਸਬਦ ਬੀਚਾਰ॥ ੩॥ ਗੁਰ ਤੇ ਸਾਚੀ ਸੇਵਾ ਹੋਇ॥ ਗੁਰਮੁਖਿ ਨਾਮੁ
ਪਛਾਣੈ ਕੋਇ॥ ਜੀਵੈ ਦਾਤਾ ਦੇਵਣਹਾਰੁ॥ ਨਾਨਕ ਹਰਿ ਨਾਮੇ ਲਗੈ ਪਿਆਰੁ॥
੪॥ ੧॥ ੨੧॥ ਗਉੜੀ ਗੁਆਰੇਰੀ ਮਹਲਾ ੩॥ ਗੁਰ ਤੇ ਗਿਆਨੁ ਪਾਏ
ਜਨੁ ਕੋਇ॥ ਗੁਰ ਤੇ ਬੂਝੈ ਸੀਝੈ[੨] ਸੋਇ॥ ਗੁਰ ਤੇ ਸਹਜੁ[੩] ਸਾਚੁ ਬੀਚਾਰੁ॥
ਗੁਰ ਤੇ ਪਾਏ ਮੁਕਤਿ ਦੁਆਰੁ॥ ੧॥ ਪੂਰੈ ਭਾਗਿ ਮਿਲੈ ਗੁਰੁ ਆਇ॥
ਸਾਚੈ ਸਹਜਿ ਸਾਚਿ ਸਮਾਇ॥ ੧॥ ਰਹਾਉ॥ ਗੁਰਿ ਮਿਲਿਐ ਤ੍ਰਿਸਨਾ[੪]
ਅਗਨਿ ਬੁਝਾਏ॥ ਗੁਰ ਤੇ ਸਾਂਤਿ ਵਸੈ ਮਨਿ ਆਏ॥ ਗੁਰ ਤੇ ਪਵਿਤ ਪਾਵਨ[੫]
ਸੁਚਿ ਹੋਇ॥ ਗੁਰ ਤੇ ਸਬਦਿ ਮਿਲਾਵਾ ਹੋਇ॥ ੨॥ ਬਾਝੁ ਗੁਰੂ ਸਭ ਭਰਮਿ
ਭੁਲਾਈ॥ ਬਿਨੁ ਨਾਵੈ ਬਹੁਤਾ ਦੁਖੁ ਪਾਈ॥ ਗੁਰਮੁਖਿ ਹੋਵੈ ਸੁ ਨਾਮੁ ਧਿਆਈ॥
ਦਰਸਨਿ ਸਚੈ ਸਚੀ ਪਤਿ ਹੋਈ॥ ੩॥ ਕਿਸ ਨੋ ਕਹੀਐ ਦਾਤਾ ਇਕੁ ਸੋਈ॥
ਕਿਰਪਾ ਕਰੇ ਸਬਦਿ ਮਿਲਾਵਾ ਹੋਈ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥
ਨਾਨਕ ਸਾਚੇ ਸਾਚਿ ਸਮਾਵਾ॥ ੪॥ ੨॥ ੨੨॥ ਗਉੜੀ ਗੁਆਰੇਰੀ
ਮਹਲਾ ੩॥ [੬]ਸੁ ਥਾਉ ਸਚੁ ਮਨੁ ਨਿਰਮਲੁ ਹੋਇ॥ ਸਚਿ ਨਿਵਾਸੁ ਕਰੇ ਸਚੁ
ਸੋਇ॥ ਸਚੀ ਬਾਣੀ ਜੁਗ ਚਾਰੇ ਜਾਪੈ[੭]॥ ਸਭੁ ਕਿਛੁ ਸਾਚਾ ਆਪੇ ਆਪੈ॥
੧॥ ਕਰਮੁ[੮] ਹੋਵੈ ਸਤਸੰਗਿ ਮਿਲਾਏ॥ ਹਰਿ ਗੁਣ ਗਾਵੈ ਬੈਸਿ ਸੁ ਥਾਏ॥
੧॥ ਰਹਾਉ॥ [੯]ਜਲਉ ਇਹ ਜਿਹਵਾ ਦੂਜੈ ਭਾਇ॥ ਹਰਿ ਰਸੁ ਨ ਚਾਖੈ
ਫੀਕਾ ਆਲਾਇ[੧੦]॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ॥ ਬਿਨੁ ਨਾਵੈ ਦੁਖੀਆ
ਚਲਿਆ ਰੋਇ॥ ੨॥ ਰਸਨਾ[੧੧] ਹਰਿ ਰਸੁ ਚਾਖਿਆ [੧੨]ਸਹਜਿ ਸੁਭਾਇ॥
ਗੁਰ ਕਿਰਪਾ ਤੇ ਸਚਿ ਸਮਾਇ॥ ਸਾਚੇ ਰਾਤੀ ਗੁਰ ਸਬਦੁ ਵੀਚਾਰ॥ ਅੰਮ੍ਰਿਤੁ
ਪੀਵੈ ਨਿਰਮਲ ਧਾਰ॥ ੩॥ ਨਾਮਿ ਸਮਾਵੈ ਜੋ ਭਾਡਾ[੧੩] ਹੋਇ॥ [੧੪]ਊਂਧੈ ਭਾਂਡੈ
ਟਿਕੈ ਨ ਕੋਇ॥ ਗੁਰ ਸਬਦੀ ਮਨਿ ਨਾਮਿ ਨਿਵਾਸੁ॥ ਨਾਨਕ ਸਚੁ ਭਾਂਡਾ
ਜਿਸੁ ਸਬਦ ਪਿਆਸ॥ ੪॥ ੩॥ ੨੩॥ ਗਉੜੀ ਗੁਆਰੇਰੀ ਮਹਲਾ ੩॥
ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥ ਹਉਮੈ ਵਿਚਿ ਗਾਵਹਿ ਬਿਰਥਾ
ਜਾਇ॥ ਗਾਵਣਿ ਗਾਵਹਿ ਜਿਨ ਨਾਮ ਪਿਆਰੁ॥ ਸਾਚੀ ਬਾਣੀ ਸਬਦ
ਬੀਚਾਰੁ॥ ੧॥ ਗਾਵਤ ਰਹੈ ਜੇ ਸਤਿਗੁਰ ਭਾਵੈ॥ ਮਨੁ ਤਨੁ ਰਾਤਾ ਨਾਮਿ
ਸੁਹਾਵੈ॥ ੧॥ ਰਹਾਉ॥ ਇਕਿ ਗਾਵਹਿ ਇਕਿ [੧੫]ਭਗਤਿ ਕਰੇਹਿ॥

੧ ਮਨ ਦੇ ਸਾਫ਼ ਹੋਣ ਨਾਲ।
੨ ਸਫਲ ਹੁੰਦਾ ਹੈ, ਕਾਮਯਾਬ ਹੁੰਦਾ ਹੈ।
੩ ਸਭ ਤੋਂ ਉੱਚੇ ਗਿਆਨ ਤੇ ਸ਼ਾਂਤੀ ਦੀ ਅਵਸਥਾ। ਦੇਖੋ ਪੰਨਾ ੬੮।
੪ ਸੰਸਾਰਕ ਰਸਾਂ ਦੀ ਪ੍ਰਾਪਤੀ ਦੀ ਇੱਛਾ।
੫ ਪਵਿੱਤਰ, ਸ਼ੁੱਧ।
੬ ਉਹ ਥਾਂ (ਭਾਵ ਸਤ-ਸੰਗਤ) ਸੱਚੀ ਹੈ, ਜਿਥੇ ਜੀਵ ਦਾ ਮਨ ਪਵਿੱਤਰ ਹੁੰਦਾ ਹੈ। ਉਥੇ ਸੱਚਾ ਹੋਣ ਕਰ ਕੇ ਉਹ ਸੱਚ ਵਿੱਚ ਨਿਵਾਸ ਕਰਦਾ ਹੈ। ਉਸ ਦੀ ਬਾਣੀ ਸੱਚੀ ਹੋਂਦੀ ਹੈ ਅਤੇ ਚਹੁੰ ਜੁਗਾਂ ਵਿੱਚ ਜਾਣੀ ਜਾਂਦੀ ਹੈ। "ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ" (ਸਿਰੀਰਾਗੁ ਮ: ੩, ਪੰਨਾ ੩੫)।
੭ ਜਾਣੀ ਜਾਂਦੀ ਹੈ।
੮ ਭਾਗ।
੯ ਇਹ ਜੀਭ ਸੜ ਜਾਵੇ ਜਿਹੜੀ ਦ੍ਵੈਤ ਭਾਵ ਵਿੱਚ ਹੋ ਕੇ ਹਰੀ ਦਾ ਪ੍ਰੇਮ-ਰਸ ਨਹੀਂ ਚੱਖਦੀ ਅਤੇ ਫਿੱਕਾ ਬੋਲਦੀ ਹੈ।
੧੦ ਬੋਲਦੀ ਹੈ।
੧੧ ਜੀਭ।
੧੨ ਸੁਭਾਵਕ ਹੀ, ਨਿਰਯਤਨ ਹੋ ਕੇ।
੧੩ ਯੋਗ ਭਾਂਡਾ, ਭਾਵ ਸ਼ੁੱਧ ਹਿਰਦਾ।
੧੪ ਉਲਟਾ ਭਾਂਡਾ ਹੋਣ ਕਰ ਕੇ, ਭਾਵ ਬੇਮੁਖ ਹੋਣ ਕਰ ਕੇ।
੧੫ ਰਾਸ ਪਾਉਂਦੇ ਹਨ।

* ਇਸ ਤੀਜੇ ਤੇ ਚੌਥੇ ਅੰਗ ਵਿੱਚ ਖੋਲ੍ਹ ਕੇ ਸਾਬਤ ਕੀਤਾ ਹੈ ਕਿ ਗੁਰੂ ਦੇ ਮਿਲਣ ਤੋਂ ਕਿਵੇਂ ਵਾਹਿਗੁਰੂ ਦਾ ਪ੍ਰੇਮ-ਮਿਲਾਪ ਹੁੰਦਾ ਹੈ। ਪਹਿਲਾਂ ਗੁਰੂ ਦੇ ਮਿਲਣ ਤੋਂ ਅਕਲ ਖੁਲ੍ਹਦੀ ਹੈ ਤੇ ਮਨ ਸਾਫ਼ ਹੁੰਦਾ ਹੈ। ਮਨ ਦੇ ਸਾਫ਼ ਹੋਣ ਨਾਲ ਸੱਚ ਆ ਕੇ ਵੱਸਦਾ ਹੈ। ਸੱਚ ਦੇ ਵੱਸਣ ਨਾਲ ਸਾਰੀ ਕਰਣੀ ਸੱਚੀ ਹੋ ਜਾਂਦੀ ਹੈ। ਉੱਤਮ ਕਰਣੀ ਨਾਲ ਗੁਰਬਾਣੀ ਦੀ ਅਗਵਾਈ ਮੰਨਣ ਲੱਗ ਪੈਂਦਾ ਹੈ, ਤੇ ਸੱਚੀ ਸੇਵਾ ਦੇ ਆਹਰ ਲੱਗਦਾ ਹੈ। ਸੇਵਾ ਤੋਂ ਨਾਮ ਨਾਲ ਜਾਣ-ਪਛਾਣ ਹੋ ਜਾਂਦੀ ਹੈ। ਇਸ 'ਤੇ ਦਾਤਾ ਆਪ ਤ੍ਰੁਠਦਾ ਹੈ ਅਤੇ ਆਪਣਾ ਪ੍ਰੇਮ ਬਖਸ਼ਦਾ ਹੈ।

ਨਾਮੁ ਨ ਪਾਵਹਿ ਬਿਨੁ ਅਸਨੇਹ[੧] ॥ ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ[੨] ਧਾਰਿ ॥ ੨ ॥ *ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥ ੩ ॥ [੩]ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥ ਮੇਰਾ ਪ੍ਰਭੁ ਸਾਚਾ [੪]ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥ ੪ ॥ ੪ ॥ ੨੪ ॥ ਗਉੜੀ ਗੁਆਰੇਰੀ ਮਹਲਾ ੩† ॥ ਮਨੁ ਮਾਰੇ ਧਾਤੁ[੫] ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥ ੧ ॥ ਜਿਸ ਨੋ ਬਖਸੇ ਦੇ ਵਡਿਆਈ ॥ ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥ ੧ ॥ ਰਹਾਉ ॥ ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ [੬]ਮੈ ਮਤੁ ਮੈਗਲ[੭] ਮਿਕਦਾਰਾ[੮] ॥ ਗੁਰੁ ਅੰਕਸੁ[੯] ਮਾਰਿ ਜੀਵਾਲਣਹਾਰਾ ॥ ੨ ॥ ਮਨੁ ਅਸਾਧੁ[੧੦] ਸਾਧੈ ਜਨੁ ਕੋਇ ॥ [੧੧]ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥ ੩ ॥ ਜੋ [੧੨]ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥ ਆਪਣੀ ਕਲਾ[੧੩] ਆਪੇ ਹੀ ਜਾਣੈ ॥ ਨਾਨਕ ਗੁਰਮੁਖਿ[੧੪] ਨਾਮੁ ਪਛਾਣੈ ॥ ੪ ॥ ੫ ॥ ੨੫ ॥ ਗਉੜੀ ਗੁਆਰੇਰੀ ਮਹਲਾ ੩ ॥ ਹਉਮੈ ਵਿਚਿ ਸਭੁ ਜਗੁ ਬਉਰਾਨਾ[੧੫] ॥ [੧੬]ਦੂਜੈ ਭਾਇ ਭਰਮਿ ਭੁਲਾਨਾ ॥ ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ [੧੭]ਅਨਦਿਨੁ ਵਿਹਾਨਾ ॥ ੧ ॥ ਹਿਰਦੈ ਰਾਮੁ ਰਮਹੁ[੧੮] ਮੇਰੇ ਭਾਈ ॥ ਗੁਰਮੁਖਿ ਰਸਨਾ[੧੯] ਹਰਿ ਰਸਨ ਰਸਾਈ[੨੦] ॥ ੧ ॥ ਰਹਾਉ ॥ ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ [੨੧]ਕਰਮ ਬਿਧਾਤਾ ॥ ੨ ॥ ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ [੨੨]ਧਾਵਤ ਵਰਜੇ ਠਾਕਿ ਰਹਾਏ ॥ ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥ ੩ ॥ ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮ ਪੀਰ ॥ ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ [੨੩]ਗੁਣੀ ਗਹੀਰ ॥ ੪ ॥ ੬ ॥ ੨੬ ॥ ਗਉੜੀ ਗੁਆਰੇਰੀ ਮਹਲਾ ੩ ॥ ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥ ਸੋ ਕਿਉ ਵਿਸਰੈ ਸਭ ਮਾਹਿ[੨੪] ਸਮਾਨਾ ॥ ਜਿਤੁ ਸੇਵਿਐ ਦਰਗਹ [੨੫]ਪਤਿ ਪਰਵਾਨਾ ॥ ੧ ॥ ਹਰਿ ਕੇ ਨਾਮ ਵਿਟਹੁ[੨੬] ਬਲਿ ਜਾਉ ॥ ਤੂੰ ਵਿਸਰਹਿ ਤਦਿ ਹੀ ਮਰਿ

੧ ਪਿਆਰ।
੨ ਦਿਲ ਵਿੱਚ।
੩ ਭਗਤੀ ਦਾ ਪਿਆਰਾ, ਵਾਹਿਗੁਰੂ।
੪ ਸਾਡੇ ਸਾਰੇ ਢੰਗ ਜਾਣਦਾ ਹੈ।
੫ ਇਧਰ ਉੱਧਰ ਧਾਉਣਾ।
੬ (ਹੰਕਾਰ ਰੂਪ) ਸ਼ਰਾਬ ਦਾ ਮੱਤਾ।
੭ ਹਾਥੀ। ਮਨ ਸ਼ਰਾਬ ਨਾਲ ਮਸਤ ਹੋਏ ਹਾਥੀ ਵਾਂਗ ਹੈ।
੮ [ਅਰਬੀ] ਤੁੱਲ, ਵਾਕੁਰ, ਨਿਆਈਂ।
੯ ਕੁੰਡਾ, ਹਾਥੀ ਨੂੰ ਟੋਰਨ ਲਈ।
੧੦ ਜੋ ਸਾਧਿਆ ਨਹੀਂ ਜਾਂਦਾ।
੧੧ ਜੋ ਵਸਤੂ ਚਰੀ (ਖਾਧੀ) ਨਹੀਂ ਜਾਂਦੀ, ਉਸ ਨੂੰ ਖਾਵੇ, ਭਾਵ ਵਿਸ਼ੇ ਨੂੰ ਮੁਕਾਵੇ।
੧੨ ਧੁਰੋਂ, ਵਾਹਿਗੁਰੂ ਦੇ ਹਜ਼ੂਰੋਂ ਸੰਜੋਗ ਵਿੱਚ ਲਿਆਂਦੇ ਗਏ ਹਨ।
੧੩ ਗੁੱਝੀ ਤਾਕਤ।
੧੪ ਗੁਰੂ ਦੁਆਰਾ।
੧੫ ਝੱਲਾ ਹੋਇਆ ਹੋਇਆ ਹੈ।
੧੬ ਦ੍ਵੈਤ ਭਾਵ ਕਰਕੇ।
੧੭ ਹਰ ਰੋਜ਼ ਗੁਜ਼ਰਦਾ ਹੈ।
੧੮ ਸਿਮਰੋ।
੧੯ ਜੀਭ।
੨੦ ਰਸ ਵਾਲੀ ਹੋਈ।
੨੧ ਕਰਮਾਂ ਅਨੁਸਾਰ ਫਲ ਦੇਣ ਵਾਲਾ।
੨੨ ਦੌੜਦੇ ਮਨ ਨੂੰ ਮੋੜਿਆ ਹੈ ਅਤੇ ਰੋਕ ਕੇ ਰੱਖਿਆ ਹੈ।
੨੩ ਗੁਣਾਂ ਕਰਕੇ ਗੰਭੀਰ, ਅਥਾਹ ਗੁਣਾਂ ਵਾਲਾ।
੨੪ ਵਿੱਚ।
੨੫ ਪਤ ਕਬੂਲ ਪੈਂਦੀ ਹੈ।
੨੬ ਉਤੋਂ।

* ਮੂਰਖ ਲੋਕ ਰਾਸ ਕੀ ਪਾਉਂਦੇ ਹਨ, ਨਿਰਾ ਦਿਖਾਵਾ ਕਰਦੇ ਹਨ। ਰਾਸ ਲੀਲ੍ਹਾ ਪਾਉਣ ਨੂੰ ਭਗਤੀ ਪਾਉਣਾ; ਅਤੇ ਰਾਸਧਾਰੀਆਂ ਨੂੰ ਭਗਤੀਏ ਕਹਿੰਦੇ ਹਨ।

† ਇਹੋ ਸ਼ਬਦ ਪੰਨਾ ੬੬੫ ਉਤੇ ਧਨਾਸਰੀ ਰਾਗ ਵਿੱਚ ਵੀ ਆਉਂਦਾ ਹੈ।

ਜਾਉ ॥ ੧ ॥ ਰਹਾਉ ॥ ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ [੧]ਜਿ ਦੂਜੈ ਭਾਏ ॥ ਮਨਮੁਖ[੨] ਅਗਿਆਨੀ ਜੋਨੀ ਪਾਏ ॥ ੨ ॥ ਜਿਨ ਇਕ ਮਨਿ[੩] ਤੁਠਾ ਸੇ ਸਤਿਗੁਰ ਸੇਵਾ ਲਾਏ ॥ ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥ ਗੁਰਮਤੀ ਹਰਿ ਨਾਮਿ ਸਮਾਏ ॥ ੩ ॥ ਜਿਨਾ ਪੋਤੈ[੪] ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥ ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥ ੪ ॥ ੭ ॥ ੨੭ ॥ ਗਉੜੀ ਗੁਆਰੇਰੀ ਮਹਲਾ ੩ ॥ ਤੂੰ ਅਕਥੁ[੫] ਕਿਉ ਕਥਿਆ ਜਾਹਿ ॥ ਗੁਰ ਸਬਦੁ ਮਾਰਣੁ[੬] ਮਨ ਮਾਹਿ ਸਮਾਹਿ ॥ ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥ ੧ ॥ [੭]ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥ ੧ ॥ ਰਹਾਉ ॥ ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ [੮]ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥ ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥ ੨ ॥ [੯]ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥ ੩ ॥ ਆਪੇ ਦਾਤਿ ਕਰੇ ਦਾਤਾਰੁ ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ[੧੦] ॥ ੪ ॥ ੮ ॥ ੨੮ ॥ ਗਉੜੀ ਗੁਆਰੇਰੀ ਮਹਲਾ ੩ ॥ ਏਕਸੁ ਤੇ ਸਭਿ ਰੂਪ ਹਹਿ ਰੰਗਾ ॥ ਪਉਣੁ ਪਾਣੀ ਬੈਸੰਤਰੁ[੧੧] ਸਭਿ ਸਹਲੰਗਾ[*] ॥ [੧੨]ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥ ੧ ॥ ਏਕੁ ਅਚਰਜੁ ਏਕੋ ਹੈ ਸੋਈ ॥ ਗੁਰਮੁਖਿ ਵੀਚਾਰੇ ਵਿਰਲਾ ਕੋਈ ॥ ੧ ॥ ਰਹਾਉ ॥ [੧੩]ਸਹਜਿ ਭਵੈ ਪ੍ਰਭੁ ਸਭਨੀ ਥਾਈ ॥ ਕਹਾ[੧੪] ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥ ਆਪੇ ਸੁਤਿਆ ਦੇਇ ਜਗਾਈ ॥ ੨ ॥ ਤਿਸ ਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥ ੩ ॥ ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥ ੪ ॥ ੯ ॥ ੨੯ ॥ ਗਉੜੀ ਗੁਆਰੇਰੀ ਮਹਲਾ ੩ ॥ ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥ ੧ ॥ [੧੫]ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥ ੧ ॥ ਰਹਾਉ ॥ ਅਸੰਤੁ[੧੬] ਅਨਾੜੀ[੧੭] ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ[੧੮] ॥ ਅੰਧੁ ਅਗਿਆਨੀ ਕਦੇ [੧੯]ਨ ਸੀਝੈ ॥ ੨ ॥ ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ[੨੦] ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ[੨੧] ॥ ੩ ॥

੧ ਜਿਹੜੇ ਦ੍ਵੈਤ ਭਾਵ ਵਿੱਚ ਹਨ, ਭਾਵ ਇਕ ਰੱਬ ਨੂੰ ਛੱਡ ਕੇ ਹੋਰਥੇ ਪਿਆਰ ਕਰਦੇ ਹਨ।
੨ ਦੇਖੋ ਪੰਨਾ ੧੧, ਨੋਟ ੨੧।
੩ ਦ੍ਵੈਤ-ਭਾਵ ਮਿਟਾਣ ਕਰਕੇ ਕ੍ਰਿਪਾਲੂ ਹੋਇਆ ਹੈ।
੪ [ਫ਼ਾਰਸੀ 'ਪੋਤਾ'] ਪਲੇ, ਖਜ਼ਾਨੇ ਵਿੱਚ, ਭਾਵ ਭਾਗਾਂ ਵਿੱਚ।
੫ ਨਾ ਬਿਆਨ ਹੋਣ ਵਾਲਾ।
੬ ਮਸਾਲਾ ਜੋ ਸਖ਼ਤ ਚੀਜ਼ ਨੂੰ ਗਾਲਦਾ ਹੈ।
੭ ਬਾਣੀ ਜਿਸ ਦੀ ਹੈ, ਉਸੇ ਵਿੱਚ ਸਮਾਈ ਹੋਈ ਹੈ। ਭਾਵ ਇਹ ਬਾਣੀ ਅਕਾਲ ਦੀ ਹੈ, ਅਤੇ ਇਹ ਆਪਣੇ ਰਚਣਹਾਰ ਵਾਕੁਰ ਬੇਅੰਤ ਹੈ।
੮ ਜਿਥੇ ਸਤਿਗੁਰੂ ਹੈ, ਉਥੇ ਸੁਭਾਵਕ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ। ਜਿਥੇ ਸਤਿਗੁਰੂ ਹੈ, ਉਥੇ ਹਉਮੈ ਗੁਰਬਾਣੀ ਦੁਆਰਾ ਜਲਾਈ ਜਾਂਦੀ ਹੈ।
੯ ਗੁਰੂ ਦੁਆਰੇ ਸੇਵਾ ਕਰਨ ਨਾਲ ਜੀਵ ਮਾਲਕ ਦੇ ਮਹਲਾਂ ਵਿੱਚ ਥਾਂ ਪਾਉਂਦਾ ਹੈ।
੧੦ ਨਮਸਕਾਰ।
੧੧ ਅੱਗ।
੧੨ ਵਖੋ-ਵੱਖ ਰੰਗਾਂ ਨੂੰ (ਕੌਤਕਾਂ ਨੂੰ) ਪ੍ਰਭੂ ਵੇਖਦਾ ਹੈ।
੧੩ ਕੁਦਰਤੀ ਢੰਗ ਨਾਲ ਪ੍ਰਵੇਸ਼ ਕਰਦਾ ਹੈ।
੧੪ ਕਿਤੇ।
੧੫ ਜੋ ਸਹਜ ਅਵਸਥਾ ਵਿੱਚ ਹੋ ਕੇ ਜਾਗਦਾ ਹੈ, ਉਹ ਸਉਂਦਾ ਨਹੀਂ। 'ਸਹਜ' ਲਈ ਦੇਖੋ ਪੰਨਾ ੬੮।
੧੬ ਮਨਮੁਖ।
੧੭ ਹਠੀਆ, ਅਮੋੜ।
੧੮ ਝਗੜਦਾ ਹੈ।
੧੯ ਕਾਮਯਾਬ ਨਹੀਂ ਹੁੰਦਾ।
੨੦ ਛੁਟਕਾਰਾ।
੨੧ ਉਧਾਰਦਾ ਹੈ।

* [ਸੰ. ਸਹ-ਲਗਨ। 'ਦਬਿਸਤਾਨੇ ਮਜ਼ਾਹਬ' ਵਿੱਚ ਇਕ ਸੰਗਤ ਵਿੱਚ ਵਿਚਰਨ ਵਾਲੇ ਸਿੱਖਾਂ ਨੂੰ 'ਮੇਲੀ ਵ ਸਹਲੰਗ' ਕਰ ਕੇ ਬਿਆਨ ਕੀਤਾ ਹੈ] ਨਾਲ ਲੱਗੇ ਹੋਏ, ਜੁੜੇ ਹੋਏ। ਸਭ ਵਿੱਚ ਹਵਾ, ਪਾਣੀ; ਅੱਗ ਆਦਿ ਤੱਤ ਮਿਲੇ ਹੋਏ ਹਨ; ਭਾਵ ਇਨ੍ਹਾਂ ਸਾਂਝੇ ਤੱਤਾਂ ਦੇ ਮੇਲ ਤੋਂ ਸਰੀਰ ਬਣੇ ਹਨ।

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ *ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ੪ ॥ ੧੦ ॥ ੩੦ ॥ ਗਉੜੀ ਮਹਲਾ ੩ ਗੁਆਰੇਰੀ ॥ ਸਚਾ ਅਮਰੁ[੧] ਸਚਾ ਪਾਤਿਸਾਹੁ ॥ [੨]ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ[੩] ॥ ੧ ॥ ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ[੪] ਉਤਰਹੁ ਪਾਰਿ ॥ ੧ ॥ ਰਹਾਉ ॥ ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ [੫]ਦੂਜੈ ਭਾਇ ॥ ਮਨਮੁਖਿ[੬] ਨ ਚੇਤੈ ਆਵੈ ਜਾਇ ॥ ੨ ॥ ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ[੭] ਚਾਕਰੀ ਲਾਇਆ ॥ ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥ ੩ ॥ ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ [੮]ਨਉ ਨਿਧਿ ਪਾਏ ॥ ੪ ॥ ੧੧ ॥ ੩੧ ॥ ਗਉੜੀ ਗੁਆਰੇਰੀ ਮਹਲਾ ੩ ॥ ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ ਗੁਰ ਸੇਵਾ ਤੇ ਮਨੁ ਪਤੀਆਇ[੯] ॥ ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥ ੧ ॥ ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ ਗੁਰਮੁਖਿ ਸੇਵਾ ਹਰਿ ਘਾਲ[੧੦] ਥਾਇ ਪਾਈ ॥ ੧ ॥ ਰਹਾਉ ॥ ਆਪੁ[੧੧] ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥ ਹਰਿ ਗੁਣ ਗਾਵੈ ਮਤਿ ਊਤਮ ਹੋਇ ॥ [੧੨]ਸਹਜੇ ਸਹਜਿ ਸਮਾਵੈ ਸੋਇ ॥ ੨ ॥ ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ[੧੩] ਖਾਇ ॥ [੧੪]ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥ ੩ ॥ ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ[੧੫] ਭਗਤਿ ਗੁਰ ਸਬਦੀ ਹੋਇ ॥ ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥ ੪ ॥ ੧੨ ॥ ੩੨ ॥ ਗਉੜੀ ਗੁਆਰੇਰੀ ਮਹਲਾ ੩ ॥ [੧੬]ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ [੧੭]ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥ ੧ ॥ ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥ ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥ [੧੮]ਆਪਿ ਉਧਰੇ ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰ ਧਾਰੇ[੧੯] ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥ ੨ ॥ ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ [੨੦]ਕਮਲੁ ਪਰਗਾਸਾ ॥ [੨੧]ਅਨਹਦੁ ਵਾਜੈ ਨਿਜ ਘਰਿ ਵਾਸਾ ॥ [੨੨]ਨਾਮਿ ਰਤੇ ਘਰ ਮਾਹਿ ਉਦਾਸਾ ॥ ੩ ॥ ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ [੨੩]ਭਗਤੀ ਆਖਿ ਵਖਾਣੀ ॥

੧ ਹੁਕਮ।
੨ ਜੋ ਮਨ ਕਰ ਕੇ ਸੱਚੇ ਹਰੀ ਵਿੱਚ ਰਤੇ ਹੋਏ ਹਨ ਜੋ ਵੇਪਰਵਾਹ ਹੈ, ਓਹ ਸੱਚੇ ਨਾਮ ਦੁਆਰਾ ਸੱਚੇ ਘਰ ਵਿੱਚ ਸਮਾ ਗਏ ਹਨ।
੩ ਲੀਨ।
੪ ਸੰਸਾਰ ਸਾਗਰ।
੫ ਦ੍ਵੈਤ ਭਾਵ ਕਰਕੇ।
੬ ਦੇਖੋ ਪੰਨਾ ੧੧, ਨੋਟ ੨੧।
੭ ਬਿਗਾਨੀ।
੮ ਸਭ ਤਰ੍ਹਾਂ ਦੀਆਂ ਅਮੋਲਕ ਵਸਤੂਆਂ ਦਾ ਖਜ਼ਾਨਾ। ਦੇਖੋ ਪੰਨਾ ੧੦, ਫੁਟ ਨੋਟ §।
੯ ਪਤੀਜਦਾ ਹੈ।
੧੦ ਮਿਹਨਤ, ਸੇਵਾ।
੧੧ ਆਪਣੇ ਆਪ ਨੂੰ।
੧੨ ਉਹ ਸੁਤੇ ਸਿੱਧ ਹੀ ਸਹਜ ਅਵਸਥਾ ਵਿੱਚ ਸਮਾ ਜਾਂਦਾ ਹੈ। ਦੇਖੋ ਪੰਨਾ ੬੮।
੧੩ ਜ਼ਹਿਰ।
੧੪ (ਮਾਇ) ਮਾਇਆ ਨੇ ਪੁੱਤਰ, ਕਬੀਲੇ ਅਤੇ ਘਰ ਦੁਆਰਾ ਮੋਹਿਆ ਹੈ।
੧੫ ਹਰ ਰੋਜ਼।
੧੬ ਗੁਰੂ ਦੀ ਸੇਵਾ ਸਾਰਿਆਂ ਸਮਿਆਂ ਵਿੱਚ ਹੁੰਦੀ ਆਈ ਹੈ।
੧੭ ਐਥੇ=ਇਸ ਲੋਕ ਵਿੱਚ। ਦਰਿ=ਵਾਹਿਗੁਰੂ ਦੀ ਦਰਗਾਹ ਵਿੱਚ, ਵਾਹਿਗੁਰੂ ਦੇ ਹਜ਼ੂਰ।
੧੮ ਓਹ ਆਪ ਤਰ ਗਏ ਅਤੇ ਸਾਰੀਆਂ ਕੁਲਾਂ ਤਾਰ ਗਏ।
੧੯ ਦਿਲ ਵਿੱਚ ਧਾਰ ਰੱਖਦੇ ਹਨ।
੨੦ ਹਿਰਦੇ ਰੂਪੀ ਕੰਵਲ ਖਿੜਿਆ।
੨੧ ਅਨਹਦ ਸ਼ਬਦ ਵੱਜਿਆ ਅਤੇ ਸ੍ਵੈ ਸਰੂਪ ਵਿੱਚ ਵਾਸਾ ਹੋਇਆ। ਅਨਹਦ ਲਈ ਦੇਖੋ ਪੰਨਾ ੯੧, ਨੋਟ ੨੪।
੨੨ ਜੋ ਨਾਮ ਵਿੱਚ ਰੱਤੇ ਹਨ, ਓਹ ਗ੍ਰਿਹਸਤ ਵਿੱਚ ਹੀ ਮਾਇਆ ਵਲੋਂ ਅਟੰਕ ਰਹਿੰਦੇ ਹਨ।
੨੩ ਭਗਤਾਂ ਨੇ ਉਚਾਰਨ ਕਰਕੇ ਬਿਆਨ ਕੀਤੀ ਹੈ।

* ਕਲਿਜੁਗ ਦਾ ਜਨਮ ਕਿਸੇ ਚੰਡਾਲ ਦੇ ਘਰ ਹੋਇਆ ਹੈ; ਭਾਵ ਇਸ ਘੋਰ ਸਮੇਂ ਦੇ ਲੋਕਾਂ ਵਿੱਚ ਚੰਡਾਲ ਵਾਲਾ ਸੁਭਾ ਵਰਤਿਆ ਹੋਇਆ ਹੈ।

ਅਨਦਿਨੁ ਜਪਹਿ ਹਰਿ ਸਾਰੰਗਪਾਣੀ[੧] ॥ ਨਾਨਕ ਨਾਮਿ ਰਤੇ ਨਿਹਕੇਵਲ[੨] ਨਿਰਬਾਣੀ[੩] ॥ ੪ ॥ ੧੩ ॥ ੩੩ ॥ ਗਉੜੀ ਗੁਆਰੇਰੀ ਮਹਲਾ ੩ ॥ ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥ ੧ ॥ ਗੁਰਮੁਖਿ[੪] ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥ ੧ ॥ ਰਹਾਉ ॥ ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥ ੨ ॥ [੫]ਕਰਮ ਕਾਂਡ ਬਹੁ ਕਰਹਿ ਅਚਾਰ[੬] ॥ [੭]ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ ੩ ॥ ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥ ੪ ॥ ੧੪ ॥ ੩੪ ॥ ਮਹਲਾ ੩ ਗਉੜੀ ਬੈਰਾਗਣਿ ॥ [*]ਜੈਸੀ ਧਰਤੀ ਊਪਰਿ ਮੇਘੁਲਾ[੮] ਬਰਸਤੁ ਹੈ ਕਿਆ ਧਰਤੀ ਮਧੇ[੯] ਪਾਣੀ ਨਾਹੀ ॥ [੧੦]ਜੈਸੇ ਧਰਤੀ ਮਧੇ ਪਾਣੀ ਪਰਗਾਸਿਆ [੧੧]ਬਿਨੁ ਪਗਾ ਵਰਸਤ ਫਿਰਾਹੀ ॥ ੧ ॥ ਬਾਬਾ ਤੂੰ ਐਸੇ ਭਰਮੁ ਚੁਕਾਹੀ[੧੨] ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥ ੧ ॥ ਰਹਾਉ ॥ ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥ ਨਾਨਾ[੧੩] ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥ ੨ ॥ ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ[੧੪] ਤਾ ਭੂਲੇ ਨਾਹੀ ॥ ਜਾ ਕਾ ਕਾਰਜੁ ਸੋਈ ਪਰੁ ਜਾਣੈ[੧੫] ਜੇ ਗੁਰ ਕੈ ਸਬਦਿ ਸਮਾਹੀ ॥ ੩ ॥ ਤੇਰਾ ਸਬਦੁ[੧੬] ਤੂੰਹੈ ਹਹਿ ਆਪੇ ਭਰਮੁ [੧੭]ਕਹਾ ਹੀ ॥ ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ[੧੮] ਜਨਮਿ ਨ ਆਹੀ ॥ ੪ ॥ ੧ ॥ ੧੫ ॥ ੩੫ ॥ ਗਉੜੀ ਬੈਰਾਗਣਿ ਮਹਲਾ ੩ ॥ ਸਭੁ ਜਗੁ ਕਾਲੈ ਵਸਿ ਹੈ ਬਾਧਾ [੧੯]ਦੂਜੈ ਭਾਇ ॥ ਹਉਮੈ ਕਰਮ ਕਮਾਵਦੇ ਮਨਮੁਖਿ[੨੦] ਮਿਲੈ ਸਜਾਇ ॥ ੧ ॥ ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ[੨੧] ਲੈ ਦਰਗਹ ਲਏ ਛਡਾਇ ॥ ੧ ॥ ਰਹਾਉ ॥ ਲਖ ਚਉਰਾਸੀਹ ਭਰਮਦੇ ਮਨਹਠਿ[੨੨] ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ[੨੩] ਫਿਰਿ ਫਿਰਿ ਜੋਨੀ ਪਾਇ ॥ ੨ ॥ ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥ ਅਨਦਿਨੁ[੨੪] ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥ ੩ ॥ ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥ ਜਨ ਨਾਨਕ ਕਰਮੀ[੨੫] ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥ ੪ ॥ ੨ ॥ ੧੬ ॥ ੩੬ ॥ ਗਉੜੀ ਬੈਰਾਗਣਿ ਮਹਲਾ ੩ ॥ ਪੇਈਅੜੈ[੨੬] ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥ ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥ ਪੇਵਕੜੈ ਗੁਣ ਸੰਮਲੈ[੨੭] ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ[੨੮] ਸਮਾਣੀਆ ਹਰਿ ਹਰਿ ਮਨਿ ਭਾਇਆ ॥ ੧ ॥ [੨੯]ਸਸੁਰੈ ਪੇਈਐ ਪਿਰੁ ਵਸੈ ਕਹੁ [੩੦]ਕਿਤੁ ਬਿਧਿ ਪਾਈਐ ॥ ਆਪਿ ਨਿਰੰਜਨੁ[੩੧]

੧ [ਧਰਤੀ ਹੈ ਜਿਸ ਦੇ ਹੱਥ ਵਿੱਚ] ਵਾਹਿਗੁਰੂ।
੨ ਸ਼ੁੱਧ, ਨਿਰਲੇਪ।
੩ ਤਿਆਗੀ, ਮੁਕਤ।
੪ ਗੁਰੂ ਦੁਆਰਾ।
੫ [ਸ਼ਾਸਤਰ ਦਾ ਉਹ ਹਿੱਸਾ ਜਿਸ ਵਿੱਚ ਕਰਮ ਦੱਸੇ ਹਨ, ਕਿ ਕਿਹੜੇ ਵੇਲੇ ਕਿਸ-ਕਿਸ ਨੂੰ ਕਰਨੇ ਚਾਹੀਦੇ ਹਨ] ਓਹ ਕਰਮ ਜੋ ਧਰਮ ਸ਼ਾਸਤਰਾਂ ਅਨੁਸਾਰ ਮਰਨੇ ਪਰਨੇ ਅਤੇ ਹੋਰ ਮੌਕਿਆਂ 'ਤੇ ਕਰਨੇ ਯੋਗ ਮੰਨੇ ਜਾਂਦੇ ਹਨ।
੬ ਰਹਿਣੀ ਬਹਿਣੀ ਦੇ ਚੰਗੇ ਕਰਮ।
੭ ਨਾਮ ਤੋਂ ਬਿਨਾਂ ਇਹ ਕਰਮ ਨਿਰੇ ਹੰਕਾਰ ਦੇ ਹਨ ਅਤੇ ਲਾਨ੍ਹਤ ਯੋਗ ਹਨ।
੮ ਬੱਦਲ।
੯ ਵਿੱਚ।
੧੦ ਜਿਸ ਤਰ੍ਹਾਂ ਧਰਤੀ ਵਿੱਚ ਪਾਣੀ ਜ਼ਾਹਰ ਹੈ, ਫਿਰ ਭੀ ਬੱਦਲ ਬਿਨਾਂ ਪੈਰਾਂ ਦੇ ਵਰ੍ਹਦਾ ਫਿਰਦਾ ਹੈ।
੧੧ ਬਿਨਾਂ ਪੈਰਾਂ ਦੇ।
੧੨ ਦੂਰ ਕਰ।
੧੩ ਕਈ ਤਰ੍ਹਾਂ ਦੇ। ਭਾਵ ਤੈਥੋਂ ਹੀ ਸਭ ਨਿਕਲੇ ਹਨ ਤੇ ਤੇਰੇ ਵਿੱਚ ਲੀਨ ਹੋ ਜਾਂਦੇ ਹਨ; ਤੈਥੋਂ ਬਿਨਾਂ ਕਿਸੇ ਨੇ ਕੀ ਕਰਮ ਕਰਨੇ ਹਨ? ਤੂੰ ਜੋ ਕਰਾਵੇਂ ਓਹੋ ਕਰਦੇ ਹਨ।
੧੪ ਗਿਆਨ ਪ੍ਰਾਪਤ ਕੀਤਾ।
੧੫ ਚੰਗੀ ਤਰ੍ਹਾਂ ਜਾਣਦਾ ਹੈ।
੧੬ ਹੁਕਮ। ਸਭ ਥਾਂ ਤੇਰਾ ਹੁਕਮ ਵਰਤਦਾ ਹੈ ਤੇ ਤੂੰ ਆਪ ਹੀ ਸਭ ਕੁਝ ਹੈਂ, ਇਸ ਲਈ ਭਰਮ ਕਿਥੇ ਹੋ ਸਕਦਾ ਹੈ?
੧੭ ਕਿਥੇ ਹੈ?
੧੮ ਫੇਰ।
੧੯ ਦ੍ਵੈਤ ਭਾਵ ਵਿੱਚ, ਵਾਹਿਗੁਰੂ ਨੂੰ ਛੱਡ ਕੇ ਕਿਸੇ ਹੋਰ ਪਾਸੇ ਪਿਆਰ ਪਾਉਣ ਕਰਕੇ।
੨੦ ਦੇਖੋ ਪੰਨਾ ੧੧, ਨੋਟ ੨੧।
੨੧ ਖ਼ਜ਼ਾਨਾ।
੨੨ ਨਿਰੇ ਮਨ ਦੀ ਜ਼ਿੱਦ ਕਰਕੇ।
੨੩ ਸਮਝਿਆ।
੨੪ ਹਰ ਰੋਜ਼।
੨੫ ਭਾਗਾਂ ਨਾਲ।
੨੬ ਇਸ ਲੋਕ ਵਿੱਚ।
੨੭ ਯਾਦ ਕਰੇ।
੨੮ ਪੂਰਨ ਗਿਆਨ ਤੇ ਅਡੋਲਤਾ ਵਾਲੀ ਹਾਲਤ ਵਿੱਚ। ਦੇਖੋ ਪੰਨਾ ੬੮।
੨੯ ਸਾਹੁਰੇ ਪੇਕੇ, ਇਸ ਲੋਕ ਵਿੱਚ ਤੇ ਪਰਲੋਕ ਵਿੱਚ।
੩੦ ਕਿਸ ਢੰਗ ਨਾਲ?
੩੧ ਮਾਇਆ ਤੋਂ ਰਹਿਤ।

* ਰਹਾਉ ਦੀ ਤੁਕ ਵਿੱਚ ਸ਼ਬਦ ਦਾ ਸਾਰ ਹੈ : ਹੇ ਭਾਈ! ਤੂੰ ਆਪਣਾ ਭਰਮ ਇਉਂ ਸਮਝ ਕੇ ਦੂਰ ਕਰ ਕਿ ਸੰਸਾਰ ਸਭ ਉਸ ਵਾਹਿਗੁਰੂ ਦੀ ਖੇਡ ਹੈ। ਜਿਵੇਂ ਉਹ ਚਾਹੁੰਦਾ ਹੈ ਤਿਵੇਂ ਹੁੰਦਾ ਹੈ ਤੇ ਆਖਰ ਸਭ ਕੁਝ ਉਸ ਵਿੱਚ ਲੀਨ ਹੋ ਜਾਂਦਾ ਹੈ। ਜੋ ਵਖੇਵਾਂ ਦਿੱਸ ਰਿਹਾ ਹੈ, ਉਹ ਨਿਰਾ ਭਰਮ ਹੈ। ਇਸ ਖ਼ਿਆਲ ਨੂੰ ਇਕ ਸੁੰਦਰ ਮਿਸਾਲ ਨਾਲ ਦਰਸਾਇਆ ਹੈ। ਪਾਣੀ ਧਰਤੀ ਅੰਦਰ ਵੀ ਹੈ ਤੇ ਬਾਹਰ ਬੱਦਲਾਂ ਦਾ ਰੂਪ ਧਾਰ ਕੇ ਵਰ੍ਹਦਾ ਵੀ ਫਿਰਦਾ ਹੈ। ਧਰਤੀ ਵਿੱਚੋਂ ਜਦ ਖੂਹ ਆਦਿਕ ਕੱਢ ਕੇ ਪਾਣੀ ਕੱਢਿਆ ਜਾਂਦਾ ਹੈ, ਤਾਂ ਉਹੋ ਬੱਦਲਾਂ ਵਿੱਚ ਬਦਲ ਕੇ ਬਿਨਾਂ ਪੈਰਾਂ ਦੇ ਵਰਸਦਾ ਫਿਰਦਾ ਹੈ। ਇਹ ਭੁਲੇਖਾ ਸੀ ਕਿ ਧਰਤੀ ਵਿੱਚ ਪਾਣੀ ਨਹੀਂ; ਜਾਂ ਬੱਦਲਾਂ ਦਾ ਪਾਣੀ ਹੋਰ ਹੈ ਜਾਂ ਕਿਤੇ ਹੋਰ ਥਾਂ ਤੋਂ ਆਉਂਦਾ ਹੈ। ਜਦ ਭੁਲੇਖਾ ਦੂਰ ਹੋਇਆ, ਅਸਲੀਅਤ ਸਮਝ ਆ ਗਈ।

ਅਲਖੁ[੧] ਹੈ ਆਪੇ ਮੇਲਾਈਐ ॥ ੧ ॥ ਰਹਾਉ ॥ ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥ ਹਉਮੈ ਦੁਬਿਧਾ[੨] ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥ ੨ ॥ [੩]ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥ [੪]ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥ ੩ ॥ [੫]ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥ ਮੇਰਾ ਪਿਤਾ ਮਾਤਾ ਹਰਿ ਨਾਮੁ ਹੈ [੬]ਹਰਿ ਬੰਧਪੁ ਬੀਰਾ ॥ ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ[੭] ॥ ੪ ॥ ੩ ॥ ੧੭ ॥ ੩੭ ॥ ਗਉੜੀ ਬੈਰਾਗਣਿ ਮਹਲਾ ੩ ॥ ਸਤਿਗੁਰ ਤੇ ਗਿਆਨੁ ਪਾਇਆ [੮]ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ[੯] ॥ ਸਿਵਿ[੧੦] ਸਕਤਿ[੧੧] ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥ ੧ ॥ ਹਰਿ [੧੨]ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ ॥ ਹਰਿ ਬਿਨੁ ਚਸਾ[੧੩] ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ ॥ ੧ ॥ ਰਹਾਉ ॥ ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ[੧੪] ਕੀਨੀ ॥ ਹਰਿ ਰਸੁ ਗੁਰ ਤੇ ਪਾਇਆ [੧੫]ਮੇਰਾ ਮਨੁ ਤਨੁ ਲੀਨੀ ॥ ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ ॥ ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ ॥ ੨ ॥ ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥ ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥ [੧੬]ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥ ੩ ॥ [੧੭]ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥ ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ[੧੮] ਗਾਇਆ ॥ [੧੯]ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥ ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥ ੪ ॥ ੪ ॥ ੧੮ ॥ ੩੮ ॥

ਗਉੜੀ ਗੁਆਰੇਰੀ ਮਹਲਾ ੪ ਚਉਥਾ* ਚਉਪਦੇ ੴ ਸਤਿਗੁਰ ਪ੍ਰਸਾਦਿ ॥

ਪੰਡਿਤੁ [੨੦]ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ[੨੧] ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥ ੧ ॥ ਨਾ ਜਾਨਾ ਕਿਆ ਗਤਿ[੨੨] ਰਾਮ ਹਮਾਰੀ ॥ ਹਰਿ ਭਜੁ ਮਨ ਮੇਰੇ ਤਰੁ ਭਉਜਲੁ[੨੩] ਤੂ

੧ ਜਿਸ ਨੂੰ ਸਮਝ ਨਾ ਸਕੀਏ।
੨ [ਦ੍ਵਿ-ਵਿਧ] ਦੁਹਾਂ ਪਾਸੇ ਰੁਚੀ ਹੋਣੀ, ਮਨ ਦਾ ਡੁਲਾਉ। ਹੰਕਾਰ ਤੇ ਦੁਚਿੱਤੀ ਦੂਰ ਹੋ ਜਾਏ, ਅਤੇ ਸੁਭਾਵਕ ਹੀ ਆਤਮ-ਅਨੰਦ ਵਿੱਚ ਸਮਾ ਜਾਈਏ।
੩ ਆਪ-ਹੁਦਰੇ ਲੋਕ ਹੰਕਾਰ ਵਿੱਚ ਵਾਹਿਗੁਰੂ ਨੂੰ ਪ੍ਰਾਪਤ ਨਹੀਂ ਕਰਦੇ, ਉਹ ਅਗਿਆਨ ਕਰ ਕੇ ਅੰਞਾਣੇ ਹਨ।
੪ ਜਨਮ ਧਾਰਦੇ ਰਹਿੰਦੇ ਹਨ ਅਤੇ ਇਸੇ ਗੇੜ ਵਿੱਚ ਫਿਰ-ਫਿਰ ਕੇ ਨਾਸ ਹੁੰਦੇ ਹਨ।
੫ ਮੇਰੇ ਮਾਲਕ ਵਾਹਿਗੁਰੂ ਨੇ ਮੇਰੇ ਮੱਥੇ 'ਤੇ ਧੁਰੋਂ ਹੀ (ਆਪਣੇ ਹਜ਼ੂਰੋਂ) ਪੂਰੇ ਭਾਗਾਂ ਦਾ ਹੁਕਮ ਲਿਖਿਆ ਹੈ, ਜਿਸ ਕਰਕੇ ਮੈਨੂੰ ਸੂਰਮਾ ਗੁਰੂ ਮਿਲਿਆ ਹੈ ਅਤੇ ਮੈਂ ਹਰੀ ਨਾਮ ਸਿਮਰਿਆ ਹੈ।
੬ ਹਰੀ ਹੀ ਮੇਰਾ ਸੰਬੰਧੀ ਅਤੇ ਭਾਈ ਹੈ।
੭ ਕੀੜਾ, ਨਿਮਾਣਾ ਸੇਵਕ।
੮ ਹਰੀ ਦੀ ਅਸਲੀਅਤ ਨੂੰ ਵਿਚਾਰਿਆ ਹੈ।
੯ [ਮੁਰ ਰਾਖਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ ਦਾ। ਹਰੀ ਦਾ ਨਾਮ ਜਪਣ ਨਾਲ ਮੈਲੀ ਮਤ ਰੋਸ਼ਨ ਹੋ ਗਈ, ਚਮਕ ਉੱਠੀ।
੧੦ ਵਾਹਿਗੁਰੂ ਨੇ।
੧੧ ਮਾਇਆ। ਵਾਹਿਗੁਰੂ ਨੇ ਮਾਇਆ ਦਾ ਅਸਰ ਆਪੇ ਹੀ ਦੂਰ ਕੀਤਾ ਹੈ, ਇਸ ਲਈ ਹਨੇਰਾ ਦੂਰ ਹੋ ਗਿਆ ਹੈ।
੧੨ ਕਿਸ ਤਰੀਕੇ ਨਾਲ, ਕਿਵੇਂ?
੧੩ ਪਲ ਦਾ ੩੦ਵਾਂ ਹਿੱਸਾ, ਬਹੁਤ ਥੋੜ੍ਹਾ ਸਮਾਂ।
੧੪ ਹਰੀ ਨੂੰ ਹੀ ਆਪਣੀ ਗਤੀ ਬਣਾਇਆ ਹੈ; ਭਾਵ ਆਪਣੇ ਜੀਵਨ ਦਾ ਤੱਤ ਮਨੋਰਥ ਬਣਾਇਆ ਹੈ। ਗਤਿ=ਉਹ ਪਦਵੀ ਜਿਥੇ ਅਪੜਨਾ ਜੀਵਣ ਦਾ ਮਨੋਰਥ ਹੈ।
੧੫ ਮੇਰਾ ਮਨ ਤੇ ਤਨ (ਉਸ ਰਸ ਵਿੱਚ) ਲੀਨ ਹੋ ਗਿਆ ਹੈ।
੧੬ ਹੇ ਹਰੀ! ਅਸਾਂ ਆਪ ਦੀ ਸ਼ਰਨ ਪਕੜੀ ਹੈ, ਰੱਖ ਲਓ, ਤੇ ਅਸਾਂ ਮੂਰਖਾਂ ਬੇਸਮਝਾਂ ਨੂੰ ਤਾਰ ਲਓ।
੧੭ ਗੁਰਮਤ ਦੁਆਰਾ ਹਰੀ ਨੂੰ ਮਨ ਵਿੱਚ ਚੇਤੇ ਕਰਨ ਨਾਲ ਸਦਾ ਸਹਜ ਵਾਲਾ ਸੁਖ ਮਿਲਦਾ ਹੈ। "ਸਹਜੁ ਅਨੰਦੁ" ਲਈ ਦੇਖੋ ਪੰ: ੧੦੪, ਨੋਟ੬।
੧੮ ਹਰੀ ਜੱਸ।
੧੯ ਹੇ ਪ੍ਰਭੂ! ਬੇਨਤੀ ਹੈ ਕਿ ਦਇਆ ਕਰ ਕੇ ਹਰੀ ਚੇਤੇ ਕਰਾਓ।
੨੦ ਦੇਖੋ ਪੰਨਾ ੧੧, ਫੁਟ ਨੋਟ * ਅਤੇ †।
੨੧ ਜੋਗ ਮੱਤ ਦਾ ਬਾਨੀ ਗੋਰਖਨਾਥ।
੨੨ ਹਾਲ। ਮੇਰਾ ਕੀ ਹਾਲ ਹੋਵੇਗਾ?
੨੩ ਸੰਸਾਰ ਸਾਗਰ।

* ਅੰਕ ੪ ਦੇ ਨਾਲ ਹੀ 'ਚਉਥਾ' ਲਿਖਣ ਤੋਂ ਸਾਨੂੰ 'ਮਹਲਾ ੪' ਦੇ ਸ਼ੁੱਧ ਉਚਾਰਣ ਦਾ ਪਤਾ ਲੱਗਦਾ ਹੈ। ਮਹਲਾ ਚਾਰ ਪਾਠ ਠੀਕ ਨਹੀਂ, 'ਮਹਿਲਾ ਚਉਥਾ' ਪਾਠ ਕਰਨਾ ਚਾਹੀਏ। ਇਸੇ ਤਰ੍ਹਾਂ 'ਮਹਿਲਾ ਪਹਿਲਾ, ਮਹਿਲਾ ਦੂਜਾ', ਆਦਿ।

ਤਾਰੀ[1] ॥ ੧ ॥ ਰਹਾਉ ॥ ਸੰਨਿਆਸੀ ਬਿਭੂਤ[2] ਲਾਇ ਦੇਹ ਸਵਾਰੀ ॥ [3]ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ ਮੈ ਮੂਰਖ ਹਰਿ ਆਸ ਤੁਮਾਰੀ ॥ ੨ ॥ ਖਤ੍ਰੀ ਕਰਮ ਕਰੇ ਸੂਰਤਣੁ[4] ਪਾਵੈ ॥ *ਸੂਦੁ ਵੈਸੁ ਪਰ ਕਿਰਤਿ ਕਮਾਵੈ ॥ ਮੈ ਮੂਰਖ ਹਰਿ ਨਾਮੁ ਛਡਾਵੈ ॥ ੩ ॥ ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥ ਮੈ ਅੰਧੁਲੇ ਹਰਿ ਟੇਕ ਟਿਕਾਈ ॥ ੪ ॥ ੧ ॥ ੩੯ ॥ ਗਉੜੀ ਗੁਆਰੇਰੀ ਮਹਲਾ ੪ ॥ ਨਿਰਗੁਣ[5] ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ ਤਰੁ ਭਉਜਲੁ[6] ਅਕਥ ਕਥਾ ਸੁਨਿ ਹਰਿ ਕੀ ॥ ੧ ॥ ਗੋਬਿੰਦ ਸਤਸੰਗਤਿ ਮੇਲਾਇ ॥ ਹਰਿ ਰਸੁ ਰਸਨਾ ਰਾਮ ਗੁਨ ਗਾਇ ॥ ੧ ॥ ਰਹਾਉ ॥ ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ [7]ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ ਜਨ ਕੀ ਸੇਵਾ ਊਤਮ ਕਾਮਾ ॥ ੨ ॥ ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ [8]ਜਨ ਪਗ ਰੇਣੁ ਵਡਭਾਗੀ ਪਾਵੈ ॥ ੩ ॥ [9]ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ ਤੇ ਜਨ ਨਾਨਕ ਨਾਮਿ ਸਮਾਈ ॥ ੪ ॥ ੨ ॥ ੪੦ ॥ ਗਉੜੀ ਗੁਆਰੇਰੀ ਮਹਲਾ ੪ ॥ ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ[10] ਪ੍ਰੀਤਿ ਭਈ ਜਲਿ ਨਾਇ[11] ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ ੧ ॥ ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥ ਜਿਨ ਮਿਲਿਆ ਦੁਖ ਜਾਹਿ ਹਮਾਰੇ ॥ ੧ ॥ ਰਹਾਉ ॥ ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ ਕਾਮਨਿ[12] ਪ੍ਰੀਤਿ ਜਾ ਪਿਰੁ ਘਰਿ ਆਵੈ ॥ ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥ ੨ ॥ ਸਾਰਿੰਗ[13] ਪ੍ਰੀਤਿ [14]ਬਸੈ ਜਲ ਧਾਰਾ ॥ ਨਰਪਤਿ[15] ਪ੍ਰੀਤਿ ਮਾਇਆ ਦੇਖਿ ਪਸਾਰਾ ॥ ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥ ੩ ॥ ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ[16] ॥ ਜਨ ਨਾਨਕ ਪ੍ਰੀਤਿ [17]ਸਾਧ ਪਗ ਚਾਟੇ ॥ ੪ ॥ ੩ ॥ ੪੧ ॥ ਗਉੜੀ ਗੁਆਰੇਰੀ ਮਹਲਾ ੪ ॥ ਭੀਖਕ[18] ਪ੍ਰੀਤਿ ਭੀਖ ਪ੍ਰਭ[19] ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥ ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ[20] ॥ ੧ ॥ ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥ ਕਰਿ ਕਿਰਪਾ [21]ਲੋਚ ਪੂਰਿ ਹਮਾਰੀ ॥ ੧ ॥ ਰਹਾਉ ॥ ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥ ਮਿਲੈ ਪਿਆਰੇ ਸਭ ਦੁਖ ਤਿਆਗੈ ॥ ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥ ੨ ॥ ਬਛਰੇ ਪ੍ਰੀਤਿ ਖੀਰੁ[22] ਮੁਖਿ ਖਾਇ ॥ ਹਿਰਦੈ ਬਿਗਸੈ ਦੇਖੈ ਮਾਇ[23] ॥ [24]ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ॥ ੩ ॥ ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥ ਬਿਨਸਿ ਜਾਇ ਕੂਰਾ [25]ਕਚੁ ਪਾਚਾ ॥ ਜਨ ਨਾਨਕ

੧ ਭਰਨ ਦਾ ਕੰਮ। ਸੰਸਾਰ ਸਾਗਰ ਨੂੰ ਪਾਰ ਕਰ, ਤਰ ਕੇ ਪਾਰ ਹੋ ਜਾ।
੨ ਭਸਮ, ਸੁਆਹ।
੩ ਬ੍ਰਹਮਚਾਰੀ ਨੇ ਪਰਾਈ ਇਸਤਰੀ ਤਿਆਗੀ ਹੈ।
੪ ਸੂਰਮਤਾਈ, ਬਹਾਦਰੀ।
੫ ਜਿਸ ਦੇ ਗੁਣ ਨਾ ਕਹੇ ਜਾ ਸਕਣ, ਅਕੱਥ।
੬ ਸੰਸਾਰ ਸਾਗਰ।
੭ ਹੇ ਰਾਮ! ਸਾਨੂੰ ਉਨ੍ਹਾਂ ਦੇ ਦਾਸਾਂ ਦਾ ਦਾਸ ਕਰ।
੮ ਹਰੀ ਜਨ ਦੀ ਚਰਨ-ਧੂੜ ਵੱਡੇ ਭਾਗਾਂ ਵਾਲਾ ਹੀ ਪ੍ਰਾਪਤ ਕਰ ਸਕਦਾ ਹੈ।
੯ ਸੰਤ ਜਨਾਂ ਨਾਲ ਪ੍ਰੇਮ ਉਨ੍ਹਾਂ ਦਾ ਬਣਿਆ ਹੈ, ਜਿਨ੍ਹਾਂ ਨੂੰ ਵਾਹਿਗੁਰੂ ਨੇ ਧੁਰੋਂ ਹੀ ਸੰਜੋਗਾਂ ਵਿੱਚ ਪਾ ਦਿੱਤਾ ਹੈ।
੧੦ ਮੱਛੀ ਨੂੰ।
੧੧ ਨਹਾਉਣ ਨਾਲ। ਜਲ ਵਿੱਚ ਨਹਾਉਣ ਨਾਲ ਪ੍ਰੀਤੀ ਹੈ।
੧੨ ਇਸਤਰੀ ਨੂੰ।
੧੩ ਪਪੀਹਾ। ਦੇਖੋ ਪੰਨਾ ੯੫, ਫੁਟ ਨੋਟ*।
੧੪ (ਸ੍ਵਾਂਤੀ ਨਛੱਤਰ ਵਿੱਚ) ਲਗਾਤਾਰ ਮੀਂਹ ਵਸੇ।
੧੫ ਰਾਜੇ ਨੂੰ।
੧੬ ਗਲੇ ਲੱਗ ਕੇ।
੧੭ ਮਹਾਂ ਪੁਰਸ਼ਾਂ ਦੇ ਪੈਰ ਚੁੰਮਣ ਨਾਲ।
੧੮ ਮੰਗਤੇ ਨੂੰ।
੧੯ ਪ੍ਰਭਤਾ ਵਾਲੇ, ਦਾਨੀ ਦੀ।
੨੦ ਰੱਜਦਾ ਹੈ।
੨੧ ਸਾਡੀ ਭਾਉਣੀ ਪੂਰੀ ਕਰੋ।
੨੨ ਦੁੱਧ।
੨੩ ਮਾਂ ਨੂੰ। ਦਿਲ ਵਿੱਚ ਖੁਸ਼ ਹੁੰਦਾ ਹੈ, ਜਦ ਉਹ ਮਾਂ ਨੂੰ ਦੇਖਦਾ ਹੈ।
੨੪ ਇਸੇ ਤਰ੍ਹਾਂ ਗੁਰ-ਸਿੱਖ ਨੂੰ ਪ੍ਰੀਤੀ ਇਸ ਗੱਲ ਦੀ ਹੈ ਕਿ ਗੁਰੂ ਮੈਨੂੰ ਮੂੰਹ ਲਾਵੇ, ਭਾਵ ਪ੍ਰਸੰਨ ਹੋ ਕੇ ਦਰਸ਼ਨ ਦੇਵੇ।
੨੫ ਕੱਚਾ ਪਿੱਲਾ। ਜੋ ਕੂੜਾ ਤੇ ਕੱਚਾ ਪਿੱਲਾ ਹੋਣ ਕਰ ਕੇ ਨਾਸ ਹੋ ਜਾਂਦਾ ਹੈ।

* ਸ਼ੂਦਰ ਤੇ ਵੈਸ਼ ਹੋਰਨਾਂ ਦੀ ਸੇਵਾ ਕਰਦੇ ਹਨ, (ਉਨ੍ਹਾਂ ਲਈ ਏਹੋ ਧਰਮ ਗਿਣਿਆ ਹੈ)। "ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾ ਕ੍ਰਿਤਹ" (ਵਾਰ ਆਸਾ ੪੬੯)।

ਪ੍ਰੀਤਿ [੧]ਤ੍ਰਿਪਤਿ ਗੁਰੁ ਸਾਚਾ ॥ ੪ ॥ ੪ ॥ ੪੨ ॥ ਗਉੜੀ ਗੁਆਰੇਰੀ ਮਹਲਾ ੪ ॥ ਸਤਿਗੁਰ ਸੇਵਾ ਸਫਲ ਹੈ ਬਣੀ ॥ ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ[੨] ॥ ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ[੩] ॥ ੧ ॥ ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥ ਹਰਿ ਬੋਲਤ ਸਭ ਪਾਪ ਲਹਿ ਜਾਈ ॥ ੧ ॥ ਰਹਾਉ ॥ ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ ਧਾਵਤ[੪] ਪੰਚ ਰਹੇ ਹਰਿ ਧਿਆਇਆ ॥ ਅਨਦਿਨੁ[੫] ਨਗਰੀ[੬] ਹਰਿ ਗੁਣ ਗਾਇਆ ॥ ੨ ॥ ਸਤਿਗੁਰ [੭]ਪਗ ਧੂਰਿ ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥ ਤੇ ਹਰਿ ਦਰਗਹ [੮]ਮੁਖ ਊਜਲ ਭਾਈ ॥ ੩ ॥ ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲਭਦ੍ਰੁ* ਗੁਰ ਪਗ ਲਗਿ ਧਿਆਵੈ ॥ ਨਾਨਕ ਗੁਰਮੁਖਿ[੯] ਹਰਿ ਆਪਿ ਤਰਾਵੈ ॥ ੪ ॥ ੫ ॥ ੪੩ ॥ ਗਉੜੀ ਗੁਆਰੇਰੀ ਮਹਲਾ ੪ ॥ ਹਰਿ ਆਪੇ ਜੋਗੀ ਡੰਡਾਧਾਰੀ[੧੦] ॥ ਹਰਿ ਆਪੇ ਰਵਿ ਰਹਿਆ ਬਨਵਾਰੀ[੧੧] ॥ ਹਰਿ ਆਪੇ ਤਪੁ ਤਾਪੈ [੧੨]ਲਾਇ ਤਾਰੀ ॥ ੧ ॥ ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥ ਨਿਕਟਿ[੧੩] ਵਸੈ ਨਾਹੀ ਹਰਿ ਦੂਰਿ ॥ ੧ ॥ ਰਹਾਉ ॥ ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥ ੨ ॥ ਹਰਿ ਆਪੇ ਸਾਰਿੰਗ[੧੪] ਅੰਮ੍ਰਿਤਧਾਰਾ[੧੫] ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥ ਹਰਿ ਆਪਿ ਕਰੇ ਆਪੇ ਨਿਸਤਾਰਾ[੧੬] ॥ ੩ ॥ ਹਰਿ ਆਪੇ ਬੇੜੀ ਤੁਲਹਾ[੧੭] ਤਾਰਾ[੧੮] ॥ ਹਰਿ ਆਪੇ ਗੁਰਮਤੀ ਨਿਸਤਾਰਾ[੧੯] ॥ ਹਰਿ ਆਪੇ ਨਾਨਕ ਪਾਵੈ ਪਾਰਾ ॥ ੪ ॥ ੬ ॥ ੪੪ ॥ ਗਉੜੀ ਬੈਰਾਗਣਿ ਮਹਲਾ ੪ ॥ ਸਾਹੁ ਹਮਾਰਾ ਤੂੰ ਧਣੀ[੨] ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥ ਹਰਿ ਨਾਮੁ ਵਣੰਜਹ [੨੦]ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥ ੧ ॥ ਹਮ ਵਣਜਾਰੇ ਰਾਮ ਕੇ ॥ ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥ ੧ ॥ ਰਹਾਉ ॥ ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ ॥ ਹਰਿ ਜਪਿ ਹਰਿ ਵਖਰੁ[੨੧] ਲਦਿਆ ਜਮੁ ਜਾਗਾਤੀ[੨੨] ਨੇੜਿ ਨ ਆਇਆ ॥ ੨ ॥ ਹੋਰੁ ਵਣਜੁ ਕਰਹਿ ਵਾਪਾਰੀਏ [੨੩]ਅਨੰਤ ਤਰੰਗੀ ਦੁਖੁ ਮਾਇਆ ॥ ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥ ੩ ॥ ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥ ੪ ॥ ੧ ॥ ੭ ॥ ੪੫ ॥ ਗਉੜੀ ਬੈਰਾਗਣਿ ਮਹਲਾ ੪ ॥ [੨੪]ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥ ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥ ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ

੧ ਸੱਚਾ ਗੁਰੂ ਪ੍ਰਸੰਨ ਹੋਵੇ।

੨ [ਸਿੰਧੀ] ਮਾਲਕ, ਵਾਹਿਗੁਰੂ।

੩ ਬਹੁਤ ਸਾਰੀ (ਸ੍ਰਿਸ਼ਟੀ)।

੪ ਦੌੜਦੇ। ਕਾਮਾਦਿਕਾਂ ਦੀ ਦੌੜ ਮੁੱਕ ਗਈ।

੫ ਹਰ ਰੋਜ਼।

੬ ਸਰੀਰ ਰੂਪ ਨਗਰੀ ਨੇ।

੭ ਚਰਨ ਧੂੜੀ।

੮ ਸੁਰਖਰੂ ਹਨ।

੯ ਗੁਰੂ ਦੇ ਰਾਹੀਂ।

੧੦ ਇਕ ਫ਼ਿਰਕੇ ਦਾ ਜੋਗੀ ਜੋ ਤਿੰਨਾਂ ਪੋਰੀਆਂ ਵਾਲਾ ਡੰਡਾ ਹੱਥ ਵਿੱਚ ਰੱਖਦਾ ਹੈ।

੧੧ [ਬਨ-ਮਾਲਾ ਪਹਿਨਣ ਵਾਲਾ ਵਿਸ਼ਨੂੰ ਜਾਂ ਕ੍ਰਿਸ਼ਨ] ਕਰਤਾਰ (ਜੋ ਮਾਨੋਂ ਬਨਾਸਪਤੀ ਦੀ ਮਾਲਾ ਪਹਿਨ ਰਿਹਾ ਹੈ)। ਹਰੀ ਆਪੇ ਬਨਵਾਰੀ ਹੋ ਕੇ ਹਰ ਥਾਂ ਸਮਾ ਰਿਹਾ ਹੈ।

੧੨ ਤਾੜੀ ਲਾ ਕੇ।

੧੩ ਨੇੜੇ।

੧੪ ਪਪੀਹਾ। ਦੇਖੋ ਪੰਨਾ ੯੫, ਫੁਟ ਨੋਟ*।

੧੫ ਆਪ ਹੀ ਅੰਮ੍ਰਿਤ ਦੀ ਧਾਰ, ਭਾਵ ਬੱਦਲ ਦੀ ਸ੍ਵਾਂਤੀ ਬੂੰਦ ਹੈ।

੧੬ ਮੁਕਤੀ।

੧੭ ਨਦੀ ਤਰਨ ਲਈ ਲੱਕੜਾਂ ਦਾ ਬੱਧਾ ਹੋਇਆ ਫੱਟਾ।

੧੮ ਤਾਰਕ, ਮਲਾਹ।

੧੯ ਤਾਰਦਾ ਹੈ।

੨੦ ਪ੍ਰੇਮ ਨਾਲ।

੨੧ ਸੌਦਾ।

੨੨ ਟੈਕਸ (ਜਾਗਾਤ) ਲੈਣ ਵਾਲਾ, ਮਸੂਲੀਆ।

੨੩ ਅਨੇਕ ਲਹਿਰਾਂ ਵਾਲੀ ਮਾਇਆ। ਜਿਹੜੇ ਜੀਵ ਰੂਪ ਵਣਜਾਰੇ (ਹਰੀ-ਧਨ ਨੂੰ ਛੱਡ ਕੇ) ਹੋਰ ਤਰ੍ਹਾਂ ਦਾ ਸੌਦਾ ਕਰਦੇ ਹਨ, ਉਨ੍ਹਾਂ ਨੂੰ ਹਰ ਪਾਸੇ ਭਟਕਾਉਣ ਵਾਲੀ ਮਾਇਆ ਦਾ ਦੁੱਖ ਹੁੰਦਾ ਹੈ।

੨੪ ਜਿਵੇਂ ਮਾਤਾ (ਨੌਂ ਮਹੀਨੇ) ਆਪਣੀ ਕੁੱਖ ਨੂੰ ਸੰਭਾਲ-ਸੰਭਾਲ ਕੇ ਰੱਖਦੀ ਹੈ, ਇਸ ਉਮੈਦ ਉਤੇ ਕਿ ਪੁੱਤਰ ਹੋਵੇਗਾ, ਉਹ ਵੱਡਾ ਹੋ ਕੇ ਦੌਲਤ ਕਮਾ ਕੇ ਦੇਵੇਗਾ ਅਤੇ ਅਸੀਂ ਰੰਗ ਰਲੀਆਂ ਮਾਣਾਂਗੇ, ਇਸੇ ਤਰ੍ਹਾਂ ਹਰੀ ਦੇ ਸੇਵਕ ਦੀ ਪ੍ਰੀਤੀ ਹੈ ਕਿ ਹਰੀ ਰੱਖਿਆ ਕਰਦਾ ਹੈ, ਆਪ ਹੱਥ ਦੇ ਕੇ।

* ਕ੍ਰਿਸ਼ਨ ਜੀ ਦਾ ਵੱਡਾ ਭਾਈ ਬਲਰਾਮ। ਕ੍ਰਿਸ਼ਨ ਤੇ ਬਲਭੱਦਰ ਦੀ ਗਵਾਹੀ ਦਿੱਤੀ ਹੈ ਕਿ ਉਨ੍ਹਾਂ ਨੂੰ ਵੀ ਗੁਰੂ ਦੀ ਲੋੜ ਪਈ।

ਦੇ ਆਪਿ ਹਥਾਸਾ[੧] ॥ ੧ ॥ ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ[੨] ॥
ਜਨ ਕੀ ਉਪਮਾ ਤੁਝਹਿ ਵਡਈਆ[੩] ॥ ੧ ॥ ਰਹਾਉ ॥ ਮੰਦਰਿ ਘਰਿ ਆਨੰਦੁ
ਹਰਿ ਹਰਿ ਜਸੁ ਮਨਿ ਭਾਵੈ ॥ ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ
ਗਾਵੈ ॥ *ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥
੨ ॥ ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ ॥ ਹਰਿ ਜੀਅ
ਤੇਰੇ ਤੂੰ ਵਰਤਦਾ ਹਰਿ ਪੂਜ ਕਰਾਈ ॥ ਹਰਿ ਭਗਤਿ ਭੰਡਾਰ ਲਹਾਇਦਾ[੪]
ਆਪੇ ਵਰਤਾਈ ॥ ੩ ॥ [੫]ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ ॥
[੬]ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ[੭] ਕਉ ਹਰਿ ਨਾਮੁ ਕਢਾਈ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥ ੪ ॥ ੨ ॥ ੮ ॥
੪੬ ॥ ਗਉੜੀ ਗੁਆਰੇਰੀ† ਮਹਲਾ ੪ ॥ ਕਿਰਸਾਣੀ[੮] ਕਿਰਸਾਣੁ ਕਰੇ [੯]ਲੋਚੈ
ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ ਤਿਉ ਹਰਿ
ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥ ੧ ॥ ਮੈ ਮੂਰਖ ਕੀ ਗਤਿ[੧੦]
ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥ ੧ ॥
ਰਹਾਉ ॥ ਲੈ ਤੁਰੇ[੧੧] ਸਉਦਾਗਰੀ ਸਉਦਾਗਰੁ ਧਾਵੈ ॥ ਧਨੁ ਖਟੈ ਆਸਾ
ਕਰੈ ਮਾਇਆ ਮੋਹੁ ਵਧਾਵੈ ॥ ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ
ਬੋਲਿ ਸੁਖੁ ਪਾਵੈ ॥ ੨ ॥ [੧੨]ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥
ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ ਤਿਉ ਹਰਿ ਜਨਿ ਹਰਿ ਧਨੁ
ਸੰਚਿਆ ਹਰਿ ਖਰਚੁ ਲੈ ਜਾਇ ॥ ੩ ॥ ਇਹੁ ਮਾਇਆ ਮੋਹ ਕੁਟੰਬੁ ਹੈ [੧੩]ਭਾਇ
ਦੂਜੈ ਫਾਸ ॥ ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ ॥ ਜਨਿ ਨਾਨਕਿ
ਨਾਮੁ ਧਿਆਇਆ [੧੪]ਗੁਰਮੁਖਿ ਪਰਗਾਸ ॥ ੪ ॥ ੩ ॥ ੯ ॥ ੪੭ ॥ ਗਉੜੀ
ਬੈਰਾਗਣਿ ਮਹਲਾ ੪ ॥ ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ
ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥ ਜੋ
ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥ ੧ ॥ ਮੇਰੇ
ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥ ਨਿਤ ਹਰਿ ਗੁਣ ਗਾਵਹ
ਹਰਿ ਨਾਮਿ ਸਮਾਇ ॥ ੧ ॥ ਰਹਾਉ ॥ ‡ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ
ਰਾਜੇ ਅਰਥਿ[੧੫] ਸਭ ਮਾਇਆ ॥ ਕੈ[੧੬] ਬੰਧੈ ਕੈ ਡਾਨਿ ਲੇਇ ਕੈ ਨਰਪਤਿ
ਮਰਿ ਜਾਇਆ ॥ ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ ਜਿਤੁ ਹਰਿ ਹਰਿ
ਨਾਮੁ ਜਪਿ ਹਰਿ ਸੁਖੁ ਪਾਇਆ ॥ ੨ ॥ ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ
ਕਰਿ ਮਾਇਆ ਕੈ ਤਾਈ ॥ ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥
ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥ ੩ ॥

੧ ਹੱਥ ਦਾ ਆਸਰਾ।

੨ ਮਾਲਕ।

੩ ਵਡਿਆਈ। ਤੇਰੇ ਸੇਵਕ ਦੀ ਵਡਿਆਈ ਤੇਰੀ ਵਡਿਆਈ ਹੈ।

੪ ਲਭਾਉਂਦਾ ਹੈ। ਪ੍ਰਾਪਤ ਕਰਾਉਂਦਾ ਹੈ।

੫ ਗ਼ੁਲਾਮ, ਜੋ ਹੱਟੀ ਤੋਂ (ਸਰੇ ਬਾਜ਼ਾਰ) ਖਰੀਦਿਆ ਹੋਇਆ ਹੈ, ਉਹ (ਆਪਣੇ ਮਾਲਕ ਅੱਗੇ) ਕੀ ਚਲਾਕੀਆਂ ਕਰ ਸਕਦਾ ਹੈ?

੬ ਜੇ ਰਾਜ 'ਤੇ ਬਿਠਾਵੇਂ ਤਾਂ ਭੀ ਹਰੀ ਦਾ ਗ਼ੁਲਾਮ ਹੀ ਰਹਾਂਗਾ ਅਤੇ ਜੇ ਘਸਿਆਰਾ ਬਣਾ ਦੇਵੇਂ ਤਾਂ ਭੀ ਆਪਣੇ ਘਾਹੀ ਕੋਲੋਂ ਹਰੀ ਨਾਮ ਹੀ ਕਢਾਵੇਂਗਾ, ਭਾਵ ਉਸ ਹਾਲਤ ਵਿੱਚ ਭੀ ਮੈਂ ਮਾਲਕ ਦਾ ਨਾਮ ਹੀ ਜਪਾਂਗਾ।

੭ ਘਾਹੀ, ਘਸਿਆਰਾ।

੮ ਖੇਤੀ ਦਾ ਕੰਮ।

੯ ਇਸ ਕੰਮ ਨੂੰ ਜੀ ਲਾ ਕੇ ਚਾਹੁੰਦਾ ਹੈ।

੧੦ ਗਤੀ, ਮੁਕਤੀ।

੧੧ ਘੋੜੇ।

੧੨ ਵਿਹੁ ਰੂਪ ਮਾਇਆ ਇਕੱਠੀ ਕਰਦਾ ਹੈ।

੧੩ ਦ੍ਵੈਤ ਭਾਵ ਕਰ ਕੇ ਇਸ ਵਿੱਚ ਫਸਦਾ ਹੈ।

੧੪ (ਜੋ ਨਾਮ) ਗੁਰੂ ਦੁਆਰਾ ਪਰਗਟ ਹੁੰਦਾ ਹੈ।

੧੫ ਵਾਸਤੇ, ਖਾਤਰ (ਸਭ ਮਾਇਆ ਦੇ)।

੧੬ ਜਾਂ।

* ਹਰੀ ਦਾ ਸੇਵਕ ਆਪਣੇ ਟੱਬਰ ਨੂੰ ਸੁਧਾਰਦਾ ਹੈ, ਆਪਣੇ ਆਸ-ਪਾਸ ਦੇ ਸਾਰੇ ਸਾਕਾਂ ਸੰਬੰਧੀਆਂ ਨੂੰ, ਬਲਕਿ ਸਾਰੇ ਸੰਸਾਰ ਨੂੰ ਤਾਰ ਦਿੰਦਾ ਹੈ। ੨੧ ਕੁਲਾਂ-੭ ਦਾਦਕੇ, ੭ ਨਾਨਕੇ, ੭ ਸਹੁਰੇ ਘਰ ਦੇ ਸੰਬੰਧੀ ਗਿਣਦੇ ਹਨ; ਭਾਵ ਇਹ ਕਿ ਜੋ ਭੀ ਹਰੀ ਦੇ ਭਗਤ ਦੀ ਸੰਗਤ ਦੇ ਅਸਰ ਵਿੱਚ ਆਉਂਦਾ ਹੈ, ਉਹ ਭਗਤੀ ਵਿੱਚ ਲੱਗ ਕੇ ਬੱਚ ਜਾਂਦਾ ਹੈ।

† ਕਈਆਂ ਬੀੜਾਂ ਵਿੱਚ ਇਥੇ 'ਗੁਆਰੇਰੀ' ਦੀ ਥਾਂ 'ਬੈਰਾਗਣਿ' ਆਉਂਦਾ ਹੈ।

‡ ਮਨੁੱਖ ਧਨ ਖਾਤਰ ਕਿਸੇ ਰਾਜੇ ਜਾਂ ਪਾਤਸ਼ਾਹ ਦੀ ਨੌਕਰੀ ਕਰਦਾ ਹੈ। ਉਹ ਉਸ ਨੂੰ ਜਾਂ ਬੰਨ੍ਹਦਾ ਹੈ, ਜਾਂ ਡੰਨ ਲੈਂਦਾ ਹੈ, ਜਾਂ ਆਪ ਹੀ ਰਾਜਾ ਮਰ ਜਾਂਦਾ ਹੈ (ਜਿਸ ਤੋਂ ਨੌਕਰੀ ਛੁਟ ਜਾਂਦੀ ਹੈ)। ਇਸ ਦੇ ਮੁਕਾਬਲੇ 'ਤੇ ਗੁਰੂ ਦੀ ਸੇਵਾ ਸਫਲ ਤੇ ਧੰਨਤਾ ਯੋਗ ਹੈ, ਕਿਉਂਕਿ ਇਸ ਵਿੱਚ (ਮਿੱਠਾ-ਮਿੱਠਾ) ਹਰੀ ਦਾ ਨਾਮ ਜਪੀਦਾ ਹੈ ਅਤੇ ਬ੍ਰਹਮਾਨੰਦ ਦੀ ਪ੍ਰਾਪਤੀ ਹੁੰਦੀ ਹੈ।

[੧]ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥ ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥ ਜਨ ਨਾਨਕ [੨]ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥ ੪ ॥ ੪ ॥ ੧੦ ॥ ੪੮ ॥ ਗਉੜੀ ਬੈਰਾਗਣਿ ਮਹਲਾ ੪ ॥ ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ ॥ ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥ ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ[੩] ॥ ੧ ॥ ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ ॥ ਮਤੁ[੪] ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥ ੧ ॥ ਰਹਾਉ ॥ ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ [੫]ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥ ੨ ॥ ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ[*] ਹੋਇ ਜਾਇ ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ[੬] ਮੇਰਾ [੭]ਸਖਾ ਸਖਾਇ ॥ ੩ ॥ ਜੋ ਹਮਰੀ ਬਿਧਿ[੮] ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ[੯] ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ[੧੦] ॥ ੪ ॥ ੫ ॥ ੧੧ ॥ ੪੯ ॥ ਗਉੜੀ ਬੈਰਾਗਣਿ ਮਹਲਾ ੪ ॥ [੧੧]ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥ ਘਰ ਮੰਦਰ ਘੋੜੇ ਖੁਸੀ ਮਨੁ [੧੨]ਅਨ ਰਸਿ ਲਾਇਆ ॥ ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥ ੧ ॥ ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥ ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥ ੧ ॥ ਰਹਾਉ ॥ ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥ ਕਿਆ ਮੁਹੁ ਲੈ ਬੋਲਹ ਗੁਣ ਬਿਹੂਨ[੧੩] ਨਾਮੁ ਜਪਿਆ ਨ ਤੇਰਾ ॥ ਹਮ ਪਾਪੀ ਸੰਗਿ ਗੁਰ ਉਬਰੇ[੧੪] ਪੁੰਨੁ[੧੫] ਸਤਿਗੁਰ ਕੇਰਾ ॥ ੨ ॥ ਸਭੁ [੧੬]ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥ ਅੰਨੁ ਖਾਣਾ ਕਪੜੁ ਪੈਨਣੁ ਦੀਆ [੧੭]ਰਸ ਅਨਿ ਭੋਗਾਣੀ ॥ ਜਿਨਿ ਦੀਏ ਸੁ ਚਿਤਿ ਨ ਆਵਈ [੧੮]ਪਸੂ ਹਉ ਕਰਿ ਜਾਣੀ ॥ ੩ ॥ ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥ ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥ [੧੯]ਜਨ ਨਾਨਕੁ ਹਾਟਿ ਵਿਹਾਝਿਆ ਹਰਿ

੧ ਜਿਹੜੀ ਭੁੱਖ ਹੋਰਨਾਂ ਸੁਆਦਾਂ ਦੀ ਹੈ, ਉਹ ਮੁੜ-ਮੁੜ ਲੱਗਦੀ ਹੈ।

੨ ਉਹ ਹਰੀ ਦੇ ਸੁਆਦ ਨਾਲ ਰੱਜ ਜਾਂਦਾ ਹੈ, ਫਿਰ ਉਸ ਨੂੰ ਭੁੱਖ ਨਹੀਂ ਲੱਗਦੀ। (ਹਰੀ ਰਸ ਦੀ ਭੁੱਖ ਵਿੱਚ ਇਹ ਵਾਧਾ ਹੈ।)

੩ ਪੈਦਾ ਕਰਨ ਵਾਲਾ, ਕਰਤਾਰ।

੪ ਮਤੇ, ਸ਼ਾਇਦ (ਅਸਾਂ ਨਿਰਗੁਣੀਆਂ ਨੂੰ ਕਦੀ ਮੇਲ ਲਵੇ ਆਪਣੀ ਮਿਹਰ ਕਰ ਕੇ)।

੫ ਇਹ ਉਪਦੇਸ਼ ਦਿੱਤਾ ਕਿ ਹਰੀ ਦਾ ਨਾਮ ਛੁਡਾਂਦਾ ਹੈ।

੬ ਸੰਬੰਧੀ।

੭ ਦੋਸਤ ਤੇ ਸਹਾਈ।

੮ ਹਾਲਤ।

੯ ਕੀੜੇ। ਗੁਰੂ ਸਤਿਗੁਰੂ ਦੇ ਨਾਲ ਸਾਡੇ ਜਿਹੇ ਕੀੜਿਆਂ ਨੂੰ ਭੀ ਪਦਵੀ ਦੇ ਕੇ ਵਡਿਆਇਆ।

੧੦ ਅੰਦਰ ਦੇ ਦੁੱਖ।

੧੧ ਸੋਨੇ ਅਤੇ ਇਸਤਰੀ ਵਿੱਚ ਦਿਲ ਲੁਭਾਇਮਾਨ ਹੋਇਆ ਹੈ।

੧੨ ਹੋਰਨਾਂ ਸੁਆਦਾਂ ਵਿੱਚ।

੧੩ ਬਿਨਾਂ।

੧੪ ਤਰ ਗਏ।

੧੫ ਚੰਗਿਆਈ, ਵਡਿਆਈ।

੧੬ ਰੂਹ ਤੇ ਸਰੀਰ।

੧੭ ਅਨੇਕ ਰਸ ਭੋਗਣ ਨੂੰ।

੧੮ ਪਸ਼ੂ ਆਪਣੇ ਉੱਦਮ ਦਾ ਨਤੀਜਾ ਸਮਝਦਾ ਹੈ।

੧੯ ਦਾਸ ਨਾਨਕ ਹਰੀ ਦਾ ਮੁਲ-ਖਰੀਦਿਆ ਗੁਲਾਮਾਂ ਦਾ ਗੁਲਾਮ ਹੈ।

* ਅਸਚਰਜ। ਜਦੋਂ 'ਗੁਰੂ ਗੁਰੂ' ਕਹਿੰਦੇ ਹਾਂ ਤਾਂ ਹੈਰਾਨਗੀ ਵਿੱਚ ਲੀਨ ਹੋ ਜਾਈਦਾ ਹੈ, ਭਾਵ ਬੜਾ ਅਨੰਦ ਆਉਂਦਾ ਹੈ। 'ਬਿਸਮਾਦ' ਉਹ ਹਾਲਤ ਹੈ, ਜਦੋਂ ਕਿਸੇ ਅਕਹਿ ਸੁੰਦਰ ਦ੍ਰਿਸ਼ ਨੂੰ ਦੇਖ ਕੇ, ਜਾਂ ਮਨੋਹਰ ਰਾਗ ਨੂੰ ਸੁਣ ਕੇ ਜਾਂ ਕਿਸੇ ਹੋਰ ਅਦਭੁਤ ਵਰਤਾਰੇ ਦੇ ਸਾਹਮਣੇ ਆਉਣ 'ਤੇ ਮਨ ਯਕਲਖਤ ਸੋਚ ਵਿਚਾਰ ਵਲੋਂ ਚੁਪ ਹੋ ਜਾਂਦਾ ਹੈ ਅਤੇ ਇਕ ਖੁਸ਼ੀ ਵਾਲੀ ਹੈਰਾਨੀ ਵਿੱਚ ਮਗਨ ਹੋ ਜਾਂਦਾ ਹੈ। ਗੁਰਮਤ ਵਿੱਚ ਇਹ ਸੁਰਤ ਦੀ ਉੱਚੀ ਹਾਲਤ ਵਾਹਿਗੁਰੂ ਦੇ ਹੈਰਾਨ ਕਰਨ ਵਾਲੇ ਕੌਤਕਾਂ ਨੂੰ ਵੇਖ ਕੇ ਜਾਂ ਅਨੁਭਵ ਕਰ ਕੇ ਤਾਰੀ ਹੁੰਦੀ ਹੈ।

[੧]ਗੁਲਮ ਗੁਲਾਮੀ ॥ ੪ ॥ ੬ ॥ ੧੨ ॥ ੫੦ ॥ ਗਉੜੀ ਬੈਰਾਗਣਿ ਮਹਲਾ ੪ ॥ [੨]ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ[੩] ਖਿਨੁ ਖਿਨੁ ਪੋਚਾਰਿ[੪] ॥ ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥ ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥ ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ[੫] ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥ ਜੈਸੀ ਗਗਨਿ[੬] ਫਿਰੰਤੀ ਊਡਤੀ [੭]ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ [੮]ਹਿਰਦੈ ਸਾਰਿ ਸਮਾਲੀ ॥ ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ [੯]ਜੀਅ ਨਾਲੀ ॥ ੨ ॥ ਜੈਸੇ ਕਾਤੀ[੧੦] ਤੀਸ ਬਤੀਸ ਹੈ ਵਿਚਿ ਰਾਖੈ [੧੧]ਰਸਨਾ ਮਾਸ ਰਤੁ ਕੇਰੀ ॥ ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ ॥ ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ[੧੨] ਜਨ ਕੇਰੀ ॥ ੩ ॥ ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥ [੧੩]ਜਰਾ ਮਰਾ ਤਾਪੁ ਸਿਰਤਿ[੧੪] ਸਾਪੁ[੧੫] ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ[੧੬] ਲਏ ਛਡਾਇਆ ॥ ੪ ॥ ੭ ॥ ੧੩ ॥ ੫੧ ॥ ਗਉੜੀ ਬੈਰਾਗਣਿ ਮਹਲਾ ੪ ॥ ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ ਮਨ ਕੀ [੧੭]ਦੁਬਿਧਾ ਬਿਨਸਿ ਜਾਇ ਹਰਿ [*]ਪਰਮ ਪਦੁ ਲਹੀਐ ॥ ੧ ॥ ਮੇਰਾ ਸਤਿਗੁਰੁ ਪਿਆਰਾ [੧੮]ਕਿਤੁ ਬਿਧਿ ਮਿਲੈ ॥ ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ ॥ ੧ ॥ ਰਹਾਉ ॥ ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ ॥ [੧੯]ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ ॥ ੨ ॥ ਹਰਿ ਭਗਤਿ ਦ੍ਰਿੜਾਵੈ[੨੦] ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥ ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ ॥ ੩ ॥ ਜਿਸ ਕਉ ਰਿਦੈ ਵਿਗਾਸੁ[੨੧] ਹੈ [੨੨]ਭਾਉ ਦੂਜਾ ਨਾਹੀ ॥ ਨਾਨਕ ਤਿਸੁ ਗੁਰ ਮਿਲਿ ਉਧਰੈ [੨੩]ਹਰਿ ਗੁਣ ਗਾਵਾਹੀ ॥ ੪ ॥ ੮ ॥ ੧੪ ॥ ੫੨ ॥ ਮਹਲਾ ੪ ਗਉੜੀ ਪੂਰਬੀ ॥ ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ[੨੪] ॥ ਗੁਰਮੁਖਿ ਰੰਗੁ ਭਇਆ ਅਤਿ ਗੂੜਾ [੨੫]ਹਰਿ ਰੰਗਿ ਭੀਨੀ ਮੇਰੀ ਚੋਲੀ ॥ ੧ ॥ ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥ ਜਬ ਹਮ ਹਰਿ ਸੇਤੀ ਮਨੁ ਮਾਨਿਆ [੨੬]ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥ ੧ ॥ ਰਹਾਉ ॥ ਕਰਹੁ ਬਿਬੇਕੁ[੨੭] ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥ ਹਰਿ ਹਰਿ ਰੂਪੁ ਸਭ ਜੋਤਿ ਸਬਾਈ[੨੮] ਹਰਿ

੧ ਗੋਲਿਆਂ ਦਾ ਗੋਲਾ।
੨ ਜਿਵੇਂ ਮਾਂ ਪੁੱਤਰ ਨੂੰ ਜੰਮ ਕੇ ਪਾਲਦੀ ਹੈ ਅਤੇ ਆਪਣੀ ਨਜ਼ਰ ਵਿੱਚ ਰੱਖਦੀ ਹੈ।
੩ ਗਿਰਾਹੀ। ਅੰਦਰ ਬਾਹਰ ਜਾਂਦੀ ਉਸ ਨੂੰ ਗਿਰਾਹੀ ਦਿੰਦੀ ਹੈ।
੪ (ਘੜੀ-ਘੜੀ) ਪੁਚਕਾਰ ਕੇ, ਪਿਆਰ ਨਾਲ।
੫ ਉਪਦੇਸ਼ ਦਾਤਾ।
੬ ਅਸਮਾਨ ਵਿੱਚ।
੭ ਚਿੱਟੇ ਕਪੜਿਆਂ (ਪਰਾਂ) ਵਾਲੀ ਕੂੰਜ।
੮ ਦਿਲ ਵਿੱਚ ਚੇਤੇ ਰੱਖਦੀ ਹੈ।
੯ ਹਿਰਦੇ ਨਾਲ।
੧੦ ਕੈਂਚੀ। ਤੀਹ ਬੱਤੀ ਦੰਦਾਂ ਦੀ ਕੈਂਚੀ।
੧੧ ਜੀਭ ਮਾਸ਼ ਤੇ ਰੱਤ ਦੀ (ਬਣੀ ਹੋਈ)
੧੨ ਇੱਜ਼ਤ, ਲਾਜ।
੧੩ ਬੁਢੇਪਾ, ਮੌਤ ਤੇ ਤੱਪ।
੧੪ ਅਧੇ ਸਿਰ ਦੀ ਪੀੜ।
੧੫ ਸ੍ਰਾਪ।
੧੬ ਸਮੇਂ।
੧੭ ਦੁਹਾਂ ਪ੍ਰਾਸੇ ਦੌੜਨ ਦੀ ਬਿਰਤੀ ਦੂਰ ਹੋ ਜਾਵੇ।
੧੮ ਕਿਸ ਤਰੀਕੇ ਨਾਲ?
੧੯ ਸੇਵਕ ਦੀ ਇੱਛਾ ਪੂਰੀ ਹੋਈ ਸਤਿਗੁਰੂ ਦੀ ਚਰਨ ਧੂੜ ਲੈ ਕੇ।
੨੦ ਸਮਝਾਂਦਾ ਹੈ।
੨੧ ਚਾਨਣਾ।
੨੨ ਦ੍ਵੈਤ ਭਾਵ, ਹਰੀ ਨੂੰ ਛੱਡ ਕੇ ਕਿਸੇ ਹੋਰ ਨੂੰ ਪਿਆਰ ਕਰਨਾ।
੨੩ ਹਰੀ ਦੇ ਗੁਣ ਸਾਥੋਂ ਗਵਾਂਦਾ ਹੈ।
੨੪ ਬਾਣੀ ਬਖਸ਼ੀ।
੨੫ ਮੇਰੀ ਜ਼ਿੰਦਗੀ ਹਰੀ ਦੇ ਪ੍ਰੇਮ ਵਿੱਚ ਭਿੱਜ ਗਈ।
੨੬ ਬਣਾ ਦਿੱਤਾ ਸਾਰਾ ਜਗਤ ਬਿਨਾਂ ਮੁੱਲ ਦੇ ਗ਼ੁਲਾਮ।
੨੭ ਵਿਚਾਰ।
੨੮ ਸਾਰਿਆਂ ਵਿੱਚ।

* ਉੱਚੀ ਤੋਂ ਉੱਚੀ ਗਤੀ, ਜਿਥੇ ਤੱਕ ਮਨੁੱਖ ਉੱਨਤੀ ਕਰਦਾ-ਕਰਦਾ ਪਹੁੰਚ ਸਕਦਾ ਹੈ, ਵਾਹਿਗੁਰੂ ਨਾਲ ਅਭੇਦਤਾ।

ਨਿਕਟਿ[੧] ਵਸੈ ਹਰਿ ਕੋਲੀ[੨] ॥ ੨ ॥ ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ[੩] ਪੁਰਖੁ ਅਤੋਲੀ ॥ ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ[੪] ॥ ੩ ॥ [੫]ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ[੬] ॥ ਜਨੁ ਨਾਨਕੁ ਅਨਦਿਨੁ[੭] ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ[੮] ॥ ੪ ॥ ੧ ॥ ੧੫ ॥ ੫੩ ॥ ਗਉੜੀ ਪੂਰਬੀ ਮਹਲਾ ੪ ॥ ਜਗਜੀਵਨ ਅਪਰੰਪਰ ਸੁਆਮੀ ਜਗਦੀਸੁਰ[੯] ਪੁਰਖ ਬਿਧਾਤੇ[੧੦] ॥ ਜਿਤੁ ਮਾਰਗਿ[੧੧] ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ ॥ ੧ ॥ ਰਾਮ ਮੇਰਾ ਮਨੁ ਹਰਿ ਸੇਤੀ ਰਾਤੇ[੧੨] ॥ ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ ॥ ੧ ॥ ਰਹਾਉ ॥ ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ[੧੩] ਹਰਿ ਹਰਿ ਨਾਮੁ ਹਰਿ ਸਾਤੇ[੧੪] ॥ ਤਿਨ ਕੇ ਪਾਪ ਦੋਖ[੧੫] ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥ ੨ ॥ [੧੬]ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥ [੧੭]ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥ ੩ ॥ ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥ ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਹਰਿ ਜਪੀਐ ਹਰਿ ਕਿਰਪਾ ਤੇ ॥ ੪ ॥ ੨ ॥ ੧੬ ॥ ੫੪ ॥ ਗਉੜੀ ਪੂਰਬੀ ਮਹਲਾ ੪ ॥ ਕਰਹੁ ਕ੍ਰਿਪਾ ਜਗਜੀਵਨ ਦਾਤੇ ਮੇਰਾ ਮਨੁ ਹਰਿ ਸੇਤੀ ਰਾਚੇ ॥ ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪਿ ਹਰਿ ਹਰਿ ਹਰਿ ਮਨੁ ਮਾਚੇ[੧੮] ॥ ੧ ॥ ਰਾਮ ਮੇਰਾ ਮਨੁ ਤਨੁ [੧੯]ਬੇਧਿ ਲੀਓ ਹਰਿ ਸਾਚੇ ॥ [੨੦]ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ[੨੧] ॥ ੧ ॥ ਰਹਾਉ ॥ ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ[੨੨] ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ[੨੩] ਮਰਿ ਮਰਿ ਪਾਚੇ[੨੪] ॥ ੨ ॥ ਤੁਮ ਦਇਆਲ [੨੫]ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ[੨੬] ॥ ਹਰਿ ਕੇ ਦਾਸ ਦਾਸ ਹਮ ਕੀਜੈ ਮਨੁ ਨਿਰਤਿ[੨੭] ਕਰੇ ਕਰਿ ਨਾਚੇ ॥ ੩ ॥ ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾ ਚੇ[੨੮] ॥ ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥ ੪ ॥ ੩ ॥ ੧੭ ॥ ੫੫ ॥ ਗਉੜੀ ਪੂਰਬੀ ਮਹਲਾ ੪ ॥ ਤੁਮ ਦਇਆਲ [੨੯]ਸਰਬ ਦੂਖ ਭੰਜਨ ਇਕ ਬਿਨਉ[੩੦] ਸੁਨਹੁ [੩੧]ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ[੩੨] ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥ ੧ ॥ *ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ ੧ ॥ ਰਹਾਉ ॥ ਜਿਤਨੇ ਰਸ ਅਨ ਰਸ[੩੩] ਹਮ

੧ ਨੇੜੇ।
੨ ਕੋਲ।
੩ ਪਰ੍ਹੇ ਤੋਂ ਪਰ੍ਹੇ।
੪ ਮੁੱਲੋਂ। ਪੂਰੇ ਗੁਰੂ ਨੇ ਹਰੀ ਨੂੰ ਮੇਰੇ ਉੱਤੇ ਜ਼ਾਹਿਰ ਕੀਤਾ ਹੈ; ਮੈਂ ਐਸੇ ਗੁਰੂ ਪਾਸ ਆਪਣਾ ਸਿਰ ਮੁੱਲੋਂ ਵੇਚ ਦਿੱਤਾ ਹੈ; ਭਾਵ ਜੀਵਨ ਅਰਪਣ ਕੀਤਾ ਹੈ।
੫ ਹੇ ਸਭ ਦੇ ਅੰਦਰ ਤੇ ਬਾਹਰ ਵੱਸਣ ਵਾਲੇ ਹਰੀ! ਮੈਂ ਤੇਰੀ ਸ਼ਰਨ ਆਇਆ ਹਾਂ।
੬ ਵੱਡੇ।
੭ ਹਰ ਰੋਜ਼।
੮ ਵਿਚੋਲੇ, ਵਕੀਲ ਨੂੰ।
੯ ਜਗਤ ਦੇ ਈਸ਼੍ਵਰ!
੧੦ ਸਾਡੀ ਗਤੀ ਬਣਾਉਣ ਵਾਲੇ।
੧੧ ਰਸਤੇ।
੧੨ ਰੱਤਾ ਹੋਇਆ ਹੈ, ਪ੍ਰੇਮ ਨਾਲ ਲੱਗਾ ਹੋਇਆ ਹੈ।
੧੩ ਦਵਾਈ।
੧੪ ਸ਼ਾਂਤੀ ਦੇਣ ਵਾਲਾ।
੧੫ ਦੋਸ਼, ਕਸੂਰ।
੧੬ ਜਿਨ੍ਹਾਂ ਦੇ ਭਾਗਾਂ ਵਿੱਚ ਰੱਬ ਦੇ ਹਜ਼ੂਰੋਂ ਲਿਖਿਆ ਹੋਇਆ ਹੈ, ਉਹ ਗੁਰੂ ਰੂਪ ਸੰਤੋਖ ਦੇ ਤਲਾਅ ਵਿੱਚ ਨ੍ਹਾਤੇ।
੧੭ ਖੋਟੀ ਬੁੱਧੀ ਦੀ ਮੈਲ।
੧੮ ਮਚਦਾ, ਖੁਸ਼ ਹੁੰਦਾ ਹੈ।
੧੯ ਵਿੰਨ੍ਹ ਲਿਆ।
੨੦ ਜਿਸ ਮੌਤ ਦੇ ਮੂੰਹ ਵਿੱਚ ਸਾਰਾ ਸੰਸਾਰ ਫਸਿਆ ਹੋਇਆ ਹੈ, ਉਸ ਤੋਂ ਅਸੀਂ ਗੁਰ ਉਪਦੇਸ਼ ਦੁਆਰਾ ਬਚ ਗਏ ਹਾਂ।
੨੧ ਬਚੇ ਹਾਂ।
੨੨ [ਸ਼ਕਤੀ ਦਾ ਉਪਾਸ਼ਕ] ਮਾਇਆ ਦੇ ਪਿੱਛੇ ਪਿਆ ਹੋਇਆ।
੨੩ ਮੈਲਾ, ਗੰਦ।
੨੪ ਖੁਆਰ ਹੋਏ।
੨੫ ਸ਼ਰਨ ਆਏ ਦੀ ਪਾਲਣਾ ਕਰਨ ਵਾਲੇ।
੨੬ ਮੰਗਦੇ ਹਾਂ।
੨੭ ਨਾਚ।
੨੮ ਤੇਰੇ।
੨੯ ਸਾਰੇ ਦੁੱਖਾਂ ਦੇ ਤੋੜਨ ਵਾਲੇ।
੩੦ ਬੇਨਤੀ।
੩੧ ਕੰਨ ਦੇ ਕੇ।
੩੨ ਜਾਣੇ ਜਾਂਦੇ ਹੋ।
੩੩ ਹੋਰ ਪਾਸੇ ਦੇ ਰਸ।

* ਹੇ ਰਾਮ! ਅਸਾਂ ਸਤਿਗੁਰੂ ਨੂੰ ਪਾਰਬ੍ਰਹਮ ਕਰਕੇ ਮੰਨਿਆ ਹੈ, ਕਿਉਂਕਿ ਅਸੀਂ ਬੇ-ਵਕੂਫ਼, ਮੂਰਖ, ਗੰਦੀ ਬੁੱਧੀ ਵਾਲੇ ਹੁੰਦੇ ਸਾਂ, ਪਰ ਵੱਡੇ ਸਤਿਗੁਰੂ ਜੀ ਦੇ ਉਪਦੇਸ਼ ਨਾਲ ਅਸਾਂ ਹਰੀ ਨੂੰ ਜਾਣ ਲਿਆ।

ਦੇਖੇ ਸਭ ਤਿਤਨੇ ਫੀਕ ਫੀਕਾਨੇ[੧] ॥ ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ[੨] ॥ ੨ ॥ ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ[੩] ਤੇ ਸਾਕਤ[੪] ਮੂੜ ਦਿਵਾਨੇ ॥ ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ[੫] ॥ ੩ ॥ ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ[੬] ਮਤਿ ਗੁਰਮਤਿ ਨਾਮਿ ਸਮਾਨੇ ॥ ੪ ॥ ੪ ॥ ੧੮ ॥ ੫੬ ॥ ਗਉੜੀ ਪੂਰਬੀ ਮਹਲਾ ੪ ॥ ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ[੭] ਨਸੀਐ ॥ ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ ਹਰਿ ਆਪਿ ਛਡਾਏ ਛੁਟੀਐ ॥ ੧ ॥ ਮੇਰੇ ਮਨ ਜਪਿ ਹਰਿ ਹਰਿ ਹਰਿ ਮਨਿ ਜਪੀਐ ॥ ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ ਗੁਰ ਸਤਿਗੁਰ ਪੀਛੈ ਛੁਟੀਐ ॥ ੧ ॥ ਰਹਾਉ ॥ ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ[੮] ਵਸੀਐ ॥ ਗੁਰਮੁਖਿ ਜਾਇ ਲਹਹੁ ਘਰੁ ਅਪਨਾ [੯]ਘਸਿ ਚੰਦਨੁ ਹਰਿ ਜਸੁ ਘਸੀਐ ॥ ੨ ॥ ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥ ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥ ੩ ॥ ਮੇਰੇ ਮਨ ਨਾਮ ਬਿਨਾ ਜੋ *ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ [੧੦]ਤਿਨ ਕੈ ਨਿਕਟਿ ਨ ਭਿਟੀਐ ॥ ੪ ॥ ਮੇਰੇ ਮਨ ਸੇਵਹੁ ਅਲਖ[੧੧] ਨਿਰੰਜਨ[੧੨] ਨਰਹਰਿ[੧੩] ਜਿਤੁ ਸੇਵਿਐ ਲੇਖਾ ਛੁਟੀਐ ॥ ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ[੧੪] ਮਾਸਾ ਤੋਲੁ ਨ ਘਟੀਐ ॥ ੫ ॥ ੫ ॥ ੧੯ ॥ ੫੭ ॥ ਗਉੜੀ ਪੂਰਬੀ ਮਹਲਾ ੪ ॥ ਹਮਰੇ ਪ੍ਰਾਨ ਵਸਗਤਿ[੧੫] ਪ੍ਰਭ ਤੁਮਰੈ ਮੇਰਾ [੧੬]ਜੀਉ ਪਿੰਡੁ ਸਭ ਤੇਰੀ ॥ ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ [੧੭]ਲੋਚ ਘਣੇਰੀ ॥ ੧ ॥ ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ ॥ ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ[੧੮] ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ[੧੯] ॥ ੧ ॥ ਰਹਾਉ ॥ ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ[੨੦] ਤੁਮ ਹਰਿ ਜਾਨਹੁ ਮੇਰੀ ॥ ਅਨਦਿਨੁ[੨੧] ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ ॥ ੨ ॥ ਗੁਰਿ ਸਤਿਗੁਰਿ ਦਾਤੈ ਪੰਥੁ[੨੨] ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ[੨੩] ਜਨ ਕੇਰੀ ॥ ੩ ॥ ਜਗੰਨਾਥ ਜਗਦੀਸੁਰ[੨੪] ਕਰਤੇ ਸਭ ਵਸਗਤਿ ਹੈ ਹਰਿ ਕੇਰੀ ॥ ਜਨ ਨਾਨਕ ਸਰਣਾਗਤਿ ਆਏ ਹਰਿ ਰਾਖਹੁ [੨੫]ਪੈਜ ਜਨ ਕੇਰੀ ॥ ੪ ॥ ੬ ॥ ੨੦ ॥ ੫੮ ॥ ਗਉੜੀ ਪੂਰਬੀ ਮਹਲਾ ੪ ॥ ਇਹੁ ਮਨੂਆ ਖਿਨੁ[੨੬] ਨ ਟਿਕੈ

੧ ਫਿੱਕੇ।
੨ ਗੰਨੇ ਵਾਂਗ।
੩ ਮਿਲਿਆ।
੪ [ਸ਼ਿਵ ਨੂੰ ਛੱਡ ਕੇ ਸ਼ਕਤੀ ਦੇ ਉਪਾਸ਼ਕ] ਮਾਇਆ ਵਿੱਚ ਗ੍ਰਸੇ ਹੋਏ।
੫ ਸੜ ਗਏ। ਉਨ੍ਹਾਂ ਦੇ ਪੱਲੇ ਧੁਰ ਤੋਂ ਨੀਚ ਕਰਮ ਪਏ ਹਨ। ਓਹ ਮੋਹ ਰੂਪ ਦੀਵਾ ਦੇਖ ਕੇ ਪਤੰਗੇ ਵਾਂਗ ਸੜ ਮੋਏ।
੬ ਉੱਘੇ ਹੋਏ।
੭ ਪਾਸੋਂ।
੮ ਆਪਣੇ ਅਸਲੀ ਘਰ ਵਿੱਚ, ਵਾਹਿਗੁਰੂ ਦੀ ਹਜ਼ੂਰੀ ਵਿੱਚ।
੯ ਜਿਵੇਂ ਚੰਦਨ ਘਸ ਕੇ ਖੁਸ਼ਬੋ ਖਿਲਾਰਦਾ ਹੈ, ਤਿਵੇਂ ਹਰੀ ਜਸ ਨੂੰ ਘਸਾਈਏ: ਭਾਵ ਬਾਰ ਬਾਰ ਉਚਾਰਨ ਕਰ ਕੇ ਆਸ-ਪਾਸ ਖਿਲਾਰੀਏ।
੧੦ ਉਨ੍ਹਾਂ ਦੇ ਨੇੜੇ ਨਾ ਛੁਹੀਏ।
੧੧ ਜਿਸ ਨੂੰ ਸਮਝ ਨਾ ਸਕੀਏ।
੧੨ ਮਾਇਆ ਤੋਂ ਰਹਿਤ।
੧੩ [ਨਰ ਸਿੰਘ] ਵਾਹਿਗੁਰੂ।
੧੪ ਥੋੜ੍ਹਾ ਜਿਹਾ।
੧੫ ਵੱਸ ਵਿੱਚ, ਕਾਬੂ ਵਿੱਚ।
੧੬ ਜੀਵ ਤੇ ਸਰੀਰ।
੧੭ ਚਾਹ ਬਹੁਤ ਹੈ।
੧੮ ਥੋੜ੍ਹੀ ਜੇਹੀ।
੧੯ ਮੇਰਾ। ਤੁਕਾਂਤ ਲਈ ਇਉਂ ਕਰਨਾ ਪਿਆ ਹੈ: ਜਿਵੇਂ ਪਹਿਲੀ ਤੁਕ ਵਿੱਚ 'ਤੇਰੀ' ਆਇਆ ਹੈ।
੨੦ ਹਾਲਤ।
੨੧ ਹਰ ਰੋਜ਼।
੨੨ ਰਸਤਾ।
੨੩ ਪੂਰਨ ਹੋਈ।
੨੪ ਜਗਤ ਦਾ ਈਸ਼ੁਰ।
੨੫ ਲਾਜ ਸੇਵਕ ਦੀ।
੨੬ ਥੋੜ੍ਹੇ ਚਿਰ ਲਈ ਭੀ।

* ਜੋ ਦ੍ਵੈਤ ਭਾਵ ਵਿੱਚ ਲੱਗੇ ਹਨ, ਓਹ ਮਾਦਾ-ਪ੍ਰਸਤ ਆਦਮੀ ਹਨ, ਉਨ੍ਹਾਂ ਨੂੰ ਜਮ ਦਬਾਏਗਾ।

ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ[੧] ॥ ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ[੨] ॥ ੧ ॥ ਰਾਮ ਹਮ ਸਤਿਗੁਰ ਲਾਲੇ[੩] ਕਾਂਢੇ[੪] ॥ ੧ ॥ ਰਹਾਉ ॥ ਹਮਰੈ ਮਸਤਕਿ[੫] ਦਾਗੁ ਦਗਾਨਾ[੬] ਹਮ ਕਰਜ ਗੁਰੂ ਬਹੁ ਸਾਢੇ[੭] ॥ ਪਰਉਪਕਾਰੁ ਪੁੰਨੁ ਬਹੁ ਕੀਆ [੮]ਭਉ ਦੁਤਰੁ ਤਾਰਿ ਪਰਾਢੇ[੯] ॥ ੨ ॥ ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ [੧੦]ਕੂਰੇ ਗਾਢਨ ਗਾਢੇ ॥ ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ [੧੧]ਮਨਮੁਖ ਗਰਭਿ ਗਲਾਢੇ ॥ ੩ ॥ *ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ[੧੨] ॥ ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ [੧੩]ਕੁਤਰੇ ਕਾਢੇ ॥ ੪ ॥ ੭ ॥ ੨੧ ॥ ੫੯ ॥ [੧੪]ਗਉੜੀ ਪੂਰਬੀ ਮਹਲਾ ੪ ॥ ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥ ੧ ॥ ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥ ੧ ॥ ਰਹਾਉ ॥ ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥ ੨ ॥ ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥ ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥ ੪ ॥ ੮ ॥ ੨੨ ॥ ੬੦ ॥ ਗਉੜੀ ਪੂਰਬੀ ਮਹਲਾ ੪ ॥ ਇਸੁ ਗੜ[੧੫] ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ[੧੬] ॥ ਹਰਿ ਦੀਨ ਦਇਆਲਿ ਅਨੁਗ੍ਰਹੁ[੧੭] ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥ ੧ ॥ ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥ ੧ ॥ ਰਹਾਉ ॥ ਹਰਿ ਅਗਮੁ[੧੮] ਅਗੋਚਰੁ[੧੯] ਪਾਰਬ੍ਰਹਮੁ ਹੈ [੨੦]ਮਿਲਿ ਸਤਿਗੁਰ ਲਾਗਿ ਬਸੀਠਾ ॥ ਜਿਨ ਗੁਰ ਬਚਨ ਸੁਖਾਨੇ ਹੀਅਰੈ[੨੧] ਤਿਨ ਆਗੈ ਆਣਿ ਪਰੀਠਾ[੨੨] ॥ ੨ ॥ ਮਨਮੁਖ ਹੀਅਰਾ ਅਤਿ ਕਠੋਰੁ[੨੩] ਹੈ ਤਿਨ ਅੰਤਰਿ [੨੪]ਕਾਰ ਕਰੀਠਾ ॥ ਬਿਸੀਅਰ[੨੫] ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ [੨੬]ਫੋਲਿ ਫੁਲੀਠਾ ॥ ੩ ॥ ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ[੨੭] ਸਬਦੁ ਮੁਖਿ ਲੀਠਾ[੨੮] ॥ ਜਨ ਨਾਨਕ ਗੁਰ ਕੇ [੨੯]ਲਾਲੇ ਗੋਲੇ ਲਗਿ ਸੰਗਤਿ ਕਰੂਆ[੩੦] ਮੀਠਾ ॥ ੪ ॥ ੯ ॥ ੨੩ ॥ ੬੧ ॥ ਗਉੜੀ ਪੂਰਬੀ ਮਹਲਾ ੪ ॥ ਹਰਿ ਹਰਿ ਅਰਥਿ[੩੧] ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥ ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ ੧ ॥ ਰਾਮ

੧ ਫਿਰਦਾ ਹੈ, ਟੱਕਰਾਂ ਮਾਰਦਾ ਹੈ।
੨ ਖੜੋ ਗਿਆ, ਟਿਕ ਗਿਆ, ਸ਼ਾਂਤ ਹੋ ਗਿਆ।
੩ ਸੇਵਕ, ਗੁਲਾਮ।
੪ ਆਖੀਦੇ ਹਾਂ (ਸਤਿਗੁਰੂ ਦੇ ਗੋਲੇ)।
੫ ਮੱਥੇ 'ਤੇ।
੬ ਦਾਗਿਆ। ਦਾਗ ਲਾਇਆ। ਪੁਰਾਣੇ ਜ਼ਮਾਨੇ ਵਿੱਚ ਗੁਲਾਮਾਂ ਦੇ ਮੱਥੇ 'ਤੇ ਉਨ੍ਹਾਂ ਦੀ ਪਛਾਣ ਰੱਖਣ ਲਈ ਦਾਗ ਲਾਇਆ ਜਾਂਦਾ ਸੀ।
੭ ਜੋੜ ਕੀਤੇ। ਜੋ ਬੇਅੰਤ ਪਰਉਪਕਾਰ ਗੁਰੂ ਨੇ ਮੇਰੇ 'ਤੇ ਕੀਤੇ ਹਨ, ਉਹ ਗੁਰੂ ਦਾ ਕਰਜ਼ਾ ਇਕੱਠਾ ਹੁੰਦਾ-ਹੁੰਦਾ ਬਹੁਤ ਸਾਰਾ ਜੋੜ ਬਣ ਗਿਆ ਹੈ, ਪਰ ਉਸ ਵਿੱਚੋਂ ਮੁਕਾਇਆ ਕੁਝ ਵੀ ਨਹੀਂ, ਇਸ ਲਈ ਮੈਂ ਉਸ ਕਰਜ਼ੇ ਦੇ ਬਦਲੇ ਗੁਰੂ ਦਾ ਗੁਲਾਮ ਬਣਿਆ ਹਾਂ।
੮ ਨਾ ਤਰੇ ਜਾਣ ਵਾਲਾ ਭਵ ਸਾਗਰ।
੯ ਪਾਰ ਕਰਾ ਦਿੱਤਾ।
੧੦ ਝੂਠੇ ਗੰਢਣ ਗੰਢੇ ਹਨ।
੧੧ ਅਮੋੜ ਆਦਮੀ ਜੂਨਾਂ ਵਿੱਚ ਪੈ-ਪੈ ਕੇ ਪਏ ਗਲਦੇ ਹਨ।
'ਮਨਮੁਖ' ਲਈ ਦੇਖੋ ਪੰ: ੧੧, ਨੋਟ ੨੧।
੧੨ ਖੜੇ ਹਾਂ, ਰਹਿੰਦੇ ਹਾਂ।
੧੩ ਕੁੱਤੇ ਅਖਵਾਂਦੇ ਹਾਂ।
੧੪ ਅਰਥਾਂ ਲਈ ਦੇਖੋ ਪੰਨਾ ੧੩।
੧੫ ਸਰੀਰ ਰੂਪ ਕਿਲ੍ਹਾ।
੧੬ ਢੀਠ, ਨਿਰਲੱਜ।
੧੭ ਕਿਰਪਾ।
੧੮ ਜਿਸ ਤੋੜੀ ਪਹੁੰਚ ਨਾ ਸਕੀਏ।
੧੯ ਜੋ ਇੰਦਰਿਆਂ ਦਾ ਵਿਸ਼ਾ ਨਾ ਹੋਵੇ।
੨੦ ਵਿਚੋਲੇ ਗੁਰੂ ਨਾਲ ਲੱਗ ਕੇ ਮਿਲ।
੨੧ ਦਿਲ ਵਿੱਚ।
੨੨ ਪਰੋਸਿਆ ਹੈ।
੨੩ [ਕਾਠ ਦੇ ਹਿਰਦੇ ਵਾਲਾ] ਕਰੜਾ, ਸਖ਼ਤ।
੨੪ (ਹੀਅਰਾ) ਕਾਲ ਕਲੂਠਾ, ਬਹੁਤ ਕਾਲਾ ਹੈ।
੨੫ ਸੱਪ।
੨੬ ਫੋਲ ਫੋਲਣ ਨਾਲ। ਜਿਉਂ-ਜਿਉਂ ਉਸ ਨਾਲ ਵਾਹ ਪਏ ਪਰਤਾਲੋਗੇ, ਉਸ ਵਿੱਚੋਂ ਬੁਰਾਈ ਦੀ ਜ਼ਹਿਰ ਹੀ ਨਿਕਲੇਗੀ।
੨੭ ਸੱਪ ਦੀ ਵਿਹੁ ਦੂਰ ਕਰਨ ਵਾਲਾ ਮੰਤਰ ਜਾਂ ਦਵਾਈ।
੨੮ ਚੱਟਿਆ। ਗੁਰੂ ਦਾ ਸ਼ਬਦ ਰੂਪ ਦਵਾਈ ਘਸਾ ਕੇ ਚੱਟੀ ਹੈ।
੨੯ ਨੌਕਰ, ਗੁਲਾਮ।
੩੦ ਕੌੜਾ।
੩੧ ਕਾਰਣ, ਵਾਸਤੇ।

* ਸਾਨੂੰ ਨਾ ਕੁਝ ਅੱਗੇ ਪਤਾ ਸੀ, ਨਾ ਅੱਗੋਂ ਕੁਝ ਪਤਾ ਲੱਗਣਾ ਹੈ, ਅਸੀਂ ਤਾਂ ਜਿਵੇਂ ਹਰੀ ਰੱਖਦਾ ਹੈ, ਤਿਵੇਂ ਖੜੇ ਰਹਿੰਦੇ ਹਾਂ।

ਗੁਰਮਤਿ ਹਰਿ ਲਿਵ ਲਾਗੇ ॥ ੧ ॥ ਰਹਾਉ ॥ [੧]ਘਟਿ ਘਟਿ ਰਮਈਆ ਰਮਤ[੨]
ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥ ਹਉ ਮਨੁ ਤਨੁ ਦੇਵਉ ਕਾਟਿ
ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥ ੨ ॥ ਅੰਧਿਆਰੈ ਦੀਪਕ
ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥ [੩]ਅਗਿਆਨੁ ਅੰਧੇਰਾ
ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥ ੩ ॥ ਸਾਕਤ[੪] ਬਧਿਕ[੫]
ਮਾਇਆਧਾਰੀ [੬]ਤਿਨ ਜਮ ਜੋਹਨਿ ਲਾਗੇ ॥ ਉਨ ਸਤਿਗੁਰ ਆਗੈ ਸੀਸੁ ਨ
ਬੇਚਿਆ ਓਇ ਆਵਹਿ ਜਾਹਿ ਅਭਾਗੇ ॥ ੪ ॥ ਹਮਰਾ ਬਿਨਉ[੭] ਸੁਨਹੁ ਪ੍ਰਭ
ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥ ਜਨ ਨਾਨਕ ਕੀ [੮]ਲਜ ਪਾਤਿ ਗੁਰੂ
ਹੈ ਸਿਰੁ ਬੇਚਿਓ ਸਤਿਗੁਰ ਆਗੇ ॥ ੫ ॥ ੧੦ ॥ ੨੪ ॥ ੬੨ ॥ ਗਉੜੀ
ਪੂਰਬੀ ਮਹਲਾ ੪ ॥ ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ
ਮਿਲਿਐ ਆਪੁ[੯] ਗਵਾਇਆ ॥ ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ
ਗੁਰੂ ਹਰਿ ਰਾਇਆ ॥ ੧ ॥ ਰਾਮ ਗੁਰ ਕੈ ਬਚਨਿ ਹਰਿ ਪਾਇਆ ॥ ੧ ॥
ਰਹਾਉ ॥ ਮੇਰੈ ਹੀਅਰੈ[੧੦] ਪ੍ਰੀਤਿ ਰਾਮ ਰਾਇ ਕੀ ਗੁਰਿ ਮਾਰਗੁ[੧੧] ਪੰਥੁ
ਬਤਾਇਆ ॥ ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ
ਹਰਿ ਗਲਿ ਲਾਇਆ ॥ ੨ ॥ ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ
ਹਿਰਦੇ ਨਾਲਿ ਦਿਖਾਇਆ ॥ *ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ
ਆਪੁ ਵੇਚਾਇਆ ॥ ੩ ॥ ਹਮ ਅਪਰਾਧ ਪਾਪ ਬਹੁ ਕੀਨੇ [੧੨]ਕਰਿ ਦੁਸਟੀ ਚੋਰ
ਚੁਰਾਇਆ ॥ ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ [੧੩]ਹਰਿ
ਭਾਇਆ ॥ ੪ ॥ ੧੧ ॥ ੨੫ ॥ ੬੩ ॥ ਗਉੜੀ ਪੂਰਬੀ ਮਹਲਾ ੪ ॥ ਗੁਰਮਤਿ
ਬਾਜੈ [੧੪]ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥ ਵਡਭਾਗੀ ਗੁਰ ਦਰਸਨੁ
ਪਾਇਆ ਧਨੁ ਧੰਨੁ [੧੫]ਗੁਰੂ ਲਿਵ ਲਾਵੈ ॥ ੧ ॥ ਗੁਰਮੁਖਿ ਹਰਿ ਲਿਵ ਲਾਵੈ ॥
੧ ॥ ਰਹਾਉ ॥ ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ ॥
ਹਮ ਮਲਿ ਮਲਿ ਧੋਵਹ ਪਾਵ[੧੬] ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ ॥ ੨ ॥
ਹਿਰਦੈ ਗੁਰਮਤਿ ਰਾਮ ਰਸਾਇਣੁ[੧੭] ਜਿਹਵਾ[੧੮] ਹਰਿ ਗੁਣ ਗਾਵੈ ॥ ਮਨ
[੧੯]ਰਸਕਿ-ਰਸਕਿ ਹਰਿ ਰਸਿ ਆਘਾਨੇ[੨੦] ਫਿਰਿ ਬਹੁਰਿ[੨੧] ਨ ਭੂਖ ਲਗਾਵੈ ॥
੩ ॥ ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ ॥ ਜਨ
ਨਾਨਕ ਕਉ ਹਰਿ ਕਿਰਪਾ ਧਾਰੀ ਮਤਿ ਗੁਰਮਤਿ ਨਾਮੁ ਦ੍ਰਿੜਾਵੈ[੨੨] ॥ ੪ ॥
੧੨ ॥ ੨੬ ॥ ੬੪ ॥ ਰਾਗੁ ਗਉੜੀ ਮਾਝ ਮਹਲਾ ੪ ॥ [੨੩]ਗੁਰਮੁਖਿ ਜਿੰਦੂ
ਜਪਿ ਨਾਮੁ ਕਰੰਮਾ ॥ ਮਤਿ[੨੪] ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥

੧ ਹਰ-ਇਕ ਸਰੀਰ ਵਿੱਚ।
੨ ਰਮਿਆ ਹੋਇਆ, ਵਿਆਪਕ ਹੈ।
੩ ਬੇਸਮਝੀ ਰੂਪ ਹਨੇਰਾ ਉੱਕਾ ਹੀ ਦੂਰ ਹੋ ਗਿਆ ਅਤੇ ਮਨ ਦੇ ਜਾਗਣ ਨਾਲ ਘਰ ਵਿੱਚ ਜੋ ਚੀਜ਼ (ਪਰਮਾਤਮਾ ਦੀ ਹੋਂਦ) ਸੀ ਉਹ ਲੱਭ ਪਈ।
੪ [ਸ਼ਕਤੀ ਦੇ ਉਪਾਸ਼ਕ] ਮਾਦਾ-ਪ੍ਰਸਤ।
੫ ਫਾਂਧੀ, ਹਿੰਸਾ ਕਰਨ ਵਾਲੇ।
੬ ਉਨ੍ਹਾਂ ਨੂੰ ਜਮ ਤੱਕਦਾ ਹੈ (ਮਾਰਨ ਲਈ)।
੭ ਬੇਨਤੀ।
੮ ਸ਼ਰਮ ਤੇ ਇੱਜ਼ਤ।
੯ ਆਪਾ ਭਾਵ, ਹਉਮੈ।
੧੦ ਹਿਰਦੇ ਵਿੱਚ।
੧੧ ਰਾਹ, ਰਸਤਾ।
੧੨ ਦੁਸ਼ਟਤਾਈ ਕਰ ਕੇ ਚੋਰ ਹੋ ਚੋਰੀ ਕੀਤੀ।
੧੩ ਹਰੀ ਨੂੰ ਭਾਇਆ ਹੋਵਾਂ, ਭਾਵ ਚੰਗਾ ਲੱਗਾਂ।
੧੪ ਦੇਖੋ ਪੰਨਾ ੯੧, ਨੋਟ ੨੪।
੧੫ ਗੁਰੂ ਲਿਵ ਲਵਾਂਦਾ ਹੈ ਹਰੀ ਨਾਲ।
੧੬ ਪੈਰ।
੧੭ ਰਸਾਂ ਦਾ ਘਰ।
੧੮ ਜੀਭ।
੧੯ ਸਵਾਦ ਲਾ ਲਾ ਕੇ।
੨੦ ਰੱਜ ਗਏ।
੨੧ ਮੁੜ ਕੇ।
੨੨ ਸਮਝਾਵੇ, ਨਿਸਚਾ ਕਰਾਵੇ।
੨੩ ਹੇ ਜਿੰਦੇ! ਗੁਰਾਂ ਦਵਾਰੇ ਨਾਮ ਜਪਣਾ, ਇਹ ਕਰਮ ਕਰ।
੨੪ ਹੇ ਜੀਉ! ਮਤ ਨੂੰ ਮਾਤਾ ਬਣਾ, ਉਹ ਮਤ ਜਿਹੜੀ ਰਾਮ ਨਾਮ ਮੂੰਹ ਵਿੱਚ ਰੱਖਣ ਦੀ ਸਿਖਿਆ ਦਿੰਦੀ ਹੈ।

* ਅਸਲ ਸੁਖ ਜੋ ਉੱਚ ਗਿਆਨ ਅਵਸਥਾ ਕਰ ਕੇ ਪੈਦਾ ਹੁੰਦਾ ਹੈ। ਗੁਰਮਤ ਵਿੱਚ ਹੋਰਨਾਂ ਸੁਖਾਂ ਦੇ ਮੁਕਾਬਲੇ 'ਤੇ ਸਹਜ ਸੁਖ ਜਾਂ ਸਹਜ ਅਨੰਦ ਆਉਂਦਾ ਹੈ।

ਸੰਤੋਖੁ ਪਿਤਾ [੧]ਕਰਿ ਗੁਰੁ ਪੁਰਖੁ ਅਜਨਮਾ ॥ ਵਡਭਾਗੀ ਮਿਲੁ ਰਾਮਾ ॥ ੧ ॥ *ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥ ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ[੨] ਜੀਉ ॥ ਵਡਭਾਗੀ ਮਿਲੁ ਸੁਘੜ ਸੁਜਾਣੀ[੩] ਜੀਉ ॥ ਮੇਰਾ ਮਨੁ ਤਨੁ [੪]ਹਰਿ ਰੰਗਿ ਭਿੰਨਾ ॥ ੨ ॥ ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥ ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ [੫]ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥ ੩ ॥ ਸਾਵਣਿ ਵਰਸੁ[੬] ਅੰਮ੍ਰਿਤਿ ਜਗੁ ਛਾਇਆ ਜੀਉ ॥ ਮਨੁ ਮੋਰੁ ਕੁਹੁਕਿਅੜਾ[੭] ਸਬਦੁ ਮੁਖਿ ਪਾਇਆ ॥ ਹਰਿ ਅੰਮ੍ਰਿਤੁ ਵੁਠੜਾ[੮] ਮਿਲਿਆ ਹਰਿ ਰਾਇਆ ਜੀਉ ॥ ਜਨ ਨਾਨਕ [੯]ਪ੍ਰੇਮਿ ਰਤੰਨਾ ॥ ੪ ॥ ੧ ॥ ੨੭ ॥ ੬੫ ॥ ਗਉੜੀ ਮਾਝ ਮਹਲਾ ੪ ॥ ਆਉ ਸਖੀ ਗੁਣ ਕਾਮਣ[੧੦] ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥ ਗੁਰ ਦੀਪਕੁ[੧੧] ਗਿਆਨੁ ਸਦਾ ਮਨਿ ਬਲੀਆ ਜੀਉ ॥ [੧੨]ਹਰਿ ਤੁਠੈ [੧੩]ਢੁਲਿ ਢੁਲਿ ਮਿਲੀਆ ਜੀਉ ॥ ੧ ॥ ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ[੧੪] ਜੀਉ ॥ ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ[੧੫] ਜੀਉ ॥ ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ[੧੬] ਸਦਾ ਘੋਲੇ ਜੀਉ ॥ ੨ ॥ ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥ [੧੭]ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ[੧੮] ਜੀਉ ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ[੧੯] ਅਨਦੁ ਰਹਸੁ[੨੦] ਜੀਉ ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥ ੩ ॥ ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥ ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ[੨੧] ਪਾਇਆ ਜੀਉ ॥ ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ ॥ ਸਭੁ ਇਕੋ ਸਬਦੁ[੨੨] ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥ ੪ ॥ ੨ ॥ ੨੮ ॥ ੬੬ ॥ ਗਉੜੀ ਮਾਝ ਮਹਲਾ ੪ ॥ ਮਨ ਮਾਹੀ[੨੩] ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥ [੨੪]ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ ॥ ਹਰਿ ਹਰਿ ਨਾਮੁ ਪਰਗਾਸਿਆ[੨੫] ਮੇਰੇ ਗੋਵਿੰਦਾ ਸਭ ਦਾਲਦ[੨੬] ਦੁਖ ਲਹਿ ਜਾਹੀ ਜੀਉ ॥ ਹਰਿ [੨੭]ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ ॥ ੧ ॥ ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥ ਮੇਰਾ ਮਨੁ

੧ ਜਨਮ ਤੋਂ ਰਹਿਤ ਜੋ ਅਕਾਲ ਪੁਰਖ ਹੈ, ਉਸ ਨੂੰ ਗੁਰੂ ਬਣਾ।

੨ ਨਿਰਲੇਪ।

੩ ਸਿਆਣਾ।

੪ ਹਰੀ ਦੇ ਪ੍ਰੇਮ ਵਿੱਚ ਭਿੱਜਾ ਹੈ, ਤਰੋ ਤਰ ਹੈ।

੫ ਪਹਿਲਾਂ ਤੋਂ ਲਿਖੇ ਹੋਏ ਰੱਬ ਦੇ ਹਜ਼ੂਰੋਂ ਭਾਗਾਂ ਅਨੁਸਾਰ ਮਿਲੋ।

੬ ਬੱਦਲ। ਸਾਵਣ ਵਿੱਚ ਬੱਦਲ ਅੰਮ੍ਰਿਤ ਸਹਿਤ ਜਗਤ 'ਤੇ ਛਾਇਆ ਹੋਇਆ ਹੈ; ਭਾਵ ਮਨੁੱਖਾ ਜਨਮ ਦਾ ਮੌਕਾ ਜੁੜਿਆ ਹੈ; ਅਤੇ ਗੁਰੂ ਰੂਪੀ ਬੱਦਲ ਅੰਮ੍ਰਿਤ ਰੂਪੀ ਬਾਣੀ ਲੈ ਕੇ ਸਾਰੇ ਸੰਸਾਰ ਨੂੰ ਛੱਟੇ ਦੇਣ ਲਈ ਆ ਪ੍ਰਗਟ ਹੋਇਆ ਹੈ।

੭ ਕੁਹ-ਕੁਹ ਦੀ ਮਿੱਠੀ ਆਵਾਜ਼ ਕੀਤੀ, ਬੋਲਿਆ। ਬੱਦਲ ਚੜ੍ਹਨ ਤਾਂ ਮੋਰ ਖੁਸ਼ੀ ਨਾਲ ਬੋਲਦੇ ਹਨ।

੮ ਵੱਸਿਆ।

੯ ਪ੍ਰੇਮ ਵਿੱਚ ਰੱਤਿਆ ਗਿਆ।

੧੦ ਟੂਣੇ। ਗੁਣਾਂ ਦੇ ਟੂਣੇ ਬਣਾਈਏ।

੧੧ ਦੀਵਾ।

੧੨ ਹਰੀ ਦੇ ਪ੍ਰਸੰਨ ਹੋਣ ਨਾਲ।

੧੩ ਢਲ-ਢਲ ਕੇ, ਪਿਘਲ ਕੇ।

੧੪ ਪਿਆਰੇ ਦਾ।

੧੫ ਵਿੱਚ ਪੈ ਕੇ ਸੰਬੰਧ ਕਰਾਉਣ ਵਾਲਾ।

੧੬ ਉਤੋਂ।

੧੭ ਮਨ-ਭਾਉਂਦਾ, ਜੋ ਮਨ ਵਿੱਚ ਚਾਹਿਆ ਹੋਵੇ।

੧੮ ਖੁਸ਼ ਹੋਇਆ।

੧੯ ਹਰ ਰੋਜ਼।

੨੦ ਖਿੜਾਉ, ਖੁਸ਼ੀ।

੨੧ ਥੋੜ੍ਹਾ ਜਿਹਾ ਅੰਨ, ਚੁਟਕਾ (ਜੋ ਲੈ ਕੇ ਮੁੜ-ਮੁੜ ਮੰਗਣ ਦੀ ਲੋੜ ਰਹਿੰਦੀ ਹੈ)।

੨੨ ਹੁਕਮ।

੨੩ ਵਿੱਚ।

੨੪ ਹਰੀ ਪ੍ਰੀਤਮ ਨਾਲ ਹੈ, ਪਰ ਉਸ ਦਾ ਪਤਾ ਨਹੀਂ ਲਗਦਾ।

੨੫ ਪ੍ਰਗਟਾਇਆ, ਦੱਸਿਆ।

੨੬ ਦਰਿਦ੍ਰਤਾ, ਕੰਗਾਲਤਾ।

੨੭ ਸਭ ਤੋਂ ਵਧੀਆ ਪਦਵੀ।

* ਮੈਨੂੰ ਗੁਰੂ ਐਸਾ ਜੋਗੀ ਪੁਰਸ਼ (ਆਪਣੀਆਂ ਵਾਸ਼ਨਾਂ ਉਤੇ ਕਾਬੂ ਪਾਉਣ ਵਾਲਾ) ਮਿਲਿਆ ਹੈ ਕਿ ਮੌਜਾਂ ਮਾਣ ਰਿਹਾ ਹਾਂ। ਉਹ ਹਰੀ ਦੇ ਪ੍ਰੇਮ ਵਿੱਚ ਮਗਨ ਹੈ, ਤੇ ਨਾਲ ਹੀ ਸਦਾ ਨਿਰਲੇਪ ਹੈ, (ਇਸੇ ਲਈ ਜੋਗੀ ਕਿਹਾ ਹੈ)।

ਤਨੁ ਬਹੁਤੁ ਬੈਰਾਗਿਆ[੧] ਮੇਰੇ ਗੋਵਿੰਦਾ ਹਰਿ ਬਾਝਹੁ [੨]ਧਨ ਕੁਮਲੈਣੀ ਜੀਉ ॥
ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ[੩]
ਜੀਉ ॥ ਹਰਿ ਆਇ ਮਿਲਿਆ ਜਗਜੀਵਨੁ[੪] ਮੇਰੇ ਗੋਵਿੰਦਾ ਮੈ [੫]ਸੁਖਿ ਵਿਹਾਣੀ
ਰੈਣੀ ਜੀਉ ॥ ੨ ॥ ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ
ਲਗਾਈਆ ਜੀਉ ॥ ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ
ਬਿਰਹੁ[੬] ਹਰਿ ਲਾਈਆ ਜੀਉ ॥ [੭]ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰੁ
ਮੇਲੇ ਮੇਰਾ ਮਨੁ ਜੀਵਾਈਆ ਜੀਉ ॥ ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ
ਗੋਵਿੰਦਾ ਹਰਿ ਮਿਲਿਆ ਮਨਿ ਵਾਧਾਈਆ ਜੀਉ ॥ ੩ ॥ ਵਾਰੀ ਮੇਰੇ ਗੋਵਿੰਦਾ
ਵਾਰੀ ਮੇਰੇ ਪਿਆਰਿਆ ਹਉ ਤੁਧੁ ਵਿਟੜਿਅਹੁ[੮] ਸਦ ਵਾਰੀ ਜੀਉ ॥ ਮੇਰੈ ਮਨਿ
ਤਨਿ ਪ੍ਰੇਮੁ ਪਿਰੰਮ[੯] ਕਾ ਮੇਰੇ ਗੋਵਿਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ ॥
ਸਤਿਗੁਰੁ ਵਿਸਟੁ[੧੦] ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ[੧੧] ਜੀਉ ॥
ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ ਜਨ ਨਾਨਕੁ ਸਰਣਿ
ਤੁਮਾਰੀ ਜੀਉ ॥ ੪ ॥ ੩ ॥ ੨੯ ॥ ੬੭ ॥ ਗਉੜੀ ਮਾਝ ਮਹਲਾ ੪ ॥ ਚੋਜੀ[੧੨]
ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ ॥ ਹਰਿ
ਆਪੇ [੧੩]ਕਾਨ੍ਹੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ[੧੪] ਜੀਉ ॥
ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ ॥
ਹਰਿ ਸੁਜਾਣੁ[੧੫] ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ[*] ਜੀਉ ॥ ੧ ॥
ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥
ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ
ਜੀਉ ॥ ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ
ਜੀਉ ॥ ਭਗਤਾ ਨਾਮੁ ਆਧਾਰੁ[੧੬] ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ
ਚੰਗੀ ਜੀਉ ॥ ੨ ॥ ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ
ਲੋਚ[੧੭] ਮਨਿ ਪੂਰੀ ਜੀਉ ॥ ਆਪੇ ਜਲਿ ਥਲਿ[੧੮] ਵਰਤਦਾ ਮੇਰੇ ਗੋਵਿਦਾ
[੧੯]ਰਵਿ ਰਹਿਆ ਨਹੀ ਦੂਰੀ ਜੀਉ ॥ ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ
ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ ॥ ਹਰਿ ਆਤਮਰਾਮੁ[੨੦]
ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ ॥ ੩ ॥ ਹਰਿ ਅੰਤਰਿ
ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥ ਹਰਿ
ਅੰਤਰਿ ਨਾਮੁ ਨਿਧਾਨੁ[੨੧] ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ[੨੨]
ਜੀਉ ॥ ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ [੨੩]ਰਾਖੁ ਲਾਜੈ

੧ ਵਿਛੋੜੇ ਵਿੱਚ ਵਿਆਕੁਲ ਹੋਇਆ।
੨ ਇਸਤਰੀ ਕੁਮਲਾ ਗਈ, ਮੁਰਝਾ ਗਈ।
੩ ਸੰਬੰਧੀ।
੪ ਹਰੀ ਜੋ ਸੰਸਾਰ ਦਾ ਜੀਵਨ ਹੈ।
੫ ਰਾਤ ਸੁਖ ਵਿੱਚ ਲੰਘੀ।
੬ ਪਿਆਰ ਦੀ ਖਿੱਚ।
੭ ਹਰੀ ਰਾਜਾ ਮੇਰਾ ਪਿਆਰਾ ਮਿੱਤਰ ਹੈ।
੮ ਉਤੋਂ।
੯ ਪਿਆਰਾ।
੧੦ ਵਿਚੋਲਾ।
੧੧ [ਫ਼ਾਰਸੀ] ਰਹਿਬਰੀ, ਅਗਵਾਈ।
੧੨ ਕੌਤਕ ਕਰਨ ਵਾਲਾ, ਖੇਡਾਂ ਕਰਨ ਵਾਲਾ।
੧੩ ਕ੍ਰਿਸ਼ਨ ਨੂੰ ਪੈਦਾ ਕਰਦਾ ਹੈ।
੧੪ ਖੋਜਣ ਵਾਲੀ (ਕ੍ਰਿਸ਼ਨ ਨੂੰ)।
੧੫ ਸਿਆਣਾ।
੧੬ ਆਸਰਾ।
੧੭ ਇੱਛਾ, ਖ਼ਾਹਿਸ਼।
੧੮ ਸੁੱਕੀ ਥਾਂ ਵਿੱਚ।
੧੯ ਸਮਾ ਰਿਹਾ ਹੈ।
੨੦ ਉਹ ਆਤਮਾ ਜੋ ਸਭ ਵਿੱਚ ਰਮਿਆ ਹੋਇਆ ਹੈ। ਵਾਹਿਗੁਰੂ ਹੀ ਸਭ ਥਾਂ ਪਸਰਿਆ ਹੈ।
੨੧ ਨਿਧੀਆਂ ਦਾ ਘਰ, ਸਾਰੇ ਰਸਾਂ ਦਾ ਖ਼ਜ਼ਾਨਾ।
੨੨ ਪ੍ਰਗਟ ਹੁੰਦਾ ਹੈ।
੨੩ ਲਾਜ ਰੱਖਦਾ ਹੈ।

* ਉਤੇ ਰੱਬ ਨੂੰ 'ਭੋਗੀ' ਕਿਹਾ ਸੀ। ਇਸ ਤੁੱਕ ਵਿੱਚ ਦੱਸਦੇ ਹਨ ਕਿ ਰਸੀਆ ਹੋਣ ਦੇ ਬਾਵਜੂਦ ਉਹ ਭੁੱਲੜਾਂ ਵਾਂਗੂੰ ਸਰੀਰਕ ਭੋਗਾਂ ਵੱਲ ਨਹੀਂ ਪੈਂਦਾ, ਕਿਉਂਕਿ ਉਹ ਸਿਆਣਾ ਹੈ, ਭੁੱਲ ਵਿੱਚ ਨਹੀਂ ਪੈਂਦਾ, ਬਲਕਿ ਭੁੱਲਿਆਂ ਹੋਇਆਂ ਨੂੰ ਰਸਤੇ ਪਾਣ ਵਾਲਾ (ਸਤਿਗੁਰੂ) ਹੈ ਜੋ ਭੋਗਾਂ ਤੋਂ ਨਿਰਲੇਪ ਰਹਿੰਦਾ ਹੈ, ਭਾਵ ਜੋਗੀ ਹੈ। "ਰੋਗ ਰਹਿਤ ਮੇਰਾ ਸਤਿਗੁਰੁ ਜੋਗੀ" (ਭੈਰਉ ਮ: ੫)।

ਜੀਉ ॥ ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ [੧]ਸਿਧਿ
ਕਾਜੈ ਜੀਉ ॥ ੪ ॥ ੪ ॥ ੩੦ ॥ ੬੮ ॥ ਗਉੜੀ ਮਾਝ ਮਹਲਾ ੪ ॥ [੨]ਮੈ ਹਰਿ
ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤ੍ਰੁ ਮਿਲੈ ਸੁਖੁ ਪਾਈ
ਜੀਉ ॥ ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ[੩] ਹਰਿ
ਭਾਈ ਜੀਉ ॥ ੧ ॥ ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥
ਜਪਿ ਗੁਰਮੁਖਿ[੪] ਨਾਮੁ ਜੀਉ ਭਾਗ ਵਡੇਰੇ ਜੀਉ ॥ ਹਰਿ ਹਰਿ ਨਾਮੁ ਜੀਉ
ਪ੍ਰਾਨ ਹਰਿ ਮੇਰੇ ਜੀਉ ॥ [੫]ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥ ੨ ॥ ਕਿਉ
ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ ॥ ਹਰਿ ਮੇਲਹੁ ਸੰਤ ਜੀਉ ਮਨਿ
ਲਗਾ ਭਾਉ[੬] ਜੀਉ ॥ ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥
ਵਡਭਾਗੀ ਜਪਿ ਨਾਉ ਜੀਉ ॥ ੩ ॥ ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ
ਆਸਾ ਜੀਉ ॥ ਹਰਿ ਮੇਲਹੁ ਸੰਤ ਜੀਉ ਗੋਵਿਦ ਪ੍ਰਭ ਪਾਸਾ[੭] ਜੀਉ ॥
[੮]ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥ ਜਨ ਨਾਨਕ ਪੂਰਿਅੜੀ
ਮਨਿ ਆਸਾ ਜੀਉ ॥ ੪ ॥ ੫ ॥ ੩੧ ॥ ੬੯ ॥ ਗਉੜੀ ਮਾਝ ਮਹਲਾ ੪ ॥
ਮੇਰਾ [੯]ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ *ਮਨ ਅੰਦਰਿ ਅੰਮ੍ਰਿਤੁ
ਗੁਰਮਤਿ ਹਰਿ ਲੀਵਾ ਜੀਉ ॥ ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ
ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥ ੧ ॥ ਮੇਰੈ ਮਨਿ ਤਨਿ
ਪ੍ਰੇਮੁ ਲਗਾ ਹਰਿ ਬਾਣੁ[੧੦] ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ[੧੧]
ਜੀਉ ॥ ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ[੧੨]
ਕੁਰਬਾਣੁ ਜੀਉ ॥ ੨ ॥ ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ[੧੩] ਜੀਉ ॥
ਹਰਿ ਦਸਹੁ ਸੰਤਹੁ ਜੀ ਹਰਿ [੧੪]ਖੋਜੁ ਪਵਾਈ ਜੀਉ ॥ ਸਤਿਗੁਰੁ ਤੁਠੜਾ[੧੫]
ਦਸੇ [੧੬]ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥ ੩ ॥ ਮੈ
ਵੇਦਨ[੧੭] ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ [੧੮]ਸਰਧਾ ਪੂਰਿ ਅੰਮ੍ਰਿਤੁ
ਮੁਖਿ ਪਾਈ ਜੀਉ ॥ ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥ ਜਨ
ਨਾਨਕ ਹਰਿ ਰਸੁ ਪਾਈ ਜੀਉ ॥ ੪ ॥ ੬ ॥ ੨੦ ॥ ੧੮ ॥ ੩੨ ॥ ੭੦ ॥

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ ੴ ਸਤਿਗੁਰ ਪ੍ਰਸਾਦਿ ॥
ਕਿਨ ਬਿਧਿ ਕੁਸਲੁ[੧੯] ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ
ਸਹਾਈ[੨੦] ॥ ੧ ॥ ਰਹਾਉ ॥ [੨੧]ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ
ਮੰਦਰ ਸੁੰਦਰ ਛਾਇਆ[੨੨] ॥ ਝੂਠੇ ਲਾਲਚਿ ਜਨਮੁ ਗਵਾਇਆ ॥ ੧ ॥

੧ ਕੰਮ ਸਫਲ ਹੁੰਦਾ ਹੈ।	੧੨ ਉੱਤੋਂ।
੨ ਮੈਨੂੰ ਹਰੀ ਨੇ ਹਰੀ ਨਾਮ ਲਈ ਸਿੱਕ ਪੈਦਾ ਕੀਤੀ।	੧੩ ਪੁੱਛਦਾ ਹਾਂ।
੩ ਸਾਥੀ।	੧੪ ਢੂੰਢ ਕਰਾਉਂਦਾ ਹਾਂ।
੪ ਗੁਰੂ ਦੁਆਰਾ।	੧੫ ਮਿਹਰਵਾਨ ਹੋਇਆ।
੫ ਫੇਰ ਮੁੜ ਕੇ ਸੰਸਾਰ ਸਾਗਰ ਦੇ ਗੇੜੇ ਨਾ ਪੈਣ।	੧੬ ਤਾਂ ਹਰੀ ਨੂੰ ਪ੍ਰਾਪਤ ਕਰਾਂ।
੬ ਪ੍ਰੇਮ।	੧੭ ਪੀੜ।
੭ ਜੋ ਪਾਸ ਜਾਂ ਨਾਲ ਹੈ।	੧੮ ਖਾਹਸ਼ ਪੂਰੀ ਕਰ ਕੇ।
੮ ਸਤਿਗੁਰੂ ਦੀ ਸਿਖਿਆ ਦੁਆਰਾ ਸਦਾ ਲਈ ਨਾਮ ਦਾ ਚਾਨਣਾ ਹੋ ਗਿਆ।	੧੯ ਸੁਖ। ਸੁਖ ਕਿਵੇਂ ਹੁੰਦਾ ਹੈ?
	੨੦ ਸਹਾਇਕ ਹੈ ਜੋ ਸਭ ਦਾ।
੯ ਵਿਛੜਿਆ ਹੋਇਆ ਪਿਆਰਾ ਨਾਮ।	੨੧ ਮਾਇਆ ਦੀ ਮਮਤਾ ਦੇ ਕਾਰਨ ਘਰ ਵਿੱਚ ਵੀ ਸੁਖ ਨਹੀਂ ਹੈ।
੧੦ ਤੀਰ।	
੧੧ ਸਿਆਣਾ।	੨੨ ਫੜਿਆ ਹੋਇਆ।

* ਮਨ ਦੇ ਅੰਦਰ ਹਰੀ ਰੂਪ ਅੰਮ੍ਰਿਤ ਹੈ, (ਪਰ ਲੱਭਦਾ ਨਹੀਂ), ਉਹ ਗੁਰੂ ਦੀ ਸਿਖਿਆ ਦੁਆਰਾ ਲਵਾਂਗਾ।

[੧]ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ[੨] ਨੇਬ[੩] ਖਵਾਸਾ[੪] ॥ ਗਲਿ
ਜੇਵੜੀ[੫] ਹਉਮੈ ਕੇ ਫਾਸਾ ॥ ੨ ॥ ਰਾਜੁ ਕਮਾਵੈ [੬]ਦਹ ਦਿਸ ਸਾਰੀ ॥ ਮਾਣੈ ਰੰਗ
ਭੋਗ ਬਹੁ ਨਾਰੀ ॥ *ਜਿਉ [੭]ਨਰਪਤਿ ਸੁਪਨੈ ਭੇਖਾਰੀ ॥ ੩ ॥ ਏਕੁ ਕੁਸਲੁ
ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ
ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ ੪ ॥ ਇਨਿ ਬਿਧਿ ਕੁਸਲ
ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ਦੂਜਾ† ॥
ਗਉੜੀ ਗੁਆਰੇਰੀ ਮਹਲਾ ੫ ॥ ਕਿਉ ਭ੍ਰਮੀਐ ਭ੍ਰਮੁ[੮] ਕਿਸ ਕਾ ਹੋਈ ॥ ਜਾ
[੯]ਜਲਿ ਥਲਿ ਮਹੀਅਲਿ ਰਵਿਆ ਸੋਈ ॥ ਗੁਰਮੁਖਿ[੧੦] ਉਬਰੇ[੧੧] ਮਨਮੁਖ ਪਤਿ
ਖੋਈ ॥ ੧ ॥ ਜਿਸੁ ਰਾਖੈ ਆਪਿ ਰਾਮੁ ਦਇਆਰਾ[੧੨] ॥ ਤਿਸੁ ਨਹੀ ਦੂਜਾ ਕੋ
ਪਹੁਚਨਹਾਰਾ ॥ ੧ ॥ ਰਹਾਉ ॥ ਸਭ ਮਹਿ ਵਰਤੈ ਏਕੁ ਅਨੰਤਾ ॥ ਤਾ ਤੂੰ ਸੁਖਿ
ਸੋਉ[੧੩] ਹੋਇ ਅਚਿੰਤਾ ॥ ਓਹੁ ਸਭੁ ਕਿਛੁ ਜਾਣੈ [੧੪]ਜੋ ਵਰਤੰਤਾ ॥ ੨ ॥ ਮਨਮੁਖ
ਮੁਏ ਜਿਨ ਦੂਜੀ ਪਿਆਸਾ ॥ ਬਹੁ ਜੋਨੀ ਭਵਹਿ [੧੫]ਧੁਰਿ ਕਿਰਤਿ ਲਿਖਿਆਸਾ ॥
ਜੈਸਾ ਬੀਜਹਿ ਤੈਸਾ ਖਾਸਾ ॥ ੩ ॥ ਦੇਖਿ ਦਰਸੁ ਮਨਿ ਭਇਆ ਵਿਗਾਸਾ ॥ ਸਭੁ
ਨਦਰੀ ਆਇਆ ਬ੍ਰਹਮੁ ਪਰਗਾਸਾ[੧੬] ॥ ਜਨ ਨਾਨਕ ਕੀ ਹਰਿ ਪੂਰਨ ਆਸਾ ॥
੪ ॥ ੨ ॥ ੭੧ ॥ ਗਉੜੀ ਗੁਆਰੇਰੀ ਮਹਲਾ ੫ ॥ ਕਈ ਜਨਮ ਭਏ [੧੭]ਕੀਟ
ਪਤੰਗਾ ॥ ਕਈ ਜਨਮ ਗਜ[੧੮] ਮੀਨ[੧੯] ਕੁਰੰਗਾ[੨੦] ॥ ਕਈ ਜਨਮ [੨੧]ਪੰਖੀ
ਸਰਪ ਹੋਇਓ ॥ ਕਈ ਜਨਮ ਹੈਵਰ[੨੨] ਬ੍ਰਿਖ[੨੩] ਜੋਇਓ[੨੪] ॥ ੧ ॥ [੨੫]ਮਿਲੁ
ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ[੨੬] ॥ ੧ ॥
ਰਹਾਉ ॥ ਕਈ ਜਨਮ ਸੈਲ[੨੭] ਗਿਰਿ[੨੮] ਕਰਿਆ ॥ ਕਈ ਜਨਮ [੨੯]ਗਰਭ
ਹਿਰਿ ਖਰਿਆ ॥ ਕਈ ਜਨਮ ਸਾਖ[੩੦] ਕਰਿ ਉਪਾਇਆ ॥ ਲਖ ਚਉਰਾਸੀਹ
ਜੋਨਿ ਭ੍ਰਮਾਇਆ ॥ ੨ ॥ ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ
ਭਜੁ ਹਰਿ ਹਰਿ ਗੁਰਮਤਿ[੩੧] ॥ ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ
ਮਰਹਿ ਦਰਗਹ ਪਰਵਾਨੁ ॥ ੩ ॥ ਜੋ ਕਿਛੁ ਹੋਆ ਸੁ [੩੨]ਤੁਝ ਤੇ ਹੋਗੁ ॥ ਅਵਰੁ
ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ
ਹਰਿ ਗੁਣ ਗਾਇ ॥ ੪ ॥ ੩ ॥ ੭੨ ॥ ਗਉੜੀ ਗੁਆਰੇਰੀ ਮਹਲਾ ੫ ॥
[੩੩]ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ ਫਲ ਪਾਵਹਿ
ਮਿਟੈ [੩੪]ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ[੩੫] ॥ ੧ ॥ ਹਰਿ
ਹਰਿ ਨਾਮੁ ਅੰਤਰਿ [੩੬]ਉਰਿ ਧਾਰਿ ॥ ਸੀਘਰ[੩੭] ਕਾਰਜ ਲੇਹੁ ਸਵਾਰਿ ॥ ੧ ॥
ਰਹਾਉ ॥ ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ[੩੮] ॥ ਤਾ ਤੂੰ ਦਰਗਹ ਪਾਵਹਿ

੧ ਹਾਥੀ ਘੋੜੇ ਦੇਖ ਕੇ ਖੁਸ਼ ਹੁੰਦਾ ਹੈ।
੨ ਇਕੱਠੇ ਕੀਤੇ।
੩ ਨਾਇਬ, ਮੰਤਰੀ।
੪ [ਖਾਸ ਦਾ ਬਹੁ ਵਚਨ] ਸ਼ਾਹੀ ਨੌਕਰ।
੫ ਰੱਸੀ।
੬ ਦਸੋਂ ਦਿਸ਼ਾਂ ਦੀ ਸਾਰੀ (ਸ੍ਰਿਸ਼ਟੀ) ਉਤੇ।
੭ ਰਾਜਾ।
੮ ਸੰਸਾ, ਸ਼ੱਕ।
੯ ਜਲ ਵਿੱਚ, ਸੁੱਕੀ ਧਰਤ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰਲੀ ਥਾਂ ਵਿੱਚ।
੧੦ ਦੇਖੋ ਪੰ: ੧੧, ਨੋਟ ੨੦ ਅਤੇ ੨੧।
੧੧ ਤਰ ਗਏ।
੧੨ ਦਿਆਲੂ।
੧੩ ਬੇਫ਼ਿਕਰ ਹੋ ਕੇ ਸੌਂ।
੧੪ ਜੋ ਕੁਝ ਵਰਤਦਾ ਹੈ, ਹੋ ਰਿਹਾ ਹੈ।
੧੫ ਉਨ੍ਹਾਂ ਦੀ ਕਿਰਤ ਵਿੱਚ ਧੁਰੋਂ ਏਹੋ ਲਿਖਿਆ ਹੋਇਆ ਹੈ। ਕਿਰਤਿ=ਪਿਛਲੇ ਕਰਮਾਂ ਅਨੁਸਾਰ ਬਣੇ ਭਾਗਾਂ ਵਿੱਚ।
੧੬ ਪ੍ਰਕਾਸ਼ ਹੋਇਆ ਹੋਇਆ; ਪ੍ਰਤੱਖ।
੧੭ ਕੀੜੇ ਪਤੰਗੇ।
੧੮ ਹਾਥੀ।
੧੯ ਮੱਛੀ।
੨੦ ਹਿਰਨ।
੨੧ ਪੰਖੇਰੂ ਤੇ ਸੱਪ।
੨੨ ਘੋੜੇ।
੨੩ ਬਲਦ।
੨੪ ਜੋਤਿਆ; ਭਾਵ ਇਨ੍ਹਾਂ ਜੂਨਾਂ ਵਿੱਚ ਧਕਿਆ ਗਿਆ।
੨੫ ਜਗਤ ਦੇ ਈਸ਼੍ਵਰ (ਮਾਲਕ) ਨੂੰ ਮਿਲ, ਇਹ ਮੌਕਾ ਮਿਲਣ ਦਾ ਹੈਈ। ਚਿਰ ਪਿੱਛੋਂ ਇਹ ਮਨੁੱਖਾ ਦੇਹ ਮਿਲੀਊ।
੨੬ [ਸੰਚੀ ਗਈ] ਮਿਲੀਊ।
੨੭ ਸੈਲ, ਪੱਥਰ, ਚੱਟਾਨ।
੨੮ ਪਹਾੜ।
੨੯ ਗਰਭ ਨਾਸ ਹੋਇਆ।
੩੦ ਸ਼ਾਖਾਂ, ਟਹਿਣੀਆਂ, ਸਬਜ਼ੀ।
੩੧ ਗੁਰੂ ਦੀ ਸਿੱਖਿਆ ਦੁਆਰਾ।
੩੨ (ਹੇ ਵਾਹਿਗੁਰੂ!) ਤੇਰੇ ਤੋਂ ਹੋਵੇਗਾ।
੩੩ ਮਨੁੱਖਾ ਦੇਹ ਨੂੰ ਕਈ ਥਾਈਂ ਕਰਮ-ਭੂਮੀ ਆਖਿਆ ਹੈ, ਕਿਉਂਕਿ ਜੇਹੇ ਕਰਮ ਬੀਜੀਦੇ ਹਨ ਤੇਹਾ ਫਲ ਵਢੀਦਾ ਹੈ। "ਇਹੁ ਸਰੀਰੁ ਕਰਮ ਕੀ ਧਰਤੀ" (ਬਿਲਾਵਲੁ ਮ: ੪)।
੩੪ ਮੌਤ ਦਾ ਡਰ।
੩੫ ਜਸ।
੩੬ ਦਿਲ ਵਿੱਚ ਟਿਕਾਉ।
੩੭ ਛੇਤੀ ਹੀ।
੩੮ ਸੁਚੇਤ, ਤਿਆਰ ਬਰ ਤਿਆਰ।

* ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਰਾਜਾ ਸੁਫ਼ਨੇ ਵਿੱਚ ਮੰਗਤਾ ਬਣ ਜਾਵੇ; ਭਾਵ ਇਹ ਕਿ ਇਹ ਆਨ ਸ਼ਾਨ ਛੇਤੀ ਹੀ ਦੂਰ ਹੋ ਜਾਂਦੀ ਹੈ, ਅਤੇ ਫਿਰ ਮਨੁੱਖ ਇਉਂ ਅਫ਼ਸੋਸ ਕਰਦਾ ਹੈ ਕਿ ਜਿਵੇਂ ਰਾਜਾ ਆਪਣੇ ਆਪ ਨੂੰ ਸੁਫ਼ਨੇ ਵਿੱਚ ਭਿਖਾਰੀ ਦੇਖ ਕੇ ਕਰਦਾ ਸੀ। ਇਸੇ ਕਹਾਣੀ ਵੱਲ ਇਸ਼ਾਰਾ ਹੋਰਨਾਂ ਕਈਆਂ ਥਾਵਾਂ 'ਤੇ ਹੈ। ਜਿਵੇਂ- "ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ" (ਸੋਰਠਿ ਰਵਿਦਾਸ-੬੫੭)।

† ਇਥੇ ਸ਼ਬਦ ਦੀ ਗਿਣਤੀ ਦਾ ਅੰਕ (੧) ਅਤੇ ਵੱਡੇ ਜੋੜ ਦਾ ਅੰਕ (੭੧) ਰਹਿ ਗਿਆ ਹੈ। ਅਗਲੇ ਸ਼ਬਦ ਦਾ ਅੰਕ (੨) ਠੀਕ ਹੈ, ਪਰ ਜੋੜ ੭੨ ਚਾਹੀਦਾ ਸੀ। ਵੱਡੇ ਜੋੜ ਦੀ ਗਿਣਤੀ ਭੀ ੧੭੪ ਤਕ ਔੱਪੜਦੀ ਹੈ। ਫਿਰ ਬੰਦ ਹੋ ਜਾਂਦੀ ਹੈ। ਦੇਖੋ ਪੰ: ੨੦੦।

ਮਾਨੁ ॥ ਉਕਤਿ[੧] ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥ ੨ ॥ ਸਰਬ ਜੀਅ ਹਹਿ ਜਾ ਕੈ ਹਾਥਿ ॥ ਕਦੇ ਨ ਵਿਛੁੜੈ ਸਭ ਕੈ ਸਾਥਿ ॥ ਉਪਾਵ ਛੋਡਿ ਗਹੁ[੨] ਤਿਸ ਕੀ ਓਟ ॥ ਨਿਮਖ[੩] ਮਾਹਿ ਹੋਵੈ ਤੇਰੀ ਛੋਟਿ ॥ ੩ ॥ ਸਦਾ ਨਿਕਟਿ[੪] ਕਰਿ ਤਿਸ ਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥ ਗੁਰ ਕੈ ਬਚਨਿ ਮਿਟਾਵਹੁ ਆਪੁ[੫] ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥ ੪ ॥ ੪ ॥ ੭੩ ॥ ਗਉੜੀ ਗੁਆਰੇਰੀ ਮਹਲਾ ੫ ॥ ਗੁਰ ਕਾ ਬਚਨੁ ਸਦਾ ਅਬਿਨਾਸੀ[੬] ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥ ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ [੭]ਰਚੈ ਰਾਮ ਕੈ ਰੰਗਿ ॥ ੧ ॥ [੮]ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥ ੧ ॥ ਰਹਾਉ ॥ ਗੁਰ ਕਾ ਬਚਨੁ ਅਟਲ[੯] ਅਛੇਦ[੧੦] ॥ ਗੁਰ ਕੈ ਬਚਨਿ [੧੧]ਕਟੇ ਭ੍ਰਮ ਭੇਦ ॥ ਗੁਰ ਕਾ ਬਚਨੁ *ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥ ੨ ॥ ਗੁਰ ਕਾ ਬਚਨੁ ਜੀਅ ਕੈ ਸਾਥ ॥ ਗੁਰ ਕਾ ਬਚਨੁ [੧੨]ਅਨਾਥ ਕੋ ਨਾਥ ॥ ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ [੧੩]ਰਸਨਾ ਅੰਮ੍ਰਿਤੁ ਰਵੈ ॥ ੩ ॥ ਗੁਰ ਕਾ ਬਚਨੁ [੧੪]ਪਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥ ਜਿਸੁ ਜਨ ਹੋਏ ਆਪਿ ਕ੍ਰਿਪਾਲ ॥ ਨਾਨਕ ਸਤਿਗੁਰ ਸਦਾ ਦਇਆਲ ॥ ੪ ॥ ੫ ॥ ੭੪ ॥ ਗਉੜੀ ਗੁਆਰੇਰੀ ਮਹਲਾ ੫ ॥ ਜਿਨਿ ਕੀਤਾ ਮਾਟੀ ਤੇ ਰਤਨੁ[੧੫] ॥ [੧੬]ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥ ਜਿਨਿ ਦੀਨੀ ਸੋਭਾ ਵਡਿਆਈ ॥ ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥ ੧ ॥ [੧੭]ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥ ੧ ॥ ਰਹਾਉ ॥ ਜਿਨਿ ਕੀਤਾ ਮੂੜ ਤੇ ਬਕਤਾ[੧੮] ॥ ਜਿਨਿ ਕੀਤਾ [੧੯]ਬੇਸੁਰਤ ਤੇ ਸੁਰਤਾ ॥ [੨੦]ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥ ੨ ॥ ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥ ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ [੨੧]ਦਿਨੁ ਰੈਨਿ [੨੨]ਸਾਸ ਗਿਰਾਸਾ ॥ ੩ ॥ ਜਿਸੁ ਪ੍ਰਸਾਦਿ ਮਾਇਆ ਸਿਲਕ[੨੩] ਕਾਟੀ ॥ ਗੁਰ ਪ੍ਰਸਾਦਿ [੨੪]ਅੰਮ੍ਰਿਤੁ ਬਿਖੁ ਖਾਟੀ ॥ ਕਹੁ ਨਾਨਕ [੨੫]ਇਸ ਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਾਲਾਹੀ ॥ ੪ ॥ ੬ ॥ ੭੫ ॥ ਗਉੜੀ ਗੁਆਰੇਰੀ ਮਹਲਾ ੫ ॥ ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥ [੨੬]ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥ ੧ ॥ ਜਪਿ ਮਨ ਮੇਰੇ ਰਾਮ ਰਾਮ ਰੰਗਿ[੨੭] ॥ ਘਰਿ ਬਾਹਰਿ ਤੇਰੈ ਸਦ ਸੰਗਿ ॥ ੧ ॥ ਰਹਾਉ ॥ ਤਿਸ ਕੀ ਟੇਕ ਮਨੈ ਮਹਿ

੧ ਯੁਕਤੀ, ਦਲੀਲ (ਅਤੇ ਚਤੁਰਾਈ ਸਾਰੀ ਛੱਡ ਦਿਹ)।
੨ ਪਕੜ।
੩ ਅੱਖ ਦੇ ਫੋਰ ਜਿੰਨਾ ਸਮਾਂ।
੪ ਨੇੜੇ।
੫ ਆਪਾ ਭਾਵ, ਹੰਕਾਰ।
੬ ਨਾ ਨਾਸ ਹੋਣ ਵਾਲਾ।
੭ ਹਰੀ ਦੇ ਪਿਆਰ ਵਿੱਚ ਲੱਗਦਾ ਹੈ।
੮ ਜੋ ਕੁਝ ਗੁਰੂ ਦਿੰਦਾ ਹੈ, ਉਹ ਮਨੁੱਖ ਦੇ ਆਤਮਾ ਦੇ ਕੰਮ ਆਉਣ ਵਾਲਾ ਹੈ।
੯ ਜੋ ਨਾ ਟਲੇ, ਹੋ ਕੇ ਰਹੇ।
੧੦ ਜੋ ਕੱਟਿਆ ਨਾ ਜਾ ਸਕੇ, ਜਿਸ ਨੂੰ ਕੋਈ ਤੋੜ ਨਾ ਸਕੇ।
੧੧ ਸ਼ੰਕੇ ਅਤੇ ਫ਼ਰਕ ਦੂਰ ਹੁੰਦੇ ਹਨ।
੧੨ ਦੀਨਾਂ ਦੀ ਬਹੁੜੀ ਕਰਨ ਵਾਲਾ ਸੁਆਮੀ।
੧੩ ਜੀਭ ਸਭ ਤੋਂ ਉੱਤਮ ਰਸ ਮਾਣਦੀ ਹੈ।
੧੪ ਸੰਸਾਰ ਵਿੱਚ ਪ੍ਰਤੱਖ ਹੈ, ਲੁਕਿਆ ਛਿਪਿਆ ਨਹੀਂ।
੧੫ ਅਮੋਲਕ ਸਰੀਰ ਰੂਪ ਰਤਨ।
੧੬ ਮਾਤਾ ਦੇ ਪੇਟ ਵਿੱਚ।
੧੭ ਹੇ ਵਾਹਿਗੁਰੂ! ਜੇ ਮੈਨੂੰ ਗੁਰੂ ਦੇ ਚਰਨਾਂ ਦੀ ਧੂੜ ਮਿਲੇ, ਭਾਵ ਜੇ ਉਸ ਦੀ ਸੰਗਤ ਦਾ ਲਾਭ ਪ੍ਰਾਪਤ ਹੋਵੇ, ਤਾਂ ਉਸ ਨੂੰ ਮਿਲ ਕੇ ਆਪਣੇ ਮਾਲਕ ਨੂੰ ਸਿਮਰਾਂ।
੧੮ ਵਕਤਾ, ਸੁੰਦਰ ਕਥਨ ਕਰਨ ਵਾਲਾ।
੧੯ ਬੇਸਮਝ ਤੋਂ ਸਮਝਦਾਰ।
੨੦ ਜਿਸ ਦੀ ਕਿਰਪਾ ਨਾਲ ਨਉਂ ਹੀ ਨਿਧੀਆਂ ਮਿਲ ਗਈਆਂ। ਦੇਖੋ ਪੰਨਾ ੧੦; ਫੁਟ ਨੋਟ **§**।
੨੧ ਦਿਨੇਂ ਤੇ ਰਾਤੀਂ।
੨੨ ਸਾਹ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ।
੨੩ [ਅਰਬੀ] ਰੱਸੀ, ਫਾਹੀ, ਬੰਧਨ।
੨੪ ਖੱਟੀ (ਕੌੜੀ) ਵਿੱਖ ਅੰਮ੍ਰਿਤ ਹੋ ਗਈ ਹੈ।
੨੫ ਇਸ ਜੀਵ ਤੋਂ ਕੁਝ ਨਹੀਂ ਸਰਦਾ, ਕੁਝ ਨਹੀਂ ਹੋ ਸਕਦਾ। ਇਹ ਕੁਝ ਨਹੀਂ ਕਰ ਸਕਦਾ। ਇਸ ਲਈ ਇਸ ਦੇ ਰੱਖਣਹਾਰ ਮਾਲਕ ਨੂੰ ਸਲਾਹੁੰਦਾ ਹਾਂ।
੨੬ ਮੈਂ ਛੱਡ ਦਿੱਤੀ ਚਤੁਰਾਈ, ਬਲ ਤੇ ਬੁੱਧੀ ਦੀ ਬੁਰਾਈ।
੨੭ ਪਿਆਰ ਨਾਲ।

* ਕਦੀ ਵੀ ਹਟਦਾ ਨਹੀਂ, ਭਾਵ ਸਦਾ ਕਾਇਮ ਰਹਿੰਦਾ ਹੈ; ਕਿਸੇ ਖ਼ਾਸ ਸਮੇਂ ਲਈ ਨਹੀਂ, ਸਦਾ ਲਈ ਹੁੰਦਾ ਹੈ।

ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥ ੨ ॥ ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ[੧] ॥ ਕਰਣ ਕਰਾਵਨਹਾਰ ਸੁਆਮੀ ॥ [੨]ਸਗਲ ਘਟਾ ਕੇ ਅੰਤਰਜਾਮੀ ॥ ੩ ॥ ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥ ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥ ੪ ॥ ੭ ॥ ੭੬ ॥ ਗਉੜੀ ਗੁਆਰੇਰੀ ਮਹਲਾ ੫ ॥ ਸੁਣਿ ਹਰਿ ਕਥਾ ਉਤਾਰੀ ਮੈਲੁ ॥ [੩]ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ[੪] ॥ ੧ ॥ ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ [੫]ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥ ੧ ॥ ਰਹਾਉ ॥ ਕਰਿ ਕੀਰਤਨੁ ਮਨ ਸੀਤਲ[੬] ਭਏ ॥ ਜਨਮ ਜਨਮ ਕੇ ਕਿਲਵਿਖ[੭] ਗਏ ॥ [੮]ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥ ੨ ॥ ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ [੯]ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ[੧੦] ॥ ੩ ॥ [੧੧]ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥ ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥ ੪ ॥ ੮ ॥ ੭੭ ॥ ਗਉੜੀ ਗੁਆਰੇਰੀ ਮਹਲਾ ੫ ॥ [੧੨]ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ[੧੩] ਸੇ ਬੰਧਿ ਲਕੁ ਖਰੇ ॥ [੧੪]ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ[੧੫] ॥ ੧ ॥ ਓਹ ਬੇਲਾ ਕਛੁ ਚੀਤਿ ਨ ਆਵੈ ॥ [੧੬]ਬਿਨਸਿ ਜਾਇ ਤਾਹੂ ਲਪਟਾਵੈ ॥ ੧ ॥ ਰਹਾਉ ॥ [੧੭]ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ[੧੮] ॥ ਸਿਰ ਊਪਰਿ ਠਾਢੋ[੧੯] ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ[੨੦] ਖਾਇ ॥ ੨ ॥ *ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ[੨੧] ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ[੨੨] ॥ ੩ ॥ [੨੩]ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥ ੪ ॥ ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥ ੫ ॥ ੯ ॥ ੭੮ ॥ ਗਉੜੀ ਗੁਆਰੇਰੀ ਮਹਲਾ ੫ ॥ ਅਨਿਕ ਜਤਨ ਨਹੀ ਹੋਤ ਛੁਟਾਰਾ[੨੪] ॥ ਬਹੁਤੁ ਸਿਆਣਪ ਆਗਲ[੨੫] ਭਾਰਾ ॥ [੨੬]ਹਰਿ ਕੀ ਸੇਵਾ ਨਿਰਮਲ ਹੇਤ ॥ ਪ੍ਰਭ ਕੀ ਦਰਗਹ

੧ ਰੌਲਾ ਹੈ।
੨ ਸਾਰੇ ਦਿਲਾਂ ਦੇ ਅੰਦਰ ਦੀ ਜਾਣਨ ਵਾਲਾ ਹੈ।
੩ ਅਤੀ ਪਵਿੱਤਰ ਹੋ ਗਏ ਅਤੇ ਸੁਖ ਦੀ ਸੈਲ ਕਰਨੀ ਮਿਲੀ।
੪ ਪਿਆਰ।
੫ ਗੁਰੂ ਨੇ ਸਾਨੂੰ ਅੱਗ ਦਾ ਸਮੁੰਦਰ ਪਾਰ ਕਰਾਇਆ।
੬ ਠੰਢੇ।
੭ ਪਾਪ।
੮ ਸਾਰੇ ਖ਼ਜ਼ਾਨੇ ਦੇਖੇ ਆਪਣੇ ਦਿਲ ਦੇ ਅੰਦਰ ਹੀ।
੯ ਸੇਵਕ ਦੀ ਮਿਹਨਤ।
੧੦ ਗੁਣਾਂ ਦਾ ਖ਼ਜ਼ਾਨਾ, ਵਾਹਿਗੁਰੂ।
੧੧ ਉਹ ਇਕੋ ਹੀ ਮਨ ਵਿੱਚ ਹੈ, ਤੇ ਉਹੀ ਇਕ ਸਭ ਥਾਵਾਂ ਵਿੱਚ ਹੈ। ਉਹ ਪੂਰੇ ਤੌਰ 'ਤੇ ਸਭ ਥਾਈਂ ਭਰ ਰਿਹਾ ਹੈ।
੧੨ ਜਿਹੜੇ ਪਹਿਲਾਂ ਮਰ ਗਏ ਓਹ ਪਿੱਛੇ ਪੈ ਗਏ, ਭਾਵ ਵਿਸਰ ਗਏ।
੧੩ ਬਚ ਗਏ। ਜੋ ਬਚੇ ਰਹੇ ਓਹ ਲੱਕ ਬੰਨ੍ਹ ਕੇ ਤਿਆਰ ਹੋ ਖੜ੍ਹੋਤੇ।
੧੪ ਜਿਨ੍ਹਾਂ ਧੰਧਿਆਂ ਵਿਹਾਰਾਂ ਵਿੱਚ ਪਿਛਲੇ ਲੋਕ (ਜੋ ਮਰ ਗਏ ਹਨ) ਫਸੇ ਹੋਏ ਸਨ, ਉਨ੍ਹਾਂ ਤੋਂ ਦੂਣੀ ਮਾਇਆ ਇਨ੍ਹਾਂ ਬਾਕੀ ਰਿਹਾਂ ਨੂੰ ਚੰਬੜੀ ਹੋਈ ਹੈ।
੧੫ ਮਾਇਆ।
੧੬ ਜੋ ਮਾਇਆ ਨਾਸ ਹੋ ਜਾਂਦੀ ਹੈ, ਉਸ ਨੂੰ ਚੰਬੜਦਾ ਹੈ।
੧੭ ਮੂਰਖ ਦੀ ਦੇਹ ਆਸਾਂ ਵਿੱਚ ਜਕੜੀ ਪਈ ਹੈ, (ਕਿ ਕਦੀ ਮਰਨਾ ਨਹੀਂ)।
੧੮ ਮੋਹ ਪਿਆਰ।
੧੯ ਖੜ੍ਹਾ ਹੈ।
੨੦ ਜ਼ਹਿਰ ਵੱਤ ਮਾਇਆ।
੨੧ ਧਰ ਸਕਦਾ ਹੈ।
੨੨ ਅਣਜਾਣ, ਬੇਸਮਝ।
੨੩ (ਵਾਹਿਗੁਰੂ) ਆਪਣੀ ਪਹੁੰਚ ਤੇ ਮਰਜਾਦਾ ਆਪੇ ਜਾਣਦਾ ਹੈ। ਹੋਰ ਕੋਈ ਕੀ ਕਹਿ ਸਕਦਾ ਹੈ ਜਾਂ ਆਖ ਕੇ ਬਿਆਨ ਕਰ ਸਕਦਾ ਹੈ?
੨੪ ਛੁਟਕਾਰਾ।
੨੫ ਬਹੁਤਾ। ਬਹੁਤੀਆਂ ਸਿਆਣਪਾਂ ਸਗੋਂ ਬਹੁਤੇ ਭਾਰ ਦਾ ਕਾਰਨ ਹਨ।
੨੬ ਹਰੀ ਦੀ ਸੇਵਾ ਸ਼ੁੱਧ ਪਿਆਰ ਨਾਲ ਕਰੀਏ ਤਾਂ ਉਸ ਦੇ ਦਰਬਾਰ ਵਿੱਚ ਸ਼ਾਨ ਨਾਲ ਜਾਈਦਾ ਹੈ।

* ਮੂਰਖ ਆਦਮੀ ਇਉਂ ਕਹਿੰਦਾ ਹੈ, "ਮੈਂ ਫਲਾਣੇ ਨੂੰ ਬੰਨ੍ਹ ਲਵਾਂਗਾ ਤੇ ਉਸ ਕੋਲੋਂ ਬਦਲਾ ਲਵਾਂਗਾ। ਸਾਡੀ ਜ਼ਿਮੀਂ ਵਿੱਚ ਕੌਣ ਪੈਰ ਰੱਖ ਸਕਦਾ ਹੈ....।"

ਸੋਭਾ ਸੇਤ[੧] ॥ ੧ ॥ ਮਨ ਮੇਰੇ ਗਹੁ[੨] ਹਰਿ ਨਾਮ ਕਾ ਓਲਾ[੩] ॥ ਤੁਝੈ ਨ ਲਾਗੈ ਤਾਤਾ ਝੋਲਾ[੪] ॥ ੧ ॥ ਰਹਾਉ ॥ [੫]ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ[੬] ॥ ਅਗਨਿ ਸੀਤ[੭] ਕਾ ਲਾਹਸਿ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥ ੨ ॥ ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥ ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ[੮] ਮੀਤ ॥ ੩ ॥ ਨਾਮੁ ਅਉਖਧੁ[੯] ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ ਹਰਿ ਹਰਿ ਨਾਮੁ ਜਾ ਕੈ ਹਿਰਦੈ[੧੦] ਵਸੈ ॥ ਦੂਖੁ ਦਰਦੁ ਤਿਹ ਨਾਨਕ ਨਸੈ ॥ ੪ ॥ ੧੦ ॥ ੭੯ ॥ ਗਉੜੀ ਗੁਆਰੇਰੀ ਮਹਲਾ ੫ ॥ [੧੧]ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹ ਪਤੀਆਨਾ[੧੨] ॥ ਪੁਤ੍ਰ ਕਲਤ੍ਰ[੧੩] ਉਰਝਿਓ [੧੪]ਜਾਨਿ ਮੇਰੀ ॥ ਓਹ ਬਿਨਸੈ ਓਇ ਭਸਮੈ ਢੇਰੀ ॥ ੧ ॥ ਬਿਨੁ ਹਰਿ ਭਜਨ ਦੇਖਉ ਬਿਲਲਾਤੇ[੧੫] ॥ ਧ੍ਰਿਗੁ[੧੬] ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥ ੧ ॥ ਰਹਾਉ ॥ ਜਿਉ ਬਿਗਾਰੀ[੧੭] ਕੈ ਸਿਰਿ ਦੀਜਹਿ ਦਾਮ ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥ ਜਿਉ ਸੁਪਨੈ ਹੋਇ ਬੈਸਤ ਰਾਜਾ ॥ [੧੮]ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ੨ ॥ ਜਿਉ ਰਾਖਾ ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਏ ॥ ਉਸੁ ਖੇਤ ਕਾਰਣਿ ਰਾਖਾ ਕੜੈ[੧੯] ॥ ਤਿਸ ਕੈ [੨੦]ਪਾਲੈ ਕਛੂ ਨ ਪੜੈ ॥ ੩ ॥ [੨੧]ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ[੨੨] ॥ ਆਪਿ ਬਿਨਾਹੇ[੨੩] ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥ ੪ ॥ ੧੧ ॥ ੮੦ ॥ ਗਉੜੀ ਗੁਆਰੇਰੀ ਮਹਲਾ ੫ ॥ [੨੪]ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ [੨੫]ਕਲਮ ਕਾਗਦ ਸਿਆਨਪ ਲੇਖੀ ॥ ਮਹਰ[੨੬] ਮਲੂਕ[੨੭] ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥ ੧ ॥ ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥ ੧ ॥ ਰਹਾਉ ॥ [੨੮]ਅਸੁ ਪਵਨ ਹਸਤਿ[੨੯] ਅਸਵਾਰੀ ॥ ਚੋਆ[੩੦] ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ[੩੧] ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥ ਤਖਤੁ ਸਭਾ ਮੰਡਨ[੩੨] ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ [੩੩]ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ[੩੪] ਹੀਲਾ ॥ ੩ ॥ *ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥ ੪ ॥ ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥ ੧ ॥ ਰਹਾਉ ਦੂਜਾ ॥ ੧੨ ॥ ੮੧ ॥ ਗਉੜੀ ਗੁਆਰੇਰੀ

1-95

(੧੭੯)

੧ ਸੇਤੀ। ਸ਼ੋਭਾ ਨਾਲ।
੨ ਫੜ।
੩ ਓਟ, ਆਸਰਾ।
੪ ਬੁੱਲਾ (ਤੱਤੀ ਹਵਾ ਦਾ)।
੫ ਜਿਵੇਂ ਭਿਆਨਕ ਸਮੁੰਦਰ ਵਿੱਚ ਜਹਾਜ਼ ਆਸਰਾ ਹੈ।
੬ ਚਾਨਣ ਕਰਦਾ ਹੈ (ਦੀਵਾ ਹਨੇਰੇ ਵਿੱਚ)।
੭ ਸਰਦੀ। ਜਿਵੇਂ ਅੱਗ ਠੰਢ ਦਾ ਦੁੱਖ ਲਾਹ ਦਿੰਦੀ ਹੈ।
੮ ਗੁਰੂ ਦੁਆਰੇ।
੯ ਦਵਾਈ।
੧੦ ਦਿਲ ਵਿੱਚ।
੧੧ ਬਹੁਤ ਧਨ ਨਾਲ ਮਨ ਨਹੀਂ ਰੱਜਦਾ।
੧੨ ਪਤੀਜਦਾ, ਰੱਜਦਾ।
੧੩ ਇਸਤਰੀ।
੧੪ ਆਪਣੀ ਜਾਣ ਕੇ।
੧੫ ਰੋਂਦੇ।
੧੬ ਧ੍ਰਿਕਾਰ ਯੋਗ, ਲਾਹਨਤ ਯੋਗ।
੧੭ ਵਿਗਾਰੀ ਫੜਿਆ ਮਜ਼ਦੂਰ। ਵਿਗਾਰ ਕਰਨ ਵਾਲੇ ਦੇ ਸਿਰ 'ਤੇ ਪੈਸੇ ਚੁਕਾਏ ਜਾਣ ਤਾਂ ਉਸ ਨੂੰ ਕੀ ਲਾਭ ਹੈ? ਓਹ ਪੈਸੇ ਤਾਂ ਮਾਲਕ ਦੇ ਘਰ ਚਲੇ ਜਾਣੇ ਹਨ; ਵਿਗਾਰੀ ਨੇ ਕੇਵਲ ਖੇਚਲ ਉਠਾਈ ਹੈ।
੧੮ ਅੱਖਾਂ ਖੋਲ੍ਹੇ ਤਾਂ ਸਾਰੇ ਰਾਜ ਦੇ ਕੰਮ ਨਿਸਫਲ ਹੋ ਜਾਂਦੇ ਹਨ।
੧੯ ਔਖਾ ਹੁੰਦਾ ਹੈ।
੨੦ ਪੱਲੇ ਕੁਝ ਨਹੀਂ ਪੈਂਦਾ।
੨੧ ਆਪ ਹੀ ਰਾਜ ਦਿੰਦਾ ਹੈ ਤੇ ਆਪ ਹੀ ਸਭ ਸੁਪਨਾ ਕਰ ਦਿੰਦਾ ਹੈ।
੨੨ ਮਾਇਕ ਪਦਾਰਥਾਂ ਲਈ ਖ਼ਾਹਿਸ਼।
੨੩ ਨਾਸ ਕਰਦਾ ਹੈ, ਮਾਰਦਾ ਹੈ।
੨੪ ਬਹੁਤ ਰੰਗਾਂ ਵਾਲੀ ਮਾਇਆ ਕਈ ਤਰ੍ਹਾਂ ਨਾਲ ਦੇਖੀ।
੨੫ ਕਲਮ ਕਾਗ਼ਜ਼ ਲੈ ਕੇ ਲਿਖੀਆਂ ਭੀ ਹਨ ਸਿਆਣਪਾਂ (ਵਿਦਵਾਨਾਂ ਵਾਂਗ)।
੨੬ ਚੌਧਰੀ।
੨੭ ਬਾਦਸ਼ਾਹ। ਮਹਰ ਮਲੂਕ ਤੇ ਖ਼ਾਨ ਆਦਿਕ ਹੋ ਕੇ ਵੀ ਵੇਖ ਲਿਆ ਹੈ, ਪਰ ਉਨ੍ਹਾਂ ਪਦਵੀਆਂ ਨਾਲ ਮਨ ਨਹੀਂ ਰੱਜਦਾ।
੨੮ ਹਵਾ ਵਾਂਗ ਤੇਜ਼ ਘੋੜੇ ਦੀ।
੨੯ ਹਾਥੀ।
੩੦ ਅਗਰ ਦਾ ਤੇਲ, ਅੱਤਰ।
੩੧ ਅਖਾੜੇ; ਥੀਏਟਰ। ਐਕਟਰਾਂ ਦੇ ਨਾਟਕ ਦੇਖੇ ਤੇ ਅਖਾੜਿਆਂ ਵਿੱਚ ਉਨ੍ਹਾਂ ਦਾ ਗਾਣਾ ਭੀ ਸੁਣਿਆ।
੩੨ ਸਜਾਵਟ। ਰਾਜ ਸਭਾ ਵਿੱਚ ਤਖ਼ਤ ਤੇ ਗ਼ਲੀਚੇ ਆਦਿ ਦੀ ਸਜਾਵਟ ਦੇਖੀ।
੩੩ ਸ਼ਿਕਾਰ ਦਾ ਸ਼ੌਕ ਤੇ ਰਾਜਿਆਂ ਵਾਲੀਆਂ ਹੋਰ ਖੇਡਾਂ ਵੀ ਖੇਡੀਆਂ।
੩੪ ਛਲ, ਧੋਖਾ। ਮਨ ਸੌਖਾ ਨਹੀਂ ਹੋਇਆ; ਇਹ ਸਾਰਾ ਹੀਲਾ (ਉੱਦਮ) ਨਿਰਾ ਛਲ ਸੀ।

* ਮੇਰੀ ਉੱਪਰ ਦੱਸੀ ਦਸ਼ਾ ਵੇਖ ਕੇ ਸੰਤਾਂ ਨੇ ਕਿਰਪਾ ਕੀਤੀ ਤੇ ਮੈਨੂੰ ਇਹ ਸੱਚ ਦੱਸਿਆ ਕਿ ਸਾਰੇ ਸੁਖ ਤੇ ਅਨੰਦ ਇਸੇ ਵਿੱਚ ਲੱਭ ਪੈਣਗੇ ਜੋ ਸਾਧ ਸੰਗਤ ਵਿੱਚ ਜੁੜ ਕੇ ਹਰੀ-ਜਸ ਦਾ ਕੀਰਤਨ ਕਰੀਏ। ਇਹ ਕਰਨੀ ਵੱਡੇ ਭਾਗਾਂ ਨਾਲ ਮਿਲਦੀ ਹੈ।

ਮਹਲਾ ੫ ॥ ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥ [੧]ਬਹੁਰਿ ਬਹੁਰਿ ਉਆਹੂ ਲਪਟੇਰਾ ॥ ਪੁਤ੍ਰ ਕਲਤ੍ਰ[੨] ਗਿਰਸਤ ਕਾ ਫਾਸਾ ॥ ਹੋਨੁ ਨ ਪਾਈਐ ਰਾਮ ਕੇ ਦਾਸਾ ॥ ੧ ॥ ਕਵਨ ਸੁ ਬਿਧਿ[੩] ਜਿਤੁ ਰਾਮ ਗੁਣ ਗਾਇ ॥ ਕਵਨ ਸੁ ਮਤਿ[੪] ਜਿਤੁ ਤਰੈ ਇਹ ਮਾਇ[੫] ॥ ੧ ॥ ਰਹਾਉ ॥ ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ[੬] ॥ [੭]ਜਾਣੈ ਨਾਹੀ ਜੀਤ ਅਰੁ ਹਾਰ ॥ ਇਹੁ ਵਲੇਵਾ[੮] ਸਾਕਤ[੯] ਸੰਸਾਰ ॥ ੨ ॥ ਜੋ ਹਲਾਹਲ[੧੦] ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ ਸਾਧਸੰਗ ਕੈ ਨਾਹੀ ਨੇਰਿ ॥ [੧੧]ਲਖ ਚਉਰਾਸੀਹ ਭ੍ਰਮਤਾ ਫੇਰਿ ॥ ੩ ॥ [੧੨]ਏਕੈ ਜਾਲਿ ਫਹਾਏ ਪੰਖੀ ॥ [੧੩]ਰਸਿ ਰਸਿ ਭੋਗ ਕਰਹਿ ਬਹੁ ਰੰਗੀ ॥ ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥ ਗੁਰਿ ਪੂਰੈ ਤਾ ਕੇ ਕਾਟੇ ਜਾਲ ॥ ੪ ॥ ੧੩ ॥ ੮੨ ॥ ਗਉੜੀ ਗੁਆਰੇਰੀ ਮਹਲਾ ੫ ॥ [੧੪]ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥ ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥ ੧ ॥ ਤੁਮ ਲਾਵਹੁ ਤਉ ਲਾਗਹ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ[੧੫] ॥ ੧ ॥ ਰਹਾਉ ॥ ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ[੧੬] ॥ ਤੁਧੁ ਭਾਵੈ ਤਾ ਸਤਿਗੁਰ ਮਇਆ[੧੭] ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥ ੨ ॥ ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥ [੧੮]ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ [੧੯]ਤੂੰ ਸਾਹਿਬੁ ਸੇਵਕ ਅਰਦਾਸਿ ॥ ੩ ॥ ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ[੨੦] ॥ ਸਰਬ ਸੁਖਾ ਪਾਵਉ ਸਤਸੰਗਿ ॥ ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ* ਨਾਨਕ ਕਰਿ ਜਾਤਾ ॥ ੪ ॥ ੧੪ ॥ ੮੩ ॥ ਗਉੜੀ ਗੁਆਰੇਰੀ ਮਹਲਾ ੫ ॥ [੨੧]ਆਨ ਰਸਾ ਜੇਤੇ ਤੈ ਚਾਖੇ ॥ [੨੨]ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ[੨੩] ॥ ੧ ॥ ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ[੨੪] ॥ ੧ ॥ ਰਹਾਉ ॥ [੨੫]ਹੇ ਜਿਹਵੇ ਤੂੰ ਰਾਮ ਗੁਣ ਗਾਉ ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥ [੨੬]ਆਨ ਨ ਸੁਨੀਐ ਕਤਹੂੰ ਜਾਈਐ ॥ ਸਾਧਸੰਗਤਿ ਵਡਭਾਗੀ ਪਾਈਐ ॥ ੨ ॥ ਆਠ ਪਹਰ ਜਿਹਵੇ ਆਰਾਧਿ[੨੭] ॥ ਪਾਰਬ੍ਰਹਮ ਠਾਕੁਰ ਆਗਾਧਿ[੨੮] ॥ ਈਹਾ ਊਹਾ ਸਦਾ ਸੁਹੇਲੀ[੨੯] ॥ ਹਰਿ ਗੁਣ ਗਾਵਤ [੩੦]ਰਸਨ ਅਮੋਲੀ ॥ ੩ ॥ ਬਨਸਪਤਿ ਮਉਲੀ[੩੧] ਫਲ ਫੁਲ ਪੇਡੇ ॥ [੩੨]ਇਹ ਰਸ ਰਾਤੀ ਬਹੁਰਿ ਨ ਛੋਡੇ ॥ ਆਨ[੩੩] ਨ [੩੪]ਰਸ ਕਸ ਲਵੈ ਨ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹਾਈ ॥ ੪ ॥ ੧੫ ॥ ੮੪ ॥ ਗਉੜੀ ਗੁਆਰੇਰੀ ਮਹਲਾ ੫ ॥ ਮਨੁ ਮੰਦਰੁ ਤਨੁ ਸਾਜੀ ਬਾਰਿ[੩੫] ॥

ਸ-95

੧ ਮੁੜ-ਮੁੜ ਕੇ ਉਸੇ ਨਾਲ ਚੰਬੜਦਾ ਹੈ।
੨ ਇਸਤਰੀ।
੩ ਤਰੀਕਾ।
੪ ਧਰਮ ਦਾ ਰਸਤਾ।
੫ ਮਾਇਆ।
੬ ਬਰਾਬਰ। ਸੱਚ ਨੂੰ ਜ਼ਹਿਰ ਸਮਾਨ ਸਮਝਦਾ ਹੈ।
੭ ਵਾਧੇ ਘਾਟੇ ਦਾ ਇਸ ਨੂੰ ਕੁਝ ਪਤਾ ਨਹੀਂ।
੮ ਵਰਤੋਂ, ਵਿਹਾਰ।
੯ ਮਾਇਆ ਵਿੱਚ ਗ੍ਰਸੇ ਹੋਏ ਮਨੁੱਖ ਦਾ। ਇਹ ਵਿਹਾਰ ਸਸੰਾਰ ਦੇ ਮਾਦਾ-ਪ੍ਰਸਤ ਦਾ ਹੈ।
੧੦ [ਫ਼ਾਰਸੀ] ਮਹੁਰਾ।
੧੧ ੮੪ ਲੱਖ ਜੂਨਾਂ ਦੇ ਫੇਰ ਵਿੱਚ ਭਉਂਦਾ ਹੈ।
੧੨ ਇਕ ਮਾਇਆ ਦੇ ਜਾਲ ਵਿੱਚ ਸਭ ਜੀਵ ਰੂਪ ਪੰਛੀ ਫਸਦੇ ਹਨ।
੧੩ ਸਵਾਦ ਲਾ ਲਾ ਕੇ ਐਸ਼ਾਂ ਮਾਣਦੇ ਹਨ, ਇਹ ਬਹੁਰੰਗੀ ਜੀਵ।
੧੪ (ਹੇ ਵਾਹਿਗੁਰੂ!) ਤੇਰੀ ਕਿਰਪਾ ਤੋਂ ਠੀਕ ਰਸਤਾ ਮਿਲਦਾ ਹੈ।
੧੫ ਹੇ ਜੋਤੀ ਸਰੂਪ ਕਰਤਾਰ!
੧੬ ਬੋਲਾਂ।
੧੭ ਕਿਰਪਾ।
੧੮ ਸਰਬ-ਨਿਧਾਨ ਰੂਪੀ ਗੁਣ; ਗੁਣ ਜੋ ਹਰ ਤਰ੍ਹਾਂ ਦੇ ਖ਼ਜ਼ਾਨੇ ਹਨ।
੧੯ ਤੁਸੀਂ ਮਾਲਕ ਹੋ, ਸੇਵਕ ਨੇ ਤਾਂ ਅਰਦਾਸ ਹੀ ਕਰਨੀ ਹੈ।
੨੦ ਹਰੀ ਦੇ ਪ੍ਰੇਮ ਦੁਆਰਾ।
੨੧ (ਹਰੀ ਰਸ ਬਿਨਾਂ) ਹੋਰ ਰਸ।
੨੨ ਉਨ੍ਹਾਂ ਨਾਲ ਥੋੜ੍ਹੇ ਚਿਰ ਲਈ ਭੀ ਤੇਰੀ ਤ੍ਰੇਹ ਨਹੀਂ ਮੱਠੀ ਹੁੰਦੀ।
੨੩ ਮਸਤ। ਦੇਖੋ ਪੰਨਾ ੧੬੭ ਦਾ ਫੁਟ ਨੋਟ *।
੨੪ ਰੱਜੀ ਹੋਈ।
੨੫ ਹੇ ਮੇਰੀ ਜੀਭ!
੨੬ ਰਾਮ-ਗੁਣ ਤੋਂ ਬਿਨਾਂ ਹੋਰ ਕੁਝ ਨਾ ਸੁਣੀਏ, ਤੇ ਸਾਧ-ਸੰਗਤ ਤੋਂ ਬਿਨਾਂ ਹੋਰ ਕਿਧਰੇ ਨਾ ਜਾਈਏ।
੨੭ ਚੇਤੇ ਕਰ, ਸਿਮਰ।
੨੮ ਅਥਾਹ ਵਾਹਿਗੁਰੂ।
੨੯ ਸੁਖੀ।
੩੦ ਜੀਭ ਵਡ-ਮੁੱਲੀ ਹੋ ਜਾਂਦੀ ਹੈ।
੩੧ ਖਿੜੀ ਹੈ। ਕੁਦਰਤ ਹਰੀ-ਭਰੀ ਮਲੂਮ ਹੁੰਦੀ ਹੈ, ਅਤੇ ਬੂਟਿਆਂ ਨਾਲ ਫਲ ਫੁੱਲ ਲੱਗੇ ਦਿਸਦੇ ਹਨ। ਭਾਵ ਸੰਸਾਰ ਦੀ ਹਰ ਚੀਜ਼ ਖਿੜੀ ਪ੍ਰਤੀਤ ਹੁੰਦੀ ਹੈ।
੩੨ ਹਰੀ-ਰਸ ਦਾ ਸਵਾਦ ਪੈ ਜਾਵੇ, ਤਾਂ ਮੁੜ ਇਸ ਨੂੰ ਕਦੀ ਨਾ ਛੱਡੇਗੀ।
੩੩ ਹੋਰ। ਹੋਰ ਸਵਾਦਾਂ ਨੂੰ ਹਰੀ-ਰਸ ਦੇ ਤੁਲ ਨਹੀਂ ਸਮਝਦੀ।
੩੪ ਕਸੈਲਾ ਆਦਿ ਰਸ।
੩੫ ਵਾੜ। ਮਨ ਕੋਠਾ ਹੈ, ਜਿਸ ਦੀ ਰਖਿਆ ਲਈ ਸਰੀਰ ਦੀ ਵਾੜ ਰਚੀ ਗਈ ਹੈ।

* ਸਭ ਤੋਂ ਉੱਚੀ ਖੁਸ਼ੀ (ਭਾਵੇਂ ਉਹ ਮੁਕਤੀ ਦੀ ਸ਼ਕਲ ਵਿੱਚ ਮਿਲੇ, ਭਾਵੇਂ ਸੁਰਗ ਬੈਕੁੰਠ ਤੋਂ) ਸਭ ਤੋਂ ਉੱਚੀ ਗਤੀ ਇਹੋ ਸਮਝੀ ਹੈ ਕਿ ਤੇਰੇ ਨਾਮ ਵਿੱਚ ਮਨ ਲੱਗਾ ਰਹੇ।

ਇਸ ਹੀ ਮਧੇ[੧] ਬਸਤੁ ਅਪਾਰ ॥ ਇਸ ਹੀ ਭੀਤਰਿ ਸੁਨੀਅਤ ਸਾਹੁ[*] ॥ ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ[੨] ॥ ੧ ॥ ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ[੩] ॥ ੧ ॥ ਰਹਾਉ ॥ ਮਨੁ ਤਨੁ ਅਰਪੀ[੪] ਸੇਵ ਕਰੀਜੈ ॥ ਕਵਨ ਸੁ ਜੁਗਤਿ[੫] ਜਿਤੁ ਕਰਿ ਭੀਜੈ[੬] ॥ [੭]ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥ ੨ ॥ ਮਹਲੁ ਸਾਹ ਕਾ [੮]ਕਿਨ ਬਿਧਿ ਪਾਵੈ ॥ ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥ ਤੂੰ ਵਡ ਸਾਹੁ ਜਾ ਕੇ ਕੋਟਿ[੯] ਵਣਜਾਰੇ ॥ ਕਵਨੁ ਸੁ ਦਾਤਾ ਲੇ ਸੰਚਾਰੇ[੧੦] ॥ ੩ ॥ ਖੋਜਤ ਖੋਜਤ ਨਿਜ ਘਰੁ[੧੧] ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥ ਕਰਿ ਕਿਰਪਾ ਜਬ ਮੇਲੇ ਸਾਹਿ[੧੨] ॥ ਕਹੁ ਨਾਨਕ ਗੁਰ ਕੈ ਵੇਸਾਹਿ[੧੩] ॥ ੪ ॥ ੧੬ ॥ ੮੫ ॥

ਗਉੜੀ ਮਹਲਾ ੫ ਗੁਆਰੇਰੀ ॥ [੧੪]ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥ ਠਾਕੁਰ ਨਾਮੁ ਕੀਓ ਉਨਿ ਵਰਤਨਿ ॥ [੧੫]ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥ ੧ ॥ ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥ ੧ ॥ ਰਹਾਉ ॥ [੧੬]ਚਰਣ ਕਮਲ ਆਤਮ ਆਧਾਰ ॥ [੧੭]ਏਕੁ ਨਿਹਾਰਹਿ ਆਗਿਆਕਾਰ ॥ ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥ ੨ ॥ [੧੮]ਹਰਖ ਸੋਗ ਦੁਹਹੂੰ ਤੇ ਮੁਕਤੇ ॥ [੧੯]ਸਦਾ ਅਲਿਪਤੁ ਜੋਗ ਅਰੁ ਜੁਗਤੇ ॥ [੨੦]ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥ ੩ ॥ ਸੰਤਨ ਕੀ ਮਹਿਮਾ ਕਵਨ ਵਖਾਨਉ[੨੧] ॥ [੨੨]ਅਗਾਧਿ ਬੋਧਿ ਕਿਛੁ ਮਿਤਿ[੨੩] ਨਹੀ ਜਾਨਉ ॥ ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥ ੪ ॥ ੧੭ ॥ ੮੬ ॥

ਗਉੜੀ ਗੁਆਰੇਰੀ ਮਹਲਾ ੫ ॥ ਤੂੰ ਮੇਰਾ ਸਖਾ[੨੪] ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ[੨੫] ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ[੨੬] ਨ ਜਾਈ ਰਹਣਾ ॥ ੧ ॥ ਤੂੰ ਮੇਰੇ ਲਾਲਨ[੨੭] ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥ ੧ ॥ ਰਹਾਉ ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ[੨੮] ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ[੨੯] ॥ ੨ ॥ ਤੂੰ ਮੇਰੀ [੩੦]ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ[੩੧] ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ[੩੨] ॥ ੩ ॥ ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ[੩੩] ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ[੩੪] ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥ ੪ ॥ ੧੮ ॥ ੮੭ ॥

ਗਉੜੀ ਗੁਆਰੇਰੀ ਮਹਲਾ ੫ ॥ ਬਿਆਪਤ[੩੫]

III-95

੧ ਵਿੱਚ।
੨ ਇਤਬਾਰ, ਸਾਖ, ਜਿਸ ਦੇ ਆਧਾਰ 'ਤੇ ਸੌਦਾ ਦਿੱਤਾ ਜਾਂਦਾ ਹੈ। ਇਥੇ ਦਿੱਤੇ ਸਵਾਲ ਦਾ ਜਵਾਬ ਸਾਰੇ ਚੌਪਦੇ ਦੀ ਅੰਤਲੀ ਤੁਕ ਵਿੱਚ ਹੈ।
੩ ਖਾਣਾ।
੪ ਹਵਾਲੇ ਕਰਾਂ।
੫ ਢੰਗ।
੬ ਪ੍ਰਸੰਨ ਹੋਵੇ।
੭ ਹਉਮੈ ਛੱਡ ਕੇ ਚਰਨੀਂ ਲੱਗਾਂ।
੮ ਕਿਸ ਤਰੀਕੇ ਨਾਲ ?
੯ ਕ੍ਰੋੜਾਂ।
੧੦ ਅਪੜਾਵੇ। ਉਹ ਕਿਹੜਾ ਦਾਤਾ ਹੈ, ਜੋ ਸਾਨੂੰ ਉੱਥੇ ਪੁਚਾ ਦੇਵੇ?
੧੧ ਆਪਣਾ ਅਸਲੀ ਘਰ, ਵਾਹਿਗੁਰੂ ਦੀ ਹਜ਼ੂਰੀ।
੧੨ ਸ਼ਾਹ ਨਾਲ।
੧੩ ਇਤਬਾਰ ਨਾਲ। ਗੁਰੂ ਦੀ ਸਾਖ (ਇਤਬਾਰ) ਉੱਤੇ ਅਸਾਡਾ ਭੀ ਸ਼ਾਹ ਨਾਲ ਮੇਲ ਹੋਇਆ।
੧੪ ਰਾਤ, ਦਿਨ।
੧੫ ਪੂਰੀ ਤਰ੍ਹਾਂ ਰੱਜਣਾ।
੧੬ ਹਰੀ ਦੇ ਪਵਿੱਤਰ ਚਰਨ ਹੀ ਉਨ੍ਹਾਂ ਦੇ ਆਤਮਾ ਦਾ ਆਸਰਾ ਹਨ।
੧੭ ਇਕ ਨੂੰ ਹੀ ਵੇਖਦੇ ਹਨ ਹੁਕਮੀ ਬੰਦੇ ਹੋ ਕੇ।
੧੮ ਖੁਸ਼ੀ, ਗ਼ਮੀ ਦੋਹਾਂ ਤੋਂ ਆਜ਼ਾਦ।
੧੯ ਸਦਾ ਅਲੇਪ ਹਨ, ਜੁੜੇ ਹਨ, ਵਾਹਿਗੁਰੂ ਨਾਲ ਤੇ ਜੁਗਤੀ ਵਾਲੇ ਹਨ, ਭਾਵ ਸੰਸਾਰ ਵਿੱਚ ਜੁਗਤ ਨਾਲ ਵਰਤਦੇ ਹਨ।
੨੦ ਦਿੱਸਦੇ ਹਨ ਸਭਨਾਂ ਦੇ ਵਿੱਚ, ਪਰ ਸਭਨਾਂ ਤੋਂ ਵੱਖ ਭੀ ਰਹਿੰਦੇ ਹਨ।
੨੧ ਬਿਆਨ ਕਰਾਂ।
੨੨ ਸਮਝ ਤੋਂ ਜੋ ਅਥਾਹ ਹੈ, ਜਿਸ ਦਾ ਸਮਝਣਾ ਔਖਾ ਹੈ।
੨੩ ਮਿਣਤੀ, ਮਾਪ, ਹੱਦ।
੨੪ ਸਾਥੀ।
੨੫ ਹਿੱਤ, ਪਿਆਰ।
੨੬ ਅੱਖ ਦੇ ਪਲਕਾਰੇ ਜਿੰਨਾ ਸਮਾਂ।
੨੭ ਲਾਡ ਲਡਾਉਣ ਵਾਲਾ ਪਿਆਰਾ।
੨੮ ਦੇਖਦਾ ਹਾਂ।
੨੯ ਜੀਭ ਨਾਲ।
੩੦ ਦੇਖੋ ਪੰਨਾ ੧੦, ਫੁਟ ਨੋਟ §।
੩੧ ਆਸਰਾ।
੩੨ ਆਸਰਾ।
੩੩ ਭੇਦ।
੩੪ ਸਮਝਿਆ।
੩੫ ਲੱਗਦੀ ਹੈ, ਅਸਰ ਪਾਉਂਦੀ ਹੈ (ਮਾਇਆ)।

* ਸ਼ਾਹ, ਜੋ ਰਾਸ ਦੇ ਕੇ ਵਪਾਰੀ ਟੋਰਦਾ ਹੈ। ਇਥੇ ਅਲੰਕਾਰ ਉਸ ਵਕਤ ਦੇ ਵਿਹਾਰ ਤੋਂ ਲਿਆ ਹੈ। ਇਕ ਵਣਜ ਦੀ ਕੋਠੀ ਹੈ, ਜਿਸ ਵਿੱਚ ਮਾਲਕ ਆਪ ਵਸਦਾ ਹੈ, ਪਰ ਬਹੁਤ ਵੱਡਾ ਹੋਣ ਕਰਕੇ ਆਮ ਲੋਕਾਂ ਦੀ ਨਜ਼ਰੋਂ ਓਹਲੇ ਹੀ ਰਹਿੰਦਾ ਹੈ। ਉਥੇ ਸੌਦਾ ਕਰਨ ਲੱਗਿਆਂ ਹਰ ਇਕ ਵਪਾਰੀ ਉੱਤੇ ਇਤਬਾਰ ਨਹੀਂ ਕੀਤਾ ਜਾਂਦਾ, ਸਿਵਾਏ ਇਕ ਵਪਾਰੀ ਦੇ (ਭਾਵ ਗੁਰੂ ਦੇ) ਜਿਸ ਦੀ ਸਾਖ ਵੱਡੇ ਸ਼ਾਹ ਦੇ ਹਜ਼ੂਰ ਮੰਨੀ ਜਾਂਦੀ ਹੈ। ਛੋਟੇ-ਛੋਟੇ ਕਰੋੜਾਂ ਹੀ ਵਣਜਾਰੇ ਸੌਦੇ (ਨਾਮ-ਰਤਨ) ਲਈ ਆਉਂਦੇ ਹਨ, ਅਤੇ ਵਿਚੋਲੇ ਵਪਾਰੀ ਦੀ ਮਿੰਨਤ ਮੁਥਾਜੀ ਕਰਦੇ ਹਨ, ਤਾਂਕਿ ਕਿਸੇ ਤਰ੍ਹਾਂ ਉਹ ਵੱਡੇ ਸ਼ਾਹ ਦੇ ਮਹਿਲਾਂ ਤੱਕ ਪੁਚਾਵੇ ਅਤੇ ਉਥੇ ਵਿੱਚ ਪੈ ਕੇ ਸੌਦਾ ਜੋੜ ਦੇਵੇ।

[1]ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ[2] ॥ ਬਿਆਪਤ
ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ[3] ਬਿਆਪਸਿ ਲੋਭਾ ॥ ੧ ॥ ਮਾਇਆ
ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥ ੧ ॥ ਰਹਾਉ ॥
[4]ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ[5] ਸੰਗਿ ਰਾਤਾ ॥
ਬਿਆਪਤ ਹਸਤਿ[6] ਘੋੜੇ ਅਰੁ ਬਸਤਾ[7] ॥ ਬਿਆਪਤ ਰੂਪ ਜੋਬਨ ਮਦ
ਮਸਤਾ ॥ ੨ ॥ ਬਿਆਪਤ ਭੂਮਿ ਰੰਕ ਅਰੁ ਰੰਗਾ[8] ॥ ਬਿਆਪਤ [9]ਗੀਤ ਨਾਦ
ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ ॥ [10]ਪੰਚ ਦੂਤ ਬਿਆਪਤ
ਅੰਧਿਆਰ ॥ ੩ ॥ [11]ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ
ਗਿਰਸਤ ਬਿਆਪਤ ਉਦਾਸਾ ॥ [12]ਆਚਾਰ ਬਿਉਹਾਰ ਬਿਆਪਤ ਇਹ
ਜਾਤਿ ॥ [13]ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥ ੪ ॥ ਸੰਤਨ ਕੇ
ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥ ਕਹੁ ਨਾਨਕ
ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ[14] ਨ ਆਵੈ ਮਾਈ[15] ॥ ੫ ॥ ੧੯ ॥
੮੮ ॥ ਗਉੜੀ ਗੁਆਰੇਰੀ ਮਹਲਾ ੫ ॥ [16]ਨੈਨਹੁ ਨੀਦ ਪਰ ਦ੍ਰਿਸਟਿ
ਵਿਕਾਰ ॥ ਸ੍ਰਵਣ[17] ਸੋਏ ਸੁਣਿ ਨਿੰਦ ਵੀਚਾਰ ॥ ਰਸਨਾ[18] ਸੋਈ ਲੋਭਿ ਮੀਠੈ
ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ[19] ॥ ੧ ॥ [20]ਇਸੁ ਗ੍ਰਿਹ ਮਹਿ
ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥
[21]ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ[22] ਪੰਚ ਬਟਵਾਰੇ[23] ॥ ਸੂਨੇ[24] ਨਗਰਿ ਪਰੇ ਠਗਹਾਰੇ ॥ ੨ ॥ ਉਨ
ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥ *ਦਰਬਿ
ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥ ੩ ॥ ਕਰਿ
ਕਿਰਪਾ ਮੋਹਿ ਸਾਰਿੰਗਪਾਣਿ[25] ॥ ਸੰਤਨ ਧੂਰਿ [26]ਸਰਬ ਨਿਧਾਨ ॥ ਸਾਬਤੁ
ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ[27] ॥ ੪ ॥ ਸੋ
ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥ ੧ ॥ ਰਹਾਉ
ਦੂਜਾ ॥ ੨੦ ॥ ੮੯ ॥ ਗਉੜੀ ਗੁਆਰੇਰੀ ਮਹਲਾ ੫ ॥ ਜਾ ਕੈ ਵਸਿ ਖਾਨ
ਸੁਲਤਾਨ ॥ ਜਾ ਕੈ ਵਸਿ ਹੈ ਸਗਲ[28] ਜਹਾਨ ॥ ਜਾ ਕਾ ਕੀਆ ਸਭੁ ਕਿਛੁ
ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥ ੧ ॥ ਕਹੁ ਬੇਨੰਤੀ ਅਪੁਨੇ ਸਤਿਗੁਰ
ਪਾਹਿ[29] ॥ ਕਾਜ ਤੁਮਾਰੇ ਦੇਇ ਨਿਬਾਹਿ ॥ ੧ ॥ ਰਹਾਉ ॥ ਸਭ ਤੇ ਊਚ ਜਾ
ਕਾ ਦਰਬਾਰੁ ॥ ਸਗਲ ਭਗਤ ਜਾ ਕਾ ਨਾਮੁ ਅਧਾਰੁ[30] ॥ ਸਰਬ ਬਿਆਪਿਤ[31]
ਪੂਰਨ ਧਨੀ ॥ ਜਾ ਕੀ ਸੋਭਾ [32]ਘਟਿ ਘਟਿ ਬਨੀ ॥ ੨ ॥ ਜਿਸੁ ਸਿਮਰਤ ਦੁਖ
ਡੇਰਾ ਢਹੈ ॥ ਜਿਸੁ ਸਿਮਰਤ ਜਮੁ ਕਿਛੂ ਨ ਕਹੈ ॥ ਜਿਸੁ ਸਿਮਰਤ

IV-95

੧ ਖ਼ੁਸ਼ੀ, ਗ਼ਮੀ ਦਾ ਖਿਲਾਰਾ ਹੋ ਕੇ।

੨ ਅਵਤਾਰਾਂ ਨੂੰ ਵੀ ਚਿੰਬੜਦੀ ਹੈ।

੩ ਦੁੱਖਾਂ ਦਾ। ਦੁੱਖਾਂ ਦੇ ਮੂਲ ਲੋਭ ਦੇ ਰੂਪ ਵਿੱਚ ਵਿਆਪਦੀ ਹੈ।

੪ ਚੰਬੜਦੀ ਹੈ, ਉਸ ਨੂੰ ਜੋ ਆਪਣੀ ਹੰਕਾਰ ਵਾਲੀ ਅਕਲ ਉੱਤੇ ਮਸਤ ਹੈ।

੫ ਇਸਤਰੀ।

੬ ਹਾਥੀ।

੭ ਬਸਤਰ, ਕੱਪੜੇ।

੮ ਰੰਗ ਮਾਣਨੇ ਵਾਲਾ, ਭਾਵ ਅਮੀਰ। ਜ਼ਿਮੀਂ ਵਾਲੇ ਨੂੰ, ਗ਼ਰੀਬ ਨੂੰ ਅਤੇ ਅਮੀਰ ਨੂੰ ਵਿਆਪਦੀ ਹੈ।

੯ ਗੀਤਾਂ ਤੇ ਰਾਗਾਂ ਨੂੰ ਮੰਡਲੀਆਂ ਵਿੱਚ ਸੁਣਨ ਵਾਲਿਆਂ ਨੂੰ।

੧੦ ਕਾਮ, ਕ੍ਰੋਧ ਆਦਿ ਪੰਜ ਵਿਸ਼ਿਆਂ ਦੇ ਹਨੇਰੇ ਦੇ ਰੂਪ ਵਿੱਚ।

੧੧ ਉਸ ਨੂੰ ਚੰਬੜਦੀ ਹੈ, ਜੋ ਹੰਕਾਰ ਵਿੱਚ ਫਸ ਕੇ ਨੇਕੀ ਦੇ ਕੰਮ ਕਰਦਾ ਹੈ।

੧੨ ਰਹਿਣੀ-ਬਹਿਣੀ, ਕੰਮ-ਕਾਰ ਅਤੇ ਜਾਤ-ਪਾਤ ਦੇ ਵਖੇਵਿਆਂ ਵਿੱਚ ਭੀ ਮਾਇਆ ਕੰਮ ਕਰ ਰਹੀ ਹੈ।

੧੩ ਸਭ ਕਿਸੇ ਨੂੰ ਮਾਇਆ ਵਿਆਪ ਰਹੀ ਹੈ, ਸਿਵਾਏ ਉਨ੍ਹਾਂ ਦੇ ਜੋ ਹਰੀ ਦੇ ਪ੍ਰੇਮ ਵਿੱਚ ਲੱਗੇ ਹੋਏ ਹਨ।

੧੪ ਨੇੜੇ।

੧੫ ਮਾਇਆ।

੧੬ ਨੈਣ ਸੁੱਤੇ ਪਏ ਹਨ ਸਚਾਈ ਵਲੋਂ, ਕਿਉਂਕਿ ਵਿਕਾਰਾਂ ਵੱਲ ਤੇ ਪਰਾਏ ਧਨ ਆਦਿ ਵੱਲ ਨਜ਼ਰ ਰੱਖਦੇ ਹਨ।

੧੭ ਕੰਨ।

੧੮ ਜੀਭ।

੧੯ ਮਸਤੀ ਵਿੱਚ।

੨੦ ਇਸ ਘਰ ਵਿੱਚ, ਭਾਵ ਇਸ ਸੰਸਾਰ ਵਿੱਚ, ਕੋਈ ਹੀ ਜਾਗਦਾ ਹੈ। ਕੇਵਲ ਉਨ੍ਹਾਂ ਦੀ ਚੀਜ਼ ਵਸਤ ਹੀ ਬਚੀ ਹੋਈ ਹੈ (ਬਾਕੀ ਦਿਆਂ ਨੂੰ ਤਾਂ ਸੁੱਤੇ ਦੇਖ ਕੇ ਚੋਰ ਲੁਟ ਲੈ ਗਏ ਹਨ)।

੨੧ ਸਾਰੇ ਇੰਦਰੇ ਆਪਣੇ-ਆਪਣੇ ਰਸ (ਵੇਖਣ, ਸੁਣਨ ਆਦਿ) ਵਿੱਚ ਗ਼ਲਤਾਨ ਹਨ।

੨੨ ਲੁਟਣ ਵਾਲੇ।

੨੩ ਲੁਟੇਰੇ (ਕਾਮ ਕ੍ਰੋਧ ਆਦਿ)।

੨੪ ਸੁੰਨੇ, ਚੁਪ-ਚਾਂ ਵਾਲੇ। ਇਸ ਘਰ ਦਾ ਰਖਵਾਲਾ ਜੁ ਕੋਈ ਨਾ ਹੋਇਆ। ਸਭ ਬੇਹੋਸ਼ ਹੋ ਕੇ ਸੁੱਤੇ ਪਏ ਹਨ।

੨੫ [ਧਰਤੀ ਹੈ ਜਿਸ ਦੇ ਹੱਥ ਵਿੱਚ] ਹੇ ਵਾਹਿਗੁਰੂ!

੨੬ ਜੋ ਹਰ ਤਰ੍ਹਾਂ ਦਾ ਖ਼ਜ਼ਾਨਾ ਹੈ।

੨੭ ਪ੍ਰੇਮ ਕਰਕੇ।

੨੮ ਸਾਰਾ।

੨੯ ਪਾਸ।

੩੦ ਆਸਰਾ।

੩੧ ਵਿਆਪਕ।

੩੨ ਹਰ ਇਕ ਜੀਵ ਵਿੱਚ।

* (ਵੱਢੀ ਦੇ ਤੌਰ 'ਤੇ) ਧਨ ਦੇਣ ਨਾਲ ਜਾਂ ਚਤੁਰਾਈਆਂ ਕਰਨ ਨਾਲ, ਓਹ ਚੋਰ ਨਹੀਂ ਹਟਦੇ। ਓਹ ਦੁਸ਼ਟ ਤਾਂ ਸਾਧ-ਸੰਗਤ ਕੋਲੋਂ ਹੀ ਕਾਬੂ ਹੋਂਦੇ ਹਨ।

ਹੋਤ ਸੂਕੇ ਹਰੇ ॥ ਜਿਸੁ ਸਿਮਰਤ ਡੂਬਤ ਪਾਹਨ[੧] ਤਰੇ ॥ ੩ ॥ ਸੰਤ ਸਭਾ ਕਉ ਸਦਾ ਜੈਕਾਰੁ ॥ ਹਰਿ ਹਰਿ ਨਾਮੁ [੨]ਜਨ ਪ੍ਰਾਨ ਅਧਾਰੁ ॥ ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ [੩]ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ ॥ ੪ ॥ ੨੧ ॥ ੯੦ ॥ ਗਉੜੀ ਗੁਆਰੇਰੀ ਮਹਲਾ ੫ ॥ ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ[੪] ਹਉਮੈ ਮਾਰੀ ॥ ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥ ੧ ॥ ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ ॥ [੫]ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥ ੧ ॥ ਰਹਾਉ ॥ ਸੰਤ ਪ੍ਰਸਾਦਿ ਜਪੈ ਹਰਿ ਨਾਉ ॥ ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥ ਸੰਤ ਪ੍ਰਸਾਦਿ ਸਗਲ[੬] ਦੂਖ ਮਿਟੇ ॥ ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥ ੨ ॥ ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ[੭] ਸਭਿ ਧਰਮ ॥ ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥ ੩ ॥ [੮]ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧਸੰਗਿ ਤਾ ਬੈਠਣੁ ਪਾਵਉ ॥ ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ ਸਾਧਸੰਗਿ ਨਾਨਕ ਨਾਮੁ ਲਇਆ ॥ ੪ ॥ ੨੨ ॥ ੯੧ ॥ ਗਉੜੀ ਗੁਆਰੇਰੀ ਮਹਲਾ ੫ ॥ ਸਾਧਸੰਗਿ ਜਪਿਓ ਭਗਵੰਤੁ ॥ ਕੇਵਲ[੯] ਨਾਮੁ ਦੀਓ ਗੁਰਿ ਮੰਤੁ ॥ ਤਜਿ ਅਭਿਮਾਨ ਭਏ ਨਿਰਵੈਰ ॥ ਆਠ ਪਹਰ ਪੂਜਹੁ ਗੁਰ ਪੈਰ ॥ ੧ ॥ ਅਬ ਮਤਿ ਬਿਨਸੀ ਦੁਸਟ ਬਿਗਾਨੀ ॥ ਜਬ ਤੇ ਸੁਣਿਆ ਹਰਿ ਜਸੁ ਕਾਨੀ[੧੦] ॥ ੧ ॥ ਰਹਾਉ ॥ *ਸਹਜ ਸੂਖ ਆਨੰਦ ਨਿਧਾਨ ॥ ਰਾਖਨਹਾਰ ਰਖਿ ਲੇਇ ਨਿਦਾਨ[੧੧] ॥ ਦੂਖ ਦਰਦ ਬਿਨਸੇ ਭੈ ਭਰਮ ॥ ਆਵਣ ਜਾਣ ਰਖੇ[੧੨] ਕਰਿ ਕਰਮ[੧੩] ॥ ੨ ॥ ਪੇਖੈ ਬੋਲੈ ਸੁਣੈ ਸਭੁ ਆਪਿ ॥ ਸਦਾ ਸੰਗਿ ਤਾ ਕਉ ਮਨ ਜਾਪਿ ॥ ਸੰਤ ਪ੍ਰਸਾਦਿ ਭਇਓ ਪਰਗਾਸੁ[੧੪] ॥ ਪੂਰਿ ਰਹੇ ਏਕੈ ਗੁਣਤਾਸੁ[੧੫] ॥ ੩ ॥ ਕਹਤ ਪਵਿਤ੍ਰ ਸੁਣਤ ਪੁਨੀਤ[੧੬] ॥ ਗੁਣ ਗੋਵਿੰਦ ਗਾਵਹਿ ਨਿਤ ਨੀਤ ॥ ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ ॥ ਤਿਸੁ ਜਨ ਕੀ ਸਭ [੧੭]ਪੂਰਨ ਘਾਲ ॥ ੪ ॥ ੨੩ ॥ ੯੨ ॥ ਗਉੜੀ ਗੁਆਰੇਰੀ ਮਹਲਾ ੫ ॥ ਬੰਧਨ ਤੋੜਿ ਬੋਲਾਵੈ[੧੮] ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥ ੧ ॥ ਸੋ ਸੁਖਦਾਤਾ ਜਿ ਨਾਮੁ ਜਪਾਵੈ ॥ ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥ ੧ ॥ ਰਹਾਉ ॥ ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ [੧੯]ਸਰਬ ਨਿਧਾਨ ਗੁਰੂ ਤੇ ਪਾਵੈ ॥ ਆਪੁ[੨੦] ਤਿਆਗਿ ਮਿਟੈ ਆਵਣ ਜਾਣਾ ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥ ੨ ॥ ਜਨ ਊਪਰਿ ਪ੍ਰਭ ਭਏ ਦਇਆਲ ॥

੧ ਪੱਥਰ।
੨ ਸੇਵਕ ਦੇ ਪ੍ਰਾਣਾਂ ਦਾ ਆਸਰਾ ਹੈ।
੩ ਗੁਰੂ ਦੀ ਕਿਰਪਾ ਦੁਆਰਾ।
੪ ਮਿਲਣ ਨਾਲ।
੫ ਠੰਢੇ ਤੇ ਸ਼ਾਂਤ ਹੋ ਗਏ, ਜਦ ਗੁਰੂ ਤੋਂ ਪ੍ਰਭੂ ਜਾਣ ਲਿਆ।
੬ ਸਾਰੇ।
੭ ਇਸ਼ਨਾਨ। ਗੁਰੂ ਦੀ ਚਰਨ-ਧੂੜ ਵਿੱਚ ਇਸ਼ਨਾਨ ਹੀ ਸਭ ਧਰਮ ਹਨ।
੮ ਕਿਰਪਾ ਦਾ ਖ਼ਜ਼ਾਨਾ।
੯ ਨਰੋਲ, ਪਵਿੱਤਰ। ਗੁਰੂ ਨੇ ਨਿਰਮਲ ਨਾਮ ਹੀ ਮੰਤਰ ਵਜੋਂ ਦਿੱਤਾ।
੧੦ ਕੰਨਾਂ ਨਾਲ। ਜਦ ਤੋਂ ਹਰੀ ਦੀ ਉਸਤਤ ਸਾਡੇ ਕੰਨੀਂ ਪਈ ਹੈ, ਤਦ ਤੋਂ ਬੁਰੀ ਤੇ ਬੇਸਮਝੀ ਵਾਲੀ (ਬਿਗਾਨੀ) ਮਤ ਦੂਰ ਹੋ ਗਈ ਹੈ।
੧੧ ਓੜਕ ਨੂੰ।
੧੨ ਰੋਕ ਲਏ; ਮੁਕਾ ਦਿੱਤੇ।
੧੩ ਬਖ਼ਸ਼ਿਸ਼।
੧੪ ਚਾਨਣਾ।
੧੫ ਗੁਣਾਂ ਦਾ ਭੰਡਾਰ (ਵਾਹਿਗੁਰੂ)।
੧੬ ਪਵਿੱਤਰ।
੧੭ ਮਿਹਨਤ ਸਫਲ।
੧੮ ਜਪਾਉਂਦਾ ਹੈ।
੧੯ ਹਰ ਤਰ੍ਹਾਂ ਦੇ ਖ਼ਜ਼ਾਨੇ।
੨੦ ਆਪਾ ਭਾਵ, ਹੰਕਾਰ।

* ਰੱਖਣ ਵਾਲੇ ਨੇ, ਜੋ ਅਡੋਲ ਸੁਖ ਤੇ ਅਨੰਦ ਦਾ ਖ਼ਜ਼ਾਨਾ ਹੈ, ਅੰਤ ਨੂੰ ਬਚਾ ਲਏ। "ਸਹਜ ਸੁਖ" ਲਈ ਦੇਖੋ ਪੰਨਾ ੧੦੪, ਨੋਟ ੬।

ਜਨ ਕੀ ਟੇਕ ਏਕ ਗੋਪਾਲ ॥ ਏਕਾ ਲਿਵ ਏਕੋ ਮਨਿ ਭਾਉ ॥ [੧]ਸਰਬ ਨਿਧਾਨ ਜਨ ਕੈ ਹਰਿ ਨਾਉ ॥ ੩ ॥ ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥ ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ [੨]ਅਪਰ ਅਪਾਰਾ ॥ ੪ ॥ ੨੪ ॥ ੯੩ ॥ ਗਉੜੀ ਗੁਆਰੇਰੀ ਮਹਲਾ ੫ ॥ ਜਿਸੁ ਮਨਿ ਵਸੈ ਤਰੈ ਜਨੁ ਸੋਇ ॥ [੩]ਜਾ ਕੈ ਕਰਮਿ ਪਰਾਪਤਿ ਹੋਇ ॥ ਦੂਖੁ ਰੋਗੁ ਕਛੁ ਭਉ ਨ ਬਿਆਪੈ ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥ ੧ ॥ ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥ ੧ ॥ ਰਹਾਉ ॥ ਕਰਣ ਕਰਾਵਨਹਾਰ ਦਇਆਲ ॥ ਜੀਅ ਜੰਤ [੪]ਸਗਲੇ ਪ੍ਰਤਿਪਾਲ ॥ ਅਗਮ[੫] ਅਗੋਚਰ[੬] ਸਦਾ ਬੇਅੰਤਾ ॥ ਸਿਮਰਿ ਮਨਾ [੭]ਪੂਰੇ ਗੁਰ ਮੰਤਾ ॥ ੨ ॥ ਜਾ ਕੀ ਸੇਵਾ ਸਰਬ ਨਿਧਾਨੁ ॥ ਪ੍ਰਭ ਕੀ ਪੂਜਾ ਪਾਈਐ ਮਾਨੁ ॥ ਜਾ ਕੀ ਟਹਲ ਨ ਬਿਰਥੀ ਜਾਇ ॥ ਸਦਾ ਸਦਾ ਹਰਿ ਕੇ ਗੁਣ ਗਾਇ ॥ ੩ ॥ ਕਰਿ ਕਿਰਪਾ ਪ੍ਰਭ ਅੰਤਰਜਾਮੀ[੮] ॥ [੯]ਸੁਖ ਨਿਧਾਨ ਹਰਿ ਅਲਖ[੧੦] ਸੁਆਮੀ ॥ ਜੀਅ ਜੰਤ ਤੇਰੀ ਸਰਣਾਈ ॥ ਨਾਨਕ ਨਾਮੁ ਮਿਲੈ ਵਡਿਆਈ ॥ ੪ ॥ ੨੫ ॥ ੯੪ ॥ ਗਉੜੀ ਗੁਆਰੇਰੀ ਮਹਲਾ ੫ ॥ [੧੧]ਜੀਅ ਜੁਗਤਿ ਜਾ ਕੈ ਹੈ ਹਾਥ ॥ ਸੋ ਸਿਮਰਹੁ ਅਨਾਥ ਕੋ ਨਾਥੁ ॥ ਪ੍ਰਭ ਚਿਤਿ ਆਏ ਸਭੁ ਦੁਖੁ ਜਾਇ ॥ ਭੈ ਸਭ ਬਿਨਸਹਿ[੧੨] ਹਰਿ ਕੈ ਨਾਇ ॥ ੧ ॥ ਬਿਨੁ ਹਰਿ ਭਉ ਕਾਹੇ ਕਾ ਮਾਨਹਿ ॥ ਹਰਿ ਬਿਸਰਤ ਕਾਹੇ ਸੁਖੁ ਜਾਨਹਿ ॥ ੧ ॥ ਰਹਾਉ ॥ ਜਿਨਿ ਧਾਰੇ[੧੩] ਬਹੁ ਧਰਣਿ[੧੪] ਅਗਾਸ ॥ ਜਾ ਕੀ ਜੋਤਿ [੧੫]ਜੀਅ ਪਰਗਾਸ ॥ ਜਾ ਕੀ ਬਖਸ ਨ ਮੇਟੈ ਕੋਇ ॥ ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥ ੨ ॥ ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ[੧੬] ਇਸਨਾਨੁ ॥ ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ [੧੭]ਖਿਨ ਮਹਿ ਮਿਟਿ ਜਾਹਿ ॥ ੩ ॥ ਬੇਮੁਹਤਾਜੁ ਪੂਰਾ ਪਾਤਿਸਾਹੁ ॥ ਪ੍ਰਭ ਸੇਵਕ ਸਾਚਾ ਵੇਸਾਹੁ[੧੮] ॥ ਗੁਰਿ ਪੂਰੈ ਰਾਖੇ ਦੇ ਹਾਥ ॥ ਨਾਨਕ ਪਾਰਬ੍ਰਹਮ ਸਮਰਾਥ[੧੯] ॥ ੪ ॥ ੨੬ ॥ ੯੫ ॥ ਗਉੜੀ ਗੁਆਰੇਰੀ ਮਹਲਾ ੫ ॥ [੨੦]ਗੁਰ ਪਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥ [੨੧]ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ[੨੨] ॥ ੧ ॥ ਪ੍ਰਭ ਸਿਮਰਤ ਕੁਸਲ[੨੩] ਸਭਿ ਪਾਏ ॥ [੨੪]ਘਰਿ ਬਾਹਰਿ ਸੁਖ ਸਹਜ ਸਬਾਏ ॥ ੧ ॥ ਰਹਾਉ ॥ ਸੋਈ ਪਛਾਤਾ [੨੫]ਜਿਨਹਿ ਉਪਾਇਆ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥ ਬਾਹ ਪਕਰਿ ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ ਸਦਾ ਜਪੁ ਜਪਨਾ ॥ ੨ ॥ ਮੰਤ੍ਰੁ ਤੰਤ੍ਰੁ[੨੬] ਅਉਖਧੁ[੨੭] ਪੁਨਹਚਾਰੁ[*] ॥

੧ ਹਰ ਤਰ੍ਹਾਂ ਦੇ ਖ਼ਜ਼ਾਨੇ।
੨ ਪਾਰ ਰਹਿਤ, ਬੇਅੰਤ।
੩ ਜਿਸ ਦੇ ਭਾਗਾਂ ਵਿੱਚ ਹੈ, ਉਸ ਨੂੰ ਮਿਲਦਾ ਹੈ।
੪ ਸਾਰਿਆਂ ਨੂੰ ਪਾਲਦਾ ਹੈ।
੫ ਜਿਸ ਤੋੜੀ ਕੋਈ ਪਹੁੰਚ ਨਾ ਸਕੇ।
੬ ਜੋ ਇੰਦਰਿਆਂ ਦਾ ਵਿਸ਼ਾ ਨਹੀਂ।
੭ ਪੂਰੇ ਗੁਰੂ ਦੇ ਮੰਤਰ (ਸਿੱਖਿਆ) ਦੁਆਰਾ।
੮ ਹੇ ਅੰਦਰ ਦੀਆਂ ਜਾਨਣ ਵਾਲੇ!
੯ ਸੁਖਾਂ ਦਾ ਖ਼ਜ਼ਾਨਾ।
੧੦ ਜੋ ਸਮਝ ਵਿੱਚ ਨਾ ਆ ਸਕੇ।
੧੧ ਜੀਵਾਂ ਦਾ ਪ੍ਰਬੰਧ।
੧੨ ਦੂਰ ਹੁੰਦੇ ਹਨ।
੧੩ ਟਿਕਾਏ ਹਨ।
੧੪ ਧਰਤੀਆਂ।
੧੫ ਹਿਰਦੇ ਨੂੰ ਪ੍ਰਕਾਸ਼ਦੀ ਹੈ, ਚਾਨਣਾ ਕਰਦੀ ਹੈ।
੧੬ ਪੁਰਬੀ ਉੱਤੇ ਕਿਸੇ ਤੀਰਥ 'ਤੇ ਟੁੱਭੀ ਲਾਉਣਾ।
੧੭ ਥੋੜ੍ਹੇ ਜਿਹੇ ਸਮੇਂ ਵਿੱਚ, ਝਟ ਪਟ।
੧੮ ਭਰੋਸਾ। ਪ੍ਰਭੂ ਦੇ ਸੇਵਕਾਂ ਨੂੰ ਉਹਦਾ ਸੱਚਾ ਭਰੋਸਾ ਹੈ।
੧੯ ਸਭ ਕੁਝ ਕਰਨ ਦੀ ਤਾਕਤ ਰੱਖਣ ਵਾਲਾ।
੨੦ ਗੁਰੂ ਦੀ ਕਿਰਪਾ ਨਾਲ।
੨੧ (ਗੁਰੂ ਦੀ) ਬਾਣੀ ਪ੍ਰਭੂ ਦੇ ਅੰਮ੍ਰਿਤ-ਗੁਣ ਉਚਰਦੀ ਹੈ। ਇਸ ਬਾਣੀ ਦੁਆਰਾ ਪੂਰੇ ਗੁਰੂ ਦੀ ਸ਼ੁੱਭ ਸਿੱਖਿਆ ਦ੍ਰਿੜ੍ਹ ਹੋਈ ਹੈ।
੨੨ ਪਛਾਤੀ ਹੈ, ਸਮਝੀ ਹੈ।
੨੩ ਸੁਖ।
੨੪ ਘਰ, ਬਾਹਰ, ਸਭ ਥਾਈਂ ਅਡੋਲਤਾ ਵਾਲੇ ਸੁਖ ਹੀ ਸੁਖ ਹਨ। 'ਸੁਖ ਸਹਜ' ਲਈ ਦੇਖੋ ਪੰਨਾ ੧੦੪, ਨੋਟ ੬।
੨੫ ਜਿਸ ਨੇ ਪੈਦਾ ਕੀਤਾ ਹੈ।
੨੬ ਜਾਦੂ, ਟੂਣਾ।
੨੭ ਦਵਾਈ।

* [ਪੁਨ:+ਆਚਰਣ, ਫੇਰ ਕੀਤਾ ਕਮਾ] ਪਾਪਾਂ ਦੀ ਨਿਵਿਰਤੀ ਲਈ ਜੋ ਕੰਮ ਪਿੱਛੋਂ ਕੀਤੇ ਜਾਣ; ਪ੍ਰਾਸਚਿਤ ਕਰਮ ਜਪ, ਹੋਮ ਆਦਿ। ਹਰੀ-ਨਾਮ ਨੂੰ ਹੀ, ਜੋ ਜੀਵਨ ਦਾ ਆਸਰਾ ਹੈ, ਮੰਤਰ, ਟੂਣਾ, ਦਵਾਈ, ਪ੍ਰਾਸਚਿਤ ਆਦਿ ਕਰਮ ਬਣਾਇਆ ਹੈ।

ਹਰਿ ਹਰਿ ਨਾਮੁ ਜੀਅ [1]ਪ੍ਰਾਨ ਅਧਾਰੁ ॥ ਸਾਚਾ ਧਨੁ ਪਾਇਓ [2]ਹਰਿ ਰੰਗਿ ॥ ਦੂਤਰੁ[3] ਤਰੇ ਸਾਧ ਕੈ ਸੰਗਿ ॥ ੩ ॥ ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ ਜਿਸਹਿ ਪਰਾਪਤਿ[4] ਤਿਸੁ ਗੁਰੁ ਦੇਇ ॥ ਨਾਨਕ ਬਿਰਥਾ[5] ਕੋਇ ਨ ਹੋਇ[6] ॥ ੪ ॥ ੨੭ ॥ ੯੬ ॥ ਗਉੜੀ ਗੁਆਰੇਰੀ ਮਹਲਾ ੫ ॥ ਹਸਤ[7] ਪੁਨੀਤ[8] ਹੋਹਿ ਤਤਕਾਲ[9] ॥ [10]ਬਿਨਸਿ ਜਾਹਿ ਮਾਇਆ ਜੰਜਾਲ ॥ ਰਸਨਾ ਰਮਹੁ[11] ਰਾਮ ਗੁਣ ਨੀਤ ॥ ਸੁਖੁ ਪਾਵਹੁ ਮੇਰੇ ਭਾਈ ਮੀਤ ॥ ੧ ॥ [12]ਲਿਖੁ ਲੇਖਣਿ[13] ਕਾਗਦਿ ਮਸਵਾਣੀ[14] ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥ ੧ ॥ ਰਹਾਉ ॥ [15]ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥ ਧਰਮ ਰਾਇ ਕੇ ਦੂਤ ਨ ਜੋਹੈ[16] ॥ [17]ਮਾਇਆ ਮਗਨ ਨ ਕਛੂਐ ਮੋਹੈ ॥ ੨ ॥ [18]ਉਧਰਹਿ ਆਪਿ ਤਰੈ ਸੰਸਾਰੁ ॥ ਰਾਮ ਨਾਮ ਜਪਿ ਏਕੰਕਾਰੁ* ॥ ਆਪਿ ਕਮਾਉ ਅਵਰਾ ਉਪਦੇਸ ॥ ਰਾਮ ਨਾਮ ਹਿਰਦੈ ਪਰਵੇਸ ॥ ੩ ॥ [19]ਜਾ ਕੈ ਮਾਥੈ ਏਹੁ ਨਿਧਾਨੁ ॥ ਸੋਈ ਪੁਰਖੁ ਜਪੈ ਭਗਵਾਨੁ ॥ ਆਠ ਪਹਰ ਹਰਿ ਹਰਿ ਗੁਣ ਗਾਉ ॥ ਕਹੁ ਨਾਨਕ ਹਉ ਤਿਸੁ ਬਲਿ ਜਾਉ ॥ ੪ ॥ ੨੮ ॥ ੯੭ ॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥ ੧ ॥ ਕਹਹੁ ਗੁਸਾਈ ਮਿਲੀਐ ਕੇਹ[20] ॥ ਜੋ ਬਿਬਰਜਤ[21] ਤਿਸ ਸਿਉ ਨੇਹ ॥ ੧ ॥ ਰਹਾਉ ॥ ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ[22] ॥ ੨ ॥ †ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ [23]ਅਪੂਠਾ ਬੁਨਨਾ ॥ ੩ ॥ [24]ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥ ੪ ॥ ੨੯ ॥ ੯੮ ॥ ਗਉੜੀ ਗੁਆਰੇਰੀ ਮਹਲਾ ੫‡ ॥ ਕਲਿਜੁਗ ਮਹਿ ਮਿਲਿ ਆਏ ਸੰਜੋਗ ॥ ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥ ੧ ॥ ਜਲੈ[25] ਨ ਪਾਈਐ ਰਾਮ ਸਨੇਹੀ[26] ॥ [27]ਕਿਰਤਿ ਸੰਜੋਗਿ ਸਤੀ ਉਠਿ ਹੋਈ ॥ ੧ ॥ ਰਹਾਉ ॥ ਦੇਖਾ ਦੇਖੀ ਮਨਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥ ੨ ॥ [28]ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ[29] ॥ ੩ ॥ ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥ ੪ ॥ ੩੦ ॥ ੯੯ ॥ ਗਉੜੀ ਗੁਆਰੇਰੀ ਮਹਲਾ ੫ ॥ ਹਮ ਧਨਵੰਤ [30]ਭਾਗਠ ਸਚ ਨਾਇ ॥ ਹਰਿ ਗੁਣ ਗਾਵਹ

੧ ਜੀਵਨ ਦਾ ਆਸਰਾ।
੨ ਹਰੀ ਦੇ ਪ੍ਰੇਮ ਦੁਆਰਾ।
੩ ਔਖਾ ਤਰਿਆ ਜਾਣ ਵਾਲਾ, ਭਾਵ ਸੰਸਾਰ ਸਾਗਰ।
੪ ਭਾਗਾਂ ਵਿੱਚ ਮਿਲਣਾ ਲਿਖਿਆ ਹੈ।
੫ ਖ਼ਾਲੀ।
੬ ਹੈ।
੭ ਹੱਥ। ਇਥੇ ਭਾਵ ਹੈ ਹੱਥਾਂ ਦੇ ਕੰਮ ਪਵਿੱਤਰ ਹੋ ਜਾਣਗੇ। ਜਦ ਹਰੀ-ਗੁਣ ਲਗਾਤਾਰ ਗਾਵੀਏ, ਤਾਂ ਮਾਇਆ ਦੇ ਧੋਖੇ ਵਿੱਚੋਂ ਨਿਕਲ ਆਈਦਾ ਹੈ, ਫਿਰ ਤਾਂ ਜੋ ਕੁਝ ਕਰੀਏ, ਪਵਿੱਤਰ ਹੀ ਹੁੰਦਾ ਹੈ।
੮ ਪਵਿੱਤਰ।
੯ ਤੁਰਤ, ਛੇਤੀ।
੧੦ ਮਾਇਆ ਦੇ ਬੰਧਨ ਦੂਰ ਹੋ ਜਾਣਗੇ। ਹੇ ਜੀਭ! ਰਾਮ ਦੇ ਗੁਣ ਨਿੱਤ ਗਾਵੋ।
੧੧ ਸਿਮਰੋ, ਗਾਵੋ।
੧੨ ਰਾਮ-ਨਾਮ ਤੇ ਹਰੀ ਦੀ ਅੰਮ੍ਰਿਤ-ਬਾਣੀ ਲਿਖੋ ਕਲਮ, ਕਾਗ਼ਜ਼ ਅਤੇ ਦਵਾਤ ਲੈ ਕੇ।
੧੩ ਕਲਮ।
੧੪ ਦਵਾਤ।
੧੫ ਇਸ ਕੰਮ ਨਾਲ ਤੇਰੀਆਂ ਮੰਦੀਆਂ ਵਾਸ਼ਨਾਂ ਦੂਰ ਹੋ ਜਾਣਗੀਆਂ।
੧੬ ਤਕਦੇ (ਮਾਰਨ ਦੇ ਖ਼ਿਆਲ ਨਾਲ)।
੧੭ ਮਾਇਆ ਦੀ ਮਗਨਤਾ (ਮਸਤੀ) ਕੁਝ ਵੀ ਨਹੀਂ ਮੋਹ ਸਕੇਗੀ।
੧੮ ਪਾਰ ਹੋ ਜਾਵੇਂ ਆਪ, ਤੇ ਤੇਰੇ ਰਾਹੀਂ ਸਾਰੇ ਲੋਕ ਤਰ ਜਾਣ!
੧੯ ਪਰ ਵਾਹਿਗੁਰੂ ਨੂੰ ਜਪਦਾ ਓਹੀ ਪੁਰਖ ਹੈ, ਜਿਸ ਦੇ ਭਾਗਾਂ ਵਿੱਚ ਇਹ ਅਮੋਲਕ ਵਸਤੂ ਲਿਖੀ ਹੈ।
੨੦ ਕਿਵੇਂ।
੨੧ ਵਰਜਿਆ ਹੋਇਆ, ਛੱਡਣ ਯੋਗ। ਦੱਸੋ, ਅਸੀਂ ਮਾਲਕ ਨੂੰ ਕਿਵੇਂ ਮਿਲੀਏ, ਜਦ ਕਿ ਜੋ ਛੱਡਣ ਯੋਗ ਹੈ, ਉਸ ਨਾਲ ਸਾਡਾ ਮੋਹ ਹੈ?
੨੨ ਰਤੀ ਵੀ। ਜਿਸ ਗੱਲ ਨੇ ਸੱਚ ਹੋਵਣਾ ਹੈ, ਉਹ ਅਸਾਡੇ ਦਿਲ ਨੂੰ ਜ਼ਰਾ ਵੀ ਨਹੀਂ ਭਾਉਂਦੀ।
੨੩ ਪੁੱਠਾ ਬੁਣਨਾ, ਉਲਟੇ ਰਾਹ ਚਲਣਾ।
੨੪ ਲੋਕ-ਪਰਲੋਕ ਦਾ।
੨੫ (ਅੱਗ ਵਿੱਚ) ਸੜਨ ਨਾਲ, (ਜਿਵੇਂ ਸਤੀ ਹੋਣ ਲਈ ਇਸਤਰੀਆਂ ਸੜਦੀਆਂ ਹਨ)।
੨੬ ਪਿਆਰ ਕਰਨ ਵਾਲਾ।
੨੭ ਕੀਤੇ ਕਰਮਾਂ ਤੇ ਸੰਜੋਗਾਂ ਅਨੁਸਾਰ ਸੜ ਕੇ ਸਤੀ ਹੋ ਜਾਂਦੀ ਹੈ।
੨੮ ਨਰਮ ਸੁਭਾਅ ਅਤੇ ਮਰਯਾਦਾ ਵਾਲੀ ਰਹਿਣੀ ਦੁਆਰਾ ਆਪਣੇ ਪਤੀ ਦਾ ਹੁਕਮ ਮੰਨੋ।
੨੯ ਜਮਾਂ ਦਾ।
੩੦ ਭਾਗਾਂ ਵਾਲੇ ਹਾਂ ਸੱਚੇ ਨਾਮ ਕਰਕੇ।

* ['ਏਕ ਓਅੰਕਾਰ' ਦਾ ਰੂਪਾਂਤਰ] ਇਕ ਸਰਗੁਣ ਰੂਪ ਵਾਹਿਗੁਰੂ ਕਰਕੇ। ਤੂੰ ਰਾਮ-ਨਾਮ ਨੂੰ ਜਪ ਇਕ-ਓਅੰਕਾਰ ਦੇ ਰੂਪ ਵਿੱਚ, ਭਾਵ ਮਨ-ਮਤੀ ਜਾਂ ਅਨ-ਮਤੀ ਤਰੀਕੇ ਨਾਲ ਕਿਸੇ ਸਾਕਾਰ ਹਸਤੀ, ਤ੍ਰਿੱਗੁਣੀ ਜੀਵ ਜਾਂ ਤ੍ਰਿ-ਮੂਰਤੀ ਆਦਿ ਦਾ ਨਾਂ ਨਹੀਂ ਜਪਣਾ, ਬਲਕਿ ਗੁਰਮਤ ਅਨੁਸਾਰ ਦ੍ਰਿੜ ਕਰਾਇਆ ਨਾਮ ਜਪਣਾ ਹੈ।

† ਟੇਢੇ ਰਸਤੇ [ਖੱਬੇ ਪਾਸੇ ਨੂੰ ਮਾੜਾ ਕਿਹਾ ਹੈ। ਵੈਸ਼ਨੂ ਮਤ ਵਾਲੇ ਮਾਸ, ਸ਼ਰਾਬ ਆਦਿ ਵਰਤਣ ਵਾਲੇ ਵਾਮ-ਮਾਰਗੀਆਂ ਦੇ ਮੱਤ ਨੂੰ ਟੇਢਾ ਮਾਰਗ ਕਹਿੰਦੇ ਹਨ। ਸ਼ਾਸਤਰਾਂ ਅਨੁਸਾਰ ਸ਼ਿਵ ਜੀ ਇਕ ਐਸੀ ਮੂਰਤੀ ਹੈ, ਜਿਸ ਦਾ ਸੱਜਾ ਪਾਸਾ ਨਰ ਹੈ ਤੇ ਵਾਮ (ਖੱਬਾ) ਨਾਰੀ ਦਾ ਹੈ। ਖੱਬੇ ਪਾਸੇ ਦਾ ਉਪਾਸ਼ਕ ਵਾਮ-ਮਾਰਗੀ ਤੇ ਸੱਜੇ ਦੇ ਦੱਖਣੀ ਕਹਾਉਂਦੇ ਹਨ]।

‡ ਸਤੀਆਂ ਬਾਬਤ ਗੁਰੂ ਜੀ ਦੀ ਰਾਇ ਲਈ ਹੋਰ ਦੇਖੋ ਵਾਰ ਸੂਹੀ ਮ: ੩ ਦੀ ਛੇਵੀਂ ਪਉੜੀ ਦੇ ਸਲੋਕ।

[੧]ਸਹਜਿ ਸੁਭਾਇ ॥ ੧ ॥ ਰਹਾਉ ॥ [੨]ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ[੩] ॥ ੧ ॥ ਰਤਨ ਲਾਲ ਜਾ ਕਾ ਕਛੂ ਨ
ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥ ੨ ॥ ਖਾਵਹਿ ਖਰਚਹਿ ਰਲਿ ਮਿਲਿ
ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥ ੩ ॥ ਕਹੁ ਨਾਨਕ ਜਿਸੁ ਮਸਤਕਿ[੪]
ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥ ੪ ॥ ੩੧ ॥ ੧੦੦ ॥
ਗਉੜੀ ਮਹਲਾ ੫ ॥ ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ
ਦੇਖਿਆ ਭਰਪੂਰਿ ॥ ੧ ॥ ਸਤਿਗੁਰ ਅਪਨੇ ਕਉ ਬਲਿਹਾਰੈ ॥ ਛੋਡਿ ਨ
ਜਾਈ ਸਰਪਰ[੫] ਤਾਰੈ ॥ ੧ ॥ ਰਹਾਉ ॥ ਦੂਖੁ ਰੋਗੁ ਸੋਗੁ ਬਿਸਰੈ ਜਬ
ਨਾਮੁ ॥ ਸਦਾ ਅਨੰਦੁ ਜਾ ਹਰਿ ਗੁਣ ਗਾਮੁ[੬] ॥ ੨ ॥ ਬੁਰਾ ਭਲਾ ਕੋਈ
ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ[੭] ॥ ੩ ॥ ਕਹੁ ਨਾਨਕ
ਗੁਰ ਮੰਤ੍ਰੁ ਚਿਤਾਰਿ[੮] ॥ ਸੁਖੁ ਪਾਵਹਿ ਸਾਚੈ ਦਰਬਾਰਿ ॥ ੪ ॥ ੩੨ ॥ ੧੦੧ ॥
ਗਉੜੀ ਮਹਲਾ ੫ ॥ ਜਾ ਕਾ ਮੀਤੁ ਸਾਜਨੁ ਹੈ ਸਮੀਆ[੯] ॥ ਤਿਸੁ
ਜਨ ਕਉ ਕਹੁ ਕਾ ਕੀ ਕਮੀਆ[੧੦] ॥ ੧ ॥ ਜਾ ਕੀ ਪ੍ਰੀਤਿ ਗੋਬਿੰਦ ਸਿਉ
ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥ ੧ ॥ ਰਹਾਉ ॥ ਜਾ ਕਉ
ਰਸੁ ਹਰਿ ਰਸੁ ਹੈ ਆਇਓ ॥ ਸੋ [੧੧]ਅਨ ਰਸ ਨਾਹੀ ਲਪਟਾਇਓ ॥ ੨ ॥
ਜਾ ਕਾ ਕਹਿਆ ਦਰਗਹ ਚਲੈ ॥ ਸੋ [੧੨]ਕਿਸ ਕਉ ਨਦਰਿ ਲੈ ਆਵੈ ਤਲੈ ॥
੩ ॥ [੧੩]ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ
ਹੋਇ ॥ ੪ ॥ ੩੩ ॥ ੧੦੨ ॥ ਗਉੜੀ ਮਹਲਾ ੫ ॥ ਜਾ ਕੈ ਦੁਖੁ ਸੁਖੁ ਸਮ[੧੪]
ਕਰਿ ਜਾਪੈ ॥ [੧੫]ਤਾ ਕਉ ਕਾੜਾ ਕਹਾ ਬਿਆਪੈ ॥ ੧ ॥ **ਸਹਜ ਅਨੰਦ
ਹਰਿ ਸਾਧੂ ਮਾਹਿ ॥ ਆਗਿਆਕਾਰੀ ਹਰਿ ਹਰਿ ਰਾਇ[੧੬] ॥ ੧ ॥ ਰਹਾਉ ॥
[੧੭]ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥ ੨ ॥
†ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥
੩ ॥ ਜਾ ਕੈ ਹਿਰਦੈ ਦੀਓ ਗੁਰਿ[੧੮] ਨਾਮਾ ॥ ਕਹੁ ਨਾਨਕ ਤਾ ਕੈ [੧੯]ਸਗਲ
ਨਿਧਾਨਾ ॥ ੪ ॥ ੩੪ ॥ ੧੦੩ ॥ ਗਉੜੀ ਮਹਲਾ ੫ ॥ ਅਗਮ[੨੦] ਰੂਪ ਕਾ
ਮਨ ਮਹਿ ਥਾਨਾ ॥ [੨੧]ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥ ੧ ॥ [੨੨]ਸਹਜ
ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ[੨੩] ॥ ੧ ॥ ਰਹਾਉ ॥
[੨੪]ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥ ੨ ॥ ਤਹ
ਸਹਜ ਅਖਾਰੇ[੨੫] ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥ ਹਰਖ
ਅਨੰਤ ਸੋਗ ਨਹੀ ਬੀਆ[੨੬] ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪ ॥ ੩੫ ॥
੧੦੪ ॥ ਗਉੜੀ ਮਃ ੫‡ ॥ ਕਵਨ ਰੂਪੁ ਤੇਰਾ ਆਰਾਧਉ[੨੭] ॥ ਕਵਨ ਜੋਗ[੨੮]

੧ ਸੁਭਾਵਕ ਹੀ (ਚੱਟੀ ਬੱਧਾ ਨਹੀਂ)।
੨ ਆਪਣਿਆਂ ਵੱਡਿਆਂ ਵਡੇਰਿਆਂ ਦੀ (ਭਾਵ ਪਿਛਲੇ ਗੁਰੂ ਸਾਹਿਬਾਨ ਦੀ) ਬਾਣੀ ਦਾ ਭੰਡਾਰ ਖੋਲ੍ਹ ਕੇ ਡਿੱਠਾ।
੩ ਆਤਮਕ, ਅਨੰਦ ਰੂਪ ਖਜ਼ਾਨਾ।
੪ ਮੱਥੇ 'ਤੇ, ਭਾਗਾਂ ਵਿੱਚ।
੫ ਜ਼ਰੂਰ।
੬ ਗਾਵਣਾ।
੭ ਪਕੜੀਏ।
੮ ਚੇਤੇ ਕਰ।
੯ ਜੋ ਸਮਾਨ ਵਿਆਪਕ ਹੈ; ਵਾਹਿਗੁਰੂ।
੧੦ ਕਮੀ, ਘਾਟਾ।
੧੧ ਹੋਰਨਾਂ ਰਸਾਂ ਵਿੱਚ ਲੰਪਟ ਨਹੀਂ ਹੁੰਦੇ।
੧੨ ਕਿਸ ਨੂੰ ਨਜ਼ਰ ਹੇਠ ਲਿਆਉਂਦਾ ਹੈ? ਕਿਸ ਦੀ ਪਰਵਾਹ ਕਰਦਾ ਹੈ?
੧੩ ਜਿਸ ਹਰੀ ਦਾ ਸਭ ਕੁਝ ਹੈ, ਜੇ ਉਸ ਦਾ ਹੋ ਜਾਵੇ।
੧੪ ਇਕੋ ਜੇਹਾ।
੧੫ ਉਸ ਨੂੰ ਝੋਰਾ ਕਾਹਨੂੰ ਲੱਗਦਾ ਹੈ?
੧੬ ਰਾਜਾ। ਹਰੀ ਰਾਜੇ ਦੇ ਓਹ ਸਾਧੂ ਹੁਕਮ ਵਿੱਚ ਚਲਦੇ ਹਨ।
੧੭ ਜਿਸ ਦੇ ਮਨ ਵਿੱਚ ਚਿੰਤਾ-ਰਹਿਤ ਵਾਹਿਗੁਰੂ ਆ ਕੇ ਵੱਸੇ, ਉਸ ਨੂੰ ਕਦੀ ਚਿੰਤਾ ਨਹੀਂ ਲੱਗਦੀ।
੧੮ ਗੁਰੂ ਨੇ।
੧੯ ਸਾਰੇ ਖ਼ਜ਼ਾਨੇ।
੨੦ ਪਹੁੰਚ ਤੋਂ ਪਰ੍ਹੇ।
੨੧ ਗੁਰੂ ਦੀ ਕਿਰਪਾ ਨਾਲ।
੨੨ ਬ੍ਰਹਮ ਗਿਆਨ ਦੇ ਅੰਮ੍ਰਿਤ ਦੇ ਕੁੰਡ।
੨੩ ਛਕੇ ਹਨ।
੨੪ ਹਿਰਦਾ ਰੂਪ ਥਾਂ ਅਸਚਰਜ ਹੈ, ਜਿਥੇ ਆਤਮਕ ਅਨੰਦ ਰੂਪ ਅਨਹਤ ਬਾਣੀ ਹੈ। ਅਨਹਤ ਬਾਣੀ ਲਈ ਦੇਖੋ ਪੰਨਾ ੯੧, ਨੋਟ ੨੪।
੨੫ ਇਕੱਠੇ ਹੋਣ ਦੇ ਥਾਂ ਜਾਂ ਮੰਡਲ। ਉਥੇ ਸਹਿਜ ਅਵਸਥਾ ਵਾਲਿਆਂ ਦੇ ਕਈ ਸਮਾਗਮ ਅਸਥਾਨ ਹਨ, ਜਿਨ੍ਹਾਂ ਵਿੱਚ ਵਾਹਿਗੁਰੂ ਦੇ ਸਾਥੀ ਸੰਤ ਲੋਕ ਵਸਦੇ ਹਨ। ਉਥੇ ਬਿਅੰਤ ਖੁਸ਼ੀਆਂ ਹਨ, ਸੋਗ ਕੋਈ ਨਹੀਂ। ਉਹ ਥਾਂ ਗੁਰੂ ਨੇ ਨਾਨਕ ਨੂੰ ਦਿੱਤਾ ਹੈ।
੨੬ ਹੋਰ, ਦੂਸਰਾ, ਕੋਈ।
੨੭ ਧਿਆਨ ਵਿੱਚ ਲਿਆਵਾਂ। ਤੇਰਾ ਸਰਗੁਣ ਰੂਪ, ਕਿ ਨਿਰਗੁਣ ਰੂਪ, ਜਾਂ ਕੋਈ ਹੋਰ ਰੂਪ ਸਾਮ੍ਹਣੇ ਰੱਖ ਕੇ ਧਿਆਨ ਲਾਵਾਂ।
੨੮ ਯੋਗ ਸਾਧਨ ਦਾ ਤਰੀਕਾ। ਹਠ ਯੋਗ, ਨਿਵਲੀ ਕਰਮ ਆਦਿ ਵਿੱਚੋਂ ਕਿਹੜਾ ਤਰੀਕਾ ਵਰਤਾਂ ਜੋ ਤੈਨੂੰ ਪਸੰਦ ਹੋਵੇ?

* ਦੇਖੋ ਪੰਨਾ ੧੦੪, ਨੋਟ ੬।

† ਵਹਿਮ ਹੀ ਡਰ ਦੀ ਮਾਂ ਹੈ, ਜੇ ਵਹਿਮ ਦਿਲੋਂ ਦੂਰ ਹੋ ਜਾਵੇ, ਤਾਂ ਮੌਤ ਦਾ ਡਰ ਨਹੀਂ ਰਹਿੰਦਾ।

‡ ਇਸ ਚੌਪਦੇ ਵਿੱਚ ਕੁਝ ਸਵਾਲ ਪੁੱਛੇ ਹਨ, ਜਿਨ੍ਹਾਂ ਦਾ ਸਮੁੱਚਾ ਭਾਵ ਪਹਿਲੇ ਰਹਾਉ ਵਿੱਚ ਦਿੱਤਾ ਹੈ। ਫਿਰ ਤੀਜੇ ਪਦੇ ਵਿੱਚ ਜਵਾਬ ਦਿੱਤਾ ਹੈ, ਜਿਸ ਦਾ ਭਾਵ ਦੂਜੇ ਰਹਾਉ ਵਿੱਚ ਆਉਂਦਾ ਹੈ। ਸਵਾਲ ਹੈ ਕਿ ਰੱਬ ਦੇ ਖੁਸ਼ ਕਰਨ ਲਈ ਕਿਹੜਾ ਗੁਣ (ਰੂਪ ਅਰਾਧਣਾ, ਜੋਗ, ਪੂਜਾ, ਤਪ, ਆਦਿ ਘਾਲਣਾ) ਅਤੇ ਕਿਹੜਾ ਬੋਲ (ਨਾਮ ਦਾ ਉਚਾਰਨ, ਆਦਿ) ਚੰਗਾ ਹੈ। ਉੱਤਰ ਵਿੱਚ ਕੇਵਲ ਇਕੋ ਗੱਲ ਦੱਸੀ ਹੈ ਕਿ ਮਨੁੱਖ ਰੱਬ ਦੀ ਮਿਹਰ ਮੰਗੇ, ਜਿਸ ਦੁਆਰਾ ਗੁਰੂ ਮਿਲਦਾ ਹੈ ਅਤੇ ਗੁਰੂ ਦੇ ਮਿਲਣ ਵਿੱਚ ਇਹ ਸਭ ਕੁਝ ਆ ਜਾਂਦਾ ਹੈ।

[੧]ਕਾਇਆ ਲੇ ਸਾਧਉ ॥ ੧ ॥ [੨]ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ[੩] ॥ ੧ ॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥ [੪]ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥ ੨ ॥ ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥ ੩ ॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥ ੪ ॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ [੫]ਜਿਸ ਕੀ ਮਾਨਿ ਲੇਇ ਸੁਖਦਾਤਾ ॥ ੧ ॥ ਰਹਾਉ ਦੂਜਾ ॥ ੩੬ ॥ ੧੦੫ ॥ ਗਉੜੀ ਮਹਲਾ ੫ ॥ [੬]ਆਪਨ ਤਨੁ ਨਹੀ ਜਾ ਕੋ ਗਰਬਾ ॥ ਰਾਜ ਮਿਲਖ ਨਹੀ ਆਪਨ ਦਰਬਾ[੭] ॥ ੧ ॥ [੮]ਆਪਨ ਨਹੀ ਕਾ ਕਉ ਲਪਟਾਇਓ ॥ [੯]ਆਪਨ ਨਾਮੁ ਸਤਿਗੁਰ ਤੇ ਪਾਇਓ ॥ ੧ ॥ ਰਹਾਉ ॥ ਸੁਤ ਬਨਿਤਾ[੧੦] ਆਪਨ ਨਹੀ ਭਾਈ ॥ ਇਸਟ[੧੧] ਮੀਤ ਆਪ ਬਾਪੁ ਨ ਮਾਈ ॥ ੨ ॥ ਸੁਇਨਾ ਰੂਪਾ ਫੁਨਿ[੧੨] ਨਹੀ ਦਾਮ ॥ ਹੈਵਰ[੧੩] ਗੈਵਰ[੧੪] ਆਪਨ ਨਹੀ ਕਾਮ ॥ ੩ ॥ ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥ ੪ ॥ ੩੭ ॥ ੧੦੬ ॥ ਗਉੜੀ ਮਹਲਾ ੫ ॥ ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥ ਤਾ ਤੇ ਦੁਖ ਮੇਰੇ ਸਗਲੇ[੧੫] ਲਾਥੇ ॥ ੧ ॥ ਸਤਿਗੁਰ ਅਪੁਨੇ ਕਉ ਕੁਰਬਾਨੀ ॥ [੧੬]ਆਤਮ ਚੀਨਿ ਪਰਮ ਰੰਗ ਮਾਨੀ ॥ ੧ ॥ ਰਹਾਉ ॥ [੧੭]ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ [੧੮]ਅਹੰਬੁਧਿ ਤਿਨਿ ਸਗਲ ਤਿਆਗੀ ॥ ੨ ॥ ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ ੩ ॥ ਗੁਰੁ ਸੁਖਦਾਤਾ ਗੁਰੁ ਕਰਤਾਰੁ ॥ [੧੯]ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥ ੪ ॥ ੩੮ ॥ ੧੦੭ ॥ ਗਉੜੀ ਮਹਲਾ ੫ ॥ ਰੇ ਮਨ ਮੇਰੇ ਤੂੰ [੨੦]ਤਾ ਕਉ ਆਹਿ ॥ ਜਾ ਕੈ ਊਣਾ[੨੧] ਕਛਹੂ ਨਾਹਿ ॥ ੧ ॥ ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥ ੧ ॥ ਰਹਾਉ ॥ ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥ ਆਦਿ ਪੁਰਖ ਅਪਰੰਪਰ[੨੨] ਦੇਵ ॥ ੨ ॥ ਤਿਸੁ ਊਪਰਿ ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ ਜਾ ਕਾ ਭਰਵਾਸਾ ॥ ੩ ॥ ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਨਾਨਕੁ ਗਾਵੈ ਗੁਰ ਮਿਲਿ ਸੋਇ ॥ ੪ ॥ ੩੯ ॥ ੧੦੮ ॥ ਗਉੜੀ ਮਹਲਾ ੫ ॥ ਮੀਤੁ ਕਰੈ ਸੋਈ ਹਮ ਮਾਨਾ ॥ [੨੩]ਮੀਤ ਕੇ ਕਰਤਬ ਕੁਸਲ ਸਮਾਨਾ ॥ ੧ ॥ ਏਕਾ ਟੇਕ ਮੇਰੈ *ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥ ੧ ॥ ਰਹਾਉ ॥ ਮੀਤੁ ਹਮਾਰਾ ਵੇਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ[੨੪] ॥ ੨ ॥ ਮੀਤੁ ਹਮਾਰਾ ਅੰਤਰਜਾਮੀ[੨੫] ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥ ੩ ॥

੧ ਸਰੀਰ ਨੂੰ ਕਾਬੂ ਕਰਾਂ।
੨ ਆਪਣੇ ਵਿੱਚ ਕਿਹੜਾ ਗੁਣ ਪੈਦਾ ਕਰਾਂ, ਜਿਸ ਨੂੰ ਲੈ ਕੇ ਤੈਨੂੰ ਗਾਵਾਂ?
੩ ਪ੍ਰਸੰਨ ਕਰਾਂ।
੪ ਉਹ ਕਿਹੜਾ ਤਰੀਕਾ ਹੈ, ਜਿਸ ਨਾਲ ਸੰਸਾਰ ਸਾਗਰ ਤੋਂ ਤਰਾਂ?
੫ ਜਿਸ ਦੀ ਬੇਨਤੀ ਸੁਖ ਦਾ ਸੋਮਾ ਹਰੀ ਮੰਨ ਲਵੇ, (ਭਾਵ ਮਿਹਰ ਕਰੇ ਤੇ ਗੁਰੂ ਮਿਲਾ ਦੇਵੇ)।
੬ ਜਿਸ ਸਰੀਰ ਦਾ ਹੰਕਾਰ ਹੈ, ਉਹ ਆਪਣਾ ਨਹੀਂ ਹੈ।
੭ ਧਨ।
੮ ਜੇ ਇਹ ਆਪਣੇ ਨਹੀਂ ਤਾਂ ਫਿਰ ਜੀਵ ਕਿਉਂ ਇਨ੍ਹਾਂ ਨਾਲ ਚੰਬੜਿਆ ਹੋਇਆ ਹੈ?
੯ ਅਸਲ ਵਿੱਚ ਆਪਣਾ ਹੈ ਤਾਂ ਕੇਵਲ "ਨਾਮੁ" ਹੈ, ਜੋ ਸਤਿਗੁਰੂ ਤੋਂ ਮਿਲਦਾ ਹੈ।
੧੦ ਇਸਤਰੀ।
੧੧ ਪਿਆਰੇ।
੧੨ ਅਤੇ।
੧੩ ਚੰਗੇ ਘੋੜੇ।
੧੪ ਚੰਗੇ ਹਾਥੀ।
੧੫ ਸਾਰੇ।
੧੬ (ਜਿਸ ਦੁਆਰਾ) ਆਪਣੇ ਆਤਮਾ ਨੂੰ ਪਛਾਣ ਕੇ ਮਹਾਨ ਖ਼ੁਸ਼ੀ ਮਾਣੀ ਹੈ।
੧੭ ਪੈਰਾਂ ਦੀ ਧੂੜ।
੧੮ ਉਸ ਨੇ ਹੰਕਾਰ ਵਾਲੀ ਬੁੱਧੀ ਸਾਰੀ ਛੱਡ ਦਿੱਤੀ।
੧੯ ਗੁਰੂ ਸਾਡੀ ਆਤਮਾ ਤੇ ਜਿੰਦ ਦਾ ਆਸਰਾ ਹੈ।
੨੦ ਉਸ ਦੀ ਚਾਹ ਕਰ।
੨੧ ਖ਼ਾਲੀ।
੨੨ ਪਰ੍ਹੇ ਤੋਂ ਪਰ੍ਹੇ, ਬੇਅੰਤ।
੨੩ (ਵਾਹਿਗੁਰੂ) ਮਿੱਤਰ ਦੇ ਕੰਮ ਸੁਖ ਸਮਾਨ ਹਨ, ਭਾਵ ਜੋ ਕਰਦਾ ਹੈ, ਸਭ ਸੁਖਦਾਈ ਹੈ।
੨੪ [ਫ਼ਾਰਸੀ, ਆਸ਼ਨਾ] ਮਿੱਤਰ, ਵਾਕਫ਼। ਗੁਰੂ ਦੀ ਕਿਰਪਾ ਨਾਲ, ਉਹ ਮੇਰਾ ਵਾਕਫ਼ ਬਣਿਆ।
੨੫ ਅੰਦਰ ਦੀਆਂ ਜਾਣਨ ਵਾਲਾ।

* ਮਨ-ਚਿਤ ਵਿੱਚ। ਜਦ ਦੋ ਸ਼ਬਦ ਜੋੜਵੇਂ ਆਉਣ, ਭਾਵ ਇਕੱਠੇ ਹੀ ਵਰਤੇ ਜਾਣ, ਤਾਂ ਸੰਬੰਧਕੀ ਸਿਹਾਰੀ ਕਈ ਵਾਰ ਇਕੋ ਦੇ ਅੰਤ ਵਿੱਚ ਲੱਗੀ ਹੋਂਦੀ ਹੈ। ਜਿਵੇਂ- ਗੁਰ-ਕਰਤਾਰਿ, ਨਰਕ-ਘੋਰਿ, ਪ੍ਰੇਮ-ਪਿਆਰਿ।

ਹਮ ਦਾਸੇ ਤੁਮ ਠਾਕੁਰ[੧] ਮੇਰੇ ॥ ਮਾਨੁ ਮਹਤੁ[੨] ਨਾਨਕ ਪ੍ਰਭੁ ਤੇਰੇ ॥ ੪ ॥ ੪੦ ॥ ੧੦੯ ॥ ਗਉੜੀ ਮਹਲਾ ੫ ॥ ਜਾ ਕਉ ਤੁਮ ਭਏ ਸਮਰਥ ਅੰਗਾ[੩] ॥ ਤਾ ਕਉ ਕਛੁ ਨਾਹੀ ਕਾਲੰਗਾ[੪] ॥ ੧ ॥ ਮਾਧਉ[੫] ਜਾ ਕਉ ਹੈ ਆਸ ਤੁਮਾਰੀ ॥ ਤਾ ਕਉ ਕਛੁ ਨਾਹੀ ਸੰਸਾਰੀ[੬] ॥ ੧ ॥ ਰਹਾਉ ॥ ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ[੬] ਨਾਹੀ ਕੋਇ ॥ ੨ ॥ ਜਾ ਕਉ ਤੁਮ ਦੀਨੀ ਪ੍ਰਭ ਧੀਰ[੭] ॥ ਤਾ ਕੈ [੮]ਨਿਕਟਿ ਨ ਆਵੈ ਪੀਰ ॥ ੩ ॥ ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥ ੪ ॥ ੪੧ ॥ ੧੧੦ ॥ ਗਉੜੀ ਮਹਲਾ ੫ ॥ ਦੁਲਭ[੯] ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ[੧੦] ॥ ੧ ॥ ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ [੧੧]ਨਾਮ ਬਿਹੂਨ ਜੀਵਨ ਕਉਨ ਕਾਮ ॥ ੧ ॥ ਰਹਾਉ ॥ ਖਾਤ ਪੀਤ ਖੇਲਤ ਹਸਤ ਬਿਸਥਾਰ[੧੨] ॥ [੧੩]ਕਵਨ ਅਰਥ ਮਿਰਤਕ ਸੀਗਾਰ ॥ ੨ ॥ ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ[੧੪] ਜੋਨਿ ਤੇ ਮੰਦਾ ॥ ੩ ॥ ਕਹੁ ਨਾਨਕ [੧੫]ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥ ੪ ॥ ੪੨ ॥ ੧੧੧ ॥ ਗਉੜੀ ਮਹਲਾ ੫ ॥ *ਕਾ ਕੀ ਮਾਈ ਕਾ ਕੋ ਬਾਪ ॥ [੧੬]ਨਾਮ ਧਾਰੀਕ ਝੂਠੇ ਸਭਿ ਸਾਕ ॥ ੧ ॥ ਕਾਹੇ ਕਉ ਮੂਰਖ ਭਖਲਾਇਆ[੧੭] ॥ [੧੮]ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥ ੧ ॥ ਰਹਾਉ ॥ ਏਕਾ ਮਾਟੀ ਏਕਾ ਜੋਤਿ[੧੯] ॥ ਏਕੋ ਪਵਨੁ [੨੦]ਕਹਾ ਕਉਨੁ ਰੋਤਿ ॥ ੨ ॥ ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥ ੩ ॥ ਕਹੁ ਨਾਨਕ ਗੁਰਿ ਖੋਲੇ ਕਪਾਟ[੨੧] ॥ ਮੁਕਤੁ ਭਏ ਬਿਨਸੇ ਭ੍ਰਮ ਥਾਟ[੨੨] ॥ ੪ ॥ ੪੩ ॥ ੧੧੨ ॥ ਗਉੜੀ ਮਹਲਾ ੫ ॥ ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥ [੨੩]ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥ ੧ ॥ ਰਹਾਉ ॥ [੨੪]ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ੨ ॥ ਕਹੁ ਨਾਨਕ [੨੫]ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ ੩ ॥ ੪੪ ॥ ੧੧੩ ॥ ਗਉੜੀ ਮਹਲਾ ੫ ॥ ਪੂਰਾ[੨੬] ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ [੨੭]ਹਿਰਦੈ ਨਾਮੁ ॥ ੧ ॥ [੨੮]ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ[੨੯] ॥ ੧ ॥ ਰਹਾਉ ॥ ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ [੩੦]ਰਾਜੁ ਜੋਗੁ ॥ ੨ ॥ [੩੧]ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ[੩੨] ॥ ੩ ॥ ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥ ੪ ॥ ੪੫ ॥ ੧੧੪ ॥ ਗਉੜੀ ਮਹਲਾ ੫ ॥ ਸੰਤ ਕੀ

੧ ਮਾਲਕ।
੨ ਵਡਿਆਈ।
੩ ਅੰਗ ਕਰਨ ਵਾਲਾ, ਸਹਾਈ।
੪ ਕਲੰਕ।
੫ [ਮ (ਮਾਇਆ) ਦਾ ਧਵ (ਪਤੀ)=ਵਿਸ਼ਨੂੰ] ਹੇ ਵਾਹਿਗੁਰੂ!
੬ ਸੰਸਾ, ਭਰਮ, ਤੌਖਲਾ।
੭ ਧੀਰਜ।
੮ ਨੇੜੇ ਨਹੀਂ ਆਉਂਦੀ ਪੀੜ।
੯ ਔਖੀ ਮਿਲਣ ਵਾਲੀ।
੧੦ ਆਪਣੇ ਆਪ ਨੂੰ ਮਾਰਨ ਵਾਲੇ, ਖੁਦ-ਕੁਸ਼ੀ ਕਰਨ ਵਾਲੇ।
੧੧ ਨਾਮ ਤੋਂ ਬਿਨਾਂ ਜੀਉਣਾ ਕਿਸ ਕੰਮ?
੧੨ ਬਹੁਤਾ।
੧੩ ਇਹ ਸਾਰੇ ਸ਼ਿੰਗਾਰ ਮੁਰਦੇ ਦੇ ਕਿਸ ਕੰਮ ਹਨ?
੧੪ ਟੇਢੀ ਜੋਨ (ਸੱਪ ਆਦਿ)। ਓਹ ਡੰਗਰਾਂ, ਪੰਖੇਰੂਆਂ ਅਤੇ ਸੱਪ ਆਦਿ ਟੇਢੇ ਹੋ ਕੇ ਚਲਣ ਵਾਲੇ ਜੀਵਾਂ ਪਾਸੋਂ ਭੀ ਮੰਦੇ ਹਨ।
੧੫ ਗੁਰੂ ਨੇ ਐਸੀ ਮੱਤ ਦਿੱਤੀ ਹੈ ਕਿ ਮੇਰੇ ਦਿਲ ਵਿੱਚ ਕੇਵਲ ਹਰੀ ਦਾ ਨਾਮ ਹੀ ਸਮਾਇਆ ਰਹਿੰਦਾ ਹੈ।
੧੬ ਇਹ ਸਾਰੇ ਰਿਸ਼ਤੇ ਨਾਂ-ਮਾਤਰ ਹੀ ਅਤੇ ਝੂਠੇ ਹਨ।
੧੭ ਬਰੜਾਉਂਦਾ ਹੈਂ, ਬਕਵਾਸ ਕਰਦਾ ਹੈਂ।
੧੮ ਤੂੰ ਤਾਂ ਸੰਜੋਗ ਜੁੜਨ 'ਤੇ ਹੁਕਮ ਅਨੁਸਾਰ ਸੰਸਾਰ ਵਿੱਚ ਆਇਆ ਹੈਂ।
੧੯ ਵਾਹਿਗੁਰੂ ਦੀ ਜੋਤ ਜੋ ਜੀਵਨ ਸੱਤਾ ਹੋ ਕੇ ਸਭ ਨੂੰ ਜਿਵਾਲ ਰੱਖਦੀ ਹੈ।
੨੦ ਕੌਣ ਕਿਸ ਨੂੰ ਰੋਂਦਾ ਹੈ।
੨੧ ਪਰਦੇ।
੨੨ ਪਸਾਰੇ, ਬਣਾਵਟਾਂ।
੨੩ ਮਾਇਆ ਦੀ ਵਡਿਆਈ ਕਰਕੇ ਕੋਈ ਨਹੀਂ ਵੱਡਾ।
੨੪ ਜ਼ਮੀਨ ਵਾਲਾ ਜ਼ਿਮੀਂ ਉੱਤੇ (ਭਾਵ ਜ਼ਿਮੀਂ ਲਈ) ਰੋਜ਼ ਲੋਕਾਂ ਨਾਲ ਲੜਦਾ ਹੈ। ਉਸ ਦਾ ਲੋਭ ਰੱਜਦਾ ਨਹੀਂ ਅਤੇ ਜ਼ਿਮੀਂ ਨੂੰ ਛੱਡ ਕੇ ਜਾਣਾ ਪੈਂਦਾ ਹੈ।
੨੫ ਇਹ ਅਸਲ ਗੱਲ ਵਿਚਾਰੀ ਹੈ (ਵਿਚਾਰ ਕੇ ਲੱਭੀ ਹੈ) ਕਿ ਹਰੀ ਦਾ ਭਜਨ ਕਰੇ ਬਿਨਾਂ ਮੁਕਤੀ ਨਹੀਂ।
੨੬ ਸਫਲ।
੨੭ ਜੋ ਦਿਲ ਵਿੱਚ ਨਾਮ ਹੈ।
੨੮ ਸਾਡੀ ਪਤ ਚੰਗੀ ਤਰ੍ਹਾਂ ਰਹਿ ਗਈ, ਜੋ ਉਸ ਪੂਰੇ ਨੇ ਰੱਖ ਲਈ।
੨੯ ਤੱਕੀ ਹੈ।
੩੦ ਰਾਜ-ਭਾਗ ਦੇ ਹੁੰਦਿਆਂ ਮਨ ਦਾ ਕਰਤਾਰ ਨਾਲ ਜੁੜਿਆ ਰਹਿਣਾ, ਸੁਖਾਂ ਵਿੱਚ ਰਹਿੰਦਿਆਂ ਵਿਸ਼ੇ-ਵਿਕਾਰ ਤੋਂ ਬਚਿਆ ਰਹਿਣਾ। ਇਹ ਗੁਣ ਖਾਸ ਤੌਰ 'ਤੇ ਗੁਰੂ ਸਾਹਿਬਾਨ ਨੇ ਕਮਾ ਕੇ ਦੱਸਿਆ।
੩੧ ਹਰੀ ਦੇ ਰਸਤੇ ਚਲਦਿਆਂ (ਪਾਪਾਂ ਵਿੱਚ) ਡਿੱਗੇ ਹੋਏ ਲੋਕ ਭੀ ਪਵਿੱਤਰ ਹੋ ਜਾਂਦੇ ਹਨ। ਉਨ੍ਹਾਂ ਦੀ ਸ਼ੁਹਰਤ ਭੀ ਚੰਗੀ ਹੋ ਜਾਂਦੀ ਹੈ ਤੇ ਉਨ੍ਹਾਂ ਦਾ ਸੰਸਾਰੀ-ਪੁਣਾ ਭੀ ਪੂਰਾ ਨਿਭਦਾ ਹੈ।
੩੨ ਸੰਸਾਰੀਪੁਣਾ, ਲੋਕਾਚਾਰੀ।

* ਕਿਸੇ ਨੂੰ ਆਪਣੇ ਮਾਤਾ ਜਾਂ ਪਿਤਾ ਦੇ ਮਰਨ ਉੱਤੇ ਮੇਰਾ-ਮੇਰਾ ਕਰਕੇ ਵਿਰਲਾਪ ਕਰਦਿਆਂ ਦੇਖ ਕੇ ਇਹ ਸ਼ਬਦ ਉਚਾਰਿਆ ਗਿਆ। ਸਮਝਾਂਦੇ ਇਹ ਹਨ ਕਿ ਤੁਹਾਡੇ ਵਿੱਚ ਅਤੇ ਮਰਨ ਵਾਲੇ ਵਿੱਚ ਕੀ ਫਰਕ ਪੈ ਗਿਆ? ਮਿੱਟੀ ਦੋਹਾਂ ਵਿੱਚ ਇਕੋ ਸੀ, ਹਵਾ ਵੀ ਇਕੋ ਸੀ ਅਤੇ ਵਾਹਿਗੁਰੂ ਦੀ ਜੋਤ ਭੀ ਇਕੋ ਸੀ ਜੋ ਸਭ ਦੇ ਅੰਦਰ ਹੋ ਕੇ ਜਿਵਾਲ ਰਹੀ ਹੈ। ਮੋਈ ਕਿਹੜੀ ਚੀਜ਼? ਰੂਹ ਤਾਂ ਮਰ ਨਹੀਂ ਸਕਦੀ। ਸਿਰਫ਼ ਤੱਤਾਂ ਵਿੱਚ ਤਬਦੀਲੀ ਹੋਈ ਕਿ ਇਕ ਥਾਂ ਤੋਂ ਦੂਜੀ ਥਾਂ 'ਤੇ ਖਿੰਡ ਕੇ ਇਧਰ ਉਧਰ ਹੋ ਗਏ। ਤੇਰੀ ਖਾਸ ਚੀਜ਼ ਕਿਹੜੀ ਸੀ, ਜਿਸ ਕਰਕੇ ਮੇਰਾ-ਮੇਰਾ ਕਰ ਕੇ ਰੋਂਦਾ ਹੈਂ? ਰੱਬੀ-ਹੁਕਮ ਅਨੁਸਾਰ ਤੁਹਾਡਾ ਜੋੜ ਹੋਇਆ ਸੀ। ਉਸੇ ਹੁਕਮ ਅਨੁਸਾਰ ਇਹ ਤਬਦੀਲੀ ਹੋ ਗਈ।

ਧੂਰਿ ਮਿਟੇ [੧]ਅਘ ਕੋਟ ॥ [੨]ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ੧ ॥ ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧ ॥ ਰਹਾਉ ॥ ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ [੩]ਦ੍ਰਿਸਟਿ ਆਵੈ ਸਭੁ ਏਕੰਕਾਰੁ ॥ ੨ ॥ [੪]ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ[੫] ॥ ੩ ॥ ਕਹੁ ਨਾਨਕ ਜਾ ਕਾ ਪੂਰਾ ਕਰਮ[੬] ॥ [੭]ਤਿਸੁ ਭੇਟੇ ਸਾਧੂ ਕੇ ਚਰਨ ॥ ੪ ॥ ੪੬ ॥ ੧੧੫ ॥ ਗਉੜੀ ਮਹਲਾ ੫ ॥ ਹਰਿ ਗੁਣ ਜਪਤ [੮]ਕਮਲੁ ਪਰਗਾਸੈ ॥ ਹਰਿ ਸਿਮਰਤ ਤ੍ਰਾਸ[੯] ਸਭ ਨਾਸੈ ॥ ੧ ॥ ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ ਵਡੈ ਭਾਗਿ ਸਾਧੂ ਸੰਗੁ ਪਾਵੈ ॥ ੧ ॥ ਰਹਾਉ ॥ [੧੦]ਸਾਧਸੰਗਿ ਪਾਈਐ ਨਿਧਿ ਨਾਮਾ ॥ ਸਾਧਸੰਗਿ ਪੂਰਨ ਸਭਿ ਕਾਮਾ ॥ ੨ ॥ ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ[੧੧] ॥ ੩ ॥ ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥ ੪ ॥ ੪੭ ॥ ੧੧੬ ॥ ਗਉੜੀ ਮਹਲਾ ੫ ॥ ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ[੧੨] ॥ ੧ ॥ ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥ ੧ ॥ ਰਹਾਉ ॥ ਮਨਹਿ[੧੩] ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੨ ॥ ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ[੧੪] ॥ ੩ ॥ [੧੫]ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ [੧੬]ਪਰਮ ਪਦੁ ਪਾਇਆ ॥ ੪ ॥ ੪੮ ॥ ੧੧੭ ॥ ਗਉੜੀ ਮਹਲਾ ੫ ॥ ਨਾਮੁ ਭਗਤ ਕੈ [੧੭]ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥ ੧ ॥ ਨਾਮ ਵਡਾਈ ਜਨੁ ਸੋਭਾ ਪਾਏ ॥ ਕਰਿ ਕਿਰਪਾ ਜਿਸੁ ਆਪਿ ਦਿਵਾਏ ॥ ੧ ॥ ਰਹਾਉ ॥ ਨਾਮੁ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ[੧੮] ਸੋ ਭਗਤੁ ਪਰਵਾਨੁ ॥ ੨ ॥ ਹਰਿ ਕਾ ਨਾਮੁ ਜਨ ਕਉ ਧਾਰੈ[*] ॥ ਸਾਸਿ ਸਾਸਿ ਜਨੁ ਨਾਮੁ ਸਮਾਰੈ[੧੯] ॥ ੩ ॥ ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾ ਕਾ ਮਨੁ ਲਾਗੁ ॥ ੪ ॥ ੪੯ ॥ ੧੧੮ ॥ ਗਉੜੀ ਮਹਲਾ ੫ ॥ ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ [੨੦]ਧਾਵਤੁ ਮਨੁ ਤ੍ਰਿਪਤਾਇਆ ॥ ੧ ॥ [੨੧]ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ ਸ੍ਰਮੁ[੨੨] ਮਿਟਿਆ ਮੇਰੀ ਹਤੀ[੨੩] ਬਲਾਇ ॥ ੧ ॥ ਰਹਾਉ ॥ ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥ ੨ ॥ [੨੪]ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥ ੩ ॥ ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥ ੪ ॥ ੫੦ ॥ ੧੧੯ ॥ ਗਉੜੀ ਮਹਲਾ ੫ ॥ ਕਰ[੨੫] ਕਰਿ ਟਹਲ

੧ ਕ੍ਰੋੜਾਂ ਪਾਪ।
੨ ਗੁਰੂ-ਸੰਤ ਦੀ ਕ੍ਰਿਪਾ ਨਾਲ।
੩ (ਆਪਾ ਮਿਟ ਜਾਣ ਕਰਕੇ) ਸਭ ਕੁਝ ਕਰਨਹਾਰ ਇਕ ਵਾਹਿਗੁਰੂ ਹੀ ਦਿੱਸਦਾ ਹੈ।
੪ ਗੁਰੂ ਪ੍ਰਸੰਨ ਹੋਇਆ ਤਾਂ ਕਾਮ, ਕ੍ਰੋਧ ਆਦਿ ਪੰਜ (ਵੈਰੀ) ਕਾਬੂ ਹੋ ਗਏ।
੫ ਇਕੱਠਾ ਕੀਤਾ।
੬ ਭਾਗ।
੭ ਉਸ ਨੇ ਛੋਹੇ ਹਨ, ਗੁਰੂ ਦੇ ਚਰਨ।
੮ ਹਿਰਦੇ ਰੂਪੀ ਕਮਲ ਰੌਸ਼ਨ ਹੁੰਦਾ ਹੈ।
੯ ਡਰ।
੧੦ ਗੁਰੂ ਦੀ ਸੰਗਤ ਵਿੱਚ ਮਿਲਦਾ ਹੈ, ਨਾਮ ਦਾ ਖ਼ਜ਼ਾਨਾ।
੧੧ ਉਚਾਰਨ ਕਰੀਦਾ ਹੈ।
੧੨ ਸਾੜਾ, ਈਰਖਾ।
੧੩ ਮਨ ਨਾਲ, ਦਿਲ ਲਾ ਕੇ।
੧੪ ਸਾਖ ਜਾਂ ਇਤਬਾਰ (ਜਿਸ ਕਰਕੇ ਵਿਹਾਰ ਵਿੱਚ ਕਿਸੇ ਨੂੰ ਰਾਸ ਪੂੰਜੀ ਜਾਂ ਸੌਦਾ ਵੇਚਣ ਲਈ ਦੇ ਸਕੀਦਾ ਹੈ)। ਪੂਰੇ ਗੁਰੂ ਨੇ ਵੱਡੇ ਸ਼ਾਹ ਵਾਹਿਗੁਰੂ ਨਾਲ ਅਸਾਂ ਵਣਜਾਰਿਆਂ ਦਾ ਇਤਬਾਰ ਬਣਾ ਦਿੱਤਾ ਹੈ। ਦੇਖੋ ਪੰਨਾ ੧੮੧ ਦਾ ਫੁਟ ਨੋਟ *।
੧੫ ਉਹ ਹਸਤੀ ਜੋ ਸਭ ਦਾ ਜੀਵਣ ਹੈ।
੧੬ ਸਭ ਤੋਂ ਉੱਚੀ ਪਦਵੀ ਜਿਸ ਤੱਕ ਆਦਮੀ ਉੱਨਤੀ ਕਰਦਾ-ਕਰਦਾ ਪਹੁੰਚ ਸਕਦਾ ਹੈ; ਵਾਹਿਗੁਰੂ ਨਾਲ ਅਭੇਦਤਾ।
੧੭ ਜ਼ਿੰਦਗੀ ਦਾ ਆਸਰਾ।
੧੮ ਰੱਤਾ ਹੋਇਆ।
੧੯ ਚੇਤੇ ਕਰਦਾ ਹੈ।
੨੦ ਤ੍ਰਿਸ਼ਨਾ ਵਿੱਚ ਦੌੜਦਾ ਮਨ ਰੱਜ ਗਿਆ।
੨੧ ਸੁਖ ਦਾ ਟਿਕਾਣਾ। ਉਤਲੇ ਸ਼ਬਦ ਦੇ ਦੂਜੇ ਪਦ ਵਿੱਚ 'ਸੁਖ-ਅਸਥਾਨੁ' ਆਇਆ ਹੈ।
੨੨ ਯਤਨ, ਦੌੜ ਭੱਜ।
੨੩ ਮਾਰੀ ਗਈ, ਦੂਰ ਹੋ ਗਈ।
੨੪ ਮੈਂ ਅਨਾਥ ਸਭ ਪਾਸੇ ਛੱਡ ਕੇ ਇਕ ਦੀ ਸਰਨੀ ਆਇਆ, ਤਾਂ ਨਿਰਯਤਨ ਹੀ (ਕਿਉਂਕਿ ਸ੍ਵੈ ਜੋ ਮਿਟ ਗਿਆ ਸੀ) ਪਰਮ-ਪਦ ਮਿਲ ਗਿਆ।
੨੫ ਹੱਥਾਂ ਨਾਲ।

* ਉਧਾਰਦਾ ਹੈ। ਅਰਥ ਕਰਨ ਲਗਿਆਂ 'ਉ' ਦੋਹਾਂ ਪਾਸੇ ਲਾਣਾ ਹੈ; ਜਿਵੇਂ ਕਿ ਪਾਠ 'ਜਨ ਕਉ ਉਧਾਰੈ' ਹੁੰਦਾ ਹੈ। ਦੇਖੋ ਪੰਨਾ ੪੭੫, ਨੋਟ ੧੬। ਕਈਆਂ ਬੀੜਾਂ ਵਿੱਚ ਪਾਠ ਭੀ ਇਉਂ ਹੀ ਹੈ। ਦੂਜੀ ਤੁਕ ਵਿੱਚ 'ਜਨੁ' ਆਉਣ ਤੋਂ ਪਤਾ ਲੱਗਦਾ ਹੈ ਕਿ ਪਾਠ "ਜਨ ਕਉ ਧਾਰੈ" ਹੈ, 'ਜਨਕ ਉਧਾਰੈ' ਨਹੀਂ ਹੋ ਸਕਦਾ।

ਰਸਨਾ[੧] ਗੁਣ ਗਾਵਉ ॥ ਚਰਨ ਠਾਕੁਰ ਕੈ ਮਾਰਗਿ[੨] ਧਾਵਉ ॥ ੧ ॥ [੩]ਭਲੋ ਸਮੋ ਸਿਮਰਨ ਕੀ ਬਰੀਆ ॥ ਸਿਮਰਤ ਨਾਮੁ ਭੈ[੪] ਪਾਰਿ ਉਤਰੀਆ ॥ ੧ ॥ ਰਹਾਉ ॥ [੫]ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ[੬] ॥ ੨ ॥ ਸੁਣਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ[੭] ਮਿਟਾਇ ॥ ੩ ॥ ਚਰਣ ਕਮਲ ਠਾਕੁਰ ਉਰਿ[੮] ਧਾਰਿ ॥ [੯]ਦੁਲਭ ਦੇਹ ਨਾਨਕ ਨਿਸਤਾਰਿ ॥ ੪ ॥ ੫੧ ॥ ੧੨੦ ॥ ਗਉੜੀ ਮਹਲਾ ੫ ॥ ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥ ੧ ॥ ਹਰਿ ਬਿਸਰਤ ਸਹਸਾ[੧੦] ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥ ੧ ॥ ਰਹਾਉ ॥ ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ ਤਿਸੁ ਜਨ ਦੂਖੁ ਨਿਕਟਿ[੧੧] ਨਹੀ ਆਵੈ ॥ ੨ ॥ ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥ ੩ ॥ ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ ਨਾਨਕ [੧੨]ਤਜੀਅਲੇ ਅਵਰਿ ਜੰਜਾਲ ॥ ੪ ॥ ੫੨ ॥ ੧੨੧ ॥ ਗਉੜੀ ਮਹਲਾ ੫ ॥ ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥ ੧ ॥ ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ[੧੩] ਲਿਵ ਲਾਇ ॥ ੧ ॥ ਰਹਾਉ ॥ ਹਰਿ ਕਾ ਨਾਮੁ [੧੪]ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ[੧੫] ਉਤਰੀ ਚਿੰਤ ॥ ੨ ॥ ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥ ੩ ॥ ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ [੧੬]ਬਹੁਰਿ ਨ ਬਿਆਪੈ ਮਾਇਆ ॥ ੪ ॥ ੫੩ ॥ ੧੨੨ ॥ ਗਉੜੀ ਮਹਲਾ ੫ ॥ ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ[੧੭] ਕਉ ਲਾਗੋ ਸੰਤਾਪੁ ॥ ੧ ॥ ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥ ੧ ॥ ਰਹਾਉ ॥ ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ [੧੮]ਤੇਰੀ ਹਤੈ ਬਲਾਇ ॥ ੨ ॥ ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ[੧੯] ਜੀਅ ਭਾਈ ॥ ੩ ॥ ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ[੨੦] ਨਾਨਕ ਮੇਰੀ ਪੂਰੀ ਪਰੀ ॥ ੪ ॥ ੫੪ ॥ ੧੨੩ ॥ ਗਉੜੀ ਮਹਲਾ ੫ ॥ ਅਨਿਕ ਰਸਾ ਖਾਏ ਜੈਸੇ ਢੋਰ[੨੧] ॥ ਮੋਹ ਕੀ ਜੇਵਰੀ[੨੨] ਬਾਧਿਓ ਚੋਰ ॥ ੧ ॥ [੨੩]ਮਿਰਤਕ ਦੇਹ ਸਾਧਸੰਗ ਬਿਹੂਨਾ ॥ [੨੪]ਆਵਤ ਜਾਤ ਜੋਨੀ ਦੁਖ ਖੀਨਾ ॥ ੧ ॥ ਰਹਾਉ ॥ ਅਨਿਕ ਬਸਤ੍ਰ[੨੫] ਸੁੰਦਰ ਪਹਿਰਾਇਆ ॥ ਜਿਉ ਡਰਨਾ[੨੬] ਖੇਤ ਮਾਹਿ ਡਰਾਇਆ ॥ ੨ ॥ *ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥ ੩ ॥ ਕਹੁ ਨਾਨਕ ਜਾ ਕਉ ਭਏ ਦਇਆਲਾ ॥ ਸਾਧਸੰਗਿ ਮਿਲਿ ਭਜਹਿ ਗੋਪਾਲਾ ॥

੧ ਜੀਭ ਨਾਲ।
੨ ਰਸਤੇ ਉੱਤੇ।
੩ (ਮਨੁੱਖਾ ਜਨਮ ਦਾ) ਵੇਲਾ ਚੰਗਾ ਹੈ, ਕਿਉਂਕਿ ਇਹ ਸਿਮਰਨ ਦਾ ਮੌਕਾ ਹੈ।
੪ ਭਵ ਸਾਗਰ ਤੋਂ।
੫ ਅੱਖਾਂ ਨਾਲ ਸੰਤਾਂ ਦਾ ਦਰਸ਼ਨ ਦੇਖ।
੬ ਲਿਖ, ਉੱਕਰ ਰਖ।
੭ ਡਰ।
੮ ਦਿਲ ਵਿੱਚ।
੯ ਔਖਾ ਲੱਭਣ ਵਾਲੇ ਮਨੁੱਖਾ-ਜਨਮ ਨੂੰ ਸਫਲਾ ਕਰ।
੧੦ ਸੰਸਾ, ਸ਼ੱਕ, ਤੌਖਲਾ।
੧੧ ਨੇੜੇ। 'ਜਨ ਨਿਕਟਿ' ਵਿੱਚ ਨੇਮ ਨੰ: ੫ ਅਨੁਸਾਰ 'ਜਨ' ਦੇ ਅੰਤ ਮੁਕਤਾ ਹੈ।
੧੨ ਛੱਡ ਦੇਹ ਹੋਰ ਧੰਧੇ।
੧੩ ਮਿਲਿਆ।
੧੪ ਗੁਰੂ ਨੇ ਮੰਤਰ ਵਜੋਂ ਦਿੱਤਾ।
੧੫ ਸ਼ੋਕ, ਝੋਰੇ।
੧੬ ਮੁੜ ਕੇ ਮਾਇਆ ਨਹੀਂ ਅਸਰ ਕਰਦੀ।
੧੭ ਆਪ-ਹੁਦਰਾ, ਜੋ ਗੁਰੂ ਦੀ ਗੱਲ ਮੰਨ ਕੇ ਨਹੀਂ ਟੁਰਦਾ।
੧੮ ਤੇਰੀ ਬਲਾ ਮਰ ਜਾਵੇ, ਆਫ਼ਤ ਟਲ ਜਾਏ।
੧੯ ਸਾਰੇ।
੨੦ ਕਹਿੰਦਾ ਹੈ।
੨੧ ਪਸ਼ੂ।
੨੨ ਰੱਸੀ ਨਾਲ।
੨੩ ਸਾਧ-ਸੰਗ ਕਰਨ ਤੋਂ ਬਿਨਾਂ ਸਰੀਰ ਮੁਰਦਾ ਹੈ।
੨੪ ਜੂਨਾਂ ਵਿੱਚ ਆਵਣ ਜਾਣ ਦੇ ਦੁੱਖਾਂ ਕਰਕੇ ਨਾਸ ਹੁੰਦਾ ਹੈ।
੨੫ ਬਸਤਰ, ਕੱਪੜੇ।
੨੬ ਜਾਨਵਰਾਂ ਦੇ ਡਰਾਉਣ ਲਈ ਖੇਤੀ ਵਿੱਚ ਪਸ਼ੂ ਜਾਂ ਮਨੁੱਖ ਦੀ ਸ਼ਕਲ ਦਾ ਬਣਾਉਟੀ ਢਾਂਚਾ।

* ਸਾਰੇ ਸਰੀਰ ਹਰ ਤਰ੍ਹਾਂ ਦੇ ਕੰਮ ਆਉਂਦੇ ਹਨ, ਪਰ ਇਕ ਮਨੁੱਖ ਹੀ ਨਿਕੰਮਾ ਹੈ, ਜੋ ਨਾਮ ਨਹੀਂ ਜਪਦਾ।

੪ ॥ ੫੫ ॥ ੧੨੪ ॥ ਗਉੜੀ ਮਹਲਾ ੫ ॥ *ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ[੧] ਸੁਖ ਸਾਰੇ ॥ ੧ ॥ ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧਸੰਗਿ ਹਰਿ ਕੇ ਗੁਣ ਗਾਇਆ ॥ ੧ ॥ ਰਹਾਉ ॥ [੨]ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥ ੨ ॥ ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥ ੩ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ[੩] ਭਈ ਹਮਾਰੀ ॥ ੪ ॥ ੫੬ ॥ ੧੨੫ ॥ ਗਉੜੀ ਮਹਲਾ ੫ ॥ ਸਾਧਸੰਗਿ ਤਾ ਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ ਆਗੈ ਧਰਹੁ ॥ ੧ ॥ ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥ ੧ ॥ ਰਹਾਉ ॥ ਤਜਿ ਅਭਿਮਾਨੁ [੪]ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥ ੨ ॥ ਸਾਸਿ ਸਾਸਿ ਪ੍ਰਭੁ [੫]ਮਨਹਿ ਸਮਾਲੇ ॥ ਸੋ ਧਨੁ ਸੰਚਹੁ[੬] ਜੋ ਚਾਲੈ ਨਾਲੇ ॥ ੩ ॥ ਤਿਸਹਿ ਪਰਾਪਤਿ ਜਿਸੁ ਮਸਤਕਿ[੭] ਭਾਗੁ ॥ ਕਹੁ ਨਾਨਕ ਤਾ ਕੀ ਚਰਣੀ ਲਾਗੁ ॥ ੪ ॥ ੫੭ ॥ ੧੨੬ ॥ ਗਉੜੀ ਮਹਲਾ ੫ ॥ ਸੂਕੇ ਹਰੇ ਕੀਏ [੮]ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ[੯] ਜੀਵਾਏ ॥ ੧ ॥ ਕਾਟੇ ਕਸਟ ਪੂਰੇ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥ ੧ ॥ ਰਹਾਉ ॥ ਮਿਟਿ ਗਈ ਚਿੰਤ [੧੦]ਪੁਨੀ ਮਨ ਆਸਾ ॥ ਕਰੀ ਦਇਆ [੧੧]ਸਤਿਗੁਰਿ ਗੁਣਤਾਸਾ ॥ ੨ ॥ ਦੂਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥ ੩ ॥ ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥ ੪ ॥ ੫੮ ॥ ੧੨੭ ॥ ਗਉੜੀ ਮਹਲਾ ੫ ॥ ਤਾਪ ਗਏ ਪਾਈ ਪ੍ਰਭਿ ਸਾਂਤਿ ॥ ਸੀਤਲ[੧੨] ਭਏ ਕੀਨੀ ਪ੍ਰਭ ਦਾਤਿ ॥ ੧ ॥ ਪ੍ਰਭ ਕਿਰਪਾ ਤੇ ਭਏ ਸੁਹੇਲੇ[੧੩] ॥ ਜਨਮ ਜਨਮ ਕੇ ਬਿਛੁਰੇ ਮੇਲੇ ॥ ੧ ॥ ਰਹਾਉ ॥ ਸਿਮਰਤ ਸਿਮਰਤ ਪ੍ਰਭ ਕਾ ਨਾਉ ॥ [੧੪]ਸਗਲ ਰੋਗ ਕਾ ਬਿਨਸਿਆ ਥਾਉ ॥ ੨ ॥ [੧੫]ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥ ੩ ॥ ਦੂਖੁ ਦਰਦੁ ਜਮੁ ਨੇੜਿ ਨ ਆਵੈ ॥ ਕਹੁ ਨਾਨਕ ਜੋ ਹਰਿ ਗੁਨ ਗਾਵੈ ॥ ੪ ॥ ੫੯ ॥ ੧੨੮ ॥ ਗਉੜੀ ਮਹਲਾ ੫ ॥ ਭਲੇ ਦਿਨਸ ਭਲੇ ਸੰਜੋਗ[੧੬] ॥ ਜਿਤੁ ਭੇਟੇ[੧੭] ਪਾਰਬ੍ਰਹਮ ਨਿਰਜੋਗ[੧੮] ॥ ੧ ॥ ਓਹ ਬੇਲਾ ਕਉ ਹਉ ਬਲਿ ਜਾਉ ॥ ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥ ੧ ॥ ਰਹਾਉ ॥ ਸਫਲ ਮੂਰਤੁ[੧੯] ਸਫਲ ਓਹ ਘਰੀ ॥ ਜਿਤੁ [੨੦]ਰਸਨਾ ਉਚਰੈ ਹਰਿ ਹਰੀ ॥ ੨ ॥ ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ ਚਰਣ ਪੁਨੀਤ[੨੧] ਚਲਹਿ [੨੨]ਹਰਿ ਮਾਰਗਿ ॥ ੩ ॥ ਕਹੁ ਨਾਨਕ ਭਲਾ ਮੇਰਾ ਕਰਮ[੨੩] ॥ ਜਿਤੁ

੧ ਮੁੱਕ ਗਏ। ਜਨਮ ਮਰਣ ਮੁੱਕ ਗਿਆ ਤੇ ਸਭ ਸੁਖ ਪ੍ਰਾਪਤ ਹੋਏ।	੧੧ ਗੁਣਾਂ ਦੇ ਖ਼ਜ਼ਾਨੇ ਸਤਿਗੁਰੂ ਨੇ।
੨ ਹਰੀ ਦੇ ਕੰਵਲ ਵਰਗੇ ਚਰਨ ਦਿਲ ਵਿੱਚ ਵਸਾਏ। ਗੁਰੂ ਨੇ ਇਸ ਸੰਸਾਰ ਤੋਂ, ਜੋ ਤ੍ਰਿਸ਼ਨਾ ਦੀ ਅੱਗ ਦਾ ਸਮੁੰਦਰ ਹੈ, ਪਾਰ ਲੰਘਾ ਦਿੱਤਾ।	੧੨ ਠੰਢੇ।
੩ ਮੁਕਤੀ।	੧੩ ਸੁਖਾਲੇ।
੪ ਆਵਾ-ਗਉਣ ਨੂੰ ਦੂਰ ਕਰੋ।	੧੪ ਸਾਰੇ ਰੋਗਾਂ ਦਾ ਡੇਰਾ ਉੱਠ ਗਿਆ।
੫ ਮਨ ਵਿੱਚ ਯਾਦ ਕਰ ਕੇ।	੧੫ ਸੁਭਾਵਕ ਹੀ।
੬ ਇਕੱਠਾ ਕਰੋ।	੧੬ ਢੋ ਢੁੱਕਣਾ, ਮੌਕਾ ਬਣਨਾ ਮਿਲਾਪ ਦਾ। ਦੇਖੋ ਪੰਨਾ ੨੫੪, ਫੁਟ ਨੋਟ *।
੭ ਮੱਥੇ 'ਤੇ।	੧੭ ਮਿਲੇ।
੮ ਥੋੜ੍ਹੇ ਸਮੇਂ ਵਿੱਚ ਹੀ, ਤੁਰਤ।	੧੮ ਨਿਰਲੇਪ।
੯ ਸਿੰਚ ਕੇ। ਛਿੜਕ ਕੇ ਅੰਮ੍ਰਿਤ ਰੂਪ ਦ੍ਰਿਸ਼ਟੀ ਜਿੰਦਾ ਕਰ ਦਿੱਤੇ।	੧੯ ਮਹੂਰਤ, ਦੋ ਘੜੀ ਦਾ ਸਮਾਂ।
੧੦ ਮਨ ਦੀ ਇੱਛਾ ਪੂਰੀ ਹੋਈ।	੨੦ ਜੀਭ ਬੋਲਦੀ ਹੈ।
	੨੧ ਪਵਿੱਤ੍ਰ।
	੨੨ ਹਰੀ ਦੇ ਰਸਤੇ ਉੱਤੇ।
	੨੩ ਭਾਗ।

* ਕਲਪਣਾ ਤੇ ਦੁੱਖ ਗੁਰਬਾਣੀ ਨੇ ਦੂਰ ਕਰ ਦਿੱਤੇ।

[1]ਭੇਟੇ ਸਾਧੂ ਕੇ ਚਰਨ ॥ ੪ ॥ ੬੦ ॥ ੧੨੯ ॥ ਗਉੜੀ ਮਹਲਾ ੫ ॥ ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥ ੧ ॥ ਬਿਨੁ ਭਗਵੰਤ ਨਾਹੀ ਅਨ[2] ਕੋਇ ॥ ਮਾਰੈ ਰਾਖੈ ਏਕੋ ਸੋਇ ॥ ੧ ॥ ਰਹਾਉ ॥ ਗੁਰ ਕੇ ਚਰਣ [3]ਰਿਦੈ ਉਰਿ ਧਾਰਿ ॥ [4]ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥ ੨ ॥ ਗੁਰ ਮੂਰਤਿ ਸਿਉ ਲਾਇ ਧਿਆਨੁ ॥ [5]ਈਹਾ ਊਹਾ ਪਾਵਹਿ ਮਾਨੁ ॥ ੩ ॥ [6]ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ[7] ਨਾਨਕ ਸੁਖੁ ਪਾਇਆ ॥ ੪ ॥ ੬੧ ॥ ੧੩੦ ॥ ਗਉੜੀ ਮਹਲਾ ੫ ॥ ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥ ੧ ॥ [8]ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥ ੧ ॥ ਰਹਾਉ ॥ ਇਕਸੁ ਬਿਨੁ ਨਾਹੀ ਦੂਜਾ ਕੋਇ ॥ ਜਾ ਕੀ ਦ੍ਰਿਸਟਿ[9] ਸਦਾ ਸੁਖੁ ਹੋਇ ॥ ੨ ॥ ਸਾਜਨੁ ਮੀਤੁ ਸਖਾ[10] ਕਰਿ ਏਕੁ ॥ [11]ਹਰਿ ਹਰਿ ਅਖਰ ਮਨ ਮਹਿ ਲੇਖੁ ॥ ੩ ॥ [12]ਰਵਿ ਰਹਿਆ ਸਰਬਤ ਸੁਆਮੀ ॥ [13]ਗੁਣ ਗਾਵੈ ਨਾਨਕੁ ਅੰਤਰਜਾਮੀ ॥ ੪ ॥ ੬੨ ॥ ੧੩੧ ॥ ਗਉੜੀ ਮਹਲਾ ੫ ॥ ਭੈ ਮਹਿ ਰਚਿਓ ਸਭੁ ਸੰਸਾਰਾ ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ[14] ॥ ੧ ॥ [15]ਭਉ ਨ ਵਿਆਪੈ ਤੇਰੀ ਸਰਣਾ ॥ ਜੋ ਤੁਧੁ ਭਾਵੈ ਸੋਈ ਕਰਣਾ ॥ ੧ ॥ ਰਹਾਉ ॥ [*]ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥ ੨ ॥ [16]ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥ ੩ ॥ ਰਾਖਿ ਲੇਇ ਪ੍ਰਭੁ ਰਾਖਨਹਾਰਾ ॥ ਕਹੁ ਨਾਨਕ ਕਿਆ ਜੰਤ ਵਿਚਾਰਾ ॥ ੪ ॥ ੬੩ ॥ ੧੩੨ ॥ ਗਉੜੀ ਮਹਲਾ ੫ ॥ ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥ ੧ ॥ ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥ ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥ ੧ ॥ ਰਹਾਉ ॥ ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥ ੨ ॥ ਪਾਰਬ੍ਰਹਮ ਅਪਰੰਪਰ[17] ਸੁਆਮੀ ॥ [18]ਸਗਲ ਘਟਾ ਕੇ ਅੰਤਰਜਾਮੀ ॥ ੩ ॥ ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥ ਨਾਨਕ ਨਾਮੁ ਮਿਲੈ ਸਚੁ ਰਾਸਿ ॥ ੪ ॥ ੬੪ ॥ ੧੩੩ ॥ ਗਉੜੀ ਮਹਲਾ ੫ ॥ ਕਣ[19] ਬਿਨਾ ਜੈਸੇ ਥੋਥਰ[20] ਤੁਖਾ[21] ॥ [22]ਨਾਮ ਬਿਹੂਨ ਸੂਨੇ ਸੇ ਮੁਖਾ ॥ ੧ ॥ ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥ ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ[23] ॥ ੧ ॥ ਰਹਾਉ ॥ ਨਾਮ ਬਿਨਾ ਨਾਹੀ ਮੁਖਿ ਭਾਗੁ ॥ ਭਰਤ[24] ਬਿਹੂਨ ਕਹਾ ਸੋਹਾਗੁ ॥ ੨ ॥ ਨਾਮੁ ਬਿਸਾਰਿ ਲਗੈ [25]ਅਨ ਸੁਆਇ ॥ ਤਾ ਕੀ ਆਸ ਨ ਪੂਜੈ[26] ਕਾਇ ॥ ੩ ॥ ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ ਨਾਨਕ ਨਾਮੁ

੧ ਛੋਹੇ ਗੁਰੂ ਦੇ ਚਰਨ।
੨ ਹੋਰ।
੩ ਰਿਦੇ ਦੇ ਅੰਦਰ ਰੱਖ।
੪ (ਤ੍ਰਿਸ਼ਨਾ ਦੀ) ਅੱਗ ਦਾ ਸਮੁੰਦਰ, ਭਾਵ ਇਹ ਸੰਸਾਰ।
੫ ਇਥੇ ਉਥੇ, ਲੋਕ ਪਰਲੋਕ ਵਿੱਚ।
੬ ਸਭ ਕੁਝ ਛੱਡ ਕੇ।
੭ [ਫ਼ਾਰਸੀ] ਫ਼ਿਕਰ, ਚਿੰਤਾ।
੮ ਹੇ ਮੇਰੇ ਮਨ! ਵਾਹਿਗੁਰੂ ਦੀ ਬਾਣੀ ਦਾ ਮੁੜ ਮੁੜ ਪਾਠ ਕਰ, ਇਹ ਬਾਣੀ ਸਾਧੂ ਜਨ (ਗੁਰੂ) ਨੇ ਆਪਣੀ ਜੀਭ ਨਾਲ ਰਾਮ ਦਾ ਨਾਮ ਕਰਕੇ ਉਚਾਰੀ ਹੈ।
੯ ਕਿਰਪਾ ਦੀ ਨਜ਼ਰ ਨਾਲ।
੧੦ ਸਾਥੀ।
੧੧ ਹਰੀ ਦਾ ਨਾਮ ਮਨ ਵਿੱਚ ਉੱਕਰ ਲੈ (ਭਾਵ ਦ੍ਰਿੜ ਕਰ ਲੈ) ।
੧੨ ਮਾਲਕ ਸਭ ਥਾਂ ਸਮਾਇਆ ਹੋਇਆ ਹੈ।
੧੩ ਵਾਹਿਗੁਰੂ ਅੰਤਰਜਾਮੀ ਦੇ ਗੁਣ ਨਾਨਕ ਗਾਉਂਦਾ ਹੈ।
੧੪ ਆਸਰਾ।
੧੫ ਤੇਰੀ ਸਰਣ ਵਿੱਚ ਹੋਇਆਂ ਡਰ ਨਹੀਂ ਲੱਗਦਾ।
੧੬ ਇਸ ਅੱਗ ਦੇ ਵੱਡੇ ਸਮੁੰਦਰ (ਭਾਵ ਸੰਸਾਰ) ਨੂੰ ਮਾਇਆ ਲੱਗਦੀ ਹੈ, ਭਾਵ ਇਸ ਸੰਸਾਰ ਨੂੰ ਤ੍ਰਿਸ਼ਨਾ ਦੀ ਅੱਗ ਲੱਗਦੀ ਹੈ। ਇਸ ਅੱਗ ਵਿੱਚ ਓਹ ਠੰਢੇ ਹਨ। ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ।
੧੭ ਪਰ੍ਹੇ ਤੋਂ ਪਰ੍ਹੇ!
੧੮ ਸਾਰੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ।
੧੯ ਦਾਣੇ।
੨੦ ਖਾਲੀ, ਥੋਥਾ।
੨੧. ਤੋਰ।
੨੨ ਇਸੇ ਤਰ੍ਹਾਂ ਨਾਮ ਤੋਂ ਬਿਨਾਂ ਜੋ ਮੂੰਹ ਹਨ। ਓਹ ਸੁੰਨੇ (ਅਫਲ) ਹਨ।
੨੩ ਦੂਜੇ ਦੀ, ਪਰਾਈ ਮੌਤ ਦੀ।
੨੪ ਭਰਤਾ, ਪਤੀ।
੨੫ ਹੋਰ ਸੁਆਰਥ ਜਾਂ ਪ੍ਰਯੋਜਨ ਵਿੱਚ। ਅਗਲੀ ਤੁਕ ਦਾ ਲਫ਼ਜ਼ 'ਆਸ' ਦੱਸਦਾ ਹੈ ਕਿ ਇਥੇ 'ਸੁਆਇ' ਤੋਂ ਭਾਵ ਸੁਆਰਥ ਹੀ ਹੈ, ਸਵਾਦ ਨਹੀਂ ਹੋ ਸਕਦਾ।
੨੬ ਪੁੱਜਦੀ। ਕੋਈ ਆਸ ਪੂਰੀ ਨਹੀਂ ਹੁੰਦੀ।

* ਦੁੱਖ ਮੰਨਣ ਜਾਂ ਖੁਸ਼ੀ ਮਨਾਉਣ ਵਿੱਚ ਆਣਾ ਜਾਣਾ ਬਣਿਆ ਰਹਿੰਦਾ ਹੈ। ਇਸ ਹਾਲਤ ਤੋਂ ਉਤਾਹਾਂ ਚੜ੍ਹ ਕੇ ਅਸਲੀ ਅਨੰਦ ਉਸ ਨੂੰ ਮਿਲਦਾ ਹੈ, ਜੋ ਵਾਹਿਗੁਰੂ ਦੀ ਪ੍ਰਸੰਨਤਾ ਹਾਸਲ ਕਰਦਾ ਹੈ।

ਜਪੈ ਦਿਨ ਰਾਤਿ ॥ ੪ ॥ ੬੫ ॥ ੧੩੪ ॥ ਗਉੜੀ ਮਹਲਾ ੫ ॥ ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥ ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ[੧] ॥ ੧ ॥ ਪਾਰਬ੍ਰਹਮ ਪੂਰਨ ਜਨ ਓਟ ॥ ਤੇਰੀ ਸਰਣਿ [੨]ਉਧਰਹਿ ਜਨ ਕੋਟਿ ॥ ੧ ॥ ਰਹਾਉ ॥ ਜੇਤੇ ਜੀਅ ਤੇਤੇ ਸਭਿ ਤੇਰੇ ॥ ਤੁਮਰੀ ਕ੍ਰਿਪਾ ਤੇ ਸੂਖ ਘਨੇਰੇ[੩] ॥ ੨ ॥ ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥ ੩ ॥ ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ[੪] ॥ ੪ ॥ ੬੬ ॥ ੧੩੫ ॥ ਗਉੜੀ ਮਹਲਾ ੫ ॥ ਤਾ ਕਾ ਦਰਸੁ ਪਾਈਐ ਵਡਭਾਗੀ ॥ ਜਾ ਕੀ ਰਾਮ ਨਾਮਿ ਲਿਵ ਲਾਗੀ ॥ ੧ ॥ ਜਾ ਕੈ ਹਰਿ ਵਸਿਆ ਮਨ ਮਾਹੀ[੫] ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥ ੧ ॥ ਰਹਾਉ ॥ ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾ ਕੈ ਸੰਗਿ ਕਿਲਵਿਖ[੬] ਦੁਖ ਜਾਹਿ ॥ ੨ ॥ ਜਨ ਕੀ ਮਹਿਮਾ ਕਥੀ ਨ ਜਾਇ ॥ [੭]ਪਾਰਬ੍ਰਹਮੁ ਜਨੁ ਰਹਿਆ ਸਮਾਇ ॥ ੩ ॥ ਕਰਿ ਕਿਰਪਾ [੮]ਪ੍ਰਭ ਬਿਨਉ ਸੁਨੀਜੈ ॥ ਦਾਸ ਕੀ ਧੂਰਿ ਨਾਨਕ ਕਉ ਦੀਜੈ ॥ ੪ ॥ ੬੭ ॥ ੧੩੬ ॥ ਗਉੜੀ ਮਹਲਾ ੫ ॥ ਹਰਿ ਸਿਮਰਤ ਤੇਰੀ ਜਾਇ ਬਲਾਇ ॥ [੯]ਸਰਬ ਕਲਿਆਣ ਵਸੈ ਮਨਿ ਆਇ ॥ ੧ ॥ ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥ ੧ ॥ ਰਹਾਉ ॥ [੧੦]ਰੈਣਿ ਦਿਨਸੁ ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ ਨਿਰਮਲ ਮੰਤਾ ॥ ੨ ॥ ਛੋਡਿ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥ ੩ ॥ [੧੧]ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ ॥ ੪ ॥ ੬੮ ॥ ੧੩੭ ॥ ਗਉੜੀ ਮਹਲਾ ੫ ॥ *ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ[੧੨] ॥ ੧ ॥ ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ ਮਿਲਿ ਸਾਧੂ ਹਰਿ ਨਾਮੁ ਧਿਆਈ ॥ ੧ ॥ ਰਹਾਉ ॥ ਦੁਲਭ ਦੇਹ ਹੋਈ ਪਰਵਾਨੁ ॥ ਸਤਿਗੁਰ ਤੇ ਪਾਇਆ [੧੩]ਨਾਮ ਨੀਸਾਨੁ ॥ ੨ ॥ ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥ ੩ ॥ [੧੪]ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥ ੪ ॥ ੬੯ ॥ ੧੩੮ ॥ ਗਉੜੀ ਮਹਲਾ ੫ ॥ ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ ਸਤਿਗੁਰ ਨਾਉ ॥ ੧ ॥ [੧੫]ਪਾਰਬ੍ਰਹਮ ਪੂਰਨ ਗੁਰਦੇਵ ॥ ਕਰਿ ਕਿਰਪਾ ਲਾਗਉ ਤੇਰੀ ਸੇਵ ॥ ੧ ॥ ਰਹਾਉ ॥ [੧੬]ਚਰਨ ਕਮਲ ਹਿਰਦੈ ਉਰ ਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥ ੨ ॥ ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ[੧੭] ਕਰਿ ਜਾਣੁ ॥ ੩ ॥ ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ [੧੮]ਗੁਰ ਭੇਟਤ

੧ ਅੰਦਰ ਦੀਆਂ ਜਾਨਣ ਵਾਲਾ।
੨ ਕ੍ਰੋੜਾਂ ਜਨ ਭਰਦੇ ਹਨ।
੩ ਬਹੁਤ।
੪ ਜੋ ਨਿਧੀਆਂ ਦਾ ਘਰ ਹੈ, ਭਾਵ ਹਰ ਭਰ੍ਹਾਂ ਦਾ ਖ਼ਜ਼ਾਨਾ ਹੈ।
੫ ਵਿੱਚ।
੬ ਪਾਪ।
੭ ਜਨ ਹਰੀ ਦਾ ਰੂਪ ਹੈ।
੮ ਹੇ ਪ੍ਰਭੂ! ਬੇਨਤੀ ਸੁਣੋ।
੯ ਸਭ ਅਨੰਦ ਮੰਗਲ।
੧੦ ਰਾਤ ਦਿਨ ਬੇਅੰਤ (ਹਰੀ) ਦੇ ਗੁਣ ਗਾਓ। ਪੂਰੇ ਗੁਰੂ ਦਾ ਪਵਿੱਤਰ ਉਪਦੇਸ਼ ਏਹੀ ਹੈ।
੧੧ ਕਠਨ ਸਮੁੰਦਰ, ਭਾਵ ਸੰਸਾਰ ਸਾਗਰ।
੧੨ ਸਾਨੂੰ ਤਾਰ ਦਿੱਤਾ।
੧੩ ਹਰੀ-ਨਾਮ ਦਾ ਨਿਸ਼ਾਨ (ਪ੍ਰਵਾਨਗੀ ਦੇ ਚਿੰਨ੍ਹ) ਵਜੋਂ ਮਿਲਿਆ।
੧੪ ਜਿੱਧਰ ਕਿਧਰੇ ਦੇਖਦਾ ਹਾਂ, ਉਧਰ ਹੀ ਉਹ ਹਰੀ ਸਮਾ ਰਿਹਾ ਹੈ।
੧੫ ਹੇ ਪਾਰਬ੍ਰਹਮ ਰੂਪ ਪੂਰੇ ਗੁਰੂ ਜੀ!
੧੬ ਗੁਰੂ ਦੇ ਕੰਵਲ ਰੂਪ ਚਰਨ ਆਪਣੇ ਦਿਲ ਦੇ ਅੰਦਰ ਵਸਾਵਾਂ। ਗੁਰੂ ਮੇਰੇ ਮਨ, ਤਨ, ਧਨ ਤੇ ਪ੍ਰਾਣਾਂ ਦਾ ਆਸਰਾ ਹੈ।
੧੭ ਨੇੜੇ।
੧੮ ਗੁਰੂ ਦੇ ਮਿਲਣ ਨਾਲ।

* ਦਿਲ ਵਿੱਚ ਪ੍ਰਭੂ ਦੇ ਕੰਵਲ ਵਰਗੇ ਚਰਨ ਵਸਾਏ, ਭਾਵ ਉਹਦੇ ਨਾਲ ਦਿਲੋਂ ਪਿਆਰ ਪਾਇਆ।

ਹਰਿ ਸਿਉ ਲਿਵ ਲਾਗੀ ॥ ੪ ॥ ੭੦ ॥ ੧੩੯ ॥ ਗਉੜੀ ਮਹਲਾ ੫ ॥ ਕਰੈ [੧]ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥ ੧ ॥ ਰਾਮੁ ਰਮੈ ਸੋਈ ਰਾਮਾਣਾ[੨] ॥ *ਜਲਿ ਥਲਿ ਮਹੀਅਲਿ ਏਕੁ ਸਮਾਣਾ ॥ ੧ ॥ ਰਹਾਉ ॥ [੩]ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥ ੨ ॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ [੪]ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥ ੩ ॥ ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ[੫] ॥ ੪ ॥ ੭੧ ॥ ੧੪੦ ॥ ਗਉੜੀ ਮਹਲਾ ੫ ॥ ਰਾਮ ਰੰਗੁ[੬] ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥ ੧ ॥ ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥ ੧ ॥ ਰਹਾਉ ॥ ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥ ੨ ॥ ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ [੭]ਆਨ ਰੰਗ ਫੀਕੇ ਸਭ ਮਾਇਆ ॥ ੩ ॥ ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥ ੪ ॥ ੭੨ ॥ ੧੪੧ ॥ ਗਉੜੀ ਮਹਲਾ ੫ ॥ ਸਿਮਰਤ ਸੁਆਮੀ ਕਿਲਵਿਖ[੮] ਨਾਸੇ ॥ [੯]ਸੂਖ ਸਹਜ ਆਨੰਦ ਨਿਵਾਸੇ ॥ ੧ ॥ ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ[੧੦] ॥ ੧ ॥ ਰਹਾਉ ॥ ਸਾਧਸੰਗਿ ਕਛੁ ਭਉ ਨ ਭਰਾਤੀ[੧੧] ॥ ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥ ੨ ॥ ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥ ੩ ॥ ਕਹੁ ਨਾਨਕ ਮਨਿ ਭਈ ਪਰਤੀਤਿ[੧੨] ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥ ੪ ॥ ੭੩ ॥ ੧੪੨ ॥ ਗਉੜੀ ਮਹਲਾ ੫ ॥ ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥ ੧ ॥ ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ[੧੩] ਸੋ ਜਨੁ ਸੂਰਾ ॥ ੧ ॥ ਰਹਾਉ ॥ ਜਾ ਕਉ ਭਏ ਕ੍ਰਿਪਾਲ ਗੁਸਾਈ[੧੪] ॥ ਸੇ ਜਨ ਲਾਗੇ ਗੁਰ ਕੀ ਪਾਈ ॥ ੨ ॥ [੯]ਸੂਖ ਸਹਜ ਸਾਂਤਿ ਆਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥ ੩ ॥ ਨਾਮ ਰਾਸਿ ਸਾਧਸੰਗਿ ਖਾਟੀ ॥ ਕਹੁ ਨਾਨਕ ਪ੍ਰਭਿ ਅਪਦਾ[੧੫] ਕਾਟੀ ॥ ੪ ॥ ੭੪ ॥ ੧੪੩ ॥ ਗਉੜੀ ਮਹਲਾ ੫ ॥ ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥ ੧ ॥ ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ[੧੬] ॥ ੧ ॥ ਰਹਾਉ ॥ ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥ ੨ ॥ ਕਾਮ ਕ੍ਰੋਧ ਲੋਭ ਮਦ[੧੭] ਖੋਏ ॥ ਸਾਧ ਕੈ ਸੰਗਿ ਕਿਲਬਿਖ[੮] ਸਭ ਧੋਏ ॥ ੩ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ

੧ ਦੁਰਕਰਮ, ਖੋਟੇ ਕਰਮ।
੨ ਰਾਮ ਦਾ। ਜੋ ਵਾਹਿਗੁਰੂ ਨੂੰ ਜਪਦਾ ਹੈ, ਉਹ ਉਸੇ ਦਾ ਹੈ।
੩ ਅੰਦਰ ਤਾਂ ਜ਼ਹਿਰ ਹੈਸੂ, ਪਰ ਮੂੰਹੋਂ ਮਿੱਠੀਆਂ ਮਿੱਠੀਆਂ ਗੱਲਾਂ ਸੁਣਾਂਦਾ ਹੈ।
੪ ਥੋੜ੍ਹੇ ਚਿਰ ਵਿੱਚ ਹੀ ਉਹ (ਮਾੜੇ ਕੰਮ) ਸਾਰੇ ਸੰਸਾਰ 'ਤੇ ਜ਼ਾਹਰ ਹੋ ਜਾਂਦੇ ਹਨ।
੫ ਸਾਡੇ ਭਾਗ ਬਣਾਉਣ ਵਾਲਾ, ਹਰੀ।
੬ ਪਿਆਰ।
੭ ਹੋਰ ਰੰਗ ਮਾਇਆ ਦੇ ਸਾਰੇ ਕੱਚੇ ਹਨ।
੮ ਪਾਪ।
੯ ਦੇਖੋ ਪੰਨਾ ੧੦੪, ਨੋਟ ੬।
੧੦ ਫ਼ਿਕਰ।
੧੧ ਭਰਮ।
੧੨ ਨਿਸਚਾ, ਯਕੀਨ।
੧੩ [ਫ਼ਾਰਸੀ ਤੋਂ] ਇੱਜ਼ਤ ਜਾਂ ਮਾਣ ਦੇਵੇ।
੧੪ ਮਾਲਕ, ਵਾਹਿਗੁਰੂ।
੧੫ ਵਿਪਦਾ, ਮੁਸੀਬਤ।
੧੬ ਹੇ ਪਿਆਰੀ ਜੀਭ!
੧੭ ਹੰਕਾਰ।

* ਜਲ ਵਿੱਚ, ਸੁੱਕੀ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿੱਚਕਾਰ ਜੋ ਥਾਂ ਹੈ, ਉਸ ਵਿੱਚ।

ਸਾਧ ਰਵਾਲਾ[੧] ॥ ੪ ॥ ੭੫ ॥ ੧੪੪ ॥ ਗਉੜੀ ਮਹਲਾ ੫ ॥ ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ[੨] ॥ ੧ ॥ ਖਸਮੁ ਬਿਸਾਰਿ ਆਨ[੩] ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥ ੧ ॥ ਰਹਾਉ ॥ ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ[੪] ਸਲਾਮੁ ਕਰਤ ਕਤ ਸੋਭਾ ॥ ੨ ॥ ਅੰਮ੍ਰਿਤ ਰਸੁ ਖਾਵਹਿ ਖਾਨ ਪਾਨ[੫] ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ[੬] ॥ ੩ ॥ ਕਹੁ ਨਾਨਕ ਹਮ [੭]ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ[੮] ॥ ੪ ॥ ੭੬ ॥ ੧੪੫ ॥ ਗਉੜੀ ਮਹਲਾ ੫ ॥ *ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥ ੧ ॥ [੯]ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ[੧੦] ਜਨਮ ਕੀ ਮਲੁ ਲਹਿ ਜਾਈ ॥ ੧ ॥ ਰਹਾਉ ॥ ਹਰਿ ਕੀ ਕਥਾ ਰਿਦ ਮਾਹਿ ਬਸਾਈ ॥ [੧੧]ਮਨ ਬਾਂਛਤ ਸਗਲੇ ਫਲ ਪਾਈ ॥ ੨ ॥ ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥ ੩ ॥ ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ[੧੨] ॥ ੪ ॥ ੭੭ ॥ ੧੪੬ ॥ ਗਉੜੀ ਮਹਲਾ ੫ ॥ ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ [੧੩]ਜੋਹਹਿ ਦੂਤ ਧਰਮਰਾਇ ॥ ੧ ॥ [੧੪]ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥ ੧ ॥ ਰਹਾਉ ॥ ਸਾਕਤ[੧੫] ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ [੧੬]ਸਗਲ ਬਿਪਰੀਤਿ ॥ ੨ ॥ ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥ ੩ ॥ ਬਧੇ ਬਿਕਾਰ ਲਿਖੇ ਬਹੁ ਕਾਗਰ[੧੭] ॥ ਨਾਨਕ ਉਧਰੁ[੧੮] ਕ੍ਰਿਪਾ ਸੁਖ ਸਾਗਰ ॥ ੪ ॥ ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥ ੧ ॥ ਰਹਾਉ ਦੂਜਾ ॥ ੭੮ ॥ ੧੪੭ ॥ ਗਉੜੀ ਮਹਲਾ ੫ ॥ [੧੯]ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥ ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥ ਅਪੁਨੈ ਸੁਆਇ[੨੦] ਰਿਦੈ ਲੈ ਧਾਰਿਆ ॥ ਦੂਖ ਦਰਦ ਰੋਗ [੨੧]ਸਗਲ ਬਿਦਾਰਿਆ ॥ ੨ ॥ [੨੨]ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥ ਅਨਿਕ ਬਾਰ ਨਾਨਕ ਬਲਿਹਾਰਾ ॥ [੨੩]ਸਫਲ ਦਰਸਨੁ ਗੋਬਿੰਦੁ ਹਮਾਰਾ ॥ ੪ ॥ ੭੯ ॥ ੧੪੮ ॥ ਗਉੜੀ ਮਹਲਾ ੫ ॥ ਕੋਟਿ ਬਿਘਨ ਹਿਰੇ[੨੪] ਖਿਨ ਮਾਹਿ ॥ ਹਰਿ ਹਰਿ ਕਥਾ ਸਾਧਸੰਗਿ ਸੁਨਾਹਿ[੨੫] ॥ ੧ ॥ ਪੀਵਤ ਰਾਮ ਰਸੁ [੨੬]ਅੰਮ੍ਰਿਤ ਗੁਣ ਜਾਸੁ ॥ ਜਪਿ ਹਰਿ ਚਰਣ ਮਿਟੀ ਖੁਧਿ[੨੭] ਤਾਸੁ[੨੮] ॥ ੧ ॥ ਰਹਾਉ ॥ [੨੯]ਸਰਬ ਕਲਿਆਣ ਸੁਖ ਸਹਜ ਨਿਧਾਨ ॥ ਜਾ ਕੈ ਰਿਦੈ

1-195

੧ ਧੂੜੀ।
੨ ਹੇ ਮਾਂ!
੩ ਹੋਰ।
੪ (ਮਾਲਕ ਨੂੰ ਛੱਡ ਕੇ) ਉਸ ਦੀ ਦਾਸੀ (ਮਾਇਆ) ਨੂੰ।
੫ ਪੀਣ ਵਾਲੀਆਂ ਚੀਜ਼ਾਂ।
੬ ਹੇ ਕੁੱਤੇ!
੭ ਮਾਲਕ ਦਾ ਲੂਣ ਖਾ ਕੇ ਉਸ ਦਾ ਕੀਤਾ ਨਾ ਜਾਨਣ ਵਾਲਾ, ਨਾਸ਼ੁਕਰਾ, ਕ੍ਰਿਤਘਣ।
੮ ਅੰਦਰ ਦੀਆਂ ਜਾਨਣ ਵਾਲਾ।
੯ ਹਰ ਰੋਜ਼।
੧੦ ਕੂੜ।
੧੧ ਮਨ-ਮੰਗੇ ਸਾਰੇ ਫਲ।
੧੨ ਚਰਨ-ਧੂੜੀ।
੧੩ ਧਰਮ ਰਾਜ ਦੇ ਦੂਤ ਤਾੜਦੇ ਹਨ (ਮਾਰਨ ਲਈ)।
੧੪ ਜਿਸ ਨੇ ਜੀਵ ਤੇ ਸਰੀਰ ਦਿੱਤਾ ਹੈ, ਉਸ ਤੋਂ ਉਲਟ ਚੱਲਣ ਵਾਲਾ ਕ੍ਰੋੜਾਂ ਜਨਮਾਂ ਤੇ ਬਹੁਤ ਜੂਨਾਂ ਵਿੱਚ ਭਉਂਦਾ ਹੈ।
੧੫ [ਸ਼ਕਤੀ ਦਾ ਉਪਾਸ਼ਕ] ਮਾਇਆ ਪਿੱਛੇ ਲੱਗਾ ਹੋਇਆ।
੧੬ ਸਾਰੀ ਉਲਟੀ ਰੀਤ ਹੀ ਹੁੰਦੀ ਹੈ।
੧੭ ਕਾਗ਼ਜ਼, ਦਫ਼ਤਰ। ਇੰਨੇ ਵਿਕਾਰ ਵਧੇ ਹਨ ਕਿ ਦਫ਼ਤਰ ਲੇਖੇ ਦੇ ਲਿਖੇ ਗਏ ਹਨ।
੧੮ ਤਰ ਜਾਓ (ਸੁਖ ਦੇ ਸਮੁੰਦਰ ਹਰੀ ਦੀ ਕਿਰਪਾ ਦੁਆਰਾ)।
੧੯ ਭਾਵੇਂ ਕਿਸੇ ਨੇ ਆਪਣੇ ਮਤਲਬ ਲਈ ਹਰੀ ਨੂੰ ਮਿੱਤਰ ਬਣਾਇਆ ਹੈ, (ਫਿਰ ਭੀ ਹਰੀ ਐਸਾ ਉਦਾਰ-ਚਿਤ ਹੈ ਕਿ) ਉਸ ਦੀਆਂ ਸਾਰੀਆਂ ਭਾਉਣੀਆਂ ਪੂਰੀਆਂ ਕਰ ਦਿੱਤੀਆਂ, ਬਲਕਿ ਮੁਕਤੀ ਦੀ ਪਦਵੀ ਵੀ ਦੇ ਦਿੱਤੀ।
੨੦ ਮਤਲਬ ਲਈ।
੨੧ ਸਾਰੇ ਦੂਰ ਕਰ ਦਿੱਤੇ।
੨੨ ਜਿਸ ਦੀ ਜੀਭ ਰਾਮ ਨਾਮ ਦੇ ਉਚਾਰਨ ਵਿੱਚ ਗਿਝ ਗਈ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਗਏ।
੨੩ ਜਿਸ ਦਾ ਦਰਸ਼ਨ ਫਲ ਤੋਂ ਖਾਲੀ ਨਹੀਂ। 'ਅਮੋਘ ਦਰਸ਼ਨ' ਭੀ ਇਸੇ ਨੂੰ ਕਹਿੰਦੇ ਹਨ।
੨੪ ਦੂਰ ਹੋਏ।
੨੫ ਸੁਣੀ (ਜਿਸ ਨੇ)।
੨੬ ਜਿਸ ਦੇ ਗੁਣ ਅੰਮ੍ਰਿਤ ਹਨ।
੨੭ ਭੁੱਖ।
੨੮ ਤ੍ਰੇਹ, ਪਿਆਸ।
੨੯ ਸਾਰੀਆਂ ਮੁਕਤੀਆਂ, ਅਤੋਲ ਸੁਖਾਂ ਦੇ ਖ਼ਜ਼ਾਨੇ (ਉਸ ਕੋਲ ਹੋ ਜਾਂਦੇ ਹਨ)। 'ਸੁਖ ਸਹਜ' ਲਈ ਦੇਖੋ ਪੰਨਾ ੧੦੪, ਨੋਟ ੬।

* ਵਾਹਿਗੁਰੂ ਦੇ ਚਰਨਾਂ ਦਾ ਦਿਲ ਵਿੱਚ ਧਿਆਨ ਕਰਨਾ ਹੀ ਸਾਰੇ ਤੀਰਥਾਂ ਦਾ ਤੇ ਪੁਰਬੀਆਂ ਦਾ ਇਸ਼ਨਾਨ ਹੈ।

ਵਸਹਿ ਭਗਵਾਨ ॥ ੨ ॥ [1]ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥ ੩ ॥ ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥ ੪ ॥ ੮੦ ॥ ੧੪੯ ॥ ਗਉੜੀ ਮਹਲਾ ੫ ॥ ਕਰਿ ਕਿਰਪਾ ਭੇਟੇ[2] ਗੁਰ ਸੋਈ ॥ [3]ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥ ੧ ॥ ਰਾਮ [4]ਰਮਣ ਤਰਣ ਭੈ ਸਾਗਰ ॥ [5]ਸਰਣਿ ਸੂਰ ਫਾਰੇ ਜਮ ਕਾਗਰ ॥ ੧ ॥ ਰਹਾਉ ॥ ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ[6] ਪੂਰਨ ਭਏ ਕਾਮ ॥ ੨ ॥ ਜਪ ਤਪ ਸੰਜਮ[7] ਪੂਰੀ ਵਡਿਆਈ ॥ ਗੁਰ ਕਿਰਪਾਲ ਹਰਿ ਭਏ ਸਹਾਈ ॥ ੩ ॥ ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ[8] ਪਾਰਬ੍ਰਹਮ ॥ ੪ ॥ ੮੧ ॥ ੧੫੦ ॥ ਗਉੜੀ ਮਹਲਾ ੫ ॥ [9]ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥ ੧ ॥ ਤੇਰੇ ਦਾਸ ਕਉ ਤੁਹੀ ਵਡਿਆਈ ॥ [10]ਮਾਇਆ ਮਗਨੁ ਨਰਕਿ ਲੈ ਜਾਈ ॥ ੧ ॥ ਰਹਾਉ ॥ [11]ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥ ੨ ॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ [12]ਆਨ ਸੁਖਾ ਨਹੀ ਆਵਹਿ ਚੀਤਿ ॥ ੩ ॥ ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ[13] ॥ ੪ ॥ ੮੨ ॥ ੧੫੧ ॥ ਗਉੜੀ ਮਹਲਾ ੫ ॥ ਆਠ ਪਹਰ ਸੰਗੀ ਬਟਵਾਰੇ[14] ॥ ਕਰਿ ਕਿਰਪਾ [15]ਪ੍ਰਭਿ ਲਏ ਨਿਵਾਰੇ ॥ ੧ ॥ ਐਸਾ ਹਰਿ ਰਸੁ ਰਮਹੁ[16] ਸਭੁ ਕੋਇ ॥ *ਸਰਬ ਕਲਾ ਪੂਰਨ ਪ੍ਰਭੁ ਸੋਇ ॥ ੧ ॥ ਰਹਾਉ ॥ ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ[17] ਮਹਿ ਪਾਰਿ ਉਤਾਰਣਹਾਰ ॥ ੨ ॥ ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥ ੩ ॥ ਉਕਤਿ[18] ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥ ੪ ॥ ੮੩ ॥ ੧੫੨ ॥ ਗਉੜੀ ਮਹਲਾ ੫ ॥ ਥਾਤੀ[19] ਪਾਈ ਹਰਿ ਕੋ ਨਾਮ ॥ ਬਿਚਰੁ[20] ਸੰਸਾਰ ਪੂਰਨ ਸਭਿ ਕਾਮ ॥ ੧ ॥ ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥ ੧ ॥ ਰਹਾਉ ॥ ਹਰਿ ਕੇ ਚਰਣ [21]ਹਿਰਦੈ ਉਰਿ ਧਾਰਿ ॥ [22]ਭਵ ਸਾਗਰੁ ਚੜਿ ਉਤਰਹਿ ਪਾਰਿ ॥ ੨ ॥ ਸਾਧੂ ਸੰਗੁ ਕਰਹੁ ਸਭੁ ਕੋਇ ॥ ਸਦਾ ਕਲਿਆਣ[23] ਫਿਰਿ ਦੂਖੁ ਨ ਹੋਇ ॥ ੩ ॥ ਪ੍ਰੇਮ ਭਗਤਿ ਭਜੁ [24]ਗੁਣੀ ਨਿਧਾਨੁ ॥ ਨਾਨਕ ਦਰਗਹ ਪਾਈਐ ਮਾਨੁ ॥ ੪ ॥ ੮੪ ॥ ੧੫੩ ॥ ਗਉੜੀ ਮਹਲਾ ੫ ॥ [25]ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ ਭ੍ਰਮ ਬਿਨਸੇ ਗਾਏ ਗੁਣ ਨੀਤ ॥ ੧ ॥ ਊਠਤ ਸੋਵਤ [26]ਹਰਿ ਸੰਗਿ ਪਹਰੂਆ ॥ ਜਾ ਕੈ ਸਿਮਰਣਿ [27]ਜਮ ਨਹੀ ਡਰੂਆ ॥ ੧ ॥ ਰਹਾਉ ॥ ਚਰਣ

IJ-125

੧ ਦਵਾਈਆਂ, ਮੰਤਰ ਤੇ ਟੂਣੇ ਸਭ ਸੁਆਹ ਹਨ, ਭਾਵ ਤੁਛ ਹਨ।
੨ ਮਿਲੇ।
੩ ਤਿਸ ਗੁਰੂ ਦੇ ਬਲ ਕਰਕੇ, ਪਰਤਾਪ ਕਰਕੇ।
੪ ਸਿਮਰਨ ਨਾਲ ਭਵ ਸਾਗਰ ਤੋਂ ਤਰਨਾ ਹੁੰਦਾ ਹੈ।
੫ ਗੁਰੂ ਸੂਰਮੇ ਦੀ ਸ਼ਰਨ ਵਿੱਚ ਜਮਾਂ ਦੇ ਲੇਖੇ ਪਾੜ ਦਿੱਤੇ ਹਨ।
੬ ਆਸਰੇ।
੭ ਮਨ ਨੂੰ ਮੰਦੀਆਂ ਵਾਸ਼ਨਾਂ ਵਲੋਂ ਰੋਕਣ ਦਾ ਕੰਮ। ਜਪ, ਤਪ, ਸੰਜਮ ਦੀ ਕਮਾਈ ਦੀ ਪੂਰੀ ਵਡਿਆਈ ਮਿਲ ਗਈ, ਜਦ ਹਰੀ ਨੇ ਮੱਦਦ ਕੀਤੀ ਤੇ ਗੁਰੂ ਦੀ ਕਿਰਪਾ ਹੋਈ।
੮ ਵਿਆਪਕ। ਹੇ ਨਾਨਕ! ਸਭ ਥਾਂ ਹਰੀ ਨੂੰ ਵਿਆਪਕ ਵੇਖ।
੯ ਵਿਸ਼ੱਈ ਰਾਜੇ ਦੇ ਮੁਕਾਬਲੇ 'ਤੇ ਅੰਨ੍ਹਾ ਆਦਮੀ ਚੰਗਾ ਹੈ; ਕਿਉਂਕਿ ਅੰਨ੍ਹਾ ਆਦਮੀ ਦੁੱਖ ਲੱਗਣ 'ਤੇ ਰੱਬ ਦਾ ਨਾਂ ਤਾਂ ਚੇਤੇ ਕਰਦਾ ਹੈ। (ਰਹਾਉ ਤੋਂ ਬਾਅਦ ਆਉਣ ਵਾਲੀ ਤੁਕ ਭੀ ਇਹੋ ਕਹਿੰਦੀ ਹੈ)
੧੦ ਮਾਇਆ ਦੀ ਮਸਤੀ। ਦੇਖੋ ਪੰ: ੧੯੫, ਨੋਟ ੧੭।
੧੧ ਰੋਗ ਵਿੱਚ ਗ੍ਰਸਿਆ ਹੋਇਆ ਆਦਮੀ ਰੱਬ ਦਾ ਨਾਂ ਲੈਂਦਾ ਹੈ, ਪਰ ਵਿਸ਼ੇ ਵਿੱਚ ਮਸਤ ਹੋਏ ਦਾ ਕੋਈ ਠਿਕਾਣਾ ਈ ਨਹੀਂ।
੧੨ ਹੋਰ ਸੰਸਾਰਕ ਸੁਖ।
੧੩ ਅੰਦਰ ਦੀਆਂ ਜਾਨਣ ਵਾਲੇ ਨੂੰ।
੧੪ ਡਾਕੂ (ਕਾਮ, ਕ੍ਰੋਧ ਆਦਿ)।
੧੫ ਪ੍ਰਭੂ ਨੇ ਬਚਾ ਲਏ।
੧੬ ਮਾਣੋਂ।
੧੭ ਥੋੜ੍ਹਾ ਜਿਹਾ ਸਮਾਂ।
੧੮ ਯੁਕਤੀਆਂ, ਦਲੀਲਾਂ।
੧੯ ਪੂੰਜੀ, ਰਾਸ।
੨੦ ਵਿਚਰ, ਫਿਰ। ਸੰਸਾਰ ਵਿਚ ਨਿਸ਼ੰਗ ਹੋ ਕੇ ਫਿਰ; ਤੇਰੇ ਸਾਰੇ ਕੰਮ ਰਾਸ ਹੋ ਜਾਣਗੇ, (ਜਿਵੇਂ ਧਨੀ ਆਦਮੀ ਦੇ ਕੰਮ ਰਾਸ ਹੋ ਜਾਂਦੇ ਹਨ)।
੨੧ ਦਿਲ ਦੇ ਅੰਦਰ ਰੱਖ।
੨੨ ਹਸਤੀ ਦਾ ਸਮੁੰਦਰ, ਸੰਸਾਰ। ਹਰੀ ਚਰਨਾਂ ਦਾ ਜਹਾਜ਼ ਬਣਾ, ਤੇ ਉਨ੍ਹਾਂ ਉੱਤੇ ਚੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾ।
੨੩ ਸੁਖ।
੨੪ ਗੁਣਾਂ ਦੇ ਖ਼ਜ਼ਾਨੇ (ਹਰੀ) ਨੂੰ।
੨੫ ਜਲ ਵਿੱਚ, ਖ਼ੁਸ਼ਕ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿੱਚਕਾਰ।
੨੬ ਹਰੀ ਸਾਡੇ ਨਾਲ ਪਹਿਰੇਦਾਰ ਹੈ।
੨੭ ਜਮਾਂ ਦਾ ਡਰ ਨਹੀਂ।

* ਜਿਸ ਵਿੱਚ ਸਾਰੀਆਂ ਕਲਾਂ ਸੰਪੂਰਨ ਹੋਣ। 'ਕਲਾ' ਤੋਂ ਭਾਵ ਹੁਨਰ, ਗਿਆਨ ਆਦਿ ਦੀਆਂ ਤਾਕਤਾਂ ਹਨ।

ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥ ੨ ॥ ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥ ੩ ॥ [੧]ਮਹਾ ਗਰੀਬ ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ ਦੇ ਹਾਥ ॥ ੪ ॥ ੮੫ ॥ ੧੫੪ ॥ ਗਉੜੀ ਮਹਲਾ ੫ ॥ [੨]ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ ਕੋਟਿ ਗ੍ਰਹਣ ਪੁੰਨ ਫਲ ਮੂਚੇ[੩] ॥ ੧ ॥ ਰਹਾਉ ॥ ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲਵਿਖ[੪] ਨਸੇ ॥ ੧ ॥ ਸਾਧਸੰਗਿ ਕੀਰਤਨ ਫਲੁ ਪਾਇਆ ॥ ਜਮ ਕਾ ਮਾਰਗੁ [੫]ਦ੍ਰਿਸਟਿ ਨ ਆਇਆ ॥ ੨ ॥ [੬]ਮਨ ਬਚ ਕ੍ਰਮ ਗੋਵਿੰਦ ਅਧਾਰੁ ॥ ਤਾ ਤੇ ਛੁਟਿਓ ਬਿਖੁ ਸੰਸਾਰੁ ॥ ੩ ॥ ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ ਨਾਨਕ ਜਾਪੁ ਜਪੇ ਹਰਿ ਜਪਨਾ ॥ ੪ ॥ ੮੬ ॥ ੧੫੫ ॥ ਗਉੜੀ ਮਹਲਾ ੫ ॥ ਪਉ ਸਰਣਾਈ ਜਿਨਿ ਹਰਿ ਜਾਤੇ ॥ ਮਨੁ ਤਨੁ ਸੀਤਲੁ[੭] ਚਰਣ ਹਰਿ ਰਾਤੇ ॥ ੧ ॥ [੮]ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ ਡਰਪਤ ਡਰਪਤ ਜਨਮ ਬਹੁਤੁ ਜਾਹੀ ॥ ੧ ॥ ਰਹਾਉ ॥ ਜਾ ਕੈ ਰਿਦੈ ਬਸਿਓ ਹਰਿ ਨਾਮ ॥ ਸਗਲ[੯] ਮਨੋਰਥ ਤਾ ਕੇ ਪੂਰਨ ਕਾਮ ॥ ੨ ॥ [੧੦]ਜਨਮੁ ਜਰਾ[੧੧] ਮਿਰਤੁ ਜਿਸੁ ਵਾਸਿ[੧੨] ॥ ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥ ੩ ॥ ਮੀਤੁ ਸਾਜਨੁ ਸਖਾ[੧੩] ਪ੍ਰਭੁ ਏਕ ॥ ਨਾਮੁ ਸੁਆਮੀ ਕਾ ਨਾਨਕ ਟੇਕ ॥ ੪ ॥ ੮੭ ॥ ੧੫੬ ॥ ਗਉੜੀ ਮਹਲਾ ੫ ॥ *ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਵਿੰਦੁ ਲੈ ਨਾਲਿ ॥ ੧ ॥ ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ ਰਾਮ ਕੈ ਰੰਗਿ ॥ ੧ ॥ ਰਹਾਉ ॥ [੧੪]ਗੁਰ ਪਰਸਾਦੀ ਸਾਗਰੁ ਤਰਿਆ ॥ ਜਨਮ ਜਨਮ ਕੇ ਕਿਲਵਿਖ[੪] ਸਭਿ ਹਿਰਿਆ[੧੫] ॥ ੨ ॥ ਸੋਭਾ ਸੁਰਤਿ ਨਾਮਿ ਭਗਵੰਤੁ[੧੬] ॥ [੧੭]ਪੂਰੇ ਗੁਰ ਕਾ ਨਿਰਮਲ ਮੰਤੁ ॥ ੩ ॥ ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥ ੪ ॥ ੮੮ ॥ ੧੫੭ ॥ ਗਉੜੀ ਮਹਲਾ ੫ ॥ ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ [੧੮]ਕੁਸਲ ਖੇਮ ਪ੍ਰਭਿ ਆਪਿ ਬਸਾਏ ॥ ੧ ॥ ਰਹਾਉ ॥ ਬਿਪਤਿ[੧੯] ਤਹਾ ਜਹਾ ਹਰਿ ਸਿਮਰਨੁ ਨਾਹੀ ॥ ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥ ੧ ॥ ਹਰਿ ਬਿਸਰਿਐ ਦੁਖ ਰੋਗ ਘਨੇਰੇ[੨੦] ॥ ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥ ੨ ॥ ਸੋ ਵਡਭਾਗੀ ਨਿਹਚਲ ਥਾਨੁ ॥ ਜਹ ਜਪੀਐ ਪ੍ਰਭ ਕੇਵਲ ਨਾਮੁ ॥ ੩ ॥ ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ ਨਾਨਕ ਕਉ ਮਿਲਿਆ ਅੰਤਰਜਾਮੀ[੨੧] ॥ ੪ ॥ ੮੯ ॥ ੧੫੮ ॥ ਗਉੜੀ ਮਹਲਾ ੫ ॥ ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ [੨੨]ਪਰਮ ਗਤਿ ਪਾਵੈ ॥ ੧ ॥ ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥ ੧ ॥ ਰਹਾਉ ॥

111-1४1

੧ ਅਸੀਂ ਸਾਧੂ (ਗੁਰੂ) ਦੇ ਸੇਵਕ ਅਤੀ ਗ਼ਰੀਬ ਨਿਰਾਸਰੇ ਸਾਂ, ਪਰ ਪ੍ਰਭੂ ਨੇ ਹੱਥ ਦੇ ਕੇ ਰੱਖ ਲਏ।

੨ ਹਰੀ-ਨਾਮ ਵਿੱਚ ਇਸ਼ਨਾਨ ਕਰਕੇ ਸੁੱਚੇ ਹੋਏ ਹਾਂ। ਮਜਨੁ=ਗ੍ਰਹਣ ਆਦੀ ਪੁਰਬੀਆਂ ਉੱਤੇ ਕੀਤਾ ਇਸ਼ਨਾਨ। ਉਨ੍ਹਾਂ ਮੌਕਿਆਂ ਉਤੇ ਲੋਕੀਂ ਪੁੰਨ ਭੀ ਬਹੁਤ ਕਰਦੇ ਹਨ।

੩ ਬਹੁਤ, ਵਧੀਕ। ਇਹ ਇਸ਼ਨਾਨ ਕ੍ਰੋੜਾਂ ਗ੍ਰਹਣਾਂ ਦੇ ਪੁੰਨਾਂ ਦੇ ਫਲਾਂ ਤੋਂ ਵਧੀਕ ਹੈ।

੪ ਪਾਪ।

੫ ਨਜ਼ਰੀ ਨਾ ਆਇਆ, ਗੁੰਮ ਹੋ ਗਿਆ।

੬ ਜਿਸ ਦਾ ਮਨ ਕਰਕੇ, ਬਚਨ ਕਰਕੇ ਤੇ ਕਰਮ ਕਰਕੇ ਹਰੀ ਦਾ ਹੀ ਆਸਰਾ ਹੈ, ਉਸ ਤੋਂ ਛੁਟ ਗਿਆ ਹੈ ਜ਼ਹਿਰ ਰੂਪ ਸੰਸਾਰ।

੭ ਠੰਢਾ।

੮ ਡਰ ਦੇ ਤੋੜਨ ਵਾਲਾ।

੯ ਸਾਰੇ।

੧੦ ਸਾਡਾ ਜੰਮਣਾ, ਬੁੱਢੇ ਹੋਣਾ ਤੇ ਮਰਣਾ ਜਿਸ ਹਰੀ ਦੇ ਵੱਸ ਹੈ, ਉਸ ਤਾਕਤਾਂ ਵਾਲੇ ਨੂੰ ਸਾਹ ਲੈਂਦਿਆਂ ਤੇ ਰੋਟੀ ਖਾਂਦਿਆਂ ਯਾਦ ਕਰ।

੧੧ ਬੁਢੇਪਾ।

੧੨ ਵੱਸ ਵਿੱਚ।

੧੩ ਸਾਥੀ।

੧੪ ਗੁਰੂ ਦੀ ਕਿਰਪਾ ਨਾਲ।

੧੫ ਦੂਰ ਹੁੰਦੇ ਹਨ।

੧੬ ਭਾਗਾਂ ਵਾਲਾ। ਨਾਮ ਦੁਆਰਾ ਸੋਭਾ ਬਣਦੀ ਹੈ, ਉੱਚੀ ਸੁਰਤ ਉਪਜਦੀ ਹੈ ਤੇ ਚੰਗੇ ਭਾਗਾਂ ਵਾਲਾ ਹੋਈਦਾ ਹੈ। ਇਥੇ 'ਭਗਵੰਤ ਦਾ ਨਾਮ' ਅਰਥ ਨਹੀਂ ਹੋ ਸਕਦਾ, ਕਿਉਂਕਿ 'ਭਗਵੰਤੁ' ਦੇ ਅੰਤ ਔਂਕੜ ਹੈ, ਮੁਕਤਾ ਨਹੀਂ।

੧੭ ਇਹੋ ਪੂਰੇ ਗੁਰੂ ਦਾ ਪਵਿੱਤਰ ਉਪਦੇਸ਼ ਹੈ।

੧੮ ਖ਼ੈਰ ਖ਼ੈਰੀਅਤ, ਸੁਖ ਅਨੰਦ।

੧੯ ਵਿਪਦਾ, ਮੁਸੀਬਤ।

੨੦ ਬਹੁਤੇ।

੨੧ ਅੰਦਰ ਦੀਆਂ ਜਾਨਣ ਵਾਲਾ।

੨੨ ਸਭ ਤੋਂ ਉੱਚੀ ਹਾਲਤ, ਜਿਥੇ ਤੱਕ ਮਨੁੱਖ ਉੱਨਤੀ ਕਰਦਾ-ਕਰਦਾ ਪਹੁੰਚ ਸਕਦਾ ਹੈ, ਵਾਹਿਗੁਰੂ ਨਾਲ ਅਭੇਦਤਾ।

* ਸੰਤਾਂ ਨੇ ਗੋਵਿੰਦ ਨੂੰ ਘਰ ਤੋਂ ਬਾਹਰ ਹੁੰਦਿਆਂ ਯਾਦ ਵਿੱਚ ਸਮ੍ਹਾਲ ਕੇ ਰੱਖਿਆ। ਜਦ ਘਰ ਆਏ ਤਾਂ ਭੀ ਨਾਲ ਹੀ ਲੈ ਆਏ; ਭਾਵ ਇਹ ਹੈ ਕਿ ਘਰ ਬਾਹਰ ਹਰ ਥਾਂ ਹਰੀ ਨੂੰ ਨਾਲ ਰੱਖਦੇ ਹਨ।

ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥ ੨ ॥
[੧]ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥
੩ ॥ ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗ ॥
੪ ॥ ੯੦ ॥ ੧੫੯ ॥ ਗਉੜੀ ਮਹਲਾ ੫* ॥ ਹਰਿ ਕੇ ਦਾਸ ਸਿਉ ਸਾਕਤ[੨]
ਨਹੀ ਸੰਗੁ ॥ ਓਹੁ ਬਿਖਈ[੩] ਓਸੁ ਰਾਮ ਕੋ ਰੰਗੁ ॥ ੧ ॥ ਰਹਾਉ ॥ [੪]ਮਨ
ਅਸਵਾਰ ਜੈਸੇ ਤੁਰੀ[੫] ਸੀਗਾਰੀ ॥ ਜਿਉ ਕਾਪੁਰਖੁ[੬] ਪੁਚਾਰੈ[੭] ਨਾਰੀ ॥ ੧ ॥
ਬੈਲ ਕਉ ਨੇਤ੍ਰਾ[੮] ਪਾਇ ਦੁਹਾਵੈ[੯] ॥ ਗਊ ਚਰਿ ਸਿੰਘ[੧੦] ਪਾਛੈ ਪਾਵੈ ॥ ੨ ॥
[੧੧]ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥ ੩ ॥
ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥ ੪ ॥
੯੧ ॥ ੧੬੦ ॥ ਗਉੜੀ ਮਹਲਾ ੫ ॥ ਸਾ ਮਤਿ ਨਿਰਮਲ ਕਹੀਅਤ ਧੀਰ[੧੨] ॥
ਰਾਮ [੧੩]ਰਸਾਇਣੁ ਪੀਵਤ ਬੀਰ ॥ ੧ ॥ ਹਰਿ ਕੇ ਚਰਣ ਹਿਰਦੈ ਕਰਿ ਓਟ ॥
ਜਨਮ ਮਰਣ ਤੇ ਹੋਵਤ ਛੋਟ ॥ ੧ ॥ ਰਹਾਉ ॥ ਸੋ ਤਨੁ ਨਿਰਮਲੁ ਜਿਤੁ ਉਪਜੈ
ਨ ਪਾਪੁ ॥ [੧੪]ਰਾਮ ਰੰਗਿ ਨਿਰਮਲ ਪਰਤਾਪੁ ॥ ੨ ॥ ਸਾਧਸੰਗਿ ਮਿਟਿ ਜਾਤ
ਬਿਕਾਰ ॥ ਸਭ ਤੇ ਊਚ ਏਹੋ ਉਪਕਾਰ ॥ ੩ ॥ [੧੫]ਪ੍ਰੇਮ ਭਗਤਿ ਰਾਤੇ ਗੋਪਾਲ ॥
ਨਾਨਕ ਜਾਚੈ ਸਾਧ ਰਵਾਲ ॥ ੪ ॥ ੯੨ ॥ ੧੬੧ ॥ ਗਉੜੀ ਮਹਲਾ ੫ ॥
ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ ਮੇਲਿ ਲਏ ਪੂਰਨ ਵਡਭਾਗੀ ॥ ੧ ॥
ਰਹਾਉ ॥ [੧੬]ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ
ਚਿਤਾਰੀ ॥ ੧ ॥ ਪੂਤ ਪੇਖਿ ਜਿਉ ਜੀਵਤ ਮਾਤਾ ॥ [੧੭]ਓਤਿ ਪੋਤਿ ਜਨੁ ਹਰਿ
ਸਿਉ ਰਾਤਾ ॥ ੨ ॥ ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ
ਲਾਗੋ ਮਨਾ ॥ ੩ ॥ ਬਿਸਰੁ ਨਹੀ ਇਕੁ ਤਿਲੁ ਦਾਤਾਰ ॥ ਨਾਨਕ ਕੇ ਪ੍ਰਭ
[੧੮]ਪ੍ਰਾਨ ਅਧਾਰ ॥ ੪ ॥ ੯੩ ॥ ੧੬੨ ॥ ਗਉੜੀ ਮਹਲਾ ੫ ॥ ਰਾਮ ਰਸਾਇਣਿ
ਜੋ ਜਨ ਗੀਧੇ[੧੯] ॥ [੨੦]ਚਰਨ ਕਮਲ ਪ੍ਰੇਮ ਭਗਤੀ ਬੀਧੇ ॥ ੧ ॥ ਰਹਾਉ ॥
[੨੧]ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥ ੧ ॥
[੨੨]ਅੰਧ ਕੂਪ ਤੇ ਕਾਢੇ ਆਪਿ ॥ ਗੁਣ ਗੋਵਿੰਦ ਅਚਰਜ ਪਰਤਾਪ ॥ ੨ ॥
[੨੩]ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ
ਦਇਆਲ ॥ ੩ ॥ ਕਹੁ ਨਾਨਕ ਸਾ ਕਥਨੀ ਸਾਰੁ[੨੪] ॥ ਮਾਨਿ ਲੇਤੁ ਜਿਸੁ
ਸਿਰਜਨਹਾਰੁ ॥ ੪ ॥ ੯੪ ॥ ੧੬੩ ॥ ਗਉੜੀ ਮਹਲਾ ੫† ॥ [੨੫]ਨਿਤਪ੍ਰਤਿ
ਨਾਵਣੁ ਰਾਮ ਸਰਿ ਕੀਜੈ ॥ ਝੋਲਿ[੨੬] ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥ ੧ ॥
ਰਹਾਉ ॥ ਨਿਰਮਲ ਉਦਕੁ[੨੭] ਗੋਵਿੰਦ ਕਾ ਨਾਮ ॥ ਮਜਨੁ[੨੮] ਕਰਤ ਪੂਰਨ

IV-725

੧ ਸੰਸਾਰ ਵਿੱਚ ਆਉਣਾ ਉਸੇ ਦਾ ਸਫ਼ਲ ਹੈ, ਜਿਸ ਨੇ ਹਰ ਇਕ ਵਿੱਚ ਆਪਣਾ ਮਾਲਕ ਸਮਾਇਆ ਹੋਇਆ ਜਾਣਿਆ ਹੈ।

੨ [ਸ਼ਕਤੀ ਦਾ ਉਪਾਸ਼ਕ] ਮਾਇਆ ਵਿੱਚ ਲੱਗਾ ਹੋਇਆ। ਹਰੀ ਦੇ ਭਗਤ ਨਾਲ ਸਾਕਤ ਦਾ ਮੇਲ ਨਹੀਂ ਮਿਲਦਾ ਕਿਉਂਕਿ ਸਾਕਤ ਤਾਂ ਵਿਸ਼ੱਈ ਹੁੰਦਾ ਹੈ, ਤੇ ਭਗਤ ਵਿੱਚ ਰਾਮ ਦਾ ਪਿਆਰ ਹੁੰਦਾ ਹੈ।

੩ ਵਿਸ਼ੇ-ਵਿਕਾਰਾਂ ਵੱਲ ਜਾਣ ਵਾਲਾ।

੪ ਮਨ ਦਾ ਸਵਾਰ, ਖ਼ਿਆਲੀ ਸਵਾਰ।

੫ ਘੋੜੀ। ਜਿਵੇਂ ਸ਼ਿੰਗਾਰੀ ਹੋਈ ਘੋੜੀ 'ਤੇ ਖ਼ਿਆਲੀ ਸਵਾਰ ਨਹੀਂ ਚੜ੍ਹ ਸਕਦਾ।

੬ ਹੀਜੜਾ, ਖੁਸਰਾ।

੭ ਪੁਚ-ਪੁਚ ਕਰਦਾ ਹੈ, ਪਿਆਰ ਕਰਦਾ ਹੈ।

੮ ਰੱਸੀ।

੯ ਚੁਆਉਂਦਾ ਹੈ।

੧੦ ਸ਼ੇਰ। ਗਊ ਉੱਤੇ ਚੜ੍ਹ ਕੇ ਸ਼ੇਰ ਦੇ ਪਿੱਛੇ ਦੁੜਾਂਦਾ ਹੈ।

੧੧ ਭੇਡ ਨੂੰ ਲੈ ਕੇ ਮਨ-ਚਿਤਵੇ ਪਦਾਰਥ ਦੇਣ ਵਾਲੀ ਗਊ ਵਾਕੁਰ ਪੂਜੇ। ਕਾਮ-ਧੇਨੁ=ਪੁਰਾਣਾਂ ਅਨੁਸਾਰ ਸੁਰਗਾਂ ਦੀ ਇਕ ਗਊ ਜੋ ਸਮੁੰਦਰ ਦੇ ਮਥਣ ਵੇਲੇ ਨਿਕਲੀ। ਇਹ ਜੋ ਚੀਜ਼ ਮੰਗੋ ਦੇ ਦਿੰਦੀ ਹੈ।

੧੨ ਧੀਰਜ ਵਾਲੀ, ਪੱਕੀ, ਦ੍ਰਿੜ੍ਹ (ਮਤ)।

੧੩ [ਉਮਰ ਵਧਾਉਣ ਤੇ ਦੁੱਖਾਂ ਦੇ ਨਾਸ ਕਰਨ ਵਾਲੀ ਇਕ ਅਕਸੀਰ ਦਵਾਈ] ਜੋ ਰਾਮ ਨਾਮ ਦੀ ਅਕਸੀਰ ਦਵਾਈ ਪੀਂਦੀ ਹੈ, ਹੇ ਭਾਈ!

੧੪ ਰਾਮ ਦੇ ਪ੍ਰੇਮ ਦੁਆਰਾ ਨਿਰਮਲ ਸੋਭਾ ਹੁੰਦੀ ਹੈ।

੧੫ ਮੈਂ ਉਨ੍ਹਾਂ ਸਾਧਾਂ ਦੀ ਚਰਨ-ਧੂੜ ਮੰਗਦਾ ਹਾਂ ਜੋ ਗੋਪਾਲ ਦੀ ਪ੍ਰੇਮਾ-ਭਗਤੀ ਵਿੱਚ ਲੱਗੇ ਹੋਏ ਹਨ।

੧੬ ਜਿਵੇਂ ਪਤੀ ਨੂੰ ਵੇਖ ਕੇ ਇਸਤਰੀ ਖ਼ੁਸ਼ ਹੁੰਦੀ ਹੈ।

੧੭ ਇਸੇ ਤਰ੍ਹਾਂ ਸੇਵਕ ਆਪਣੇ ਹਰੀ ਨਾਲ ਤਾਣੇ ਪੇਟੇ ਵਾਕੁਰ ਰਚੇ ਹੋਏ ਹਨ।

੧੮ ਜ਼ਿੰਦਗੀ ਦਾ ਆਸਰਾ।

੧੯ ਗਿਝੇ, ਰਚੇ ਹਨ।

੨੦ ਓਹ ਹਰੀ ਦੇ ਕੰਵਲ ਰੂਪ ਚਰਨਾਂ ਦੀ ਪ੍ਰੇਮਾ-ਭਗਤੀ ਨਾਲ ਵਿੰਨ੍ਹੇ ਹੋਏ ਹਨ।

੨੧ ਹੋਰ ਸਾਰੇ ਰਸ ਸੁਆਹ ਵਤ ਦਿੱਸਦੇ ਹਨ।

੨੨ ਅੰਨ੍ਹੇ ਖੂਹ ਵਿੱਚੋਂ।

੨੩ ਗੋਪਾਲ ਜੰਗਲ ਵਿੱਚ, ਘਾਹ ਵਿੱਚ ਅਤੇ ਤਿੰਨਾਂ ਭਵਨਾਂ (ਭਾਵ ਸਾਰੇ ਸੰਸਾਰ) ਵਿੱਚ ਭਰਪੂਰ ਹੈ। ਜਿਸ ਬ੍ਰਹਮ ਦਾ ਇਹ ਸੰਸਾਰ ਪਸਾਰਾ ਹੈ, ਉਹ ਦਿਆਲੂ ਜੀਵਾਂ ਦੇ ਅੰਗ ਸੰਗ ਹੈ।

੨੪ ਸ੍ਰੇਸ਼ਟ। ਗੱਲ ਉਸੇ ਦੀ ਉੱਤਮ ਸਮਝੋ, ਜਿਸ ਦੀ ਕਰਤਾਰ ਮੰਨ ਲਵੇ।

੨੫ ਹਰ ਰੋਜ਼।

੨੬ ਹੱਥਾਂ ਨਾਲ ਹਲਾ ਕੇ, ਤਾਂ ਕਿ ਪਾਣੀ ਉੱਤੇ ਜੋ ਬੂਰ ਜਾਂ ਕੱਖ ਆਏ ਹੋਣ ਹਟ ਜਾਣ; ਬਿਰਤੀ ਨੂੰ ਸਾਫ਼ ਕਰ ਕੇ।

੨੭ ਪਾਣੀ। ਹਰੀ ਦਾ ਨਾਮ ਨਿਰਮਲ ਜਲ ਹੈ। ਇਸ ਵਿੱਚ ਇਸ਼ਨਾਨ ਕਰਨ ਨਾਲ ਸਾਰੇ ਕੰਮ ਪੂਰੇ ਹੁੰਦੇ ਹਨ।

੨੮ ਇਸ਼ਨਾਨ।

* ਇਸ ਸ਼ਬਦ ਵਿੱਚ ਭਗਤਾਂ ਤੇ ਸੰਸਾਰੀਆਂ ਦਾ ਅਜੋੜ ਦੱਸਿਆ ਹੈ। ਨਾਮ ਤੋਂ ਸਖਣੇ ਰਹਿ ਕੇ ਸੰਸਾਰੀ ਦੇ ਕੰਮ ਸਾਰੇ ਮੂਰਖਤਾ ਭਰੇ ਹਨ। ਇਸ ਨੂੰ ਮਿਸਾਲਾਂ ਨਾਲ ਦਰਸਾਇਆ ਹੈ: ਜਿਵੇਂ ਕੋਈ ਹੀਜੜਾ ਇਸਤਰੀ ਨੂੰ ਪਿਆਰੇ ਜਾਂ ਕੋਈ ਮੂਰਖ ਬੈਲ ਨੂੰ ਚੋਣ ਬਹਿ ਜਾਵੇ ਜਾਂ ਇਸ ਪ੍ਰਕਾਰ ਕੋਈ ਹੋਰ ਨਿਕੰਮਾ ਜਤਨ ਕਰੇ ਤਾਂ ਉਸ ਦਾ ਫ਼ਾਇਦਾ ਨਹੀਂ ਹੋ ਸਕਦਾ।

† ਇਹ ਚੌਪਦਾ ਸ੍ਰੀ ਰਾਮਸਰ ਦੇ ਤਲਾਅ ਦੇ ਮੁਕੰਮਲ ਹੋਣ 'ਤੇ ਰਚਿਆ ਗਿਆ ਦੱਸਦੇ ਹਨ। ਪਰ ਭਾਵ ਵਿੱਚ ਸਤਸੰਗ ਰੂਪੀ ਸਰੋਵਰ ਦੀ ਮਹਿਮਾ ਹੀ ਦੱਸੀ ਹੈ।

ਸਭਿ ਕਾਮ ॥ ੧ ॥ [੧]ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥ ੨ ॥ ਸਿਮਰਹਿ ਸਾਧ ਕਰਹਿ ਆਨੰਦੁ ॥ [੨]ਮਨਿ ਤਨਿ ਰਵਿਆ ਪਰਮਾਨੰਦੁ ॥ ੩ ॥ ਜਿਸਹਿ ਪਰਾਪਤਿ [੩]ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥ ੪ ॥ ੯੫ ॥ ੧੬੪ ॥ ਗਉੜੀ ਮਹਲਾ ੫ ॥ ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥ ੧ ॥ ਰਹਾਉ ॥ ਏਕੋ ਸਿਮਰਿ ਨ [੪]ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥ ੧ ॥ ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥ ੨ ॥ ਤਾ ਕੀ ਪੂਰਨ ਹੋਈ ਘਾਲ[੫] ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥ ੩ ॥ ਸੋ ਬੈਸਨੋ[੬] ਹੈ [੭]ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥ ੪ ॥ ੯੬ ॥ ੧੬੫ ॥ ਗਉੜੀ ਮਹਲਾ ੫ ॥ *ਜੀਵਤ ਛਾਡਿ ਜਾਹਿ ਦੇਵਾਨੇ[੮] ॥ ਮੁਇਆ ਉਨ ਤੇ ਕੋ ਵਰਸਾਂਨੇ[੯] ॥ ੧ ॥ [੧੦]ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ [੧੧]ਕਾਹੂ ਕਾਜ ਨ ਆਵਤ ਬਿਖਿਆ ॥ ੧ ॥ ਰਹਾਉ ॥ ਬਿਖੈ ਠਗਉਰੀ[੧੨] ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ[੧੩] ਕਬਹੂੰ ਨ ਜਾਈ ॥ ੨ ॥ ਦਾਰਨ[੧੪] ਦੂਖ ਦੁਤਰ ਸੰਸਾਰੁ ॥ ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥ ੩ ॥ ਸਾਧਸੰਗਿ ਮਿਲਿ [੧੫]ਦੁਇ ਕੁਲ ਸਾਧਿ ॥ ਰਾਮ ਨਾਮ ਨਾਨਕ ਆਰਾਧਿ ॥ ੪ ॥ ੯੭ ॥ ੧੬੬ ॥ ਗਉੜੀ ਮਹਲਾ ੫† ॥ ਗਰੀਬਾ ਉਪਰਿ ਜਿ ਖਿੰਜੈ[੧੬] ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥ ੧ ॥ ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥ ੧ ॥ ਰਹਾਉ ॥ ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥ ੨ ॥ ਤਿਨਿ ਮਾਰਿਆ ਜਿ ਰਖੈ[੧੭] ਨ ਕੋਇ ॥ ਆਗੈ ਪਾਛੈ ਮੰਦੀ ਸੋਇ[੧੮] ॥ ੩ ॥ ਅਪੁਨੇ ਦਾਸ ਰਾਖੈ [੧੯]ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥ ੪ ॥ ੯੮ ॥ ੧੬੭ ॥ ਗਉੜੀ ਮਹਲਾ ੫‡ ॥ ਮਹਜਰੁ[੨੦] ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ[੨੧] ॥ ੧ ॥ ਜਿਸਹਿ ਸਹਾਈ ਗੋਬਿਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥ ੧ ॥ ਰਹਾਉ ॥ ਸਾਚੀ ਦਰਗਹ ਬੋਲੈ ਕੂੜੁ ॥ ਸਿਰੁ ਹਾਥ ਪਛੋੜੈ[੨੨] ਅੰਧਾ ਮੂੜੁ ॥ ੨ ॥ ਰੋਗ ਬਿਆਪੇ ਕਰਦੇ ਪਾਪ ॥ ਅਦਲੀ[੨੩] ਹੋਇ ਬੈਠਾ ਪ੍ਰਭੁ ਆਪਿ ॥ ੩ ॥ [੨੪]ਅਪਨ ਕਮਾਇਐ ਆਪੇ ਬਾਧੇ ॥ ਦਰਬੁ[੨੫] ਗਇਆ ਸਭੁ ਜੀਅ ਕੈ ਸਾਥੈ ॥ ੪ ॥ ਨਾਨਕ ਸਰਨਿ ਪਰੇ ਦਰਬਾਰਿ ॥ [੨੬]ਰਾਖੀ ਪੈਜ ਮੇਰੈ ਕਰਤਾਰਿ ॥ ੫ ॥ ੯੯ ॥ ੧੬੮ ॥ ਗਉੜੀ ਮਹਲਾ ੫ ॥ ਜਨ ਕੀ ਧੂਰਿ ਮਨ [੨੭]ਮੀਠ ਖਟਾਨੀ ॥ [੨੮]ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥ ੧ ॥ ਰਹਾਉ ॥

੧ ਉਥੇ ਸੰਤਾਂ ਦੀ ਸੰਗਤ ਵਿੱਚ ਹਰੀ ਦੀ ਗੱਲ ਬਾਤ ਹੁੰਦੀ ਹੈ, ਜਿਸ ਨਾਲ ਕ੍ਰੋੜਾਂ ਹੀ ਜਨਮਾਂ ਦੇ ਪਾਪ ਲਹਿ ਜਾਂਦੇ ਹਨ।
੨ ਮਨ ਤੇ ਸਰੀਰ ਵਿੱਚ ਉੱਚੇ ਤੋਂ ਉੱਚੇ ਸੁਖ ਦਾ ਸਰੂਪ (ਹਰੀ) ਵੱਸਦਾ ਹੈ।
੩ ਹਰੀ ਦੇ ਚਰਨ ਜੋ ਨਿਧੀਆਂ ਦੇ ਘਰ ਹਨ। ਭਾਵ ਹਰ ਤਰ੍ਹਾਂ ਦੇ ਸੁਖਾਂ ਦੇ ਦੇਣ ਵਾਲੇ ਹਨ।
੪ ਦ੍ਵੈਤ ਭਾਵ; ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਦਾ ਖ਼ਿਆਲ।
੫ ਮਿਹਨਤ।
੬ ਇਕ ਫ਼ਿਰਕਾ ਜੋ ਵਿਸ਼ਨੂੰ ਦਾ ਉਪਾਸ਼ਕ ਹੈ। ਇਸ ਵਿੱਚ ਵਿਸ਼ਨੂੰ ਦੇ ਅਉਤਾਰ ਕ੍ਰਿਸ਼ਨ ਤੇ ਰਾਮ ਦੀ ਬਹੁਤ ਪਿਆਰ ਨਾਲ ਭਗਤੀ ਹੁੰਦੀ ਹੈ, ਜਿਸ ਵਿੱਚ ਨੱਚਣਾ, ਵਿਸ਼ਨਪਦੇ ਗਉਣੇ, ਰਾਸਾਂ ਪਉਣੀਆਂ ਆਦਿ ਕਰਮ ਸ਼ਾਮਲ ਹਨ।
੭ ਪਰ੍ਹੇ ਤੋਂ ਪਰ੍ਹੇ, ਬਹੁਤ ਉੱਤਮ।
੮ ਪਾਗ਼ਲ, ਮੂਰਖ। ਹੇ ਮੂਰਖ ਮਨੁੱਖ! ਜਿਹੜੇ ਸੰਬੰਧੀ ਜੀਉਂਦਿਆਂ ਹੀ ਛੱਡ ਜਾਂਦੇ ਹਨ...।
੯ ਲਾਭ ਉਠਾਣਾ। ਮਰਨ ਪਿੱਛੋਂ ਉਨ੍ਹਾਂ ਤੋਂ ਕੌਣ ਕੁਝ ਲਾਭ ਲੈ ਸਕਦਾ ਹੈ?
੧੦ ਜਿਸ ਵਾਹਿਗੁਰੂ ਦੀ ਹੋਂਦ ਧੁਰ ਤੋਂ ਸਾਡੇ ਮਨ ਵਿੱਚ ਤੇ ਤਨ ਵਿੱਚ ਉੱਕਰੀ ਹੋਈ ਹੈ, ਉਸ ਨੂੰ ਸਿਮਰ।
੧੧ ਮਾਇਆ ਕਿਸੇ ਕੰਮ ਨਹੀਂ ਆਉਂਦੀ।
੧੨ ਠਗਮੂਰੀ, ਉਹ ਬੂਟੀ ਜੋ ਠੱਗ ਲੋਕ ਰਾਹੀਆਂ ਨੂੰ ਖਵਾ ਕੇ ਬੇਹੋਸ਼ ਕਰਦੇ ਸਨ। ਮਾਇਆ ਨੂੰ ਠਗਉਰੀ ਆਖਿਆ ਹੈ।
੧੩ ਤੇਹ ਵਿਸ਼ਿਆਂ ਦੀ।
੧੪ [ਸੰ: ਦਾਰੁਣ] ਭਿਆਨਕ, ਡਰਾਉਣਾ। ਇਹ ਸੰਸਾਰ ਡਰਾਉਣੇ ਦੁੱਖਾਂ ਵਾਲਾ ਤੇ ਔਖਾ ਤਰਿਆ ਜਾਣ ਵਾਲਾ ਹੈ।
੧੫ ਲੋਕ ਪਰਲੋਕ ਦੀਆਂ ਕੁਲਾਂ। ਇਸ ਲੋਕ ਰਹਿੰਦੇ ਸੰਬੰਧੀਆਂ ਤੇ ਅਗਲੇ ਜਹਾਨ ਗਏ ਸੰਬੰਧੀਆਂ ਦੇ ਰਿਸ਼ਤੇ ਨਿਬਾਹ।
੧੬ ਖਿਝਦੀ। ਜਿਹੜੀ ਦਾੜ੍ਹੀ ਗ਼ਰੀਬਾਂ 'ਤੇ ਖਿਝਦੀ ਹੈ, ਉਸ ਨੂੰ ਹਰੀ ਨੇ ਅੱਗ ਵਿੱਚ ਸਾੜਿਆ ਹੈ।
੧੭ ਬਚਾਉਂਦਾ। ਉਸ ਹਰੀ ਨੇ ਮਾਰਿਆ ਹੈ, ਜਿਸ ਤੋਂ ਕੋਈ ਬਚਾ ਨਹੀਂ ਸਕਦਾ।
੧੮ ਸ਼ੋਭਾ।
੧੯ ਗਲੇ ਨਾਲ ਲਾ ਕੇ।
੨੦ [ਅਰਬੀ ਮਹਜ਼ਰ] ਮੇਜ਼ਰ-ਨਾਮਾ, ਉਹ ਲਿਖਤ ਜਿਸ 'ਤੇ ਬਹੁਤਿਆਂ ਦੇ ਦਸਤਖ਼ਤ ਹੋਣ।
੨੧ ਅੰਦਰ ਦਾ ਦੁੱਖ।
੨੨ ਜ਼ੋਰ ਨਾਲ ਮਾਰਦਾ ਹੈ। ਅੰਨ੍ਹਾਂ ਮੂਰਖ ਸਿਰ ਅਤੇ ਹੱਥ ਪਟਕਾ-ਪਟਕਾ ਮਾਰਦਾ ਹੈ (ਪਛਤਾਵੇ ਵਜੋਂ)।
੨੩ ਇਨਸਾਫ਼ ਕਰਨ ਵਾਲਾ।
੨੪ ਆਪਣੇ ਕੀਤੇ ਮਾੜੇ ਕੰਮਾਂ ਕਰਕੇ ਆਪ ਹੀ ਬਝਦੇ ਹਨ।
੨੫ ਧਨ। ਸਾਰਾ ਧਨ ਜ਼ਿੰਦਗੀ ਨਾਲ ਹੀ ਚਲਾ ਗਿਆ।
੨੬ ਮੇਰੇ ਕਰਤਾਰ ਨੇ ਮੇਰੀ ਇੱਜ਼ਤ ਰੱਖ ਲਈ।
੨੭ ਮਿੱਠੀ ਲੱਗੀ ਹੈ; ਪਸੰਦ ਆਈ ਹੈ।
੨੮ ਪ੍ਰਾਣੀ ਦੇ ਕਰਮਾਂ ਵਿੱਚ ਪਹਿਲਾਂ ਤੋਂ ਏਹੋ ਲਿਖਿਆ ਸੀ।

* ਇਸ ਸ਼ਬਦ ਵਿੱਚ ਮਾਇਆ ਮੋਹ ਵਿੱਚ ਲੱਗਣ ਤੋਂ ਵਰਜਿਆ ਅਤੇ ਕੇਵਲ ਨਾਮ ਵਿੱਚ ਲੱਗਣ ਲਈ ਪ੍ਰੇਰਿਆ ਹੈ। ਪਹਿਲੀਆਂ ਦੋ ਤੁਕਾਂ ਵਿੱਚ ਇਸ ਵਿਕਾਰ ਦਾ ਰੂਪ ਸੰਬੰਧੀਆਂ ਦਾ ਮੋਹ ਦੱਸਿਆ ਹੈ, ਜਿਸ ਵਿੱਚ ਆ ਕੇ ਕਈ ਲੋਕ ਉਨ੍ਹਾਂ ਦੇ ਮਰਨ ਪਿੱਛੋਂ ਕਈ ਤਰ੍ਹਾਂ ਦੀ ਪਿਤਰ-ਪੂਜਾ ਆਦਿ ਭਰਮ ਰੂਪ ਕਰਮ ਕਰਦੇ ਹਨ।

† ਇਸ ਸ਼ਬਦ ਵਿੱਚ ਸੁਲਹੀ ਖ਼ਾਨ ਦੇ ਇੱਟਾਂ ਦੇ ਭੱਠੇ ਵਿੱਚ ਸੜ ਮਰਨ ਵੱਲ ਇਸ਼ਾਰਾ ਹੈ। ਸੁਲਹੀ ਖ਼ਾਨ ਦਿਲੀਓਂ ਦਾੜ੍ਹੀ ਉੱਤੇ ਹੱਥ ਫੇਰ ਟੁਰਿਆ ਸੀ ਕਿ ਗੁਰੂ ਅਰਜਨ ਦੇਵ ਨੂੰ ਗੱਦੀਓਂ ਲਾਹ ਕੇ ਬਾਬਾ ਪ੍ਰਿਥੀ ਚੰਦ ਨੂੰ ਗੁਰੂ ਬਣਵਾ ਕੇ ਆਵਾਂਗਾ। ਪਰ ਗ਼ਰੀਬਾਂ ਉੱਤੇ ਖਿਝਣ ਵਾਲੀ ਦਾੜ੍ਹੀ ਆਵੇ ਦੀ ਅੱਗ ਵਿੱਚ ਸੜੀ।

‡ ਗੁਰੂ ਸਾਹਿਬ ਦੇ ਵਿਰੁੱਧ ਅਕਬਰ ਪਾਤਸ਼ਾਹ ਪਾਸ ਮੇਜ਼ਰ-ਨਾਮਾ ਭੇਜਿਆ ਗਿਆ ਸੀ। ਇਹ ਸ਼ਬਦ ਉਸ ਪਰਥਾਇ ਉਚਾਰਿਆ ਗਿਆ।

[੧]ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥ ੧ ॥
ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ[੨] ॥ ੨ ॥
ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥ ਹਰਿ ਸਿਮਰਿ ਸਿਮਰਿ ਕਾਟਿਆ [੩]ਭਉ
ਕਾਲ ॥ ੩ ॥ [੪]ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ ਪ੍ਰੇਮ ਭਗਤਿ ਨਾਨਕ
ਗੁਣ ਗਾਉ ॥ ੪ ॥ ੧੦੦ ॥ ੧੬੯ ॥ ਗਉੜੀ ਮਹਲਾ ੫ ॥ [੫]ਜੀਵਨ ਪਦਵੀ
ਹਰਿ ਕੇ ਦਾਸ ॥ [੬]ਜਿਨ ਮਿਲਿਆ ਆਤਮ ਪਰਗਾਸੁ ॥ ੧ ॥ ਹਰਿ ਕਾ ਸਿਮਰਨੁ
ਸੁਨਿ ਮਨ ਕਾਨੀ[੭] ॥ ਸੁਖੁ ਪਾਵਹਿ ਹਰਿ ਦੁਆਰ ਪਰਾਨੀ[੮] ॥ ੧ ॥ ਰਹਾਉ ॥
ਆਠ ਪਹਰ ਧਿਆਈਐ ਗੋਪਾਲੁ ॥ ਨਾਨਕ ਦਰਸਨੁ ਦੇਖਿ ਨਿਹਾਲੁ ॥ ੨ ॥
੧੦੧ ॥ ੧੭੦ ॥ ਗਉੜੀ ਮਹਲਾ ੫ ॥ ਸਾਂਤਿ ਭਈ ਗੁਰ ਗੋਬਿਦਿ ਪਾਈ ॥
ਤਾਪ ਪਾਪ ਬਿਨਸੇ[੯] ਮੇਰੇ ਭਾਈ ॥ ੧ ॥ ਰਹਾਉ ॥ ਰਾਮ ਨਾਮੁ ਨਿਤ [੧੦]ਰਸਨ
ਬਖਾਨ ॥ ਬਿਨਸੇ ਰੋਗ ਭਏ ਕਲਿਆਨ[੧੧] ॥ ੧ ॥ ਪਾਰਬ੍ਰਹਮ [੧੨]ਗੁਣ ਅਗਮ
ਬੀਚਾਰ ॥ [੧੩]ਸਾਧੂ ਸੰਗਮਿ ਹੈ ਨਿਸਤਾਰ ॥ ੨ ॥ ਨਿਰਮਲ ਗੁਣ ਗਾਵਹੁ
ਨਿਤ ਨੀਤ ॥ ਗਈ ਬਿਆਧਿ[੧੪] ਉਬਰੇ[੧੫] ਜਨ ਮੀਤ ॥ ੩ ॥ [੧੬]ਮਨ ਬਚ
ਕ੍ਰਮ ਪ੍ਰਭੁ ਅਪਨਾ ਧਿਆਈ ॥ ਨਾਨਕ ਦਾਸ ਤੇਰੀ ਸਰਣਾਈ ॥ ੪ ॥ ੧੦੨ ॥
੧੭੧ ॥ ਗਉੜੀ ਮਹਲਾ ੫ ॥ *ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ
ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥ [੧੭]ਸੀਤਲਾ ਤੇ ਰਖਿਆ ਬਿਹਾਰੀ[੧੮] ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥ ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ
ਹਰਿ ਅੰਮ੍ਰਿਤੁ ਪੀਵੈ ॥ ੨ ॥ ੧੦੩ ॥ ੧੭੨ ॥ ਗਉੜੀ ਮਹਲਾ ੫ ॥ ਧਨੁ
ਓਹੁ ਮਸਤਕੁ[੧੯] ਧਨੁ ਤੇਰੇ ਨੇਤ[੨੦] ॥ ਧਨੁ ਓਇ ਭਗਤ ਜਿਨ ਤੁਮ ਸੰਗਿ
ਹੇਤ[੨੧] ॥ ੧ ॥ ਨਾਮ ਬਿਨਾ ਕੈਸੇ ਸੁਖੁ ਲਹੀਐ[੨੨] ॥ ਰਸਨਾ[੨੩] ਰਾਮ ਨਾਮ
ਜਸੁ ਕਹੀਐ ॥ ੧ ॥ ਰਹਾਉ ॥ ਤਿਨ ਊਪਰਿ ਜਾਈਐ ਕੁਰਬਾਣੁ ॥ ਨਾਨਕ
ਜਿਨਿ ਜਪਿਆ ਨਿਰਬਾਣੁ[੨੪] ॥ ੨ ॥ ੧੦੪ ॥ ੧੭੩ ॥ ਗਉੜੀ ਮਹਲਾ ੫ ॥
[੨੫]ਤੂੰਹੈ ਮਸਲਤਿ ਤੂੰਹੈ ਨਾਲਿ ॥ ਤੂਹੈ ਰਾਖਹਿ [੨੬]ਸਾਰਿ ਸਮਾਲਿ ॥ ੧ ॥ ਐਸਾ
ਰਾਮੁ ਦੀਨ ਦੁਨੀ ਸਹਾਈ ॥ ਦਾਸ ਕੀ ਪੈਜ[੨੭] ਰਖੈ ਮੇਰੇ ਭਾਈ ॥ ੧ ॥ ਰਹਾਉ ॥
ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥ ਆਠ ਪਹਰ ਮਨੁ ਹਰਿ ਕਉ
ਜਾਪੈ ॥ ੨ ॥ [੨੮]ਪਤਿ ਪਰਵਾਣੁ ਸਚੁ ਨੀਸਾਣੁ ॥ ਜਾ ਕਉ ਆਪਿ ਕਰਹਿ
ਫੁਰਮਾਨੁ ॥ ੩ ॥ ਆਪੇ ਦਾਤਾ ਆਪਿ ਪ੍ਰਤਿਪਾਲਿ[੨੯] ॥ ਨਿਤ ਨਿਤ ਨਾਨਕ
ਰਾਮ ਨਾਮੁ ਸਮਾਲਿ[੩੦] ॥ ੪ ॥ ੧੦੫ ॥ ੧੭੪ ॥ ਗਉੜੀ ਮਹਲਾ ੫ ॥
ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ ਹਿਰਦੈ ਵਸਿਆ ਸਦਾ ਗੁਪਾਲੁ ॥ ੧ ॥

੧ ਜਿਹੜਾ ਮਨ ਹੰਕਾਰ ਦੀ ਬੁੱਧੀ ਕਰਕੇ ਖਿੰਧਾਈ ਨਾਲ ਭਰਿਆ ਹੋਇਆ ਸੀ, ਉਹ ਸਾਧੂ-ਧੂਰ ਨਾਲ ਮਾਂਜਿਆ ਜਾ ਕੇ ਸ਼ੁੱਧ ਹੋ ਗਿਆ ਹੈ।
੨ ਉਹੋ ਜੇਹੀ। ਜੇਹੀ ਕਿ ਸਤਸੰਗ ਵਿੱਚ ਸ਼ੁੱਧ ਹੋ ਸਕਦੀ ਹੈ।
੩ ਕਾਲ ਦਾ ਭਉ, ਮੌਤ ਦਾ ਡਰ।
੪ ਜ਼ਿੰਦਗੀ ਦਾ ਮਨੋਰਥ ਕਈਆਂ ਦਾ ਇਹ ਹੈ ਕਿ ਮੁਕਤੀ ਹਾਸਲ ਕਰੀਏ; ਕਈਆਂ ਦਾ ਇਹ ਹੈ ਕਿ ਅਨੰਦ ਭੋਗੀਏ ਅਤੇ ਕਈਆਂ ਦਾ ਇਹ ਹੈ ਕਿ ਵਾਹਿਗੁਰੂ ਨਾਲ ਜੁੜੀਏ। ਗੁਰੂ ਜੀ ਨਾਮ ਦੀ ਪ੍ਰਾਪਤੀ ਨੂੰ ਹੀ ਜੋਗ, ਭੋਗ ਤੇ ਮੋਖ ਮੰਨਦੇ ਹਨ।
੫ ਹਰੀ ਦੇ ਦਾਸਾਂ ਨੂੰ ਜੀਵਨ ਪਦਵੀ ਮਿਲੀ ਹੋਈ ਹੈ।
੬ ਜਿਨ੍ਹਾਂ ਦੇ ਮਿਲਣ ਨਾਲ ਆਤਮਕ ਚਾਨਣਾ ਮਿਲਦਾ ਹੈ।
੭ ਕੰਨਾਂ ਨਾਲ।
੮ ਹੇ ਜੀਵ!
੯ ਦੂਰ ਹੋਏ।
੧੦ ਜੀਭ ਨਾਲ ਉਚਾਰਿਆ।
੧੧ ਸੁਖ।
੧੨ ਅਪਹੁੰਚ ਗੁਣਾਂ ਦਾ ਵਿਚਾਰ ਕਰ।
੧੩ ਗੁਰੂ ਦੇ ਮੇਲ ਨਾਲ ਛੁਟਕਾਰਾ ਮਿਲਦਾ ਹੈ।
੧੪ ਬੀਮਾਰੀ।
੧੫ ਬਚ ਗਏ।
੧੬ ਮਨ ਦੁਆਰਾ, ਬਚਨ ਦੁਆਰਾ ਅਤੇ ਕਰਮ ਦੁਆਰਾ।
੧੭ ਮਾਤਾ ਦੇ ਰੋਗ ਤੋਂ।
੧੮ ਅਨੰਦ ਦੇਣ ਵਾਲੇ ਹਰੀ ਨੇ (ਮਾਤਾ ਦੇ ਰੋਗ ਤੋਂ ਸਾਹਬਜ਼ਾਦੇ ਹਰਿਗੋਬਿੰਦ ਨੂੰ ਬਚਾ ਲਿਆ)।
੧੯ ਮੱਥਾ।
੨੦ ਨੇਤ੍ਰ, ਅੱਖਾਂ।
੨੧ ਪ੍ਰੇਮ।
੨੨ ਲਭੀਏ।
੨੩ ਜੀਭ ਤੋਂ।
੨੪ ਨਿਰਲੇਪ ਹਰੀ।
੨੫ ਸਲਾਹ ਮਸ਼ਵਰਾ ਕਰਨ ਵਾਲਾ ਵੀ ਤੂੰ ਹੀ ਹੈਂ।
੨੬ ਖ਼ਬਰ ਲੈ ਕੇ।
੨੭ ਇੱਜ਼ਤ।
੨੮ ਉਸ ਦੀ ਇੱਜ਼ਤ ਤੈਨੂੰ ਮਨਜ਼ੂਰ ਹੈ ਤੇ ਉਸ ਨੂੰ ਸੱਚ ਦਾ ਨਿਸ਼ਾਨ ਪੈਂਦਾ ਹੈ, ਜਿਸ ਨੂੰ ਤੂੰ ਪਿਆਰ ਵਿੱਚ ਆਪਣੀ ਆਗਿਆ ਦਿੰਦਾ ਹੈਂ।
੨੯ ਪਾਲਣ ਵਾਲਾ।
੩੦ ਯਾਦ ਕਰ।

* ਗੁਰੂ ਹਰਿਗੋਬਿੰਦ ਸਾਹਿਬ ਨੂੰ ਛੋਟੀ ਉਮਰ ਵਿੱਚ ਮਾਤਾ (ਚੀਚਕ) ਨਿਕਲੀ ਸੀ। ਬੀਮਾਰੀ ਤੋਂ ਬਚਣ ਪਿੱਛੋਂ ਧੰਨਵਾਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ।

ਰਾਮੁ ਰਵਤ[੧] ਸਦ ਹੀ ਸੁਖੁ ਪਾਇਆ ॥ ਮਇਆ[੨] ਕਰੀ ਪੂਰਨ ਹਰਿ ਰਾਇਆ ॥ ੧ ॥ ਰਹਾਉ ॥ ਕਹੁ ਨਾਨਕ ਜਾ ਕੇ ਪੂਰੇ ਭਾਗ ॥ ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥ ੨ ॥ ੧੦੬ ॥ ਗਉੜੀ ਮਹਲਾ ੫ ॥ *ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ[੩] ਵਾਂਗੂ ਲਾਹੇ[੪] ਪੇਟਿ ॥ ੧ ॥ [੫]ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥ ੧ ॥ ਰਹਾਉ ॥ ਪੂਜਾ ਤਿਲਕ ਕਰਤ ਇਸਨਾਨਾਂ ॥ [੬]ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥ ਬੇਦੁ ਪੜੈ ਮੁਖਿ ਮੀਠੀ ਬਾਣੀ ॥ [੭]ਜੀਆਂ ਕੁਹਤ ਨ ਸੰਗੈ ਪਰਾਣੀ ॥ ੩ ॥ ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥ ੪ ॥ ੧੦੭ ॥ ਗਉੜੀ ਮਹਲਾ ੫ ॥ ਥਿਰੁ[੮] ਘਰਿ ਬੈਸਹੁ ਹਰਿ ਜਨ ਪਿਆਰੇ ॥ [੯]ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥ ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ[੧੦] ਰਖੀ ਕਰਤਾਰੇ ॥ ੧ ॥ ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ[੧੧] ॥ ੨ ॥ ਨਿਰਭਉ ਹੋਇ ਭਜਹੁ ਭਗਵਾਨ ॥ ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥ ਸਰਣਿ ਪਰੇ ਪ੍ਰਭ ਅੰਤਰਜਾਮੀ[੧੨] ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥ ੧੦੮ ॥ ਗਉੜੀ ਮਹਲਾ ੫ ॥ [੧੩]ਹਰਿ ਸੰਗਿ ਰਾਤੇ [੧੪]ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥ ੧ ॥ ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ[੧੫] ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ[੧੬] ॥ ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ[੧੭] ॥ ਹਰਿ ਸੰਗਿ ਰਾਤੇ ਪੂਰਨ ਆਸ ॥ ੨ ॥ ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ[੧੮] ਜਾਗੈ ॥ ਹਰਿ ਸੰਗਿ ਰਾਤਾ [੧੯]ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥ ੩ ॥ ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ[੨੦] ॥ ਕਹੁ ਨਾਨਕ ਤਿਨ ਕਉ [੨੧]ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥ ੪ ॥ ੧੦੯ ॥ ਗਉੜੀ ਮਹਲਾ ੫ ॥ [੨੨]ਉਦਮੁ ਕਰਤ ਸੀਤਲ ਮਨ ਭਏ ॥ [੨੩]ਮਾਰਗਿ ਚਲਤ ਸਗਲ ਦੁਖ ਗਏ ॥ ਨਾਮੁ ਜਪਤ ਮਨਿ ਭਏ ਅਨੰਦ ॥ [੨੪]ਰਸਿ ਗਾਏ ਗੁਨ ਪਰਮਾਨੰਦ ॥ ੧ ॥ ਖੇਮ[੨੫] ਭਇਆ ਕੁਸਲ[੨੬] ਘਰਿ ਆਏ ॥ [੨੭]ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥ [੨੮]ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ[੨੯] ॥

੧ ਜਪਣ ਨਾਲ।
੨ ਕਿਰਪਾ।
੩ ਖੋਤੇ।
੪ ਉਤਾਰਦਾ। ਪੇਟ ਵਿੱਚ ਉਤਾਰਦਾ ਹੈ, ਭਾਵ ਪੇਟ ਭਰੀ ਜਾਂਦਾ ਹੈ।
੫ ਚੰਗੇ ਕੰਮਾਂ ਤੋਂ ਬਿਨਾਂ।
੬ ਭਾਵ ਜ਼ੋਰ ਨਾਲ।
੭ (ਉੱਤੋਂ-ਉੱਤੋਂ ਮਿੱਠਾ ਹੈ ਪਰ) ਇਹ ਮਨੁੱਖ ਜੀਆਂ ਨੂੰ ਕੁੰਹਦਿਆਂ ਝਿਜਕਦਾ ਨਹੀਂ; ਭਾਵ ਧੱਕਾ ਕਰ ਕੇ ਪੈਸਾ ਲੈਂਦਿਆਂ ਸੰਗਦਾ ਨਹੀਂ। ਆਸਾ ਦੀ ਵਾਰ ਵਿੱਚ ਵੀ ਐਸੇ ਬ੍ਰਾਹਮਣ ਬਾਬਤ 'ਹਥਿ ਛੁਰੀ ਜਗਤ ਕਾਸਾਈ' ਕਿਹਾ ਹੈ।
੮ ਟਿਕ ਕੇ, ਭਾਵ ਭਟਕਣਾ ਮੁਕਾ ਕੇ ਅਡੋਲ ਸਿਦਕ ਨਾਲ।
੯ ਸਤਿਗੁਰੂ ਨੇ ਤੁਹਾਡੇ ਕੰਮ ਰਾਸ ਕੀਤੇ ਹਨ।
੧੦ ਇੱਜ਼ਤ, ਮਾਣ।
੧੧ ਪੀਤੇ।
੧੨ ਅੰਦਰ ਦੀਆਂ ਜਾਨਣ ਵਾਲੇ ਦੀ।
੧੩ ਹਰੀ ਨਾਲ ਪ੍ਰੇਮ ਪਾਇਆਂ।
੧੪ ਅੱਗ ਵਿੱਚ ਨਹੀਂ ਸੜਦਾ।
੧੫ ਮਿਲਣ ਨਾਲ।
੧੬ ਉਪਦੇਸ਼। ਜਿਸ ਨੂੰ ਗੁਰ-ਸਾਧੂ ਦੀ ਸਿਖਿਆ ਮਿਲੀ ਹੈ।
੧੭ ਡਰ।
੧੮ ਹਰ ਰੋਜ਼।
੧੯ ਸਭ ਤੋਂ ਉੱਚੇ ਗਿਆਨ ਤੇ ਸ਼ਾਂਤੀ ਦੇ ਘਰ ਵਿੱਚ ਵੱਸਦਾ ਹੈ। ਦੇਖੋ ਪੰਨਾ ੬੮।
੨੦ ਸ਼ੋਭਾ, ਸ਼ੁਹਰਤ।
੨੧ ਵਾਰਨੇ ਜਾਵਾਂ।
੨੨ ਸਾਧ ਸੰਗ ਵਿੱਚ ਜਾਣ ਦਾ ਉੱਦਮ ਕਰਨ ਨਾਲ ਹੀ ਠੰਢੇ ਦਿਲ ਵਾਲੇ ਹੋ ਗਏ।
੨੩ ਹਰੀ ਦੇ ਰਸਤੇ ਪੈਣ ਨਾਲ ਸਾਰੇ ਦੁੱਖ ਛੱਡ ਗਏ।
੨੪ ਸਵਾਦ ਲਾ ਕੇ ਗਾਏ ਸੁਖ-ਰੂਪ ਹਰੀ ਦੇ ਗੁਣ।
੨੫ ਸੁਖ।
੨੬ ਅਨੰਦ।
੨੭ ਸਾਧ-ਸੰਗ ਵਿੱਚ ਮਿਲਣ ਨਾਲ ਬਲਾ ਦੂਰ ਹੋ ਗਈ।
੨੮ ਦਰਸ਼ਨ ਦੇਖਣ ਸਾਰ ਅੱਖਾਂ ਪਵਿੱਤਰ ਹੋ ਗਈਆਂ।
੨੯ ਛੋਹਣ ਸਾਰ। ਕੰਵਲ ਰੂਪ ਚਰਨ ਛੋਂਹਦਿਆਂ ਹੀ ਮੱਥੇ ਧੰਨਤਾ ਯੋਗ ਹੋ ਗਏ।

* ਇਹ ਸ਼ਬਦ ਇਕ ਦੰਭੀ ਬ੍ਰਾਹਮਣ ਬਾਬਤ ਕਿਹਾ ਹੈ, ਜੋ ਬਹੁਤ ਖਾਂਦਾ ਸੀ। ਉਹ ਵਿਆਹ ਵਾਲੇ ਘਰੀਂ ਜਾ ਕੇ ਜ਼ੋਰੰ ਨਾਲ ਰੁਪਇਆ ਮੰਗਦਾ ਸੀ। ਜੇ ਨਾ ਮਿਲੇ, ਤਾਂ ਧੋਤੀ ਖੋਲ੍ਹ ਕੇ ਨੰਗਾ ਹੋ ਨੱਚਦਾ ਸੀ, ਜਿਸ ਕਰਕੇ ਉਸ ਦੀ ਅੱਲ ਕੁੱਦੂ ਪੈ ਗਈ ਸੀ। ਉਸ ਦੇ ਰਾਹੀਂ ਕਰਮ-ਕਾਂਡ ਤੇ ਭੇਖ ਦਾ ਮਖੌਲ ਉਡਾਇਆ ਹੈ।

ਗੋਬਿੰਦ ਕੀ ਟਹਲ ਸਫਲ ਇਹ ਕਾਂਇਆ[੧] ॥ [੨]ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥ ੨ ॥ ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ [੩]ਦਾਸਹ ਪਾਇ ॥ ਆਪੁ[੪] ਗਇਆ ਤਾ [੫]ਆਪਹਿ ਭਏ ॥ [੬]ਕ੍ਰਿਪਾ ਨਿਧਾਨ ਕੀ ਸਰਨੀ ਪਏ ॥ ੩ ॥ ਜੋ ਚਾਹਤ ਸੋਈ ਜਬ ਪਾਇਆ ॥ ਤਬ ਢੂੰਢਨ ਕਹਾ ਕੋ ਜਾਇਆ ॥ [੭]ਅਸਥਿਰ ਭਏ ਬਸੇ ਸੁਖ ਆਸਨ ॥ ਗੁਰ ਪ੍ਰਸਾਦਿ ਨਾਨਕ [੮]ਸੁਖ ਬਾਸਨ ॥ ੪ ॥ ੧੧੦ ॥ ਗਉੜੀ ਮਹਲਾ ੫ ॥ [੯]ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ [੧੦]ਜਾ ਮਨਿ ਵਸਿਓ ਹਰਿ ਕੋ ਨਾਮੁ ॥ ੧ ॥ [੧੧]ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥ ਬਹੁਤੁ [੧੨]ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ ॥ ਹਰਿ ਹਰਿ ਨਾਮ ਰਸਨ ਆਰਾਧੇ ॥ ੨ ॥ [੧੩]ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥ ਜੋਗ ਗਿਆਨ [੧੪]ਸਿਧ ਸੁਖ ਜਾਨੇ ॥ *ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥ ੩ ॥ [੧੫]ਅਗਾਧਿ ਬੋਧਿ ਹਰਿ ਅਗਮ[੧੬] ਅਪਾਰੇ ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥ ੪ ॥ ੧੧੧ ॥ ਗਉੜੀ ਮਃ ੫ ॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਬਸਾਇਆ ॥ ੧ ॥ ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ[੧੭] ॥ ਰਹਾਉ ॥ ਅਨਦਿਨੁ[੧੮] ਜਪਉ ਗੁਰੂ ਗੁਰ ਨਾਮ ॥ ਤਾ ਤੇ ਸਿਧਿ[੧੯] ਭਏ ਸਗਲ ਕਾਂਮ ॥ ੨ ॥ ਦਰਸਨ ਦੇਖਿ [੨੦]ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ[੨੧] ਗਏ ॥ ੩ ॥ ਕਹੁ ਨਾਨਕ [੨੨]ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ [੨੩]ਪੈਜ ਰਖਾਈ ॥ ੪ ॥ ੧੧੨ ॥ ਗਉੜੀ ਮਹਲਾ ੫ ॥ ਅਪਨੇ ਸੇਵਕ ਕਉ ਆਪਿ ਸਹਾਈ ॥ ਨਿਤ [੨੪]ਪ੍ਰਤਿਪਾਰੈ ਬਾਪ ਜੈਸੇ ਮਾਈ ॥ ੧ ॥ ਪ੍ਰਭ ਕੀ ਸਰਨਿ ਉਬਰੈ[੨੫] ਸਭ ਕੋਇ ॥ ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥ ਅਬ ਮਨਿ ਬਸਿਆ ਕਰਨੈਹਾਰਾ ॥ ਭੈ ਬਿਨਸੇ ਆਤਮ ਸੁਖ ਸਾਰਾ[੨੬] ॥ ੨ ॥ ਕਰਿ ਕਿਰਪਾ ਅਪਨੇ ਜਨ ਰਾਖੇ ॥ ਜਨਮ ਜਨਮ ਕੇ ਕਿਲਬਿਖ ਲਾਥੇ ॥ ੩ ॥ ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥ ਨਾਨਕ ਦਾਸ ਸਦਾ ਸਰਨਾਈ ॥ ੪ ॥ ੧੧੩ ॥

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ ੴ ਸਤਿਗੁਰ ਪ੍ਰਸਾਦਿ ॥

ਰਾਮ ਕੋ ਬਲੁ ਪੂਰਨ ਭਾਈ ॥ ਤਾ ਤੇ ਬ੍ਰਿਥਾ[੨੭] ਨ ਬਿਆਪੈ ਕਾਈ ॥ ੧ ॥

੧ ਸਰੀਰ। ਹਰੀ ਦੀ ਸੇਵਾ ਕਰਕੇ ਇਹ ਦੇਹੀ ਸਫਲ ਹੋ ਗਈ।

੨ ਗੁਰੂ ਦੀ ਕਿਰਪਾ ਨਾਲ ਸਭ ਤੋਂ ਉੱਚੀ ਗਤੀ ਮਿਲੀ।

੩ ਹਰੀ ਦੇ ਦਾਸਾਂ ਦੇ ਚਰਨੀਂ।

੪ ਆਪਾ ਭਾਵ, ਹੰਕਾਰ।

੫ ਆਪ ਹਰੀ ਦਾ ਰੂਪ ਹੋਏ ਹਨ।

੬ ਕਿਰਪਾ ਦਾ ਖ਼ਜ਼ਾਨਾ, ਹਰੀ।

੭ (ਭਟਕਣਾ ਮੁਕਾ ਕੇ) ਅਡੋਲ-ਚਿਤ ਹੋ ਗਏ ਹਾਂ ਅਤੇ ਸੁਖ-ਆਸਣ ਹੋ ਕੇ ਵੱਸਦੇ ਹਾਂ।

੮ ਸੁਖ ਵਿੱਚ ਵੱਸਣ ਵਾਲੇ ਹੋ ਗਏ ਹਾਂ।

੯ ਕ੍ਰੋੜਾਂ ਹੀ ਪੁਰਬੀਆਂ ਉੱਤੇ ਟੁੱਭੀਆਂ ਲਾਈਆਂ ਤੇ ਇਸ਼ਨਾਨ ਕੀਤੇ।

੧੦ ਜਦ ਨਾਮ ਹਿਰਦੇ ਵਿੱਚ ਵੱਸ ਜਾਏ (ਤਾਂ ਸਮਝੋ ਕਿ ਲੱਖਾਂ ਕ੍ਰੋੜਾਂ ਇਸ਼ਨਾਨ ਹੋ ਗਏ ਤੇ ਲੱਖਾਂ ਦਾਨ ਕੀਤੇ ਗਏ)।

੧੧ ਸਾਰੇ ਲੋਕ ਪਵਿੱਤਰ ਹੋ ਗਏ ਗੁਪਾਲ ਦੇ ਗੁਣ ਗਾ ਕੇ। ਦਿਆਲੂ ਗੁਰੂ-ਸਾਧ ਦੀ ਸਰਨੀਂ ਪਿਆਂ ਪਾਪ ਮਿਟਦੇ ਹਨ।

੧੨ ਉਲਟੇ ਹੋ ਕੇ ਤਪ ਕਰਨਾ। ਜੀਭ ਨਾਲ ਹਰੀ ਨਾਮ ਦੀ ਅਰਾਧਨਾ ਕਰਨ ਨਾਲ ਸਭ ਕਠਨ ਤਪ ਹੋ ਗਏ ਤੇ ਅਨੇਕ ਲਾਭਾਂ ਵਾਲੇ ਮਨੋਰਥ ਲਭ ਪਏ, ਭਾਵ ਸਿਧ ਹੋ ਗਏ।

੧੩ ਸਿੰਮ੍ਰਿਤੀਆਂ, ਸ਼ਾਸਤਰ ਤੇ ਵੇਦ ਪੜ੍ਹ ਲਏ ਅਤੇ ਜੋਗ ਦੇ ਗਿਆਨ ਅਤੇ ਸਿਧ ਚੇਸ਼ਟਾ ਦੇ ਸੁਖ ਜਾਣ ਲਏ; ਭਾਵ ਨਾਮ ਵਿੱਚ ਸਭ ਕੁਝ ਆ ਜਾਂਦਾ ਹੈ।

੧੪ ਕਰਾਮਾਤੀ ਸ਼ਕਤੀਆਂ ਤੋਂ ਜੋ ਸੁਖ ਪ੍ਰਾਪਤ ਹੁੰਦੇ ਹਨ।

੧੫ ਜਿਸ ਦੇ ਬੋਧ (ਗਿਆਨ) ਦਾ ਅੰਤ ਨਹੀਂ; ਅਥਾਹ ਗਿਆਨ ਵਾਲਾ।

੧੬ ਜਿਸ ਤੋੜੀ ਸਾਡੇ ਮਨ ਇੰਦਰੇ ਨਾ ਪਹੁੰਚ ਸੱਕਣ।

੧੭ ਧੀਰਜ ਵਾਲਾ ਹੋਇਆ।

੧੮ ਹਰ ਰੋਜ਼।

੧੯ ਸਫਲ।

੨੦ ਠੰਢੇ ਦਿਲ ਵਾਲੇ ਹੋਏ।

੨੧ ਪਾਪ।

੨੨ ਕਾਹਦਾ ਡਰ ਹੈ?

੨੩ ਇੱਜ਼ਤ ਰੱਖ ਲਈ।

੨੪ ਪਾਲਦਾ ਹੈ ਮਾਂ ਪਿਉ ਵਾਂਗ।

੨੫ ਤਰਦਾ ਹੈ।

੨੬ ਤੱਤ, ਅਸਲ। ਆਤਮਾ ਨੂੰ ਅਸਲ ਸੁਖ ਮਿਲਿਆ ਹੈ।

੨੭ ਪੀੜਾ। ਹੇ ਭਾਈ! ਰਾਮ ਦਾ ਬਲ (ਸਹਾਰਾ) ਇੰਨਾ ਪੂਰਨ ਹੈ ਕਿ ਉਸ ਤੋਂ ਕੋਈ ਦੁੱਖ ਨਹੀਂ ਪੈਦਾ ਹੁੰਦਾ।

* ਨਾਮ ਜਪਦਿਆਂ ਹਰੀ ਨਾਲ ਮਨ ਮੰਨ ਗਿਆ ਹੈ, ਭਾਵ ਮਨ ਦੀ ਨਿਸ਼ਾ ਹੋ ਗਈ ਹੈ। ਸਿੰਮ੍ਰਿਤਿ ਸ਼ਾਸਤਰ ਦਾ ਪੜ੍ਹਨਾ, ਗਿਆਨ ਘੋਟਨਾ ਜਾਂ ਸਿਧੀਆਂ ਕਮਾਣਾ-ਇਹ ਨਿਰੇ ਤਰਲੇ ਹਨ ਮਨ ਨੂੰ ਮਨਾਉਣ ਦੇ। ਜਦ ਮਨ ਦਾ ਮਨਾਉਣਾ ਨਾਮ ਜਪਣ ਨਾਲ ਸਿੱਧ ਹੋ ਜਾਏ, ਤਾਂ ਇਹ ਔਖੇ ਤਰਲੇ ਕਾਹਨੂੰ ਕਰਨੇ ਹੋਏ?

ਰਹਾਉ ॥ [1]ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥ ੧ ॥ ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥ ੨ ॥ ੧੧੪ ॥ ਗਉੜੀ ਮਹਲਾ ੫ ॥ ਭੁਜ ਬਲ[2] ਬੀਰ ਬ੍ਰਹਮ ਸੁਖ ਸਾਗਰ ਗਰਤ[3] ਪਰਤ ਗਹਿ ਲੇਹੁ ਅੰਗੁਰੀਆ ॥ ੧ ॥ ਰਹਾਉ ॥ [4]ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ[5] ਦੁਆਰਿ ਰਟਤ[6] ਪਿੰਗੁਰੀਆ[7] ॥ ੧ ॥ ਦੀਨਾ ਨਾਥ ਅਨਾਥ ਕਰੁਣਾ ਮੈ[8] ਸਾਜਨ ਮੀਤ ਪਿਤਾ ਮਹਤਰੀਆ[9] ॥ [10]ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥ ੨ ॥ ੨ ॥ ੧੧੫ ॥

ਰਾਗੁ ਗਉੜੀ ਬੈਰਾਗਣਿ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਦਯ[11] ਗੁਸਾਈ[12] ਮੀਤੁਲਾ[13] ਤੂੰ ਸੰਗਿ ਹਮਾਰੈ ਬਾਸੁ[14] ਜੀਉ ॥ ੧ ॥ ਰਹਾਉ ॥ ਤੁਝ ਬਿਨੁ ਘਰੀ[15] ਨ ਜੀਵਨਾ [16]ਧ੍ਰਿਗੁ ਰਹਣਾ ਸੰਸਾਰਿ ॥ [17]ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰਿ ਜੀ ॥ ੧ ॥ ਹਸਤ[18] ਅਲੰਬਨੁ[19] ਦੇਹੁ ਪ੍ਰਭ ਗਰਤਹੁ[20] ਉਧਰੁ ਗੋਪਾਲ ॥ ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥ ੨ ॥ ਕਿਆ ਸੁਖ ਤੇਰੇ ਸੰਮਲਾ[21] ਕਵਨ ਬਿਧੀ ਬੀਚਾਰ ॥ [22]ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ ॥ ੩ ॥ ਸਗਲ ਪਦਾਰਥ *ਅਸਟ ਸਿਧਿ ਨਾਮ ਮਹਾ ਰਸ ਮਾਹਿ ॥ ਸੁਪ੍ਰਸੰਨ ਭਏ ਕੇਸਵਾ[23] ਸੇ ਜਨ ਹਰਿ ਗੁਣ ਗਾਹਿ ॥ ੪ ॥ ਮਾਤ ਪਿਤਾ ਸੁਤ ਬੰਧਪੋ[24] ਤੂੰ ਮੇਰੇ [25]ਪ੍ਰਾਣ ਅਧਾਰ ॥ ਸਾਧਸੰਗਿ ਨਾਨਕੁ ਭਜੈ [26]ਬਿਖੁ ਤਰਿਆ ਸੰਸਾਰੁ ॥ ੫ ॥ ੧ ॥ ੧੧੬ ॥

ਗਉੜੀ ਬੈਰਾਗਣਿ ਰਹੋਏ† ਕੇ ਛੰਤ ਕੇ ਘਰਿ ਮਃ ੫ ੴ ਸਤਿਗੁਰ ਪ੍ਰਸਾਦਿ ॥

ਹੈ ਕੋਈ ਰਾਮ ਪਿਆਰੋ ਗਾਵੈ ॥ ਸਰਬ ਕਲਿਆਣ[27] ਸੂਖ ਸਚੁ ਪਾਵੈ ॥ ਰਹਾਉ ॥ ਬਨੁ ਬਨੁ ਖੋਜਤ ਫਿਰਤ ਬੈਰਾਗੀ ॥ ਬਿਰਲੇ ਕਾਹੂ ਏਕ ਲਿਵ ਲਾਗੀ ॥ ਜਿਨਿ ਹਰਿ ਪਾਇਆ ਸੇ ਵਡਭਾਗੀ ॥ ੧ ॥ ਬ੍ਰਹਮਾਦਿਕ[28] ਸਨਕਾਦਿਕ[29] ਚਾਹੈ ॥ ਜੋਗੀ ਜਤੀ ਸਿਧ ਹਰਿ ਆਹੈ[30] ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ[31] ॥ ੨ ॥ ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥ ਵਡਭਾਗੀ ਹਰਿ ਸੰਤ ਮਿਲਾਹੀ ॥ ਜਨਮ ਮਰਣ ਤਿਹ[32] ਮੂਲੇ ਨਾਹੀ ॥ ੩ ॥ ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥ ਬਿਨਉ[33] ਸੁਨਹੁ ਪ੍ਰਭ ਊਚ ਅਪਾਰੇ ॥ ਨਾਨਕੁ ਮਾਂਗਤੁ ਨਾਮੁ ਅਧਾਰੇ ॥ ੪ ॥ ੧ ॥ ੧੧੭ ॥

੧ ਹੇ ਮਾਈ! ਜੋ-ਜੋ ਹਰੀ ਦਾ ਦਾਸ ਚਿਤਵਦਾ ਹੈ ਉਹੋ ਹੋ ਜਾਂਦਾ ਹੈ। ਭਾਵ ਵਾਹਿਗੁਰੂ ਆਪ ਸਭ ਦਾਸ ਦੀ ਮੰਨ ਕੇ ਕਰਵਾ ਦਿੰਦਾ ਹੈ।

੨ ਜਿਸ ਦੀਆਂ ਬਾਹਾਂ ਵਿੱਚ ਬਲ ਹੈ। ਵਾਹਿਗੁਰੂ ਨੂੰ ਏਥੇ ਭੁਜਬਲ ਬੀਰ (ਬਹਾਦਰ), ਸੁਖਾਂ ਦਾ ਸਮੁੰਦਰ ਅਤੇ ਬ੍ਰਹਮ ਕਰਕੇ ਸੰਬੋਧਨ ਕੀਤਾ ਹੈ।

੩ ਟੋਆ। ਸੰਸਾਰ ਰੂਪੀ ਟੋਏ ਵਿੱਚ ਡਿੱਗਦੇ ਨੂੰ ਉਂਗਲੀ ਤੋਂ ਫੜ ਕੇ ਬਚਾ ਲੈ।

੪ ਕੰਨਾਂ ਵਿੱਚ ਸੁਣਨ ਦੀ ਸੁਰਤ ਨਹੀਂ, ਅੱਖਾਂ ਸੋਹਣੀਆਂ ਨਹੀਂ, ਮੈਂ ਪਿੰਗਲਾ ਲਾਚਾਰ ਹੋ ਕੇ ਤੇਰੇ ਦੁਆਰੇ ਪੁਕਾਰ ਕਰਦਾ ਹਾਂ।

੫ ਦੁਖੀ, ਪੀੜਤ।

੬ ਪੁਕਾਰਦਾ ਹਾਂ।

੭ ਪਿੰਗਲਾ, ਚਰਨ-ਰਹਿਤ।

੮ ਹੇ ਦਇਆ ਰੂਪ!

੯ ਮਾਤਾ। ਹੇ ਗਰੀਬਾਂ ਦੇ ਮਾਲਕ, ਅਨਾਥਾਂ 'ਤੇ ਤਰਸ ਕਰਨ ਵਾਲੇ, ਹੇ ਸੱਜਣ ਮਿੱਤਰ, ਹੇ ਪਿਤਾ, ਹੇ ਮਾਤਾ!

੧੦ ਹੇ ਹਰੀ! ਜਿਸ ਦੇ ਕੰਵਲ ਰੂਪ ਚਰਣ ਫੜ ਕੇ ਸੰਤ ਲੋਕ ਸੰਸਾਰ ਤੋਂ ਪਾਰ ਉਤਰਦੇ ਹਨ (ਮੈਨੂੰ ਭੀ ਪਾਰ ਕਰ)।

੧੧ ਕਰਤਾਰ।

੧੨ ਗੋਇ ਸਾਂਈਂ, ਪ੍ਰਿਥਵੀ ਦਾ ਮਾਲਕ, ਹਰੀ।

੧੩ ਮਿੱਤਰ।

੧੪ ਵਸੋ।

੧੫ ਇਕ ਘੜੀ।

੧੬ (ਤੇਰੇ ਬਿਨਾਂ) ਸੰਸਾਰ ਵਿੱਚ ਰਹਿਣਾ ਲਾਨ੍ਹਤ ਪਾਉਣ ਯੋਗ ਹੈ।

੧੭ ਹੇ ਸਾਡੇ ਜੀਅ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲੇ! ਮੈਂ ਤੇਰੇ ਤੋਂ ਘੜੀ-ਘੜੀ ਕੁਰਬਾਨ ਜਾਂਦਾ ਹਾਂ।

੧੮ ਹੱਥ।

੧੯ ਆਸਰਾ। ਹੱਥ ਦਾ ਆਸਰਾ ਦੇਹ, ਹੇ ਪ੍ਰਭੂ, ਤੇ ਟੋਏ ਵਿੱਚੋਂ ਕੱਢ ਲੈ, ਹੇ ਗੁਪਾਲ!

੨੦ ਟੋਏ ਵਿੱਚੋਂ।

੨੧ ਯਾਦ ਕਰਾਂ। ਤੇਰੇ ਕਿਹੜੇ-ਕਿਹੜੇ ਸੁਖ ਯਾਦ ਕਰਾਂ ਅਤੇ ਕਿਸ ਤਰੀਕੇ ਨਾਲ ਉਨ੍ਹਾਂ ਦਾ ਵਿਚਾਰ ਕਰਾਂ?

੨੨ ਹੇ ਸਰਨ ਵਿੱਚ ਆਏ ਦੀ ਸਮਾਈ ਕਰਨ ਵਾਲੇ ਤੇ ਦਾਸਾਂ ਦੇ ਹਿਤੂ; ਹੇ ਉੱਚੇ ਅਪਹੁੰਚ ਤੇ ਬਿਅੰਤ!

੨੩ [ਸੁੰਦਰ ਕੇਸਾਂ ਵਾਲਾ, ਵਿਸ਼ਨੂੰ] ਵਾਹਿਗੁਰੂ। ਜਿਨ੍ਹਾਂ 'ਤੇ ਹਰੀ ਪ੍ਰਸੰਨ ਹੁੰਦਾ ਹੈ, ਓਹ ਹਰੀ ਦੇ ਗੁਣ ਗਾਂਦੇ ਹਨ।

੨੪ ਰਿਸ਼ਤੇਦਾਰ, ਸੰਬੰਧੀ।

੨੫ ਪ੍ਰਾਣਾਂ ਦਾ ਆਸਰਾ।

੨੬ ਸੰਸਾਰ, ਜੋ ਜ਼ਹਿਰ ਦਾ ਰੂਪ ਹੈ, ਤਰ ਲਿਆ ਹੈ।

੨੭ ਅਨੰਦ। ਸਾਰੇ ਸੁਖ ਅਨੰਦ ਮਾਣਦਾ ਹੈ ਅਤੇ ਸੱਚ ਉਸ ਨੂੰ ਪ੍ਰਾਪਤ ਹੈ।

੨੮ ਬ੍ਰਹਮਾ ਆਦਿਕ ਦੇਵਤੇ।

੨੯ ਸਨਕ ਆਦਿਕ। ਬ੍ਰਹਮਾ ਦੇ ਚਾਰ ਪੁੱਤਰ: ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ।

੩੦ ਚਾਹੁੰਦੇ ਹਨ (ਹਰੀ ਨੂੰ)।

੩੧ ਡੂੰਘੀ ਖੋਜ਼ ਨਾਲ ਵਿਚਾਰਦਾ ਹੈ।

੩੨ ਉਨ੍ਹਾਂ ਨੂੰ। ਓਹ ਬਿਲਕੁਲ ਜਨਮ ਮਰਨ ਵਿੱਚ ਨਹੀਂ ਆਉਂਦੇ।

੩੩ ਬੇਨਤੀ।

* ਅੱਠ ਸਿਧੀਆਂ। ਪੰਨਾ ੧੦ ਦੇ ਫੁਟ ਨੋਟ ¶ ਵਿੱਚ ਦਿੱਤੀਆਂ ਸਿੱਧੀਆਂ ਵਿੱਚੋਂ ਪਹਿਲੀਆਂ ਅੱਠ ('ਅਣਿਮਾ' ਤੋਂ ਲੈ ਕੇ 'ਵਸ਼ਿਤਾ' ਤੱਕ)। ਸਾਰੀਆਂ ਚੰਗੀਆਂ-ਚੰਗੀਆਂ ਚੀਜ਼ਾਂ (ਧਰਮ, ਅਰਥ, ਕਾਮ, ਮੋਖ) ਅਤੇ ਕਰਾਮਾਤੀ ਸ਼ਕਤੀਆਂ ਨਾਮ ਦੇ ਮਹਾਂ ਰਸ ਵਿੱਚ ਆ ਜਾਂਦੀਆਂ ਹਨ।

† 'ਰਹੋਆ' ਇਕ ਤਰ੍ਹਾਂ ਦਾ ਪੁਰਾਣਾ ਗੀਤ ਹੈ, ਜੋ ਲੰਮੇ ਰਹਾਉ ਜਾਂ ਹੇਕ ਨਾਲ ਗਾਇਆ ਜਾਂਦਾ ਹੈ। ਕਦੀ ਕਦੀ ਵਿਆਹਾਂ ਉੱਤੇ ਅਜੇ ਵੀ ਇਸਤਰੀਆਂ ਇਸ ਧਾਰਨਾ 'ਤੇ ਗਾਉਂਦੀਆਂ ਸੁਣੀਦੀਆਂ ਹਨ।

ਰਾਗੁ ਗਉੜੀ ਪੂਰਬੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

[੧]ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥ ਰੂਪ ਹੀਨ[੨] ਬੁਧਿ ਬਲ ਹੀਨੀ ਮੋਹਿ ਪਰਦੇਸਨਿ[੩] ਦੂਰ ਤੇ ਆਈ ॥ ੧ ॥ ਨਾਹਿਨ[੪] ਦਰਬੁ[੫] ਨ [੬]ਜੋਬਨ ਮਾਤੀ ਮੋਹਿ ਅਨਾਥ ਕੀ [੭]ਕਰਹੁ ਸਮਾਈ ॥ ੨ ॥ ਖੋਜਤ ਖੋਜਤ ਭਈ ਬੈਰਾਗਨਿ[੮] ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ[੯] ॥ ੩ ॥ ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ[੧੦] ਬੁਝਾਈ ॥ ੪ ॥ ੧ ॥ ੧੧੮ ॥ ਗਉੜੀ ਮਹਲਾ ੫ ॥ ਪ੍ਰਭ [੧੧]ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ ਪਾਇ[੧੨] ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥ ਮਨੁ ਅਰਪਉ[੧੩] ਧਨੁ ਰਾਖਉ ਆਗੈ [੧੪]ਮਨ ਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ[੧੫] ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥ *ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ[੧੬] ਬੈਰਾਗੀ[੧੭] ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ [੧੮]ਸੋਈ ਜਾਗੀ ॥ ੨ ॥ ੨ ॥ ੧੧੯ ॥ ਗਉੜੀ ਮਹਲਾ ੫ ॥ ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ[੧੯] ॥ ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ [੨੦]ਹੀਅਰੇ ਸੰਗਿ ਰਾਖੁ ॥ ੧ ॥ ਰਹਾਉ ॥ [੨੧]ਭ੍ਰਮ ਕੀ ਕੂਈ[੨੨] ਤ੍ਰਿਸਨਾ ਰਸ ਪੰਕਜ[੨੩] ਅਤਿ ਤੀਖ੍ਣ[੨੪] ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥ ੧ ॥ ਕਰਿ ਕਿਰਪਾ ਗੋਬਿਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ [੨੫]ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥ ੨ ॥ ੩ ॥ ੧੨੦ ॥ ਗਉੜੀ ਮਹਲਾ ੫ ॥ ਹਰਿ [੨੬]ਪੇਖਨ ਕਉ ਸਿਮਰਤ ਮਨੁ ਮੇਰਾ ॥ [੨੭]ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ[੨੮] ॥ ੧ ॥ ਰਹਾਉ ॥ ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ[੨੯] ॥ [੩੦]ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥ ੧ ॥ [੩੧]ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ[੩੨] ॥ ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ[੩੩] ਸਫਲੁ ਸਵੇਰਾ ॥ ੨ ॥ ੪ ॥ ੧੨੧ ॥

ਰਾਗੁ ਗਉੜੀ ਪੂਰਬੀ† ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ

੧ ਹੇ ਮੇਰੀ ਮਾਂ! ਮੈਂ ਕਿਹੜੇ ਗੁਣਾਂ ਕਰਕੇ ਆਪਣੇ ਪ੍ਰਾਣਾਂ ਦੇ ਮਾਲਕ ਨੂੰ ਮਿਲਾਂ?
੨ ਖ਼ਾਲੀ।
੩ ਇਸ ਸੰਸਾਰ ਵਿੱਚ ਜੀਵ ਰੂਪ ਇਸਤਰੀ ਪਰਦੇਸਨ ਹੈ।
੪ ਨਾਹੀ ਹੈ।
੫ ਧਨ।
੬ ਜਵਾਨੀ ਦੀ ਮਤੀ ਹੋਈ, ਮਸਤ।
੭ ਆਪਣੇ ਵਿੱਚ ਸਮਾਈ ਕਰੋ।
੮ ਵੈਰਾਗ ਵਾਲੀ।
੯ ਤਿਹਾਈ।
੧੦ ਸੜਨ (ਵਿਛੋੜੇ ਦੀ)।
੧੧ ਮਿਲਣੇ ਨੂੰ। ਪ੍ਰਭੂ ਨੂੰ ਮਿਲਣ ਲਈ ਮੇਰੇ ਮਨ ਵਿੱਚ ਪ੍ਰੀਤ ਪੈਦਾ ਹੋਈ ਹੈ।
੧੨ ਚਰਨੀਂ।
੧੩ ਹਵਾਲੇ ਕਰਾਂ।
੧੪ ਮਨ ਦੀ ਮੱਤ ਭਾਵ ਆਪ-ਹੁਦਰਾਪਣ ਮੈਂ ਸਾਰਾ ਛੱਡ ਦਿੱਤਾ ਹੈ।
੧੫ ਹਰ ਰੋਜ਼, ਨਿੱਤ।
੧੬ ਰਸੀਆ, ਵਾਹਿਗੁਰੂ।
੧੭ ਵੈਰਾਗ ਵਾਲਾ, ਭੋਗਾਂ ਦੇ ਵਿਕਾਰ ਤੋਂ ਬੱਚ ਕੇ ਰਹਿਣ ਵਾਲਾ, ਹਰੀ। ਇਥੇ ਦੋਵੇਂ ਗੁਣ ਦੱਸੇ ਹਨ, ਭੋਗੀ ਤੇ ਜੋਗੀ ਦੇ।
੧੮ ਮੈਂ ਸੁੱਤੀ ਹੋਈ (ਅਗਿਆਨਤਾ ਕਰਕੇ) ਜਾਗ ਪਈ ਹਾਂ!
੧੯ ਖੰਭ। ਹੇ ਜੀਵ ਰੂਪ ਪੰਖੀ! ਤੂੰ ਸਿਮਰ ਕੇ, ਆਪਣੇ ਖੰਭ ਕੱਢ ਲੈ, ਭਾਵ ਮੋਹ ਦੇ ਜੀਵਨ ਤੋਂ ਆਜ਼ਾਦ ਹੋ ਜਾ।
੨੦ ਹਿਰਦੇ ਨਾਲ।
੨੧ ਭਰਮ ਰੂਪੀ ਸੰਸਾਰ ਦੀ ਖੂਹੀ ਹੈ, ਉਸ ਵਿੱਚ ਲਾਲਚ ਦਾ ਸਵਾਦ ਚਿੱਕੜ ਹੈ ਅਤੇ ਮੋਹ ਦੀ ਫਾਹੀ ਬਹੁਤ ਤੇਜ਼ ਹੈ।
੨੨ ਖੂਹੀ।
੨੩ ਚਿੱਕੜ।
੨੪ ਤੇਜ਼।
੨੫ ਹੱਥ ਫੜ ਲਓ ਹੇ ਨਾਨਕ ਦੇ ਮਾਲਕ ਜੀ! ਮੇਰਾ ਜੀਵ ਤੇ ਸਰੀਰ ਤੁਹਾਡੀ ਦਿੱਤੀ ਪੂੰਜੀ ਹੈ।
੨੬ ਦੇਖਣ ਨੂੰ।
੨੭ ਹਰੀ ਦੀ ਆਸ 'ਤੇ ਦਰਸ਼ਨ ਦੀ ਪਿਆਸ ਵਾਲੀ ਹੋ ਕੇ ਯਾਦ ਕਰਦੀ ਹਾਂ, ਦਿਨੇਂ ਰਾਤੀਂ।
੨੮ ਨੇੜਿਓਂ ਹੀ।
੨੯ [ਐਸੇ ਲਫ਼ਜ਼ ਕਹਿਣੇ ਕਿ ਸੁਣਨ ਵਾਲੇ ਦਾ ਦਿਲ ਨਰਮ ਹੋ ਜਾਏ] ਬੇਨਤੀ, ਪ੍ਰਾਰਥਨਾ। "ਕਰਉ ਨਿਹੋਰਾ ਬਹੁਤੁ ਬੇਨਤੀ" (ਸਾਰੰਗ ਮ: ੫-੧੨੦੭)
੩੦ ਤੱਕੜੀ 'ਤੇ ਧਰ ਕੇ।
੩੧ ਗੁਰੂ ਦੀ ਕਿਰਪਾ ਨਾਲ।
੩੨ ਮੋੜ ਲਿਆ (ਜਨਮ ਮਰਨ ਦੇ ਗੇੜ ਵਿੱਚ ਜਾਂਦੇ ਨੂੰ)।
੩੩ [ਜਿਸ ਦਾ ਮਨੋਰਥ ਪੂਰਾ ਹੋ ਗਿਆ] ਸਫਲ।

* ਜਦ ਅੰਗੂਰ ਫੁਟਿਆ ਪਿੱਛਲੇ ਕਰਮਾਂ ਦਾ, ਭਾਵ ਭਾਗ ਖੁਲ੍ਹ ਪਏ, ਤਾਂ ਉਹ ਪਤੀ ਮਿਲਿਆ ਜੋ ਰਸ ਮਾਣਨ ਵਾਲਾ ਭੀ ਹੈ ਅਤੇ ਰਸਾਂ ਤੋਂ ਬੇਲਾਗ ਭੀ ਹੈ।

† ਗਉੜੀ ਰਾਗ ਵਿੱਚ ਕਿਧਰੇ-ਕਿਧਰੇ ਸਿਰਲੇਖ ਦੇ ਹੇਠਾਂ ਛੋਟੇ ਅੰਕ (੧, ੨, ੩ ਆਦਿ) ਆਉਂਦੇ ਹਨ। ਇਹ 'ਘਰ' ਦੇ ਸੂਚਕ ਹਨ; ਭਾਵ ਇਹ ਸ਼ਬਦ ਘਰ ੧, ਘਰ ੨ ਆਦਿ ਵਿੱਚ ਗਾਏ ਜਾਣੇ ਹਨ।

[1]ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ॥ ੧॥ ਰਹਾਉ॥ ਅੰਤਰਿ ਅਲਖੁ[2] ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥ ੧॥ ਏਕਾ ਸੰਗਤਿ [3]ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥ ਏਕ ਬਸਤੁ ਬਿਨੁ ਪੰਚ[4] ਦੁਹੇਲੇ ਓਹ ਬਸਤੁ [5]ਅਗੋਚਰ ਠਾਈ॥ ੨॥ ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ[6] ਕੁੰਜੀ ਗੁਰ ਸਉਪਾਈ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥ ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ॥ [7]ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥ ੪॥ ਮੇਰੇ ਰਾਮ ਰਾਇ [8]ਇਨ ਬਿਧਿ ਮਿਲੈ ਗੁਸਾਈ॥ ਸਹਜੁ[9] ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ [10]ਜੋਤੀ ਜੋਤਿ ਸਮਾਈ॥ ੧॥ ਰਹਾਉ ਦੂਜਾ॥ ੧॥ ੧੨੨॥ ਗਉੜੀ ਮਹਲਾ ੫॥ ਐਸੋ ਪਰਚਉ[11] ਪਾਇਓ॥ ਕਰੀ ਕ੍ਰਿਪਾ ਦਇਆਲ ਬੀਠੁਲੈ[12] ਸਤਿਗੁਰ ਮੁਝਹਿ ਬਤਾਇਓ॥ ੧॥ ਰਹਾਉ॥ ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ[13] ਹੋਇ ਆਇਓ॥ [14]ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ[15]॥ ੧॥ ਲਹਿਓ ਸਹਸਾ[16] ਬੰਧਨ ਗੁਰਿ ਤੋਰੇ ਤਾਂ ਸਦਾ [1]ਸਹਜ ਸੁਖੁ ਪਾਇਓ॥ ਹੋਣਾ ਸਾ ਸੋਈ ਫੁਨਿ[17] ਹੋਸੀ ਸੁਖੁ ਦੁਖੁ ਕਹਾ[18] ਦਿਖਾਇਓ॥ ੨॥ ਖੰਡ ਬ੍ਰਹਮੰਡ ਕਾ ਏਕੋ ਠਾਣਾ[19] ਗੁਰਿ ਪਰਦਾ ਖੋਲਿ ਦਿਖਾਇਓ॥ [20]ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ [21]ਕੈਠੈ ਜਾਇਓ॥ ੩॥ ਏਕੈ ਕਨਿਕ[22] ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ॥ ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ॥ ੪॥ ੨॥ ੧੨੩॥ ਗਉੜੀ ਮਹਲਾ ੫॥ [*]ਅਉਧ ਘਟੈ ਦਿਨਸੁ ਰੈਨਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥ ੧॥ ਰਹਾਉ॥ ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ ੧॥ ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ॥ ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ॥ ੨॥ ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥ ੩॥ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥ ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ ੪॥ ੩॥ ੧੨੪॥ ਗਉੜੀ ਮਹਲਾ ੫॥ ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ ੧॥

III-155

੧ ਹੋਰਨਾਂ ਸੁਖਾਂ ਦੇ ਮੁਕਾਬਲੇ 'ਤੇ ਗੁਰਮਤ ਦਾ ਸਹਜ-ਸੁਖ ਜੋ ਅਸਲ ਆਤਮਕ ਸੁਖ ਹੈ। ਕੋਈ ਐਸਾ ਅਡੋਲ ਸੁਖ ਦਾ ਦੇਣ ਵਾਲਾ ਸੰਤ ਹੋਵੇ ਜੋ ਮੈਨੂੰ ਹਰੀ ਦਾ ਰਸਤਾ ਦੱਸ ਦੇਵੇ।

੨ ਜਿਸ ਨੂੰ ਸਮਝ ਨਾ ਸਕੀਏ।

੩ ਇਕੋ ਘਰ ਵਿੱਚ। ਇਕੋ ਸਰੀਰ ਵਿੱਚ ਜੀਵ ਆਤਮਾ ਤੇ ਪਰਮਾਤਮਾ ਇਕੱਠੇ ਵੱਸਦੇ ਹਨ, ਪਰ ਹੇ ਭਾਈ! ਓਹ ਆਪੋ ਵਿੱਚ ਗੱਲ ਨਹੀਂ ਕਰਦੇ (ਕਿਉਂਕਿ ਪੜਦਾ ਹੈ ਵਿਚਾਲੇ ਹਉਮੈ ਦਾ)।

੪ ਗਿਆਨ ਇੰਦਰੇ। ਇਕ ਨਾਮ-ਵਸਤ ਤੋਂ ਬਿਨਾਂ ਪੰਜੇ ਦੁਖੀ ਹਨ।

੫ ਮਨ ਤੇ ਇੰਦਰਿਆਂ ਤੋਂ ਪਰ੍ਹੇ ਜੋ ਥਾਂ ਹੈ, ਜਿਸ ਨੂੰ ਅਨੁਭਵ ਕਹਿ ਸਕਦੇ ਹਾਂ।

੬ ਜੰਦਰਾ। ਜਿਸ ਹਰੀ ਦਾ ਬਣਾਇਆ ਸਰੀਰ ਹੈ ਉਸ ਨੇ ਭਰਮ ਰੂਪੀ ਤਾਲਾ ਲਾਇਆ ਹੈ ਅਤੇ ਇਸ ਨੂੰ ਖੋਲ੍ਹਣ ਦੀ ਵਿਧੀ ਗੁਰੂ ਨੂੰ ਸੌਂਪੀ ਹੈ।

੭ ਹੁਣ ਇੰਦਰੇ ਸੁਖੀ ਹੋ ਗਏ ਹਨ ਤੇ ਖੁਸ਼ੀਆਂ ਮਨਾ ਰਹੇ ਹਨ, ਕਿਉਂਕਿ ਹਰੀ ਨਾਲ ਕੋਈ ਭੇਦ ਨਹੀਂ ਰਿਹਾ।

੮ ਇਸ ਤਰ੍ਹਾਂ।

੯ ਹੁਣ ਸਹਿਜ ਅਵਸਥਾ ਬਣ ਗਈ ਹੈ। ਦੇਖੋ ਪੰਨਾ ੬੮।

੧੦ ਮਨੁੱਖ ਦੀ ਆਤਮ-ਜੋਤ ਪਰਮਾਤਮ-ਜੋਤ ਨਾਲ ਇਕ ਹੋ ਗਈ ਹੈ।

੧੧ [ਸੰ. ਪਰਿਚਯ] ਵਾਕਫ਼ੀ। (ਵਾਹਿਗੁਰੂ ਨਾਲ) ਐਸੀ ਵਾਕਫ਼ੀ ਪੈ ਗਈ ਕਿ ਉਸ ਕਿਰਪਾਲੂ ਪ੍ਰੀਤਮ ਨੇ ਦਇਆ ਕੀਤੀ ਤੇ ਮੈਨੂੰ ਸਤਿਗੁਰੂ ਦਾ ਪਤਾ ਦੱਸ ਦਿੱਤਾ। ਇਸ ਤੋਂ ਅੱਗੋਂ ਦੱਸਦੇ ਹਨ ਕਿ ਗੁਰੂ ਦੇ ਮਿਲਣ ਨਾਲ ਕੀ-ਕੀ ਭੇਦ ਖੁਲ੍ਹੇ।

੧੨ ਵਾਹਿਗੁਰੂ ਨੇ। ਦੇਖੋ ਪੰਨਾ ੯੨, ਫੁਟ ਨੋਟ ‡।

੧੩ ਯਕੀਨ। ਜਤ ਕਤ=ਜਿਥੇ ਕਿਤੇ; ਤਤ, ਤਤ=ਉਥੇ ਉਥੇ।

੧੪ ਹੋਰ ਕਿਸ ਅੱਗੇ ਅਰਦਾਸ ਬੇਨਤੀ ਕਰਾਂ, ਜਦ ਵਾਹਿਗੁਰੂ ਆਪ ਸਭ ਕੁਝ ਸੁਣਦਾ ਹੈ?

੧੫ ਰਘੁ-ਵੰਸ਼ ਦਾ ਰਾਜਾ=ਵਾਹਿਗੁਰੂ।

੧੬ ਫ਼ਿਕਰ।

੧੭ ਫਿਰ।

੧੮ ਕਿਥੇ? ਜੋ ਹੋਣਾ ਸੀ, ਉਹੋ ਜ਼ਰੂਰ ਹੋਵੇਗਾ, ਤਾਂ ਦੁੱਖ ਸੁਖ ਕਿੱਥੇ ਦਿੱਸੇ?

੧੯ ਟਿਕਾਣਾ। ਸਾਰੀ ਰਚਨਾ ਅਤੇ ਉਸ ਦੇ ਹਿੱਸਿਆਂ ਦਾ ਇਕੋ ਟਿਕਾਣਾ ਹੈ, ਭਾਵ ਵਾਹਿਗੁਰੂ 'ਤੇ ਹੀ ਟਿਕੇ ਹੋਏ ਹਨ।

੨੦ ਦੇਖੋ ਪੰਨਾ ੧੧, ਫੁਟ ਨੋਟ §।

੨੧ ਕਿਹੜੇ ਥਾਂ?

੨੨ ਸੋਨਾ। ਭਾਵ ਜ਼ੇਵਰਾਂ ਦੀ ਸ਼ਕਲ ਵਿੱਚ ਕਈ ਰੂਪ ਧਾਰਦਾ ਹੈ।

* ਇਸ ਸ਼ਬਦ ਦੇ ਅਰਥ ਹੋ ਚੁੱਕੇ ਹਨ। ਦੇਖੋ ਪੰਨਾ ੧੩। ਇਥੇ ਰਹਾਉ ਪਹਿਲਾਂ ਆਇਆ ਹੈ, ਤੇ ਉਥੇ ਪਹਿਲੇ ਅੰਕ ਤੋਂ ਪਿੱਛੋਂ। ਇਸ ਤੋਂ ਸਿਧ ਹੁੰਦਾ ਹੈ, ਕਿ ਰਹਾਉ ਦੀ ਤੁਕ ਦੀ ਕੋਈ ਖਾਸ ਥਾਂ ਮੁਕਰਰ ਨਹੀਂ। ਕਿਸੇ ਥਾਂ 'ਤੇ ਆ ਸਕਦੀ ਹੈ। ਅਰਥ ਭੀ ਇਸ ਦੇ ਹੋਰਨਾਂ ਤੁਕਾਂ ਦੀ ਲੜੀ ਨਾਲ ਮੇਲ ਕੇ ਨਹੀਂ ਹੁੰਦੇ, ਬਲਕਿ ਸਾਰੀਆਂ ਤੁਕਾਂ ਦੇ ਕੇਂਦਰੀ ਭਾਵ ਨੂੰ ਮੁੱਖ ਰੱਖ ਕੇ ਹੁੰਦੇ ਹਨ। ਇਸ ਲਈ ਅਰਥ ਕਰਨ ਵੇਲੇ ਸਭ ਤੋਂ ਪਹਿਲਾਂ ਰਹਾਉ ਦੀਆਂ ਤੁਕਾਂ ਲੈ ਕੇ ਵਿਚਾਰਨੀਆਂ ਚਾਹੀਦੀਆਂ ਹਨ।

ਰਹਾਉ ॥ ਪੰਚ ਬਿਖਾਦੀ[੧] ਏਕੁ ਗਰੀਬਾ ਰਾਖਹੁ ਰਾਖਨਹਾਰੇ ॥ [੨]ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥ ਏਕ ਬਾਤ ਸੁਨਿ [੩]ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥ ੨ ॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ[੪] ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥ ੩ ॥ ਜੀਤਿ ਲਏ ਓਇ ਮਹਾ ਬਿਖਾਦੀ [੫]ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨਿ ਭਇਆ ਪਰਗਾਸਾ[੬] ਪਾਇਆ [੭]ਪਦੁ ਨਿਰਬਾਣੀ ॥ ੪ ॥ ੪ ॥ ੧੨੫ ॥ ਗਉੜੀ ਮਹਲਾ ੫ ॥ ਓਹੁ ਅਬਿਨਾਸੀ ਰਾਇਆ[੮] ॥ ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥ ੧ ॥ ਰਹਾਉ ॥ [੯]ਏਕ ਮਹਲਿ ਤੂੰ ਹੋਹਿ ਅਫਾਰੋ[੧੦] ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ [੧੧]ਆਪੇ ਆਪੇ ਏਕ ਮਹਲਿ ਗਰੀਬਾਨੋ[੧੨] ॥ ੧ ॥ ਏਕ ਮਹਲਿ ਤੂੰ ਪੰਡਿਤੁ ਬਕਤਾ[੧੩] ਏਕ ਮਹਲਿ ਖਲੁ[੧੪] ਹੋਤਾ ॥ ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ[੧੫] ਏਕ ਮਹਲਿ ਕਛੂ ਨ ਲੇਤਾ ॥ ੨ ॥ ਕਾਠ ਕੀ ਪੁਤਰੀ[੧੬] ਕਹਾ ਕਰੈ ਬਪੁਰੀ[੧੭] ਖਿਲਾਵਨਹਾਰੋ ਜਾਨੈ ॥ ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ [੧੮]ਸਾਜੁ ਆਨੈ ॥ ੩ ॥ ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥ ੪ ॥ ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ [੧੯]ਬਿਧਿ ਸਾਜੀ ॥ ਕਹੁ ਨਾਨਕ ਅਪਰੰਪਰ[੨੦] ਸੁਆਮੀ [੨੧]ਕੀਮਤਿ ਅਪੁਨੇ ਕਾਜੀ ॥ ੫ ॥ ੫ ॥ ੧੨੬ ॥ ਗਉੜੀ ਮਹਲਾ ੫ ॥ ਛੋਡਿ ਛੋਡਿ ਰੇ [੨੨]ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ [੨੩]ਬਾਵਰ ਗਾਵਰ ਜਿਉ ਕਿਰਖੈ[੨੪] ਹਰਿਆਇਓ[੨੫] ਪਸੂਆ ॥ ੧ ॥ ਰਹਾਉ ॥ ਜੋ ਜਾਨਹਿ ਤੂੰ [੨੬]ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ[੨੭] ॥ ਨਾਗੋ ਆਇਓ ਨਾਗ ਸਿਧਾਸੀ[੨੮] ਫੇਰਿ[੨੯] ਫਿਰਿਓ ਅਰੁ ਕਾਲਿ ਗਰਸੂਆ ॥ ੧ ॥ [੩੦]ਪੇਖਿ ਪੇਖਿ ਰੇ ਕਸੁੰਭ[੩੧] ਕੀ ਲੀਲਾ [੩੨]ਰਾਚਿ ਮਾਚਿ ਤਿਨਹੂ ਲਉ ਹਸੂਆ ॥ [੩੩]ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥ ੨ ॥ ਕਰਤ ਕਰਤ ਇਵ ਹੀ ਬਿਰਧਾਨੋ[੩੪] ਹਾਰਿਓ ਉਕਤੇ[੩੫] ਤਨੁ ਖੀਨਸੂਆ ॥ ਜਿਉ [*]ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ[੩੬] ॥ ੩ ॥ ਜਗੁ ਐਸਾ [੩੭]ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ [੩੮]ਤਜਿ ਗਰਬਸੂਆ ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ[੩੯] ॥ ੪ ॥ ੬ ॥ ੧੨੭ ॥ ਗਉੜੀ ਮਹਲਾ ੫ ॥ ਤੁਝ ਬਿਨੁ ਕਵਨੁ ਹਮਾਰਾ ॥ ਮੇਰੇ ਪ੍ਰੀਤਮ [੪੦]ਪ੍ਰਾਨ ਅਧਾਰਾ ॥ ੧ ॥ ਰਹਾਉ ॥ ਅੰਤਰ

੧ ਝਗੜਾਲੂ। ਕਾਮਾਦਿਕ ਝਗੜਾਲੂ ਪੰਜ ਹਨ, ਤੇ ਮੈਂ ਗ਼ਰੀਬ ਇਕੱਲਾ ਹਾਂ।
੨ ਦੁੱਖ ਦਿੰਦੇ ਹਨ।
੩ ਤੱਕੀ ਹੈ ਓਟ।
੪ ਉਪਦੇਸ਼। ਸੰਤਾਂ ਨੇ ਮੈਨੂੰ ਨਿਰਭਉ ਕਰਨ ਵਾਲਾ ਉਪਦੇਸ਼ ਦਿੱਤਾ।
੫ ਮੇਰੀ ਬਾਣੀ ਹੁਣ ਸਹਜ ਵਾਲੀ ਤੇ ਸੁਖਦਾਈ ਹੋ ਗਈ ਹੈ।
੬ ਚਾਨਣਾ।
੭ ਨਿਰਬਾਣ ਪਦ; ਦੁੱਖਾਂ ਕਲੇਸ਼ਾਂ ਤੋਂ ਰਹਿਤ ਹੋ ਜਾਣਾ।
੮ ਰਾਜਾ।
੯ ਇਕ ਹਾਲਤ ਵਿੱਚ।
੧੦ ਹੰਕਾਰੀ।
੧੧ ਸਭ ਕੁਝ ਆਪ ਹੀ।
੧੨ ਗ਼ਰੀਬ, ਨਿਮਾਣਾ।
੧੩ ਵਕਤਾ, ਵਖਿਆਨ ਕਰਨ ਵਾਲਾ।
੧੪ ਮੂਰਖ।
੧੫ (ਸਭ ਕੁਝ) ਇਕੱਠਾ ਕਰਨ ਵਾਲਾ।
੧੬ ਪੁਤਲੀ।
੧੭ ਵਿਚਾਰੀ।
੧੮ ਸਾਜ (ਬਨਾਵਟ) ਲਿਆਉਂਦਾ ਹੈ, ਭਾਵ ਉਹੋ ਜਿਹਾ ਰੂਪ ਉਤਰਵਾਂਦਾ ਹੈ, ਪਾਰਟ ਅਦਾ ਕਰਵਾਂਦਾ ਹੈ। ਇਥੇ 'ਓਹੁ' ਪੁਲਿੰਗ ਹੈ, ਇਸ ਲਈ 'ਬਾਜੀਗਰੁ' ਲਈ ਆਇਆ ਹੈ। ('ਪੁਤਰੀ' ਲਈ ਨਹੀਂ)।
੧੯ ਬਣਤ ਬਣਾਈ।
੨੦ ਪਰ੍ਹੇ ਤੋਂ ਪਰ੍ਹੇ, ਬੇਅੰਤ।
੨੧ ਆਪਣੇ (ਕਾਜਾਂ) ਕੰਮਾਂ ਦੀ ਕੀਮਤ ਆਪ ਹੀ ਜਾਣਦਾ ਹੈ।
੨੨ ਵਿਸ਼ਿਆਂ ਦੇ ਸੁਆਦ।
੨੩ ਝੱਲੇ ਤੇ ਗਵਾਰ।
੨੪ ਖੇਤ ਨੂੰ।
੨੫ ਹਰਿਆੜ ਪਸੂ। ਜਿਵੇਂ ਅਵਾਰਾ ਪਸੂ ਖੇਤ ਨੂੰ ਪਿਆ ਹੁੰਦਾ ਹੈ।
੨੬ ਆਪਣੇ ਕੰਮ ਆਵਣ ਵਾਲੀ (ਸਮਝਦਾ ਹੈਂ)।
੨੭ ਰਤਾ ਵੀ।
੨੮ ਜਾਵੇਂਗਾ।
੨੯ ਗੇੜ (ਫੇਰ) ਵਿੱਚ। ਜਨਮ ਮਰਨ ਦੇ ਗੇੜ ਵਿੱਚ ਪੈ ਗਿਉਂ ਤੇ ਕਾਲ ਨੇ ਖਾ ਲਿਆ।
੩੦ ਦੇਖ-ਦੇਖ ਕੇ।
੩੧ ਮਾਇਆ, ਜਿਸ ਨੂੰ ਕਸੁੰਭੇ ਦੇ ਕੱਚੇ ਰੰਗ ਨਾਲ ਉਪਮਾ ਦਿੱਤੀ ਹੈ।
੩੨ ਉਸੇ ਵਿੱਚ ਰਚ-ਮਿੱਚ ਕੇ ਖੁਸ਼ ਹੁੰਦਾ ਹੈ।
੩੩ ਸੁਆਸਾਂ ਦੀ ਡੋਰੀ ਛਿੱਜ ਰਹੀ ਹੈ, ਦਿਨੇਂ ਤੇ ਰਾਤੀਂ।
੩੪ ਬੁੱਢਾ ਹੋ ਗਿਆ।
੩੫ [ਉਕਤਿ=ਯੁਕਤਿ=ਦਲੀਲ ਵਿੱਚ] ਕਥਨ ਵਿੱਚ। ਬੋਲਣੋਂ ਰਹਿ ਗਿਆ ਤੇ ਸਰੀਰ ਟੁਟ ਗਿਆ।
੩੬ ਰਤਾ ਵੀ।
੩੭ ਮੈਨੂੰ ਗੁਰੂ ਨੇ ਦਿਖਾਇਆ।
੩੮ ਹੰਕਾਰ ਛੱਡ ਕੇ।
੩੯ ਜਸ, ਵਡਿਆਈ।
੪੦ ਪ੍ਰਾਣਾਂ ਦੇ ਆਸਰੇ।

* ਜਿਵੇਂ ਜਵਾਨੀ ਵਿੱਚ ਉਸ ਮਾਇਆ ਮੋਹਣੀ ਨੇ ਮੋਹਿਆ ਸੀ, ਉਸ ਤੋਂ ਪ੍ਰੀਤ ਰਤਾ ਵੀ ਨਾ ਘਟੀ (ਭਾਵੇਂ ਹੁਣ ਬੁੱਢਾ ਹੋ ਗਿਆ ਹੈ)।

ਕੀ ਬਿਧਿ[੧] ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ[੨] ॥ ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ[੩] ਅਤੋਲੇ ॥ ੧ ॥ [੪]ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥ ਅਗਮ[੫] ਅਗੋਚਰ[੬] ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥ ੨ ॥ ਭ੍ਰਮੁ ਭਉ ਕਾਟਿ ਕੀਏ ਨਿਹਕੇਵਲ[੭] ਜਬ ਤੇ ਹਉਮੈ ਮਾਰੀ ॥ ਜਨਮ ਮਰਣ ਕੋ [੮]ਚੂਕੋ ਸਹਸਾ ਸਾਧਸੰਗਤਿ ਦਰਸਾਰੀ[੯] ॥ ੩ ॥ ਚਰਣ ਪਖਾਰਿ[੧੦] ਕਰਉ ਗੁਰ ਸੇਵਾ [੧੧]ਬਾਰਿ ਜਾਉ ਲਖ ਬਰੀਆ ॥ [੧੨]ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ[੧੩] ॥ ੪ ॥ ੭ ॥ ੧੨੮ ॥ ਗਉੜੀ ਮਹਲਾ ੫ ॥ ਤੁਝ ਬਿਨੁ ਕਵਨੁ ਰੀਝਾਵੈ[੧੪] ਤੋਹੀ ॥ ਤੇਰੋ ਰੂਪੁ ਸਗਲ ਦੇਖਿ ਮੋਹੀ ॥ ੧ ॥ ਰਹਾਉ ॥ ਸੁਰਗ ਪਇਆਲ[੧੫] ਮਿਰਤ[੧੬] ਭੂਅ ਮੰਡਲ[੧੭] ਸਰਬ ਸਮਾਨੋ[੧੮] ਏਕੈ ਓਹੀ ॥ [੧੯]ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ[੨੦] ॥ ੧ ॥ [੨੧]ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ[੨੨] ॥ ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ [੨੩]ਗਾਲ ਗਲੋਹੀ ॥ ੨ ॥ ੮ ॥ ੧੨੯ ॥ ਗਉੜੀ ਮਹਲਾ ੫ ॥ ਮਿਲਹੁ [੨੪]ਪਿਆਰੇ ਜੀਆ ॥ ਪ੍ਰਭ [੨੫]ਕੀਆ ਤੁਮਾਰਾ ਥੀਆ ॥ ੧ ॥ ਰਹਾਉ ॥ ਅਨਿਕ ਜਨਮ ਬਹੁ ਜੋਨੀ ਭ੍ਰਮਿਆ [੨੬]ਬਹੁਰਿ ਬਹੁਰਿ ਦੂਖੁ ਪਾਇਆ ॥ ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥ ੧ ॥ ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥ ਤੁਮਰੈ ਭਾਣੈ ਭਰਮਿ ਮੋਹਿ ਮੋਹਿਆ [੨੭]ਜਾਗਤੁ ਨਾਹੀ ਸੂਤਾ ॥ ੨ ॥ ਬਿਨਉ ਸੁਨਹੁ ਤੁਮ [੨੮]ਪ੍ਰਾਨਪਤਿ ਪਿਆਰੇ [੨੯]ਕਿਰਪਾ ਨਿਧਿ ਦਇਆਲਾ ॥ ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ[੩੦] ॥ ੩ ॥ ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ[੩੧] ॥ ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ[੩੨] ॥ ੪ ॥ ੯ ॥ ੧੩੦ ॥ ਗਉੜੀ ਮਹਲਾ ੫ ॥ ਹਉ ਤਾ ਕੈ ਬਲਿਹਾਰੀ[੩੩] ॥ ਜਾ ਕੈ ਕੇਵਲ ਨਾਮੁ ਅਧਾਰੀ[੩੪] ॥ ੧ ॥ ਰਹਾਉ ॥ ਮਹਿਮਾ ਤਾ ਕੀ ਕੇਤਕ[੩੫] ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥ [੩੬]ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ[੩੭] ਅਵਰ ਨ ਦਾਤੇ ॥ ੧ ॥ ਜਗਤ ਉਧਾਰਣ[੩੮] ਸੇਈ ਆਏ ਜੋ ਜਨ ਦਰਸ ਪਿਆਸਾ ॥ ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥ ੨ ॥ ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ[੩੯] ॥ ਭਗਤਨ ਕੀ ਰੇਣੁ[੪੦] ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥ ੩ ॥ ਰਾਜੁ ਜੋਬਨੁ ਅਵਧ[੪੧] ਜੋ ਦੀਸੈ ਸਭੁ ਕਿਛੁ *ਜੁਗ ਮਹਿ ਘਾਟਿਆ[੪੨] ॥ ਨਾਮੁ ਨਿਧਾਨੁ ਸਦ ਨਵਤਨੁ[੪੩]

੧ ਹਾਲਤ।
੨ ਸੁਖ ਦੇਣ ਵਾਲੇ।
੩ ਅਥਾਹ।
੪ ਹੇ ਗੁਣਾਂ ਦੇ ਖ਼ਜ਼ਾਨੇ ਤੇ ਸੁਖ ਦੇਣ ਵਾਲੇ। ਮੈਂ ਤੇਰੇ ਚੋਜ ਬਿਆਨ ਨਹੀਂ ਕਰ ਸਕਦਾ।
੫ ਜਿਸ ਤੱਕ ਪਹੁੰਚ ਨਾ ਸਕੀਏ।
੬ ਜੋ ਇੰਦਰਿਆਂ ਦਾ ਵਿਸ਼ਾ ਨਹੀਂ।
੭ ਸ਼ੁੱਧ, ਨਿਰਮਲ।
੮ ਦੂਰ ਹੋ ਗਿਆ ਸਹਸਾ (ਫ਼ਿਕਰ)।
੯ ਦਰਸ਼ਨਾਂ ਦਾ ਸਦਕਾ।
੧੦ ਧੋ ਕੇ।
੧੧ ਵਾਰਨੇ ਜਾਂਦਾ ਹਾਂ ਲੱਖਾਂ ਵਾਰੀ।
੧੨ ਜਿਸ ਦੀ ਕਿਰਪਾ ਨਾਲ ਇਹ ਸੰਸਾਰ ਸਾਗਰ ਤਰਿਆ।
੧੩ ਮਿਲਿਆ।
੧੪ ਪ੍ਰਸੰਨ ਕਰੇ। ਤੂੰ ਬੇਅੰਤ ਹੈਂ, ਸਭ ਤੈਨੂੰ ਵੇਖ ਮੋਹੀ ਗਈ ਹੈ। ਤੇਰੇ ਜੇਹਾ ਹੋਰ ਕੋਈ ਹੋਵੇ ਤਾਂ ਤੈਨੂੰ ਪ੍ਰਸੰਨ ਕਰ ਸਕੇ, ਪਰ ਕਿਉਂਕਿ ਨਹੀਂ ਹੈ, ਇਸ ਲਈ ਤੇਰੇ ਬਿਨਾਂ ਤੈਨੂੰ ਹੋਰ ਕੌਣ ਪ੍ਰਸੰਨ ਕਰੇ?
੧੫ ਪਾਤਾਲ।
੧੬ ਮਾਤ ਲੋਕ।
੧੭ ਹਸਤੀ ਦਾ ਮੰਡਲ, ਸਾਰਾ ਬ੍ਰਹਮੰਡ।
੧੮ ਸਮਾਇਆ ਹੋਇਆ, ਵਿਆਪਕ।
੧੯ ਵਾਹਿਗੁਰੂ-ਵਾਹਿਗੁਰੂ ਕਰਦੇ ਹਨ ਤੇ ਕਰ (ਹੱਥ) ਜੋੜਦੇ ਹਨ।
੨੦ ਦੁਹਾਈ, ਸਹਾਇਤਾ ਲਈ ਪੁਕਾਰ। ਹੇ ਸਭ 'ਤੇ ਦਇਆ ਕਰਨ ਵਾਲੇ ਵਾਹਿਗੁਰੂ! ਸਾਰੇ ਤੇਰੀ ਸਹਾਇਤਾ ਦੀ ਮੰਗ ਕਰਦੇ ਹਨ।
੨੧ ਗਿਰਿਆਂ ਹੋਇਆਂ ਨੂੰ ਪਾਵਨ (ਪਵਿੱਤਰ) ਕਰਨ ਵਾਲਾ।
੨੨ ਠੰਢਾ।
੨੩ ਬਚਨ ਬਿਲਾਸ। ਸੰਤਾਂ ਨਾਲ ਬਚਨ ਬਿਲਾਸ ਕਰਨੇ-ਇਹੋ ਹੀ 'ਸਭ ਗਿਆਨ ਧਿਆਨ ਤੇ ਵਡਿਆਈ ਹੈ।
੨੪ ਦਿਲੋਂ ਪਿਆਰੇ!
੨੫ ਤੇਰਾ ਕੀਤਾ ਹੁੰਦਾ ਹੈ।
੨੬ ਮੁੜ-ਮੁੜ।
੨੭ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਜੀਵ ਜਾਗਦਾ ਨਹੀਂ ਹੈ।
੨੮ ਪ੍ਰਾਣਾਂ ਦੇ ਮਾਲਕ।
੨੯ ਮਿਹਰ ਦਾ ਖ਼ਜ਼ਾਨਾ।
੩੦ ਪਾਲਨਾ।
੩੧ ਪਿਛੇ, ਸਦਕਾ।
੩੨ ਮੰਗਦਾ ਹੈ।
੩੩ ਕੁਰਬਾਨ।
੩੪ ਆਸਰਾ।
੩੫ ਕਿਤਨੀ ਕੁ?
੩੬ ਅਡੋਲਤਾ ਵਾਲਾ ਸੁਖ।
੩੭ ਬਰਾਬਰ।
੩੮ ਤਾਰਨ ਲਈ।
੩੯ ਪ੍ਰਸੰਨ, ਖ਼ੁਸ਼।
੪੦ ਚਰਣਾਂ ਦੀ ਧੂੜ।
੪੧ ਉਮਰ।
੪੨ ਘਟਦਾ ਹੈ।
੪੩ ਨਵਾਂ। ਸਦਾ ਤਾਜ਼ਾ।

* ਜ਼ਮਾਨੇ ਵਿੱਚ, ਸੰਸਾਰ ਵਿੱਚ।

ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥ ੪ ॥ ੧੦ ॥ ੧੩੧ ॥ ਗਉੜੀ ਮਹਲਾ ੫ ॥ [੧]ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ [੨]ਸਬਦਿ ਬੁਝਾਇਓ ॥ ੧ ॥ ਰਹਾਉ ॥ [੩]ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ [੪]ਨਿਮਖ ਨਿਮਖ ਨਮਸਕਾਰਾ ॥ [੫]ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥ ੧ ॥ [੬]ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥ [੭]ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥ ੨ ॥ ਭਰਮੁ ਜਰਾਇ[੮] ਚਰਾਈ[੯] ਬਿਭੂਤਾ [੧੦]ਪੰਥੁ ਏਕੁ ਕਰਿ ਪੇਖਿਆ ॥ [੧੧]ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥ ੩ ॥ ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ *ਅਨਹਤ ਬਾਨੀ ॥ ਤਤੁ ਬੀਚਾਰੁ ਡੰਡਾ ਕਰਿ ਰਾਖਿਓ [੧੨]ਜੁਗਤਿ ਨਾਮੁ ਮਨਿ ਭਾਨੀ ॥ ੪ ॥ ਐਸਾ ਜੋਗੀ ਵਡਭਾਗੀ ਭੇਟੈ[੧੩] ਮਾਇਆ ਕੇ ਬੰਧਨ ਕਾਟੈ ॥ ਸੇਵਾ ਪੂਜ ਕਰਉ [੧੪]ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ[੧੫] ਚਾਟੈ ॥ ੫ ॥ ੧੧ ॥ ੧੩੨ ॥ ਗਉੜੀ ਮਹਲਾ ੫ ॥ ਅਨੂਪ[੧੬] ਪਦਾਰਥੁ ਨਾਮੁ ਸੁਨਹੁ ਸਗਲ[੧੭] ਧਿਆਇਲੇ ਮੀਤਾ ॥ ਹਰਿ ਅਉਖਧੁ[੧੮] ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥ ੧ ॥ ਰਹਾਉ ॥ ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ [੧੯]ਦੀਪਕੁ ਪਰਗਾਸਾ ॥ ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ[੨੦] ॥ ੧ ॥ ਤਾਰੀਲੇ ਭਵਜਲੁ ਤਾਰੂ[੨੧] ਬਿਖੜਾ ਬੋਹਿਥ ਸਾਧੂ ਸੰਗਾ ॥ ਪੂਰਨ ਹੋਈ ਮਨ ਕੀ ਆਸਾ [੨੨]ਗੁਰੁ ਭੇਟਿਓ ਹਰਿ ਰੰਗਾ ॥ ੨ ॥ ਨਾਮ ਖਜਾਨਾ ਭਗਤੀ ਪਾਇਆ ਮਨ ਤਨ [੨੩]ਤ੍ਰਿਪਤਿ ਅਘਾਏ ॥ ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥ ੩ ॥ ੧੨ ॥ ੧੩੩ ॥ ਗਉੜੀ ਮਹਲਾ ੫ ॥ ਦਇਆ ਮਇਆ ਕਰਿ [੨੪]ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥ [੨੫]ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ[੨੬] ਨ ਮੋਰੀ ॥ ੧ ॥ ਰਹਾਉ ॥ ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ [੨੭]ਨਾਹੀ ਅਨ ਹੋਰੀ ॥ ਤੁਮਰੀ [੨੮]ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ[੨੯] ॥ ੧ ॥ ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ [੩੦]ਓਤਿ ਪੋਤਿ ਭਗਤਨ ਸੰਗਿ ਜੋਰੀ ॥ [੩੧]ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ [੩੨]ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥ ੨ ॥ ਰਾਮ ਸੰਤ ਮਹਿ ਭੇਦੁ ਕਿਛੁ ਨਾਹੀ [੩੩]ਏਕੁ ਜਨੁ ਕਈ ਮਹਿ ਲਾਖ ਕਰੋਰੀ ॥ ਜਾ ਕੈ ਹੀਐ[੩੪] ਪ੍ਰਗਟੁ ਪ੍ਰਭੁ ਹੋਆ ਅਨਦਿਨੁ[੩੫] ਕੀਰਤਨੁ [੩੬]ਰਸਨ ਰਮੋਰੀ ॥ ੩ ॥ ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ [੩੭]ਪ੍ਰਾਨ ਅਧੋਰੀ ॥ ਨਾਨਕ ਕਉ ਪ੍ਰਭ ਕੀਜੈ ਕਿਰਪਾ

੧ ਅਸਲੀ ਜੋਗ ਕਮਾਉਣ ਦੀ ਜੁਗਤੀ ਜਾਂ ਤਰੀਕਾ।
੨ ਸ਼ਬਦ ਦੁਆਰਾ ਸਮਝਾ ਦਿੱਤੀ ਹੈ।
੩ ਜੋਗੀ ਲੋਕ ਨੌ-ਖੰਡ ਧਰਤੀ ਵਿੱਚ ਫਿਰਦੇ ਹਨ। ਉਸ ਦੇ ਮੁਕਾਬਲੇ 'ਤੇ ਗੁਰੂ ਦੇ ਦੱਸੇ ਜੋਗ ਅਨੁਸਾਰ ਸਰੀਰ ਵਿੱਚ ਜੋ ਹਰੀ ਵੱਸਿਆ ਹੋਇਆ ਹੈ, ਉਸ ਦੀ ਭਾਲ ਦ੍ਰਿੜ੍ਹ ਕਰਾਈ ਹੈ।
੪ ਉਸ ਨੂੰ ਪਲ-ਪਲ ਮਗਰੋਂ ਨਿਮਸਕਾਰਿਆ ਹੈ। (ਜੋ ਇਸ ਸਰੀਰ ਵਿੱਚ ਵੱਸਿਆ ਹੋਇਆ ਹੈ)।
੫ ਸਿੱਖਿਆ ਜੋ ਗੁਰੂ ਨੇ ਦਿੱਤੀ ਹੈ, ਉਹੋ ਇਸ ਜੋਗ ਦੀਆਂ ਮੁੰਦਰਾਂ ਹਨ ਕੰਨਾਂ ਲਈ।
੬ ਪੰਜ ਗਿਆਨ ਇੰਦਰੇ ਇੱਕ (ਉੱਚੀ ਸੁਰਤ) ਦੇ ਅਧੀਨ ਹੋ ਗਏ ਹਨ ਤੇ ਮਿਲ ਕੇ ਮੇਰੀ ਉਨਤੀ ਲਈ ਕੰਮ ਕਰ ਰਹੇ ਹਨ।
੭ ਵੈਰਾਗ ਨੂੰ ਪ੍ਰਾਪਤ ਹੋਈਆਂ ਇੰਦ੍ਰੀਆਂ ਹੁਣ ਮੇਰੇ ਹੁਕਮ ਅੰਦਰ ਹਨ। ਇੰਦ੍ਰੀਆਂ ਨੂੰ ਵੈਰਾਗਵਾਨ ਇਸ ਲਈ ਕਿਹਾ ਹੈ ਕਿ ਉਨ੍ਹਾਂ ਆਪਣਾ ਪੁਰਾਣਾ ਸੁਭਾਵ ਬਦਲ ਦਿੱਤਾ ਹੈ, ਤੇ ਵਿਸ਼ਿਆਂ ਤੋਂ ਅਲੱਗ ਰਹਿਣਾ ਸਿੱਖ ਗਈਆਂ ਹਨ।
੮ ਜਲਾ ਕੇ।
੯ ਚੜ੍ਹਾਈ, ਲਗਾਈ ਹੈ (ਸੁਆਹ)।
੧੦ ਜੋਗ ਪੰਥ ਇਹੋ ਹੈ ਕਿ ਮੈਂ ਇਕ ਵਾਹਿਗੁਰੂ ਨੂੰ ਸਭ ਥਾਂ ਵੇਖਿਆ ਹੈ।
੧੧ ਭੋਜਨ ਜੋਗੀਆਂ ਵਾਲਾ ਸਹਜ ਸੁਖ (ਅਸਲ ਆਤਮਕ ਸੁਖ) ਬਣਾਇਆ ਹੈ।
੧੨ ਜੋਗੀਆਂ ਦੀ ਜੁਗਤੀ (ਵਰਤਾਰਾ) ਇਹ ਹੈ ਕਿ ਮੇਰੇ ਮਨ ਵਿੱਚ ਨਾਮ ਭਾਇਆ ਹੈ।
੧੩ ਮਿਲਦਾ ਹੈ।
੧੪ ਇਹੋ ਜਿਹੇ ਜੋਗੀ ਦੀ।
੧੫ ਚਰਨ।
੧੬ ਜਿਸ ਦੀ ਉਪਮਾ ਨਾ ਹੋ ਸਕੇ।
੧੭ ਸਾਰੇ।
੧੮ ਦਵਾਈ (ਨਾਮ ਰੂਪ)।
੧੯ ਦੀਵਾ ਜਗਾਇਆ।
੨੦ ਭਰੋਸਾ, ਯਕੀਨ।
੨੧ ਡੂੰਘਾ, ਅਥਾਹ। ਅਉਖਾ ਤੇ ਡੂੰਘਾ ਜੋ ਸੰਸਾਰ ਸਾਗਰ ਹੈ, ਉਸ ਤੋਂ ਸਾਧ-ਸੰਗਤ ਜਹਾਜ਼ ਦੁਆਰਾ ਪਾਰ ਹੋ ਗਏ ਹਾਂ।
੨੨ ਗੁਰੂ ਮਿਲਿਆ ਹਰੀ ਦੇ ਪਿਆਰ ਵਾਲਾ।
੨੩ ਰੱਜ ਗਏ।
੨੪ ਪ੍ਰਾਣਾਂ ਦੇ ਮਾਲਕ।
੨੫ ਅੰਨ੍ਹੇ ਖੂਹ ਵਿੱਚ।
੨੬ ਦਲੀਲ।
੨੭ ਦੂਜਾ ਕੋਈ ਹੋਰ ਨਹੀਂ ਹੈ।
੨੮ ਗਤੀ, (ਅਵਸਥਾ) ਤੇ ਅੰਦਾਜ਼ਾ।
੨੯ ਮੱਥੇ 'ਤੇ।
੩੦ ਤਾਣੇ ਪੇਟੇ, ਭਾਵ ਪੂਰੇ ਤੌਰ 'ਤੇ ਭਗਤਾਂ ਨਾਲ ਜੁੜਦਾ ਹੈ।
੩੧ ਪ੍ਰਿਉ-ਪ੍ਰਿਉ (ਪਿਆਰਾ-ਪਿਆਰਾ) ਕਰਦਾ ਹੋਇਆ ਤੇਰਾ ਨਾਮ ਉਚਰਦਾ ਹੈ ਅਤੇ ਤੇਰਾ ਦਰਸ਼ਨ ਚਾਹੁੰਦਾ ਹੈ।
੩੨ ਜਿਵੇਂ ਚੰਦ੍ਰਮਾਂ ਨੂੰ ਚਕੋਰ ਪ੍ਰੀਤ ਨਾਲ ਵੇਖਦਾ ਹੈ, ਉਹੋ ਦ੍ਰਿਸ਼ਟੀ (ਇਸ ਸੇਵਕ ਦੀ ਹੈ)।
੩੩ ਕਈ ਲੱਖਾਂ ਕਰੋੜਾਂ ਵਿੱਚ ਇੱਕ ਜਨ ਹੁੰਦਾ ਹੈ।
੩੪ ਦਿੱਲ ਵਿੱਚ।
੩੫ ਹਰ ਰੋਜ਼।
੩੬ ਜੀਭ ਦੁਆਰਾ ਸਿਮਰਦੇ ਹਨ।
੩੭ ਪ੍ਰਾਣਾਂ ਨੂੰ ਆਸਰਾ ਦੇਣ ਵਾਲਾ।

* ਅਨਹਦ ਸ਼ਬਦ। ਆਤਮ ਮੰਡਲ ਦੀ ਅਨੰਦ ਅਵਸਥਾ ਨੂੰ ਆਤਮ ਮੰਡਲ ਦਾ ਸ਼ਬਦ ਜਾਂ ਸੰਗੀਤ ਆਖਿਆ ਹੈ। ਇਹ ਹੈ ਸਿੰਗੀ, ਜਿਸ ਨੂੰ ਗੁਰਮਤ ਵਾਲਾ ਜੋਗੀ ਵਜਾਉਂਦਾ ਹੈ (ਦੇਖੋ ਪੰਨਾ ੯੧, ਨੋਟ ੨੪)।

ਉਨ ਸੰਤਨ ਕੈ [੧]ਸੰਗਿ ਸੰਗੋਰੀ॥ ੪॥ ੧੩॥ ੧੩੪॥ ਗਉੜੀ ਮਹਲਾ ੫॥ [*]ਤੁਮ ਹਰਿ ਸੇਤੀ ਰਾਤੇ ਸੰਤਹੁ॥ [੨]ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ [੩]ਓੜਿ ਪਹੁਚਾਵਹੁ ਦਾਤੇ॥ ੧॥ ਰਹਾਉ॥ ਤੁਮਰਾ ਮਰਮੁ[੪] ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ॥ ਰਾਖਹੁ ਸਰਣਿ ਅਨਾਥ ਦੀਨ[੫] ਕਉ ਕਰਹੁ ਹਮਾਰੀ ਗਾਤੇ[੬]॥ ੧॥ [੭]ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ[੮]॥ ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ [੯]ਪਾਰਿ ਪਰਾਤੇ॥ ੨॥ [੧੦]ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ॥ [੧੧]ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ॥ ੩॥ ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ॥ [੧੨]ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ॥ ੪॥ ੧੪॥ ੧੩੫॥ ਗਉੜੀ ਮਹਲਾ ੫॥ [੧੩]ਸਹਜਿ ਸਮਾਇਓ ਦੇਵ॥ ਮੋ ਕਉ ਸਤਿਗੁਰ ਭਏ ਦਇਆਲ ਦੇਵ॥ ੧॥ ਰਹਾਉ॥ [੧੪]ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ॥ ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ॥ ੧॥ [੧੫]ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥ [੧੬]ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥ ੨॥ ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ॥ ੩॥ ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥ ਕਹੁ ਨਾਨਕ ਅਗਮ[੧੭] ਅਗਮ ਹੈ ਠਾਕੁਰ [੧੮]ਭਗਤ ਟੇਕ ਹਰਿ ਨਾਇਓ॥ ੪॥ ੧੫॥ ੧੩੬॥ ਗਉੜੀ ਮਹਲਾ ੫॥ ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ[੧੯] ਰੇ॥ [੨੦]ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ॥ ੧॥ ਰਹਾਉ॥ ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥ ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥ ੧॥ [੨੧]ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ[੨੨] ਨ ਲਾਗੈ ਰੇ॥ [੨੩]ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ[੨੪] ਰੇ॥ ੨॥ ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥ ਦੇਂਦੇ ਤੋਟਿ ਨਾਹੀ ਤਿਸੁ ਕਰਤੇ [੨੫]ਪੂਰਿ ਰਹਿਓ ਰਤਨਾਗਰੁ ਰੇ॥ ੩॥ [੨੬]ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ॥ ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ[੨੭] ਨ ਕੋਈ ਰੇ॥ ੪॥ ੧੬॥ ੧੩੭॥

੧ ਸੰਗਤ ਵਿੱਚ ਜੁੜਿਆ ਰਹਾਂ।

੨ ਹੇ ਸਾਡੀ ਕਰਮ-ਗਤੀ ਬਣਾਨ ਵਾਲੇ ਗੁਰੂ ਜੀ! ਮੈਨੂੰ ਆਪਣੇ ਨਾਲ ਨਿਬਾਹ ਲਵੋ।

੩ ਤੋੜ, ਅਖੀਰ ਮੰਜ਼ਲ 'ਤੇ ਪੁਚਾ ਦੇਵੋ, ਹੇ ਦਾਤੇ!

੪ ਭੇਦ।

੫ ਗਰੀਬ।

੬ ਗਤੀ, ਬੰਦ-ਖਲਾਸੀ।

੭ ਸੰਸਾਰ ਸਾਗਰ ਦੇ ਤਰਨ ਲਈ ਤੁਹਾਡੇ ਚਰਨ ਜਹਾਜ਼ ਹਨ।

੮ ਭਾਂਤ, ਪ੍ਰਕਾਰ, ਰੀਤੀ।

੯ ਪਾਰ ਪੈਂਦੇ ਹਨ।

੧੦ ਇਥੇ ਉਥੇ (ਲੋਕ ਪਰਲੋਕ ਵਿੱਚ), ਹੇ ਮਾਲਕ ਜੀ! ਤੁਸੀਂ ਹੀ ਕਰਨ ਕਰਾਵਨਹਾਰ ਹੋ।

੧੧ ਜੇ ਹਰੀ ਜਨ! ਉਹ ਖ਼ਜ਼ਾਨਾ ਦਿਉ ਜੋ ਨਾਲ ਨਿਭੇ।

੧੨ ਗੁਰੂ ਦੀ ਕਿਰਪਾ ਨਾਲ ਹਰੀ ਨੂੰ ਮਿਲੇ, ਤੇ ਸਾਡਾ ਮਨ ਤਨ ਠੰਢਾ ਹੋ ਗਿਆ ਤੇ ਰੱਜ ਗਿਆ।

੧੩ ਹੇ ਦੇਵ! ਮੈਂ ਅਸਲ ਗਿਆਨ ਵਾਲੀ ਅਵਸਥਾ ਵਿੱਚ ਲੀਨ ਹੋ ਗਿਆ ਹਾਂ, ਕਿਉਂਕਿ ਹੇ ਦੇਵ! ਮੈਨੂੰ ਸਤਿਗੁਰੂ ਜੀ ਦਿਆਲ ਹੋਏ ਹਨ।

੧੪ (ਮੋਹ ਦੀ) ਫਾਹੀ ਕੱਟ ਕੇ ਮੈਨੂੰ ਦਾਸ ਬਣਾ ਲਿਆ ਤੇ ਸੰਤਾਂ ਦੀ ਸੇਵਾ ਵਿੱਚ ਲਾ ਦਿੱਤਾ। ਮੈਨੂੰ ਗੁਰੂ ਨੇ ਐਸਾ ਅਸਚਰਜ ਰੂਪ ਵਾਹਿਗੁਰੂ ਦਾ ਦਿਖਾਇਆ ਕਿ ਮੈਂ ਇਕ ਨਾਮ ਦਾ ਹੀ ਪੁਜਾਰੀ ਹੋ ਗਿਆ।

੧੫ ਗੁਰੂ ਦਾ ਗਿਆਨ ਮਨ ਵਿੱਚ ਜਗ ਪਿਆ, ਜਿਸ ਨਾਲ ਸਾਰੇ ਪਾਸੇ ਚਾਨਣਾ ਹੀ ਚਾਨਣਾ ਹੋ ਗਿਆ।

੧੬ ਅੰਮ੍ਰਿਤ ਰੂਪੀ ਨਾਮ ਪੀਤਾ, ਮਨ ਰੱਜ ਗਿਆ ਅਤੇ ਹੋਰ ਡਰ ਸਭ ਰੁਕ ਗਏ।

੧੭ ਸਾਡੀ ਪਹੁੰਚ ਤੋਂ ਪਰ੍ਹੇ।

੧੮ ਭਗਤਾਂ ਨੂੰ ਆਸਰਾ ਹੈ ਹਰੀ ਨਾਮ ਦਾ।

੧੯ ਪਕੜੀਏ।

੨੦ ਜਿਸ ਹਰੀ ਨੇ ਸ੍ਰਿਸ਼ਟੀ ਤੇ ਇਸ ਦੇ ਹਿੱਸੇ ਟਿਕਾ ਕੇ ਰੱਖੇ ਹਨ।

੨੧ ਕ੍ਰੋੜਾਂ ਡਿੱਗੇ ਹੋਏ ਪਲ ਦੇ ਪਲ ਵਿੱਚ ਤਾਰ ਲਏ।

੨੨ ਦੇਰ।

੨੩ ਗਰੀਬਾਂ ਦੇ ਦਰਦ ਤੇ ਦੁਖ ਤੋੜਨ ਵਾਲਾ ਮਾਲਕ।

੨੪ ਮਾਣ ਬਖ਼ਸ਼ਦਾ ਹੈ, ਵਡਿਆਈ ਦੇਂਦਾ ਹੈ।

੨੫ ਰਤਨਾਂ ਦੀ ਖਾਣ ਵਾਹਿਗੁਰੂ ਭਰਪੂਰ ਹੋ ਰਿਹਾ ਹੈ।

੨੬ ਮੰਗਤਾ ਤੇਰਾ ਨਾਮ ਮੰਗਦਾ ਹੈ, ਹੇ ਮਾਲਕ! ਜੋ ਸਾਰੇ ਦਿਲਾਂ ਵਿੱਚ ਇਕੋ ਜਿਹਾ ਸਮਾਇਆ ਹੋਇਆ ਹੈ।

੨੭ ਖ਼ਾਲੀ।

* ਹੇ ਸੰਤ ਗੁਰੂ ਜੀ! ਤੁਸੀਂ ਹਰੀ ਨਾਲ ਰਤੇ ਹੋਏ ਹੋ। ਇਸ ਸ਼ਬਦ ਵਿੱਚ ਗੁਰੂ ਜੀ ਨੂੰ ਸੰਤ ਕਹਿ ਕੇ ਅਰਦਾਸ ਕੀਤੀ ਹੈ ਕਿ ਮੈਨੂੰ ਆਪਣੇ ਚਰਨਾਂ ਵਿੱਚ ਰੱਖ ਕੇ ਵਾਹਿਗੁਰੂ ਨਾਲ ਮਿਲਾ ਦਿਉ। ਪਿਆਰ ਭਰੇ ਭਰੋਸੇ ਵਿੱਚ ਗੁਰੂ ਜੀ ਨੂੰ ਪੁਰਖ ਬਿਧਾਤਾ ਤੇ ਪ੍ਰਭੂ ਆਦਿ ਸ਼ਬਦਾਂ ਨਾਲ ਯਾਦ ਕੀਤਾ ਹੈ।

ਰਾਗੁ ਗਉੜੀ ਪੂਰਬੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ [1]ਈਹਾ ਊਹਾ ਸਰਬ ਸੁਖਦਾਤਾ [2]ਸਗਲ ਘਟਾ ਪ੍ਰਤਿਪਾਰੇ ॥ ੧ ॥ ਰਹਾਉ ॥ [3]ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥ ਸੀਤਲ[4] ਸਾਂਤਿ ਸੂਖ ਹਰਿ ਸਰਣੀ [5]ਜਲਤੀ ਅਗਨਿ ਨਿਵਾਰੇ ॥ ੧ ॥ [6]ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥ [7]ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥ ੨ ॥ ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ[8] ਅਪਾਰੇ ॥ ਗੁਣ ਗਾਵਤ ਧਿਆਵਤ ਸੁਖ ਸਾਗਰ [9]ਜੂਏ ਜਨਮੁ ਨ ਹਾਰੇ ॥ ੩ ॥ [10]ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥ ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ[11] ॥ ੪ ॥ ੧ ॥ ੧੩੮ ॥

ਰਾਗੁ ਗਉੜੀ ਚੇਤੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ [12]ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥ ੧ ॥ ਰਹਾਉ ॥ [13]ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥ ੧ ॥ ਹੈਵਰ[14] ਗੈਵਰ[15] ਰਾਜ ਰੰਗ ॥ ਤਿਆਗਿ ਚਲਿਓ ਹੈ [16]ਮੂੜ ਨੰਗ ॥ ੨ ॥ ਚੋਆ[17] ਚੰਦਨ ਦੇਹ ਫੂਲਿਆ ॥ ਸੋ ਤਨੁ ਧਰ[18] ਸੰਗਿ ਰੂਲਿਆ ॥ ੩ ॥ [19]ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥ ੪ ॥ ੧ ॥ ੧੩੯ ॥ ਗਉੜੀ ਮਹਲਾ ੫ ॥ ਮਨ ਧਰ[20] ਤਰਬੇ ਹਰਿ ਨਾਮ ਨੋ ॥ [21]ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥ ੧ ॥ ਰਹਾਉ ॥ [22]ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥ ੧ ॥ ਬਿਖੁ ਬਿਖਿਆ[23] ਪਸਰੀ ਅਤਿ ਘਨੀ ॥ ਉਬਰੇ[24] ਜਪਿ ਜਪਿ ਹਰਿ ਗੁਨੀ ॥ ੨ ॥ [25]ਮਤਵਾਰੋ ਮਾਇਆ ਸੋਇਆ ॥ [26]ਗੁਰ ਭੇਟਤ ਭ੍ਰਮੁ ਭਉ ਖੋਇਆ ॥ ੩ ॥ ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥ ੪ ॥ ੨ ॥ ੧੪੦ ॥ ਗਉੜੀ ਮਹਲਾ ੫ ॥ ਦੀਬਾਨੁ[27] ਹਮਾਰੋ ਤੁਹੀ ਏਕ ॥ ਸੇਵਾ ਥਾਰੀ[28] ਗੁਰਹਿ ਟੇਕ ॥ ੧ ॥ ਰਹਾਉ ॥ [29]ਅਨਿਕ ਜੁਗਤਿ ਨਹੀ ਪਾਇਆ ॥ ਗੁਰਿ ਚਾਕਰ ਲੈ ਲਾਇਆ ॥ ੧ ॥ ਮਾਰੇ [30]ਪੰਚ ਬਿਖਾਦੀਆ ॥ ਗੁਰ ਕਿਰਪਾ ਤੇ [31]ਦਲੁ ਸਾਧਿਆ ॥ ੨ ॥ ਬਖਸੀਸ ਵਜਹੁ[32] ਮਿਲਿ ਏਕੁ ਨਾਮ ॥ *ਸੂਖ ਸਹਜ ਆਨੰਦ ਬਿਸ੍ਰਾਮ ॥ ੩ ॥ ਪ੍ਰਭ ਕੇ ਚਾਕਰ ਸੇ ਭਲੇ ॥ ਨਾਨਕ

੧ ਇਥੇ ਉਥੇ (ਲੋਕ ਪਰਲੋਕ ਵਿੱਚ)।
੨ ਸਾਰੇ ਜੀਵਾਂ ਨੂੰ ਪਾਲਦਾ ਹੈ।
੩ ਜੋ ਆਪਣੀ ਜੀਭ ਦੁਆਰਾ ਨਾਮ ਸਿਮਰੇ, ਉਸ ਦੇ ਵੱਡੇ ਤੋਂ ਵੱਡੇ ਦੁੱਖ ਪਲ ਵਿੱਚ ਕੱਟ ਦਿੰਦਾ ਹੈ।
੪ ਠੰਢਾ।
੫ ਤ੍ਰਿਸ਼ਨਾ ਰੂਪ ਬਲਦੀ ਅੱਗ ਨੂੰ ਦੂਰ ਕਰਦਾ ਹੈ।
੬ ਮਾਤਾ ਦੇ ਪੇਟ ਦੇ ਨਰਕ ਕੁੰਡ ਤੋਂ ਰੱਖਿਆ ਕਰਦਾ ਹੈ, ਤੇ ਸੰਸਾਰ ਸਾਗਰ ਤੋਂ ਭੀ ਪਾਰ ਕਰਦਾ ਹੈ।
੭ ਮਨ ਵਿੱਚ ਜੋ ਹਰੀ ਦੇ ਕੰਵਲ ਰੂਪ ਚਰਨਾਂ ਦਾ ਧਿਆਨ ਕਰਦਾ ਹੈ, ਉਹ ਉਸ ਦਾ ਮੌਤ ਦਾ ਡਰ ਦੂਰ ਕਰਦਾ ਹੈ।
੮ ਪਹੁੰਚ ਤੋਂ ਪਰ੍ਹੇ।
੯ ਵਿਅਰਥ ਜਨਮ ਨਹੀਂ ਗੁਆਂਦਾ।
੧੦ ਹੇ ਮੈਂ ਨਿਰਗੁਣ ਦੇ ਦਾਤੇ! ਮੇਰਾ ਮਨ ਕਾਮ, ਕ੍ਰੋਧ, ਲੋਭ, ਮੋਹ ਵਿੱਚ ਲੀਨ ਹੋਇਆ-ਹੋਇਆ ਹੈ।
੧੧ ਕੁਰਬਾਨ ਹਾਂ।
੧੨ ਸਾਧ-ਸੰਗਤ ਵਿੱਚ ਘੜੀ ਕੁ ਨਾਮ ਜਪ ਕੇ ਅਮੋਲਕ ਰਤਨ ਰੂਪ ਮਨੁੱਖਾ ਜਨਮ ਨੂੰ ਜਿੱਤ ਲਓ (ਸਫਲ ਕਰ ਲਓ)।
੧੩ ਪੁੱਤਰ, ਧਨ, ਇਸਤਰੀ ਤੇ ਤਮਾਸ਼ੇ ਤੇ ਬਹੁਤ ਦੁਨੀਆਂ ਦੇ ਭੋਗ ਛੱਡ ਕੇ ਚਲੇ ਗਏ ਹਨ।
੧੪ ਚੰਗੇ ਘੋੜੇ।
੧੫ ਚੰਗੇ ਹਾਥੀ।
੧੬ ਮੂਰਖ ਨਿਲੱਜ।
੧੭ ਅਤਰ।
੧੮ ਧਰਤੀ। ਜਿਸ ਸਰੀਰ ਨੂੰ ਅਤਰ ਤੇ ਚੰਦਨ ਲਾ ਕੇ ਫੁਲਿਆ ਫਿਰਦਾ ਸੀ, ਉਹ ਸਰੀਰ ਮਿੱਟੀ ਵਿੱਚ ਰੁਲ ਗਿਆ।
੧੯ ਮੋਹ ਨਾਲ ਮੋਹਿਆ ਹੋਇਆ ਜੀਵ ਸਮਝਦਾ ਹੈ ਕਿ ਉਹ ਦੂਰ ਹੈ।
੨੦ ਆਸਰਾ। ਹੇ ਮਨ! ਹਰੀ ਦਾ ਨਾਮ ਤਰਨ ਲਈ ਆਸਰਾ ਹੈ।
੨੧ ਸੰਸਾਰ ਭਰਮ ਦਾ ਸਮੁੰਦਰ ਹੈ, ਇਸ ਦੀਆਂ ਲਹਿਰਾਂ ਤੋਂ ਪਾਰ ਕਰਨ ਵਾਲਾ ਜਹਾਜ਼ ਗੁਰੂ ਹੈ।
੨੨ ਕਲਜੁਗ ਵਿੱਚ ਅਗਿਆਨ ਦੇ ਹਨੇਰੇ ਦੀ ਕਾਲਖ ਹੈ, ਉਸ ਵਿੱਚ ਗੁਰੂ ਦੇ ਗਿਆਨ ਦਾ ਦੀਵਾ ਚਾਨਣਾ ਕਰਦਾ ਹੈ।
੨੩ ਮਾਇਆ। ਮਾਇਆ-ਜ਼ਹਿਰ ਬਹੁਤ ਫੈਲੀ ਹੈ।
੨੪ ਬਚ ਗਏ ਹਨ।
੨੫ ਮਤਵਾਲਾ ਮਾਇਆ ਦਾ।
੨੬ ਗੁਰੂ ਨੂੰ ਮਿਲਣ ਸਾਰ ਭਰਮ ਤੇ ਡਰ ਦੂਰ ਹੋ ਗਏ।
੨੭ ਹਾਕਮ, ਮਾਲਕ।
੨੮ ਤੇਰੀ। ਗੁਰੂ ਦੇ ਆਸਰੇ ਤੇਰੀ ਸੇਵਾ ਕਰਦਾ ਹਾਂ।
੨੯ ਕਿਸੇ ਤਰੀਕੇ ਨਾਲ ਨਹੀਂ ਸੀ ਮਿਲਿਆ, ਪਰ ਹੁਣ ਗੁਰੂ ਨੇ ਸੇਵਕ ਬਣਾ ਲਿਆ ਹੈ।
੩੦ ਪੰਜ ਕਾਮਾਦਿਕ ਝਗੜਾਲੂ।
੩੧ ਫ਼ੌਜ ਕਾਮਾਦਿਕਾਂ ਦੀ ਜਿੱਤੀ ਹੈ।
੩੨ ਬਤੌਰ। ਬਖਸ਼ਸ਼ ਦੇ ਤੌਰ 'ਤੇ ਇਕ ਨਾਮ ਹੀ ਮਿਲਿਆ ਹੈ।

* ਸਹਜ ਵਾਲਾ ਸੁਖ। ਦੇਖੋ ਪੰਨਾ ੧੦੪, ਨੋਟ ੬।

ਤਿਨ ਮੁਖ ਊਜਲੇ ॥ ੪ ॥ ੩ ॥ ੧੪੧ ॥ ਗਉੜੀ ਮਹਲਾ ੫ ॥ [੧]ਜੀਅ ਰੇ ਓਲ੍ਹਾ ਨਾਮ ਕਾ ॥ ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ [੨]ਜਾਮ ਕਾ ॥ ੧ ॥ ਰਹਾਉ ॥ ਅਵਰ ਜਤਨਿ ਨਹੀ ਪਾਈਐ ॥ ਵਡੈ ਭਾਗਿ ਹਰਿ ਧਿਆਈਐ ॥ ੧ ॥ [੩]ਲਾਖ ਹਿਕਮਤੀ ਜਾਨੀਐ ॥ ਆਗੈ ਤਿਲੁ ਨਹੀ ਮਾਨੀਐ ॥ ੨ ॥ [੪]ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ[੫] ਨੀਰਿ ਬਹਾਵਨੇ ॥ ੩ ॥ ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥ ੪ ॥ ੪ ॥ ੧੪੨ ॥ ਗਉੜੀ ਮਹਲਾ ੫ ॥ ਬਾਰਨੈ[੬] ਬਲਿਹਾਰਨੈ ਲਖ ਬਰੀਆ[੭] ॥ ਨਾਮੋ ਹੋ ਨਾਮੁ ਸਾਹਿਬ ਕੋ [੮]ਪ੍ਰਾਨ ਅਧਰੀਆ ॥ ੧ ॥ ਰਹਾਉ ॥ ਕਰਨ ਕਰਾਵਨ ਤੁਹੀ ਏਕ ॥ ਜੀਅ ਜੰਤ ਕੀ ਤੁਹੀ ਟੇਕ ॥ ੧ ॥ ਰਾਜ ਜੋਬਨ ਪ੍ਰਭ ਤੂੰ ਧਨੀ[੯] ॥ ਤੂੰ *ਨਿਰਗੁਨ ਤੂੰ ਸਰਗੁਨੀ ॥ ੨ ॥ ਈਹਾ ਊਹਾ ਤੁਮ ਰਖੇ ॥ ਗੁਰ ਕਿਰਪਾ ਤੇ [੧੦]ਕੋ ਲਖੇ ॥ ੩ ॥ [੧੧]ਅੰਤਰਜਾਮੀ ਪ੍ਰਭ ਸੁਜਾਨੁ ॥ ਨਾਨਕ [੧੨]ਤਕੀਆ ਤੁਹੀ ਤਾਣੁ ॥ ੪ ॥ ੫ ॥ ੧੪੩ ॥ ਗਉੜੀ ਮਹਲਾ ੫ ॥ ਹਰਿ ਹਰਿ ਹਰਿ ਆਰਾਧੀਐ ॥ ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ[੧੩] ॥ ੧ ॥ ਰਹਾਉ ॥ [੧੪]ਬੇਦ ਪੁਰਾਣ ਸਿਮ੍ਰਿਤਿ ਭਨੇ ॥ ਸਭ ਊਚ ਬਿਰਾਜਿਤ ਜਨ ਸੁਨੇ ॥ ੧ ॥ [੧੫]ਸਗਲ ਅਸਥਾਨ ਭੈ ਭੀਤ ਚੀਨ ॥ ਰਾਮ ਸੇਵਕ ਭੈ ਰਹਤ ਕੀਨ ॥ ੨ ॥ [੧੬]ਲਖ ਚਉਰਾਸੀਹ ਜੋਨਿ ਫਿਰਹਿ ॥ ਗੋਬਿੰਦ ਲੋਕ ਨਹੀ ਜਨਮਿ ਮਰਹਿ ॥ ੩ ॥ ਬਲ ਬੁਧਿ ਸਿਆਨਪ ਹਉਮੈ ਰਹੀ[੧੭] ॥ ਹਰਿ ਸਾਧ ਸਰਣਿ ਨਾਨਕ ਗਹੀ[੧੮] ॥ ੪ ॥ ੬ ॥ ੧੪੪ ॥ ਗਉੜੀ ਮਹਲਾ ੫ ॥ ਮਨ ਰਾਮ ਨਾਮ ਗੁਨ ਗਾਈਐ ॥ ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥ ੧ ॥ ਰਹਾਉ ॥ ਸੰਤਸੰਗਿ ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ ੧ ॥ [੧੯]ਸੰਤ ਪ੍ਰਸਾਦਿ ਹਰਿ ਜਾਪੀਐ ॥ ਸੋ ਜਨੁ ਦੂਖਿ ਨ ਵਿਆਪੀਐ ॥ ੨ ॥ ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ[੨੦] ਮਾਇਆ ਅਗਨਿ ਤੇ ॥ ੩ ॥ ਨਾਨਕ ਕਉ ਪ੍ਰਭ ਮਇਆ[੨੧] ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥ ੪ ॥ ੭ ॥ ੧੪੫ ॥ ਗਉੜੀ ਮਹਲਾ ੫ ॥ ਰਸਨਾ[੨੨] ਜਪੀਐ ਏਕੁ ਨਾਮ ॥ ਈਹਾ ਸੁਖੁ ਆਨੰਦੁ ਘਨਾ[੨੩] ਆਗੈ [੨੪]ਜੀਅ ਕੈ ਸੰਗਿ ਕਾਮ ॥ ੧ ॥ ਰਹਾਉ ॥ ਕਟੀਐ ਤੇਰਾ [੨੫]ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ [੨੬]ਰਾਜ ਜੋਗੁ ॥ ੧ ॥ ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾ ਕੀ ਤ੍ਰਿਸਨਾ[੨੭] ਲਾਥੀਆ ॥ ੨ ॥ ਹਰਿ [੨੮]ਬਿਸ੍ਰਾਮ ਨਿਧਿ ਪਾਇਆ ॥ ਸੋ [੨੯]ਬਹੁਰਿ ਨ ਕਤ ਹੀ ਧਾਇਆ ॥ ੩ ॥ ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥ ਨਾਨਕ ਤਾ ਕਾ ਭਉ ਗਇਆ ॥ ੪ ॥ ੮ ॥ ੧੪੬ ॥

੧ ਹੇ ਜੀਵ! ਕੇਵਲ ਨਾਮ ਦਾ ਹੀ ਆਸਰਾ ਹੈ।

੨ ਜਮਾਂ ਦਾ। ਬਾਕੀ ਕੰਮਾਂ ਵਿੱਚ ਜਮਾਂ ਦਾ ਭਉ ਰਹਿੰਦਾ ਹੈ।

੩ ਲੱਖਾਂ ਚਤੁਰਾਈਆਂ ਜਾਣਦੇ ਹੋਵੀਏ, ਪਰ ਰੱਬ ਦੇ ਹਜ਼ੂਰ ਜ਼ਰਾ ਭਰ ਨਹੀਂ ਮੰਨੀਆਂ ਜਾਂਦੀਆਂ।

੪ ਹਉਮੈ ਭਾਵ ਨਾਲ ਜੋ ਕਰਮ ਕੀਤੇ ਜਾਣ, ਉਹ ਰੇਤ ਦੇ ਘਰਾਂ ਨੂੰ ਨੀਰ (ਪਾਣੀ) ਨਾਲ ਰੋੜ੍ਹਨਾ ਹੈ।

੫ ਰੇਤ।

੬ ਵਾਰਨੇ, ਸਦਕੇ।

੭ ਵੈਰੀ।

੮ ਪ੍ਰਾਣਾਂ ਦਾ ਆਸਰਾ।

੯ ਮਾਲਕ।

੧੦ ਕੋਈ ਵਿਰਲਾ ਹੀ ਸਮਝਦਾ ਹੈ।

੧੧ ਹੇ ਪ੍ਰਭੂ! ਤੂੰ ਅੰਦਰ ਦੀਆਂ ਜਾਨਣ ਵਾਲਾ ਅਤੇ ਸਿਆਣਾ ਹੈਂ।

੧੨ ਤੂੰ ਹੀ ਆਸਰਾ ਹੈਂ ਤੇ ਤੂੰ ਹੀ ਜ਼ੋਰ ਹੈਂ।

੧੩ ਕਾਬੂ ਕਰੀਏ, ਭਾਵ ਦੂਰ ਕਰੀਏ।

੧੪ ਵੇਦ ਆਦਿਕ ਆਖਦੇ ਹਨ ਕਿ ਸਭ ਤੋਂ ਉਪਰ ਵਸਦੇ ਸੰਤ ਜਨ ਸੁਣੀਦੇ ਹਨ।

੧੫ ਸਾਰੇ ਥਾਂ ਕਿਸੇ ਨਾ ਕਿਸੇ ਭੈ ਕਰਕੇ ਡਰੇ ਹੋਏ ਸਮਝ, ਕੇਵਲ ਰਾਮ ਦੇ ਸੇਵਕ ਹੀ ਡਰ ਤੋਂ ਬਿਨਾਂ ਕੀਤੇ ਹਨ।

੧੬ ਸਾਰੀ ਸ੍ਰਿਸ਼ਟੀ ੮੪ ਲੱਖ ਜੂਨਾਂ ਵਿੱਚ ਫਿਰਦੀ ਹੈ ਪਰ ਰੱਬ ਦੇ ਲੋਕ (ਭਗਤ ਲੋਕ) ਜਨਮ ਮਰਨ ਵਿੱਚ ਨਹੀਂ ਆਉਂਦੇ।

੧੭ ਮੁੱਕ ਗਈ।

੧੮ ਪਕੜੀ ਹੈ।

੧੯ ਗੁਰੂ-ਸੰਤ ਦੀ ਕਿਰਪਾ ਨਾਲ।

੨੦ ਬੱਚ ਗਿਆ ਹੈ।

੨੧ ਕਿਰਪਾ।

੨੨ ਜੀਭ ਨਾਲ।

੨੩ ਬਹੁਤ।

੨੪ ਜੀਵ ਦੇ ਨਾਲ ਕੰਮ ਆਉਂਦਾ ਹੈ।

੨੫ ਹਉਮੈ ਦਾ ਰੋਗ।

੨੬ ਗ੍ਰਿਹਸਤੀ ਹੋ ਕੇ ਨਿਰਲੇਪ ਰਹਿਣਾ।

੨੭ ਤੇਹ।

੨੮ ਭਟਕਣਾ ਤੋਂ ਰਹਿਤ ਜੋ ਅਸਲ ਟਿਕਾਓ ਹੈ ਉਸ ਦਾ ਖਜ਼ਾਨਾ, ਭਾਵ ਆਰਾਮ ਦੇਣ ਵਾਲਾ।

੨੯ ਮੁੜ ਕੇ ਕਿਧਰੇ ਨਹੀਂ ਭਟਕਦਾ ਫਿਰਦਾ।

* ਗੁਰਬਾਣੀ ਵਿੱਚ ਰੱਬ ਦੇ ਦੋ ਰੂਪ ਕਥੇ ਹਨ, ਇਕ ਰਚਨਾ ਤੋਂ ਪਹਿਲਾਂ ਦਾ ਜਿਸ ਦੀ ਬਾਬਤ ਅਸੀਂ ਕੋਈ ਖਿਆਲ ਨਹੀਂ ਬੰਨ੍ਹ ਸਕਦੇ ਤੇ ਜਦੋਂ ਆਪਣੇ ਸੰਬੰਧ ਵਿੱਚ ਉਹ ਆਪ ਹੀ ਸੀ, ਹੋਰ ਕੁਝ ਨਹੀਂ ਸੀ। ਉਸ ਹਾਲਤ ਵਿੱਚ ਅਸੀਂ ਉਸ ਨੂੰ ਕਰਤਾ ਜਾਂ ਅਕਾਲ ਆਦਿ ਗੁਣਾਂ ਵਾਲਾ ਨਹੀਂ ਬਿਆਨ ਕਰ ਸਕਦੇ। ਇਹ ਉਸ ਦਾ ਨਿਰਗੁਣ ਰੂਪ ਹੈ। ਰਚਨਾ ਦੇ ਪੈਦਾ ਕਰਨ ਤੋਂ ਪਿਛੋਂ ਉਹ ਸਰਗੁਣ ਰੂਪ ਹੋ ਜਾਂਦਾ ਹੈ। ਦੇਖੋ ਪੰ: ੯੮ ਫੁਟ ਨੋਟ *।

ਗਉੜ੍ਹੀ ਮਹਲਾ ੫ ॥ ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ[੧] ॥
ਸਾਧਸੰਗਤਿ ਮਿਲਿ ਹਰਿ ਰਵਹਿ[੨] ਸੇ [੩]ਗੁਣੀ ਗਹੀਰ ॥ ੧ ॥ ਰਹਾਉ ॥ ਜਾ
ਕਉ [੪]ਗੁਰਮੁਖਿ ਰਿਦੈ ਬੁਧਿ ॥ ਤਾ ਕੈ ਕਰ ਤਲ[੫] [੬]ਨਵ ਨਿਧਿ ਸਿਧਿ ॥
੧ ॥ [੭]ਜੋ ਜਾਨਹਿ ਹਰਿ ਪ੍ਰਭ ਧਨੀ ॥ ਕਿਛੁ ਨਾਹੀ ਤਾ ਕੈ ਕਮੀ ॥ ੨ ॥
ਕਰਣੈਹਾਰੁ ਪਛਾਨਿਆ ॥ ਸਰਬ ਸੂਖ ਰੰਗ ਮਾਣਿਆ ॥ ੩ ॥ ਹਰਿ ਧਨੁ
ਜਾ ਕੈ ਗ੍ਰਿਹਿ[੮] ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥ ੪ ॥ ੯ ॥
੧੪੭ ॥ ਗਉੜੀ ਮਹਲਾ ੫ ॥ ਗਰਬੁ ਬਡੋ ਮੂਲੁ[੯] ਇਤਨੋ ॥ ਰਹਨੁ ਨਹੀ
ਗਹੁ[੧੦] ਕਿਤਨੋ ॥ ੧ ॥ ਰਹਾਉ ॥ ਬੇਬਰਜਤ[੧੧] ਬੇਦ ਸੰਤਨਾ ਉਆਹੂ ਸਿਉ
ਰੇ ਹਿਤਨੋ ॥ [੧੨]ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥ ੧ ॥
ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ[੧੩] ॥ ਨਾਨਕ ਉਧਰੇ[੧੪]
ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ ॥ ੨ ॥ ੧੦ ॥ ੧੪੮ ॥ ਗਉੜ੍ਹੀ ਮਹਲਾ
੫ ॥ ਮੋਹਿ ਦਾਸਰੋ ਠਾਕੁਰ ਕੋ ॥ ਧਾਨੁ[੧੫] ਪ੍ਰਭ ਕਾ ਖਾਨਾ ॥ ੧ ॥ ਰਹਾਉ ॥
ਐਸੋ ਹੈ ਰੇ ਖਸਮੁ ਹਮਾਰਾ ॥ [੧੬]ਖਿਨ ਮਹਿ ਸਾਜਿ ਸਵਾਰਣਹਾਰਾ ॥ ੧ ॥
ਕਾਮੁ ਕਰੀ ਜੇ ਠਾਕੁਰ ਭਾਵਾ[੧੭] ॥ ਗੀਤ ਚਰਿਤ[੧੮] ਪ੍ਰਭ ਕੇ ਗੁਨ ਗਾਵਾ ॥
੨ ॥ ਸਰਣਿ ਪਰਿਓ ਠਾਕੁਰ ਵਜੀਰਾ[੧੯] ॥ ਤਿਨਾ ਦੇਖਿ ਮੇਰਾ ਮਨੁ ਧੀਰਾ[੨੦] ॥
੩ ॥ ਏਕ ਟੇਕ ਏਕੋ ਆਧਾਰਾ[੨੧] ॥ ਜਨ ਨਾਨਕ ਹਰਿ ਕੀ ਲਾਗਾ ਕਾਰਾ[੨੨] ॥
੪ ॥ ੧੧ ॥ ੧੪੯ ॥ ਗਉੜੀ ਮਹਲਾ ੫ ॥ ਹੈ ਕੋਈ ਐਸਾ ਹਉਮੈ ਤੋਰੈ[੨੩] ॥
ਇਸੁ ਮੀਠੀ ਤੇ ਇਹੁ ਮਨੁ ਹੋਰੈ[੨੪] ॥ ੧ ॥ ਰਹਾਉ ॥ ਅਗਿਆਨੀ ਮਾਨੁਖੁ
ਭਇਆ ਜੋ ਨਾਹੀ ਸੋ ਲੋਰੈ ॥ ਰੈਣਿ ਅੰਧਾਰੀ ਕਾਰੀਆ[੨੫] ਕਵਨ ਜੁਗਤਿ
ਜਿਤੁ ਭੋਰੈ[੨੬] ॥ ੧ ॥ [੨੭]ਭ੍ਰਮਤੋ ਭ੍ਰਮਤੋ ਹਾਰਿਆ [੨੮]ਅਨਿਕ ਬਿਧੀ ਕਰਿ ਟੋਰੈ ॥
ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ[੨੯] ਮੋਰੈ ॥ ੨ ॥ ੧੨ ॥ ੧੫੦ ॥
ਗਉੜੀ ਮਹਲਾ ੫ ॥ *ਚਿੰਤਾਮਣਿ ਕਰੁਣਾ ਮਏ[੩੦] ॥ ੧ ॥ ਰਹਾਉ ॥ [੩੧]ਦੀਨ
ਦਇਆਲਾ ਪਾਰਬ੍ਰਹਮ ॥ ਜਾ ਕੈ ਸਿਮਰਣਿ ਸੁਖ ਭਏ ॥ ੧ ॥ ਅਕਾਲ ਪੁਰਖ
[੩੨]ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ[੩੩] ਖਏ ॥ ੨ ॥ [੩੪]ਕਿਰਪਾ ਨਿਧਿ
ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥ ੩ ॥ ੧੩ ॥ ੧੫੧ ॥
ਗਉੜੀ ਪੂਰਬੀ ਮਹਲਾ ੫ ॥ ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ ਜਾ
ਦਿਨਿ ਬਿਸਰੈ ਪ੍ਰਾਨ ਸੁਖਦਾਤਾ ਸੋ ਦਿਨੁ ਜਾਤ ਅਜਾਏ[੩੫] ॥ ੧ ॥ ਰਹਾਉ ॥
[੩੬]ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥ [੩੭]ਗ੍ਰਿਹ ਮੰਦਰ
ਸੰਪੈ ਜੋ ਦੀਸੈ [੩੮]ਜਿਉ ਤਰਵਰ ਕੀ ਛਾਏ ॥੧॥ ਤਨੁ ਮੇਰਾ ਸੰਪੈ
ਸਭ ਮੇਰੀ ਬਾਗ ਮਿਲਖ ਸਭ ਜਾਏ ॥ ਦੇਵਨਹਾਰਾ ਬਿਸਰਿਓ ਠਾਕੁਰੁ

II-85

੧ ਪੀੜ।
੨ ਸਿਮਰਦੇ ਹਨ।
੩ ਗੁਣਾਂ ਕਰਕੇ ਡੂੰਘੇ।
੪ ਗੁਰੂ ਦੁਆਰਾ ਮਨ ਵਿੱਚ ਅਕਲ ਆ ਗਈ ਹੈ।
੫ ਹੱਥ ਦੀ ਤਲੀ ਉੱਤੇ।
੬ ਦੇਖੋ ਪੰਨਾ ੧੦, ਫੁਟ ਨੋਟ § ਅਤੇ ¶।
੭ ਜੋ ਹਰੀ ਪ੍ਰਭੂ ਨੂੰ ਮਾਲਕ ਸਮਝਦੇ ਹਨ।
੮ ਘਰ ਵਿੱਚ, ਹਿਰਦੇ ਵਿੱਚ।
੯ ਜੜ। ਹੰਕਾਰ ਇੰਨਾ ਵੱਡਾ ਤੇ ਵਿੱਚੋਂ ਮੂਲ ਇੰਨਾ ਕੁ ('ਰਕਤ ਬੀਜ' ਹੀ)! ਰਹਿਣਾ ਇਥੇ ਹੈ ਨਹੀਂ, ਪਰ ਪਕੜ ਦੇਖੋ ਕਿਤਨੀ (ਭਾਵ ਕਿੰਨੀਆਂ ਚੀਜ਼ਾਂ ਨੂੰ ਹੱਥ ਪਾਈ ਬੈਠਾ ਹੈ)!
੧੦ ਪਕੜ। ਜੱਫਾ ਕਿੱਡਾ ਮਾਰਿਆ ਹੈ ਚੀਜ਼ਾਂ ਨੂੰ!
੧੧ ਵਿਵਰਜਿਤ, ਮਨ੍ਹਾਂ ਕੀਤੀ ਹੋਈ। ਜੋ ਚੀਜ਼ ਵੇਦਾਂ ਤੇ ਸੰਤਾਂ ਨੇ ਮਨ੍ਹਾਂ ਕੀਤੀ ਹੋਈ ਹੈ, ਉਸ ਦੇ ਨਾਲ ਹੀ ਹਿੱਤ (ਪਿਆਰ) ਕਰਦਾ ਹੈ। "ਜੋ ਬਿਬਰਜਿਤ, ਤਿਸ ਸਿਉ ਨੇਹ" (ਗਉੜੀ ਮ: ੫-੧੯੫)।
੧੨ ਜੁਆਰੀਏ ਦੇ ਜੂਏ ਦੀ ਤਰ੍ਹਾਂ ਹਾਰ ਰਿਹਾ ਹੈ ਤੇ ਇੰਦਰੇ ਆਪਣੇ ਵੱਸ ਵਿੱਚ ਲੈ ਕੇ ਇਸ ਨੂੰ ਜਿੱਤ ਰਹੇ ਹਨ।
੧੩ ਖਾਲੀ। ਵਾਹਿਗੁਰੂ ਜੋ ਹਰਨ (ਖਾਲੀ) ਤੇ ਭਰਨ ਲਈ ਪੂਰਾ ਸਮਰੱਥ ਹੈ, ਉਸ ਦੇ ਚਰਨ-ਕਮਲਾਂ ਦੀ ਪ੍ਰੀਤੀ ਤੋਂ ਖਾਲੀ ਹੈ।
੧੪ ਤਰੇ। ਸਾਧ-ਸੰਗ, ਜੋ ਕਿ ਕਿਰਪਾ ਦੇ ਖ਼ਜ਼ਾਨੇ ਹਰੀ ਨੇ ਦਿੱਤਾ ਹੈ, ਵਿੱਚ ਆ ਕੇ ਬਚੇ ਹਾਂ।
੧੫ ਦਾਨ ਵਿੱਚ ਦਿੱਤਾ ਅੰਨ।
੧੬ ਪਲ ਵਿੱਚ ਬਣਾ ਕੇ ਸਵਾਰਨ ਵਾਲਾ।
੧੭ ਭਾਵੇ, ਚੰਗਾ ਲੱਗੇ।
੧੮ ਬ੍ਰਿਤਾਂਤ। ਗੀਤਾਂ ਤੇ ਬ੍ਰਿਤਾਂਤਾਂ ਰਾਹੀਂ ਹਰੀ ਦੇ ਗੁਣ ਗਾਵਾਂ।
੧੯ ਹਰੀ ਦੇ ਵਜ਼ੀਰ, ਭਾਵ ਗੁਰੂ ਦੀ ਸ਼ਰਨੀਂ ਪਿਆ ਹਾਂ।
੨੦ ਧੀਰਜ ਵਾਲਾ ਹੋਇਆ।
੨੧ ਆਸਰਾ।
੨੨ ਕਾਰ, ਕੰਮ।
੨੩ ਤੋੜ ਦੇਵੇ।
੨੪ ਵਰਜੇ, ਰੋਕੇ।
੨੫ ਕਾਲੀ।
੨੬ ਦਿਨ। ਅਗਿਆਨਤਾ ਦੀ ਕਾਲੀ ਰਾਤ ਹੈ। ਕਿਸ ਤਰੀਕੇ ਨਾਲ ਦਿਨ ਚੜ੍ਹੇ? ਭਾਵ ਪ੍ਰਕਾਸ਼ ਹੋ ਜਾਏ।
੨੭ ਭੌਂਦਾ, ਭੌਂਦਾ।
੨੮ ਅਨੇਕ ਤਰੀਕਿਆਂ ਨਾਲ ਟੋਲਦਾ ਹੈ।
੨੯ ਸਭ ਸੁਖਾਂ ਦਾ ਖ਼ਜ਼ਾਨਾਂ।
੩੦ ਦਇਆ ਦੇ ਸਰੂਪ ਵਾਹਿਗੁਰੂ!
੩੧ ਗਰੀਬਾਂ ਉੱਤੇ ਕਿਰਪਾਲਤਾ ਕਰਨ ਵਾਲੇ!
੩੨ ਜਿਸ ਦੀ ਬੋਧ (ਗਿਆਤ) ਅਥਾਹ ਹੈ।
੩੩ ਪਾਪ। ਤੇਰਾ ਜਸ ਸੁਣ ਕੇ ਕ੍ਰੋੜਾਂ ਪਾਪ ਦੂਰ ਹੁੰਦੇ ਹਨ।
੩੪ ਹੇ ਮਿਹਰ ਦੇ ਖ਼ਜ਼ਾਨੇ ਪ੍ਰਭੂ! ਕਿਰਪਾ ਕਰ ਕਿ ਨਾਨਕ ਹਰੀ ਦਾ ਨਾਮ ਲਵੇ।
੩੫ ਅਜਾਈਂ, ਨਿਸਫ਼ਲ।
੩੬ ਪ੍ਰਾਹੁਣੇ ਤਾਂ ਇਕ ਰਾਤ ਦੇ ਹੋ, ਪਰ ਆਸਾਂ ਕਈ ਜੁਗਾਂ ਦੀਆਂ ਬੰਨ੍ਹੀ ਬੈਠੇ ਹੋ ।
੩੭ ਘਰ ਮਹਿਲ ਤੇ ਧਨ।
੩੮ ਰੁੱਖ ਦੀ ਛਾਂ ਵਾਂਗ (ਜੋ ਸਥਿਰ ਨਹੀਂ ਹੁੰਦੀ)।

* ਉਹ ਮਣੀ (ਰਤਨ) ਜੋ ਸਾਰੇ ਮਨ-ਚਿਤਵੇ ਪਦਾਰਥ ਦਿੰਦੀ ਹੈ। 'ਚਿੰਤਾਮਣਿ' ਗੁਰਬਾਣੀ ਵਿੱਚ ਵਾਹਿਗੁਰੂ ਵਾਸਤੇ ਆਂਵਦਾ ਹੈ।

[੧]ਖਿਨ ਮਹਿ ਹੋਤ ਪਰਾਏ ॥ ੨ ॥ ਪਹਿਰੈ ਬਾਗਾ[੨] ਕਰਿ ਇਸਨਾਨਾ ਚੋਆ[੩] ਚੰਦਨ ਲਾਏ ॥ ਨਿਰਭਉ ਨਿਰੰਕਾਰ ਨਹੀ ਚੀਨਿਆ[੪] ਜਿਉ ਹਸਤੀ[੫] ਨਾਵਾਏ ॥ ੩ ॥ ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ[੬] ॥ ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥ ੪ ॥ ੧੪ ॥ ੧੫੨ ॥ ਗਉੜੀ ਪੂਰਬੀ ਮਹਲਾ ੫ ॥ ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥ ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ[੭] ॥ ੧ ॥ ਰਹਾਉ ॥ [੮]ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥ ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥ ੧ ॥ ਮੇਰੇ ਮਨ [੯]ਨਾਮਿ ਲਏ ਜਮ ਬੰਧ ਤੇ ਛੂਟਹਿ [੧੦]ਸਰਬ ਸੁਖਾ ਸੁਖ ਪਾਈਐ ॥ ਸੇਵਿ ਸੁਆਮੀ ਸਤਿਗੁਰੁ ਦਾਤਾ [੧੧]ਮਨ ਬੰਛਤ ਫਲ ਆਈਐ ॥ ੨ ॥ [੧੨]ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥ ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ[੧੩] ॥ ੩ ॥ ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ[੧੪] ॥ ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ [੧੫]ਸਗਲ ਕਲੇਸਾ ॥ ੪ ॥ ੧੫ ॥ ੧੫੩ ॥

ਰਾਗੁ ਗਉੜੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਤ੍ਰਿਸਨਾ[੧੬] ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥ ਕੋਟਿ ਜੋਰੇ ਲਾਖ ਕ੍ਰੋਰੇ [੧੭]ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ[੧੮] ਹੇ ॥ ੧ ॥ [੧੯]ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ ਬੁਰਾ ਭਲਾ ਨਹੀ ਸੁਝੀ ਹੇ ॥ ੨ ॥ ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ [੨੦]ਗੁਣ ਨਿਧਿ ਨਹੀ ਗਾਇਆ ॥ ਮਨ [੨੧]ਬਿਖੈ ਹੀ ਮਹਿ ਲੁਝੀ ਹੇ ॥ ੩ ॥ ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥ ਨਾਨਕ ਸੋ ਜਨੁ ਦਰਿ ਹਰਿ ਸਿਝੀ[੨੨] ਹੇ ॥ ੪ ॥ ੧ ॥ ੧੫੪ ॥ ਗਉੜੀ ਮਹਲਾ ੫ ॥ [੨੩]ਸਭਹੂ ਕੋ ਰਸੁ ਹਰਿ ਹੋ ॥ ੧ ॥ ਰਹਾਉ ॥ [*]ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ ਕਾਹੂ ਹੋ [੨੪]ਡੰਡ ਧਰਿ ਹੋ ॥ ੧ ॥ ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ [੨੫]ਹੋਮ ਨੇਮ ॥ ਕਾਹੂ ਹੋ [੨੬]ਗਉਨੁ ਕਰਿ ਹੋ ॥ ੨ ॥ ਕਾਹੂ ਤੀਰ[੨੭] ਕਾਹੂ ਨੀਰ[੨੮] ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ[੨੯] ਹੋ ॥ ੩ ॥ ੨ ॥ ੧੫੫ ॥ ਗਉੜੀ ਮਹਲਾ ੫ ॥ [੩੦]ਗੁਨ ਕੀਰਤਿ ਨਿਧਿ ਮੋਰੀ ॥ ੧ ॥ ਰਹਾਉ ॥ ਤੂੰਹੀ ਰਸ ਤੂੰਹੀ ਜਸ ਤੂੰਹੀ ਰੂਪ ਤੂਹੀ ਰੰਗ ॥ ਆਸ ਓਟ ਪ੍ਰਭ ਤੋਰੀ ॥ ੧ ॥ ਤੂਹੀ ਮਾਨ ਤੂੰਹੀ ਧਾਨ[੩੧] ਤੂਹੀ ਪਤਿ ਤੂਹੀ ਪ੍ਰਾਨ ॥ ਗੁਰਿ ਤੂਟੀ ਲੈ

੧ ਪਲ ਵਿੱਚ।
੨ ਚਿੱਟੇ ਕੱਪੜੇ।
੩ ਅਤਰ।
੪ ਸਮਝਿਆ।
੫ ਹਾਥੀ। ਜਿਵੇਂ ਹਾਥੀ ਨਹਾ ਕੇ ਪਿੱਛੋਂ ਖੇਹ ਉਡਾਂਦਾ ਹੈ, ਤਿਵੇਂ ਵਾਹਿਗੁਰੂ ਤੋਂ ਬਿਨਾਂ ਮਨੁੱਖ ਦੇ ਸਾਰੇ ਠਾਠ-ਬਾਠ, ਕਰਮ ਤੇ ਜਤਨ ਨਿਸਫਲ ਹਨ।
੬ ਨਾਮ ਵਿੱਚ।
੭ ਬਲਿਹਾਰ ਜਾਈਏ।
੮ ਜੀਵ ਜਿਤਨੇ ਸਾਹ ਲੈਂਦਾ ਹੈ ਜਾਂ ਗ੍ਰਾਹੀਆਂ ਮੂੰਹ ਵਿੱਚ ਪਾਂਦਾ ਹੈ, ਉਤਨੀ ਵਾਰੀ ਹਰੀ ਦੇ ਗੁਣ ਗਾਣੇ ਚਾਹੀਏ।
੯ ਨਾਮ ਲੈਣ ਨਾਲ ਜਮ ਦੀ ਕੈਦ ਤੋਂ ਛੁੱਟਦਾ ਹੈ। 'ਨਾਮਿ ਲਏ' ਵਿੱਚ 'ਨਾਮਿ' ਦੇ ਅੰਤ ਸਿਹਾਰੀ ਨੇਮ ੧੨ ਵਾਲੀ ਹੈ।
੧੦ ਸਾਰੇ ਸੁਖਾਂ ਦਾ ਸੁਖ, ਸਭ ਤੋਂ ਉੱਚਾ ਸੁਖ।
੧੧ ਮਨ-ਇੱਛਤ, ਮਨ-ਮੰਗੇ ਫਲ ਹੱਥ ਆਉਂਦੇ ਹਨ, ਮਿਲਦੇ ਹਨ। ਕਈਆਂ ਬੀੜਾਂ ਵਿੱਚ ਪਾਠ 'ਪਾਈਐ' ਹੈ। ਪਿਛਲੀ ਤੁਕ ਦੇ ਅੰਤ 'ਪਾਈਐ' ਆਉਣ ਕਰਕੇ ਅੰਤਲਾ ਸ਼ਬਦ ਬਦਲਾ ਦਿੱਤਾ ਮਾਲੂਮ ਹੁੰਦਾ ਹੈ।
੧੨ ਕਰਤੇ ਵਾਹਿਗੁਰੂ ਦਾ ਨਾਮ ਹੀ ਪਿਆਰਾ, ਮਿੱਤਰ ਅਤੇ ਪੁੱਤਰ ਹੈਨ।
੧੩ ਪੱਲੇ। ਉਹ ਨਾਮ ਗੁਰੂ ਦੇ ਪੱਲੇ ਪਾਈਦਾ ਹੈ।
੧੪ ਅੰਦੇਸ਼ੇ, ਫ਼ਿਕਰ।
੧੫ ਸਾਰੇ ਦੁੱਖ।
੧੬ ਮਾਇਕ ਚੀਜ਼ਾਂ ਦੀ ਪ੍ਰਾਪਤੀ ਦੀ ਇੱਛਾ।
੧੭ ਮਨ ਨੂੰ ਨਹੀਂ ਰੋਕਦਾ।
੧੮ ਝਗੜਦਾ ਹੈ; ਮਨੁੱਖ ਲੱਖਾਂ ਕ੍ਰੋੜਾਂ ਜੋੜ ਕੇ ਬਸ ਨਹੀਂ ਕਰਦਾ, ਸਗੋਂ ਹੋਰ ਪਰ੍ਹੇ-ਪਰ੍ਹੇ ਜਾ ਕੇ 'ਕੱਠੀ ਕਰਨ ਲਈ ਝਗੜਦਾ ਫਿਰਦਾ ਹੈ।
੧੯ (ਆਪਣੇ ਪਾਸ) ਤਰ੍ਹਾਂ-ਤਰ੍ਹਾਂ ਦੀਆਂ ਸੋਹਣੀਆਂ ਇਸਤਰੀਆਂ ਹੁੰਦਿਆਂ ਫਿਰ ਪਰਾਏ ਘਰ ਜਾ ਕੇ ਬਦ-ਫੈਲੀ ਕਰਦਾ ਹੈ।
੨੦ ਗੁਣਾਂ ਦਾ ਖ਼ਜ਼ਾਨਾਂ, ਹਰੀ।
੨੧ ਵਿਸ਼ਿਆਂ ਵਿੱਚ ਹੀ ਫਸਿਆ ਰਹਿੰਦਾ ਹੈ।
੨੨ ਕਾਮਯਾਬ, ਮੁਕਤ। ਸੁਰਖ਼ਰੂ ਹੁੰਦਾ ਹੈ ਹਰੀ ਦੇ ਦਰ 'ਤੇ।
੨੩ ਵਾਹਿਗੁਰੂ ਹੀ ਸਭਨਾਂ ਲਈ ਰਸ ਹੈ। ਸਭ ਰਸਾਂ ਦੇ ਗ੍ਰਾਹਕ ਆਪਣੇ-ਆਪਣੇ ਰਸ ਦਾ ਨਿਸ਼ਾਨਾ ਉਸ ਨੂੰ ਬਣਾਂਦੇ ਹਨ।
੨੪ ਡੰਡਾ ਧਾਰੀ। ਦੇਖੋ ਪੰਨਾ ੧੬੫, ਨੋਟ ੧੦।
੨੫ ਹਵਨ ਯੱਗ ਕਰਨੇ।
੨੬ ਫਿਰਨ ਵਾਲੇ।
੨੭ ਕੰਢਾ। ਤੀਰਥਾਂ ਦੇ ਕੰਢੇ ਯਾਤਰਾ ਕਰਨ ਵਾਲੇ।
੨੮ ਪਾਣੀ, ਤੀਰਥ-ਇਸ਼ਨਾਨੀ।
੨੯ ਪਿਆਰੇ। ਭਗਤੀ ਦੇ ਪਿਆਰੇ ਹੋ।
੩੦ ਹਰੀ ਦੇ ਗੁਣਾਂ ਦਾ ਕੀਰਤਨ (ਜਸ) ਮੇਰੇ ਲਈ ਖ਼ਜ਼ਾਨਾਂ ਹੈ। ਇਸ ਜਸ ਦਾ ਨਮੂਨਾ ਬਾਕੀ ਦੀਆਂ ਤੁਕਾਂ ਵਿੱਚ ਹੈ।
੩੧ ਧਨ।

* ਕਿਸੇ ਨੂੰ ਜੋਗ ਦਾ ਰਸ ਹੈ, ਕਿਸੇ ਨੂੰ ਭੋਗ ਦਾ। ਜੋਗ=ਸੰਸਾਰ ਤੋਂ ਉਪਰਾਮਤਾ। ਭੋਗ=ਸੰਸਾਰ ਦੇ ਸੁਖਾਂ ਵੱਲ ਰੁਚੀ।

ਜੋਰੀ॥ ੨॥ [੧]ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ[੨] ਤੂਹੀ ਸੁਨਿ[੩]॥ ਹੈ ਨਾਨਕ [੪]ਨੇਰ ਨੇਰੀ॥ ੩॥ ੩॥ ੧੫੬॥ ਗਉੜੀ ਮਹਲਾ ੫॥ [੫]ਮਾਤੋ ਹਰਿ ਰੰਗਿ ਮਾਤੋ॥ ੧॥ ਰਹਾਉ॥ [੬]ਓੁਹੀ ਪੀਓ ਓੁਹੀ ਖੀਓ ਗੁਰਹਿ ਦੀਓ ਦਾਨੁ ਕੀਓ॥ ਉਆਹੂ ਸਿਉ ਮਨੁ ਰਾਤੋ॥ ੧॥ ਓੁਹੀ ਭਾਠੀ[੭] ਓੁਹੀ ਪੋਚਾ[੮] ਓੁਹੀ ਪਿਆਰੋ[੯] ਓੁਹੀ ਰੂਚਾ[੧੦]॥ ਮਨਿ ਓਹੋ ਸੁਖੁ ਜਾਤੋ॥ ੨॥ ਸਹਜ ਕੇਲ ਅਨਦ ਖੇਲ [੧੧]ਰਹੇ ਫੇਰ ਭਏ ਮੇਲ॥ ਨਾਨਕ ਗੁਰ ਸਬਦਿ ਪਰਾਤੋ[੧੨]॥ ੩॥ ੪॥ ੧੫੭॥

ਰਾਗੁ ਗੌੜੀ ਮਾਲਵਾ* ਮਹਲਾ ੫ ੴ ਸਤਿਗੁਰ ਪ੍ਰਸਾਦਿ॥

ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ[੧੩] ਪੰਥੁ ਭੈਆਨ[੧੪]॥ ੧॥ ਰਹਾਉ॥ ਸੇਵਤ ਸੇਵਤ ਸਦਾ ਸੇਵਿ [੧੫]ਤੇਰੈ ਸੰਗਿ ਬਸਤੁ ਹੈ ਕਾਲੁ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥ ੧॥ ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥ ਨਰਕੁ ਸੁਰਗੁ ਦੁਇ ਭੁੰਚਨਾ[੧੬] ਹੋਇ ਬਹੁਰਿ ਬਹੁਰਿ ਅਵਤਾਰ॥ ੨॥ [੧੭]ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ[੧੮] ਆਵਹਿ ਜਾਹਿ॥ ੩॥ ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥ ੪॥ ੧॥ ੧੫੮॥

ਰਾਗੁ ਗਉੜੀ ਮਾਲਾ ਮਹਲਾ ੫ ੴ ਸਤਿਗੁਰ ਪ੍ਰਸਾਦਿ॥

ਪਾਇਓ [੧੯]ਬਾਲ ਬੁਧਿ ਸੁਖੁ ਰੇ॥ ਹਰਖ[੨੦] ਸੋਗ ਹਾਨਿ[੨੧] ਮਿਰਤੁ[੨੨] ਦੂਖ ਸੁਖ ਚਿਤਿ ਸਮਸਰਿ[੨੩] ਗੁਰ ਮਿਲੇ॥ ੧॥ ਰਹਾਉ॥ [੨੪]ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ[੨੫] ਭਰੇ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ॥ ੧॥ ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ ਜਉ ਸਾਧੂ [੨੬]ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥ ੨॥ ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ[੨੭] ਘੇਰੇ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ [੨੮]ਸਹਜਿ ਸੋਏ॥ ੩॥ ਜਉ ਲਉ ਪੋਟ[੨੯] ਉਠਾਈ ਚਲਿਅਉ ਤਉ ਲਉ [੩੦]ਡਾਨ ਭਰੇ॥ ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ[੩੧]॥ ੪॥ ੧॥ ੧੫੯॥ ਗਉੜੀ ਮਾਲਾ ਮਹਲਾ ੫॥ ਭਾਵਨੁ[੩੨] ਤਿਆਗਿਓ ਰੀ ਤਿਆਗਿਓ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ॥ ਸਰਬ ਸੂਖ ਆਨੰਦ ਮੰਗਲ ਰਸ

੧ ਤੂੰ ਹੀ ਘਰ ਵਿੱਚ; ਤੂੰ ਹੀ ਜੰਗਲ ਵਿੱਚ।
੨ ਪਿੰਡ ਵਿੱਚ।
੩ ਸੁੰਞ (ਉਜਾੜ) ਵਿੱਚ।
੪ ਨੇੜੇ ਤੋਂ ਨੇੜੇ।
੫ ਮਸਤ ਹਰੀ ਦੇ ਪਿਆਰ ਵਿੱਚ।
੬ ਉਸੇ ਨੇ ਪੀਤਾ ਹੈ ਤੇ ਉਸੇ ਨਾਲ ਖੀਵੇ (ਮਸਤ) ਹੋ ਰਹੇ ਹਾਂ।
੭ ਭੱਠੀ ਸ਼ਰਾਬ ਦੀ।
੮ (ਅਰਕ ਜਾਂ ਸ਼ਰਾਬ ਕੱਢਣ ਵੇਲੇ) ਭਾਫ਼ ਨੂੰ ਠੰਢਿਆਂ ਰੱਖਣ ਲਈ ਬਰਤਨ ਨੂੰ ਜੋ ਠੰਢੇ ਪਾਣੀ ਦਾ ਪੋਚਾ (ਲੇਪ) ਦਿੱਤਾ ਜਾਂਦਾ ਹੈ।
੯ ਪਿਆਲਾ।
੧੦ ਰੁੱਚੀ, ਸ਼ਰਾਬ ਪੀਣ ਦੀ ਉਮੰਗ।
੧੧ ਜਨਮ ਮਰਨ ਦੇ ਫੇਰੇ ਰਹਿ ਗਏ, ਮੇਲ ਹੋ ਗਿਆ, (ਅਤੇ ਸਹਜ ਅਵਸਥਾ ਦੀਆਂ ਮੌਜਾਂ ਤੇ ਅਨੰਦ ਦੀਆਂ ਖੇਡਾਂ ਮਾਣ ਰਹੇ ਹਾਂ)।
੧੨ ਪਰੋਤੇ ਗਏ ਹਾਂ (ਸ਼ਬਦ ਵਿੱਚ)। "ਜਿਉ ਕੁੰਡੀ ਮੀਨੁ ਪਰਾਤਾ ਹੇ" (ਮਾਰੂ ਸੋਲਹੇ ਮ: ੧, ਪੰਨਾ ੧੦੩੧)।
੧੩ ਕਰੜਾ।
੧੪ ਭਿਆਨਕ (ਰਸਤਾ)।
੧੫ ਮੌਤ ਹਰ ਵੇਲੇ ਤੇਰੇ ਸਿਰ 'ਤੇ ਹੈ।
੧੬ ਮਾਨਣਾ, ਨਰਕ, ਸੁਰਗ ਭੋਗਣੇ ਪੈਂਦੇ ਹਨ ਤੇ ਮੁੜ ਜਨਮ ਹੁੰਦਾ ਹੈ।
੧੭ ਸ਼ਿਵ ਦੇਵਤਾ ਦਾ ਲੋਕ।
੧੮ [ਸ਼ਕਤੀ ਦਾ ਉਪਾਸ਼ਕ] ਮਾਇਆਧਾਰੀ।
੧੯ ਬਾਲ-ਬੁਧ ਧਾਰਨ ਕਰਨ ਨਾਲ ਸੁਖ ਮਿਲਿਆ ਹੈ। ਬਾਲਕ ਨੂੰ ਲੰਮੀਆਂ ਸੋਚਾਂ ਜਾਂ ਸੋਗ ਹਿਰਖ, ਹਾਣ ਲਾਭ, ਮੌਤ ਦਾ ਖ਼ਿਆਲ ਨਹੀਂ ਹੁੰਦਾ।
੨੦ ਖੁਸ਼ੀ।
੨੧ ਘਾਟਾ।
੨੨ ਮੌਤ।
੨੩ (ਸਭ ਦੁੱਖ ਸੁਖ ਆਦਿਕ) ਇਕੋ ਜਿਹੇ ਕਰਕੇ ਮੰਨੇ ਹਨ।
੨੪ ਜਦ ਤੱਕ, ਜਿੰਨਾ ਚਿਰ।
੨੫ ਦੁੱਖ। ਜਦ ਤੱਕ ਮੈਂ ਸੋਚਾਂ ਫਿਕਰਾਂ ਵਿੱਚ ਰਹਿੰਦਾ ਸਾਂ ਤਦ ਤੱਕ ਦੁੱਖ ਪਾਉਂਦਾ ਰਹਿੰਦਾ ਸਾਂ, ਪਰ ਜਦ ਪੂਰਾ ਦਿਆਲੂ ਗੁਰੂ ਮਿਲਿਆ, ਤਦ ਤੋਂ ਅਡੋਲ ਸੁਖ ਮਾਣ ਰਿਹਾ ਹਾਂ।
੨੬ ਹੱਥ ਮੱਥੇ 'ਤੇ ਧਰਿਆ।
੨੭ ਮਾਇਆ ਰੂਪੀ ਜ਼ਹਿਰ।
੨੮ ਬੇ-ਫ਼ਿਕਰ ਹੋ ਗਏ।
੨੯ ਪੋਟਲੀ ਮਾਇਆ ਦੀ।
੩੦ ਡੰਨ ਭਰਦਾ ਰਿਹਾ।
੩੧ ਨਿਰ-ਭੈ ਹੋ ਗਏ (ਜਦੋਂ ਪੋਟਲੀ ਸੁੱਟ ਦਿੱਤੀ)।
੩੨ ਦਿਲ-ਪਸੰਦਗੀ; ਇਹ ਖ਼ਿਆਲ ਕਿ ਅਮੁਕੀ ਚੀਜ਼ ਪਸੰਦ ਕਰਨੀ ਹੈ, ਤੇ ਅਮੁਕੀ ਨਹੀਂ ਕਰਨੀ।

* ਇਸ ਸ਼ਬਦ ਵਿੱਚ ਕਈ ਥਾਈਂ ਮਾਲਵੇ ਦੇ ਮੁਹਾਵਰੇ ਅਨੁਸਾਰ ਵਵੇ ਦੀ ਥਾਂ ਬਬਾ ਵਰਤਿਆ ਹੈ, ਜਿਵੇਂ- ਬਿਚਿ, ਬਧੇ, ਬਿਕਾਰ।

[੧]ਮਾਨਿ ਗੋਬਿੰਦੈ ਆਗਿਓ ॥ ੧ ॥ ਰਹਾਉ ॥ ਮਾਨੁ ਅਭਿਮਾਨੁ ਦੋਊ ਸਮਾਨੇ[੨] ਮਸਤਕੁ ਡਾਰਿ ਗੁਰ ਪਾਗਿਓ[੩] ॥ [੪]ਸੰਪਤ ਹਰਖੁ ਨ [੫]ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥ ੧ ॥ ਬਾਸ ਬਾਸਰੀ[੬] ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ [੭]ਪੂਰਨ ਸਰਬਾਗਿਓ ॥ ੨ ॥ ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥ [੮]ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥ ੩ ॥ ਜਨ ਨਾਨਕ ਓੜਿ[੯] ਤੁਹਾਰੀ ਪਰਿਓ ਆਇਓ ਸਰਣਾਗਿਓ ॥ ਨਾਮ ਰੰਗ [੧੦]ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥ ੪ ॥ ੨ ॥ ੧੬੦ ॥ ਗਉੜੀ ਮ੍ਹਾਲਾ ਮਹਲਾ ੫ ॥ ਪਾਇਆ ਲਾਲੁ ਰਤਨੁ ਮਨਿ ਪਾਇਆ ॥ ਤਨੁ ਸੀਤਲੁ[੧੧] ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥ ੧ ॥ ਰਹਾਉ ॥ ਲਾਥੀ ਭੂਖ ਤ੍ਰਿਸਨ[੧੨] ਸਭ ਲਾਥੀ ਚਿੰਤਾ ਸਗਲ[੧੩] ਬਿਸਾਰੀ ॥ [੧੪]ਕਰੁ ਮਸਤਕਿ ਗੁਰਿ ਪੂਰੈ ਧਰਿਓ [੧੫]ਮਨੁ ਜੀਤੋ ਜਗੁ ਸਾਰੀ ॥ ੧ ॥ [੧੬]ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ [੧੭]ਡੋਲਨ ਤੇ ਅਬ ਚੂਕੇ ॥ ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ [੧੮]ਨਹੀ ਰੇ ਮੂਕੇ ॥ ੨ ॥ ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥ ਲਾਹਿ ਪਰਦਾ ਠਾਕੁਰੁ ਜਉ ਭੇਟਿਓ[੧੯] ਤਉ ਬਿਸਰੀ ਤਾਤਿ[੨੦] ਪਰਾਈ ॥ ੩ ॥ ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥ ਕਹੁ ਨਾਨਕ [੨੧]ਸਚ ਭਏ ਬਿਗਾਸਾ ਗੁਰਿ ਨਿਧਾਨੁ[੨੨] ਰਿਦੈ ਲੈ ਰਾਖਿਆ ॥ ੪ ॥ ੩ ॥ ੧੬੧ ॥ ਗਉੜੀ ਮਾਲਾ ਮਹਲਾ ੫ ॥ ਉਬਰਤ[੨੩] ਰਾਜਾ ਰਾਮ ਕੀ ਸਰਣੀ ॥ [੨੪]ਸਰਬ ਲੋਕ ਮਾਇਆ ਕੇ ਮੰਡਲ [੨੫]ਗਿਰਿ ਗਿਰਿ ਪਰਤੇ ਧਰਣੀ ॥ ੧ ॥ ਰਹਾਉ ॥ [੨੬]ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥ ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ ॥ ੧ ॥ ਤੀਨਿ ਭਵਨ ਕੀ ਲਖਮੀ ਜੋਰੀ [੨੭]ਬੂਝਤ ਨਾਹੀ ਲਹਰੇ ॥ ਬਿਨੁ ਹਰਿ ਭਗਤਿ ਕਹਾ ਥਿਤਿ[੨੮] ਪਾਵੈ ਫਿਰਤੋ [੨੯]ਪਹਰੇ ਪਹਰੇ ॥ ੨ ॥ ਅਨਿਕ ਬਿਲਾਸ[੩੦] ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ ॥ ਜਲਤੋ ਜਲਤੋ ਕਬਹੂ ਨ ਬੂਝਤ ਸਗਲ [੩੧]ਬ੍ਰਿਥੇ ਬਿਨੁ ਨਾਮਾ ॥ ੩ ॥ ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ[੩੨] ਸੁਖੁ ਪੂਰਾ ॥ ਸਾਧਸੰਗਤਿ ਜਨਮ ਮਰਣੁ ਨਿਵਾਰੈ[੩੩] ਨਾਨਕ ਜਨ ਕੀ ਧੂਰਾ ॥ ੪ ॥ ੪ ॥ ੧੬੨ ॥ ਗਉੜੀ ਮਾਲਾ ਮਹਲਾ ੫ ॥ ਮੋ ਕਉ ਇਹ ਬਿਧਿ *ਕੋ ਸਮਝਾਵੈ ॥ [੩੪]ਕਰਤਾ ਹੋਇ ਜਨਾਵੈ ॥ ੧ ॥ ਰਹਾਉ ॥ ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥ [੩੫]ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥ ੧ ॥

੧ ਹਰੀ ਦੀ ਆਗਿਆ ਮੰਨ ਕੇ।
੨ ਇਕੋ ਜਿਹੇ ਹੋ ਗਏ।
੩ ਪੈਰਾਂ 'ਤੇ। ਗੁਰੂ ਦੇ ਪੈਰਾਂ 'ਤੇ ਮੱਥਾ ਧਰ ਕੇ।
੪ ਧਨ ਦੀ ਖੁਸ਼ੀ।
੫ ਬਿਪਦਾ ਦਾ ਦੁੱਖ। ਠਾਕਰ ਦਾ ਪਿਆਰ ਪਿਆ ਹੈ, ਇਸ ਲਈ ਜੇ ਧਨ ਮਿਲੇ ਤਾਂ ਖੁਸ਼ੀ ਨਹੀਂ 'ਤੇ ਜੇ ਕੋਈ ਮੁਸੀਬਤ ਆ ਪਏ ਤਾਂ ਕਲੇਸ਼ ਨਹੀਂ ਹੁੰਦਾ।
੬ ਵੱਸਣ ਵਾਲਾ। ਘਰ ਵੱਸਣ ਵਾਲਾ ਇਕੋ ਮਾਲਕ (ਹਰੀ) ਹੀ ਹੈ, ਤੇ ਜੰਗਲ ਵਿੱਚ ਭੀ ਓਹੀ ਦੇਖਿਆ ਹੈ।
੭ ਸਭ ਵਿੱਚ ਪੂਰਨ ਹੈ।
੮ ਸੰਤਾਂ ਦੀ ਕਿਰਪਾ ਨਾਲ ਸਾਧ-ਸੰਗਤ ਦੁਆਰਾ ਸੁੱਤਾ ਮਨ ਜਾਗ ਪਿਆ ਹੈ।
੯ ਓਟ ਵਿਚ, ਆਸਰੇ ਅੰਦਰ।
੧੦ ਸਹਜ ਅਵਸਥਾ ਦੇ ਰਸ, ਅਡੋਲ ਖੁਸ਼ੀ ਦੇ ਸਵਾਦ।
੧੧ ਠੰਢਾ।
੧੨ ਤੇਹ।
੧੩ ਸਾਰੀ।
੧੪ ਹੱਥ ਮੱਥੇ 'ਤੇ।
੧੫ ਮਨ ਜਿੱਤਿਆ ਗਿਆ ਤੇ ਨਾਲ ਹੀ ਸਾਰਾ ਜਗਤ ਜਿੱਤਿਆ ਗਿਆ। ਇਥੇ 'ਜੀਤੋ' ਦੇਹਲੀ-ਦੀਪਕ ਹੋ ਕੇ ਦੋਹਾਂ ਪਾਸੇ ਲੱਗਦਾ ਹੈ-'ਮਨੁ' ਨਾਲ ਵੀ ਤੇ 'ਜਗੁ' ਨਾਲ ਵੀ। 'ਮਨਿ ਜੀਤੈ ਜਗੁ ਜੀਤੁ' (ਜਪੁ)।
੧੬ ਰੱਜ ਗਏ।
੧੭ ਡੋਲਣ ਤੋਂ ਰਹਿ ਗਏ।
੧੮ ਮੁਕਦਾ ਨਹੀਂ। 'ਨਹੀਂ' ਦੇਹਲੀ-ਦੀਪਕ ਹੋ ਕੇ ਦੋਹੀਂ ਪਾਸੀਂ ਲੱਗਦਾ ਹੈ।
੧੯ ਮਿਲਿਆ।
੨੦ ਸਾੜ੍ਹਾ, ਈਰਖਾ।
੨੧ ਸੱਚ ਦਾ ਪ੍ਰਕਾਸ਼ ਹੋਇਆ ਹੈ।
੨੨ (ਨਾਮ ਦਾ) ਖ਼ਜ਼ਾਨਾਂ।
੨੩ ਤਰੀਦਾ ਹੈ।
੨੪ ਮਾਇਆ ਦੇ ਜਿਤਨੇ ਲੋਕ ਤੇ ਮੰਡਲ ਹਨ, ਭਾਵ ਸਾਰੀ ਸ੍ਰਿਸ਼ਟੀ, ਜਿਥੇ-ਜਿਥੇ ਮਾਇਆ ਫੈਲੀ ਹੋਈ ਹੈ।
੨੫ ਡਿੱਗ-ਡਿੱਗ ਪੈਂਦੇ ਹਨ ਧਰਤੀ 'ਤੇ।
੨੬ ਮਹਾਤਮਾ ਲੋਕਾਂ ਨੇ ਵੇਦ, ਸ਼ਾਸਤਰ ਤੇ ਸਿਮ੍ਰਿਤੀਆਂ ਵਿਚਾਰ ਕੇ ਇਹ ਕਿਹਾ ਹੈ, ਕਿ ਹਰੀ-ਸਿਮਰਨ ਤੋਂ ਬਿਨਾਂ ਮਾਇਆ ਤੋਂ ਛੁਟਕਾਰਾ ਨਹੀਂ ਹੋ ਸਕਦਾ, ਤੇ ਨਾ ਹੀ ਕਿਸੇ ਨੂੰ ਸੁਖ ਲੱਭ ਸਕਦਾ ਹੈ।
੨੭ ਮੁੱਕਦੀਆਂ ਨਹੀਂ ਲੋਭ ਲਹਿਰਾਂ (ਭਾਵੇਂ ਸਾਰੇ ਸੰਸਾਰ ਦੀ ਮਾਇਆ ਇਕੱਠੀ ਕੀਤੀ ਹੋਵੇ)।
੨੮ ਟਿਕਾਉ।
੨੯ ਹਰ ਸਮੇਂ, ਦਿਨ ਰਾਤ।
੩੦ ਅਨੰਦ ਭੋਗ। ਕਈ ਮਨ ਨੂੰ ਮੋਹਣ ਵਾਲੇ ਅਨੰਦ-ਭੋਗ ਕਰਦਾ ਹੈ; ਪਰ ਕਾਮਨਾ ਪੂਰੀ ਨਹੀਂ ਹੁੰਦੀ।
੩੧ (ਸਾਰੇ ਬਿਲਾਸ) ਨਿਸਫਲ ਹਨ ਨਾਮ ਤੋਂ ਬਿਨਾਂ। ਇਨ੍ਹਾਂ ਵਿੱਚ ਆਦਮੀ ਸੜਦਾ-ਸੜਦਾ ਕਦੀ ਸ਼ਾਂਤ ਨਹੀਂ ਹੁੰਦਾ।
੩੨ ਅਸਲ, ਸ੍ਰੇਸ਼ਟ।
੩੩ ਦੂਰ ਕਰਦੀ ਹੈ।
੩੪ ਜੇ ਜੀਵ ਕਰਣਹਾਰ ਹੋਵੇ ਤਾਂ ਸਮਝਾ ਸਕੇ। ਜੀਵ ਤਾਂ ਕੁਝ ਕਰਨ ਵਾਲਾ ਹੈ ਹੀ ਨਹੀਂ। ਕਰਤਾ ਤਾਂ ਇਕ ਹਰੀ ਹੀ ਹੈ। ਜਿਵੇਂ ਉਹ ਜੀਵ ਤੋਂ ਕਰਾਂਦਾ ਹੈ, ਤਿਵੇਂ ਜੀਵ ਕਰਦਾ ਹੈ। ਅੱਗੇ ਕਿਹਾ ਹੈ ਕਿ ਜੋ ਕੁਝ ਇਹ ਜੀਵ ਕਰਦਾ ਹੈ, ਸਭ ਬਿਨਾਂ ਜਾਣੇ ਕਰਦਾ ਹੈ।
੩੫ ਕਿਹੜੇ ਕੰਮਾਂ ਕਰਕੇ ਇਹ ਜੀਵ ਬੱਧਾ ਪਿਆ ਹੈ, ਕਿ ਇਸ ਦੀ ਭਟਕਣਾ ਨਹੀਂ ਮੁਕਦੀ ਤੇ ਸਭ ਤਰਫ਼ ਦੌੜਦਾ-ਫਿਰਦਾ ਹੈ? ਇਸ ਦਾ ਉੱਤਰ ਅਗਲੀ ਤੁਕ ਵਿੱਚ ਹੈ।

* ਕੌਣ ਸਮਝਾਵੇ? ਭਾਵ ਕੋਈ ਨਹੀਂ ਸਮਝਾ ਸਕਦਾ। ਕੀ? ਇਹ ਗੱਲ ਜਿਸ ਦਾ ਜ਼ਿਕਰ ਸਾਰੇ ਸ਼ਬਦ ਵਿੱਚ ਹੈ। ਉਹ ਇਹ ਹੈ ਕਿ ਸਭ ਕੁਝ ਕਰਨਹਾਰ ਇਕ ਵਾਹਿਗੁਰੂ ਹੈ। "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ ਜਾਨੈ॥" (੨੦੬) ਵਾਲਾ ਖ਼ਿਆਲ ਹੈ।

ਮਨ ਤਨ ਧਨ ਭੂਮਿ ਕਾ ਠਾਕੁਰੁ[*] ਹਉ ਇਸ ਕਾ ਇਹੁ ਮੇਰਾ ॥ ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥ ੨ ॥ [੧]ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥ ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥ ੩ ॥ ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥ ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥ ੪ ॥ ੫ ॥ ੧੬੩ ॥ ਗਉੜੀ ਮਾਲਾ ਮਹਲਾ ੫ ॥ ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ[੨] ਕਰਮ ਕਮਾਣੇ ਇਹਿ [੩]ਓਰੈ ਮੂਸੇ ॥ ੧ ॥ ਰਹਾਉ ॥ ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ[੪] ਨ ਪਾਇਆ ॥ ਆਗੈ ਚਲਣੁ[੫] ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥ ੧ ॥ [੬]ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹ ਬਿਧਿ [੭]ਓਹੁ ਲੋਗਨ ਹੀ ਪਤੀਆਵੈ ॥ ੨ ॥ [੮]ਚਤੁਰ ਬੇਦ ਮੁਖ ਬਚਨੀ[੯] ਉਚਰੈ [੧੦]ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ[੧੧] ਓਹੁ ਸਗਲੀ [੧੨]ਝਾਖ ਝਖਾਈਐ ॥ ੩ ॥ ਨਾਨਕੁ ਕਹਤੋ ਇਹੁ ਬੀਚਾਰਾ [੧੩]ਜਿ ਕਮਾਵੈ ਸੁ ਪਾਰ ਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ[੧੪] ॥ ੪ ॥ ੬ ॥ ੧੬੪ ॥ ਗਉੜੀ ਮਾਲਾ ੫ ॥ ਮਾਧਉ[੧੫] ਹਰਿ ਹਰਿ ਹਰਿ ਮੁਖਿ ਕਹੀਐ ॥ ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ ॥ ੧ ॥ ਰਹਾਉ ॥ ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥ ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥ ੧ ॥ ਕਰਹੁ ਕ੍ਰਿਪਾ ਸਰਬ ਕੇ ਦਾਤੇ [੧੬]ਏਕ ਰੂਪ ਲਿਵ ਲਾਵਹੁ ॥ ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥ ੨ ॥ ੭ ॥ ੧੬੫ ॥

ਰਾਗੁ ਗਉੜੀ ਮਾਝ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

[੧੭]ਦੀਨ ਦਇਆਲ ਦਮੋਦਰ[੧੮] ਰਾਇਆ[੧੯] ਜੀਉ ॥ [੨੦]ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥ [੨੧]ਭਗਤ ਵਛਲੁ ਤੇਰਾ ਬਿਰਦੁ[੨੨] ਰਖਾਇਆ ਜੀਉ ॥ [੨੩]ਪੂਰਨ ਸਭਨੀ ਜਾਈ ਜੀਉ ॥ ੧ ॥ ਕਿਉ ਪੇਖਾ[੨੪] ਪ੍ਰੀਤਮੁ ਕਵਣ ਸੁਕਰਣੀ ਜੀਉ ॥ [੨੫]ਸੰਤਾ ਦਾਸੀ ਸੇਵਾ ਚਰਣੀ ਜੀਉ ॥ ਇਹੁ ਜੀਉ ਵਤਾਈ[੨੬] ਬਲਿ ਬਲਿ ਜਾਈ ਜੀਉ ॥ ਤਿਸੁ ਨਿਵਿ ਨਿਵਿ ਲਾਗਉ ਪਾਈ[੨੭] ਜੀਉ ॥ ੨ ॥ ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥ ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ ਹਰਿ ਨਿਰਭਉ ਨਾਮੁ ਧਿਆਈ ਜੀਉ ॥ ੩ ॥ ਭਏ ਕ੍ਰਿਪਾਲ

੧ ਜਦ ਮਨੁੱਖ ਦੀ ਹਸਤੀ ਹੀ ਨਹੀਂ ਸੀ ਤਾਂ ਕਰਮ ਕੌਣ ਕਰਦਾ ਸੀ?

੨ ਮਨ ਨੂੰ ਵਿਸ਼ਿਆਂ ਵੱਲੋਂ ਰੋਕਣ ਦੇ ਸਾਧਨ।

੩ ਉਰੇ ਹੀ ਲੁੱਟੇ ਜਾਂਦੇ ਹਨ; ਭਾਵ ਰੱਬ ਦੀ ਦਰਗਾਹ ਤੱਕ ਨਹੀਂ ਪਹੁੰਚਦੇ।

੪ ਅੱਧੀ ਦਮੜੀ।

੫ ਵਰਤਣ।

੬ ਤੀਰਥਾਂ 'ਤੇ ਨਹਾਉਣ ਵਾਲੇ ਅਤੇ (ਸਾਧੂ ਹੋ ਕੇ) ਧਰਤੀ ਉੱਤੇ ਫਿਰਨ ਵਾਲੇ ਨੂੰ ਅੱਗੇ ਥਾਂ ਨਹੀਂ ਮਿਲਦੀ।

੭ ਉਹ ਇਥੇ ਦੇ ਲੋਕਾਂ ਨੂੰ ਹੀ ਪਿਆ ਖੁਸ਼ ਕਰਦਾ ਹੈ; ਭਾਵ ਇਨ੍ਹਾਂ ਗੱਲਾਂ ਨਾਲ ਭਾਵੇਂ ਇਥੇ ਦੇ ਕਰਮ-ਕਾਂਡੀ ਲੋਕ ਪਏ ਖੁਸ਼ ਹੋਣ, ਅੱਗੇ ਜਾ ਕੇ ਇਨ੍ਹਾਂ ਨਾਲ ਕੁਝ ਨਹੀਂ ਸਉਰਦਾ।

੮ ਚਾਰ ਵੇਦ।

੯ ਮੂੰਹ-ਜ਼ਬਾਨੀ।

੧੦ ਰੱਬ ਦੇ ਹਜ਼ੂਰ ਉਸ ਨੂੰ ਥਾਂ ਨਹੀਂ ਮਿਲਦੀ।

੧੧ ਸ਼ੁੱਧ ਅੱਖਰ (ਨਾਮ)। ਜੇ ਉਹ ਇਕ ਨਾਮ ਦੀ ਗੱਲ ਨਹੀਂ ਸਮਝਦਾ, ਤਾਂ (ਉਸ ਦਾ ਵੇਦ ਪੜ੍ਹਨਾ) ਨਿਰਾ ਖਪਣ-ਖਪਾਣ ਹੈ।

੧੨ ਖਪਣ ਖਪਦਾ ਹੈ, ਵਿਅਰਥ ਮਗਜ਼-ਖੋਰੀ ਕਰਦਾ ਹੈ।

੧੩ ਜਿਹੜਾ ਇਸ 'ਤੇ ਅਮਲ ਕਰਦਾ ਹੈ, ਉਹੋ ਪਾਰ ਹੁੰਦਾ ਹੈ।

੧੪ ਹੰਕਾਰ।

੧੫ [ਮਾਇਆ ਦਾ ਪਤੀ] ਹੇ ਵਾਹਿਗੁਰੂ!

੧੬ ਇੱਕ ਆਪਣੇ ਸਰੂਪ ਨਾਲ ਮੇਰਾ ਪਿਆਰ ਜੋੜੇ।

੧੭ ਗ਼ਰੀਬਾਂ ਉੱਤੇ ਕਿਰਪਾ ਕਰਨ ਵਾਲਾ।

੧੮ [ਕ੍ਰਿਸ਼ਨ ਜੀ ਜਿਸ ਦੇ ਪੇਟ (ਉਦਰ) ਦਵਾਲੇ (ਦਾਮ) ਰੱਸੀ ਸੀ] ਵਾਹਿਗੁਰੂ।

੧੯ ਰਾਜਾ।

੨੦ ਜਿਸ ਨੇ ਕ੍ਰੋੜਾਂ ਭਗਤ ਪੈਦਾ ਕਰ ਕੇ ਆਪਣੀ ਸੇਵਾ ਵਿੱਚ ਲਾ ਦਿੱਤੇ ਹਨ।

੨੧ ਭਗਤਾਂ ਦਾ ਪਿਆਰਾ ਹੋਣਾ, ਇਹ ਤੇਰਾ ਬਿਰਦ ਹੈ।

੨੨ ਨਿੱਤ ਦਾ ਕਰਮ; ਸੁਭਾਵ।

੨੩ ਸਭ ਥਾਵਾਂ ਵਿੱਚ ਭਰਿਆ ਹੋਇਆ।

੨੪ ਵੇਖਾਂ। ਉਹ ਕਿਹੜੀ ਚੰਗੀ ਕਰਣੀ ਹੈ, ਜਿਸ ਕਰਕੇ ਪ੍ਰੀਤਮ ਵੇਖਾਂ?

੨੫ ਸੰਤਾਂ ਦੀ ਦਾਸੀ ਹੋ ਕੇ ਚਰਣਾਂ ਦੀ ਸੇਵਾ ਕਰਾਂ।

੨੬ ਕੁਰਬਾਨ ਕਰਾਂ।

੨੭ ਪੈਰੀਂ, ਚਰਨੀਂ।

* ਮਾਲਕ। ਹਉਮੈ ਹੀ ਰੋਗ ਦਾ ਮੂਲ ਹੈ। "ਮੇਰਾ ਮਨ ਤਨ ਧਨ ਹੈ, ਮੈਂ ਧਰਤੀ ਦਾ ਮਾਲਕ ਹਾਂ; ਇਹ ਮੇਰਾ ਹੈ, ਮੈਂ ਉਸ ਦਾ ਹਾਂ"-ਬੱਸ ਇਹ ਹੈ ਭਰਮ ਜਿਸ ਵਿੱਚ ਪੈ ਕੇ ਅਸਲੀਅਤ ਸਮਝ ਨਹੀਂ ਆਉਂਦੀ ਤੇ ਪੈਰਾਂ ਵਿੱਚ ਪੈਖੜ ਪੈ ਜਾਂਦੇ ਹਨ। ਪੈਖੜ=ਰੱਸੀ ਜਾਂ ਢੰਗਾ, ਜਿਸ ਨਾਲ ਜਾਨਵਰਾਂ ਦੇ ਪੈਰਾਂ ਨੂੰ ਬੰਨ੍ਹਦੇ ਹਨ।

ਸੁਆਮੀ ਮੇਰੇ ਜੀਉ ॥ [੧]ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥ ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ ਗੁਰ ਮਨ ਕੀ ਆਸ ਪੂਰਾਈ[੨] ਜੀਉ ॥ ੪ ॥ ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥ ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ[੩] ਜੀਉ ॥ ਜਨ ਨਾਨਕ ਸਹਜਿ[੪] ਸਮਾਈ ਜੀਉ ॥ ੫ ॥ ੧ ॥ ੧੬੬ ॥ ਗਉੜੀ ਮਹਲਾ ੫ ਮਾਝ ॥ ਆਉ ਹਮਾਰੈ[੫] ਰਾਮ ਪਿਆਰੇ ਜੀਉ ॥ [੬]ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥ ਸੰਤ ਦੇਉ ਸੰਦੇਸਾ[੭] ਪੈ ਚਰਣਾਰੇ ਜੀਉ ॥ ਤੁਧੁ ਬਿਨੁ [੮]ਕਿਤੁ ਬਿਧਿ ਤਰੀਐ ਜੀਉ ॥ ੧ ॥ ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ [੯]ਵਣਿ ਤਿਣਿ ਤ੍ਰਿਭਵਣਿ[੧੦] ਸੁਖ ਪਰਮਾਨੰਦਾ ਜੀਉ ॥ ਸੇਜ ਸੁਹਾਵੀ ਇਹੁ ਮਨੁ ਬਿਗਸੰਦਾ[੧੧] ਜੀਉ ॥ ਪੇਖਿ[੧੨] ਦਰਸਨੁ ਇਹੁ ਸੁਖੁ ਲਹੀਐ ਜੀਉ ॥ ੨ ॥ ਚਰਣ ਪਖਾਰਿ[੧੩] ਕਰੀ ਨਿਤ ਸੇਵਾ ਜੀਉ ॥ ਪੂਜਾ ਅਰਚਾ[੧੪] ਬੰਦਨ[੧੫] ਦੇਵਾ ਜੀਉ ॥ ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ ਬਿਨਉ[੧੬] ਠਾਕੁਰ ਪਹਿ ਕਹੀਐ ਜੀਉ ॥ ੩ ॥ [੧੭]ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ ਦਰਸਨ ਪੇਖਤ ਸਭ ਦੁਖ ਪਰਹਰਿਆ[੧੮] ਜੀਉ ॥ ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ ਇਹੁ ਅਜਰੁ[*] ਨਾਨਕ ਸੁਖੁ ਸਹੀਐ ਜੀਉ ॥ ੪ ॥ ੨ ॥ ੧੬੭ ॥ ਗਉੜੀ ਮਾਝ ਮਹਲਾ ੫ ॥ ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥ ਮਨੁ ਤਨੁ ਤੇਰਾ [੧੯]ਇਹੁ ਜੀਉ ਭਿ ਵਾਰੇ ਜੀਉ ॥ ਵਿਸਰੁ ਨਾਹੀ ਪ੍ਰਭ [੨੦]ਪ੍ਰਾਣ ਅਧਾਰੇ ਜੀਉ ॥ ਸਦਾ ਤੇਰੀ ਸਰਣਾਈ ਜੀਉ ॥ ੧ ॥ ਜਿਸੁ ਮਿਲਿਐ [੨੧]ਮਨੁ ਜੀਵੈ ਭਾਈ ਜੀਉ ॥ [੨੨]ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥ ਸਭ ਕਿਛੁ ਪ੍ਰਭ ਕਾ [੨੩]ਪ੍ਰਭ ਕੀਆ ਜਾਈ ਜੀਉ ॥ ਪ੍ਰਭ ਕਉ ਸਦ ਬਲਿ ਜਾਈ ਜੀਉ ॥ ੨ ॥ ਏਹੁ ਨਿਧਾਨੁ[੨੪] ਜਪੈ ਵਡਭਾਗੀ ਜੀਉ ॥ ਨਾਮ ਨਿਰੰਜਨ[੨੫] ਏਕ ਲਿਵ ਲਾਗੀ ਜੀਉ ॥ ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥ ਆਠ ਪਹਰ ਗੁਣ ਗਾਇਆ ਜੀਉ ॥ ੩ ॥ ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥ ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥ ੪ ॥ ੩ ॥ ੧੬੮ ॥

ਰਾਗੁ ਗਉੜੀ ਮਾਝ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥ [੨੬]ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥ ੧ ॥ ਰਹਾਉ ॥ [੨੭]ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥ [੨੮]ਕਦ ਹੀ ਸੁਰਤਿ ਨ ਲਧੀਆ

੧ ਗੁਰੂ ਦੇ ਚਰਨੀਂ ਲੱਗ ਕੇ ਅਸੀਂ ਡਿੱਗੇ ਹੋਏ ਵੀ ਪਵਿੱਤਰ ਹੋ ਗਏ ਹਾਂ।
੨ ਪੂਰੀ ਕੀਤੀ ਹੈ।
੩ ਚੰਗੀ ਕਰਨੀ।
੪ ਪੂਰਨ ਗਿਆਨ ਤੇ ਅਡੋਲਤਾ ਵਾਲੀ ਹਾਲਤ ਵਿੱਚ। ਦੇਖੋ ਪੰਨਾ ੬੮।
੫ ਸਾਡੇ ਘਰ।
੬ ਰਾਤ ਦਿਨ ਸੁਆਸ-ਸੁਆਸ ਚੇਤੇ ਕਰਦੇ ਹਾਂ।
੭ ਸੁਨੇਹਾ। ਵਿਚੋਲੇ ਸੰਤਾਂ ਦੇ ਚਰਨਾਂ 'ਤੇ ਪੈ ਕੇ ਮੈਂ ਸੁਨੇਹਾ ਭੇਜਦਾ ਹਾਂ।
੮ ਕਿਸ ਤਰੀਕੇ ਨਾਲ, ਕਿਵੇਂ?
੯ ਬਨ ਤੇ ਘਾਹ, ਭਾਵ ਸਾਰੀ ਬਨਸਪਤੀ ਵਿੱਚ।
੧੦ ਤਿੰਨਾਂ ਲੋਕਾਂ ਵਿੱਚ। ਸਾਰੇ ਸੰਸਾਰ ਵਿੱਚ ਪਰਮਾਨੰਦ ਹਰੀ ਦਾ ਸੁਖ ਪ੍ਰਵੇਸ਼ ਕਰ ਰਿਹਾ ਹੈ।
੧੧ ਪੜ੍ਹਿਆ ਹੈ।
੧੨ ਦੇਖ ਕੇ।
੧੩ ਧੋ ਕੇ।
੧੪ ਫੂਲ ਆਦਿ ਸੁੱਟ ਕੇ ਪੂਜਾ ਕਰਨਾ।
੧੫ ਨਸਮਕਾਰ। ਦੇਵਤਿਆਂ ਦੀ ਪੂਜਾ ਆਦਿਕ ਇਹੋ ਹੈ ਕਿ ਦਾਸਾਂ ਦਾ ਦਾਸ ਹੋ ਕੇ ਨਾਮ ਜਪ ਲੈਂਦਾ ਹਾਂ।
੧੬ ਬੇਨਤੀ।
੧੭ ਮੇਰੀ ਚਾਂਹਨਾ ਪੂਰੀ ਹੋ ਗਈ।
੧੮ ਦੂਰ ਹੋਇਆ।
੧੯ ਇਹ ਜੀਉ ਵੀ ਵਾਰ ਦੇਵਾਂ।
੨੦ ਪ੍ਰਾਣਾਂ ਦੇ ਆਸਰੇ।
੨੧ ਮਨ ਜੀਉਂਦਾ ਹੈ, ਭਾਵ ਅਸਲ ਜ਼ਿੰਦਗੀ ਜੀਉਂਦਾ ਹੈ, ਹੇ ਭਾਈ!
੨੨ ਗੁਰੂ ਦੀ ਕਿਰਪਾ ਨਾਲ।
੨੩ ਥਾਵਾਂ ਪ੍ਰਭੂ ਦੀਆਂ ਹਨ।
੨੪ ਖ਼ਜ਼ਾਨਾ।
੨੫ ਮਾਇਆ ਤੋਂ ਰਹਿਤ, ਪਵਿੱਤਰ।
੨੬ ਤੇਰੇ ਬਲ ਆਸਰੇ ਮੈਂ ਸੁਖ ਵਿੱਚ ਵੱਸਦਾ ਹਾਂ ਤੇ ਤੇਰਾ ਸੱਚਾ ਸ਼ਬਦ, ਭਾਵ ਤੇਰੇ ਸੱਚੇ ਸ਼ਬਦ ਦੀ ਕਮਾਈ, ਮੇਰੇ 'ਤੇ ਨਿਸ਼ਾਨ ਪਿਆ ਹੈ।
੨੭ ਸਭ ਕੁਝ ਜਾਣ-ਬੁਝ ਕੇ ਲਾ-ਪਰਵਾਹੀ ਕਰ ਛੱਡੀ ਹੈ।
੨੮ ਕਦੇ ਵੀ ਹੋਸ਼ ਨਹੀਂ ਕੀਤੀ।

* ਜੋ ਜਰਿਆ (ਸਹਾਰਿਆ) ਨਾ ਜਾਏ। ਨਾਮ ਜਪਣ ਨਾਲ ਜੋ ਆਤਮਕ ਸੁਖ ਪ੍ਰਾਪਤ ਹੁੰਦਾ ਹੈ, ਉਹ ਅਜਰ ਹੁੰਦਾ ਹੈ, ਪਰ ਇਸ ਸੁਖ ਨੂੰ ਵੀ ਜਰਨ ਦੀ ਸਮਰੱਥਾ ਮਿਲੀ ਹੈ।

[੧]ਮਾਇਆ ਮੋਹੜਿਆ ॥ ੧ ॥ ਦੇਇ ਬੁਝਾਰਤ ਸਾਰਤਾ[*] ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥ ੨ ॥ [੨]ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ ਕਾ[੩] ਵਿਰਲੀ ਜਾਇ ਵੁਠੀ ॥ ੩ ॥ ਭਗਤ ਸਚੇ ਦਰਿ ਸੋਹਦੇ[੪] ਅਨਦ ਕਰਹਿ ਦਿਨ ਰਾਤਿ ॥ ਰੰਗਿ ਰਤੇ ਪ੍ਰਮੇਸਰੈ ਜਨ ਨਾਨਕ [੫]ਤਿਨ ਬਲਿ ਜਾਤ ॥ ੪ ॥ ੧ ॥ ੧੬੯ ॥ ਗਉੜੀ ਮਹਲਾ ੫ ਮਾਂਝ ॥ [੬]ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥ ੧ ॥ ਰਹਾਉ ॥ [੭]ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ [੮]ਜਮ ਕੰਕਰੁ ਨੇੜਿ ਨ ਆਵਈ ਰਸਨਾ[੯] ਹਰਿ ਗੁਣ ਗਾਉ ॥ ੧ ॥ ਸੇਵਾ ਸੁਰਤਿ ਨ ਜਾਣੀਆ [੧੦]ਨਾ ਜਾਪੈ ਆਰਾਧਿ ॥ ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ[੧੧] ਅਗਾਧਿ[੧੨] ॥ ੨ ॥ ਭਏ ਕ੍ਰਿਪਾਲ ਗੁਸਾਈਆ[੧੩] ਨਠੇ ਸੋਗ ਸੰਤਾਪ[੧੪] ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥ ੩ ॥ ਗੁਰੁ ਨਾਰਾਇਣੁ ਦਯੁ[੧੫] ਗੁਰੁ ਗੁਰੁ ਸਚਾ ਸਿਰਜਣਹਾਰੁ ॥ [੧੬]ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥ ੪ ॥ ੨ ॥ ੧੭੦ ॥ ਗਉੜੀ ਮਾਝ ਮਹਲਾ ੫ ॥ ਹਰਿ ਰਾਮ ਰਾਮ ਰਾਮ ਰਾਮਾ ॥ ਜਪਿ ਪੂਰਨ ਹੋਏ ਕਾਮਾ ॥ ੧ ॥ ਰਹਾਉ ॥ ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ ॥ ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ ॥ ੧ ॥ ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥ ੨ ॥ ਜਿਸੁ ਲੜਿ ਲਗਿਐ ਜੀਵੀਐ ਭਵਜਲੁ[੧੭] ਪਈਐ ਪਾਰਿ ॥ ਮਿਲਿ ਸਾਧੂ ਸੰਗਿ ਉਧਾਰੁ[੧੮] ਹੋਇ [੧੯]ਮੁਖ ਊਜਲ ਦਰਬਾਰਿ ॥ ੩ ॥ [੨੦]ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥ ਨਾਨਕ ਉਬਰੇ[੨੧] ਨਾਮੁ ਜਪਿ [੨੨]ਦਰਿ ਸਚੈ ਸਾਬਾਸਿ ॥ ੪ ॥ ੩ ॥ ੧੭੧ ॥ ਗਉੜੀ ਮਾਝ ਮਹਲਾ ੫ ॥ ਮੀਠੇ ਹਰਿ ਗੁਣ ਗਾਉ ਜਿੰਦੂ[੨੩] ਤੂੰ ਮੀਠੇ ਹਰਿ ਗੁਣ ਗਾਉ ॥ ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ ੧ ॥ ਰਹਾਉ ॥ ਹੋਰਿ ਸਾਦ[੨੪] ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥ ਵਿਣੁ ਪਰਮੇਸਰ ਜੋ ਕਰੇ ਫਿਟੁ[੨੫] ਸੁ ਜੀਵਣੁ ਸੋਇ ॥ ੧ ॥ [੨੬]ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥ ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥ ੨ ॥ ਸਾਜਨੁ ਬੰਧੁ[੨੭] ਸੁਮਿਤ੍ਰੁ[੨੮] ਸੋ ਹਰਿ ਨਾਮੁ ਹਿਰਦੈ ਦੇਇ ॥ ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥ ੩ ॥ ਮਾਲੁ ਖਜਾਨਾ ਥੇਹੁ[੨੯] ਘਰੁ ਹਰਿ ਕੇ ਚਰਣ ਨਿਧਾਨ[੩੦] ॥ ਨਾਨਕੁ ਜਾਚਕੁ[੩੧] ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ ॥ ੪ ॥ ੪ ॥ ੧੭੨ ॥

੧ ਮਾਇਆ ਦੇ ਮੋਹੇ ਹੋਏ ਨੇ।
੨ ਇਕ ਦੋ ਚਾਰ ਕੀ ਗਿਣਾਂ, ਬੇਅੰਤ ਹੀ ਹਨ ਜੋ ਇਕ ਮਾਇਆ ਦੇ ਸ੍ਵਾਦ ਵਿੱਚ ਠੱਗੇ ਜਾ ਰਹੇ ਹਨ।
੩ ਕੋਈ। ਜਿਥੇ ਇਕ ਅੱਧ ਨਾਮ ਦਾ ਰਸੀਆ ਹੈ, ਉਹ ਕੋਈ ਵਿਰਲੀ ਥਾਂ ਹੀ ਵਸਦੀ ਹੈ।
੪ ਸੋਹਣੇ ਲੱਗਦੇ ਹਨ।
੫ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ।
੬ ਦੁੱਖਾਂ ਦੇ ਨਾਸ ਕਰਨ ਵਾਲਾ।
੭ ਜਿਸ ਸਰੀਰ ਵਿੱਚ।
੮ [ਕਿੰਕਰ=ਦਾਸ, ਸੇਵਕ] ਜਮ-ਦੂਤ।
੯ ਜੀਭ ਦੁਆਰਾ।
੧੦ ਹਰੀ ਨੂੰ ਅਰਾਧ (ਸਿਮਰ) ਨਹੀਂ ਜਾਤਾ।
੧੧ ਜਿਸ ਤੱਕ ਪਹੁੰਚ ਨਾ ਸਕੀਏ।
੧੨ ਅਥਾਹ।
੧੩ ਮਾਲਕ।
੧੪ ਦੁੱਖ।
੧੫ ਦਈਵ, ਪੂਜਨ ਦੇਵ।
੧੬ ਗੁਰੂ ਦੇ ਤ੍ਰੁਠਨ ਨਾਲ, ਕਿਰਪਾਲੂ ਹੋਣ ਨਾਲ।
੧੭ ਸੰਸਾਰ ਸਾਗਰ।
੧੮ ਨਿਸਤਾਰਾ।
੧੯ ਹਰੀ ਦੇ ਹਜ਼ੂਰ ਸੁਰਖਰੂ ਹੋਈਦਾ ਹੈ।
੨੦ ਜ਼ਿੰਦਗੀ ਰੂਪ ਵਾਹਿਗੁਰੂ ਦਾ ਜਸ ਹੀ ਸੰਤਾਂ ਪਾਸ ਰਾਸ ਹੈ।
੨੧ ਤਰੇ।
੨੨ ਸੱਚੇ ਦਰ ਤੋਂ ਸ਼ਾਬਾਸ਼ ਮਿਲੀ ਹੈ।
੨੩ ਹੇ ਜਿੰਦ!
੨੪ ਸ੍ਵਾਦ।
੨੫ ਧ੍ਰਿਕਾਰ ਯੋਗ।
੨੬ ਪੱਲਾ ਫੜ ਕੇ ਗੁਰੂ ਦਾ।
੨੭ ਸੰਬੰਧੀ।
੨੮ ਚੰਗਾ ਮਿੱਤਰ।
੨੯ ਪਿੰਡ। 'ਉਜੜੁ ਥੇਹੁ ਵਸਾਇਓਂ।' ਹਰੀ ਦੇ ਚਰਨ ਹੀ ਮਾਲ ਖ਼ਜ਼ਾਨਾ ਆਦਿਕ ਹਨ।
੩੦ ਨਿਧੀਆਂ ਦੇ ਘਰ, ਜਿਨ੍ਹਾਂ ਵਿੱਚ ਹਰ ਤਰ੍ਹਾਂ ਦੇ ਸੁਖਾਂ ਦੇ ਸਮਿਆਨ ਹੋਣ।
੩੧ ਮੰਗਤਾ।

* ਇਸ਼ਾਰਤ, ਇਸ਼ਾਰਾ। ਕੋਈ ਇਸ਼ਾਰਾ ਜਾਂ ਬੁਝਾਉਣੀ ਦਿੰਦਾ ਹੈ ਕਿ (ਮਾਇਆ) ਝੂਠ ਹੈ, ਤੇ ਉਹ ਸਭ ਅਜ਼ਮਾ ਕੇ ਅੱਖਾਂ ਨਾਲ ਵੇਖ ਭੀ ਲਿਆ ਹੁੰਦਾ ਹੈ, ਪਰ ਜੀਵ ਐਸਾ ਕੋਈ ਮੂਰਖ ਲੋਭੀ ਹੈ ਕਿ ਆਖਿਆ ਉਪਦੇਸ਼ ਉੱਕਾ ਸੁਣਦਾ ਹੀ ਨਹੀਂ।

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ [੧]ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ[੨] ਭਾਗਉ ॥ ੧ ॥ ਰਹਾਉ ॥ ਸੁਖੁ ਦੁਖੁ ਦੋਨੋ ਸਮ[੩] ਕਰਿ ਜਾਨੈ ਅਉਰੁ ਮਾਨੁ ਅਪਮਾਨਾ[੪] ॥ ਹਰਖ[੫] ਸੋਗ ਤੇ ਰਹੈ ਅਤੀਤਾ[੬] ਤਿਨਿ ਜਗਿ ਤਤੁ[੭] ਪਛਾਨਾ ॥ ੧ ॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ [੮]ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ[੯] ਜਾਨਾ ॥ ੨ ॥ ੧ ॥ ਗਉੜੀ ਮਹਲਾ ੯ ॥ ਸਾਧੋ ਰਚਨਾ ਰਾਮ ਬਨਾਈ ॥ ਇਕਿ [੧੦]ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥ ੧ ॥ ਰਹਾਉ ॥ ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ[੧੧] ॥ ੧ ॥ ਜੋ ਦੀਸੈ ਸੋ ਸਗਲ[੧੨] ਬਿਨਾਸੈ ਜਿਉ [੧੩]ਬਾਦਰ ਕੀ ਛਾਈ ॥ ਜਨ ਨਾਨਕ ਜਗੁ ਜਾਨਿਓ ਮਿਥਿਆ[੧੪] ਰਹਿਓ ਰਾਮ ਸਰਨਾਈ ॥ ੨ ॥ ੨ ॥ ਗਉੜੀ ਮਹਲਾ ੯ ॥ ਪ੍ਰਾਨੀ ਕਉ ਹਰਿ ਜਸੁ [੧੫]ਮਨਿ ਨਹੀ ਆਵੈ ॥ ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥ ੧ ॥ ਰਹਾਉ ॥ ਪੂਤ ਮੀਤ ਮਾਇਆ ਮਮਤਾ[੧੬] ਸਿਉ [੧੭]ਇਹ ਬਿਧਿ ਆਪੁ ਬੰਧਾਵੈ ॥ *ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ[੧੮] ਉਠਿ ਧਾਵੈ ॥ ੧ ॥ [੧੯]ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥ ਜਨ ਨਾਨਕ [੨੦]ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥ ੨ ॥ ੩ ॥ ਗਉੜੀ ਮਹਲਾ ੯ ॥ ਸਾਧੋ ਇਹੁ ਮਨੁ [੨੧]ਗਹਿਓ ਨ ਜਾਈ ॥ [੨੨]ਚੰਚਲ ਤ੍ਰਿਸਨਾ ਸੰਗਿ ਬਸਤੁ ਹੈ [੨੩]ਯਾ ਤੇ ਥਿਰੁ ਨ ਰਹਾਈ ॥ ੧ ॥ ਰਹਾਉ ॥ ਕਠਨ[੨੪] ਕਰੋਧ ਘਟ ਹੀ ਕੇ ਭੀਤਰਿ [੨੫]ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ [੨੬]ਹਿਰਿ ਲੀਨਾ ਤਾ ਸਿਉ ਕਛੁ [੨੭]ਨ ਬਸਾਈ ॥ ੧ ॥ ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥ ਜਨ ਨਾਨਕ ਹਰਿ ਭਏ ਦਇਆਲਾ ਤਉ [੨੮]ਸਭ ਬਿਧਿ ਬਨਿ ਆਈ ॥ ੨ ॥ ੪ ॥ ਗਉੜੀ ਮਹਲਾ ੯ ॥ ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ[੨੯] ਕਾਹਿ ਗਵਾਵਉ ॥ ੧ ॥ ਰਹਾਉ ॥ [੩੦]ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ †ਗਜ ਕੋ ਤ੍ਰਾਸੁ[੩੧] ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥ ੧ ॥ [੩੨]ਤਜਿ ਅਭਿਮਾਨ ਮੋਹ ਮਾਇਆ ਫੁਨਿ[੩੩] ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ [੩੪]ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੨ ॥ ੫ ॥ ਗਉੜੀ ਮਹਲਾ ੯ ॥ ਕੋਊ

A-170

(੨੧੯)

੧ ਮੰਦੇ ਆਦਮੀ ਦੀ ਸੰਗਤ।
੨ ਦਿਨ ਰਾਤ, ਭਾਵ ਸਦਾ।
੩ ਇਕੋ ਜੇਹਾ।
੪ ਨਿਰਾਦਰੀ, ਬੇਇਜ਼ਤੀ।
੫ ਖੁਸ਼ੀ।
੬ ਨਿਰਲੇਪ, ਆਜ਼ਾਦ।
੭ ਅਸਲੀਅਤ।
੮ ਤੁਰੀਆ ਪਦ, ਉਹ ਹਾਲਤ ਜਿਸ ਵਿੱਚ ਮਨੁੱਖ ਦੁੱਖ ਸੁਖ, ਮਾਨ ਅਪਮਾਨ ਤੋਂ ਉਤਾਹਾਂ ਚੜ੍ਹ ਕੇ ਅਡੋਲ ਹੋ ਜਾਂਦਾ ਹੈ।
੯ ਗੁਰੂ ਦੁਆਰਾ।
੧੦ ਕੋਈ ਮਰ ਰਿਹਾ ਹੈ ਤੇ ਕੋਈ ਆਪਣੇ ਆਪ ਨੂੰ ਸਥਿਰ ਮੰਨੀ ਬੈਠਾ ਹੈ।
੧੧ ਰਾਤ ਦਾ।
੧੨ ਸਭ ਕੁਝ।
੧੩ ਬੱਦਲ ਦੀ ਛਾਂ।
੧੪ ਝੂਠਾ, ਨਾ ਰਹਿਣ ਵਾਲਾ।
੧੫ ਚੇਤੇ ਨਹੀਂ ਆਉਂਦਾ।
੧੬ ਮੈਂ ਦਾ ਭਾਵ, ਅਪਣੱਤ।
੧੭ ਇਉਂ ਹੀ ਆਪਣੇ ਆਪ ਨੂੰ ਬੰਨ੍ਹਾਂਦਾ ਰਹਿੰਦਾ ਹੈ।
੧੮ ਉਸ ਵੱਲ।
੧੯ ਭੋਗ ਤੇ ਮੋਖ ਦੇ ਦੇਣ ਵਾਲਾ; ਇਸ ਜਹਾਨ ਦੇ ਸੁਖ ਤੇ ਮੁਕਤੀ ਦੇਣ ਵਾਲਾ।
੨੦ ਕ੍ਰੋੜਾਂ ਵਿੱਚ।
੨੧ ਪਕੜਿਆ ਨਹੀਂ ਜਾਂਦਾ, ਕਾਬੂ ਵਿੱਚ ਨਹੀਂ ਆਉਂਦਾ।
੨੨ ਚੁਲਬੁਲੀ ਖ਼ਾਹਿਸ਼ (ਜੋ ਰੱਜਦੀ ਨਹੀਂ ਤੇ ਭਟਕਾਂਦੀ ਰਹਿੰਦੀ ਹੈ)।
੨੩ ਇਸ ਲਈ ਟਿਕ ਕੇ ਨਹੀਂ ਰਹਿੰਦਾ (ਮਨ)।
੨੪ ਡਾਢਾ।
੨੫ ਜਿਸ (ਕ੍ਰੋਧ) ਨੇ ਸਾਰੀ ਹੋਸ਼ ਭੁਲਾ ਦਿੱਤੀ ਹੈ।
੨੬ ਚੁਰਾ ਲਿਆ। ਇਸ ਕ੍ਰੋਧ ਨੇ ਸਭ ਦਾ ਗਿਆਨ ਰਤਨ ਚੁਰਾ ਲਿਆ ਹੈ। ਇਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ।
੨੭ ਵੱਸ ਨਹੀਂ ਚਲਦਾ।
੨੮ ਸਭੇ ਬਿਧਾਂ ਬਣ ਆਈਆਂ, ਸਾਰੇ ਢੋ ਢੁਕ ਪਏ, ਕਾਮਯਾਬੀ ਦੇ ਕਾਰਨ ਆਣ ਇਕੱਠੇ ਹੋਏ।
੨੯ ਵਿਅਰਥ, ਫ਼ਜ਼ੂਲ।
੩੦ ਡਿੱਗਿਆਂ ਨੂੰ ਪਵਿੱਤਰ ਕਰਨ ਵਾਲਾ ਤੇ ਦੀਨਾਂ ਦਾ ਬੰਧੂ ਹਰੀ ਹੈ।
੩੧ ਡਰ।
੩੨ ਹੰਕਾਰ ਅਤੇ ਮਾਇਆ ਦਾ ਮੋਹ ਛਡੋ ਅਤੇ ਰਾਮ ਦੇ ਸਿਮਰਨ ਵਿੱਚ ਦਿਲ ਲਾਓ।
੩੩ ਫੇਰ, ਅਤੇ।
੩੪ ਮੁਕਤੀ ਦਾ ਰਾਹ ਇਹ ਹੈ।

* ਰੇਤਲੇ ਮੈਦਾਨਾਂ ਵਿੱਚ ਸੂਰਜ ਦੀਆਂ ਕਿਰਨਾਂ ਰੇਤ 'ਤੇ ਪੈ ਕੇ ਜਦ ਉੱਠਦੀਆਂ ਹਨ ਤਾਂ ਮ੍ਰਿਗਾਦਿਕ ਜਾਨਵਰਾਂ ਨੂੰ ਪਾਣੀ ਭਾਸਦਾ ਹੈ। ਸੂਰਜ ਦੇ ਢਲਣ ਨਾਲ ਅਸਲੀਅਤ ਦੀ ਸਮਝ ਪੈਂਦੀ ਹੈ। ਮਾਇਆ ਦੇ ਪਦਾਰਥਾਂ ਦੀ ਲਾਲਸਾ ਜਾਂ ਹੋਰ ਅਨਿਸਥਿਰ ਭੋਗਾਂ ਲਈ ਗੁਰਬਾਣੀ ਵਿੱਚ 'ਮ੍ਰਿਗ ਤ੍ਰਿਸ਼ਨਾ' ਵਰਤਿਆ ਹੈ।

† ਹਾਥੀ। ਭਾਗਵਤ ਵਿੱਚ ਇਕ ਸਾਖੀ ਹੈ ਕਿ ਗਜਰਾਜ ਨੂੰ (ਜੋ ਸ੍ਰਾਪ ਕਰਕੇ ਗੰਧਰਵ ਤੋਂ ਹਾਥੀ ਬਣ ਗਿਆ ਸੀ) ਤੰਦੂਆ ਆਪਣੀਆਂ ਤੰਦਾਂ ਵਿੱਚ ਪਕੜ ਬੈਠਾ ਸੀ; ਰਾਮ ਨਾਮ ਸਿਮਰਨ ਨਾਲ ਉਸ ਦਾ ਛੁਟਕਾਰਾ ਹੋਇਆ। ਇਸ ਪ੍ਰਚਲਤ ਸਾਖੀ ਤੋਂ ਸਿਮਰਨ ਦੀ ਵਡਿਆਈ ਦ੍ਰਿੜ੍ਹ ਕਰਾਈ ਹੈ।

ਮਾਈ[੧] ਭੂਲਿਓ ਮਨੁ ਸਮਝਾਵੈ ॥ ਬੇਦ ਪੁਰਾਨ [੨]ਸਾਧ ਮਗ ਸੁਨਿ ਕਰਿ ਨਿਮਖ[੩] ਨ ਹਰਿ ਗੁਨ ਗਾਵੈ ॥ ੧ ॥ ਰਹਾਉ ॥ ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ[੪] ॥ ਮਾਇਆ ਮੋਹ ਮਹਾ ਸੰਕਟ[੫] ਬਨ ਤਾ ਸਿਉ ਰੁਚ ਉਪਜਾਵੈ ॥ ੧ ॥ ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥ ਨਾਨਕ ਮੁਕਤਿ ਤਾਹਿ ਤੁਮ ਮਾਨਹੁ [੬]ਜਿਹ ਘਟਿ ਰਾਮੁ ਸਮਾਵੈ ॥ ੨ ॥ ੬ ॥ ਗਉੜੀ ਮਹਲਾ ੯ ॥ ਸਾਧੋ ਰਾਮ ਸਰਨਿ ਬਿਸਰਾਮਾ[੭] ॥ [੮]ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥ ਲੋਭ ਮੋਹ ਮਾਇਆ ਮਮਤਾ[੯] ਫੁਨਿ[੧੦] ਅਉ[੧੧] ਬਿਖਿਅਨ ਕੀ ਸੇਵਾ ॥ ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ[੧੨] ॥ ੧ ॥ ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ [੧੩]ਕੰਚਨ ਅਰੁ ਪੈਸਾ ॥ ਉਸਤਤਿ ਨਿੰਦਾ ਏ ਸਮ[੧੪] ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥ ੨ ॥ [੧੫]ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ[੧੬] ਕੋ ਜੋ ਪ੍ਰਾਨੀ ॥ ੩ ॥ ੭ ॥ ਗਉੜੀ ਮਹਲਾ ੯ ॥ ਮਨ ਰੇ ਕਹਾ ਭਇਓ ਤੈ ਬਉਰਾ[੧੭] ॥ ਅਹਿਨਿਸਿ[੧੮] ਅਉਧ[੧੯] ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ[੨੦] ॥ ੧ ॥ ਰਹਾਉ ॥ ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ [੨੧]ਗ੍ਰਿਹ ਨਾਰੀ ॥ ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥ ੧ ॥ ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥ ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ[੨੨] ॥ ੨ ॥ ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ ਅਉਰ ਸਗਲ[੨੩] ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥ ੩ ॥ ੮ ॥ ਗਉੜੀ ਮਹਲਾ ੯ ॥ ਨਰ ਅਚੇਤ[੨੪] ਪਾਪ ਤੇ ਡਰੁ ਰੇ ॥ [੨੫]ਦੀਨ ਦਇਆਲ [੨੬]ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ ੧ ॥ ਰਹਾਉ ॥ ਬੇਦ ਪੁਰਾਨ ਜਾਸ[੨੭] ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥ ਪਾਵਨ[੨੮] ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ [੨੯]ਕਸਮਲ ਸਭ ਹਰੁ ਰੇ ॥ ੧ ॥ ਮਾਨਸ ਦੇਹ ਬਹੁਰਿ[੩੦] ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥ ਨਾਨਕ ਕਹਤ [੩੧]ਗਾਇ ਕਰੁਨਾ ਮੈ ਭਵਸਾਗਰ ਕੈ ਪਾਰਿ ਉਤਰੁ ਰੇ ॥ ੨ ॥ ੯ ॥ ੨੫੧ ॥

ਰਾਗੁ ਗਉੜੀ ਅਸਟਪਦੀਆ

ਮਹਲਾ ੧ ਗਉੜੀ ਗੁਆਰੇਰੀ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

[੩੨]ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ[੩੩] ਮਾਰਿ ॥ ਤ੍ਰਿਕੁਟੀ[੩੪] ਛੂਟੀ ਬਿਮਲ ਮਝਾਰਿ[੩੫] ॥ ਗੁਰ ਕੀ ਮਤਿ [੩੬]ਜੀਇ ਆਈ ਕਾਰਿ ॥ ੧ ॥ *ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥

11-1

੧ ਹੇ ਮਾਈ!
੨ ਗੁਰਮੁਖਾਂ ਵਾਲੇ ਮਗ (ਰਸਤੇ)।
੩ ਥੋੜ੍ਹਾ ਸਮਾਂ ਵੀ।
੪ ਬਿਤਾਉਂਦਾ ਹੈ।
੫ ਦੁੱਖ ਦਾ। ਮਾਇਆ ਦਾ ਮੋਹ ਅੱਤ ਦੁੱਖ ਦੇਣ ਵਾਲਾ ਜੋ ਜੰਗਲ ਹੈ, ਉਸ ਵਿੱਚ ਰੁਚੀ (ਪ੍ਰੀਤੀ) ਪੈਦਾ ਕਰਦਾ ਹੈ।
੬ ਜਿਸ ਦੇ ਦਿੱਲ ਵਿੱਚ।
੭ ਟਿਕਾਉ, ਅਰਾਮ ਹੈ।
੮ ਧਾਰਮਕ ਪੁਸਤਕਾਂ (ਵੇਦ ਪੁਰਾਣ, ਆਦਿ) ਪੜ੍ਹਨ ਦਾ ਇਹ ਫ਼ਾਇਦਾ ਹੋਣਾ ਚਾਹੀਦਾ ਹੈ ਕਿ ਆਦਮੀ ਹਰੀ ਦੇ ਨਾਮ ਨੂੰ ਸਿਮਰੇ।
੯ ਅਪਣੱਤ ਦਾ ਖ਼ਿਆਲ।
੧੦ ਫਿਰ, ਭੀ।
੧੧ ਔਰ। ਅਤੇ ਵਿਸ਼ਿਆਂ ਦਾ ਸੇਵਨ ਕਰਨਾ।
੧੨ ਹਰੀ ਦੇਵ ਦੀ। ਜਿਸ ਨੂੰ ਲੋਭ, ਮੋਹ, ਮਾਇਆ ਦੀ ਮਮਤਾ, ਵਿਸ਼ਿਆਂ ਦਾ ਸੇਵਨ ਅਤੇ ਖੁਸ਼ੀ ਗ਼ਮੀ ਛੂੰਹਦੀ ਨਹੀਂ, ਉਹ ਹਰੀ ਦਾ ਰੂਪ ਹੈ।
੧੩ ਸੋਨਾ ਤੇ ਤਾਂਬਾ।
੧੪ ਬਰਾਬਰ ਹਨ। ਇਕੋ ਜਿਹੇ ਹਨ।
੧੫ ਦੁੱਖ ਸੁਖ ਜਿਸ ਨੂੰ ਬੰਨ੍ਹਦੇ ਨਹੀਂ ਹਨ।
੧੬ ਤਰੀਕਾ, ਜੁਗਤੀ। ਜੋ ਇਸ ਤਰੀਕੇ ਦਾ ਆਦਮੀ ਹੈ।
੧੭ ਝੱਲਾ।
੧੮ ਦਿਨ ਰਾਤ।
੧੯ ਉਮਰ।
੨੦ ਹੌਲਾ, ਹਲਕਾ, ਤੁੱਛ।
੨੧ ਘਰ ਦੀ ਇਸਤਰੀ।
੨੨ ਲੰਘ ਗਈ।
੨੩ ਸਾਰਾ।
੨੪ ਮੂਰਖ। ਹੇ ਮੂਰਖ ਨਰ! ਪਾਪਾਂ ਤੋਂ ਡਰ।
੨੫ ਗਰੀਬਾਂ ਦਾ ਕਿਰਪਾਲੂ।
੨੬ ਸਾਰੇ ਡਰ ਤੋੜਨ ਵਾਲਾ।
੨੭ ਜਿਸ ਦੇ।
੨੮ ਪਵਿੱਤਰ ਕਰਨ ਵਾਲਾ।
੨੯ ਪਾਪ ਸਾਰੇ ਦੂਰ ਕਰ।
੩੦ ਮੁੜ ਕੇ।
੩੧ ਦਇਆ ਸਰੂਪ ਵਾਹਿਗੁਰੂ ਨੂੰ ਜਪ।
੩੨ ਨਿਧਾਂ ਤੇ ਸਿਧੀਆਂ ਇਹੋ ਹਨ ਕਿ ਉਸ ਵਾਹਿਗੁਰੂ ਦੇ ਨਿਰਮਲ ਨਾਮ ਨੂੰ ਵਿਚਾਰਿਆ ਹੈ। ਦੇਖੋ ਪੰਨਾ ੧੦, ਫੁਟ ਨੋਟ § ਅਤੇ ¶।
੩੩ ਵਿਹੁ ਰੂਪ ਮਾਇਆ। ਮਾਇਆ ਨੂੰ ਮਾਰ ਕੇ ਕੇਵਲ ਪੂਰਨ ਹਰੀ ਹੀ ਹਰ ਥਾਂ ਸਮਾਇਆ ਹੋਇਆ ਦਿੱਸ ਰਿਹਾ ਹੈ।
੩੪ ਤ੍ਰੈਗੁਣੀ ਮਾਇਆ। ਪਵਿੱਤਰ ਹਰੀ ਵਿੱਚ ਲੀਨ ਹੋਣ ਨਾਲ ਤ੍ਰੈਗੁਣੀ ਮਾਇਆ ਛੁਟ ਗਈ ਹੈ।
੩੫ ਵਿੱਚ।
੩੬ ਆਤਮਾ ਲਈ ਕਾਰੀ (ਲਾਭਦਾਇਕ) ਸਾਬਤ ਹੋਈ ਹੈ।

* ਇਸ ਤਰੀਕੇ ਨਾਲ ਰਾਮ ਸਿਮਰਨ ਨਾਲ ਮਨ ਪਤੀਜ ਗਿਆ ਹੈ।

[੧]ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥ ੧ ॥ ਰਹਾਉ ॥ [੨]ਇਕੁ ਸੁਖੁ
ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ[੩] ॥ [੪]ਲਾਲ
ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ [੫]ਬਿਖੁ ਠਾਕਿ ਰਹਾਇਆ ॥ ੨ ॥
[੬]ਉਲਟ ਭਈ ਜੀਵਤ ਮਰਿ ਜਾਗਿਆ ॥ [੭]ਸਬਦਿ ਰਵੇ ਮਨੁ ਹਰਿ ਸਿਉ
ਲਾਗਿਆ ॥ ਰਸੁ ਸੰਗ੍ਰਹਿ[੮] ਬਿਖੁ ਪਰਹਰਿ[੯] ਤਿਆਗਿਆ ॥ [੧੦]ਭਾਇ ਬਸੇ
ਜਮ ਕਾ ਭਉ ਭਾਗਿਆ ॥ ੩ ॥ [੧੧]ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ
ਹਰਿ ਸਿਉ ਰਾਤਾ ਹੁਕਮਿ ਅਪਾਰਾ ॥ [੧੨]ਜਾਤਿ ਰਹੇ ਪਤਿ ਕੇ ਆਚਾਰਾ ॥
[੧੩]ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥ ੪ ॥ ਤੁਝ ਬਿਨੁ ਕੋਇ ਨ ਦੇਖਉ
ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ
ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥ ੫ ॥ ਗੁਰ ਸੇਵੀ ਗੁਰ ਲਾਗਉ
ਪਾਇ[੧੪] ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ[੧੫] ਭੋਜਨ
ਭਾਉ ॥ [੧੬]ਹੁਕਮਿ ਸੰਜੋਗੀ ਨਿਜ ਘਰਿ ਜਾਉ ॥ ੬ ॥ [੧੭]ਗਰਬ ਗਤੰ ਸੁਖ
ਆਤਮ ਧਿਆਨਾ ॥ [੧੮]ਜੋਤਿ ਭਈ ਜੋਤੀ ਮਾਹਿ ਸਮਾਨਾ ॥ [੧੯]ਲਿਖਤੁ ਮਿਟੈ
ਨਹੀ ਸਬਦੁ ਨੀਸਾਨਾ ॥ [੨੦]ਕਰਤਾ ਕਰਣਾ ਕਰਤਾ ਜਾਨਾ ॥ ੭ ॥ ਨਹ ਪੰਡਿਤੁ
ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ *ਕਥਉ ਨ
ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥ ੮ ॥ ੧ ॥
ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ[੨੧] ਕਾਇਆ ਉਦਿਆਨੈ[੨੨] ॥
ਗੁਰੁ ਅੰਕਸੁ[੨੩] ਸਚੁ ਸਬਦੁ ਨੀਸਾਨੈ ॥ [੨੪]ਰਾਜ ਦੁਆਰੈ ਸੋਭ ਸੁ ਮਾਨੈ ॥
੧ ॥ ਚਤੁਰਾਈ ਨਹ ਚੀਨਿਆ[੨੫] ਜਾਇ ॥ [੨੬]ਬਿਨੁ ਮਾਰੇ ਕਿਉ ਕੀਮਤਿ
ਪਾਇ ॥ ੧ ॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ[੨੭] ਲੇਈ ॥ ਨੰਨਾਕਾਰੁ[੨੮]
ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥ ੨ ॥ ਨੀਲ[੨੯] ਅਨੀਲ[੩੦]
ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ
ਰਹਸਿ[੩੧] ਗੁਣ ਗਾਈ ॥ ੩ ॥ ਜੈਸਾ ਘਰਿ ਬਾਹਰਿ ਸੋ ਤੈਸਾ ॥ [੩੨]ਬੈਸਿ ਗੁਫਾ
ਮਹਿ ਆਖਉ ਕੈਸਾ ॥ ਸਾਗਰਿ ਡੂਗਰਿ[੩੩] ਨਿਰਭਉ ਐਸਾ ॥ ੪ ॥
[੩੪]ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ
ਪਛਾਨੈ [੩੫]ਤੀਨੇ ਭਉਨ ॥ ੫ ॥ ਜਿਨਿ ਕਹਿਆ [੩੬]ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ
ਮਾਨਿਆ ॥ ੬ ॥ [੩੭]ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ
ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥ ੭ ॥
[੩੮]ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥

੧ ਗਿਆਨ ਦਾ ਸੁਰਮਾ। ਗੁਰੂ ਦੇ ਸ਼ਬਦ ਦੁਆਰਾ ਗਿਆਨ-ਅੰਜਨ ਪਛਾਣਿਆ ਹੈ।
੨ ਅਸਲ ਗਿਆਨ ਦੁਆਰਾ ਹਰੀ ਨਾਲ ਮਿਲਾਇਆ ਗਿਆ ਹਾਂ, ਇਸ ਲਈ ਇਕ ਅਸਲ ਸੁਖ ਮਾਣਿਆ ਹੈ।
੩ ਦੂਰ ਕੀਤਾ।
੪ ਮਾਇਆ ਦਾ ਰੰਗ ਕਸੁੰਭੇ ਵਾਂਗ ਸੂਹਾ ਜਾਣਿਆ ਹੈ, ਜੋ ਛੇਤੀ ਲਹਿ ਜਾਂਦਾ ਹੈ ਤੇ ਮਜੀਠੀ ਰੰਗ ਵਾਂਗ ਅਸਲ ਪ੍ਰੇਮ ਵਿੱਚ ਲਾਲ ਹੋ ਗਏ ਹਾਂ।
੫ ਮਾਇਆ (ਬਿਖ) ਨੂੰ ਰੋਕ ਦਿੱਤਾ ਹੈ।
੬ ਜ਼ਿੰਦਗੀ ਨੇ ਪਲਟਾ ਖਾਧਾ ਤੇ ਜੀਂਵਦਿਆਂ ਹੀ ਮਾਇਆ ਵੱਲੋਂ ਮਰ ਕੇ ਆਤਮਕ ਤੌਰ 'ਤੇ ਜਾਗ ਪਿਆ।
੭ ਸ਼ਬਦ ਦੁਆਰਾ ਜਪ ਕੇ।
੮ 'ਕੱਠਾ ਕਰਦੇ ਹਾਂ।
੯ ਦੂਰ ਕਰ ਕੇ।
੧੦ ਹਰੀ ਦੇ ਪ੍ਰੇਮ ਵਿੱਚ ਵੱਸ ਗਏ।
੧੧ ਸਵਾਦ, ਝਗੜੇ ਤੇ ਅਹੰਕਾਰ ਮੁੱਕ ਗਏ ਹਨ।
੧੨ ਜਾਤ ਅਤੇ ਲੋਕ-ਲਾਜ ਦੀ ਖ਼ਾਤਰ ਕੀਤੇ ਕੰਮ (ਆਚਾਰ) ਸਭ ਰਹਿ ਗਏ।
੧੩ ਮਿਹਰ ਦੀ ਨਜ਼ਰ ਹੋਈ ਤੇ ਆਤਮਾ ਸੁਖੀ ਹੋ ਗਿਆ।
੧੪ ਚਰਨੀਂ।
੧੫ ਸਿੱਖਿਆ। ਹਰੀ ਦਾ ਪਿਆਰ ਹੁਣ ਮੇਰੇ ਲਈ ਸਿੱਖਿਆ, ਦੀਖਿਆ ਤੇ ਭੋਜਨ ਹੈ।
੧੬ ਉਸ ਦੇ ਹੁਕਮ ਵਿੱਚ ਸੰਜੋਗੀ ਹੋ ਕੇ (ਜੁੜ ਕੇ) ਆਪਣੇ ਸਰੂਪ ਵਿੱਚ ਜਾਂਦਾ ਹਾਂ।
੧੭ ਹੰਕਾਰ ਦੂਰ ਹੋ ਗਿਆ ਹੈ।
੧੮ ਪ੍ਰਕਾਸ਼ ਹੋ ਗਿਆ ਹੈ।
੧੯ ਇਹ ਧੁਰੋਂ ਲਿਖਿਆ ਸੀ ਕਿ ਮੈਂ ਪ੍ਰਾਪਤੀ ਕਰਨੀ ਹੈ। ਉਹ ਲਿਖਤ ਮਿਟ ਨਹੀਂ ਸਕਦੀ ਸੀ, ਇਸ ਲਈ ਮੇਰੇ 'ਤੇ ਸ਼ਬਦ ਦਾ ਨਿਸ਼ਾਨ ਪਿਆ ਹੈ।
੨੦ ਕਰਤਾ ਤੇ ਕਾਰਨ ਕੇਵਲ ਹਰੀ ਕਰਤੇ ਨੂੰ ਹੀ ਜਾਣਿਆ ਹੈ।
੨੧ ਹਾਥੀ।
੨੨ ਜੰਗਲ ਵਿੱਚ। ਸਰੀਰ ਰੂਪੀ ਜੰਗਲ ਵਿੱਚ ਮਨ ਹਾਥੀ ਵਤ ਅਮੋੜ ਫਿਰਦਾ ਹੈ।
੨੩ ਕੁੰਡਾ ਹਾਥੀ ਨੂੰ ਤੋਰਨ ਲਈ। ਗੁਰੂ-ਕੁੰਡਾ ਹੈ ਤੇ ਮਨ-ਹਾਥੀ ਨੂੰ ਸੱਚੇ ਸ਼ਬਦ ਦਾ ਨਿਸ਼ਾਨ ਪੈਂਦਾ ਹੈ (ਰਾਜੇ ਦੇ ਹਾਥੀ ਨੂੰ ਖ਼ਾਸ ਕਿਸਮ ਦਾ ਨਿਸ਼ਾਨ ਹੁੰਦਾ ਹੈ)।
੨੪ ਵਾਹਿਗੁਰੂ ਰਾਜੇ ਦੇ ਦਰ 'ਤੇ ਇਹ ਹਾਥੀ ਸੋਭਾ ਪਾਂਦਾ ਹੈ।
੨੫ ਸਮਝਿਆ।
੨੬ ਮਨ ਮਾਰਨ ਤੋਂ ਬਿਨਾਂ।
੨੭ ਚੋਰ। ਘਰ ਦੇ ਅੰਮ੍ਰਿਤ ਨੂੰ ਚੋਰ ਲੁੱਟ ਰਿਹਾ ਹੈ।
੨੮ ਰੋਕ। ਅੱਗੋਂ ਕੋਈ ਨਾਹ ਨਹੀਂ ਕਰਦਾ, ਕੋਈ ਰੋਕਦਾ ਨਹੀਂ।
੨੯ ਵੱਡੀ ਗਿਣਤੀ।
੩੦ ਗਿਣਤੀ ਤੋਂ ਪਰ੍ਹੇ। ਤ੍ਰਿਸ਼ਨਾ ਰੂਪ ਅਗਨੀ ਜੋ ਬਹੁਤ ਇਕੱਠੀ ਹੋਈ ਸੀ, ਉਹ ਵਿਚਾਰ-ਜਲ ਨਾਲ ਦੂਰ ਹੋ ਗਈ।
੩੧ ਖਿੜ ਕੇ। ਮਨ ਗੁਰੂ ਨੂੰ ਦੇ ਕੇ ਹਰੀ ਨੂੰ ਮਿਲਿਆ ਹੈ ਤੇ ਹੁਣ ਚਾਉ ਨਾਲ ਗੁਣ ਗਾਂਦਾ ਹਾਂ।
੩੨ ਗੁਫ਼ਾ ਵਿੱਚ ਵੱਖਰੇ ਬੈਠ ਕੇ ਮੈਂ ਕੀ ਆਖਾਂ? ਉਹ ਤਾਂ ਘਰ ਬਾਹਰ ਹਰ ਥਾਂ ਮੌਜੂਦ ਹੈ।
੩੩ ਪਰਬਤਾਂ 'ਤੇ।
੩੪ ਜੀਵਤ ਭਾਵ ਤੋਂ ਮਰੇ ਨੂੰ।
੩੫ ਤਿੰਨ ਲੋਕ। ਜੋ ਸ਼ਬਦ ਦੁਆਰਾ ਪਛਾਣਦਾ ਹੈ ਉਸ ਨੂੰ ਤਿੰਨਾਂ ਲੋਕਾਂ ਵਿੱਚ ਉਹੋ ਦਿੱਸਦਾ ਹੈ।
੩੬ ਉਸ ਨੇ ਤਾਂ ਐਵੇਂ ਗੱਲਾਂ ਹੀ ਕੀਤੀਆਂ ਹਨ (ਏਥੇ ਕਥਨੀ ਤੇ ਬੁਝਣ ਵਾਲੇ ਦਾ ਮੁਕਾਬਲਾ ਹੈ)।
੩੭ ਚੰਗੀ ਸ਼ੁਹਰਤ, ਚੰਗੀ ਸੂਰਤ ਅਤੇ ਮੁਕਤੀ ਇਹ ਹਰੀ ਦੇ ਨਾਮ ਵਿੱਚ ਹੀ ਹਨ। ਉਸੇ ਵਿੱਚ ਹੀ ਉਹ ਪਵਿੱਤਰ ਹਰੀ ਆਪ ਵੱਸ ਰਿਹਾ ਹੈ। ਆਪਣੇ ਸਰੂਪ ਵਿੱਚ ਆਪਣੀ ਥਾਂ 'ਤੇ ਵਿਆਪ ਰਿਹਾ ਹੈ।
੩੮ ਪ੍ਰੇਮ ਨਾਲ ਕਈ ਮੁਨੀ ਜੱਸ ਕਰਦੇ ਹਨ; ਤਨ ਤੇ ਮਨ ਦੇ ਸੁੱਚੇ ਹਨ, ਉਨ੍ਹਾਂ ਦੇ ਚਿੱਤ ਵਿੱਚ ਸੱਚ ਹੈ।

* ਮੈਂ ਹੁਕਮ ਨੂੰ ਪਛਾਣ ਲਿਆ ਹੈ, ਇਸ ਲਈ ਕਥਨੀਆਂ ਰਹਿ ਗਈਆਂ ਹਨ। ਨਾ ਹੁਣ ਆਪਣੇ ਆਪ ਨੂੰ ਚਤੁਰ ਸਿਆਣਾ ਸਮਝਦਾ ਹਾਂ, ਨਾ ਭੁੱਲਾ ਹੋਇਆ ਹੋ ਕੇ ਭਰਮ ਵਿੱਚ ਭਟਕਦਾ ਹਾਂ। ਸਾਰੀ ਖੇਡ ਉਸੇ ਦੀ ਨਜ਼ਰੀ ਆ ਰਹੀ ਹੈ। ਗੁਰਮਤ ਦੁਆਰਾ ਪੂਰਨ ਪਦ ਵਿੱਚ ਪ੍ਰਵੇਸ਼ ਹੋਇਆ ਹੈ।

ਨਾਨਕ ਹਰਿ ਭਜੁ [੧]ਨੀਤਾ ਨੀਤਿ ॥ ੮ ॥ ੨ ॥ ਗਉੜੀ ਗੁਆਰੇਰੀ ਮਹਲਾ ੧ ॥ ਨਾ ਮਨੁ ਮਰੈ ਨ [੨]ਕਾਰਜੁ ਹੋਇ ॥ ਮਨੁ ਵਸਿ ਦੂਤਾ[੩] ਦੁਰਮਤਿ ਦੋਇ[੪] ॥ [੫]ਮਨੁ ਮਾਨੈ ਗੁਰ ਤੇ ਇਕੁ ਹੋਇ ॥ ੧ ॥ [੬]ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥ ੧ ॥ ਰਹਾਉ ॥ ਮਨੁ ਭੂਲੋ ਬਹੁ ਚਿਤੈ[੭] ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥ ੨ ॥ ਮਨੁ ਭੂਲੋ ਮਾਇਆ ਘਰਿ ਜਾਇ ॥ [੮]ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ [੯]ਰਸਨ ਰਸਾਇ ॥ ੩ ॥ ਗੈਵਰ[੧੦] ਹੈਵਰ[੧੧] ਕੰਚਨ[੧੨] ਸੁਤ ਨਾਰੀ ॥ [੧੩]ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ[੧੪] ॥ ੪ ॥ ਸੰਪਉ[੧੫] ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ[੧੬] ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥ ੫ ॥ ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ[੧੭] ਅਉਗਣ ਸਬਦਿ ਜਲਾਏ ॥ ਗੁਰਮੁਖਿ[੧੮] ਨਾਮੁ ਪਦਾਰਥੁ ਪਾਏ ॥ ੬ ॥ ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ [੧੯]ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥ ੭ ॥ ਮਨੁ ਚੰਚਲੁ[੨੦] ਧਾਵਤੁ ਫੁਨਿ[੨੧] ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥ ੮ ॥ ੩ ॥ ਗਉੜੀ ਗੁਆਰੇਰੀ ਮਹਲਾ ੧ ॥ ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ[੨੨] ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥ ੧ ॥ ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ੧ ॥ ਰਹਾਉ ॥ [੨੩]ਅਦਿਸਟੁ ਦਿਸੈ ਤਾ ਕਹਿਆ ਜਾਇ ॥ ਬਿਨੁ ਦੇਖੇ ਕਹਣਾ ਬਿਰਥਾ ਜਾਇ ॥ [੨੪]ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥ ੨ ॥ ਸੁਖੁ ਮਾਂਗਤ ਦੁਖੁ ਆਗਲ[੨੫] ਹੋਇ ॥ [੨੬]ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥ ਕਰਿ ਕਰਿ ਕਰਤਾ ਦੇਖੈ ਸੋਇ ॥ ੩ ॥ [੨੭]ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥ ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥ ੪ ॥ [੨੮]ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ *ਨਿਜ ਠਾਉ ॥ [੨੯]ਪ੍ਰੇਮ ਪਰਾਇਣ ਪ੍ਰੀਤਮ ਰਾਉ ॥ ਨਦਰਿ ਕਰੇ ਤਾ ਬੂਝੈ ਨਾਉ ॥ ੫ ॥ ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ[੩੦] ਕੁਛਿਤ[੩੧] ਬਿਕਰਾਲਾ[੩੨] ॥ ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥ ੬ ॥ ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ [੩੩]ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥ ੭ ॥ ਕਥਨੀ ਕਥਉ ਨ

੧ ਨਿੱਤਾਪ੍ਰਤੀ, ਸਦਾ।
੨ ਕੰਮ ਸੌਰਦਾ ਹੈ।
੩ ਕਾਮਾਦਿਕ ਵੈਰੀਆਂ ਦੇ।
੪ ਦ੍ਵੈਤ ਭਾਵ। ਮਨ ਕਾਮਾਦਿਕ, ਖੋਟੀ ਮਤ ਦੇ ਦ੍ਵੈਤ ਭਾਵ ਦੇ ਵੱਸ ਵਿੱਚ ਹੈ।
੫ ਜੇ ਮਨ ਨੂੰ ਗੁਰੂ ਤੋਂ ਤਸੱਲੀ ਕਰਾਵੇ, ਤਾਂ ਇਕ ਹਰੀ ਦਾ ਰੂਪ ਹੋ ਜਾਂਦਾ ਹੈ।
੬ ਨਿਰਗੁਣ ਸਰੂਪ ਹਰੀ ਗੁਣਾਂ ਦੇ ਵੱਸ ਹੁੰਦਾ ਹੈ, ਜੋ ਆਪਾ ਭਾਵ ਦੂਰ ਕਰਦਾ ਹੈ, ਉਹੀ ਇਹ ਗੱਲ ਵਿਚਾਰਦਾ ਹੈ।
੭ ਚਿਤਵਦਾ ਹੈ।
੮ ਕਾਮ ਵਿੱਚ ਰੁੱਝਾ ਹੋਇਆ ਟਿੱਕਿਆ ਨਹੀਂ ਰਹਿੰਦਾ।
੯ ਰਸਨਾ (ਜੀਭ) ਦੁਆਰਾ ਰਸ ਨਾਲ।
੧੦ ਚੰਗੇ ਹਾਥੀ।
੧੧ ਚੰਗੇ ਘੋੜੇ।
੧੨ ਸੋਨਾ।
੧੩ ਇਨ੍ਹਾਂ ਦੀ ਬਹੁਤੀ ਚਿੰਤਾ ਵਿੱਚ ਜਨਮ (ਜ਼ਿੰਦਗੀ ਦਾ ਮੈਦਾਨ) ਹਾਰਦਾ ਹੈ।
੧੪ ਨਰਦ। ਨਰਦਾਂ ਕੱਚੀਆਂ ਰਹਿੰਦੀਆਂ ਹਨ, ਭਾਵ ਜਨਮ ਸਫਲ ਨਹੀਂ ਹੁੰਦਾ। ਦੇਖੋ ਪੰਨਾ ੧੧੩, ਫੁਟ ਨੋਟ *।
੧੫ ਧਨ। ਮਾਇਆ ਇਕੱਠੀ ਕੀਤੀ ਤੇ ਵਿਕਾਰ ਪੈਦਾ ਹੋਏ। ਦੁਖ ਸੁਖ ਸਦਾ ਦਰਵਾਜ਼ੇ 'ਤੇ ਖੜ੍ਹੇ ਰਹਿੰਦੇ ਹਨ। ਸੁਖ ਇਸ ਵਿੱਚ ਹੈ ਕਿ ਸੁਭਾਵਕ ਹੀ ਹਿਰਦੇ ਵਿੱਚ ਵਾਹਿਗੁਰੂ ਨੂੰ ਜਪੀਏ। ਮੁਰਾਰੀ=[ਮੁਰ ਰਾਖਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੧੬ ਖੜ੍ਹੇ।
੧੭ ਇਕੱਠੇ ਕਰੀਏ।
੧੮ ਗੁਰੂ ਦੁਆਰੇ।
੧੯ ਧੁਰੋਂ ਭਾਗਾਂ ਵਿੱਚ ਲਿਖਿਆ ਹੋਵੇ, ਤਾਂ ਗੁਰੂ ਦੁਆਰਾ ਗਿਆਨ ਮਿਲਦਾ ਹੈ।
੨੦ ਚਲਾਇਮਾਨ; ਜੋ ਟਿੱਕਦਾ ਨਹੀਂ।
੨੧ ਮੁੜ, ਫਿਰ।
੨੨ ਖਰਾਬ ਹੋਏ। ਜਿਨ੍ਹਾਂ ਨੂੰ ਦੋਇ (ਦ੍ਵੈਤ) ਭਾਈ (ਚੰਗੀ ਲੱਗੀ) ਓਹ ਖਰਾਬ ਹੋਏ।
੨੩ ਜੋ ਦਿੱਸਦਾ ਨਹੀਂ, ਉਸ ਨੂੰ ਗਿਆਨ-ਅੱਖਾਂ ਨਾਲ ਵੇਖੇ ਤਾਂ ਉਸ ਦਾ ਆਖਿਆ ਫੱਬਦਾ ਹੈ।
੨੪ ਗੁਰੂ ਦੁਆਰੇ ਸੁਭਾਵਕ ਹੀ (ਨਿਰ-ਯਤਨ ਹੀ) ਦਿੱਸ ਪੈਂਦਾ ਹੈ।
੨੫ ਬਹੁਤਾ।
੨੬ ਸਾਰੇ ਵਿਕਾਰਾਂ ਦਾ ਹਾਰ।
੨੭ ਸ਼ਬਦ ਦੁਆਰਾ ਤ੍ਰਿਸ਼ਨਾ ਦੀ ਅੱਗ ਬੁਝਾ ਦੇਵੇ ਫਿਰ ਦ੍ਵੈਤ ਦਾ ਭਰਮ ਆਪੇ ਸੁਭਾਵਕ ਹੀ ਮੁਕ ਜਾਏਗਾ।
੨੮ ਜਿਨ੍ਹਾਂ ਨੂੰ ਗੁਰਾਂ ਦੁਆਰਾ ਪ੍ਰੇਮ ਉਪਜਿਆ ਹੈ ਉਨ੍ਹਾਂ ਦੇ ਤਨ ਵਿੱਚ ਸੱਚਾ ਹੈ।
੨੯ ਪ੍ਰੀਤਮ ਰਾਉ (ਹਰੀ) ਪ੍ਰੇਮ ਦੇ ਆਸਰੇ (ਵੱਸ ਵਿੱਚ) ਹੈ।
੩੦ ਗੰਦਾ।
੩੧ ਨਿੰਦਤ, ਬਦਨਾਮ।
੩੨ ਡਰਾਉਣਾ।
੩੩ ਰੋਕ ਦੇਂਦਾ ਹੈ, ਭਾਵ ਦੂਰ ਕਰਦਾ ਹੈ।

* ਆਪਣਾ ਸਰੂਪ ਅਸਥਾਨ; ਸਰੂਪ ਦੀ ਲਖਤਾ। ਨਾਮ ਤੋਂ ਬਿਨਾਂ ਆਪਣੇ ਅਸਲੀ ਟਿਕਾਣੇ (ਵਾਹਿਗੁਰੂ ਦੀ ਹਜ਼ੂਰੀ) ਵਿੱਚ ਨਹੀਂ ਜਾ ਸਕਦਾ।

ਆਵੈ ਓਰੁ[੧] ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ ਦੁਖੁ ਸੁਖੁ ਭਾਣੈ ਤਿਸੈ ਰਜਾਇ[੨] ॥ ਨਾਨਕੁ ਨੀਚੁ [੩]ਕਹੈ ਲਿਵ ਲਾਇ ॥ ੮ ॥ ੪ ॥ ਗਉੜੀ ਮਹਲਾ ੧ ॥ *ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥ ੧ ॥ [੪]ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥ ੧ ॥ ਰਹਾਉ ॥ [੫]ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥ ੨ ॥ [੬]ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥ ੩ ॥ [੭]ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ[੮] ਪ੍ਰੀਤਮੁ ਬਾਲਾ[੯] ॥ ੪ ॥ ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥ ੫ ॥ ਏਕੁ ਨਿਰੰਜਨੁ ਗੁਰਮੁਖਿ[੧੦] ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥ ੬ ॥ ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ[੧੧] ਹੋਈ ॥ ੭ ॥ ਰਾਹ ਦੋਵੈ[੧੨] ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥ ੮ ॥ ਸਗਲ ਰੂਪ ਵਰਨ[੧੩] ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥ ੯ ॥ ੫ ॥ ਗਉੜੀ ਮਹਲਾ ੧ ॥ ਅਧਿਆਤਮ[੧੪] ਕਰਮ ਕਰੇ ਤਾ ਸਾਚਾ ॥ [੧੫]ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥ ਐਸਾ ਜੋਗੀ ਜੁਗਤਿ[੧੬] ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ[੧੭] ॥ ੧ ॥ ਰਹਾਉ ॥ ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ੨ ॥ ਰਵਿ[੧੮] ਸਸਿ[੧੯] ਏਕੋ ਗ੍ਰਿਹ ਉਦਿਆਨੈ[੨੦] ॥ ਕਰਣੀ ਕੀਰਤਿ ਕਰਮ ਸਮਾਨੈ[੨੧] ॥ ੩ ॥ ਏਕ ਸਬਦ ਇਕ [੨੨]ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ [੨੩]ਸਚੁ ਜਾਗੈ ॥ ੪ ॥ [੨੪]ਭੈ ਰਚਿ ਰਹੈ ਨ ਬਾਹਰਿ ਜਾਇ ॥ [੨੫]ਕੀਮਤਿ ਕਉਣ ਰਹੈ ਲਿਵ ਲਾਇ ॥ ੫ ॥ ਆਪੇ ਮੇਲੇ ਭਰਮੁ ਚੁਕਾਏ ॥ [੨੬]ਗੁਰ ਪਰਸਾਦਿ ਪਰਮ ਪਦੁ ਪਾਏ ॥ ੬ ॥ ਗੁਰ ਕੀ ਸੇਵਾ ਸਬਦੁ ਬੀਚਾਰੁ ॥ ਹਉਮੈ ਮਾਰੇ [੨੭]ਕਰਣੀ ਸਾਰੁ ॥ ੭ ॥ ਜਪ ਤਪ ਸੰਜਮ[੨੮] ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ[੨੯] ਮਾਨੁ ॥ ੮ ॥ ੬ ॥ ਗਉੜੀ ਮਹਲਾ ੧ ॥ ਖਿਮਾ ਗਹੀ[੩੦] ਬ੍ਰਤੁ ਸੀਲ[੩੧] ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ [੩੨]ਪ੍ਰਭ ਰੂਪ ਨ ਰੇਖੰ ॥ ੧ ॥ ਜੋਗੀ ਕਉ ਕੈਸਾ ਡਰੁ ਹੋਇ ॥ [੩੩]ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥ ੧ ॥ ਰਹਾਉ ॥ ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ[੩੪] ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥ ੨ ॥ [੩੫]ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ[੩੬] ਮਰਣ[੩੭] ਗਤੁ[੩੮] ਗਰਬੁ ਨਿਵਾਰੇ ॥ ਆਪਿ ਤਰੈ [੩੯]ਪਿਤਰੀ ਨਿਸਤਾਰੇ ॥ ੩ ॥ ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ

੧ ਓੜਕ। ਅੰਤ ਨਹੀਂ ਪਾਈਦਾ।
੨ ਰਜ਼ਾ ਵਿੱਚ।
੩ ਧਿਆਨ ਲਾ ਕੇ, ਵਿਚਾਰ ਕਰ ਕੇ ਕਹਿੰਦਾ ਹੈ।
੪ ਦੂਜਾ ਕੌਣ ਆਖਾਂ; ਜਦ ਹੈ ਨਹੀਂ; ਸਭ ਵਿੱਚ ਇਕ ਹਰੀ ਵਰਤ ਰਿਹਾ ਹੈ।
੫ ਦੂਜੀ ਦੁਰਮਤ ਹੈ, ਜੋ ਦੋਇ (ਦ੍ਵੈਤ) ਦੱਸਦੀ ਹੈ। ਜੀਵ ਆਉਂਦਾ ਜਾਂਦਾ ਮਰਦਾ ਹੈ, ਤੇ ਇਸ ਤਰ੍ਹਾਂ ਦ੍ਵੈਤ ਧਾਰਨ ਕਰਦਾ ਹੈ।
੬ ਧਰਤ ਅਸਮਾਨ ਵਿੱਚ ਮੈਂ ਕਿਤੇ ਦ੍ਵੈਤ ਨਹੀਂ ਵੇਖਦਾ। ਨਾਰੀ ਪੁਰਖ ਤੇ ਸਾਰੀ ਲੁਕਾਈ ਵਿੱਚ ਕਿਤੇ ਦ੍ਵੈਤ ਨਹੀਂ ਹੈ।
੭ ਸੂਰਜ ਤੇ ਚੰਦ੍ਰਮਾ ਰੂਪ ਦੀਵਿਆਂ ਦਾ ਚਾਨਣਾ ਵੇਖਦਾ ਹਾਂ।
੮ ਅੰਦਰ।
੯ ਜਵਾਨ। ਸਭ ਵਿੱਚ ਮੇਰਾ ਸਦ-ਜਵਾਨ ਪ੍ਰੀਤਮ ਵੱਸਦਾ ਹੈ।
੧੦ ਗੁਰੂ ਦੁਆਰੇ।
੧੧ ਉਤਪਤੀ, ਪੈਦਾਇਸ਼।
੧੨ ਮਾਇਆ ਦਾ ਤੇ ਹਰੀ-ਪ੍ਰੀਤ ਦਾ।
੧੩ ਰੰਗਾਂ। ਜੋ ਸਭ ਰੂਪ ਰੰਗ ਤੇ ਮਨ ਵਿੱਚ ਹੈ।
੧੪ ਆਤਮਾ ਸੰਬੰਧੀ।
੧੫ ਕੱਚਾ (ਅਣਜਾਣ) ਜੀਵ ਮੁਕਤ ਦੇ ਭੇਦ ਨੂੰ ਕੀ ਸਮਝ ਸਕਦਾ ਹੈ?
੧੬ ਤਰੀਕਾ।
੧੭ ਦਿਲ ਵਿੱਚ ਰੱਖੇ।
੧੮ ਸੂਰਜ, ਭਾਵ ਤਪਸ਼।
੧੯ ਚੰਦ੍ਰਮਾ, ਭਾਵ ਠੰਢ। ਤਪਸ਼ ਤੇ ਠੰਢ, ਘਰ ਤੇ ਜੰਗਲ ਉਸ ਨੂੰ ਇਕੋ ਜਿਹੇ ਦਿੱਸਦੇ ਹਨ।
੨੦ ਜੰਗਲ।
੨੧ ਇਕੋ ਜਿਹੀ। ਹਰੀ ਜਸ ਦੀ ਕਰਨੀ ਉਸ ਦੇ ਲਈ ਕਰਮ-ਕਾਂਡ ਸਮਾਨ ਹੋ ਗਈ ਹੈ।
੨੨ ਨਾਮ-ਭਿੱਖਿਆ ਮੰਗਦਾ ਹੈ।
੨੩ ਸੱਚ ਉਸ ਅੰਦਰ ਜਾਗਿਆ (ਪ੍ਰਕਾਸ਼ਿਆ) ਹੈ, (ਇਸ ਲਈ ਗਿਆਨ ਧਿਆਨ ਜੁਗਤੀ ਉਸ ਪਾਸ ਆਏ ਹਨ)।
੨੪ ਹਰੀ ਦੇ ਭੈ ਵਿੱਚ ਲੱਗਾ ਹੈ; ਉਸ ਭੈ ਤੋਂ ਬਾਹਰ ਨਹੀਂ ਹੁੰਦਾ।
੨੫ ਉਸ ਦਾ ਕੌਣ ਮੁੱਲ ਪਾ ਸਕਦਾ ਹੈ ਜੋ ਲਿਵ ਲਾ ਰਿਹਾ ਹੈ?
੨੬ ਗੁਰੂ ਦੀ ਕਿਰਪਾ ਨਾਲ ਉਹ ਉੱਚੀ ਤੋਂ ਉੱਚੀ ਗਤੀ ਪਾਉਂਦਾ ਹੈ।
੨੭ ਕਰਣੀ ਸ੍ਰੇਸ਼ਟ ਹੋ ਗਈ ਹੈ।
੨੮ ਮਨ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕਣ ਦੀ ਕ੍ਰਿਆ।
੨੯ ਪਰ੍ਹੇ ਤੋਂ ਪਰ੍ਹੇ ਹਰੀ। ਸਭ ਜਪ ਤਪ ਆਦਿਕ ਇਹੋ ਹੈ ਕਿ ਵਾਹਿਗੁਰੂ ਨੂੰ ਮੰਨਿਆ ਹੈ।
੩੦ ਪਕੜੀ। ਖਿਮਾ ਨੂੰ ਜੋ ਧਾਰਨ ਕੀਤਾ ਹੈ, ਇਹੋ ਹੀ ਉਨ੍ਹਾਂ ਦਾ ਬਰਤ, ਸੀਲ, ਸੰਤੋਖ ਹੈ।
੩੧ ਚੰਗਾ ਆਚਰਨ।
੩੨ ਰੂਪ ਰੇਖਾ ਤੋਂ ਰਹਿਤ ਹਰੀ ਦਾ ਰੂਪ ਹੋ ਗਏ ਹਨ।
੩੩ ਰੁੱਖ ਆਦਿਕ ਵਿੱਚ ਉਹ ਆਪ ਹੀ ਹੈ।
੩੪ ਹਰ ਰੋਜ਼।
੩੫ ਬ੍ਰਹਮ-ਗਿਆਨ ਰੂਪ ਅਗਨੀ ਨਾਲ ਕਾਲ ਨੂੰ ਜਾਲ (ਸਾੜ) ਦੇਵੇ।
੩੬ ਬੁਢੇਪਾ।
੩੭ ਮੌਤ।
੩੮ ਗਾਤ, ਰਸਤਾ। ਮੌਤ ਦਾ ਰਸਤਾ।
੩੯ ਵੱਡੇ ਵਡੇਰਿਆਂ ਨੂੰ ਤਾਰੇ।

* ਇਸ ਸ਼ਬਦ ਵਿੱਚ ਦੱਸਿਆ ਹੈ ਕਿ ਵਾਹਿਗੁਰੂ ਦਾ ਹੁਕਮ ਸਾਰੇ ਵਰਤ ਰਿਹਾ ਹੈ। ਉਸ ਨੂੰ ਨਾ ਬੁੱਝ ਕੇ ਮਨੁੱਖ ਭਰਮ ਵਿੱਚ ਪੈਂਦਾ ਹੈ ਤੇ ਇਕ ਵਾਹਿਗੁਰੂ ਤੋਂ ਬਿਨਾਂ ਕੁਝ ਦੂਜਾ ਉਸ ਲਈ ਹੋ ਖਲੋਂਦਾ ਹੈ। ਅਸਲ ਵਿੱਚ ਦੂਜਾ ਕੋਈ ਨਹੀਂ। ਦੇਖੋ ਰਹਾਉ ਦੀ ਤੁਕ। ਪਹਿਲੀ ਤੁਕ ਵਿੱਚ ਦੱਸਿਆ ਹੈ ਕਿ ਮਾਇਆ ਨੇ ਜਗਤ ਦੇ ਚਿੱਤ ਵਿੱਚ ਵਾਸਾ ਕੀਤਾ ਤੇ ਭਰਮ ਹੋ ਕੇ ਜੀਵ ਲਈ ਦੂਜੀ ਹੋ ਖਲੋਤੀ। ਕਾਮਾਦਿਕ ਜੋ ਨਾਸ ਕਰਨ ਵਾਲੇ ਹਨ, ਇਨ੍ਹਾਂ ਦਾ ਰੂਪ ਧਾਰਨ ਕੀਤਾ।

ਤੈਸੋ ਹੋਇ ॥ ੪ ॥ ਨਰ ਨਿਹਕੇਵਲ[੧] ਨਿਰਭਉ ਨਾਉ ॥ [੨]ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ[੩] ਜਨਮੁ ਨਾਹੀ ਗੁਣ ਗਾਉ ॥ ੫ ॥ ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ[੪] ਪਛਾਣੈ ॥ ਸਾਚੈ ਸਬਦਿ [੫]ਦਰਿ ਨੀਸਾਣੈ ॥ ੬ ॥ ਸਬਦਿ ਮਰੈ ਤਿਸੁ ਨਿਜ ਘਰਿ[੬] ਵਾਸਾ ॥ ਆਵੈ ਨ ਜਾਵੈ [੭]ਚੂਕੈ ਆਸਾ ॥ ਗੁਰ ਕੈ ਸਬਦਿ [੮]ਕਮਲੁ ਪਰਗਾਸਾ ॥ ੭ ॥ ਜੋ ਦੀਸੈ ਸੋ [੯]ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ [੧੦]ਬਿਰਲੇ ਮਿਲਹਿ ਉਦਾਸਾ ॥ ੮ ॥ ੭ ॥ ਗਉੜੀ ਮਹਲਾ ੧ ॥ [੧੧]ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥ ੧ ॥ [੧੨]ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥ ੧ ॥ ਰਹਾਉ ॥ ਨੇਤ੍ਰ ਸੰਤੋਖੇ ਏਕ [੧੩]ਲਿਵ ਤਾਰਾ ॥ ਜਿਹਵਾ ਸੂਚੀ [੧੪]ਹਰਿ ਰਸ ਸਾਰਾ ॥ ੨ ॥ ਸਚੁ ਕਰਣੀ [੧੫]ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ[੧੬] ਅਲਖ ਅਭੇਵਾ[੧੭] ॥ ੩ ॥ ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥ ੪ ॥ ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੫ ॥ ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ[੧੮] ॥ ੬ ॥ ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ [੧੯]ਅਨ ਪੂਜਾ ॥ ੭ ॥ [੨੦]ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ[੨੧] ਸੁ ਤਤੁ ਬੀਚਾਰੇ ॥ ੮ ॥ ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ[੨੨] ਨਾਨਕ ਹਮ ਤਾ ਕੇ ਦਾਸ ॥ ੯ ॥ ੮ ॥ ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ [੨੩]ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ [੨੪]ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥ ੧ ॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ[੨੫] ॥ ੧ ॥ ਰਹਾਉ ॥ *ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ[੨੬] ਕਰੈ [੨੭]ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ[੨੮] ॥ ੨ ॥ †ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ[੨੯] ॥ ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥ ਦੁਰਮਤਿ[੩੦] ਹਰਣਾਖਸੁ ਦੁਰਾਚਾਰੀ[੩੧] ॥ ਪ੍ਰਭੁ ਨਾਰਾਇਣੁ ‡ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ੪ ॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ [੩੨]ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥ ੫ ॥ ਸਹਸਬਾਹੁ§ ਮਧੁ ਕੀਟ¶ ਮਹਿਖਾਸਾ[੩੩] ॥ ਹਰਣਾਖਸੁ ਲੇ ਨਖਹੁ[੩੪] ਬਿਧਾਸਾ[੩੫] ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥ ::ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ[੩੬] ਸੰਤ ਨਿਸਤਾਰੇ ॥ ੭ ॥ ਆਪੇ

੧ ਸ਼ੁੱਧ। ਉਹ ਹਰੀ ਨਿਰਭਉ ਤੇ ਪਵਿੱਤਰ ਨਰ (ਹਸਤੀ) ਹੈ।
੨ ਅਨਾਥਾਂ ਨੂੰ ਨਾਥ ਬਣਾ ਦਿੰਦਾ ਹੈ।
੩ ਮੁੜ ਕੇ। ਉਸ ਦੇ ਗੁਣ ਗਾਂਦਾ ਹਾਂ, ਇਸ ਵਾਸਤੇ ਮੁੜ ਜਨਮ ਨਹੀਂ।
੪ ਆਪਣੀ ਅਸਲੀਅਤ।
੫ ਉਸ ਦੇ ਦਰ 'ਤੇ ਨਿਸ਼ਾਨ ਪੈਂਦਾ ਹੈ (ਪ੍ਰਗਟ ਹੁੰਦਾ ਹੈ)।
੬ ਆਪਣੇ ਅਸਲੀ ਸਰੂਪ ਵਿੱਚ।
੭ ਮੁੱਕ ਜਾਂਦੀ ਹੈ ਆਸਾ।
੮ ਹਿਰਦੇ ਰੂਪੀ ਕਮਲ ਖਿੜਦਾ ਹੈ।
੯ ਕੋਈ ਆਸ ਧਾਰ ਕੇ ਤੇ ਕੋਈ ਨਿਰਾਸ (ਮਾਯੂਸ) ਹੋ ਕੇ ਬੈਠਾ ਹੈ।
੧੦ ਕੋਈ ਵਿਰਲੇ ਮਿਲਦੇ ਹਨ, ਜੋ ਮਾਇਆ ਤੋਂ ਉਦਾਸ ਹਨ।
੧੧ ਮੈਨੂੰ ਕੋਈ ਇਹੋ ਜੇਹਾ ਦਾਸ ਮਿਲੇ ਜਿਸ ਦਾ ਜ਼ਿਕਰ ਰਹਾਉ ਵਿੱਚ ਹੈ।
੧੨ ਜਿਸ ਹਰੀ-ਜਨ ਦਾ ਦਰਸ਼ਨ ਦੇਖ ਕੇ ਮਤਿ ਪੂਰੀ ਹੁੰਦੀ ਹੈ ਅਤੇ ਜਿਸ ਦੀ ਚਰਨ ਧੂੜੀ ਅਠਾਹਠ ਤੀਰਥਾਂ ਦੇ ਇਸ਼ਨਾਨ ਬਰਾਬਰ ਹੈ।
੧੩ ਲਿਵ ਦੀ ਤਾਰ ਭਾਵ ਇਕ ਰਸ ਲਿਵ ਹਰੀ ਵਿੱਚ ਹੈ, ਇਸ ਲਈ ਅੱਖੀਆਂ ਨੂੰ ਸੰਤੋਖ ਆਇਆ ਹੈ।
੧੪ ਹਰੀ-ਰਸ ਧਾਰਨ ਨਾਲ, ਗ੍ਰਹਣ ਕਰਨ ਨਾਲ।
੧੫ ਦਿਲੀ ਸੇਵਾ।
੧੬ ਰੱਜਿਆ ਹੈ।
੧੭ ਜਿਸ ਦਾ ਭੇਦ ਨਾ ਮਿਲੇ।
੧੮ ਭੂਤਨੇ ਵਾਂਗ।
੧੯ ਹੋਰ ਪੂਜਾ।
੨੦ ਸੰਤਾਂ ਦੇ ਵਾਸਤੇ ਹਰੀ ਨੇ ਤ੍ਰੈ ਲੋਕ ਟਿਕਾਏ ਹਨ, ਭਾਵ ਸੰਤ ਪੈਦਾ ਕਰਨ ਲਈ ਇਹ ਦੁਨੀਆਂ ਦੀ ਖੇਡ ਰਚੀ ਹੈ।
੨੧ ਖੋਜੇ, ਸਮਝੇ।
੨੨ ਕਹਿੰਦਾ ਹੈ।
੨੩ ਬ੍ਰਹਮਾ ਤੋਂ ਵੇਦ ਗਵਾਚ ਗਏ ਸਨ, ਜਦ ਇਹ ਬਿਪਤਾ ਪਈ ਤਾਂ ਪਛਤਾਇਆ।
੨੪ ਜਦ ਉਸ ਨੇ ਪ੍ਰਭੂ ਜੀ ਸਿਮਰੇ ਤਦ ਹੀ ਉਸ ਦਾ ਮਨ ਪਤੀਜਿਆ।
੨੫ ਦੂਰ ਕਰਦਾ ਹੈ।
੨੬ ਜੱਗ।
੨੭ ਹੰਕਾਰ ਨਾਲ ਆਫਰ ਕੇ ਭਾਰਾ ਹੋਇਆ। ਯਥਾ- 'ਆਕੀ ਮਰਹਿ ਅਫਾਰੀ'।
੨੮ ਪਤਾਲ ਵਿੱਚ।
੨੯ ਭੇਦ ਤੋਂ ਰਹਿਤ ਹਰੀ ਦਾ।
੩੦ ਖੋਟੀ ਮੱਤ ਵਾਲਾ।
੩੧ ਖੋਟੇ ਕਰਮ ਕਰਨ ਵਾਲਾ।
੩੨ ਹੰਕਾਰ ਵਿੱਚ ਨਾਸ ਹੋਇਆ।
੩੩ ਝੋਟੇ ਦੀ ਸ਼ਕਲ ਦਾ ਇਕ ਦੈਂਤ, ਜਿਸ ਨੂੰ ਦੁਰਗਾ ਨੇ ਮਾਰਿਆ।
੩੪ ਨੌਂਹਾਂ ਨਾਲ।
੩੫ ਪਾੜਿਆ।
੩੬ ਮਾਰ ਕੇ।

* ਬਲ ਇਕ ਵੱਡਾ ਪ੍ਰਤਾਪੀ ਰਾਜਾ ਹੋਇਆ ਹੈ। ਵਿਸ਼ਨੂੰ ਜੀ ਇਸ ਨੂੰ ਛਲਣ ਲਈ ਬਾਵਨ ਰੂਪ ਧਾਰ ਕੇ ਆਏ, ਤੇ ਇਸ ਤੋਂ ਢਾਈ ਕਰੂ ਜ਼ਮੀਨ ਮੰਗੀ। ਬਾਵਨ ਨੇ ਰੂਪ ਵਧਾ ਕੇ ਦੋ ਕਦਮਾਂ ਨਾਲ ਪ੍ਰਿਥਵੀ ਤੇ ਆਕਾਸ਼ ਮਿਣ ਲਏ ਤੇ ਤੀਜੇ ਅੱਧੇ ਵਿੱਚ ਬਲ ਦਾ ਸਰੀਰ ਲੈ ਲਿਆ। ਬਲ ਆਪਣੇ ਗੁਰੂ ਦੇ ਕਹਿਣ 'ਤੇ ਵੀ ਛਲਿਆ ਗਿਆ। ਵਿਸ਼ਨੂੰ ਨੇ ਬਲ ਨੂੰ ਪਤਾਲ ਦਾ ਰਾਜਾ ਥਾਪਿਆ ਤੇ ਆਪ ਭਗਤੀ 'ਤੇ ਖੁਸ਼ ਹੋ ਕੇ ਉਸ ਦਾ ਦੁਆਰਪਾਲ ਹੋ ਗਿਆ।

† ਇਕ ਰਾਜਾ ਹੋਇਆ ਹੈ।

‡ ਹੰਕਾਰ ਦੂਰ ਕਰਨ ਵਾਲਾ। ਹਰਣਾਖਸ਼ ਰਾਜਾ ਦੈਂਤ ਸੀ ਜੋ ਆਪਣੇ ਆਪ ਨੂੰ ਰੱਬ ਕਹਿੰਦਾ ਸੀ। ਉਸ ਦਾ ਆਪਣਾ ਪੁੱਤਰ ਪ੍ਰਹਿਲਾਦ ਹੀ ਬਾਗ਼ੀ ਹੋ ਗਿਆ। ਰਾਜੇ ਨੇ ਪੁੱਤਰ ਨਾਲ ਅਸਹਿ ਜ਼ੁਲਮ ਕੀਤੇ, ਤੱਤੇ ਥੰਮ੍ਹ ਨਾਲ ਵੀ ਬੱਧਾ, ਪਰ ਵਾਹਿਗੁਰੂ ਨੇ ਭਗਤ ਦੀ ਰਛਿਆ ਕੀਤੀ। ਨਰਸਿੰਘ ਰੂਪ ਧਾਰ ਕੇ ਥੰਮ੍ਹ ਪਾੜ ਨਿਕਲਿਆ ਤੇ ਹਰਨਾਖਸ਼ ਨੂੰ ਨੌਂਹਾਂ ਨਾਲ ਮਾਰਿਆ।

§ ਅਰਜਨ ਜਿਸ ਦੀ ਹਜ਼ਾਰ ਬਾਂਹ ਸੀ। ਇਕ ਵਾਰ ਇਹ ਇਕ ਰਿਖੀ ਜਮਦਗਨ ਪਾਸ ਗਿਆ। ਉਸ ਸੇਵਾ ਕੀਤੀ। ਤੁਰਦੀ ਵੇਰ ਰਿਖੀ ਤੋਂ ਕਾਮਧੇਨ ਗਊ ਮੰਗੀ; ਨਾ ਮਿਲਣ 'ਤੇ ਖੋਹਣੀ ਚਾਹੀ, ਪਰ ਗਊ ਤੋਂ ਪੈਦਾ ਹੋਈ ਫੌਜ ਨੇ ਹਾਰ ਦਿੱਤੀ। ਰਾਜੇ ਨੇ ਸਮਾਂ ਪਾ ਕੇ ਅਚਾਨਕ ਹੱਲਾ ਬੋਲਿਆ ਤੇ ਜਮਦਗਨ ਨੂੰ ਮਾਰਿਆ। ਜਮਦਗਨ ਦੇ ਪੁੱਤਰ ਪਰਸਰਾਮ ਨੇ ਬਦਲਾ ਲਿਆ। ਜੰਗ ਵਿੱਚ ਅਰਜਨ ਮਾਰਿਆ ਗਿਆ।

¶ ਮਧੁ ਅਤੇ ਕੈਟਭ ਦੋ ਦੈਂਤ ਭਰਾ ਵਿਸ਼ਨੂੰ ਦੇ ਕੰਨ ਵਿੱਚੋਂ ਉਪਜੇ, ਜਦ ਉਹ ਸੁੱਤਾ ਪਿਆ ਸੀ। ਜਦ ਬ੍ਰਹਮਾ ਜੀ ਨਾਭੀ ਵਿੱਚੋਂ ਨਿਕਲੇ ਤਾਂ ਇਹ ਦੋਵੇਂ ਇਨ੍ਹਾਂ ਨੂੰ ਖਾਣ ਲਈ ਪਏ। ਵਿਸ਼ਨੂੰ ਜੀ ਨੇ ਦੋਹਾਂ ਨੂੰ ਮਾਰਿਆ।

:: ਜਰਾਸੰਧ, ਕਾਲਜਮੁਨ, ਰਕਤਬੀਜ, ਕਾਲ-ਨੇਮ-ਇਹ ਦੈਂਤ ਕ੍ਰਿਸ਼ਨ ਜੀ ਨੇ ਮਾਰੇ।

[੧]ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ [੨]ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥ ਬੂਡਾ ਦੁਰਜੋਧਨੁ[*] ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ [੩]ਜਨ ਕਉ ਦੂਖਿ ਪਚੈ ਦੁਖੁ ਹੋਈ ॥ ੯ ॥ ਜਨਮੇਜੈ[†] ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ[੪] ਪਛੁਤਾਨਿਆ ॥ ੧੦ ॥ ਕੰਸੁ[‡] ਕੇਸੁ[§] ਚਾਂਡੂਰੁ[¶] [੫]ਨ ਕੋਈ ॥ ਰਾਮੁ ਨ ਚੀਨਿਆ[੬] ਅਪਨੀ ਪਤਿ ਖੋਈ ॥ ਬਿਨੁ ਜਗਦੀਸ[੭] ਨ ਰਾਖੈ ਕੋਈ ॥ ੧੧ ॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ [੮]ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥ ੧੨ ॥ ੯ ॥ ਗਉੜੀ ਮਹਲਾ ੧ ॥ ਚੋਆ[੯] ਚੰਦਨੁ ਅੰਕਿ[੧੦] ਚੜਾਵਉ ॥ [੧੧]ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥ ੧ ॥ ਕਿਆ ਪਹਿਰਉ ਕਿਆ ਓਢਿ[੧੨] ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥ ੧ ॥ ਰਹਾਉ ॥ [੧੩]ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ [੧੪]ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ[੧੫] ॥ ੨ ॥ [੧੬]ਨੈਨ ਸਲੋਨੀ ਸੁੰਦਰ ਨਾਰੀ ॥ ਖੋੜ[੧੭] ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥ ਦਰ ਘਰ ਮਹਲਾ ਸੇਜ ਸੁਖਾਲੀ[੧੮] ॥ ਅਹਿਨਿਸਿ[੧੯] ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ[੨੦] ॥ ੪ ॥ ਹੈਵਰ[੨੧] ਗੈਵਰ[੨੨] ਨੇਜੇ ਵਾਜੇ ॥ ਲਸਕਰ ਨੇਬ[੨੩] ਖਵਾਸੀ[੨੪] ਪਾਜੇ[੨੫] ॥ ਬਿਨੁ ਜਗਦੀਸ ਝੂਠੇ ਦਿਵਾਜੇ[੨੬] ॥ ੫ ॥ ਸਿਧੁ[੨੭] ਕਹਾਵਉ [੨੮]ਰਿਧਿ ਸਿਧਿ ਬੁਲਾਵਉ ॥ [੨੯]ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥ ੬ ॥ ਖਾਨੁ ਮਲੂਕੁ[੩੦] ਕਹਾਵਉ ਰਾਜਾ ॥ [੩੧]ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥ ੭ ॥ ਹਉਮੈ ਮਮਤਾ[੩੨] ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ[੩੩] ॥ ਪ੍ਰਣਵਤਿ[੩੪] ਨਾਨਕ ਸਰਣਿ ਤੁਮਾਰੀ ॥ ੮ ॥ ੧੦ ॥ ਗਉੜੀ ਮਹਲਾ ੧ ॥ [੩੫]ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ[੩੬] ਬਿਆਧਿ[੩੭] ਤਿਆਗੈ ਕਵਰੇ[੩੮] ॥ [੩੯]ਭਾਇ ਮਿਲੈ ਸਚੁ ਸਾਚੈ ਸਚੁ ਰੇ ॥ ੧ ॥ ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥ ੧ ॥ ਰਹਾਉ ॥ [੪੦]ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ[੪੧] ॥ ਸੋ ਉਬਰੈ[੪੨] ਗੁਰ ਸਬਦੁ ਬੀਚਾਰੈ ॥ ੨ ॥ ਭ੍ਰਿੰਗ[੪੩] ਪਤੰਗੁ ਕੁੰਚਰੁ[੪੪] ਅਰੁ ਮੀਨਾ[੪੫] ॥ ਮਿਰਗੁ[੪੬] ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ[੪੭] ॥ ੩ ॥ ਕਾਮੁ ਚਿਤੈ ਕਾਮਣਿ ਹਿਤਕਾਰੀ[੪੮] ॥ [੪੯]ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿ ਮਤਿ ਖੋਵਹਿ

੧ ਆਪੇ ਵਾਹਿਗੁਰੂ ਸਤਿਗੁਰੂ ਹੋ ਕੇ ਸ਼ਬਦ ਵਿਚਾਰਦਾ ਹੈ।
੨ ਗੁਰਮੁਖਾਂ ਨੂੰ ਸੱਚ ਤੇ ਭਗਤੀ ਦੇ ਕਾਰਨ ਤਾਰਦਾ ਹੈ।
੩ ਹਰੀ ਦੇ ਦਾਸਾਂ ਨੂੰ ਜੋ ਦੁੱਖ ਦਿੰਦਾ ਹੈ, ਉਹ ਦੁਖੀ ਹੋ ਕੇ ਖੁਆਰ ਹੁੰਦਾ ਹੈ।
੪ ਮੁੜ ਕੇ।
੫ ਜਿਨ੍ਹਾਂ ਦੇ ਬਰਾਬਰ ਕੋਈ ਨਹੀਂ ਸੀ।
੬ ਸਮਝਿਆ।
੭ ਜਗਤ ਦਾ ਈਸ਼੍ਵਰ।
੮ ਗੁਰਮਤ ਦੁਆਰਾ ਹਰੀ-ਨਾਮ ਜਪ ਕੇ ਧਰਮ ਤੇ ਧੀਰਜ ਪ੍ਰਾਪਤ ਹੁੰਦੇ ਹਨ।
੯ ਅਗਰ ਦਾ ਤੇਲ, ਅਤਰ।
੧੦ ਅੰਗ ਨਾਲ, ਸਰੀਰ ਨਾਲ।
੧੧ ਪਟ ਅਤੇ ਪਟ ਦੇ ਅੰਬਰ (ਕਪੜੇ)।
੧੨ ਪਹਿਨ ਕੇ।
੧੩ ਕੰਨਾਂ ਵਿਚ ਕੁੰਡਲ।
੧੪ ਲਾਲ ਰੰਗ ਦੀ ਤੁਲਾਈ 'ਤੇ ਉੱਤੇ ਲਾਲਹ ਦੇ ਫੁੱਲ ਪਾਏ ਹੋਏ।
੧੫ ਲੱਭਦਾ ਹੈ।
੧੬ ਸੁੰਦਰ ਨੈਣਾਂ ਵਾਲੀ।
੧੭ ਖੋੜਸ, ਸੋਲਾਂ ਕਿਸਮ ਦੇ।
੧੮ ਸੁਖਦਾਈ।
੧੯ ਦਿਨ ਰਾਤ।
੨੦ ਦੁਖੀ।
੨੧ ਚੰਗੇ-ਚੰਗੇ ਘੋੜੇ।
੨੨ ਚੰਗੇ-ਚੰਗੇ ਹਾਥੀ।
੨੩ ਨਾਇਬ।
੨੪ ਸ਼ਾਹੀ ਸੇਵਕ।
੨੫ ਦਿਖਾਵੇ ਕਈ ਤਰ੍ਹਾਂ ਦੇ।
੨੬ ਦਿਖਾਵੇ। ਦੇਖੋ ਪੰਨਾ ੧੪੦, ਨੋਟ ੧੫।
੨੭ ਕਰਾਮਾਤੀ ਸਾਧੂ।
੨੮ ਕਰਾਮਾਤੀ ਸ਼ਕਤੀਆਂ ਨੂੰ ਹੁਕਮ ਦੇਵਾਂ।
੨੯ ਸਿਰ 'ਤੇ ਤਾਜ ਦੀ ਟੋਪੀ ਅਤੇ ਛਤਰ ਸਜਾਵਾਂ।
੩੦ ਪਾਤਸ਼ਾਹ।
੩੧ 'ਅਬੇ ਤਬੇ' ਕਰਨਾ ਮੁਹਾਵਰਾ ਹੈ, ਜਿਸ ਦਾ ਭਾਵ ਹੈ ਨੌਕਰਾਂ ਚਾਕਰਾਂ 'ਤੇ ਹਕੂਮਤ ਕਰਨੀ।
੩੨ ਮੈਂ ਦਾ ਭਾਵ, ਖ਼ੁਦੀ।
੩੩ [ਮੁਰ ਰਾਖਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੩੪ ਬੇਨਤੀ ਕਰਦਾ ਹੈ।
੩੫ ਇਕ ਹਰੀ ਦੀ ਸੇਵਾ ਕਰਦਾ ਹੈ, ਹੋਰਨਾਂ ਨੂੰ ਜਾਣਦਾ ਹੀ ਨਹੀਂ।
੩੬ ਪੰਜਾਂ ਤੱਤਾਂ ਦਾ ਵਿਸਥਾਰ, ਭਾਵ ਸ੍ਰਿਸ਼ਟੀ।
੩੭ ਰੋਗ। ਜਗਤ ਦੇ ਰੋਗ ਕੌੜੇ ਜਾਣ ਕੇ ਤਿਆਗਦਾ ਹੈ।
੩੮ ਕੌੜੇ।
੩੯ ਪ੍ਰੇਮ ਨਾਲ ਉਸ ਨਿਰੋਲ ਸੱਚ ਸਰੂਪ ਨੂੰ ਮਿਲਦਾ ਹੈ।
੪੦ ਉਲਟਾ। ਸਾਰੇ ਜਗਤ ਦਾ ਹਿਰਦੇ ਰੂਪ ਕੰਵਲ ਉਲਟਾ ਹੈ, ਭਾਵ ਕਰਤਾਰ ਵਲੋਂ ਬੇਮੁਖ ਹੈ।
੪੧ ਸਾੜਦੀ ਹੈ ਚੰਗੀ ਤਰ੍ਹਾਂ।
੪੨ ਬਚਦਾ ਹੈ।
੪੩ ਭੌਰਾ।
੪੪ ਹਾਥੀ।
੪੫ ਮੱਛੀ।
੪੬ ਹਿਰਨ। ਇਹ ਪੰਜੇ ਇਕ-ਇਕ ਵਿਸ਼ੇ ਅਧੀਨ ਹਨ ਤੇ ਆਪਣਾ ਕੀਤਾ ਸਹਾਰਦੇ ਹਨ, ਭਾਵ ਭੋਗਦੇ ਹਨ।
੪੭ ਵੇਖਿਆ। ਤ੍ਰਿਸ਼ਨਾ ਵਿੱਚ ਲੱਗ ਕੇ ਤੱਤ ਨਹੀਂ ਪਛਾਣਿਆ।
੪੮ ਪ੍ਰੇਮੀ। ਇਸਤ੍ਰੀ ਦਾ ਪ੍ਰੇਮੀ ਕਾਮ ਨੂੰ ਚਿਤਵਦਾ ਹੈ।
੪੯ ਸਾਰੇ ਵਿਕਾਰੀਆਂ ਨੂੰ ਕ੍ਰੋਧ ਨਾਸ ਕਰਦਾ ਹੈ।

* ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਜੋ ਪਾਂਡਵਾਂ ਦਾ ਵਿਰੋਧੀ ਸੀ, ਛਲ ਨਾਲ ਜੂਆ ਖੇਡ ਕੇ ਪਾਂਡਵਾਂ ਤੋਂ ਰਾਜ-ਭਾਗ ਤੇ ਉਨ੍ਹਾਂ ਦੀ ਪਿਆਰੀ ਇਸਤਰੀ ਦਰੋਪਦੀ ਜਿੱਤ ਲਈ ਤੇ ਉਨ੍ਹਾਂ ਨੂੰ ਬਨਬਾਸ ਧੱਕ ਦਿੱਤਾ। ਇਸ ਨੇ ਦਰੋਪਦੀ ਨੂੰ ਬੇਪਤ ਕਰਨ ਦਾ ਯਤਨ ਕੀਤਾ, ਜਿਸ 'ਤੇ ਭੀਮਸੈਨ ਨੇ ਕਿਹਾ ਕਿ ਮੈਂ ਇਹਦੇ ਪੱਟਾਂ ਨੂੰ ਆਪਣੀ ਗਦਾ ਨਾਲ ਭੰਨਾਂਗਾ। ਪਿੱਛੋਂ ਕੁਰਖੇਤਰ ਦੇ ਮੈਦਾਨ ਵਿੱਚ ਦੋਹਾਂ ਦੀ ਲੜਾਈ ਹੋਈ। ਦੁਰਯੋਧਨ ਮਾਰਿਆ ਗਿਆ।

† ਸੱਪਾਂ ਦਾ ਵੈਰੀ ਰਾਜਾ ਹੋਇਆ ਹੈ। ਵਿਆਸ ਦਾ ਬਚਨ ਨਾ ਮੰਨਣ ਕਰਕੇ ਇਸ ਨੂੰ ਰੋਗ ਨੇ ਗ੍ਰਸਿਆ।

‡ ਕ੍ਰਿਸ਼ਨ ਜੀ ਦਾ ਮਾਮਾ ਜਿਸ ਨਾਲ ਉਨ੍ਹਾਂ ਦੇ ਯੁਧ ਹੋਏ, ਆਖ਼ਿਰ ਕ੍ਰਿਸ਼ਨ ਜੀ ਦੀ ਜਿੱਤ ਹੋਈ।

§ ਕੇਸੀ, ਇਕ ਦੈਂਤ ਜੋ ਕੰਸ ਦੀ ਆਗਿਆ ਨਾਲ ਘੋੜੇ ਦਾ ਰੂਪ ਵਟਾ ਕੇ ਕ੍ਰਿਸ਼ਨ ਜੀ ਨੂੰ ਮਾਰਨ ਆਇਆ, ਪਰ ਆਪ ਮਾਰਿਆ ਗਿਆ।

¶ ਚਾਣੂਰ, ਕੰਸ ਦਾ ਪਹਿਲਵਾਨ, ਜਿਸ ਨੂੰ ਕ੍ਰਿਸ਼ਨ ਨੇ ਮਾਰਿਆ।

ਨਾਮੁ ਵਿਸਾਰੀ ॥ ੪ ॥ ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ[੧] ਧੰਧੈ ਲਪਟਾਇ[੨] ॥ ਗੁਰਮੁਖਿ[੩] ਛੂਟਸਿ ਹਰਿ ਗੁਣ ਗਾਇ ॥ ੫ ॥ ਜਿਉ ਤਨੁ ਬਿਧਵਾ [੪]ਪਰ ਕਉ ਦੇਈ ॥ [੫]ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ ਬਿਨੁ ਪਿਰ ਤ੍ਰਿਪਤਿ[੬] ਨ ਕਬਹੂੰ ਹੋਈ ॥ ੬ ॥ ਪੜਿ ਪੜਿ ਪੋਥੀ ਸਿੰਮ੍ਰਿਤਿ[੭] ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ[੮] ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ[੯] ॥ ੭ ॥ ਜਿਉ ਚਾਤ੍ਰਿਕ[੧੦] ਜਲ ਪ੍ਰੇਮ ਪਿਆਸਾ ॥ [੧੧]ਜਿਉ ਮੀਨਾ ਜਲ ਮਾਹਿ ਉਲਾਸਾ ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥ ੮ ॥ ੧੧ ॥ ਗਉੜੀ ਮਹਲਾ ੧ ॥ ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ[੧੨] ਪਛੁਤਾਵੈ ॥ ੧ ॥ [੧੩]ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥ ੧ ॥ ਰਹਾਉ ॥ ਚੋਆ[੧੪] ਚੰਦਨ ਅਗਰ[੧੫] ਕਪੂਰਿ ॥ [੧੬]ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥ ੨ ॥ ਨੇਜੇ ਵਾਜੇ ਤਖਤਿ ਸਲਾਮੁ ॥ [੧੭]ਅਧਕੀ ਤ੍ਰਿਸਨਾ ਵਿਆਪੈ ਕਾਮੁ ॥ [੧੮]ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥ ੩ ॥ ਵਾਦਿ[੧੯] ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ[੨੦] ॥ [੨੧]ਦੂਜੈ ਭਾਇ ਅਗਿਆਨੁ ਦੁਹੇਲਾ ॥ ੪ ॥ ਬਿਨੁ ਦਮ[੨੨] ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ[੨੩] ॥ ਬਿਨੁ ਗੁਰ ਸੇਵੇ [੨੪]ਘਾਟੇ ਘਾਟਿ ॥ ੫ ॥ ਤਿਸ ਕਉ [੨੫]ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥ ੬ ॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ[੨੬] ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥ ੭ ॥ ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ[੨੭] ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥ ੮ ॥ ੧੨ ॥ ਗਉੜੀ ਮਹਲਾ ੧ ॥ ਹਉਮੈ ਕਰਤ ਭੇਖੀ[੨੮] ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ [੨੯]ਮਨੁ ਮਾਨਿਆ ॥ ੧ ॥ ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥ ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥ ੨ ॥ ਹਉਮੈ ਨਿਵਰੈ[੩੦] ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ [੩੧]ਪੰਚ ਸੰਘਾਰੈ ॥ ੩ ॥ ਅੰਤਰਿ ਸਾਚੁ [੩੨]ਸਹਜ ਘਰਿ ਆਵਹਿ ॥ ਰਾਜਨੁ[੩੩] ਜਾਣਿ ਪਰਮ ਗਤਿ ਪਾਵਹਿ ॥ ੪ ॥ ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ [੩੪]ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥ [੩੫]ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ[੩੬] ਸੋ [੩੭]ਝਗਰੁ ਚੁਕਾਵੈ ॥ ੬ ॥ [੩੮]ਜੇਤੀ ਹੈ ਤੇਤੀ ਕਿਹੁ ਨਾਹੀ ॥ *ਗੁਰਮੁਖਿ

੧ ਰੱਸੀ (ਫਾਂਸੀ ਦੀ)।
੨ ਫਸਦਾ ਹੈ (ਧੰਧਿਆਂ ਵਿੱਚ)।
੩ ਗੁਰੂ ਦੁਆਰਾ।
੪ ਪਰਾਏ ਮਨੁੱਖ ਨੂੰ।
੫ ਉਹ ਕਾਮ ਤੇ ਪੈਸਿਆਂ ਦੀ ਖਾਤਰ ਆਪਣਾ ਚਿਤ ਪਰਾਏ ਵੱਸ ਕਰਦੀ ਹੈ।
੬ ਸ਼ਾਂਤੀ।
੭ ਦੇਖੋ ਪੰਨਾ ੧੧, ਫੁਟ ਨੋਟ *।
੮ ਬਣਾਵਟ, ਰਚਨਾ ਵੇਦਾਦਿਕ ਦੀ।
੯ ਨਚਿਆ, ਭਟਕਿਆ ।
੧੦ ਪਪੀਹਾ। ਦੇਖੋ ਪੰਨਾ ੯੫, ਫੁਟ ਨੋਟ *।
੧੧ ਜਿਵੇਂ ਮੱਛੀ ਪਾਣੀ ਵਿੱਚ ਅਨੰਦ ਲੈਂਦੀ ਹੈ, ਤਿਵੇਂ ਨਾਨਕ ਹਰੀ-ਨਾਮ ਦਾ ਰਸ ਪੀ ਕੇ ਰੱਜਦਾ ਹੈ।
੧੨ ਪਿਛੋਂ।
੧੩ ਤੂੰ ਹਰੀ ਨੂੰ ਮਨ ਵਿੱਚ ਵਸਾ ਤੇ ਮਨ ਵਿੱਚ ਸੁਖ ਲੈ।
੧੪ ਅਤਰ।
੧੫ ਇਕ ਸੁਗੰਧ ਵਾਲੀ ਲੱਕੜੀ।
੧੬ ਮਾਇਆ ਵਿੱਚ ਜੋ ਮਸਤ ਹੈ, ਉਸ ਤੋਂ ਮੁਕਤੀ ਦੂਰ ਹੈ।
੧੭ ਇਨ੍ਹਾਂ ਨਾਲ ਤ੍ਰਿਸ਼ਨਾ ਬਹੁਤੀ ਹੁੰਦੀ ਹੈ, ਵਧਦੀ ਹੈ, ਅਤੇ ਕਾਮ ਆਣ ਚਿੰਬੜਦਾ ਹੈ।
੧੮ ਹਰੀ ਨੂੰ ਮੰਗਣ ਤੋਂ ਬਿਨਾਂ, ਭਾਵ ਹਰੀ ਦੀ ਲੋੜ ਮਹਿਸੂਸ ਕਰਨ ਤੋਂ ਬਿਨਾਂ, ਨਾ ਭਗਤੀ ਲੱਭਦੀ ਹੈ, ਨਾ ਨਾਮ ਪ੍ਰਾਪਤ ਹੁੰਦਾ ਹੈ।
੧੯ ਝਗੜੇ ਵਿੱਚ।
੨੦ ਸੁਖਦਾਈ।
੨੧ ਦ੍ਵੈਤ ਭਾਵ ਕਰ ਕੇ ਦੁਖਦਾਈ ਅਗਿਆਨ ਮਿਲਦਾ ਹੈ।
੨੨ ਪੈਸਿਆਂ ਦੇ।
੨੩ ਰਸਤਾ, ਸਫ਼ਰ। ਬਿਨਾਂ ਜਹਾਜ਼ ਦੇ ਸਮੁੰਦਰ ਦਾ ਸਫ਼ਰ ਨਹੀਂ ਹੁੰਦਾ।
੨੪ ਘਾਟਾ ਹੀ ਘਾਟਾ ਹੈ।
੨੫ ਧੰਨਤਾ, ਭਾਵ ਵਾਰਨੇ ਜਾਈਏ।
੨੬ ਰਿਜ਼ਕ ਕੇ।
੨੭ ਹਰ ਰੋਜ਼।
੨੮ ਭੇਖਾਂ ਨਾਲ।
੨੯ ਮਨ ਮੰਨਿਆ ਹੈ। ਕੋਈ ਵਿਰਲਾ ਹੀ ਹੈ ਜੋ ਗੁਰੂ ਦੁਆਰੇ ਹੋ ਕੇ ਭਗਤੀ ਵਿੱਚ ਮਨ ਦੀ ਸ਼ਾਂਤੀ ਪ੍ਰਾਪਤ ਕਰਦਾ ਹੈ।
੩੦ ਦੂਰ ਹੁੰਦੀ ਹੈ।
੩੧ ਪੰਜਾਂ (ਕਾਮ, ਕ੍ਰੋਧ ਆਦਿ) ਨੂੰ ਮਾਰੇ।
੩੨ ਪੂਰਨ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ ਵਿੱਚ।
੩੩ ਵਾਹਿਗੁਰੂ ਨੂੰ।
੩੪ ਨਿਰਭਉ ਹਰੀ ਦੇ ਸਰੂਪ ਵਿੱਚ।
੩੫ ਜੋ ਹਉਂ-ਹਉਂ ਕਰਦੇ ਮਰਦੇ ਹਨ, ਉਹਨਾਂ ਨੂੰ ਕੀ ਮਿਲਦਾ ਹੈ?
੩੬ ਮਿਲੇ।
੩੭ ਉਹ (ਗੁਰੂ) ਇਹੋ ਜਿਹੇ ਝਗੜੇ ਦੂਰ ਕਰਦਾ ਹੈ।
੩੮ ਜਿਤਨੀ ਕੁਝ ਦਿੱਸ ਰਹੀ ਹੈ, ਉਹ ਅਸਲ ਵਿੱਚ ਕੁਝ ਨਹੀਂ।

* ਗੁਰੂ ਦੁਆਰੇ ਇਹ ਗਿਆਨ ਪ੍ਰਾਪਤ ਕਰ ਕੇ ਹਰੀ ਦੇ ਗੁਣ ਗਾਈਦੇ ਹਨ।

ਗਿਆਨ ਭੇਟਿ ਗੁਣ ਗਾਹੀ ॥ ੭ ॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ
ਰਾਮ ਭਗਤਿ ਸੁਖੁ ਪਾਵੈ ॥ ੮ ॥ ੧੩ ॥ ਗਉੜੀ ਮਹਲਾ ੧ ॥ ਪ੍ਰਥਮੇ ਬ੍ਰਹਮਾ
[੧]ਕਾਲੈ ਘਰਿ ਆਇਆ ॥ *ਬ੍ਰਹਮ ਕਮਲੁ ਪਇਆਲਿ ਨ ਪਾਇਆ ॥
[੨]ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥ ੧ ॥ ਜੋ ਉਪਜੈ ਸੋ [੩]ਕਾਲਿ
ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥ ੧ ॥ ਰਹਾਉ ॥
ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥
ਓਹੁ ਅਬਿਨਾਸੀ ਅਲਖ[੪] ਅਭੇਵਾ[੫] ॥ ੨ ॥ ਸੁਲਤਾਨ ਖਾਨ ਬਾਦਿਸਾਹ ਨਹੀ
ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ[੬] ਨਾਮੁ ਜਿਉ ਰਾਖਹੁ
ਰਹਨਾ ॥ ੩ ॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ[੭] ॥ [੮]ਸਾਹ ਮਰਹਿ ਸੰਚਹਿ
ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥ ੪ ॥ ਰਜਤਿ ਮਹਰ[੯]
ਮੁਕਦਮ[੧੦] ਸਿਕਦਾਰੈ[੧੧] ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ [੧੨]ਅਫਰਿਉ
ਕਾਲੁ ਕੂੜੁ ਸਿਰਿ ਮਾਰੈ ॥ ੫ ॥ ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ
ਕਰਿ ਸਾਜੀ ਤਿਨਹਿ ਸਭ ਗੋਈ[੧੩] ॥ ਓਹੁ ਗੁਰਮੁਖਿ[੧੪] ਜਾਪੈ ਤਾਂ ਪਤਿ ਹੋਈ ॥
੬ ॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ[੧੫] ॥ ਕਾਲੁ
ਨ ਛੋਡੈ ਬਿਨੁ ਸਤਿਗੁਰ ਕੀ ਧੀਰਾ[੧੬] ॥ ੭ ॥ [੧੭]ਕਾਲੁ ਜਾਲੁ ਜਿਹਵਾ ਅਰੁ
ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ[੧੮] ॥ ਬਿਨੁ ਸਬਦੈ [੧੯]ਮੂਠੇ ਦਿਨੁ ਰੈਣੀ ॥
੮ ॥ ਹਿਰਦੈ ਸਾਚੁ ਵਸੈ ਹਰਿ ਨਾਇ ॥ [੨੦]ਕਾਲੁ ਨ ਜੋਹਿ ਸਕੈ ਗੁਣ ਗਾਇ ॥
ਨਾਨਕ ਗੁਰਮੁਖਿ ਸਬਦਿ ਸਮਾਇ ॥ ੯ ॥ ੧੪ ॥ ਗਉੜੀ ਮਹਲਾ ੧ ॥ ਬੋਲਹਿ
ਸਾਚੁ ਮਿਥਿਆ ਨਹੀ ਰਾਈ[੨੧] ॥ ਚਾਲਹਿ ਗੁਰਮੁਖਿ[੨੨] ਹੁਕਮਿ ਰਜਾਈ ॥
ਰਹਹਿ ਅਤੀਤ[੨੩] ਸਚੇ ਸਰਣਾਈ ॥ ੧ ॥ ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ[੨੪] ਕਉ [੨੫]ਆਵਤ ਜਾਵਤ ਦੁਖੁ ਮੋਹੈ ॥ ੧ ॥ ਰਹਾਉ ॥ [੨੬]ਅਪਿਉ
ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥
ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥ ੨ ॥ ਗੁਰਮਤਿ ਚਾਲ[੨੭] ਨਿਹਚਲ ਨਹੀ
ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ [੨੮]ਤਤੁ ਵਿਰੋਲੈ ॥
੩ ॥ ਸਤਿਗੁਰੁ ਦੇਖਿਆ ਦੀਖਿਆ[੨੯] ਲੀਨੀ ॥ ਮਨੁ ਤਨੁ ਅਰਪਿਓ
[੩੦]ਅੰਤਰਗਤਿ ਕੀਨੀ ॥ [੩੧]ਗਤਿ ਮਿਤਿ ਪਾਈ ਆਤਮੁ ਚੀਨੀ ॥ ੪ ॥ ਭੋਜਨੁ
ਨਾਮੁ ਨਿਰੰਜਨ ਸਾਰੁ[੩੨] ॥ [੩੩]ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ
ਤਹ ਏਕੰਕਾਰੁ ॥ ੫ ॥ [੩੪]ਰਹੈ ਨਿਰਾਲਮੁ ਏਕਾ ਸਚੁ ਕਰਣੀ ॥ [੩੫]ਪਰਮ ਪਦੁ
ਪਾਇਆ ਸੇਵਾ ਗੁਰ ਚਰਣੀ ॥ [੩੬]ਮਨ ਤੇ ਮਨੁ ਮਾਨਿਆ [੩੭]ਚੂਕੀ ਅਹੰ
ਭ੍ਰਮਣੀ ॥ ੬ ॥ [੩੮]ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ

੧ ਕਾਲ (ਮੌਤ) ਦੇ ਵੱਸ ਵਿੱਚ।
੨ ਹਰੀ ਦਾ ਹੁਕਮ ਨਾ ਮੰਨਿਆ, ਉਸ ਦੀ ਰਜ਼ਾ ਵਿੱਚ ਨਾ ਰਿਹਾ, ਇਸ ਲਈ ਸ਼ੱਕ ਵਿੱਚ ਪੈ ਗਿਆ।
੩ ਕਾਲ ਨੇ ਮਾਰਿਆ ਹੈ।
੪ ਜਿਸ ਨੂੰ ਸਮਝ ਨਾ ਸਕੀਏ।
੫ ਜਿਸ ਦਾ ਭੇਦ ਨਾ ਲਭੇ।
੬ ਆਸਰਾ।
੭ ਸਥਿਰਤਾ।
੮ ਸ਼ਾਹੂਕਾਰ ਮਰ ਜਾਂਦੇ ਹਨ ਜੋ 'ਕੱਠੀ ਕਰਦੇ ਹਨ ਮਾਇਆ ਤੇ ਦਾਮ (ਪੈਸੇ)।
੯ ਮੁਖੀਆ।
੧੦ ਚੌਧਰੀ।
੧੧ ਸਰਦਾਰ।
੧੨ ਅਮੋੜ ਕਾਲ ਕੂੜੇ ਮਨੁੱਖ ਨੂੰ ਸਿਰ 'ਤੇ ਚੋਟ ਮਾਰਦਾ ਹੈ।
੧੩ ਮੇਟੀ, ਲੈ ਕੀਤੀ।
੧੪ ਗੁਰਾਂ ਦੁਆਰੇ।
੧੫ ਪੀੜ।
੧੬ ਧੀਰਜ, ਦਿਲਾਸਾ।
੧੭ ਕਾਲ ਰੂਪ ਜਾਲ ਜੀਭ, ਨੈਣ, ਕੰਨਾਂ ਆਦਿਕ ਦੇ ਸਵਾਦਾਂ ਕਰਕੇ ਤਣਿਆ ਪਿਆ ਹੈ।
੧੮ ਬਚਨ। ਕੰਨਾਂ ਨੂੰ ਕਾਲ ਇਹ ਹੈ ਕਿ ਮਨੁੱਖ ਮਾੜੇ ਬਚਨ ਸੁਣਦਾ ਹੈ; ਭਾਵ ਮਾੜੇ ਬਚਨ ਸੁਣਨਾ ਭੀ ਮੌਤ ਵੱਲ ਲਿਜਾਂਦਾ ਹੈ।
੧੯ ਦਿਨ ਰਾਤ ਲੁੱਟੇ ਜਾ ਰਹੇ ਹਨ।
੨੦ ਗੁਣ ਗਾਉਣ ਕਰਕੇ ਕਾਲ ਨਹੀਂ ਵੇਖ ਸਕਦਾ (ਮਾਰ ਸਕਦਾ)।
੨੧ ਰਾਈ ਭਰ, ਰਤਾ ਵੀ।
੨੨ ਦੇਖੋ ਪੰਨਾ ੧੧, ਨੋਟ ੨੦।
੨੩ ਵਿਰੱਕਤ, ਨਿਰਲੇਪ।
੨੪ ਦੇਖੋ ਪੰਨਾ ੧੧, ਨੋਟ ੨੧।
੨੫ ਮੋਹ ਦੇ ਕਾਰਨ ਦੁੱਖ ਹੈ ਤੇ ਆਉਂਦਾ ਜਾਂਦਾ (ਜੰਮਦਾ ਮਰਦਾ) ਹੈ।
੨੬ ਅੰਮ੍ਰਿਤ ਪੀਵੀਏ ਤੇ ਅਕੱਥ ਹਰੀ ਨੂੰ ਕਥਦੇ ਰਹੀਏ। ਆਪਣੇ ਸਰੂਪ ਵਿੱਚ ਬੈਠ ਕੇ, ਭਾਵ ਅਸਲੇ ਦੀ ਪਛਾਣ ਕਰਕੇ, ਸਹਜ ਅਵਸਥਾ ਨੂੰ ਪ੍ਰਾਪਤ ਕਰੀਏ। ਹਰੀ-ਰਸ ਵਿੱਚ ਮੱਤੇ ਹੋਣ ਦਾ ਇਹ ਸੁਖ ਕਹੀਦਾ ਹੈ। 'ਸਹਜ' ਲਈ ਵੇਖੋ ਪੰਨਾ ੬੮ ਦਾ ਫੁਟ ਨੋਟ *।
੨੭ ਵਰਤਾਰਾ ਜ਼ਿੰਦਗੀ ਦਾ।
੨੮ ਤੱਤ ਨੂੰ ਰੜਕਦਾ ਹੈ।
੨੯ ਸਿੱਖਿਆ।
੩੦ ਅੰਦਰਵਾਰ ਕਰ ਲਈ (ਦੀਖਿਆ); ਭਾਵ ਗੁਰੂ ਦੀ ਸਿਖਿਆ ਦਿਲ ਦੇ ਅੰਦਰ ਬਿਠਾ ਲਈ (ਤਨ ਮਨ ਦੇ ਕੇ)।
੩੧ ਆਤਮਾ ਨੂੰ ਖੋਜਿਆ ਹੈ, ਤੇ ਉਸ ਦੀ ਪਹੁੰਚ ਦਾ ਮਾਪ ਪਾ ਲਿਆ ਹੈ।
੩੨ ਉੱਤਮ। ਪਵਿੱਤਰ ਵਾਹਿਗੁਰੂ ਦਾ ਨਾਮ ਹੀ ਉੱਤਮ ਭੋਜਨ ਹੈ।
੩੩ ਉਸ ਗੁਰਮੁਖ ਰੂਪ ਪਰਮਹੰਸ ਨੂੰ ਉਸ ਸੱਚੇ ਹਰੀ ਦੀ ਜੋਤ ਦਿੱਸਦੀ ਹੈ।
੩੪ ਉਹ ਨਿਰਲੇਪ ਰਹਿੰਦਾ ਹੈ ਤੇ ਕੇਵਲ ਇਕ ਸੱਚ ਹੀ ਉਸ ਦੀ ਕਰਣੀ ਹੈ।
੩੫ ਉੱਚੀ ਤੋਂ ਉੱਚੀ ਗਤੀ।
੩੬ ਮਨ ਤੋਂ ਹੀ ਮਨ ਪਤੀਜ ਗਿਆ ਹੈ, ਭਾਵ ਅੰਦਰੋਂ ਹੀ ਤਸੱਲੀ ਹੋ ਗਈ ਹੈ।
੩੭ ਦੂਰ ਹੋ ਗਈ ਹੈ ਹੰਕਾਰ ਕਰਕੇ ਜੋ ਭਟਕਣ ਲੱਗੀ ਸੀ।
੩੮ ਇਸ ਤਰੀਕੇ ਨਾਲ।

* ਬ੍ਰਹਮ (ਵਿਸ਼ਨੂੰ) ਦੇ ਕਮਲ ਨੂੰ (ਭਾਵ ਉਸ ਦੀ ਡੂੰਘਿਆਈ ਨੂੰ) ਪਤਾਲ ਤੱਕ ਜਾ ਕੇ ਵੀ ਨਾ ਪਾਇਆ। ਵਿਸ਼ਨੂੰ ਦੀ ਨਾਭੀ 'ਚੋਂ ਕਮਲ ਨਿਕਲਿਆ, ਇਸ ਵਿੱਚੋਂ ਬ੍ਰਹਮਾ ਪੈਦਾ ਹੋਇਆ, ਉਹ ਰਚਨਾ ਦਾ ਅੰਤ ਪਾਣ ਲਈ ਕਮਲ ਅੰਦਰ ਚਲਾ ਗਿਆ ਤੇ ਅੰਦਰ ਕਈ ਪਤਾਲ ਢੂੰਢ ਮਾਰੇ ਪਰ ਅੰਤ ਨਾ ਪਾ ਸਕਿਆ।

ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ[੧] ॥ ੭ ॥
[੨]ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ [੩]ਛਾਇਆ
ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥ ੮ ॥ ਜਿਨ ਕੈ ਮਨਿ ਵਸਿਆ
ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ[੪] ਹੋਈ ॥ ਨਾਨਕ ਸਾਚਿ ਨਾਮਿ ਮਲੁ
ਖੋਈ ॥ ੯ ॥ ੧੫ ॥ ਗਉੜੀ ਮਹਲਾ ੧ ॥ ਰਾਮਿ ਨਾਮਿ ਚਿਤੁ ਰਾਪੈ[੫] ਜਾ ਕਾ ॥
ਉਪਜੰਪਿ[੬] ਦਰਸਨੁ ਕੀਜੈ ਤਾ ਕਾ ॥ ੧ ॥ ਰਾਮ ਨ ਜਪਹੁ ਅਭਾਗੁ[੭] ਤੁਮਾਰਾ ॥
ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥ ੧ ॥ ਰਹਾਉ ॥ ਗੁਰਮਤਿ ਰਾਮੁ ਜਪੈ
ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ[੮] ॥ ੨ ॥ ਜੋ ਜਨ ਰਾਮ ਭਗਤਿ
ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥ ੩ ॥ ਜਿਨ ਕੈ ਹਿਰਦੈ ਹਰਿ
ਹਰਿ ਸੋਈ ॥ ਤਿਨ ਕਾ ਦਰਸੁ ਪਰਸਿ[੯] ਸੁਖੁ ਹੋਈ ॥ ੪ ॥ [੧੦]ਸਰਬ ਜੀਆ ਮਹਿ
ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥ ੫ ॥ ਸੋ ਬੂਝੈ ਜੋ
ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥ ੬ ॥ [੧੧]ਅਰਧ ਉਰਧ ਕੀ
ਸੰਧਿ ਕਿਉ ਜਾਨੈ ॥ [੧੨]ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥ ੭ ॥ ਹਮ ਪਾਪੀ
ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥
੮ ॥ ੧੬ ॥ ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥

ਗਉੜੀ ਬੈਰਾਗਣਿ ਮਹਲਾ ੧ ੴ ਸਤਿਗੁਰ ਪ੍ਰਸਾਦਿ ॥

ਜਿਉ ਗਾਈ ਕਉ ਗੋਇਲੀ[੧੩] [੧੪]ਰਾਖਹਿ ਕਰਿ ਸਾਰਾ ॥ ਅਹਿਨਿਸਿ[੧੫]
ਪਾਲਹਿ ਰਾਖਿ ਲੇਹਿ [੧੬]ਆਤਮ ਸੁਖੁ ਧਾਰਾ ॥ ੧ ॥ [੧੭]ਇਤ ਉਤ ਰਾਖਹੁ
[੧੮]ਦੀਨ ਦਇਆਲਾ ॥ [੧੯]ਤਉ ਸਰਣਾਗਤਿ ਨਦਰਿ ਨਿਹਾਲਾ ॥ ੧ ॥
ਰਹਾਉ ॥ ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ ਤੂੰ ਦਾਤਾ
ਭੁਗਤਾ[੨੦] ਤੂੰ ਹੈ ਤੂੰ [੨੧]ਪ੍ਰਾਣ ਅਧਾਰਾ ॥ ੨ ॥ ਕਿਰਤੁ ਪਇਆ [੨੨]ਅਧ
ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ[੨੩] ਜਗਦੀਸ[੨੪] ਕੀ
ਬਿਨਸੈ ਨ ਅੰਧਿਆਰਾ ॥ ੩ ॥ ਜਗੁ ਬਿਨਸਤ ਹਮ ਦੇਖਿਆ ਲੋਭੇ
ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥ ੪ ॥
[੨੫]ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ
ਕੋ ਨਹੀ ਬੂਝੈ ਸੁਖੁ ਹੋਈ ॥ ੫ ॥ ਕਿਆ ਲੈ ਆਇਆ ਲੇ ਜਾਇ ਕਿਆ
ਫਾਸਹਿ ਜਮ ਜਾਲਾ ॥ *ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥ ੬ ॥
ਗੁਰਮਤਿ ਨਾਮੁ ਨ ਵੀਸਰੈ ਸਹਜੇ[੨੬] ਪਤਿ ਪਾਈਐ ॥ ਅੰਤਰਿ ਸਬਦੁ
ਨਿਧਾਨੁ[੨੭] ਹੈ ਮਿਲਿ ਆਪੁ ਗਵਾਈਐ ॥ ੭ ॥ ਨਦਰਿ ਕਰੇ ਪ੍ਰਭੁ ਆਪਣੀ

੧ ਭਾਲਿਆ।
੨ ਗੁਰੂ ਨੇ ਸੱਚੇ ਮਹਲ ਦੁਆਰਾ (ਸ੍ਵੈ ਸੱਚ ਸਰੂਪ ਵਿੱਚ) ਨਾ ਸਮਝ ਆਉਣ ਵਾਲੇ ਹਰੀ ਨੂੰ ਲਖਾ ਦਿੱਤਾ। ਇਹ ਅਡੋਲ ਟਿਕਾਣਾ ਹੈ, ਇਸ ਵਿੱਚ ਮਾਇਆ ਦਾ ਅਸਰ ਨਹੀਂ ਹੁੰਦਾ।
੩ ਮਾਇਆ ਦਾ ਸਾਇਆ, ਅਸਰ ।
੪ ਗੁਰਾਂ ਦੁਆਰੇ।
੫ ਰੰਗਿਆ ਜਾਂਦਾ ਹੈ।
੬ ਦਿਨ ਚੜ੍ਹਦੇ ਹੀ, ਸਦਾ।
੭ ਬਦ-ਕਿਸਮਤੀ।
੮ ਤੂਰਮ। ਆਤਮ ਮੰਡਲ ਦੀ ਖੁਸ਼ੀ ਤੇ ਸੁਖ ਨੂੰ ਅਨਹਦ ਤੂਰਾ ਆਖਿਆ ਹੈ, ਜਿਵੇਂ ਕਈ ਥਾਂ ਅਨਹਦ ਬੇਨ ਜਾਂ ਅਨਹਦ ਸ਼ਬਦ ਆਉਂਦਾ ਹੈ। ਦੇਖੋ ਪੰਨਾ ੬੧, ਨੋਟ ੨੪।
੯ ਛੋਹ ਕੇ।
੧੦ ਸਭ ਜੀਵਾਂ ਵਿੱਚ ਇਕੋ ਹਰੀ ਵਿਆਪਕ ਹੈ।
੧੧ ਹੇਠ ਉੱਤੇ, ਭਾਵ ਜੀਵ ਤੇ ਹਰੀ ਦੇ ਮੇਲ ਦੀ ਸਮਝ ਕਿਵੇਂ ਆਵੇ?
੧੨ ਗੁਰਾਂ ਦੁਆਰੇ ਮੇਲ ਹੋਵੇ ਤਾਂ ਮਨ ਪਤੀਜਦਾ ਹੈ।
੧੩ ਗਊਆਂ ਦਾ ਚਰਾਵਾ।
੧੪ ਤਿਵੇਂ ਹੇ ਵਾਹਿਗੁਰੂ! ਤੂੰ ਸੰਭਾਲ ਕਰਕੇ ਰੱਖਦਾ ਹੈਂ।
੧੫ ਦਿਨ ਰਾਤ।
੧੬ ਅਤੇ ਆਤਮਕ ਸੁਖ ਦਿੰਦਾ ਹੈਂ।
੧੭ ਇਥੇ ਉੱਥੇ, ਭਾਵ ਸਭ ਥਾਂ।
੧੮ ਹੇ ਗਰੀਬਾਂ 'ਤੇ ਦਇਆ ਕਰਨ ਵਾਲੇ!
੧੯ ਤੇਰੀ ਸ਼ਰਨ ਵਿੱਚ ਆਇਆ ਹਾਂ, ਹੇ ਨਜ਼ਰ ਨਾਲ ਨਿਹਾਲ ਕਰਨ ਵਾਲੇ!
੨੦ ਭੋਗਣ ਵਾਲਾ।
੨੧ ਪ੍ਰਾਣਾਂ ਦਾ ਆਸਰਾ।
੨੨ ਹੇਠ ਉੱਤੇ, ਭਾਵ ਨਰਕ ਸੁਰਗ। ਆਪਣੇ ਕੀਤੇ ਕੰਮਾਂ ਅਨੁਸਾਰ ਨਰਕ ਸੁਰਗ ਵਿੱਚ ਪੈਂਦਾ ਹੈ।
੨੩ ਸਿਫ਼ਤ ਸਲਾਹ।
੨੪ ਜਗਤ ਦਾ ਈਸ਼ੂਰ।
੨੫ ਉਸ ਅਪਾਰ ਹਰੀ ਦਾ ਮਹਲ (ਟਿਕਾਣਾ) ਸ੍ਵੈ-ਸਰੂਪ ਵਿੱਚ ਹੈ। ਉਹ ਪਰ੍ਹੇ ਤੋਂ ਪਰ੍ਹੇ ਹੈ।
੨੬ ਸੁਭਾਵਕ ਹੀ।
੨੭ ਨਿਧੀਆਂ ਦਾ ਘਰ, ਸਾਰੇ ਸੁਖਾਂ ਦਾ ਘਰ।

* ਇਹ ਜੀਵ ਖੂਹ ਦੇ ਡੋਲ ਵਾਕੁਰ ਹੈ, ਜੋ ਰੱਸੀ ਨਾਲ ਕੱਸ ਕੇ ਬੱਧਾ ਹੈ ਤੇ ਕਦੇ ਅਕਾਸ਼ (ਉਪਰ) ਜਾਂਦਾ ਹੈ ਤੇ ਕਦੇ ਪਾਤਾਲ (ਹੇਠਾਂ) ਜਾਂਦਾ ਹੈ, ਭਾਵ ਇਹ ਕਿ ਊਚ-ਨੀਚ ਜੂਨੀਆਂ ਦੇ ਗੇੜੇ ਕੱਢਦਾ ਹੈ।

[੧]ਗੁਣ ਅੰਕਿ ਸਮਾਵੈ ॥ ਨਾਨਕ [੨]ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥ ੮ ॥ ੧ ॥ ੧੭ ॥ ਗਉੜੀ ਮਹਲਾ ੧ ॥ [੩]ਗੁਰ ਪਰਸਾਦੀ ਬੂਝਿ ਲੇ ਤਉ [੪]ਹੋਇ ਨਿਬੇਰਾ ॥ [੫]ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ ੧ ॥ ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥ ੧ ॥ ਰਹਾਉ ॥ ਅੰਧੇ [੬]ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ[੭] ਨ ਸੂਝਈ [੮]ਕਿਤੁ ਬਿਧਿ ਨਿਰਬਹੀਐ ॥ ੨ ॥ ਖੋਟੇ ਕਉ ਖਰਾ ਕਹੈ [੯]ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ[੧੦] ॥ ੩ ॥ [੧੧]ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ [੧੨]ਮੂਏ ਨਹੀ ਰੋਤਾ ॥ ੪ ॥ [੧੩]ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ [੧੪]ਪਰ ਕੀ ਕਉ ਅਪੁਨੀ ਕਹੈ ਅਪੁਨੋ[੧੫] ਨਹੀ ਭਾਇਆ ॥ ੫ ॥ ਮੀਠੇ[੧੬] ਕਉ ਕਉੜਾ ਕਹੈ ਕੜੂਏ[੧੭] ਕਉ ਮੀਠਾ ॥ ਰਾਤੇ[੧੮] ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥ ੬ ॥ ਚੇਰੀ[੧੯] ਕੀ ਸੇਵਾ ਕਰਹਿ ਠਾਕੁਰੁ[੨੦] ਨਹੀ ਦੀਸੈ ॥ [੨੧]ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ[੨੨] ॥ ੭ ॥ ਇਸੁ ਪਦ ਜੋ [੨੩]ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ[੨੪] ਆਪ ਕਉ ਸੋ [੨੫]ਅਪਰ ਅਪਾਰਾ ॥ ੮ ॥ ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥ ੯ ॥ ੨ ॥ ੧੮ ॥

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥

*ਮਨ ਕਾ ਸੂਤਕੁ[੨੬] ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥ ੧ ॥ ਮਨਮੁਖਿ[੨੭] ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ[੨੮] ਹਰਿ ਕੈ ਨਾਇ ॥ ੧ ॥ ਰਹਾਉ ॥ ਸਭੋ ਸੂਤਕੁ ਜੇਤਾ [੨੯]ਮੋਹੁ ਆਕਾਰੁ ॥ ਮਰਿ ਮਰਿ ਜੰਮੈ ਵਾਰੋ ਵਾਰ ॥ ੨ ॥ [੩੦]ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥ ੩ ॥ [੩੧]ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ੪ ॥ ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥ ੫ ॥ [੩੨]ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥ ੬ ॥ ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ[੩੩] ਉਤਰਸਿ ਪਾਰਿ ॥ ੭ ॥ ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ[੩੪] ਰਹੈ ਸਮਾਇ ॥ ੮ ॥ ੧ ॥ ਗਉੜੀ ਮਹਲਾ ੩ ॥ [੩੫]ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ[੩੬] ॥ ਗੁਰਮੁਖਿ[੩੭] ਸੋਭਾ ਸਾਚ ਦੁਆਰਾ ॥ ੧ ॥ ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ[੩੮]

੧ ਗੁਣਾਂ ਕਰਕੇ ਉਸ ਦੀ ਗੋਦੀ ਵਿੱਚ ਸਮਾਂਦਾ ਹੈ।
੨ ਇਹ ਸੰਜੋਗ ਟੁੱਟਦਾ ਨਹੀਂ।
੩ ਗੁਰੂ ਦੀ ਕਿਰਪਾ ਦੁਆਰਾ।
੪ ਭਾਵ ਝਗੜਾ ਮੁੱਕ ਜਾਂਦਾ ਹੈ।
੫ ਜੋ ਪਵਿੱਤਰ ਨਾਮ ਹਰ ਇਕ ਸਰੀਰ ਵਿੱਚ ਵੱਸ ਰਿਹਾ ਹੈ, ਉਹ ਮੇਰਾ ਮਾਲਕ ਹੈ।
੬ ਅਕਲ ਤੋਂ ਬਿਨਾਂ।
੭ ਰਾਹ।
੮ ਕਿਵੇਂ ਨਿਰਬਾਹ ਹੋਵੇ?
੯ ਖਰੇ ਦੀ ਖ਼ਬਰ ਹੀ ਨਹੀਂ।
੧੦ ਅਸਚਰਜ। ਕਲਜੁਗ ਦੇ ਸਮੇਂ ਦੀ ਇਹ ਅਸਚਰਜਤਾ ਹੈ ਕਿ ਅੰਧੇ (ਅਗਿਆਨੀ) ਨੂੰ ਲੋਕੀਂ ਪਾਰਖੂ (ਸਿਆਣਾ) ਸਮਝਦੇ ਹਨ।
੧੧ ਜੋ ਮਾਇਆ ਦੇ ਨਸ਼ੇ ਵਿੱਚ ਸੁੱਤਾ ਹੈ, ਉਸ ਨੂੰ ਜਾਗਦਾ ਕਹਿੰਦੇ ਹਨ।
੧੨ ਮਾਇਆਧਾਰੀ ਜੋ ਆਤਮਕ ਮੌਤ ਮਰ ਚੁੱਕਾ ਹੈ, ਉਸ ਨੂੰ ਕੋਈ ਰੋਂਦਾ ਨਹੀਂ।
੧੩ ਜੋ ਰੱਬ ਵੱਲ ਆਇਆ ਹੈ, ਉਸ ਨੂੰ ਆਪਣੇ ਭਾਅ ਦਾ ਗਿਆ-ਗੁਜ਼ਰਿਆ ਸਮਝਦੇ ਹਨ, ਤੇ ਜੋ ਰੱਬ ਵੱਲੋਂ ਚਲਾ ਗਿਆ ਹੈ, ਉਹ ਦੁਨੀਆਂਦਾਰਾਂ ਲਈ ਠੀਕ ਪਾਸੇ ਆਇਆ ਹੈ।
੧੪ ਪਰਾਏ ਦੀ, ਪਰਾਈ ਜੋ ਮਾਇਆ ਹੈ।
੧੫ (ਵਾਹਿਗੁਰੂ) ਜੋ ਆਪਣਾ ਹੈ।
੧੬ ਆਤਮਕ ਅਨੰਦ ਜੋ ਮਿੱਠਾ ਹੈ।
੧੭ ਪਦਾਰਥਾਂ ਦੇ ਭੋਗ ਜੋ ਅਸਲ ਵਿੱਚ ਕੌੜੇ ਸਾਬਤ ਹੁੰਦੇ ਹਨ।
੧੮ ਰੱਤੇ ਹੋਏ ਵਾਹਿਗੁਰੂ ਵਿੱਚ।
੧੯ (ਮਾਇਆ) ਜੋ ਵਾਹਿਗੁਰੂ ਦੀ ਦਾਸੀ ਹੈ।
੨੦ ਮਾਲਕ।
੨੧ ਛੱਪੜ ਵਾਲਾ ਪਾਣੀ ਰਿੜਕੀਏ ਤਾਂ ਮੱਖਣ ਨਹੀਂ ਨਿਕਲਦਾ। ਭਾਵ ਵਾਹਿਗੁਰੂ ਨੂੰ ਛੱਡ ਕੇ ਹੋਰ ਪੂਜਾ ਸੇਵਾ ਕਰਨ ਨਾਲ ਮੁਕਤ-ਪਦਾਰਥ ਨਹੀਂ ਮਿਲਦਾ। ਦੇਖੋ ਰਹਾਉ।
੨੨ ਨਿਕਲਦਾ।
੨੩ ਅਰਥ (ਮਤਲਬ) ਦੱਸੇ।
੨੪ ਸਮਝੇ।
੨੫ ਪਰ੍ਹੇ ਤੋਂ ਪਰ੍ਹੇ, ਬੇਅੰਤ।
੨੬ ਘਰ ਵਿੱਚ ਜੰਮਣ ਮਰਣ ਦੀ ਅਸ਼ੁੱਧੀ ਜੋ ਹਿੰਦੂ ਧਰਮ ਅਨੁਸਾਰ ਕਈ ਦਿਨ ਰਹਿੰਦੀ ਹੈ। ਮਨ ਨੂੰ ਦ੍ਵੈਤ ਭਾਵ ਦਾ ਸੂਤਕ ਲੱਗਾ ਹੋਇਆ ਹੈ।
੨੭ ਦੇਖੋ ਪੰਨਾ ੧੧, ਨੋਟ ੨੧।
੨੮ ਭਿੱਜੇ। ਪ੍ਰੇਮ ਨਾਲ ਸ਼ਬਦ ਵਿੱਚ ਲੱਗੇ।
੨੯ ਦ੍ਰਿਸ਼ਟਮਾਨ ਜੋ ਮੋਹ ਦਾ ਰੂਪ ਬਣਿਆ ਹੋਇਆ ਹੈ ਇਹ ਸਭ ਸੂਤਕ ਹੈ।
੩੦ ਕਿਉਂਕਿ ਪਉਣ ਆਦਿਕ ਤੋਂ ਜੀਵਾਂ ਦੀ ਹਿੰਸਾ ਹੁੰਦੀ ਹੈ, ਇਸ ਲਈ ਇਨ੍ਹਾਂ ਵਿੱਚ ਸੂਤਕ ਆਖਿਆ ਹੈ।
੩੧ ਸਭ ਕਰਮ ਧਰਮ ਸੂਤਕ ਵਿੱਚ ਹਨ, ਇਸ ਲਈ ਪੂਜਾ ਨਹੀਂ ਹੋ ਸਕਦੀ। (ਸਾਰੇ ਸ਼ਬਦ ਵਿੱਚ ਸੂਤਕ ਦੇ ਭਰਮ ਨੂੰ ਖੋਲ੍ਹ ਰਹੇ ਹਨ।)
੩੨ ਦੇਖੋ ਪੰਨਾ ੧੧, ਫੁਟ ਨੋਟ † ਅਤੇ *।
੩੩ ਗੁਰੂ ਦੀ ਸਿੱਖਿਆ ਮੰਨ ਕੇ ਬੂਝਨ ਵਾਲਾ।
੩੪ ਗੁਰੂ ਦੁਆਰਾ।
੩੫ ਗੁਰਾਂ ਦੁਆਰਾ ਸੇਵਾ ਕਰਨੀ ਹੀ ਪ੍ਰਾਣਾਂ ਦਾ ਆਸਰਾ ਹੈ।
੩੬ ਦਿਲ ਅੰਦਰ ਟਿਕਾ ਕੇ।
੩੭ ਗੁਰਮੁਖਾਂ ਦੀ।
੩੮ ਗੁਰਾਂ ਦੁਆਰੇ।

* ਇਸ ਸ਼ਬਦ ਨੂੰ ਆਸਾ ਦੀ ਵਾਰ ਦੀ ੧੮ਵੀਂ ਪਉੜੀ ਦੇ ਸ਼ਲੋਕਾਂ ਨਾਲ ਮੇਲੋ।

ਭਉਜਲੁ[੧] ਉਤਰਹੁ ਪਾਰਾ ॥ ੧ ॥ ਰਹਾਉ ॥ ਗੁਰਮੁਖਿ[੨] ਵਿਚਹੁ ਹਉਮੈ ਜਾਇ ॥ ਗੁਰਮੁਖਿ ਮੈਲੁ ਨ ਲਾਗੈ ਆਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥ ੨ ॥ ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ[੩] ॥ ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥ ੩ ॥ ਆਪਣਾ ਮਨੁ ਪਰਬੋਧਹੁ[੪] ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥ ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥ ੪ ॥ ਮਨਮੁਖਿ[੫] ਡੰਫੁ[੬] ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ [੭]ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ[੮] ਨ ਕਾਈ ॥ ੫ ॥ ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ [੯]ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥ ੬ ॥ ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ [੧੦]ਗੁਰ ਪਰਸਾਦੀ ਮਿਲੈ ਹਰਿ ਸੋਈ ॥ ਗੁਰੁ ਦਾਤਾ ਜੁਗ ਚਾਰੇ ਹੋਈ ॥ ੭ ॥ [੧੧]ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ [੧੨]ਸਾਇਰ ਕੀ ਪੁਤ੍ਰੀ [੧੩]ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥ ੮ ॥ ੨ ॥ ਗਉੜੀ ਮਃ ੩ ॥ ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ ਐਥੈ ਅਗੈ ਹਰਿ ਨਾਮੁ ਸਖਾਈ[੧੪] ॥ ੧ ॥ ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥ ੧ ॥ ਰਹਾਉ ॥ [੧੫]ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ [੧੬]ਦੂਜੈ ਭਾਇ ॥ ਗੁਰ ਕੈ ਸਬਦਿ ਸਚਿ ਲਿਵ ਲਾਇ ॥ ੨ ॥ ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ [੧੭]ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥ ੩ ॥ ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ [੧੮]ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥ ੪ ॥ ਮਾਇਆ ਮੋਹਿ [੧੯]ਨਟਿ ਬਾਜੀ ਪਾਈ ॥ ਮਨਮੁਖ ਅੰਧ [੨੦]ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥ ੫ ॥ ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ [੨੧]ਆਪੁ ਨ ਚੀਨੈ ਬਾਜੀ ਹਾਰੀ ॥ ੬ ॥ ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥ ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥ ੭ ॥ *ਨਾਮਿ ਰਤੇ ਸਦਾ ਬੈਰਾਗੀ ॥ [੨੨]ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥ ੮ ॥ ੩ ॥ ਗਉੜੀ ਮਹਲਾ ੩ ॥ [੨੩]ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥ ੧ ॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ[੨੪] ਭਗਤਿ ਹਰਿ ਨਾਮੁ ਦ੍ਰਿੜਾਇਆ ॥ ੧ ॥ ਰਹਾਉ ॥ ਤ੍ਰੈ ਗੁਣ [੨੫]ਬਾਣੀ ਬ੍ਰਹਮ ਜੰਜਾਲਾ ॥ ਪੜਿ

੧ ਸੰਸਾਰ ਸਾਗਰ।

੨ ਗੁਰਾਂ ਦੁਆਰੇ। ਅੰਕ ੨, ੩ ਤੇ ੪ ਵਿੱਚ 'ਗੁਰਮੁਖਿ' ਦਾ ਇਹੋ ਭਾਵ ਹੈ।

੩ ਦ੍ਵੈਤ ਭਾਵ।

੪ ਜਗਾਓ।

੫ ਜੋ ਗੁਰੂ ਨੂੰ ਛੱਡ ਕੇ ਆਪਣੇ ਮਨ ਪਿੱਛੇ ਲੱਗਦਾ ਹੈ।

੬ ਦੰਭ, ਦਿਖਾਵਾ, ਪਖੰਡ।

੭ ਉਹ ਕਬੂਲ ਨਹੀਂ ਪੈਂਦਾ।

੮ ਠਿਕਾਣਾ।

੯ ਬਗਲੇ ਵਾਂਗ।

੧੦ ਗੁਰੂ ਦੀ ਕਿਰਪਾ ਦੁਆਰਾ।

੧੧ ਗੁਰਮੁਖ ਦੀ ਜਾਤ ਅਤੇ ਪਾਤ (ਖ਼ਾਨਦਾਨੀ) ਨਾਮ ਦੀ ਵਡਿਆਈ ਵਿੱਚ ਹੈ।

੧੨ ਸਮੁੰਦਰ ਦੀ ਧੀ, ਮਾਇਆ। (ਪੁਰਾਣਿਕ ਕਥਾ ਹੈ ਕਿ ਜਦ ਸਮੁੰਦਰ ਰਿੜਕਿਆ ਗਿਆ ਤਾਂ ਲੱਛਮੀ ਰਤਨਾਂ ਵਿੱਚ ਨਿਕਲੀ।)

੧੩ ਮਾਰ ਗਵਾਈ, ਮਾਰ ਦਿੱਤੀ ਹੈ, ਦੂਰ ਕਰ ਦਿੱਤੀ ਹੈ।

੧੪ ਸਖਾ, ਸਾਥੀ, ਮਿੱਤਰ।

੧੫ ਝਗੜਿਆਂ ਮੁਖ਼ਾਲਫਤਾਂ ਵਿੱਚ ਲੱਗ ਕੇ।

੧੬ ਦ੍ਵੈਤ ਭਾਵ ਕਰਕੇ।

੧੭ ਗੁਰੂ ਦੇ ਪ੍ਰਾਪਤ ਹੋਣ ਤੋਂ ਬਿਨਾਂ।

੧੮ ਪੰਜ ਕਾਮਾਦਿਕਾਂ ਨੂੰ ਮਾਰ ਦੇਵੇ।

੧੯ ਬਾਜੀਗਰ-ਹਰੀ ਨੇ ਮਾਇਆ ਦੇ ਮੋਹ ਦੁਆਰਾ ਇਹ ਬਾਜੀ ਪਾਈ ਹੈ (ਖੇਲ ਰਚਾਇਆ ਹੈ)।

੨੦ (ਇਸ ਨਾਲ) ਚੰਬੜੇ ਹੋਏ ਹਨ।

੨੧ ਆਪਣਾ ਆਪ, ਆਪਣਾ ਅਸਲਾ ਨਹੀਂ ਸਮਝਦਾ।

੨੨ ਗ੍ਰਿਹਸਤੀ ਓਹ ਹਨ, ਜਿਨ੍ਹਾਂ ਦੇ ਅੰਦਰ ਸੱਚ ਵਿੱਚ ਲਿਵ ਲੱਗੀ ਹੈ।

੨੩ ਵੇਦਾਂ ਦੇ ਅਭਿਆਸ ਦਾ ਮੁੱਢ ਬ੍ਰਹਮਾ ਹੈ। ਉਸ ਤੋਂ ਮੋਹ ਤੇ ਤ੍ਰਿਸ਼ਨਾ ਵਾਲੇ ਦੇਵਤੇ ਹੋਏ। ਇਹ ਲੋਕ ਤਿੰਨ ਗੁਣਾਂ ਅੰਦਰ ਭਟਕਦੇ ਰਹੇ। ਸਰੂਪ ਦੀ ਲਖਤਾ ਨਾ ਹੋਈ। ਕਿਉਂ? ਇਸ ਲਈ ਕਿ ਨਿਸਤਾਰਾ ਤਾਂ ਭਗਤੀ ਤੇ ਨਾਮ ਦਵਾਰਾ ਹੋਣਾ ਸੀ, ਜੋ ਉਨ੍ਹਾਂ ਨਾ ਕੀਤਾ।

੨੪ ਹਰ ਰੋਜ਼।

੨੫ ਬ੍ਰਹਮਾ ਦੀ ਬਾਣੀ ਵੇਦ। ਬ੍ਰਹਮਾ ਦੀ ਬਾਣੀ ਤ੍ਰੈ-ਗੁਣਾਂ ਦੇ ਜੰਜਾਲ ਵਾਲੀ ਹੈ, ਭਾਵ ਇਸ ਵਿੱਚ (ਜਿਵੇਂ ਅਗਲੀਆਂ ਦੋ ਤੁਕਾਂ ਵਿੱਚ ਦੱਸਿਆ ਹੈ) ਦੇਵੀ ਦੇਵਤਿਆਂ ਦੇ ਝਗੜੇ ਤੇ ਕਰਮ-ਕਾਂਡ ਦੀਆਂ ਫੋਕੀਆਂ ਗੱਲਾਂ ਦਾ ਵਰਣਨ ਹੈ। ਦੇਖੋ ਗਉੜੀ ਮ: ੧ ਦਾ ਬਾਰ੍ਹਵਾਂ ਚੌਪਦਾ ਪੰ: ੧੫੪।

* ਬੈਰਾਗੀਆਂ ਅਤੇ ਗ੍ਰਿਹਸਤੀਆਂ ਦੀਆਂ ਖਾਸ ਊਣਤਾਈਆਂ ਨੂੰ ਮੁੱਖ ਰੱਖ ਕੇ ਸਿੱਖਿਆ ਦਿੱਤੀ ਹੈ। ਬੈਰਾਗੀ ਲੋਕ ਪ੍ਰੇਮ ਨੂੰ ਛੱਡ ਕੇ ਉਪਰਾਮਤਾ ਨੂੰ ਵਡਿਆਉਂਦੇ ਸਨ, ਇਸ ਲਈ ਉਨ੍ਹਾਂ ਲਈ ਨਾਮ ਵਿੱਚ ਪਿਆਰ ਪਾਉਣਾ ਜ਼ਰੂਰੀ ਦੱਸਿਆ ਹੈ। ਗ੍ਰਿਹਸਤੀ ਲੋਕ ਆਪਣੇ ਸੰਸਾਰਕ ਕੰਮਾਂ ਵਿੱਚ ਕਾਮਯਾਬੀ ਲੈਣ ਲਈ ਸੱਚ ਨੂੰ ਗ਼ੈਰ-ਅਮਲੀ ਗੱਲ ਸਮਝ ਕੇ ਛੱਡ ਦੇਂਦੇ ਹਨ, ਇਸ ਲਈ ਉਨ੍ਹਾਂ ਲਈ ਸੱਚ ਵਿੱਚ ਧਿਆਨ ਜੋੜਨਾ ਜ਼ਰੂਰੀ ਦੱਸਿਆ ਹੈ।

[੧]ਵਾਦੁ ਵਖਾਣਹਿ [੨]ਸਿਰਿ ਮਾਰੇ ਜਮਕਾਲਾ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ[੩] ॥ ੨ ॥ ਮਨਮੁਖ[੪] ਅਗਿਆਨਿ ਕੁਮਾਰਗਿ[੫] ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥ [੬]ਭਵਜਲਿ ਡੂਬੇ ਦੂਜੈ ਭਾਏ॥ ੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ॥ [੭]ਬਿਖਿਆ ਰਾਤਾ ਬਹੁਤੁ ਦੁਖੁ ਪਾਵੈ॥ ਜਮ ਕਾ ਗਲਿ ਜੇਵੜਾ[੮] ਨਿਤ ਕਾਲੁ ਸੰਤਾਵੈ[੯] ॥ ੪ ॥ ਗੁਰਮੁਖਿ[੧੦] ਜਮਕਾਲੁ ਨੇੜਿ ਨ ਆਵੈ॥ [੧੧]ਹਉਮੈ ਦੂਜਾ ਸਬਦਿ ਜਲਾਵੈ॥ ਨਾਮੇ ਰਾਤੇ ਹਰਿ ਗੁਣ ਗਾਵੈ॥ ੫॥ ਮਾਇਆ ਦਾਸੀ[੧੨] ਭਗਤਾ ਕੀ ਕਾਰ ਕਮਾਵੈ॥ [੧੩]ਚਰਣੀ ਲਾਗੈ ਤਾ ਮਹਲੁ ਪਾਵੈ॥ ਸਦ ਹੀ ਨਿਰਮਲੁ ਸਹਜਿ[੧੪] ਸਮਾਵੈ॥ ੬॥ ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ॥ ਤਿਨ ਕਉ ਸਭਿ ਨਿਵਹਿ ਅਨਦਿਨੁ[੧੫] ਪੂਜ ਕਰਾਹੀ॥ ਸਹਜੇ [੧੬]ਗੁਣ ਰਵਹਿ ਸਾਚੇ ਮਨ ਮਾਹੀ॥ ੭॥ ਪੂਰੈ ਸਤਿਗੁਰਿ ਸਬਦੁ ਸੁਣਾਇਆ॥ [੧੭]ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥ ੮॥ ੪॥ ਗਉੜੀ ਮਹਲਾ ੩॥ ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ[੧੮] ਆਪੁ ਨ ਪਛਾਣੈ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥ ੧॥ ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ॥ ਮਨਮੁਖ ਖਾਧੇ ਦੂਜੈ ਭਾਇ॥ ੧॥ ਰਹਾਉ॥ ਗੁਰਮੁਖਿ ਪ੍ਰਾਣੀ [੧੯]ਅਪਰਾਧੀ ਸੀਧੇ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ[੨੦] ॥ ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ॥ ੨॥ ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ॥ ਹਰਿ ਗੁਣ ਗਾਵਹਿ [੨੧]ਸਹਜਿ ਸੁਭਾਏ॥ ੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ॥ ਮਨਮੁਖ ਅੰਧੇ ਸਦਾ ਬਿਖੁ[੨੨] ਖਾਏ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ॥ ੪॥ ਜਮੂਆ ਨ ਜੋਹੈ[੨੩] ਹਰਿ ਕੀ ਸਰਣਾਈ॥ ਹਉਮੈ ਮਾਰਿ ਸਚਿ ਲਿਵ ਲਾਈ॥ ਸਦਾ ਰਹੈ ਹਰਿ ਨਾਮਿ ਲਿਵ ਲਾਈ॥ ੫॥ ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ॥ [੨੪]ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ॥ [੨੫]ਇਨ ਬਿਧਿ ਕੁਸਲੁ[੨੬] ਤੇਰੈ ਮੇਰੇ ਮੀਤਾ॥ ੬॥ ਸਤਿਗੁਰੂ ਸੇਵੇ ਸੋ ਫਲੁ ਪਾਏ॥ ਹਿਰਦੈ ਨਾਮੁ ਵਿਚਹੁ ਆਪੁ[੨੭] ਗਵਾਏ॥ [੨੮]ਅਨਹਦ ਬਾਣੀ ਸਬਦੁ ਵਜਾਏ॥ ੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ[੨੯] ਮੇਰੇ ਭਾਈ॥ ਭਗਤੀ ਸੀਧੇ ਦਰਿ ਸੋਭਾ ਪਾਈ॥ ਨਾਨਕ ਰਾਮ ਨਾਮਿ ਵਡਿਆਈ॥ ੮॥ ੫॥ ਗਉੜੀ ਮਹਲਾ ੩॥ ਤ੍ਰੈ ਗੁਣ ਵਖਾਣੈ ਭਰਮੁ ਨ ਜਾਇ॥ ਬੰਧਨ ਨ ਤੂਟਹਿ ਮੁਕਤਿ ਨ ਪਾਇ॥ ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ॥ ੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ॥ *ਸਹਜ ਧੁਨਿ ਉਪਜੈ ਹਰਿ ਲਿਵ ਲਾਇ॥ ੧॥ ਰਹਾਉ॥

੧ (ਭਗਤੀ ਦੀਆਂ ਨਹੀਂ) ਝਗੜੇ ਦੀਆਂ ਗੱਲਾਂ ਕਰਦੇ ਹਨ।
੨ ਸਿਰ 'ਤੇ ਜਮ-ਕਾਲ ਚੋਟ ਮਾਰਦਾ ਹੈ।
੩ ਧਾਨਾਂ ਦਾ ਫੂਸ; ਭਾਵ ਕਰਮ ਕਾਂਡ ਆਦਿਕ ਨਿਕੰਮੇ ਕੰਮ ਹੀ ਪੱਲੇ ਪੈਂਦੇ ਹਨ, ਕੋਈ ਸਾਰ ਵਸਤੂ ਹੱਥ ਨਹੀਂ ਆਉਂਦੀ।
੪ ਦੇਖੋ ਪੰਨਾ ੧੧, ਨੋਟ ੨੧।
੫ ਪੁੱਠੇ ਰਸਤੇ।
੬ ਦ੍ਵੈਤ ਭਾਵ ਕਰਕੇ ਸੰਸਾਰ ਸਮੁੰਦਰ ਵਿੱਚ ਹੀ ਗ਼ਰਕ ਹੋ ਜਾਂਦੇ ਹਨ।
੭ ਮਾਇਆ ਵਿੱਚ ਲੱਗਾ ਹੋਇਆ।
੮ ਰੱਸਾ।
੯ ਦੁੱਖ ਦਿੰਦਾ ਹੈ।
੧੦ ਦੇਖੋ ਪੰਨਾ ੧੧, ਨੋਟ ੨੦।
੧੧ ਉਹ ਹੰਕਾਰ ਤੇ ਦ੍ਵੈਤ ਭਾਵ ਗੁਰਬਾਣੀ ਦੁਆਰਾ ਸਾੜ ਸੁੱਟਦਾ ਹੈ।
੧੨ ਨੌਕਰਾਣੀ ਹੋ ਕੇ।
੧੩ ਜਿਹੜਾ ਉਨ੍ਹਾਂ ਭਗਤਾਂ ਦੀ ਚਰਨੀਂ ਲੱਗੇ ਉਹ ਵਾਹਿਗੁਰੂ ਦੀ ਨੇੜ ਪ੍ਰਾਪਤ ਕਰਦਾ ਹੈ।
੧੪ ਦੇਖੋ ਪੰਨਾ ੬੮ ਦਾ ਫੁਟ ਨੋਟ *।
੧੫ ਹਰ ਰੋਜ਼।
੧੬ ਗੁਣਾਂ ਨੂੰ ਉਚਾਰਦੇ ਹਨ।
੧੭ ਤ੍ਰੈ-ਗੁਣੀ ਅਵਸਥਾ ਨੂੰ ਦੂਰ ਕਰ ਕੇ ਤੁਰੀਆ ਅਵਸਥਾ (ਸਹਜ) ਦੀ ਲਗਨ ਲਾ ਦਿੱਤੀ। ਦੇਖੋ ਪੰਨਾ ੨੩੭ ਦਾ ਫੁਟ ਨੋਟ *।
੧੮ ਤਮੋ ਗੁਣ; ਕ੍ਰੋਧ ਆਦਿਕ ਦਾ ਪ੍ਰਬਲ ਹੋਣਾ।
੧੯ ਅਪ੍ਰਾਧੀਆਂ ਨੂੰ ਵੀ ਸ਼ੁੱਧ (ਪਵਿਤ੍ਰ) ਕਰਦਾ ਹੈ।
੨੦ ਰੀਝ ਗਏ, ਤਸੱਲੀ ਹੋ ਗਈ।
੨੧ ਸੁਭਾਵਕ ਹੀ।
੨੨ ਵਿਹੁ, ਜ਼ਹਿਰ।
੨੩ ਤੱਕਦਾ, ਮਾਰਦਾ।
੨੪ ਸਤਿਗੁਰ ਦੇ ਜੋਤ-ਸਰੂਪ ਮਨ ਨਾਲ ਆਪਣੇ ਮਨ ਨੂੰ ਮੇਲ ਕੇ।
੨੫ ਇਸ ਤਰੀਕੇ ਨਾਲ।
੨੬ ਸੁਖ, ਅਨੰਦ।
੨੭ ਆਪਾ ਭਾਵ, ਹਉਮੈ।
੨੮ ਦੇਖੋ ਪੰਨਾ ੯੧, ਨੋਟ ੨੪।
੨੯ ਪਵਿੱਤਰ ਹੋਏ, ਮੁਕਤ ਹੋਏ।

* ਸਹਜ ਧੁਨ ਪੈਦਾ ਹੁੰਦੀ ਹੈ, ਉਹ ਗਿਆਨ ਵਾਲੀ ਹਾਲਤ ਬਣਦੀ ਹੈ ਕਿ ਮਨੁੱਖ ਅਸਲ ਆਤਮਕ ਸੁਖ ਦਾ ਮਾਨਣ ਵਾਲਾ ਹੁੰਦਾ ਹੈ। ਸਭ ਕਾਰ-ਵਿਹਾਰ ਕੁਦਰਤੀ ਤਰੀਕੇ ਨਾਲ ਹੁੰਦੇ ਹਨ। ਦੇਖੋ ਪੰਨਾ ੧੦੫, ਨੋਟ ੨੫।

[੧]ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥ ੨ ॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
[੨]ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ[੩] ਕਾ ਮਾਤਾ ਬਿਖੁ ਮਾਹਿ ਸਮਾਈ ॥ ੩ ॥
[੪]ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ [੫]ਪਰਮ ਗਤਿ ਪਾਏ ॥ ੪ ॥ ਅੰਤਰਿ ਸਾਚੁ ਬਾਹਰਿ
ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ
[੬]ਸਹਜਿ ਸੁਭਾਏ ॥ ੫ ॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ
ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥ ੬ ॥ ਸਤਿਗੁਰੁ
ਦਾਤਾ ਸਬਦੁ ਸੁਣਾਏ ॥ [੭]ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ
ਸੋਝੀ ਪਾਏ ॥ ੭ ॥ ਆਪੇ ਕਰਤਾ ਸ੍ਰਿਸਟਿ [੮]ਸਿਰਜਿ ਜਿਨਿ ਗੋਈ ॥ ਤਿਸੁ
ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥ ੮ ॥ ੬ ॥
ਗਉੜੀ ਮਹਲਾ ੩ ॥ ਨਾਮੁ ਅਮੋਲਕੁ ਗੁਰਮੁਖਿ[੯] ਪਾਵੈ ॥ ਨਾਮੋ ਸੇਵੇ ਨਾਮਿ
ਸਹਜਿ[੧੦] ਸਮਾਵੈ ॥ ਅੰਮ੍ਰਿਤੁ ਨਾਮੁ ਰਸਨਾ[੧੧] ਨਿਤ ਗਾਵੈ ॥ ਜਿਸ ਨੋ ਕ੍ਰਿਪਾ
ਕਰੇ ਸੋ ਹਰਿ ਰਸੁ ਪਾਵੈ ॥ ੧ ॥ ਅਨਦਿਨੁ[੧੨] ਹਿਰਦੈ ਜਪਉ ਜਗਦੀਸਾ[੧੩] ॥
ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥ ੧ ॥ ਰਹਾਉ ॥ ਹਿਰਦੈ ਸੂਖੁ [੧੪]ਭਇਆ
ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ[੧੫] ॥ ਦਾਸਨਿ ਦਾਸ ਨਿਤ
ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥ ੨ ॥ *ਜੀਵਨ ਮੁਕਤੁ
ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ ਤ੍ਰੈ ਗੁਣ ਮੇਟੇ ਨਿਰਮਲੁ
ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥ ੩ ॥ ਮੋਹ ਕੁਟੰਬ ਸਿਉ ਪ੍ਰੀਤਿ ਨ
ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥ ਗੁਰਮੁਖਿ ਮਨੁ ਬੇਧਿਆ[੧੬] ਅਸਥਿਰੁ
ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥ ੪ ॥ ਤੂੰ ਕਰਤਾ ਮੈ ਅਵਰੁ
ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥ ਕਿਰਪਾ ਕਰਹਿ ਗਾਵਾ
ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ[੧੭] ॥ ੫ ॥ ਗੁਰਮੁਖਿ ਬਾਣੀ
ਮੀਠੀ ਲਾਗੀ ॥ [੧੮]ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥ ਸਹਜੇ ਸਚੁ
ਮਿਲਿਆ ਪਰਸਾਦੀ[੧੯] ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥ ੬ ॥ ਹਉਮੈ
ਮਮਤਾ[੨੦] ਦੁਰਮਤਿ[੨੧] ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ[੨੨] ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥
੭ ॥ ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ[੨੩] ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥ ੮ ॥ ੭ ॥
ਗਉੜੀ ਮਹਲਾ ੩ ॥ [੨੪]ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥

੧ ਜੋ ਤਿੰਨ ਗੁਣਾਂ ਵਾਲੇ ਹਨ, ਉਨ੍ਹਾਂ ਦੇ ਸਿਰ 'ਤੇ ਕਾਲ ਦੀ ਕਾਰ ਹੈ। 'ਤ੍ਰੈ ਗੁਣ' ਲਈ ਦੇਖੋ, ਪੰਨਾ ੨੩੭ ਦਾ ਪਹਿਲਾ ਫੁਟ ਨੋਟ।

੨ ਮੁਢ (ਹਰੀ) ਨੂੰ ਛੱਡ ਕੇ ਉਸ ਵਿੱਚੋਂ ਨਿਕਲੇ ਮਾਇਕ ਪਦਾਰਥਾਂ ਨਾਲ ਦਿਲ ਲਾ ਲਿਆ ਹੈ।

੩ ਜ਼ਹਿਰ ਰੂਪ ਵਿਸ਼ੇ।

੪ ਮਾਇਆ ਨੂੰ ਮੂਲ ਸਮਝ ਕੇ ਜੀਵ-ਜੰਤ ਭਰਮ ਗਏ ਹਨ।

੫ ਪਰਮ ਗਤੀ, ਉੱਚੀ ਤੋਂ ਉੱਚੀ ਹਾਲਤ ਜਿਸ ਤੱਕ ਮਨੁੱਖ ਉੱਨਤੀ ਕਰਦਾ ਹੋਇਆ ਅੱਪੜ ਸਕਦਾ ਹੈ, ਵਾਹਿਗੁਰੂ ਨਾਲ ਅਭੇਦਤਾ।

੬ ਸੁਭਾਵਕ ਹੀ, ਨਿਰਯਤਨ ਹੀ।

੭ ਮਨ ਦੌੜਦੇ ਨੂੰ ਰੋਕ ਕੇ ਥੰਮ੍ਹ ਰੱਖਦਾ ਹੈ।

੮ ਸਿਰਜ (ਬਣਾ) ਕੇ ਜਿਸ ਨੇ ਗੋਈ (ਢਾਹ) ਦਿੱਤੀ ਹੈ।

੯ ਗੁਰੂ ਦੁਆਰਾ।

੧੦ ਦੇਖੋ ਪੰਨਾ ੬੮ ਦਾ ਫੁਟ ਨੋਟ *।

੧੧ ਜੀਭ।

੧੨ ਹਰ ਰੋਜ਼।

੧੩ ਜਗਤ ਦਾ ਈਸ਼੍ਵਰ।

੧੪ ਪਰਗਟ ਹੋਇਆ।

੧੫ ਗੁਣਾਂ ਦਾ ਖ਼ਜ਼ਾਨਾ।

੧੬ ਵਿੰਨ੍ਹਿਆ ਹੋਇਆ।

੧੭ ਚਾਨਣ।

੧੮ ਹਿਰਦਾ ਖਿੜਦਾ ਹੈ।

੧੯ ਕਿਰਪਾ ਨਾਲ।

੨੦ ਮੇਰਾ-ਪਣ, ਖ਼ੁਦਗਰਜ਼ੀ।

੨੧ ਖੋਟੀ ਮੱਤ।

੨੨ ਜਸ ਕੀਤਾ।

੨੩ ਆਪਾ ਭਾਵ।

੨੪ ਹਰੀ ਦੇ ਭੈ ਦੁਆਰਾ ਸਹਜੇ ਹੀ ਮਨ ਸਵਾਰਿਆ ਗਿਆ ਮਨ ਤੋਂ; ਭਾਵ ਜਦ ਮਨ ਨੂੰ ਪ੍ਰਬੋਧਿਆ, ਉਹੋ ਮਨ ਆਪਣੇ ਮੂਲ ਦੀ ਪਛਾਣ ਕਰ ਕੇ ਗਿਆਨੀ ਹੋ ਗਿਆ ਤੇ ਸੰਵਾਰਿਆ ਗਿਆ।

* ਕੋਈ ਵਿਰਲਾ ਗੁਰਮੁਖ ਹੀ ਜੀਵਨ-ਮੁਕਤ ਹੁੰਦਾ ਹੈ। ਜੀਵਨ-ਮੁਕਤ=ਜੀਉਂਦਿਆਂ ਹੀ ਪੂਰਨ ਅਵਸਥਾ ਨੂੰ ਪਹੁੰਚ ਕੇ ਵਾਹਿਗੁਰੂ ਨਾਲ ਅਭੇਦ ਹੋਇਆ ਜੀਵ।

[1]ਸਬਦਿ ਮਨੁ ਰੰਗਿਆ ਲਿਵ ਲਾਇ॥ [2]ਨਿਜ ਘਰਿ ਵਸਿਆ ਪ੍ਰਭ ਕੀ ਰਜਾਇ॥ ੧॥ ਸਤਿਗੁਰੁ ਸੇਵਿਐ ਜਾਇ ਅਭਿਮਾਨੁ॥ ਗੋਵਿਦੁ ਪਾਈਐ [3]ਗੁਣੀ ਨਿਧਾਨੁ॥ ੧॥ ਰਹਾਉ॥ [4]ਮਨੁ ਬੈਰਾਗੀ ਜਾ ਸਬਦਿ ਭਉ ਖਾਇ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ॥ [5]ਗੁਰ ਕਿਰਪਾ ਤੇ ਮਿਲੈ ਮਿਲਾਇ॥ ੨॥ ਹਰਿ ਦਾਸਨ ਕੋ ਦਾਸੁ ਸੁਖੁ ਪਾਏ॥ ਮੇਰਾ ਹਰਿ ਪ੍ਰਭੁ [6]ਇਨ ਬਿਧਿ ਪਾਇਆ ਜਾਏ॥ ਹਰਿ ਕਿਰਪਾ ਤੇ ਰਾਮ ਗੁਣ ਗਾਏ॥ ੩॥ [7]ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ॥ ਧ੍ਰਿਗੁ ਸੇਜ ਸੁਖਾਲੀ [8]ਕਾਮਣਿ ਮੋਹ ਗੁਬਾਰੁ॥ ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ[9]॥ ੪॥ ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ॥ ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ॥ ੫॥ ਸਤਿਗੁਰ ਤੇ ਹਮ [10]ਗਤਿ ਪਤਿ ਪਾਈ॥ ਹਰਿ ਨਾਮੁ ਧਿਆਇਆ ਦੂਖੁ ਸਗਲ[11] ਮਿਟਾਈ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ॥ ੬॥ ਗੁਰਿ ਮਿਲਿਐ ਹਮ ਕਉ [12]ਸਰੀਰ ਸੁਧਿ ਭਈ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ॥ ਬਿਨਸੇ ਕ੍ਰੋਧ [13]ਖਿਮਾ ਗਹਿ ਲਈ॥ ੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ॥ [14]ਗੁਰਮੁਖਿ ਰਤਨੁ ਕੋ ਵਿਰਲਾ ਲੇਵੈ॥ ਨਾਨਕੁ ਗੁਣ ਗਾਵੈ ਹਰਿ ਅਲਖ[15] ਅਭੇਵੈ[16]॥ ੮॥ ੮॥

ੴ ਸਤਿਗੁਰ ਪ੍ਰਸਾਦਿ॥ ਰਾਗੁ ਗਉੜੀ ਬੈਰਾਗਣਿ ਮਹਲਾ ੩॥

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥ ਅਨਦਿਨੁ[17] ਬਧੇ ਮਾਰੀਅਨਿ [18]ਫਿਰਿ ਵੇਲਾ ਨਾ ਲਹੰਨਿ॥ ੧॥ ਹਰਿ ਹਰਿ ਰਾਖਹੁ ਕ੍ਰਿਪਾ ਧਾਰਿ॥ ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ[19]॥ ੧॥ ਰਹਾਉ॥ ਸੇ ਭਗਤ ਹਰਿ ਭਾਵਦੇ ਜੋ [20]ਗੁਰਮੁਖਿ ਭਾਇ ਚਲੰਨਿ॥ ਆਪੁ[21] ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ॥ ੨॥ ਜਿਸ ਦਾ ਪਿੰਡੁ[22] ਪਰਾਣ ਹੈ ਤਿਸ ਕੀ ਸਿਰਿ[23] ਕਾਰ॥ ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ॥ ੩॥ ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ॥ ਸਤਿਗੁਰ ਤੇ ਨਾਮੁ ਪਾਈਐ ਕਰਮਿ[24] ਮਿਲੈ ਪ੍ਰਭੁ ਸੋਇ॥ ੪॥ ਸਤਿਗੁਰ ਤੇ ਜੋ ਮੁਹੁ ਫੇਰੇ ਓਇ [25]ਭ੍ਰਮਦੇ ਨਾ ਟਿਕੰਨਿ॥ ਧਰਤਿ ਅਸਮਾਨੁ ਨ ਝਲਈ ਵਿਚਿ [26]ਵਿਸਟਾ ਪਏ ਪਚੰਨਿ॥ ੫॥ ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ* ਪਾਇ॥ ਜਿਨਾ ਸਤਿਗੁਰੁ ਭੇਟਿਆ[27] ਤਿਨ [28]ਨੇੜਿ ਨ ਭਿਟੈ ਮਾਇ॥ ੬॥ ਸਤਿਗੁਰੁ ਸੇਵਨਿ ਸੋ ਸੋਹਣੇ

੧ ਸ਼ਬਦ ਦੁਆਰਾ ਵਾਹਿਗੁਰੂ ਵਿੱਚ ਧਿਆਨ ਜੋੜ ਕੇ ਮਨ ਪਿਆਰ ਵਾਲਾ ਕੀਤਾ।
੨ ਆਪਣੇ ਅਸਲੀ ਘਰ ਵਿੱਚ ਵਸਿਆ, ਭਾਵ ਵਾਹਿਗੁਰੂ ਦੀ ਹਜ਼ੂਰੀ ਪ੍ਰਾਪਤ ਕੀਤੀ, ਉਸ ਦੀ ਰਜ਼ਾ ਮੰਨ ਕੇ।
੩ ਗੁਣਾਂ ਦਾ ਖ਼ਜ਼ਾਨਾ।
੪ ਮਾਇਆ ਵੱਲੋਂ ਉਦਾਸ ਹੋ ਗਿਆ, ਸ਼ਬਦ ਦੁਆਰਾ ਭੈ ਖਾ ਕੇ।
੫ ਉਸ ਗੁਰੂ ਦੀ ਕਿਰਪਾ ਨਾਲ ਮਿਲਾਇਆਂ ਮਿਲਦਾ ਹੈ।
੬ ਇਸ ਤਰੀਕੇ ਨਾਲ।
੭ ਬਹੁਤ ਜੀਵਣਾ ਲਾਨ੍ਹਤ ਯੋਗ ਹੈ।
੮ ਇਸਤਰੀ ਦੇ ਮੋਹ ਦਾ ਅੰਧੇਰਾ।
੯ ਆਸਰਾ।
੧੦ ਇਹ ਚੰਗੀ ਹਾਲਤ ਅਤੇ ਇੱਜ਼ਤ।
੧੧ ਸਾਰਾ।
੧੨ ਸਰੀਰ ਦੀ ਸੋਝੀ ਹੋਈ।
੧੩ ਮਾਫ਼ ਕਰਨ ਦੀ ਰੁਚੀ ਪਕੜੀ, ਧਾਰੀ।
੧੪ ਗੁਰੂ-ਦੁਆਰਾ ਇਹ ਨਾਮ-ਰਤਨ।
੧੫ ਜੋ ਲਖਿਆ ਨਾ ਜਾਵੇ, ਸਮਝ ਨਾ ਆ ਸਕੇ, ਉਸ ਦੇ (ਗੁਣ)।
੧੬ ਜਿਸ ਦਾ ਭੇਦ ਨਾ ਪਾਇਆ ਜਾਵੇ, ਉਸ ਦੇ।
੧੭ ਹਰ ਰੋਜ਼।
੧੮ ਫੇਰ ਮਨੁੱਖਾ-ਜਨਮ ਦਾ ਮੌਕਾ ਨਹੀਂ ਮਿਲਦਾ।
੧੯ ਯਾਦ ਕਰਕੇ।
੨੦ ਜੋ ਗੁਰਮੁਖਤਾ ਵਾਲੇ ਭਾਵ (ਚਿਤ ਬ੍ਰਿਤੀ) ਵਿੱਚ ਰਹਿੰਦੇ ਹਨ।
੨੧ ਆਪਾ ਭਾਵ, ਹੰਕਾਰ।
੨੨ ਸਰੀਰ।
੨੩ ਸਿਰ 'ਤੇ। ਉਸੇ ਹਰੀ ਦੀ ਹਰ ਇਕ ਦੇ ਸਿਰ 'ਤੇ ਕਾਰ ਕਰਨੀ ਲਿਖੀ ਹੈ।
੨੪ ਬਖ਼ਸ਼ਿਸ਼ ਰਾਹੀਂ।
੨੫ ਭਟਕਦੇ ਨਹੀਂ ਟਿਕਦੇ।
੨੬ ਗੰਦ ਵਿੱਚ ਪੈ ਕੇ ਖ਼ੁਆਰ ਹੁੰਦੇ ਹਨ।
੨੭ ਦਰਸ਼ਨ ਕੀਤੇ।
੨੮ ਮਾਇਆ ਨੇੜੇ ਨਹੀਂ ਛੋਂਹਦੀ।

* ਠਗਮੂਰੀ, ਨਸ਼ੇ ਵਾਲੀ ਬੂਟੀ ਜੋ ਠੱਗ ਰਾਹੀਆਂ ਨੂੰ ਖੁਆ ਕੇ ਬੇਹੋਸ਼ ਕਰ ਕੇ ਲੁੱਟ ਲੈਂਦੇ ਸਨ।

ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ [੧]ਸਤਿਗੁਰ ਭਾਇ ॥ ੭ ॥ ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥ ਜਨੁ ਨਾਨਕੁ ਸਰਣਾਗਤੀ[੨] ਜਿਉ ਭਾਵੈ ਤਿਵੈ ਛਡਾਇ ॥ ੮ ॥ ੧ ॥ ੯ ॥

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ* ੴ ਸਤਿਗੁਰ ਪ੍ਰਸਾਦਿ ॥

ਕਰਹਲੇ[੩] ਮਨ ਪਰਦੇਸੀਆ ਕਿਉ ਮਿਲੀਐ [੪]ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥ ੧ ॥ ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥ ੧ ॥ ਰਹਾਉ ॥ ਮਨ ਕਰਹਲਾ ਵੀਚਾਰੀਆ† ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥ ੨ ॥ ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥ ਪਰਤਖਿ ਪਿਰੁ [੫]ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥ ੩ ॥ ਮਨ ਕਰਹਲਾ ਮੇਰੇ ਪ੍ਰੀਤਮਾ[੬] ਹਰਿ ਰਿਦੈ ਭਾਲਿ ਭਾਲਾਇ[੭] ॥ ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥ ੪ ॥ ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ[੮] ਹਰਿ ਲਿਵ ਲਾਇ ॥ ਘਰੁ[੯] ਜਾਇ ਪਾਵਹਿ [੧੦]ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥ ੫ ॥ ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ[੧੧] ॥ [੧੨]ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥ ੬ ॥ ਮਨ ਕਰਹਲਾ [੧੩]ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ [੧੪]ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥ ੭ ॥ ਮਨ ਕਰਹਲਾ ਮੇਰੇ ਪਿਆਰਿਆ ਇਕ [੧੫]ਗੁਰ ਕੀ ਸਿਖ ਸੁਣਾਇ ॥ ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥ ੮ ॥ ਮਨ ਕਰਹਲਾ ਮੇਰੇ ਸਾਜਨਾ [੧੬]ਹਰਿ ਖਰਚੁ ਲੀਆ ਪਤਿ ਪਾਇ ॥ [੧੭]ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥ ੯ ॥ ਮਨ ਕਰਹਲਾ [੧੮]ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ ਗੁਰ ਆਗੈ ਕਰਿ ਜੋਦੜੀ[੧੯] ਜਨ ਨਾਨਕ ਹਰਿ ਮੇਲਾਇ ॥ ੧੦ ॥ ੧ ॥ ਗਉੜੀ ਮਹਲਾ ੪ ॥ ਮਨ ਕਰਹਲਾ ਵੀਚਾਰੀਆ [੨੦]ਵੀਚਾਰਿ ਦੇਖੁ ਸਮਾਲਿ ॥ ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ[੨੧] ॥ ੧ ॥ ਮਨ ਕਰਹਲਾ ਗੁਰ ਗੋਵਿੰਦੁ[੨੨] ਸਮਾਲਿ ॥ ੧ ॥ ਰਹਾਉ ॥ ਮਨ ਕਰਹਲਾ ਵੀਚਾਰੀਆ ਮਨਮੁਖ[੨੩] ਫਾਥਿਆ [੨੪]ਮਹਾ ਜਾਲਿ ॥ ਗੁਰਮੁਖਿ[੨੫] ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥ ੨ ॥ ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥ ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥ ੩ ॥ ਮਨ ਕਰਹਲਾ ਵਡਭਾਗੀਆ

੧ ਸਤਿਗੁਰੂ ਦੇ ਭਾਣੇ ਵਿੱਚ।
੨ ਸ਼ਰਨ ਵਿੱਚ ਆਇਆ ਹੋਇਆ।
੩ ਹੇ ਊਠ ਬਿਰਤੀ ਵਾਲੇ!
੪ ਮਾਤਾ ਰੂਪ ਹਰੀ ਨੂੰ (ਜਿਸ ਤੋਂ ਅਸੀਂ ਬੱਚਿਆਂ ਵਾਂਗ ਵਿਛੜੇ ਹੋਏ ਹਾਂ)।
੫ ਘਰ (ਦਿਲ) ਵਿੱਚ ਨਾਲ ਹੀ। ਪਿਆਰਾ ਪਤੀ ਦਿਲ ਵਿੱਚ ਕੋਲ ਹੀ ਪ੍ਰਤੱਖ ਹੈ, ਪਰ ਹਉਮੈ ਕਰਕੇ ਜੀਵ ਰੂਪ ਇਸਤਰੀ ਵਿਛੜ ਕੇ ਚੋਟਾਂ ਖਾਂਦੀ ਹੈ।
੬ ਪਿਆਰਿਆ ਮਨਾਂ!
੭ ਭਾਲ ਕਰ।
੮ ਰਾਤ।
੯ ਵਾਸਾ।
੧੦ ਪ੍ਰੇਮ ਦੇ ਮਹਲ ਵਿੱਚ (ਜਾ ਕੇ ਵਾਸਾ ਮਿਲੂ ਹੇ ਮਨ!)।
੧੧ ਛੱਡ ਦਿਹ।
੧੨ ਪਖੰਡ ਅਤੇ ਲੋਭ ਕਰਕੇ ਤਬਾਹ ਹੋਈਦਾ ਹੈ।
੧੩ ਹੇ ਮੇਰੀ ਜਾਨ, ਪਿਆਰੇ ਮਨ!
੧੪ ਗੁਰੂ ਨੇ ਹਰੀ-ਨਾਮ ਦਾ ਅੰਮ੍ਰਿਤ-ਸਰੋਵਰ ਲਭਾ-ਲਭ ਭਰਿਆ ਹੋਇਆ ਹੈ।
੧੫ ਗੁਰੂ ਦੀ ਇਕ ਸਿੱਖਿਆ ਸੁਣ (ਜੋ ਅਗਲੀ ਤੁਕ ਵਿੱਚ ਦਿੱਤੀ ਹੈ)।
੧੬ ਗੁਰੂ ਨਾਲ ਰਸੂਖ ਪਾ ਕੇ (ਪਤਿ ਪਾਇ) ਹਰੀ ਨਾਮ ਦਾ ਖਰਚਾ ਲਿਆ (ਜੀਵਨ ਦੇ ਸਫ਼ਰ ਲਈ)।
੧੭ ਅੱਗੋਂ ਹਰੀ ਦੇ ਹਜ਼ੂਰੋਂ ਸਿਰੋਪਾਉ ਮਿਲਿਆ।
੧੮ ਗੁਰੂ ਨੇ ਮੰਨ ਲਿਆ (ਕਬੂਲ ਕੀਤਾ), ਜਦੋਂ ਗੁਰਮੁਖ ਹੋ ਕੇ ਘਾਲ ਘਾਲੀ।
੧੯ [ਅ. ਜ਼ੁਹਦ=ਤਪ, ਕਰੜੀ ਘਾਲ] ਬੇਨਤੀ।
੨੦ ਵਿਚਾਰ ਕੇ ਤੇ ਸੰਭਾਲ ਕੇ ਵੇਖ, ਹੇ ਮਨ!
੨੧ ਨਿਹਾਰ, ਵੇਖ। ਹੇ ਬਨਾਂ ਵਿੱਚ ਫਿਰ-ਫਿਰ ਕੇ ਥੱਕ ਚੁੱਕੇ ਬਨਵਾਸੀ ਮਨ! ਤੂੰ ਪਿਰ ਨੂੰ ਰਿਦੇ ਵਿੱਚ ਵੇਖ।
੨੨ ਗੋਇ (ਪ੍ਰਿਥਵੀ) ਦਾ ਇੰਦ (ਮਾਲਕ), ਹਰੀ।
੨੩ ਦੇਖੋ ਪੰਨਾ ੧੧, ਨੋਟ ੨੧।
੨੪ ਮਾਇਆ ਦੇ ਵੱਡੇ ਜਾਲ ਵਿੱਚ।
੨੫ ਦੇਖੋ ਪੰਨਾ ੧੧, ਨੋਟ ੨੦।

* 'ਕਰਹਲ' [ਸਿੰਧੀ 'ਕਰਹੋ'] ਊਠ ਨੂੰ ਕਹਿੰਦੇ ਹਨ। "ਜੈਸੇ ਕਰਹਲੁ ਬੇਲਿ ਰੀਝਾਈ" (ਆਸਾ ਮ: ੪)। ਊਠਾਂ 'ਤੇ ਮਾਲ ਲੱਦ ਕੇ ਦੂਰ-ਦੂਰ ਦੇਸਾਂ ਵਿੱਚ ਫਿਰਦੇ ਹਨ, ਨਾਲ-ਨਾਲ ਇਕ ਖਾਸ ਸੁਰ ਵਾਲਾ ਗੀਤ ਗਾਈ ਜਾਂਦੇ ਹਨ। ਏਥੇ ਭਟਕਣ ਵਾਲੇ ਜੀਵ ਨੂੰ ਊਠ ਕਹਿ ਕੇ ਉਪਦੇਸ਼ ਕੀਤਾ ਹੈ।

† ਵਿਚਾਰਵਾਨ। ਗੁਰੂ ਜੀ ਮਨੁੱਖ ਦੇ ਮਨ ਨੂੰ ਪਿਆਰ ਨਾਲ ਬੱਚੇ ਵਾਂਗ ਸਮਝਾਂਦੇ ਹਨ। ਕਦੇ ਪਰਦੇਸੀ ਅਥਵਾ ਇਸ ਦੁਨੀਆਂ ਤੋਂ ਨਿਆਰਾ ਕਹਿੰਦੇ ਹਨ, ਕਦੇ ਵਿਚਾਰਵਾਨ ਤੇ ਕਦੇ ਨਿਰਮਲਾ, ਮਿਤ੍ਰਾ, ਪਿਆਰਿਆ, ਸੱਜਣਾ ਆਦਿ ਕਹਿ ਕੇ ਬੁਲਾਂਦੇ ਹਨ; ਵਿਚਾਰਵਾਨ ਜਾਂ ਨਿਰਮਲਾ ਕਹਿ ਕੇ ਉਸ ਨੂੰ ਉਸ ਦੇ ਅਸਲੇ ਦੀ ਯਾਦ ਕਰਾਂਦੇ ਹਨ।

[੧]ਹਰਿ ਏਕ ਨਦਰਿ ਨਿਹਾਲਿ ॥ ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥ ੪ ॥ ਮਨ ਕਰਹਲਾ ਮੇਰੇ ਪਿਆਰਿਆ [੨]ਵਿਚਿ ਦੇਹੀ ਜੋਤਿ ਸਮਾਲਿ ॥ ਗੁਰਿ [੩]ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥ ੫ ॥ ਮਨ ਕਰਹਲਾ ਤੂੰ ਚੰਚਲਾ [੪]ਚਤੁਰਾਈ ਛਡਿ ਵਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ[੫] ॥ ੬ ॥ ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ [੬]ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ[੭] ॥ ੭ ॥ [੮]ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ ਗੁਰੁ ਪੁਰਖੁ ਪੂਰਾ ਭੇਟਿਆ[੯] ਹਰਿ ਸਜਣੁ ਲਧੜਾ ਨਾਲਿ ॥ ੮ ॥ [੧੦]ਰੰਗਿ ਰਤੜੇ ਮਨ ਕਰਹਲੇ [੧੧]ਹਰਿ ਰੰਗੁ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥ ੯ ॥ ਹਮ ਪੰਖੀ ਮਨ ਕਰਹਲੇ ਹਰਿ ਤਰਵਰੁ[੧੨] ਪੁਰਖੁ ਅਕਾਲਿ ॥ ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥ ੧੦ ॥ ੨ ॥

ਰਾਗੁ ਗਉੜੀ ਗੁਆਰੇਰੀ

ਮਹਲਾ ੫ ਅਸਟਪਦੀਆ* ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਜਬ ਇਹੁ[੧੩] ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ[੧੪] ਫਿਰਤ ਬਿਗਾਨਾ[੧੫] ॥ ਜਬ ਇਹੁ ਹੂਆ [੧੬]ਸਗਲ ਕੀ ਰੀਨਾ ॥ ਤਾ ਤੇ ਰਮਈਆ[੧੭] ਘਟਿ ਘਟਿ ਚੀਨਾ[੧੮] ॥ ੧ ॥ ਸਹਜ ਸੁਹੇਲਾ ਫਲੁ ਮਸਕੀਨੀ[੧੯] ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥ ੧ ॥ ਰਹਾਉ ॥ ਜਬ ਕਿਸ ਕਉ ਇਹੁ ਜਾਨਸਿ ਮੰਦਾ ॥ [੨੦]ਤਬ ਸਗਲੇ ਇਸੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ ਚੁਕਾਈ[੨੧] ॥ ਤਾ ਤੇ ਇਸੁ ਸੰਗਿ ਨਹੀ ਬੈਰਾਈ[੨੨] ॥ ੨ ॥ ਜਬ ਇਨਿ [੨੩]ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥ ਜਬ ਇਨਿ ਕਰਣੈਹਾਰੁ ਪਛਾਤਾ ॥ ਤਬ ਇਸ ਨੋ ਨਾਹੀ ਕਿਛੁ ਤਾਤਾ[੨੪] ॥ ੩ ॥ ਜਬ ਇਨਿ [੨੫]ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ[੨੬] ॥ ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥ ਜਬ ਇਨਿ ਕਿਛੁ ਕਰਿ ਮਾਨੇ ਭੇਦਾ[੨੭] ॥ ਤਬ ਤੇ ਦੂਖ ਡੰਡ ਅਰੁ ਖੇਦਾ[੨੮] ॥ ਜਬ ਇਨਿ [੨੯]ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥ ੫ ॥ ਜਬ ਇਹੁ ਧਾਵੈ ਮਾਇਆ ਅਰਥੀ[੩੦] ॥ ਨਹ ਤ੍ਰਿਪਤਾਵੈ[੩੧] ਨਹ ਤਿਸ[੩੨] ਲਾਥੀ ॥ ਜਬ ਇਸ ਤੇ ਇਹੁ [੩੩]ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ[੩੪] ॥ ੬ ॥ ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ[੩੫] ਜਲਿਓ ॥ †ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ

1-155

੧ ਇਕੋ ਹਰੀ ਨੂੰ ਹੀ ਨਜ਼ਰ ਨਾਲ ਦੇਖ (ਸਭ ਵਿੱਚ)।
੨ ਸਰੀਰ ਵਿੱਚ ਹੀ ਪ੍ਰਭ-ਜੋਤ (ਪਰਮਾਤਮਾ ਦੀ ਹੋਂਦ) ਦਾ ਖ਼ਿਆਲ ਕਰ।
੩ ਨਉ-ਨਿਧ ਰੂਪੀ ਨਾਮ। ਨਾਮ ਜੋ ਹਰ ਤਰ੍ਹਾਂ ਦੇ ਸੁਖਾਂ ਦਾ ਖ਼ਜ਼ਾਨਾ ਹੈ। ਦੇਖੋ ਪੰਨਾ ੧੦, ਫੁਟ ਨੋਟ §।
੪ ਡਰਾਉਣੀ ਚਤੁਰਾਈ ਨੂੰ ਛੱਡ।
੫ ਛੇਕੜਲੇ ਸਮੇਂ, ਅੰਤ ਨੂੰ।
੬ ਗੁਰੂ ਦੀ ਗਿਆਨ ਰੂਪ ਤਲਵਾਰ ਹੱਥ ਵਿੱਚ ਫੜ ਕੇ।
੭ ਜਮ ਦੇ ਕਾਲ ਨੇ (ਮਾਰਨ ਵਾਲੇ ਨੇ)। ਏਥੇ ਗਿਆਨ-ਖੜਗ ਨੂੰ ਜਮਕਾਲ ਕਿਹਾ ਹੈ।
੮ ਨਾਮ ਦਾ ਖ਼ਜ਼ਾਨਾ ਅੰਦਰ ਹੈ, ਪਰ ਭਰਮ ਕਰ ਕੇ ਤੂੰ ਭਟਕਦਾ ਫਿਰਦਾ ਹੈਂ ਅਤੇ ਬਾਹਰ ਢੂੰਡਦਾ ਹੈਂ।
੯ ਦਰਸ਼ਨ ਕੀਤੇ।
੧੦ ਹੇ ਮਾਇਆ ਦੇ ਪਿਆਰ ਵਿੱਚ ਰੱਤੇ ਹੋਏ!
੧੧ ਹਰੀ ਦਾ ਪਿਆਰ।
੧੨ ਬ੍ਰਿਛ।
੧੩ ਇਹ ਮਨੁੱਖ।
੧੪ ਬਾਉਲਾ, ਝੱਲਾ।
੧੫ ਅਡਰਾ ਉਪਰਾ।
੧੬ ਸਾਰਿਆਂ ਦੀ ਚਰਨ-ਧੂੜ।
੧੭ ਵਾਹਿਗੁਰੂ ਜੋ ਸਾਰੇ ਰਮਿਆ (ਵਿਆਪਕ) ਹੈ।
੧੮ ਸਮਝਿਆ। ਹਰ ਇਕ ਵਜੂਦ ਵਿੱਚ ਦਿਸਿਆ ਹੈ।
੧੯ ਗਰੀਬੀ। ਇਹ ਗਰੀਬੀ ਧਾਰਨ ਦਾ ਫਲ ਮਿਲਿਆ ਹੈ ਕਿ ਮੈਂ ਸਹਜੇ ਹੀ ਸੁਹੇਲਾ (ਸੌਖਾ) ਹੋ ਗਿਆ ਹਾਂ।
੨੦ ਤਾਂ ਸਾਰੇ ਇਸ ਦੇ ਲਈ ਜਾਲ ਖਿਲਾਰਦੇ ਹਨ।
੨੧ ਦੂਰ ਕੀਤੀ।
੨੨ ਵੈਰ।
੨੩ ਅਪਣੱਤ ਦਾ ਭਾਵ, ਮੇਰੀ-ਮੇਰੀ।
੨੪ ਈਰਖਾ, ਸਾੜਾ।
੨੫ ਆਪਣਾ ਮੋਹ ਬੰਨ੍ਹਿਆ, ਭਾਵ ਖ਼ਾਸ-ਖ਼ਾਸ ਚੀਜ਼ਾਂ ਵਿੱਚ ਮੋਹ ਪੱਕਾ ਕੀਤਾ।
੨੬ ਤੱਕਿਆ (ਨਾਸ ਕਰਨ ਦੇ ਖ਼ਿਆਲ ਨਾਲ)। ਜੰਮਦਾ ਮਰਦਾ ਰਹਿੰਦਾ ਹੈ ਅਤੇ ਜਮ ਨੇ ਸਦਾ ਇਸ ਵੱਲ ਨਜ਼ਰ ਰੱਖੀ ਹੈ।
੨੭ ਫ਼ਰਕ, ਵਿਥਾਂ, ਵਖੇਵੇਂ।
੨੮ ਤਕਲੀਫ਼ਾਂ।
੨੯ ਕੇਵਲ ਇਕੋ ਹਰੀ ਨੂੰ।
੩੦ ਗਰਜ਼ੀ, ਲੋੜਵੰਦ ਹੋ ਕੇ (ਮਾਇਆ) ਦਾ।
੩੧ ਰੱਜਦਾ।
੩੨ ਤ੍ਰਿਸ਼ਨਾ।
੩੩ [ਫ਼ਾਰਸੀ ਜਉਲਾਂ] ਦੌੜਦਾ ਹੈ (ਮਾਇਆ ਦੇ ਅਸਰ ਤੋਂ ਬਚਣ ਲਈ), ਅੱਡਰਾ ਹੁੰਦਾ ਹੈ।
੩੪ ਮਾਇਆ। ਲਛਮੀ ਦਾ ਨਿਵਾਸ, ਕਮਲ ਵਿੱਚ ਮੰਨਿਆ ਹੈ, ਇਸ ਲਈ ਕਮਲਾ ਜਾਂ ਕਉਲਾ ਮਾਇਆ ਲਈ ਵਰਤੀਂਦਾ ਹੈ।
੩੫ ਦੀਵਾ (ਗਿਆਨ ਦਾ)।

* ਇਨ੍ਹਾਂ ਅਸ਼ਟਪਦੀਆਂ ਵਿੱਚ ਸਿੱਖ ਦੀ ਅਮਲੀ ਜ਼ਿੰਦਗੀ ਤੇ ਉਸ ਤੋਂ ਪ੍ਰਾਪਤ ਹੋਏ ਸਹਜ ਅਨੰਦ ਦਾ ਜ਼ਿਕਰ ਹੈ, ਪਹਿਲੋਂ ਹਉਮੈ ਰਹਿਤ ਜ਼ਿੰਦਗੀ ਦਾ ਨਜ਼ਾਰਾ ਹੈ, ਫਿਰ ਸੇਵਾ ਤੇ ਉਸ ਤੋਂ ਪੈਦਾ ਹੋਈ ਨਾਮ-ਜਾਪ ਦੀ ਲਗਨ, ਫਿਰ ਸਹਜ ਦੀ ਪ੍ਰਾਪਤੀ ਤੇ ਸੁਰਗ ਬੈਕੁੰਠ ਤੋਂ ਭੀ ਉੱਚੀ ਪਦਵੀ ਦਾ ਦ੍ਰਿਸ਼ ਦਿਖਾਇਆ ਹੈ। ਇਹ ਪਦਵੀ ਕੋਈ ਅਕਾਸ਼ੀ ਮੰਡਲਾਂ ਵਿੱਚ ਨਹੀਂ ਬਲਕਿ ਇਸੇ ਪਾਪ-ਪੁੰਨ ਦੇ ਸੰਗਰਾਮ ਰੂਪੀ ਸੰਸਾਰ ਵਿੱਚ ਬੇਲਾਗ ਰਹਿ ਕੇ ਹਾਸਲ ਕਰਨੀ ਦੱਸੀ ਹੈ। ਇਸ ਨੂੰ ਰਾਜ-ਜੋਗ ਕਿਹਾ ਹੈ। ਇਸ ਵਿੱਚ ਵਾਹਿਗੁਰੂ ਨਾਲ ਪੂਰਨ ਜੋੜ ਹੁੰਦਾ ਹੈ, ਦਮ ਬ-ਦਮ ਸਿਮਰਨ ਹੁੰਦਾ ਹੈ। ਧੰਨ ਹੈ ਗੁਰੂ, ਜੋ ਇਹ ਸਿਮਰਨ ਦਿੰਦਾ ਤੇ ਨਾਮ ਵਿੱਚ ਲਾਉਂਦਾ ਹੈ। ਅੰਤ ਵਿੱਚ ਨਾਮ ਅਤੇ ਹਰੀ ਪ੍ਰੇਮ ਦੇ ਗੁਣ ਗਾਏ ਹਨ।

† ਸੰਸਾਰੀ ਲੋਕ ਆਮ ਤੌਰ 'ਤੇ ਦੁਨਿਆਵੀ ਤਰੱਕੀ ਜਾਂ ਘਾਟੇ ਨੂੰ ਜਿੱਤ ਹਾਰ ਕਹਿ ਦਿੰਦੇ ਹਨ, ਪਰ ਜਿਸ ਨੂੰ ਅਸਲ ਜਿੱਤ ਹਾਰ ਦੀ ਸਮਝ ਪਈ ਹੈ, ਉਸ ਨੇ ਇਸ ਮਨੁੱਖਾ ਜਨਮ ਰੂਪ ਘਰ ਦੀ ਕਦਰ ਜਾਣੀ ਹੈ।

ਘਰ ਕੀ ਕੀਮਤਿ ਪਰੀ ॥ ੭ ॥ ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ
ਬੁਧਿ ਬੀਚਾਰਿ ਬਿਬੇਕੈ[1] ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ
ਨਾਨਕ ਹਰਿ ਰੰਗਾ[2] ॥ ੮ ॥ ੧ ॥ ਗਉੜੀ ਮਹਲਾ ੫ ॥ ਗੁਰ ਸੇਵਾ ਤੇ
ਨਾਮੇ ਲਾਗਾ ॥ ਤਿਸ ਕਉ ਮਿਲਿਆ [3]ਜਿਸੁ ਮਸਤਕਿ ਭਾਗਾ ॥ ਤਿਸ ਕੈ
ਹਿਰਦੈ ਰਵਿਆ[4] ਸੋਇ ॥ ਮਨੁ ਤਨੁ ਸੀਤਲੁ ਨਿਹਚਲੁ[5] ਹੋਇ ॥ ੧ ॥ ਐਸਾ
ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥ ੧ ॥ ਰਹਾਉ ॥
[6]ਜਾਸੁ ਜਪਤ ਭਉ ਅਪਦਾ[7] ਜਾਇ ॥ ਧਾਵਤ[8] ਮਨੂਆ [9]ਆਵੈ ਠਾਇ ॥
ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ ਇਹ ਹਉਮੈ ਭਾਗੈ ॥ ੨ ॥
ਜਾਸੁ ਜਪਤ ਵਸਿ ਆਵਹਿ ਪੰਚਾ[10] ॥ ਜਾਸੁ ਜਪਤ [11]ਰਿਦੈ ਅੰਮ੍ਰਿਤੁ ਸੰਚਾ ॥
ਜਾਸੁ ਜਪਤ ਇਹ ਤ੍ਰਿਸਨਾ[12] ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ[13] ॥
੩ ॥ ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ ਹਰਿ [14]ਹੋਵਹਿ
ਸਾਧ ॥ ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ[15] ਖੋਵੈ ॥
੪ ॥ ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ[16] ॥
ਜਾਸੁ ਜਪਤ ਕਈ ਬੈਕੁੰਠ ਵਾਸੁ ॥ ਜਾਸੁ ਜਪਤ [17]ਸੁਖ ਸਹਜਿ ਨਿਵਾਸੁ ॥
੫ ॥ ਜਾਸੁ ਜਪਤ ਇਹ [18]ਅਗਨਿ ਨ ਪੋਹਤ ॥ ਜਾਸੁ ਜਪਤ ਇਹੁ ਕਾਲੁ[19]
ਨ ਜੋਹਤ[20] ॥ ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ
ਦੂਖੁ ਲਾਥਾ ॥ ੬ ॥ ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ
ਸੁਣਿ [21]ਅਨਹਤ ਧੁਨੈ ॥ ਜਾਸੁ ਜਪਤ ਇਹ ਨਿਰਮਲ ਸੋਇ[22] ॥ ਜਾਸੁ ਜਪਤ
[23]ਕਮਲੁ ਸੀਧਾ ਹੋਇ ॥ ੭ ॥ ਗੁਰਿ [24]ਸੁਭ ਦ੍ਰਿਸਟਿ ਸਭ ਊਪਰਿ ਕਰੀ ॥
ਜਿਸ ਕੈ ਹਿਰਦੈ ਮੰਤ੍ਰੁ[25] ਦੇ ਹਰੀ ॥ ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ[26] ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ੮ ॥ ੨ ॥ ਗਉੜੀ ਮਹਲਾ ੫ ॥ ਗੁਰ
ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ[27] ॥ ਦਸ
ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ[28] ॥ ੧ ॥ ਐਸੀ
ਦ੍ਰਿੜਤਾ[29] ਤਾ ਕੈ ਹੋਇ ॥ ਜਾ ਕਉ ਦਇਆ ਮਇਆ[30] ਪ੍ਰਭ ਸੋਇ ॥ ੧ ॥
ਰਹਾਉ ॥ *ਸਾਜਨੁ ਦੁਸਟੁ[31] ਜਾ ਕੈ ਏਕ ਸਮਾਨੈ ॥ [32]ਜੇਤਾ ਬੋਲਣੁ ਤੇਤਾ
ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ[33] ਤੇਤਾ ਧਿਆਨੁ ॥
੨ ॥ ਸਹਜੇ[34] ਜਾਗਣੁ ਸਹਜੇ ਸੋਇ ॥ [35]ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ
ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ[36] ਸਹਜੇ ਹੀ ਜਪਨਾ ॥ ੩ ॥ ਸਹਜੇ
ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ[37] ॥ ਸਹਜੇ ਹੋਆ
ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ[38] ॥ ੪ ॥ ਸਹਜੇ

੧ ਚੰਗੇ ਮੰਦੇ ਦੀ ਪਛਾਣ ਕਰਕੇ। ਉਹ ਆਪ ਹੀ ਬੁਧ ਵਿਚਾਰ ਅਤੇ ਨਿਰਣੇ ਨਾਲ ਇਹ ਪ੍ਰਬੰਧ ਚਲਾ ਰਿਹਾ ਹੈ।

੨ ਪ੍ਰੇਮ ਨਾਲ। ਇਹੋ ਜਿਹੇ ਸੱਚੇ ਹਰੀ ਨੂੰ ਪਿਆਰ ਨਾਲ ਸਲਾਹੁਣਾ ਚਾਹੀਦਾ ਹੈ।

੩ ਜਿਸ ਦੇ ਮੱਥੇ 'ਤੇ ਭਾਗ ਹਨ; ਵਾਹਿਗੁਰੂ ਦੀ ਰਜ਼ਾ ਜਿਸ ਦੇ ਹੱਕ ਵਿੱਚ ਹੈ।

੪ ਵਸਿਆ।

੫ ਸਥਿਰ। ਮਨ, ਤਨ ਠੰਢਾ ਤੇ ਟਿਕਿਆ ਹੋਇਆ ਹੁੰਦਾ ਹੈ।

੬ ਜਿਸ ਦੇ ਜਪਣ ਨਾਲ।

੭ ਵਿਪਦਾ, ਮੁਸੀਬਤ।

੮ ਦੌੜਦਾ ਹੋਇਆ, ਚੰਚਲ।

੯ ਥਾਂ 'ਤੇ ਆ ਜਾਂਦਾ ਹੈ, ਟਿੱਕ ਜਾਂਦਾ ਹੈ।

੧੦ ਕਾਮਾਦਿਕ, ਪੰਜ ਵੈਰੀ।

੧੧ ਦਿਲ ਵਿੱਚ ਅੰਮ੍ਰਿਤ ਇਕੱਠਾ ਹੁੰਦਾ ਹੈ। ਦਿਲ ਨਾਮ ਦੇ ਅੰਮ੍ਰਿਤ ਨਾਲ ਭਰ ਜਾਂਦਾ ਹੈ।

੧੨ ਖ਼ਾਹਿਸ਼ਾਂ ਦੀ ਤੇਹ।

੧੩ ਕਾਮਯਾਬ, ਸੁਰਖਰੂ ਮੁਕਤ ਹੁੰਦਾ ਹੈ।

੧੪ (ਜਿਸ ਦੇ ਜਪਣ ਕਰਕੇ) ਗੁਰਮੁਖ ਬਣੀਦਾ ਹੈ।

੧੫ ਸਾਰੀ।

੧੬ ਹਿੱਲ ਜਾਂਦਾ ਹੈ; ਗਿਝ ਜਾਂਦਾ ਹੈ। ਐਸਾ ਗਿਝ ਜਾਂਦਾ ਹੈ ਕਿ ਉਸ ਹਰੀ-ਰਤਨ ਨੂੰ ਮੁੜ ਛੱਡਦਾ ਹੀ ਨਹੀਂ।

੧੭ ਸਹਜੇ ਹੀ ਸੁਖ ਦਾ ਨਿਵਾਸ ਮਿਲਦਾ ਹੈ।

੧੮ ਤ੍ਰਿਸ਼ਨਾ-ਅਗਨੀ ਪੋਂਹਦੀ ਨਹੀਂ, ਬੇਅਸਰ ਹੋ ਜਾਂਦੀ ਹੈ।

੧੯ ਮੌਤ।

੨੦ ਵੇਖ਼ਦਾ (ਨਾਸ ਕਰਨ ਲਈ)।

੨੧ ਬਿਨਾਂ ਵਜਾਇਆਂ ਪੈਦਾ ਹੋਣ ਵਾਲੀ ਆਵਾਜ਼। ਆਤਮ ਮੰਡਲ ਦਾ ਆਨੰਦ ਇਕ ਸਰੂਰ ਦਿੰਦਾ ਹੈ, ਜਿਸ ਨੂੰ ਗੁਰਮਤ ਵਿੱਚ ਅਨਹਤ ਸ਼ਬਦ ਜਾਂ ਅਨਹਤ ਧੁਨਿ ਕਰਕੇ ਦੱਸਿਆ ਹੁੰਦਾ ਹੈ।

੨੨ ਸ਼ੋਭਾ, ਸ਼ੁਹਰਤ।

੨੩ ਹਿਰਦਾ-ਕਮਲ ਸਿਧਾ ਹੋ ਜਾਂਦਾ ਹੈ (ਮਾਇਆ ਵੱਲੋਂ ਉਲਟ ਕੇ)।

੨੪ ਚੰਗੀ ਨਜ਼ਰ, ਮਿਹਰ ਦੀ ਨਜ਼ਰ।

੨੫ ਉਪਦੇਸ਼।

੨੬ ਚੂਰਮਾ। ਉਨ੍ਹਾਂ ਦਾ ਭੋਜਨ ਜਾਂ ਚੂਰਮਾ ਕੇਵਲ ਵਾਹਿਗੁਰੂ ਦੀ ਲਗਾਤਾਰ ਸਿਫ਼ਤ-ਸਲਾਹ ਹੈ।

੨੭ ਦੂਰ ਕਰੇ, ਤੋੜੇ। ਕਾਮ, ਕ੍ਰੋਧ ਆਦਿ ਪੰਜਾਂ ਦਾ ਸੰਗ ਛੱਡ ਦੇਵੇ।

੨੮ ਚਾਨਣਾ (ਗਿਆਨ ਦਾ)।

੨੯ ਪਕਿਆਈ।

੩੦ ਕਿਰਪਾ।

੩੧ ਦੁਸ਼ਮਨ।

੩੨ ਓਹ ਜੋ ਕੁਝ ਬੋਲਦੇ ਹਨ, ਉਹ ਸਭ ਗਿਆਨ ਹੀ ਹੁੰਦਾ ਹੈ।

੩੩ ਵੇਖਣਾ।

੩੪ ਅਡੋਲਤਾ ਤੇ ਸ਼ਾਂਤੀ ਵਿੱਚ ਹੀ।

੩੫ ਜੋ ਕੁਦਰਤੀ ਤੌਰ 'ਤੇ ਹੋ ਰਿਹਾ ਹੈ, ਉਸ ਨੂੰ ਓਹ ਠੀਕ ਮੰਨਦੇ ਹਨ। "ਸਹਜ ਸੁਭਾਇ ਹੋਵੈ ਸੋ ਹੋਇ॥ ਕਰਣੈਹਾਰੁ ਪਛਾਣੈ ਸੋਇ" (ਸੁਖਮਨੀ-੨੮੨)।

੩੬ ਚੁੱਪ।

੩੭ [ਫ਼ਾਰਸੀ : ਦੂਰ ਤੋਂ] ਦੂਰੀ, ਵਖੇਵਾਂ, ਪੜਦਾ।

੩੮ ਪ੍ਰਤੱਖ।

* ਇਥੇ ਦੱਸੇ ਸਹਜ ਦੇ ਗੁਣਾਂ ਨੂੰ ਪੰਨਾ ੬੮ ਵਿੱਚ ਦੱਸੀ ਸਹਿਜ ਅਵਸਥਾ ਨਾਲ ਮੇਲੋ।

† ਉਨ੍ਹਾਂ ਦਾ ਸਹਜ ਵਿੱਚ ਹੀ ਰੋਣਾ ਹੈ, ਤੇ ਸਹਜ ਵਿੱਚ ਹੀ ਹੱਸਣਾ; ਭਾਵ ਜਦੋਂ ਸੰਸਾਰ ਦੇ ਰਸਾਂ ਵੱਲੋਂ ਉਪਰਾਮ ਹੁੰਦੇ ਹਨ, ਤਾਂ ਕੁਦਰਤੀ ਤੌਰ 'ਤੇ ਹੀ ਹੁੰਦੇ ਹਨ, ਕੁਦਰਤੀ ਹੱਦ ਤੋਂ ਟੱਪ ਕੇ ਸੰਸਾਰ ਨੂੰ ਹੀ ਨਹੀਂ ਛੱਡ ਦਿੰਦੇ, ਇਸੇ ਤਰ੍ਹਾਂ ਕੋਈ ਖੁਸ਼ੀ ਦੇਣਵਾਲੀ ਗੱਲ ਹੋਵੇ, ਤਾਂ ਹੱਦ ਤੋਂ ਟੱਪ ਉਸ ਵਿੱਚ ਲੰਪਟ ਨਹੀਂ ਹੁੰਦੇ, ਬਲਕਿ ਸੁਭਾਵਕ ਹੀ ਖੁਸ਼ੀ ਮਾਣਦੇ ਹਨ।

ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ[੧] ਤਨ ਕੀ ਨਾਸੀ ॥ ਜਾ ਕੈ
ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ[੨] ॥ ੫ ॥ ਸਹਜੇ
ਅੰਮ੍ਰਿਤੁ ਪੀਓ ਨਾਮੁ ॥ ਸਹਜੇ [੩]ਕੀਨੋ ਜੀਅ ਕੋ ਦਾਨੁ ॥ [੪]ਸਹਜ ਕਥਾ ਮਹਿ
ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥ ੬ ॥ ਸਹਜੇ ਆਸਣੁ[੫]
ਅਸਥਿਰੁ ਭਾਇਆ ॥ ਸਹਜੇ [੬]ਅਨਹਤ ਸਬਦੁ ਵਜਾਇਆ ॥ ਸਹਜੇ
ਰੁਣਝੁਣਕਾਰੁ[੭] ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥ ੭ ॥
ਸਹਜੇ ਜਾ ਕਉ [੮]ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ
ਸਹਜੁ[੯] ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥ ੮ ॥ ੩ ॥
ਗਉੜੀ ਮਹਲਾ ੫ ॥ ਪ੍ਰਥਮੇ[੧੦] ਗਰਭ ਵਾਸ ਤੇ ਟਰਿਆ[੧੧] ॥ ਪੁਤ੍ਰ ਕਲਤ੍ਰ[੧੨]
ਕੁਟੰਬ ਸੰਗਿ ਜੁਰਿਆ[੧੩] ॥ ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ[੧੪]
[੧੫]ਗਵਨੁ ਕਰਹਿਗੇ ਬਪੁਰੇ[੧੬] ॥ ੧ ॥ ਕਵਨੁ ਅਸਥਾਨੁ [੧੭]ਜੋ ਕਬਹੁ ਨ ਟਰੈ ॥
ਕਵਨੁ ਸਬਦੁ ਜਿਤੁ [੧੮]ਦੁਰਮਤਿ ਹਰੈ ॥ ੧ ॥ ਰਹਾਉ ॥ ਇੰਦ੍ਰਪੁਰੀ[੧੯] ਮਹਿ
ਸਰਪਰ ਮਰਣਾ ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥ ਸਿਵਪੁਰੀ ਕਾ ਹੋਇਗਾ
ਕਾਲਾ[੨੦] ॥ *ਤ੍ਰੈਗੁਣ ਮਾਇਆ ਬਿਨਸਿ ਬਿਤਾਲਾ[੨੧] ॥ ੨ ॥ ਗਿਰਿ[੨੨] ਤਰ[੨੩]
ਧਰਣਿ[੨੪] ਗਗਨ[੨੫] ਅਰੁ ਤਾਰੇ ॥ ਰਵਿ[੨੬] ਸਸਿ[੨੭] ਪਵਣੁ ਪਾਵਕੁ[੨੮]
ਨੀਰਾਰੇ[੨੯] ॥ ਦਿਨਸੁ ਰੈਣਿ [੩੦]ਬਰਤ ਅਰੁ ਭੇਦਾ ॥ [੩੧]ਸਾਸਤ ਸਿੰਮ੍ਰਿਤਿ
ਬਿਨਸਹਿਗੇ ਬੇਦਾ ॥ ੩ ॥ ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ [੩੨]ਸੋਚ
ਪਾਕ ਹੋਤੀ[੩੩] ॥ ਧੋਤੀ ਡੰਡਉਤਿ ਪਰਸਾਦਨ[੩੪] ਭੋਗਾ ॥ ਗਵਨੁ ਕਰੈਗੋ ਸਗਲੋ
ਲੋਗਾ ॥ ੪ ॥ ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ
ਜਿੰਦੂ ॥ ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥
੫ ॥† [੩੫]ਸਹਜ ਸਿਫਤਿ ਭਗਤਿ ਤਤੁ ਗਿਆਨਾ ॥ [੩੬]ਸਦਾ ਅਨੰਦੁ ਨਿਹਚਲੁ
ਸਚੁ ਥਾਨਾ ॥ [੩੭]ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ[੩੮] ਨਗਰੁ ਤਹਾ
ਸਦ ਵਸੈ ॥ ੬ ॥ ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ
ਮਿਰਤੁ[੩੯] ਨ ਹੋਤਾ ॥ ਤਹ ਸਦਾ ਅਨੰਦ ਅਨਹਤ ਆਖਾਰੇ[੪੦] ॥ ਭਗਤ
[੪੧]ਵਸਹਿ ਕੀਰਤਨ ਆਧਾਰੇ ॥ ੭ ॥ ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ
ਕਰੈ ਤਾ ਕਾ ਬੀਚਾਰੁ ॥ ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ
ਸਾਧਸੰਗਿ ਤਰੈ ॥ ੮ ॥ ੪ ॥ ਗਉੜੀ ਮਹਲਾ ੫ ॥ ਜੋ ਇਸੁ[੪੨] ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ
ਮਾਰੇ ਤਿਸ ਕਾ ਦੂਖੁ ਜਾਈ ॥ ੧ ॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ [੪੩]ਰਾਜ ਜੋਗੁ ਕਮਾਵੈ ॥ ੧ ॥ ਰਹਾਉ ॥ ਜੋ ਇਸੁ ਮਾਰੇ

੧ ਦੁਚਿੱਤਾ ਹੋਣਾ।
੨ ਪਰਮ ਅਨੰਦ ਸਰੂਪ ਵਾਹਿਗੁਰੂ।
੩ ਆਤਮਾ ਨੂੰ ਨਾਮ ਦਾਨ ਹਰੀ ਨੇ ਕੀਤਾ ਹੈ।
੪ ਗਿਆਨ ਵਾਲੀ ਕਥਾ, ਜਿਸ ਦਾ ਮਨ ਸੁਆਦ ਲੈਂਦਾ ਹੈ।
੫ ਟਿਕਾਣਾ। ਮਨ ਅਡੋਲ ਹੋ ਗਿਆ ਹੈ।
੬ ਭਾਵ ਆਤਮ ਮੰਡਲ ਦਾ ਅਨੰਦ ਪ੍ਰਗਟ ਹੋਇਆ। ਦੇਖੋ ਪੰਨਾ ੯੧, ਨੋਟ ੨੪।
੭ ਰਣਤਕਾਰ ਤੇ ਝਣਤਕਾਰ, ਘੁੰਘਰੂ ਝਾਂਜਰਾਂ ਆਦਿ ਦੀ ਆਵਾਜ਼ ਏਥੇ ਇਸ ਆਵਾਜ਼ ਨੂੰ ਉਸੇ ਤਰ੍ਹਾਂ ਵਰਤਿਆ ਹੈ, ਜਿਵੇਂ ਅਨਹਤ ਸ਼ਬਦ।
੮ ਕਰਮਾਂ, ਭਾਗਾਂ 'ਚ ਲਿਖਿਆ ਹੈ।
੯ ਸੱਚਾ ਗਿਆਨ।
੧੦ ਪਹਿਲਾਂ।
੧੧ ਹਟਿਆ, ਬਾਹਰ ਆਇਆ।
੧੨ ਇਸਤਰੀ।
੧੩ ਜੁੜਿਆ।
੧੪ ਜ਼ਰੂਰ ਹੀ।
੧੫ ਚਲੇ ਜਾਣਗੇ, ਨਾਸ ਹੋਣਗੇ।
੧੬ ਹੇ ਵਿਚਾਰੇ!
੧੭ ਜੋ ਕਦੀ ਨਹੀਂ ਟੱਲਦਾ, ਭਾਵ ਅਟੱਲ ਹੈ।
੧੮ ਖੋਟੀ ਮੱਤ ਦੂਰ ਹੋਵੇ।
੧੯ ਇੰਦਰ ਲੋਕ, ਜਿਥੇ ਇੰਦਰ ਦੇਵਤੇ ਦਾ ਰਾਜ ਮੰਨਿਆ ਜਾਂਦਾ ਹੈ।
੨੦ ਕਾਲ, ਨਾਸ।
੨੧ ਬੇਤਾਲ, ਆਪਣੇ ਟਿਕਾਣੇ ਤੋਂ ਖੁੰਝੇ ਹੋਏ, ਅਗਿਆਨੀ ਜੀਵ। ਤਿੰਨ-ਗੁਣੀ ਮਾਇਆ ਵਿੱਚ ਫਸੇ ਅਗਿਆਨੀ ਜੀਵ ਨਾਸ ਹੋ ਜਾਵਣਗੇ।
੨੨ ਪਹਾੜ।
੨੩ ਰੁੱਖ।
੨੪ ਧਰਤੀ।
੨੫ ਅਸਮਾਨ।
੨੬ ਸੂਰਜ।
੨੭ ਚੰਨ।
੨੮ ਅੱਗ।
੨੯ ਪਾਣੀ।
੩੦ ਤਰ੍ਹਾਂ-ਤਰ੍ਹਾਂ ਦੇ ਵਰਤ (ਬੱਝਵੇਂ ਨੇਮ) ਅਤੇ ਉਨ੍ਹਾਂ ਦੇ ਆਪੋ ਵਿੱਚ ਦੇ ਫ਼ਰਕ।
੩੧ ਦੇਖੋ ਪੰਨਾ ੧੧, ਫੁਟ ਨੋਟ † ਅਤੇ *।
੩੨ ਸੁੱਚੀ ਰਸੋਈ।
੩੩ [ਸੰ: ਹੋਤ੍ਰੀ] ਉਪਾਸ਼ਕ ਅਗਨੀ ਦਾ।
੩੪ ਤਰ੍ਹਾਂ-ਤਰ੍ਹਾਂ ਦੇ ਖਾਣੇ।
੩੫ ਆਤਮ ਦੇ ਚਾਉ ਵਿੱਚ ਕੀਤੀ ਗਈ ਸਿਫ਼ਤ ਨੂੰ ਸਹਜ ਸਿਫ਼ਤ ਕਿਹਾ ਹੈ।
੩੬ ਸਹਜ ਸਿਫ਼ਤ ਜਾਂ ਭਗਤੀ ਦਵਾਰਾ ਸਦਾ ਅਨੰਦ ਹੁੰਦਾ ਹੈ ਤੇ ਨਿਹਚਲ ਸੱਚਾ ਥਾਂ ਪ੍ਰਾਪਤ ਹੁੰਦਾ ਹੈ।
੩੭ ਉਥੇ ਸਾਧ ਸੰਗਤ ਹਰੀ ਦੇ ਗੁਣਾਂ ਨੂੰ ਰਸ ਨਾਲ ਉਚਾਰਦੀ ਹੈ।
੩੮ ਭੈ ਤੋਂ ਰਹਿਤ।
੩੯ ਮੌਤ।
੪੦ ਅਖਾੜੇ। ਉਥੇ ਸਦਾ ਅਨਹਤ ਸ਼ਬਦ ਦਾ ਅਨੰਦ ਦੇਣ ਵਾਲੀਆਂ ਥਾਂਵਾਂ ਹਨ।
੪੧ ਕੀਰਤਨ ਦੇ ਆਸਰੇ ਰਹਿੰਦੇ ਹਨ।
੪੨ ਦੁਬਿਧਾ ਨੂੰ।
੪੩ ਰਾਜ ਕਰਦੇ ਹੋਏ ਜੋਗ ਕਰਨਾ, ਸੰਸਾਰ ਵਿੱਚ ਰਹਿੰਦੇ ਹੋਏ ਹਰੀ ਨਾਲ ਜੁੜੇ ਰਹਿਣਾ। ਗੁਰਮਤਿ ਵਿੱਚ ਇਹ ਸਭ ਤੋਂ ਉੱਤਮ ਮਾਰਗ ਗਿਣਿਆ ਹੈ।

* ਰਜ, ਸਤ , ਤਮ ਇਹ ਤਿੰਨ ਗੁਣ ਹਨ। ਮਨੁੱਖ ਆਮ ਤੌਰ 'ਤੇ ਤਿੰਨਾਂ ਗੁਣਾਂ ਵਿੱਚ ਵਿਚਰਦੇ ਹਨ। ਜਦ ਮਨੁੱਖ ਅੰਦਰ ਖਾਹਸ਼ਾਂ ਭੜਕਦੀਆਂ ਹਨ ਤੇ ਉਨ੍ਹਾਂ ਦੀ ਪੂਰਤੀ ਲਈ ਦੌੜਦਾ ਫਿਰਦਾ ਹੈ, ਉਸ ਅੰਦਰ ਰਜ ਗੁਣ ਜ਼ੋਰਾਂ ਵਿੱਚ ਹੁੰਦਾ ਹੈ। ਜਦ ਉਹ ਗੁੱਸੇ ਜਾਂ ਈਰਖਾ ਅੰਦਰ ਫਿਰਦਾ ਹੈ, ਉਹ ਪੂਰਨ ਹਨ੍ਹੇਰੇ ਵਿੱਚ ਹੈ; ਇਸ ਦਸ਼ਾ ਨੂੰ ਤਮ ਗੁਣ ਕਹਿੰਦੇ ਹਨ। ਕਈ ਵੇਰ ਮਨੁੱਖ ਛੱਡ ਛਡਾ ਕੇ ਵੈਰਾਗਮਈ ਹੋ ਜਾਂਦਾ ਹੈ ਤੇ ਸੰਸਾਰ ਦੇ ਦੁੱਖ ਉਸ 'ਤੇ ਅਸਰ ਨਹੀਂ ਕਰਦੇ, ਉਸ ਵੇਲੇ ਉਸ ਦੀ ਬਿਰਤੀ ਸਤ ਗੁਣ ਵਾਲੀ ਹੈ। ਗੁਰਮਤਿ ਵਿੱਚ ਇਨ੍ਹਾਂ ਤਿੰਨਾਂ ਤੋਂ ਉੱਤੇ ਸਹਜ ਪਦ ਜਾਂ ਚੌਥੀ ਅਵਸਥਾ ਹੈ, ਜਿਥੇ ਗੁਰਮੁਖ ਪਹੁੰਚਦੇ ਹਨ। ਇਸ ਅਵਸਥਾ ਵਿੱਚ ਉਹ ਇਨ੍ਹਾਂ ਗੁਣਾਂ ਦੇ ਅਧੀਨ ਨਹੀਂ ਹੁੰਦੇ, ਸਗੋਂ ਇਨ੍ਹਾਂ 'ਤੇ ਕਾਬੂ ਪਾ ਲੈਂਦੇ ਹਨ ਅਤੇ ਲੋੜ ਅਨੁਸਾਰ ਆਪਣੇ ਧਰਮ ਫ਼ਰਜ਼ ਨੂੰ ਪੂਰਾ ਕਰਨ ਲਈ ਹਰ ਇਕ ਗੁਣ ਦਾ ਯੋਗ ਵਰਤਾਉ ਕਰਦੇ ਹਨ।

† ਇਸ ਅਸ਼ਟਪਦੀ ਵਿੱਚ ਲੋਕਾਂ ਦੀਆਂ ਸੁਰਗ ਪੁਰੀਆਂ ਦੇ ਮੁਕਾਬਲੇ 'ਤੇ ਇਕ ਅਸਲੀ ਅਚੱਲ ਠਿਕਾਣਾ ਦੱਸਿਆ ਹੈ ਜਿਥੇ ਦਾ ਰੂਪ ਕਿਸੇ ਮਾਦੀ ਸ਼ਕਲ ਵਿੱਚ ਨਹੀਂ ਬੱਧਾ, ਬਲਕਿ ਦੱਸਿਆ ਹੈ ਕਿ ਉਸ ਅਨਭਉ ਨਗਰ ਵਿੱਚ ਸੰਗਤਾਂ ਦੇ ਅਖਾੜੇ ਹਨ ਜੋ ਸਦਾ ਹਰੀ ਕੀਰਤਨ ਨਾਲ ਗੂੰਜਦੇ ਰਹਿੰਦੇ ਹਨ। ਦੇਖੋ ਸੂਹੀ ਮ: ੫, ਪੰਨਾ ੭੩੯ (ਸੁਖ ਮਹਲ); ਧਨਾਸਰੀ ਕਬੀਰ (ਇੰਦ੍ਰ ਲੋਕ), ਪੰਨਾ ੬੯੨; ਰਵਿਦਾਸ ਗਉੜੀ ਗੁਆ: (ਬੇਗਮਪੁਰਾ), ਪੰਨਾ ੩੪੫।

ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ[੧] ॥ ੨ ॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ[੨] ॥ ੩ ॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ[੩] ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ[੪] ਜਾਗਾ[੫] ॥ ੪ ॥ ਜੋ ਇਸੁ ਮਾਰੇ ਸੁ [੬]ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ [੭]ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ [੮]ਸਹਜ ਧਿਆਨੀ ॥ ੫ ॥ ਇਸੁ ਮਾਰੀ ਬਿਨੁ [੯]ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ [੧੦]ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੂਟੈ ॥ ੬ ॥ ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ[੧੧] ॥ ੭ ॥ ਜਾ ਕਉ ਭਏ ਕ੍ਰਿਪਾਲ ਕ੍ਰਿਪਾਨਿਧਿ[੧੨] ॥ ਤਿਸੁ ਭਈ ਖਲਾਸੀ ਹੋਈ [੧੩]ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥ ੮ ॥ ੫ ॥ ਗਉੜੀ ਮਹਲਾ ੫ ॥ ਹਰਿ ਸਿਉ ਜੁਰੈ[੧੪] ਤ ਸਭੁ ਕੋ ਮੀਤੁ ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥ ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ[੧੫] ॥ ਹਰਿ ਸਿਉ ਜੁਰੈ ਤ ਹੋਇ ਨਿਸਤਾਰਾ[੧੬] ॥ ੧ ॥ ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ ਨਾਹੀ ਹੋਰੁ ॥ ੧ ॥ ਰਹਾਉ ॥ ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ[੧੭] ॥ ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ [੧੮]ਖਿਨ ਮਹਿ ਉਧਰਹਿ[੧੯] ॥ ੨ ॥ ਕੋਟਿ ਮਜਨ[੨੦] ਜਾ ਕੈ ਸੁਣਿ ਨਾਮ ॥ ਕੋਟਿ ਪੂਜਾ ਜਾ ਕੈ ਹੈ ਧਿਆਨ ॥ ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ[੨੧] ਜਾਣੀ ॥ ੩ ॥ ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ [੨੨]ਮਾਇਆ ਕੇ ਹੇਤ ॥ ਹਰਿ ਅਬਿਨਾਸੀ ਤੁਮਰੈ ਸੰਗਿ ॥ ਮਨ ਮੇਰੇ [੨੩]ਰਚੁ ਰਾਮ ਕੈ ਰੰਗਿ ॥ ੪ ॥ ਜਾ ਕੈ ਕਾਮਿ ਉਤਰੈ ਸਭ ਭੂਖ ॥ [੨੪]ਜਾ ਕੈ ਕਾਮਿ ਨ ਜੋਹਹਿ ਦੂਤ ॥ ਜਾ ਕੈ ਕਾਮਿ ਤੇਰਾ ਵਡ ਗਮਰੁ[*] ॥ ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥ ੫ ॥ ਜਾ ਕੇ ਚਾਕਰ ਕਉ ਨਹੀ ਡਾਨ[੨੫] ॥ ਜਾ ਕੇ ਚਾਕਰ ਕਉ [੨੬]ਨਹੀ ਬਾਨ ॥ ਜਾ ਕੈ ਦਫਤਰਿ ਪੁਛੈ ਨ ਲੇਖਾ ॥ ਤਾ ਕੀ ਚਾਕਰੀ ਕਰਹੁ ਬਿਸੇਖਾ[੨੭] ॥ ੬ ॥ ਜਾ ਕੈ ਊਨ[੨੮] ਨਾਹੀ ਕਾਹੂ ਬਾਤ ॥ ਏਕਹਿ ਆਪਿ ਅਨੇਕਹਿ ਭਾਤਿ ॥ ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥ ਮਨ ਮੇਰੇ ਕਰਿ ਤਾ ਕੀ ਘਾਲ[੨੯] ॥ ੭ ॥ ਨਾ ਕੋ ਚਤੁਰੁ ਨਾਹੀ ਕੋ ਮੂੜਾ ॥ ਨਾ ਕੋ ਹੀਣੁ[੩੦] ਨਾਹੀ

੧ ਕਾਮਯਾਬ ਹੁੰਦਾ ਹੈ, ਸੁਰਖਰੂ ਹੁੰਦਾ ਹੈ।
੨ ਖਲਾਸੀ, ਮੁਕਤੀ।
੩ ਗਿਣੀਦਾ ਹੈ। ਸੰਸਾਰ ਵਿੱਚ ਆਇਆ ਉਸੇ ਦਾ ਗਿਣਿਆ ਜਾਂਦਾ ਹੈ।
੪ ਹਰ ਰੋਜ਼।
੫ (ਸਦਾ) ਸੁਚੇਤ ਰਹਿੰਦਾ ਹੈ।
੬ ਇਸੇ ਜੀਵਨ ਵਿੱਚ ਮੁਕਤ ਹੋਇਆ-ਹੋਇਆ।
੭ ਜੀਵਨ ਦੀ ਜੁਗਤੀ (ਤਰੀਕਾ) ਨਿਰਮਲ ਹੈ। ਰਹਿਣੀ-ਬਹਿਣੀ ਪਵਿੱਤਰ ਹੁੰਦੀ ਹੈ।
੮ ਅਸਲੀ ਧਿਆਨ ਵਾਲਾ।
੯ ਕਬੂਲ ਨਹੀਂ ਹੁੰਦਾ, ਭਾਵੇਂ ਜਪ ਤਪ ਜਿਹੇ ਕ੍ਰੋੜਾਂ ਕਰਮ ਕਰੇ।
੧੦ ਆਵਣ ਜਾਣ ਨਹੀਂ ਮੁੱਕਦਾ।
੧੧ [ਫ਼ਾਰਸੀ ਜੌਲਾਂ] ਜਾਣ ਵਾਲਾ, ਨਾਸ ਰੂਪ।
੧੨ ਕਿਰਪਾ ਦਾ ਖ਼ਜ਼ਾਨਾ।
੧੩ ਪੂਰੀ ਸਫ਼ਲਤਾ।
੧੪ ਜੁੜੇ, ਮੇਲ ਕਰੇ।
੧੫ ਝੋਰਾ।
੧੬ ਛੁਟਕਾਰਾ, ਮੁਕਤੀ।
੧੭ ਮੂਰਖ।
੧੮ ਪਲ ਵਿੱਚ।
੧੯ ਤਰਦੇ ਹਨ।
੨੦ ਪੂਰਬੀ ਦਾ ਇਸ਼ਨਾਨ।
੨੧ ਤਰੀਕਾ (ਜੀਵਨ ਦਾ)।
੨੨ ਮਾਇਆ ਦੇ ਮੋਹ।
੨੩ ਰਾਮ ਦੇ ਪਿਆਰ ਵਿੱਚ ਲੱਗ ਜਾ।
੨੪ ਜਿਸ ਹਰੀ ਦੇ ਸਿਮਰਨ ਰੂਪੀ ਕੰਮ ਕਰਨ ਨਾਲ ਜਮਦੂਤ ਨਹੀਂ ਮਾਰਨ ਲਈ ਵੇਖਦੇ।
੨੫ ਡੰਨ, ਸਜ਼ਾ।
੨੬ ਕੋਈ ਕਸਰ ਨਹੀਂ ਲੱਗਦੀ, ਘਾਟਾ ਨਹੀਂ ਪੈਂਦਾ।
੨੭ ਵਿਸ਼ੇਸ਼ ਕਰਕੇ, ਚੰਗੀ ਤਰ੍ਹਾਂ ਚਾਕਰੀ ਕਰੋ।
੨੮ ਘਾਟਾ। ਕਿਸੇ ਗੱਲ ਦਾ ਘਾਟਾ ਨਹੀਂ ਅਤੇ ਜੋ ਇਕ ਹੁੰਦਾ ਹੋਇਆ ਅਨੇਕ ਤਰ੍ਹਾਂ ਪ੍ਰਗਟ ਹੋ ਰਿਹਾ ਹੈ।
੨੯ ਸੇਵਾ।
੩੦ ਮਾੜਾ, ਕਮਜ਼ੋਰ।

* [ਅਰਬੀ : ਗਮਰ, ਬਹਾਦਰ] ਵਡਿਆਈ, ਪ੍ਰਤਾਪ, ਮਰਤਬਾ।

ਕੋ ਸੂਰਾ[੧] ॥ ਜਿਤੁ ਕੋ ਲਾਇਆ ਤਿਤ ਹੀ ਲਾਗਾ ॥ ਸੋ ਸੇਵਕੁ ਨਾਨਕ ਜਿਸੁ ਭਾਗਾ ॥ ੮ ॥ ੬ ॥ ਗਉੜੀ ਮਹਲਾ ੫ ॥ ਬਿਨੁ ਸਿਮਰਨ ਜੈਸੇ ਸਰਪ ਆਰਜਾਰੀ* ॥ ਤਿਉ ਜੀਵਹਿ ਸਾਕਤ[੨] ਨਾਮੁ ਬਿਸਾਰੀ ॥ ੧ ॥ ਏਕ ਨਿਮਖ[੩] ਜੋ [੪]ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ ੧ ॥ ਰਹਾਉ ॥ ਬਿਨੁ ਸਿਮਰਨ ਧ੍ਰਿਗੁ[੫] ਕਰਮ ਕਰਾਸ ॥ ਕਾਗ ਬਤਨ[੬] ਬਿਸਟਾ ਮਹਿ ਵਾਸ ॥ ੨ ॥ ਬਿਨੁ ਸਿਮਰਨ ਭਏ [੭]ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ[੮] ॥ ੩ ॥ ਬਿਨੁ ਸਿਮਰਨ [੯]ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ[੧੦] ਸਾਕਤ [੧੧]ਮੁਖੁ ਕਾਰਾ ॥ ੪ ॥ ਬਿਨੁ ਸਿਮਰਨ [੧੨]ਗਰਧਭ ਕੀ ਨਿਆਈ ॥ [੧੩]ਸਾਕਤ ਥਾਨ ਭਰਿਸਟ ਫਿਰਾਹੀ ॥ ੫ ॥ ਬਿਨੁ ਸਿਮਰਨ [੧੪]ਕੂਕਰ ਹਰਕਾਇਆ ॥ [੧੫]ਸਾਕਤ ਲੋਭੀ ਬੰਧੁ ਨ ਪਾਇਆ ॥ ੬ ॥ ਬਿਨੁ ਸਿਮਰਨ ਹੈ [੧੬]ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ[੧੭] ॥ ੭ ॥ ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ ਕਹੁ ਨਾਨਕ ਗੁਰਿ ਜਗਤੁ ਤਰਾਇਆ ॥ ੮ ॥ ੭ ॥ ਗਉੜੀ ਮਹਲਾ ੫ ॥ ਗੁਰ ਕੈ ਬਚਨਿ ਮੋਹਿ[੧੮] ਪਰਮ ਗਤਿ[੧੯] ਪਾਈ ॥ ਗੁਰਿ ਪੂਰੈ ਮੇਰੀ [੨੦]ਪੈਜ ਰਖਾਈ ॥ ੧ ॥ ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ [੨੧]ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥ ੧ ॥ ਰਹਾਉ ॥ ਗੁਰ ਕੈ ਬਚਨਿ ਸੁਣਿ [੨੨]ਰਸਨ ਵਖਾਣੀ ॥ ਗੁਰ ਕਿਰਪਾ ਤੇ [੨੩]ਅੰਮ੍ਰਿਤ ਮੇਰੀ ਬਾਣੀ ॥ ੨ ॥ ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥ ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ [੨੪]ਪੇਖਿਓ ਸਭੁ ਬ੍ਰਹਮੁ ॥ ੪ ॥ ਗੁਰ ਕੈ ਬਚਨਿ ਕੀਨੋ [੨੫]ਰਾਜੁ ਜੋਗੁ ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ ੫ ॥ ਗੁਰ ਕੈ ਬਚਨਿ ਮੇਰੇ ਕਾਰਜ ਸਿਧਿ[੨੬] ॥ ਗੁਰ ਕੈ ਬਚਨਿ ਪਾਇਆ [੨੭]ਨਾਉ ਨਿਧਿ ॥ ੬ ॥ ਜਿਨਿ ਜਿਨਿ ਕੀਨੀ[੨੮] ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥ ੭ ॥ [੨੯]ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ੮ ॥ ੮ ॥ ਗਉੜੀ ਮਹਲਾ ੫ ॥ ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ[੩੦] ॥ ੧ ॥ ਰਹਾਉ ॥ ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥ ੧ ॥ ਗੁਰ ਕੀ ਰੇਣੁ[੩੧] ਨਿਤ ਮਜਨੁ[੩੨] ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ[੩੩] ॥ ੨ ॥ ਤਿਸੁ ਗੁਰ ਕਉ [੩੪]ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥ ੩ ॥ ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ [੩੫]ਅਕਲ ਗਤਿ ਜਾਣੀ ॥ ੪ ॥ ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ

੧ ਸੂਰਮਾ, ਬਹਾਦੁਰ।
੨ [ਸ਼ਕਤੀ (ਮਾਇਆ) ਦੇ ਉਪਾਸ਼ਕ] ਮਨਮੁਖ।
੩ ਉਹ ਸਮਾਂ ਜੋ ਅੱਖ ਝਮਕਣ ਵਿੱਚ ਲੱਗਦਾ ਹੈ।
੪ ਸਿਮਰਨ ਵਿੱਚ ਜੀਉਂਦਾ ਹੈ।
੫ ਧ੍ਰਿਕਾਰ ਯੋਗ, ਲਾਨ੍ਹਤ ਦੇ ਯੋਗ।
੬ [ਸੰਃ ਵਦਨ] ਮੂੰਹ। ਕਾਂ ਦੇ ਮੂੰਹ ਵਾਲੇ ਹਨ ਜੋ ਮੈਲੇ ਵਿੱਚ ਵਸਦਾ ਹੈ।
੭ ਕੁੱਤੇ ਦੇ ਕੰਮਾਂ ਵਾਲੇ।
੮ ਨਾਮ ਤੋਂ ਬਿਨਾਂ ਸਾਕਤ ਇਉਂ ਹਨ ਜਿਵੇਂ ਵੇਸਵਾ ਦੇ ਪੁੱਤਰ ਪਿਉ ਦੇ ਨਾਮ ਤੋਂ ਬਿਨਾਂ ਹੁੰਦੇ ਹਨ।
੯ ਜਿਵੇਂ ਸਿੰਗਾਂ ਵਾਲਾ ਛੱਤਰਾ ਹੁੰਦਾ ਹੈ। (ਅਗਲੀ ਤੁਕ ਵਿੱਚ ਉਸ ਦੇ ਕਾਲੇ ਮੂੰਹ ਅਤੇ ਬੌਂਕਣ ਵੱਲ ਇਸ਼ਾਰਾ ਹੈ)।
੧੦ ਕੂੜ, ਝੂਠ।
੧੧ ਮੂੰਹ ਕਾਲਾ ਹੁੰਦਾ ਹੈ।
੧੨ ਖੋਤੇ ਦੀ ਤਰ੍ਹਾਂ।
੧੩ ਤਿਵੇਂ ਸਾਕਤ ਗੰਦੇ ਥਾਂਈਂ ਫਿਰਦੇ ਹਨ।
੧੪ ਹਲਕਾਏ ਕੁੱਤੇ। (ਜਿਵੇਂ ਹਲਕਾਇਆ ਕੁੱਤਾ ਹਰ ਇਕ ਨੂੰ ਪਿਆ ਵੱਢਦਾ ਹੈ।)
੧੫ ਤਿਵੇਂ ਸ਼ਾਕਤ ਲੋਭੀ ਆਪਣੇ ਆਪ ਨੂੰ ਰੋਕ ਕੇ ਨਹੀਂ ਰੱਖਦੇ।
੧੬ ਆਪਣੇ ਆਤਮਾ ਨੂੰ ਮਲੀਨ ਕਰਕੇ ਤਬਾਹ ਕਰਨ ਵਾਲਾ।
੧੭ ਜਾਤਿ।
੧੮ ਮੈਂ।
੧੯ ਉੱਤਮ ਪਦਵੀ, ਮੁਕਤੀ।
੨੦ ਇੱਜ਼ਤ ਰੱਖ ਲਈ।
੨੧ ਗੁਰੂ ਦੀ ਕਿਰਪਾ ਨਾਲ ਮੈਨੂੰ ਟਿਕਾਣਾ ਮਿਲਿਆ।
੨੨ ਜ਼ਬਾਨ ਨਾਲ ਉਚਾਰਨ ਕਰਦਾ ਹਾਂ।
੨੩ ਮੇਰੀ ਗੱਲ-ਬ੍ਰਾਤ ਅੰਮ੍ਰਿਤ ਵਾਂਗ ਮਿੱਠੀ ਹੋਈ ਹੈ।
੨੪ ਵੇਖਿਆ ਹੈ, ਸਭ ਥਾਂ ਹਰੀ।
੨੫ ਦੇਖੋ ਪੰਨਾ ੨੩੭, ਨੋਟ ੪੩।
੨੬ ਸਫ਼ਲ, ਪੂਰੇ ਹੋ ਗਏ।
੨੭ ਨਾਮ ਰੂਪੀ ਨਿਧ; ਨਾਮ ਜੋ ਹਰ ਤਰ੍ਹਾਂ ਦੇ ਸੁਖਾਂ ਦਾ ਖ਼ਜ਼ਾਨਾਂ ਹੈ।
੨੮ ਧਾਰੀ ਹੈ (ਆਸ)।
੨੯ ਗੁਰੂ ਦੀ ਸਿੱਖਿਆ ਦੁਆਰਾ ਮੇਰਾ ਭਾਗ ਜਾਗ ਪਿਆ।
੩੦ ਪੂੰਜੀ।
੩੧ ਧੂੜੀ ਚਰਨਾਂ ਦੀ।
੩੨ ਇਸ਼ਨਾਨ।
੩੩ ਦੂਰ ਕਰਾਂ।
੩੪ ਪੱਖਾ ਝੱਲਾਂ।
੩੫ ਕਲਾ (ਬਨਾਵਟ) ਰਹਤ ਵਾਹਿਗੁਰੂ ਦੀ ਗਤੀ।

* ਉਮਰ। ਸੱਪ ਦੀ ਉਮਰ ਲੰਮੀ ਹੁੰਦੀ ਹੈ, ਪਰ ਇਹ ਜੂਨ ਨਿਕੰਮੀ ਗਿਣੀ ਜਾਂਦੀ ਹੈ। ਮਨੁੱਖਾ ਜਨਮ ਵੀ ਸਿਮਰਨ ਬਿਨਾਂ ਵਿਅਰਥ ਹੈ।

ਪਰਸਾਦਿ[੧] ਵੈਰੀ ਸਭ ਮੀਤ ॥ ੫ ॥ ਜਿਨਿ ਗੁਰਿ ਮੋ ਕਉ ਦੀਨਾ ਜੀਉ[੨] ॥ ਆਪੁਨਾ ਦਾਸਰਾ[੩] ਆਪੇ ਮੁਲਿ ਲੀਉ ॥ ੬ ॥ ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥ ੭ ॥ ਕਲਿ[੪] ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ[੫] ॥ ੮ ॥ ੯ ॥ ਗਉੜੀ ਮਹਲਾ ੫ ॥ ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ[੬] ॥ ੧ ॥ ਰਹਾਉ ॥ ਨਾਮ ਬਿਨਾ ਜੋ ਪਹਿਰੈ ਖਾਇ ॥ [੭]ਜਿਉ ਕੂਕਰੁ ਜੂਠਨ ਮਹਿ ਪਾਇ ॥ ੧ ॥ ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ[੮] ਮਿਥਿਆ[੯] ਸੀਗਾਰੁ ॥ ੨ ॥ ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥ ੩ ॥ ਨਾਮੁ ਤਿਆਗਿ ਕਰੇ [੧੦]ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ[੧੧] ॥ ੪ ॥ ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ [੧੨]ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥ ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ[੧੩] ॥ ਚੋਰ ਕੀ ਨਿਆਈ [੧੪]ਜਮਪੁਰਿ ਬਾਧਾ ॥ ੬ ॥ ਲਾਖ ਅਡੰਬਰ[੧੫] ਬਹੁਤੁ ਬਿਸਥਾਰਾ[੧੬] ॥ ਨਾਮ ਬਿਨਾ ਝੂਠੇ ਪਾਸਾਰਾ ॥ ੭ ॥ ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥ ੮ ॥ ੧੦ ॥ ਗਉੜੀ ਮਹਲਾ ੫ ॥ ਆਦਿ ਮਧਿ[੧੭] ਜੋ ਅੰਤਿ ਨਿਬਾਹੈ[੧੮] ॥ ਸੋ ਸਾਜਨੁ ਮੇਰਾ ਮਨੁ ਚਾਹੈ ॥ ੧ ॥ ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥ ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥ ੧ ॥ ਰਹਾਉ ॥ ਬਿਨਸਤ ਨਾਹੀ ਛੋਡਿ ਨ ਜਾਇ ॥ ਜਹ ਪੇਖਾ[੧੯] ਤਹ ਰਹਿਆ ਸਮਾਇ ॥ ੨ ॥ ਸੁੰਦਰੁ ਸੁਘੜੁ[੨੦] ਚਤੁਰੁ [੨੧]ਜੀਅ ਦਾਤਾ ॥ ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥ ੩ ॥ [੨੨]ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ [੨੩]ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥ ੪ ॥ ਮਾਇਆ ਸਿਲਕ[੨੪] ਕਾਟੀ ਗੋਪਾਲਿ[੨੫] ॥ [੨੬]ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥ ੫ ॥ ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥ ੬ ॥ ਪੂਰਨ ਪੁਰਖੁ ਨਵਤਨੁ[੨੭] ਨਿਤ ਬਾਲਾ[੨੮] ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥ ੭ ॥ ਕਹੁ ਨਾਨਕ ਹਰਿ ਹਰਿ ਪਦੁ ਚੀਨ[੨੯] ॥ ਸਰਬਸੁ* ਨਾਮੁ ਭਗਤ ਕਉ ਦੀਨ ॥ ੮ ॥ ੧੧ ॥

ਰਾਗੁ ਗਉੜੀ ਮਾਝ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

[੩੦]ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ[੩੧] ॥ ਸੇਈ ਹੋਏ ਭਗਤ [੩੨]ਜਿਨਾ ਕਿਰਪਾਰੀਆ ॥ ੧ ॥ ਹਉ ਵਾਰੀਆ[੩੩] ਹਰਿ ਵਾਰੀਆ ॥ ੧ ॥ ਰਹਾਉ ॥ ਸੁਣਿ ਸੁਣਿ [੩੪]ਪੰਥੁ ਡਰਾਉ ਬਹੁਤੁ ਭੈਹਾਰੀਆ[੩੫] ॥ ਮੈ ਤਕੀ

੧ ਕਿਰਪਾ ਨਾਲ।
੨ ਜ਼ਿੰਦਗੀ, ਜੀਅ ਦਾਨ।
੩ ਛੋਟਾ ਦਾਸ, ਗੁਲਾਮ।
੪ ਕਲਹ, ਝਗੜਾ।
੫ ਸਮਰੱਥ, ਸਭ ਕੁਝ ਕਰਨ ਦੇ ਲਾਇਕ।
੬ ਪਿਆਰ, ਮੋਹ।
੭ ਜਿਵੇਂ ਕੁੱਤਾ ਜੂਠੇ ਪਦਾਰਥਾਂ ਵਿੱਚ ਪੈਂਦਾ ਹੈ।
੮ ਮੁਰਦਾ।
੯ ਝੂਠਾ।
੧੦ ਹੋਰ ਕੰਮ।
੧੧ ਦਿਖਾਵੇ, ਫ਼ਰੇਬ।
੧੨ ਕਰੋੜਾਂ ਕਰਮ-ਕਾਂਡ ਕਰਦਾ ਹੋਇਆ।
੧੩ ਯਾਦ ਕੀਤਾ।
੧੪ ਜਮ-ਪੁਰੀ ਵਿੱਚ ਧਰਮ-ਰਾਜ ਕੋਲ ਬੰਨ੍ਹ ਕੇ ਲਿਆਇਆ ਜਾਂਦਾ ਹੈ।
੧੫ ਦਿਖਾਵੇ ਦੇ ਸਮਿਆਨ।
੧੬ ਵੱਡਾ ਖਿਲਾਰਾ, ਫੈਲਾਉ।
੧੭ ਵਿਚਕਾਰ। ਆਦ, ਮਧ, ਅੰਤ ਦਾ ਭਾਵ ਸ਼ੁਰੂ ਤੋਂ ਲੈ ਕੇ ਤੋੜ ਤੱਕ।
੧੮ ਨਿਭਾਂਦਾ ਹੈ, ਸਾਥ ਦੇਂਦਾ ਹੈ।
੧੯ ਵੇਖਾਂ।
੨੦ ਸਿਆਣਾ।
੨੧ ਜ਼ਿੰਦਗੀ-ਦਾਤਾ।
੨੨ ਉਹ ਹਰੀ ਮੇਰੀ ਜ਼ਿੰਦਗੀ ਤੇ ਪ੍ਰਾਣਾਂ ਦਾ ਆਸਰਾ ਹੈ।
੨੩ ਮੈਂ ਉਸ ਨੂੰ ਹਿਰਦੇ ਦਾ ਨਿਵਾਸੀ ਬਣਾ ਕੇ ਪ੍ਰੀਤ ਲਾਈ ਹੈ।
੨੪ [ਅਰਬੀ] ਲੜੀ, ਰੱਸੀ, ਫਾਹੀ।
੨੫ ਗੋਇ (ਪ੍ਰਿਥਵੀ) ਦੇ ਪਾਲਣ ਵਾਲੇ ਹਰੀ ਨੇ।
੨੬ ਉਸ ਨੇ ਆਪਣਾ ਬਣਾ ਲਿਆ ਹੈ (ਮਿਹਰ ਦੀ) ਨਜ਼ਰ ਨਾਲ ਵੇਖ ਕੇ।
੨੭ ਨਵਾਂ, ਜਵਾਨ।
੨੮ ਸਦਾ ਜਵਾਨ।
੨੯ ਸਮਝਿਆ।
੩੦ ਅਣਗਿਣਤ ਲੋਕ ਉਸ ਨੂੰ ਢੂੰਡਦੇ ਫਿਰੇ, ਪਰ ਕਿਸੇ ਨੇ ਉਸ ਦਾ ਅੰਤ ਨਾ ਪਾਇਆ।
੩੧ ਪਾਇਆ।
੩੨ ਜਿਨ੍ਹਾਂ ਉੱਤੇ ਉਸ ਦੀ ਕਿਰਪਾ ਹੋਈ।
੩੩ ਵਾਰਨੇ (ਬਲਿਹਾਰ) ਜਾਂਦਾ ਹਾਂ।
੩੪ ਡਰਾਉਣਾ ਰਸਤਾ।
੩੫ ਭੈ-ਭੀਤ ਹੋਈ ਹਾਂ।

* ਸਭ ਕੁਝ, ਸਭ ਧਨ ਪਦਾਰਥ। ਹਰੀ ਨੇ ਆਪਣੇ ਭਗਤ ਨੂੰ ਸਭ ਧਨ ਪਦਾਰਥ ਕੇਵਲ ਇਕ ਨਾਮ ਹੀ ਬਖ਼ਸ਼ਿਆ ਹੈ।

[੧]ਓਟ ਸੰਤਾਹ [੨]ਲੇਹੁ ਉਬਾਰੀਆ ॥ ੨ ॥ ਮੋਹਨ[੩] ਲਾਲ ਅਨੂਪ[੪] [੫]ਸਰਬ
ਸਾਧਾਰੀਆ ॥ ਗੁਰ ਨਿਵਿ ਨਿਵਿ ਲਾਗਉ ਪਾਇ[੬] ਦੇਹੁ ਦਿਖਾਰੀਆ[੭] ॥ ੩ ॥
ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ ॥ ਸਭ ਗੁਣ [੮]ਕਿਸ ਹੀ ਨਾਹਿ
ਹਰਿ ਪੂਰ ਭੰਡਾਰੀਆ ॥ ੪ ॥ [੯]ਚਹੁ ਦਿਸਿ ਜਪੀਐ ਨਾਉ ਸੁਖਿ ਸਵਾਰੀਆ ॥
ਮੈ ਆਹੀ[੧੦] ਓੜਿ ਤੁਹਾਰਿ ਨਾਨਕ ਬਲਿਹਾਰੀਆ ॥ ੫ ॥ ਗੁਰਿ ਕਾਢਿਓ
ਭੁਜਾ[੧੧] ਪਸਾਰਿ [੧੨]ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ[੧੩]
ਨ ਹਾਰੀਆ ॥ ੬ ॥ [੧੪]ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥ ਹਰਿ
ਦਰਗਹ ਸੋਭਾਵੰਤ ਬਾਹ ਲੁਡਾਰੀਆ[੧੫] ॥ ੭ ॥ ਜਨ ਨਾਨਕ ਲਧਾ ਰਤਨੁ
ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ[੧੬] ਤਰੀਐ [੧੭]ਕਹਉ ਪੁਕਾਰੀਆ ॥
੮ ॥ ੧੨ ॥

ਗਉੜੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

[੧੮]ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ[੧੯] ॥ ੧ ॥
ਰਹਾਉ ॥ ਤਜਿ[੨੦] ਹਉਮੈ ਗੁਰ ਗਿਆਨ ਭਜੋ[੨੧] ॥ ਮਿਲਿ ਸੰਗਤਿ ਧੁਰਿ
ਕਰਮ[੨੨] ਲਿਖਿਓ ॥ ੧ ॥ ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ[੨੩] ਮੂੜ
ਲਗੇ ਪਚਿ[੨੪] ਮੁਇਓ ॥ ੨ ॥ [੨੫]ਮੋਹਨ ਨਾਮੁ ਸਦਾ [੨੬]ਰਵਿ ਰਹਿਓ ॥ [੨੭]ਕੋਟਿ
ਮਧੇ ਕਿਨੈ ਗੁਰਮੁਖਿ ਲਹਿਓ ॥ ੩ ॥ ਹਰਿ ਸੰਤਨ ਕਰਿ [੨੮]ਨਮੋ ਨਮੋ ॥ *ਨਉ
ਨਿਧਿ ਪਾਵਹਿ ਅਤੁਲੁ ਸੁਖੋ ॥ ੪ ॥ ਨੈਨ ਅਲੋਵਉ[੨੯] ਸਾਧ ਜਨੋ ॥ ਹਿਰਦੈ
ਗਾਵਹੁ [੩੦]ਨਾਮ ਨਿਧੋ ॥ ੫ ॥ ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ
ਦੁਹੁ ਤੇ ਰਹਿਓ[੩੧] ॥ ੬ ॥ ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ
ਦ੍ਰਿੜਾਇਓ[੩੨] ਦੀਪ[੩੩] ਬਲਿਓ ॥ ੭ ॥ ਜਿਨਿ ਸੇਵਿਆ ਸੋ ਪਾਰਿ ਪਰਿਓ ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥ ੮ ॥ ੧ ॥ ੧੩ ॥ ਮਹਲਾ ੫
ਗਉੜੀ ॥ ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥ ਮੇਰੈ ਮਨਿ ਸਭਿ
ਸੁਖ ਪਾਇਓ ॥ ੧ ॥ ਰਹਾਉ ॥ ਬਲਤੋ ਜਲਤੋ ਤਉਕਿਆ[੩੪] ਗੁਰ ਚੰਦਨੁ
ਸੀਤਲਾਇਓ ॥ ੧ ॥ ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ
ਦੀਪਾਇਓ[੩੫] ॥ ੨ ॥ ਪਾਵਕੁ[੩੬] ਸਾਗਰੁ ਗਹਰੋ ਚਰਿ ਸੰਤਨ ਨਾਵ[੩੭]
ਤਰਾਇਓ ॥ ੩ ॥ ਨਾ ਹਮ ਕਰਮ ਨ ਧਰਮ ਸੁਚ[੩੮] ਪ੍ਰਭਿ [੩੯]ਗਹਿ ਭੁਜਾ
ਆਪਾਇਓ ॥ ੪ ॥ ਭਉ ਖੰਡਨੁ ਦੁਖ ਭੰਜਨੋ [੪੦]ਭਗਤਿ ਵਛਲ ਹਰਿ
ਨਾਇਓ[੪੧] ॥ ੫ ॥ [੪੨]ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ[੪੩] ॥
੬ ॥ ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ [੪੪]ਹਰਿ ਰਾਇਓ ॥ ੭ ॥ ਨਾਨਕ
ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ ॥ ੮ ॥ ੨ ॥ ੧੪ ॥

੧ ਸੰਤਾਂ ਦੀ ਓਟ।
੨ ਬਚਾ ਲਵੇ।
੩ ਹੇ ਮੋਹਣ ਵਾਲੇ (ਹਰੀ)!
੪ ਸੁੰਦਰ।
੫ ਹੇ ਸਭ ਦੇ ਆਸਰੇ!
੬ ਪੈਰਾਂ 'ਤੇ।
੭ ਦਿਖਾਲੀ (ਦੇਵੇ)।
੮ ਕਿਸੇ ਹੋਰ ਵਿੱਚ।
੯ ਚਾਰੇ ਪਾਸੇ ਤੇਰਾ ਹੀ ਨਾਮ ਜਪਿਆ ਜਾ ਰਿਹਾ ਹੈ ਤੇ ਜਪਣ ਵਾਲੇ ਸੁਖ ਵਿੱਚ ਸਵਾਰੇ ਹੋਏ ਹਨ।
੧੦ ਚਾਹੀ। ਤੇਰੀ ਓਟ ਮੈਂ ਚਾਹੀ ਹੈ।
੧੧ ਬਾਹਾਂ।
੧੨ ਮੋਹ ਦੇ ਕੂਪ (ਖੂਹ) ਵਿੱਚੋਂ।
੧੩ ਮੁੜ ਕੇ।
੧੪ ਮੈਨੂੰ ਹਰ ਤਰ੍ਹਾਂ ਦਾ ਖ਼ਜ਼ਾਨਾ ਮਿਲ ਗਿਆ ਹੈ, ਜਿਸ ਦੀ ਕਥਾ ਕਥੀ ਨਹੀਂ ਜਾ ਸਕਦੀ।
੧੫ ਝੁਲਾਈ, ਘੁਮਾਈ। ਬਾਹੀਂ ਘੁਮਾਂਦੇ ਜਾਣ ਤੋਂ ਭਾਵ ਖੁਸ਼ੀ-ਖੁਸ਼ੀ ਨਾਲ ਜਾਣਾ ਹੈ।
੧੬ ਸੰਸਾਰ ਸਮੁੰਦਰ।
੧੭ ਪੁਕਾਰ ਕੇ ਇਹ ਗੱਲ ਕਹਿੰਦਾ ਹਾਂ।
੧੮ ਹਰੀ ਦੇ ਪਿਆਰ ਵਿੱਚ ਆਪਣਾ ਆਪ ਰੰਗੋ।
੧੯ ਚਾਹੋ।
੨੦ ਛੱਡ ਕੇ।
੨੧ ਸਿਮਰੋ।
੨੨ ਭਾਗ। ਧੁਰ ਦਰਗਾਹ ਤੋਂ ਜਿਨ੍ਹਾਂ ਦੇ ਭਾਗਾਂ ਵਿੱਚ ਲਿਖਿਆ ਹੈ, ਓਹ ਸੰਗਤ ਵਿੱਚ ਮਿਲੇ ਹਨ।
੨੩ [ਸ਼ਕਤੀ ਦਾ ਉਪਾਸ਼ਕ] ਮਨਮੁਖ।
੨੪ ਸੜ ਕੇ, ਖਵਾਰ ਹੋ ਕੇ।
੨੫ ਸੁੰਦਰ ਵਾਹਿਗੁਰੂ (ਨਾਮ)।
੨੬ ਵਿਆਪਕ ਹੈ, ਪ੍ਰਵੇਸ਼ ਕਰ ਰਿਹਾ ਹੈ।
੨੭ ਕ੍ਰੋੜਾਂ ਵਿੱਚੋਂ, ਵਿਰਲੇ ਨੇ ਗੁਰੂ ਦੁਆਰਾ ਲੱਭਿਆ।
੨੮ ਨਮਸਕਾਰ।
੨੯ ਦੇਖਾਂ।
੩੦ ਨਾਮ ਦਾ ਖ਼ਜ਼ਾਨਾ।
੩੧ ਬੱਚ ਗਿਆ ਹਾਂ।
੩੨ ਪੱਕੀ ਤਰ੍ਹਾਂ ਸਮਝਾਇਆ।
੩੩ ਦੀਵਾ ਗਿਆਨ ਰੂਪ।
੩੪ ਤ੍ਰੌਂਕਾ ਦਿੱਤਾ, ਛਿੜਕਿਆ। ਜਲਦੇ ਬਲਦੇ ਨੂੰ ਤ੍ਰੌਂਕਾ ਦਿੱਤਾ, ਗੁਰੂ ਚੰਦਨ ਵਾਂਗ ਸੀਤਲ ਹੈ।
੩੫ (ਗੁਰੂ ਦਾ ਗਿਆਨ) ਜਗ ਪਿਆ।
੩੬ ਅੱਗ।
੩੭ ਬੇੜੀ। ਸੰਸਾਰ ਅੱਗ ਦਾ ਸਮੁੰਦਰ ਡੂੰਘਾ ਹੈ। ਸੰਤਾਂ ਨੇ ਨਾਮ ਰੂਪ ਬੇੜੀ 'ਤੇ ਚਾੜ੍ਹ ਕੇ ਤਾਰ ਦਿੱਤਾ ਹੈ।
੩੮ ਪਵਿੱਤ੍ਰਤਾ, ਸੁੱਚਮ।
੩੯ (ਪ੍ਰਭੂ ਨੇ) ਬਾਂਹ ਫੜ ਕੇ ਆਪਣਾ ਬਣਾ ਲਿਆ ਹੈ।
੪੦ ਭਗਤੀ ਨੂੰ ਪਿਆਰ ਕਰਨ ਵਾਲਾ, ਵਾਹਿਗੁਰੂ ਜਿਸ ਨੂੰ ਭਗਤੀ ਪਿਆਰੀ ਹੈ।
੪੧ ਨਾਮ। ਹਰੀ ਦਾ ਨਾਮ ਡਰ ਦੇ ਦੂਰ ਕਰਨ ਵਾਲਾ, ਦੁੱਖਾਂ ਦੇ ਨਾਸ ਕਰਨ ਵਾਲਾ ਹੈ।
੪੨ ਗ਼ਰੀਬਾਂ ਦਾ ਮਾਲਕ।
੪੩ ਓਟ। ਹੇ ਸੰਤਾਂ ਦੀ ਓਟ!
੪੪ ਹੇ ਹਰੀ ਰਾਜੇ।

* ਨੌਂ ਖ਼ਜ਼ਾਨੇ। ਦੇਖੋ ਪੰਨਾ ੧੦, ਫੁਟ ਨੋਟ §।

ਗਉੜੀ ਮਹਲਾ ੫ ॥ [੧]ਰੰਗ ਸੰਗਿ ਬਿਖਿਆ[੨] ਕੇ ਭੋਗਾ ਇਨ ਸੰਗਿ [੩]ਅੰਧ ਨ ਜਾਨੀ ॥ ੧ ॥ [੪]ਹਉ ਸੰਚਉ ਹਉ ਖਾਟਤਾ ਸਗਲੀ ਅਵਧ[੫] ਬਿਹਾਨੀ ॥ ਰਹਾਉ ॥ ਹਉ ਸੂਰਾ[੬] ਪਰਧਾਨੁ[੭] ਹਉ ਕੋ ਨਾਹੀ ਮੁਝਹਿ ਸਮਾਨੀ[੮] ॥ ੨ ॥ ਜੋਬਨਵੰਤ ਅਚਾਰ[੯] ਕੁਲੀਨਾ[੧੦] ਮਨ ਮਹਿ ਹੋਇ ਗੁਮਾਨੀ ॥ ੩ ॥ *ਜਿਉ ਉਲਝਾਇਓ[੧੧] [੧੨]ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥ ੪ ॥ ਭਾਈ ਮੀਤ ਬੰਧਪ[੧੩] ਸਖੇ[੧੪] ਪਾਛੇ ਤਿਨਹੂ ਕਉ ਸੰਪਾਨੀ[੧੫] ॥ ੫ ॥ [੧੬]ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥ ੬ ॥ [੧੭]ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥ ੭ ॥ ਦਇਆਲ ਪੁਰਖ ਕਿਰਪਾ ਕਰਹੁ ਨਾਨਕ [੧੮]ਦਾਸ ਦਸਾਨੀ ॥ ੮ ॥ ੩ ॥ ੧੫ ॥ ੪੪ ॥ ਜੁਮਲਾ†

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਰਾਗੁ ਗਉੜੀ ਪੂਰਬੀ ਛੰਤ‡ ਮਹਲਾ ੧ ॥ ਮੁੰਧ[੧੯] ਰੈਣਿ ਦੁਹੇਲੜੀਆ[੨੦] ਜੀਉ ਨੀਦ ਨ ਆਵੈ ॥ ਸਾਧਨ[੨੧] ਦੁਬਲੀਆ[੨੨] ਜੀਉ ਪਿਰ ਕੈ ਹਾਵੈ ॥ ਧਨ ਥੀਈ[੨੩] ਦੁਬਲਿ ਕੰਤ ਹਾਵੈ ਕੇਵ[੨੪] ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ [੨੫]ਕਿਤੈ ਨ ਲੇਖਏ ॥ [੨੬]ਮੈ ਮਤ ਜੋਬਨਿ ਗਰਬਿ ਗਾਲੀ [੨੭]ਦੁਧਾ ਥਣੀ ਨ ਆਵਏ ॥ ਨਾਨਕ ਸਾਧਨ [੨੮]ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥ ੧ ॥ ਮੁੰਧ ਨਿਮਾਨੜੀਆ ਜੀਉ ਬਿਨੁ ਧਨੀ[੨੯] ਪਿਆਰੇ ॥ ਕਿਉ ਸੁਖੁ ਪਾਵੈਗੀ [੩੦]ਬਿਨੁ ਉਰ ਧਾਰੇ ॥ ਨਾਹ[੩੧] ਬਿਨੁ [੩੨]ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ[੩੩] ॥ ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ[੩੪] ਜਾਣਿਆ ॥ ਨਾਨਕ ਨਾਮੁ ਨ ਛੋਡੈ ਸਾਧਨ [੩੫]ਨਾਮਿ ਸਹਜਿ ਸਮਾਣੀਆ ॥ ੨ ॥ ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ[੩੬] ॥ ਗੁਰ ਪੁਛਿ [੩੭]ਲਿਖਉਗੀ ਜੀਉ ਸਬਦਿ ਸਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ[੩੮] ਪਛੁਤਾਣੀਆ ॥ [੩੯]ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ[੪੦] ਸਬਦਿ ਨੇਹੁ ਨਵੇਲਓ[੪੧] ॥ ਨਾਨਕ ਨਦਰੀ[੪੨] ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥ ੩ ॥ ਮੇਰੀ [੪੩]ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ[੪੪] ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ[੪੫] ਮੁੰਧ ਮਨਿ ਓਮਾਹਓ[੪੬] ॥ ਸਾਜਨ ਰਹੰਸੇ[੪੭] ਦੁਸਟ ਵਿਆਪੇ[੪੮] ਸਾਚੁ ਜਪਿ ਸਚੁ ਲਾਹਓ[੪੯] ॥ ਕਰ[੫੦] ਜੋੜਿ ਸਾਧਨ ਕਰੈ ਬਿਨਤੀ [੫੧]ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ[੫੨]

੧ ਰੰਗ ਤਮਾਸ਼ਿਆਂ ਵਿੱਚ ਅਤੇ ਹੋਰ ਜੋ ਮਾਇਆ ਦੇ ਭੋਗ ਹਨ ਉਨ੍ਹਾਂ ਵਿੱਚ।
੨ ਮਾਇਆ।
੩ ਅੰਨ੍ਹੇ ਮਨੁੱਖ ਨੇ ਨਹੀਂ ਸਮਝਿਆ (ਕਿ ਕਰ ਕੀ ਰਿਹਾ ਹਾਂ)।
੪ 'ਮੈਂ 'ਕੱਠੀ ਕਰਦਾ ਹਾਂ ਤੇ ਖੱਟਦਾ ਹਾਂ' ਇਸੇ ਤਰ੍ਹਾਂ ਕਰਦਿਆਂ ਹੀ ਸਾਰੀ ਉਮਰ ਲੰਘ ਗਈ।
੫ ਉਮਰ।
੬ ਸੂਰਮਾ।
੭ ਚੌਧਰੀ।
੮ ਬਰਾਬਰ। ਮੇਰੇ ਨਾਲ ਦਾ ਕੋਈ ਨਹੀਂ।
੯ ਚੰਗੇ ਕੰਮਾਂ ਵਾਲਾ।
੧੦ ਚੰਗੀ ਕੁਲ ਵਾਲਾ।
੧੧ ਫਸਿਆ।
੧੨ [ਵਾਧਜ ਬੁਧਿ] ਮਿਥਿਆ ਸਮਝ। ਪਾਠ 'ਬਾਲਬੁਧਿ' ਅਸ਼ੁੱਧ ਹੈ।
੧੩ ਰਿਸ਼ਤੇਦਾਰ।
੧੪ ਸਾਥੀ, ਦੋਸਤ।
੧੫ ਸੌਂਪੀ, ਸਪੁਰਦ ਕੀਤੀ।
੧੬ (ਜ਼ਿੰਦਗੀ ਵਿੱਚ) ਜਿਸ ਵਾਸ਼ਨਾ ਵਿੱਚ ਮਨ ਲੱਗਾ ਰਿਹਾ ਹੈ ਅੰਤ ਭੀ ਉਹੋ ਜ਼ਾਹਰ ਹੁੰਦੀ ਹੈ।
੧੭ ਹਉਮੈ ਅੰਦਰ ਸਰੀਰਕ ਸਫ਼ਾਈ ਵਾਲੇ ਕਰਮ ਕਰਦਾ ਹੈ, ਇਸੇ ਤਰ੍ਹਾਂ ਬੰਧਨਾਂ ਵਿੱਚ ਬੱਧਾ ਫਿਰਦਾ ਹੈ।
੧੮ ਦਾਸਾਂ ਦਾ ਦਾਸ।
੧੯ ਇਸਤਰੀ।
੨੦ ਔਖੀ। ਜੋ ਇਸਤਰੀ ਪਤੀ ਤੋਂ ਵਿਛੜੀ ਹੋਈ ਹੈ, ਉਸ ਦੀ ਉਮਰ ਰੂਪੀ ਰਾਤ ਔਖੀ ਲੰਘਦੀ ਹੈ।
੨੧ ਇਸਤਰੀ।
੨੨ ਕਮਜ਼ੋਰ (ਪਤੀ ਦੇ ਝੋਰੇ ਕਰਕੇ)।
੨੩ ਹੋਈ ਹੈ।
੨੪ ਕਿਵੇਂ। ੨੫ ਕਿਸੇ ਕੰਮ ਨਹੀਂ।
੨੬ ਮੈਂ (ਸ਼ਰਾਬ) ਵਿੱਚ ਮਤ (ਮਸਤ)। ਜਵਾਨੀ ਦੇ ਹੰਕਾਰ ਰੂਪ ਸ਼ਰਾਬ ਵਿੱਚ ਮਸਤ ਇਸਤਰੀ ਨੇ ਆਪਣਾ ਆਪ ਗਾਲ ਦਿੱਤਾ ਹੈ।
੨੭ ਦੋਹਿਆ (ਚੋਇਆ) ਹੋਇਆ ਦੁੱਧ ਮੁੜ ਕੇ ਥਣਾਂ ਵਿੱਚ ਨਹੀਂ ਆ ਸਕਦਾ। ਮਨੁੱਖਾ ਜਨਮ ਅਜਾਈਂ ਬੀਤਿਆ ਮੁੜ ਨਹੀਂ ਮਿਲਦਾ।
੨੮ ਵਾਹਿਗੁਰੂ ਦੀ ਮਿਲਾਈ ਮਿਲਦੀ ਹੈ।
੨੯ ਮਾਲਕ, ਹਰੀ।
੩੦ ਦਿਲ ਵਿੱਚ ਟਿਕਾਣ ਤੋਂ ਬਿਨਾਂ।
੩੧ ਪਤੀ।
੩੨ ਘਰ ਦਾ ਵਾਸਾ ਨਹੀਂ ਹੁੰਦਾ। ਘਰ ਵਸਦਾ ਨਹੀਂ; ਆਬਾਦ ਨਹੀਂ ਹੁੰਦਾ।
੩੩ ਸੌਖੀਆਂ। ਨਾਮ ਤੋਂ ਬਿਨਾਂ ਪ੍ਰੀਤ-ਪਿਆਰ ਨਹੀਂ ਹੋ ਸਕਦਾ ਜਿਸ ਕਰਕੇ ਸੱਚ ਵਿੱਚ ਸੌਖੀਆਂ ਹੋ ਕੇ ਵਸਣ।
੩੪ ਪਤੀ। ਸੱਜਣ ਹਰੀ ਦਾ ਸੱਚ ਮਨ ਵਿੱਚ ਹੋਵੇ ਤੇ ਸੰਤੋਖ ਦੁਆਰਾ ਮੇਲ ਕੀਤਾ ਜਾਵੇ, ਤਾਂ ਗੁਰੂ ਦੀ ਸਿੱਖਿਆ ਦੁਆਰਾ ਪਤੀ ਨੂੰ ਜਾਣੀਦਾ ਹੈ।
੩੫ ਨਾਮ ਦੁਆਰਾ ਸਹਜੇ ਹੀ ਪਤੀ ਵਿੱਚ ਸਮਾਈਦਾ ਹੈ।
੩੬ ਸਿਮਰੀਏ।
੩੭ ਗੁਰੂ ਦੇ ਸ਼ਬਦ ਦੁਆਰਾ ਪੈਗ਼ਾਮ ਲਿਖ ਕੇ ਘੱਲਾਂਗੀ।
੩੮ ਆਪ-ਹੁਦਰੀਆਂ।
੩੯ ਨਿਕਲ (ਦੌੜ) ਜਾਂਦਾ ਮਨ ਟਿੱਕ ਜਾਂਦਾ ਹੈ ਜਾਮਿ (ਜਦੋਂ) ਸੱਚ ਨੂੰ ਪਛਾਤਾ।
੪੦ ਨਵੀਂ।
੪੧. ਨਵੀਨ, ਸੱਜਰਾ। ਸ਼ਬਦ ਦੁਆਰਾ ਪਰੇਮ ਤਾਜ਼ਾ ਰਹਿੰਦਾ ਹੈ।
੪੨ ਮਿਹਰ ਦੁਆਰਾ। ਹਰੀ ਸੱਚਾ ਆਪਣੀ ਕਿਰਪਾ ਦੁਆਰਾ ਸਹਜੇ ਮਿਲਦਾ ਹੈ। ਇਸ ਲਈ ਆਓ ਸਹੇਲੀਓ ਮਿਲੋ!
੪੩ ਚਾਹ ਪੂਰੀ ਹੋਈ।
੪੪ ਖੁਸ਼ੀ ਦਾ ਗੀਤ।
੪੫ ਅਨੰਦ ਹੋਈ।
੪੬ ਉਤਸ਼ਾਹ।
੪੭ ਖਿੜੇ।
੪੮ ਗੁੱਸੇ ਹੋਏ, ਵਿਪਦਾ ਵਿੱਚ ਪੈ ਗਏ।
੪੯ ਲਾਹਾ ਲਿਆ, ਖੱਟਿਆ।
੫੦ ਹੱਥ।
੫੧ ਰਾਤ ਦਿਨ ਰਸ ਨਾਲ ਭਿੱਜੀ ਹੋਈ।
੫੨ ਖੁਸ਼ੀਆਂ, ਮੌਜਾਂ।

* ਜਿਵੇਂ ਝੂਠੀ ਸਮਝ ਦਾ ਘੇਰਿਆ ਹੋਇਆ ਹੈ, ਮਰਨ ਤੱਕ ਇਹ ਸਮਝ ਨਹੀਂ ਵਿਸਰਦੀ, ਭਾਵ ਮਰਨ ਲੱਗਿਆਂ ਵੀ ਮਾਇਆ ਵਾਲੀ ਰੁਚੀ ਨਹੀਂ ਜਾਂਦੀ। ਉਸ ਵੇਲੇ ਵੀ ਇਹੋ ਖ਼ਿਆਲ ਰਹਿੰਦਾ ਹੈ ਕਿ ਆਪਣੀ ਮਾਇਆ ਨੂੰ ਪਿੱਛੇ ਰਹਿੰਦੇ ਸੰਬੰਧੀਆਂ ਦੇ ਸਪੁਰਦ ਕਰ ਜਾਵਾਂ। ਗੱਲ ਇਹ ਹੈ ਕਿ ਮਨੁੱਖ ਜਿਸ ਚੀਜ਼ ਦੀ ਵਾਸ਼ਨਾ ਵਿੱਚ ਜ਼ਿੰਦਗੀ ਭਰ ਲੱਗਾ ਰਹਿੰਦਾ ਹੈ, ਅੰਤ ਵੇਲੇ ਭੀ ਉਹੋ ਜ਼ਾਹਰ ਹੁੰਦੀ ਹੈ।

† ਕੁਲ ਜੋੜ। ਏਥੇ ਪਿੱਛੇ ਆਈਆਂ ਕੁਲ ਅਸ਼ਟਪਦੀਆਂ ਦਾ ਜੋੜ ਕਰ ਦਿੱਤਾ ਹੈ ਜੋ ੪੪ ਬਣਦਾ ਹੈ।

‡ ਇਨ੍ਹਾਂ ਛੰਦਾਂ ਵਿੱਚ ਪਤੀ ਰੂਪ ਵਾਹਿਗੁਰੂ ਦੇ ਵਿਛੋੜੇ ਤੇ ਮਿਲਾਪ ਦਾ ਜ਼ਿਕਰ ਹੈ।

[੧]ਇਛ ਮੇਰੀ ਪੁੰਨੀਆ ॥ ੪ ॥ ੧ ॥ ਗਉੜੀ ਛੰਤ ਮਹਲਾ ੧ ॥ ਸੁਣਿ ਨਾਹ[੨] ਪ੍ਰਭੂ ਜੀਉ ਏਕਲੜੀ [੩]ਬਨ ਮਾਹੇ ॥ ਕਿਉ ਧੀਰੈਗੀ[੪] ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ[੫] ਨਾਹ ਬਾਝਹੁ ਰਹਿ ਨ ਸਾਕੈ ਬਿਖਮ[੬] ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ[੭] ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ[੮] ਏਕਲੜੀ ਕੁਰਲਾਏ[੯] ॥ ਨਾਨਕ ਸਾਧਨ[੧੦] ਮਿਲੈ ਮਿਲਾਈ ਬਿਨੁ ਪ੍ਰੀਤਮ ਦੂਖੁ ਪਾਏ ॥ ੧ ॥ ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ[੧੧] ॥ ਸਬਦੇ ਸੁਹਾਵੈ ਤਾ ਪਤਿ ਪਾਵੈ [੧੨]ਦੀਪਕ ਦੇਹ ਉਜਾਰੈ ॥ [੧੩]ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ[੧੪] ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ[੧੫] ਅੰਮ੍ਰਿਤ ਬਾਣੀ ॥ ਨਾਨਕ ਸਾਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ ॥ ੨ ॥ ਮਾਇਆ ਮੋਹਣੀ ਨੀਘਰੀਆ[੧੬] ਜੀਉ [੧੭]ਕੂੜਿ ਮੁਠੀ ਕੂੜਿਆਰੇ ॥ ਕਿਉ ਖੂਲੈ ਗਲ ਜੇਵੜੀਆ[੧੮] ਜੀਉ ਬਿਨੁ ਗੁਰ ਅਤਿ ਪਿਆਰੇ ॥ [੧੯]ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥ ਪੁੰਨ ਦਾਨ ਅਨੇਕ ਨਾਵਣ[੨੦] ਕਿਉ ਅੰਤਰ ਮਲੁ ਧੋਵੈ ॥ ਨਾਮ ਬਿਨਾ ਗਤਿ[੨੧] ਕੋਇ ਨ ਪਾਵੈ ਹਠਿ ਨਿਗ੍ਰਹਿ[੨੨] ਬੇਬਾਣੈ[੨੩] ॥ ਨਾਨਕ ਸਚ ਘਰੁ ਸਬਦਿ ਸਿਞਾਪੈ [੨੪]ਦੁਬਿਧਾ ਮਹਲੁ ਕਿ ਜਾਣੈ ॥ ੩ ॥ ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥ ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ[੨੫] ॥ ਤਿਸੁ ਬਾਝੁ ਵਖਰੁ[੨੬] ਕੋਇ ਨ ਸੂਝੈ ਨਾਮੁ ਲੇਵਹੁ [੨੭]ਖਿਨੁ ਖਿਨੋ ॥ [੨੮]ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ [੨੯]ਗੁਰਿ ਪੂਰੈ ਸਚੁ ਪਾਇਆ ॥ ੪ ॥ ੨ ॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੩ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਸਾਧਨ[੩੦] ਬਿਨਉ[੩੧] ਕਰੇ ਜੀਉ ਹਰਿ ਕੇ ਗੁਣ ਸਾਰੇ[੩੨] ॥ ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ ॥ ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ ਜੋ ਗੁਰੁ ਕਹੈ ਸੋਈ [੩੩]ਪਰੁ ਕੀਜੈ ਤਿਸਨਾ[੩੪] ਅਗਨਿ ਬੁਝਾਈਐ ॥ ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ ॥ ਨਾਨਕ ਸਾਧਨ ਮਿਲੈ ਮਿਲਾਈ ਜਿਸ ਨੋ ਆਪਿ ਮਿਲਾਏ ॥ ੧ ॥ *ਧਨ ਰੈਣਿ ਸੁਹੇਲੜੀਏ ਜੀਉ ਹਰਿ ਸਿਉ ਚਿਤੁ ਲਾਏ ॥ ਸਤਿਗੁਰੁ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ[੩੫] ਗਵਾਏ ॥ ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਉ ॥ ਸੁਣਿ ਸਖੀ ਸਹੇਲੀ [੩੬]ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ ॥ ਹਰਿ ਗੁਣ ਸਾਰੀ[੩੭] ਤਾ

੧ ਖ਼ਾਹਸ਼ ਮੇਰੀ ਪੂਰੀ ਹੋਈ।
੨ ਹੇ ਪਤੀ!
੩ ਜੰਗਲ ਵਿੱਚ।
੪ ਧੀਰਜ ਫੜੇਗੀ।
੫ ਇਸਤਰੀ।
੬ ਕਠਨ, ਔਖੀ। ਪਤੀ ਬਿਨਾਂ ਰਾਤ ਕੱਟਣੀ ਬਹੁਤ ਔਖੀ ਹੈ।
੭ ਪ੍ਰੀਤਮ, ਵਾਹਿਗੁਰੂ।
੮ ਖ਼ਬਰ ਲੈਂਦਾ।
੯ ਰੋਂਦੀ ਹੈ।
੧੦ ਇਸਤਰੀ।
੧੧ ਸੁੰਦਰ। ਸੁੰਦਰ ਸ਼ਬਦ ਦੁਆਰਾ ਰਸ ਪ੍ਰੇਮ ਵਾਲੀ ਹੋ ਕੇ ਮਿਲੀ।
੧੨ ਗਿਆਨ-ਦੀਵਾ ਦੇਹੀ ਨੂੰ ਚਾਨਣਾ ਕਰਦਾ ਹੈ।
੧੩ ਹੇ ਸਖੀ! ਸੁਣ, ਸੱਚ ਦੁਆਰਾ ਸੌਖੀ ਹੋਈ ਹੈ ਤੇ ਸੱਚੇ ਦੇ ਗੁਣ ਯਾਦ ਕਰਦੀ ਹੈ।
੧੪ ਯਾਦ ਕਰਦੀ ਹੈ।
੧੫ ਖਿੜੀ। ਗੁਰੂ ਨੇ ਮੇਲੀ ਹੈ ਤਾਂ ਪਤੀ ਨੇ ਭੋਗੀ ਹੈ ਤੇ ਅੰਮ੍ਰਿਤ ਬਾਣੀ ਦੁਆਰਾ ਖਿੜ ਗਈ ਹੈ।
੧੬ ਬੇਘਰ ਕੀਤਾ; ਆਪਣੇ ਅਸਲੀ ਘਰ ਤੋਂ ਬੇਘਰ ਕੀਤਾ।
੧੭ ਕੂੜਿਆਰ ਲੁਟੀ ਗਈ ਕੂੜ ਵਿੱਚ।
੧੮ ਰਸੀ।
੧੯ ਜੋ ਹਰੀ ਨੂੰ ਪ੍ਰੀਤੀ ਨਾਲ ਪਿਆਰਦਾ ਹੈ ਅਤੇ ਸ਼ਬਦ ਦੁਆਰਾ ਵਿਚਾਰਦਾ ਹੈ, ਉਹ (ਹਰੀ) ਉਸੇ ਦਾ ਹੋ ਜਾਂਦਾ ਹੈ।
੨੦ ਇਸ਼ਨਾਨ। ਇਸ਼ਨਾਨ ਆਦਿਕ ਨਾਲ ਅੰਦਰ ਦੀ ਮੈਲ ਕਿਵੇਂ ਧੋ ਸਕੀਦੀ ਹੈ।
੨੧ ਮੁਕਤੀ।
੨੨ ਇੰਦ੍ਰੀਆਂ ਨੂੰ ਰੋਕ ਕੇ ਸੰਜਮ ਵਿੱਚ ਰੱਖਣਾ।
੨੩ ਜੰਗਲੀਂ ਰਹਿਣਾ।
੨੪ ਦੁਚਿੱਤੀ ਵਿੱਚ ਹਰੀ ਦਾ ਮਹਿਲ ਕਿਵੇਂ ਜਾਣ ਸਕਦਾ ਹੈ?
੨੫ ਹਰ ਰੋਜ਼, ਲਗਾਤਾਰ।
੨੬ ਸੌਦਾ।
੨੭ ਹਰ ਘੜੀ।
੨੮ ਹਰੀ ਦੀ ਸੱਚੀ ਨਦਰਿ ਤੇ ਪੂਰੇ ਭਾਗਾਂ ਨਾਲ ਇਹ ਲੇਖ ਪਰਖ ਕੇ ਪ੍ਰਾਪਤ ਕੀਤਾ ਹੈ।
੨੯ ਪੂਰੇ ਗੁਰੂ ਦੀ ਰਾਹੀਂ।
੩੦ ਇਸਤਰੀ।
੩੧ ਬੇਨਤੀ (ਕਰਦੀ ਹੈ)।
੩੨ ਯਾਦ ਕਰ ਕੇ।
੩੩ ਚੰਗੀ ਤਰ੍ਹਾਂ ਕਰੀਏ।
੩੪ ਸੰਸਾਰਕ ਚੀਜ਼ਾਂ ਦੀ ਪ੍ਰਾਪਤੀ ਲਈ ਤੀਬਰ ਇੱਛਾ।
੩੫ ਆਪਾ ਭਾਵ ਹੰਕਾਰ।
੩੬ ਦਿਲੀ ਮੇਲ ਵਾਲੀ, ਦਿਲੀ ਪਿਆਰ ਵਾਲੀ।
੩੭ ਯਾਦ ਕਰੇਂ।

* ਇਸਤਰੀ ਦੀ ਉਮਰ ਰੂਪੀ ਰਾਤ ਸੌਖੀ ਲੰਘਦੀ ਹੈ ਜੇ ਹਰੀ ਨਾਲ ਮਨ ਲਾਵੇ।

ਕੰਤ ਪਿਆਰੀ ਨਾਮੇ ਧਰੀ ਪਿਆਰੋ ॥ ਨਾਨਕ ਕਾਮਣਿ[੧] ਨਾਹ[੨] ਪਿਆਰੀ ਰਾਮ
ਨਾਮੁ ਗਲਿ ਹਾਰੋ ॥ ੨ ॥ ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ [੩]ਦੂਜੈ
ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ[੪] ॥ ਬਿਨੁ ਸਬਦ ਪਿਆਰੇ ਕਉਣੁ
ਦੂਤਰੁ[੫] ਤਾਰੇ ਮਾਇਆ ਮੋਹਿ ਖੁਆਈ[੬] ॥ [੭]ਕੂੜਿ ਵਿਗੁਤੀ [੮]ਤਾ ਪਿਰਿ ਮੁਤੀ
ਸਾਧਨ ਮਹਲੁ ਨ ਪਾਈ ॥ [੯]ਗੁਰ ਸਬਦੇ ਰਾਤੀ [੧੦]ਸਹਜੇ ਮਾਤੀ ਅਨਦਿਨੁ[੧੧]
ਰਹੈ ਸਮਾਏ ॥ ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ
ਮਿਲਾਏ ॥ ੩ ॥ ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥ ਗੁਰੁ ਭਰਮੁ ਚੁਕਾਏ
ਇਉ ਮਿਲੀਐ ਮਾਏ[੧੨] ਤਾ ਸਾਧਨ ਸੁਖੁ ਪਾਏ ॥ ਗੁਰ ਸੇਵਾ ਬਿਨੁ ਘੋਰ ਅੰਧਾਰੁ
ਬਿਨੁ ਗੁਰ ਮਗੁ[੧੩] ਨ ਪਾਏ ॥ ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ
ਸਬਦਿ ਵੀਚਾਰੇ ॥ ਨਾਨਕ ਕਾਮਣਿ ਹਰਿ ਵਰੁ[੧੪] ਪਾਇਆ ਗੁਰ ਕੈ ਭਾਇ[੧੫]
ਪਿਆਰੇ ॥ ੪ ॥ ੧ ॥ ਗਉੜੀ ਮਹਲਾ ੩ ॥ ਪਿਰ ਬਿਨੁ [੧੬]ਖਰੀ ਨਿਮਾਣੀ ਜੀਉ
ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥ ਪਿਰ ਬਿਨੁ ਨੀਦ ਨ ਆਵੈ ਜੀਉ
[੧੭]ਕਾਪੜੁ ਤਨਿ ਨ ਸੁਹਾਈ ॥ ਕਾਪਰੁ[੧੮] ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ
ਚਿਤੁ ਲਾਈਐ ॥ ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ[੧੯]
ਸਮਾਈਐ ॥ *ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ[੨੦] ਨਾਮੁ ਸੰਸਾਰੇ ॥
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ[੨੧] ॥ ੧ ॥ ਸਾਧਨ
ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥ ਅਹਿਨਿਸਿ[੨੨] ਰੰਗਿ[੨੩] ਰਾਤੀ
ਜੀਉ ਗੁਰ ਸਬਦੁ ਵੀਚਾਰੇ ॥ ਗੁਰ ਸਬਦੁ ਵੀਚਾਰੇ ਹਉਮੈ ਮਾਰੇ [੨੪]ਇਨ ਬਿਧਿ
ਮਿਲਹੁ ਪਿਆਰੇ ॥ ਸਾਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ
ਪਿਆਰੇ ॥ ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ[੨੫] ਦੂਬਿਧਾ[੨੬] ਮਾਰਿ
ਨਿਵਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ[੨੭] ਦੂਖ ਵਿਸਾਰੇ ॥
੨ ॥ ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ
ਜੀਉ ਕੂੜਿ ਮੁਠੀ ਕੂੜਿਆਰੇ ॥ ਕੂੜੁ ਨਿਵਾਰੇ ਗੁਰਮਤਿ ਸਾਰੇ[੨੮] ਜੂਐ ਜਨਮੁ
ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥ ਹਰਿ ਕਾ
ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥ ਨਾਨਕ ਕਾਮਣਿ ਸਹਜਿ[੨੯] ਸਮਾਣੀ
ਜਿਸੁ ਸਾਚਾ ਨਾਮੁ ਅਧਾਰੋ[੩੦] ॥ ੩ ॥ ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ
ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥ ਪਾਣੀ
ਅੰਨੁ ਨ ਭਾਵੈ ਮਰੀਐ ਹਾਵੈ[੩੧] ਬਿਨੁ ਪਿਰ ਕਿਉ ਸੁਖੁ ਪਾਈਐ ॥ ਗੁਰ ਆਗੈ

੧ ਇਸਤਰੀ।
੨ ਪਤੀ।
੩ ਦ੍ਵੈਤ ਭਾਵ ਵਿੱਚ ਲੁੱਟੀ ਗਈ।
੪ ਤਕੜੇ, ਅਸਰ ਕਰਨ ਵਾਲੇ। ਜੇ ਕੋਲ ਤਕੜਾ ਰਾਖਾ ਗੁਰ-ਸ਼ਬਦ ਹੁੰਦਾ ਤਾਂ ਕਿਉਂ ਲੁੱਟੀ ਜਾਂਦੀ?
੫ ਔਖਾ ਤਰਿਆ ਜਾਣ ਵਾਲਾ।
੬ ਭੁੱਲੀ ਫਿਰਦੀ ਹੈ।
੭ ਕੂੜ ਵਿੱਚ ਲੱਗ ਕੇ ਖ਼ਰਾਬ ਹੋਈ।
੮ ਤਾਂ ਪਤੀ ਨੇ ਛੱਡੀ (ਤਿਆਗੀ) ਹੈ, ਅਤੇ ਇਹੋ-ਜਿਹੀ ਇਸਤਰੀ ਆਪਣੇ ਪਤੀ-ਮਹਿਲ ਨੂੰ ਪ੍ਰਾਪਤ ਨਹੀਂ ਹੁੰਦੀ।
੯ ਗੁਰਬਾਣੀ ਵਿੱਚ ਰੱਤੀ ਹੋਈ, ਪ੍ਰੇਮ ਨਾਲ ਲੱਗੀ ਹੋਈ।
੧੦ ਗਿਆਨ ਵਿੱਚ ਮਸਤ ਹੋਈ।
੧੧ ਹਰ ਰੋਜ਼, ਸਦਾ।
੧੨ ਹੇ ਮਾਈ!
੧੩ ਰਸਤਾ।
੧੪ ਪਤੀ।
੧੫ ਪਿਆਰ ਵਿੱਚ।
੧੬ ਬਹੁਤ ਗ਼ਰੀਬ।
੧੭ ਕਪੜੇ ਤਨ 'ਤੇ ਨਹੀਂ ਸੋਹਣੇ ਲੱਗਦੇ।
੧੮ ਕਪੜੇ।
੧੯ ਅੰਗ ਨਾਲ।
੨੦ ਲਾਭ।
੨੧ ਯਾਦ ਕਰੇ।
੨੨ ਦਿਨ ਰਾਤ।
੨੩ ਪਿਆਰ ਵਿੱਚ।
੨੪ ਇਸ ਤਰੀਕੇ ਨਾਲ।
੨੫ ਪਕੜੀਏ, ਲਈਏ।
੨੬ ਦੁਚਿੱਤੀ (ਮਾਰ ਕੇ ਦੂਰ ਕਰ ਦੇਵੇ)।
੨੭ ਸਾਰੇ।
੨੮ ਸਮਝੇ।
੨੯ ਉੱਚੇ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ ਵਿੱਚ। ਦੇਖੋ ਪੰਨਾ ੬੮।
੩੦ ਆਸਰਾ।
੩੧ ਪਤੀ-ਵਿਛੋੜੇ ਦੇ ਝੋਰੇ ਵਿੱਚ।

* ਗੁਰ-ਸ਼ਬਦ ਦੁਆਰਾ ਮੇਲ ਹੁੰਦਾ ਹੈ, ਤਾਂ ਪਤੀ ਨੂੰ ਮਾਣਦੀ ਹੈ।

ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥ ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥ ਨਾਨਕ ਕਾਮਣਿ[੧] ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥ ੪ ॥ ੨ ॥ ਗਉੜੀ ਮਹਲਾ ੩ ॥ ਕਾਮਣਿ ਹਰਿ ਰਸਿ ਬੇਧੀ[੨] ਜੀਉ [੩]ਹਰਿ ਕੈ ਸਹਜਿ ਸੁਭਾਏ ॥ ਮਨੁ ਮੋਹਨਿ[੪] ਮੋਹਿ ਲੀਆ ਜੀਉ [੫]ਦੁਬਿਧਾ ਸਹਜਿ ਸਮਾਏ ॥ ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ[੬] ਲਾਏ ॥ ਇਹੁ ਸਰੀਰੁ ਕੂੜਿ ਕੁਸਤਿ ਭਰਿਆ [੭]ਗਲ ਤਾਈ ਪਾਪ ਕਮਾਏ ॥ ਗੁਰਮੁਖਿ[੮] ਭਗਤਿ ਜਿਤੁ [੯]ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥ ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥ ੧ ॥ ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ[੧੦] ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ[੧੧] ॥ ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ[੧੨] ਦੁਖੁ ਨਿਵਾਰੇ ॥ ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥ *ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ[੧੩] ॥ ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ [੧੪]ਹੇਤਿ ਅਪਾਰੇ ॥ ੨ ॥ ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ ॥ ਕਾਮਣਿ ਬਿਨਉ ਕਰੇ ਜੀਉ [੧੫]ਸਚਿ ਸਬਦਿ ਸੀਗਾਰੇ ॥ ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥ [੧੬]ਮਨਮੁਖਿ ਕਾਮਿ ਵਿਆਪੀ [੧੭]ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥ ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥ ੩ ॥ ਮੁੰਧ[੧੮] ਇਆਣੀ ਭੋਲੀ ਨਿਗੁਣੀਆ[੧੯] ਜੀਉ ਪਿਰੁ ਅਗਮ[੨੦] ਅਪਾਰਾ ॥ [੨੧]ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥ ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ [੨੨]ਘਟਿ ਘਟਿ ਰਹਿਆ ਸਮਾਈ ॥ ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ[੨੩] ਬੁਝਾਈ ॥ ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ[੨੪] ਲਾਈ ॥ ਨਾਨਕ ਸਹਜੇ ਹਰਿ ਵਰੁ ਪਾਇਆ ਸਾਧਨ [੨੫]ਨਉ ਨਿਧਿ ਪਾਈ ॥ ੪ ॥ ੩ ॥ ਗਉੜੀ ਮਹਲਾ ੩ ॥ ਮਾਇਆ ਸਰੁ[੨੬] ਸਬਲੁ[੨੭] ਵਰਤੈ ਜੀਉ ਕਿਉ ਕਰਿ ਦੁਤਰੁ[੨੮] ਤਰਿਆ ਜਾਇ ॥ ਰਾਮ ਨਾਮੁ ਕਰਿ ਬੋਹਿਥਾ[੨੯] ਜੀਉ ਸਬਦੁ ਖੇਵਟੁ[੩੦] ਵਿਚਿ ਪਾਇ ॥ ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ [੩੧]ਇਨ ਬਿਧਿ ਦੁਤਰੁ ਤਰੀਐ ॥ ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ[੩੨] ਇਉ ਮਰੀਐ ॥ ਖਿਨ ਮਹਿ ਰਾਮ ਨਾਮਿ ਕਿਲਵਿਖ[੩੩] ਕਾਟੇ ਭਏ ਪਵਿਤੁ ਸਰੀਰਾ ॥ ਨਾਨਕ ਰਾਮ ਨਾਮਿ ਨਿਸਤਾਰਾ ਕੰਚਨ[੩੪] ਭਏ ਮਨੂਰਾ[੩੫] ॥ ੧ ॥ ਇਸਤਰੀ ਪੁਰਖ ਕਾਮਿ

੧ ਇਸਤਰੀ।
੨ ਵਿੰਨ੍ਹੀ ਪ੍ਰੋਤੀ ਹੋਈ।
੩ ਪੂਰਨ ਗਿਆਨ ਅਤੇ ਸ਼ਾਂਤੀ ਵਾਲੇ ਹਰੀ ਦੇ ਸੁਭਾਉ ਦੁਆਰਾ।
੪ ਮੋਹਨ ਨੇ, ਸੁੰਦਰ ਹਰੀ ਨੇ।
੫ ਦੁਚਿੱਤੀ ਸਹਜ ਵਿੱਚ ਸਮਾਅ ਗਈ, ਭਾਵ ਜਦ ਪੂਰਨ ਅਡੋਲਤਾ ਪ੍ਰਾਪਤ ਹੋਈ ਤਾਂ ਇਧਰ ਉਧਰ ਦੀ ਭਟਕਣ ਦੂਰ ਹੋ ਗਈ।
੬ ਪਿਆਰ।
੭ ਗਲੇ ਤੀਕ, ਨੱਕੋ-ਨੱਕ।
੮ ਗੁਰੂ ਦੁਆਰਾ।
੯ ਆਤਮਕ ਅਨੰਦ ਵਾਲੀ ਦਸ਼ਾ। ਦੇਖੋ ਪੰਨਾ ੧੦੫, ਨੋਟ ੨੫।
੧੦ ਰਾਤ।
੧੧ ਦਿਲ ਵਿੱਚ ਟਿਕਾ ਕੇ।
੧੨ ਹਰ ਰੋਜ਼।
੧੩ ਦੂਰ ਕਰੇ।
੧੪ ਬਹੁਤ ਪਿਆਰ ਦੁਆਰਾ।
੧੫ ਸੱਚ ਅਤੇ ਸ਼ਬਦ ਵਿੱਚ ਲੱਗ ਕੇ ਸੀਗਾਰ ਕਰਦੀ ਹੈ।
੧੬ ਆਪ-ਹੁਦਰੀ (ਜੋ ਗੁਰੂ ਦੀ ਗੱਲ ਨਹੀਂ ਮੰਨਦੀ) ਕਾਮ ਵਿੱਚ ਲੱਗੀ ਹੋਈ ਹੈ।
੧੭ ਮੋਹ ਨਾਲ ਦੁੱਖੀ।
੧੮ ਇਸਤਰੀ।
੧੯ ਗੁਣ ਰਹਿਤ।
੨੦ ਪਹੁੰਚ ਤੋਂ ਪਰ੍ਹੇ ਹਰੀ।
੨੧ ਜੇ ਆਪੇ ਹੀ ਮੇਲੇ ਤਾਂ ਮਿਲੀਦਾ ਹੈ।
੨੨ ਹਰ ਇਕ ਸਰੀਰ ਵਿੱਚ।
੨੩ ਸਮਝ।
੨੪ ਧਿਆਨ, ਪ੍ਰੀਤੀ।
੨੫ ਦੇਖੋ ਪੰਨਾ ੧੦, ਫੁਟ ਨੋਟ §।
੨੬ ਸਰੋਵਰ। ਮਾਇਆ ਦਾ ਸਮੁੰਦਰ ਬਹੁਤ ਬਲ ਵਾਲਾ ਹੈ।
੨੭ ਬਲ ਵਾਲਾ।
੨੮ ਔਖਾ ਤਰਿਆ ਜਾਣ ਵਾਲਾ।
੨੯ ਜਹਾਜ਼।
੩੦ ਮਲਾਹ।
੩੧ ਇਸ ਤਰ੍ਹਾਂ।
੩੨ ਜੀਵਤ ਭਾਵ ਤੋਂ।
੩੩ ਪਾਪ।
੩੪ ਸੋਨਾ।
੩੫ ਗਲਿਆ ਹੋਇਆ ਨਿਕੰਮਾ ਲੋਹਾ, ਲੋਹੇ ਦੀ ਮੈਲ। ਲੋਹੇ ਦੀ ਮੈਲ ਵੀ ਕੰਚਨ ਹੋ ਜਾਂਦੀ ਹੈ, ਭਾਵ ਮਾੜੇ ਵੀ ਚੰਗੇ ਹੋ ਜਾਂਦੇ ਹਨ।

* ਅੰਦਰ ਹੀ ਪਤੀ-ਮਹਲ ਹੈ, ਜਿਸ ਵਿੱਚ ਇਸਤਰੀ ਗੁਰਮਤ ਦੁਆਰਾ ਵਿਚਾਰ ਕੇ ਆਪਣੇ ਪਤੀ ਨੂੰ ਮਾਣਦੀ ਹੈ; ਭਾਵ ਇਹ ਕਿ ਜੀਵ ਗੁਰੂ ਦੀ ਸਿੱਖਿਆ ਦੁਆਰਾ ਵਾਹਿਗੁਰੂ ਨੂੰ ਆਪਣੇ ਅੰਦਰ ਹੀ ਲੱਭਣ ਦੀ ਜਾਚ ਸਿੱਖਦਾ ਹੈ, ਤੇ ਲੱਭ ਕੇ ਉਸ ਦਾ ਮੇਲ ਮਾਣਦਾ ਹੈ।

ਵਿਆਪੇ ਜੀਉ ਰਾਮ ਨਾਮ ਕੀ ਬਿਧਿ[੧] ਨਹੀ ਜਾਣੀ ॥ ਮਾਤ ਪਿਤਾ ਸੁਤ[੨] ਭਾਈ ਖਰੇ[੩] ਪਿਆਰੇ ਜੀਉ [੪]ਡੂਬਿ ਮੁਏ ਬਿਨੁ ਪਾਣੀ ॥ ਡੂਬਿ ਮੁਏ ਬਿਨੁ ਪਾਣੀ [੫]ਗਤਿ ਨਹੀ ਜਾਣੀ [੬]ਹਉਮੈ ਧਾਤੁ ਸੰਸਾਰੇ ॥ ਜੋ ਆਇਆ ਸੋ ਸਭੁ ਕੋ ਜਾਸੀ ਉਬਰੇ[੭] ਗੁਰ ਵੀਚਾਰੇ ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ[੮] ਆਪਿ ਤਰੈ ਕੁਲ ਤਾਰੇ ॥ ਨਾਨਕ ਨਾਮੁ ਵਸੈ [੯]ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥ ੨ ॥ ਰਾਮ ਨਾਮ ਬਿਨੁ ਕੋ ਥਿਰੁ[੧੦] ਨਾਹੀ ਜੀਉ ਬਾਜੀ[੧੧] ਹੈ ਸੰਸਾਰਾ ॥ [੧੨]ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥ ਰਾਮ ਨਾਮੁ ਵਾਪਾਰਾ ਅਗਮ[੧੩] ਅਪਾਰਾ ਗੁਰਮਤੀ ਧਨੁ ਪਾਈਐ ॥ ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ[੧੪] ਗਵਾਈਐ ॥ ਹਮ ਮਤਿ ਹੀਣ ਮੂਰਖ ਮੁਗਧ[੧੫] ਅੰਧੇ [੧੬]ਸਤਿਗੁਰਿ ਮਾਰਗਿ ਪਾਏ ॥ ਨਾਨਕ [੧੭]ਗੁਰਮੁਖਿ ਸਬਦਿ ਸੁਹਾਵੇ ਅਨਦਿਨੁ[੧੮] ਹਰਿ ਗੁਣ ਗਾਏ ॥ ੩ ॥ ਆਪਿ ਕਰਾਏ ਕਰੇ ਆਪਿ ਜੀਉ ਆਪੇ [੧੯]ਸਬਦਿ ਸਵਾਰੇ ॥ ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ [੨੦]ਭਗਤ ਪਿਆਰੇ ॥ ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ ॥ ਆਪੇ ਦਾਨਾ[੨੧] ਆਪੇ ਬੀਨਾ[੨੨] ਆਪੇ ਸੇਵ ਕਰਾਏ ॥ ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥ ਨਾਨਕ ਸਦ ਬਲਿਹਾਰੀ ਸਚੇ ਵਿਟਹੁ[੨੩] ਆਪੇ ਕਰੇ ਕਰਾਏ ॥ ੪ ॥ ੪ ॥ ਗਉੜੀ ਮਹਲਾ ੩ ॥ ਗੁਰ ਕੀ ਸੇਵਾ ਕਰਿ [੨੪]ਪਿਰਾ ਜੀਉ ਹਰਿ ਨਾਮੁ ਧਿਆਏ ॥ ਮੰਞਹੁ[੨੫] ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ ॥ ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ [੨੬]ਸਹਜੇ ਸਤਿ ਸੁਭਾਏ ॥ ਗੁਰ ਕੀ ਸੇਵਾ [੨੭]ਖਰੀ ਸੁਖਾਲੀ ਜਿਸ ਨੋ ਆਪਿ ਕਰਾਏ ॥ ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥ ਨਾਨਕ ਸਚਿ ਨਾਮਿ ਵਡਿਆਈ ਪੂਰਬਿ[੨੮] ਲਿਖਿਆ ਪਾਏ ॥ ੧ ॥ ਹਰਿ ਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਏ ॥ ਰਸਨਾ[੨੯] ਹਰਿ ਰਸੁ ਚਾਖੁ ਮੁਯੇ[੩੦] ਜੀਉ [੩੧]ਅਨ ਰਸ ਸਾਦ ਗਵਾਏ ॥ ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ ॥ ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ [੩੨]ਰਹੈ ਲਿਵ ਲਾਏ ॥ [੩੩]ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥ ਨਾਨਕ ਨਾਮੁ ਗੁਰਮਤੀ ਪਾਈਐ [੩੪]ਆਪੇ ਲਏ ਲਵਾਏ ॥ ੨ ॥ ਏਹ ਵਿਡਾਣੀ[੩੫] ਚਾਕਰੀ ਪਿਰਾ ਜੀਉ ਧਨ ਛੋਡਿ [੩੬]ਪਰਦੇਸਿ ਸਿਧਾਏ ॥ ਦੂਜੈ[੩੭] ਕਿਨੈ ਸੁਖੁ ਨ ਪਾਇਓ ਪਿਰਾ ਜੀਉ [੩੮]ਬਿਖਿਆ ਲੋਭਿ ਲੁਭਾਏ ॥ ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥ ਚਾਕਰੀ ਵਿਡਾਣੀ ਖਰੀ ਦੁਖਾਲੀ[੩੯] ਆਪੁ[੪੦] ਵੇਚਿ ਧਰਮੁ ਗਵਾਏ ॥ ਮਾਇਆ ਬੰਧਨ ਟਿਕੈ ਨਾਹੀ [੪੧]ਖਿਨੁ ਖਿਨੁ [*]ਦੁਖੁ ਸੰਤਾਏ ॥ ਨਾਨਕ ਮਾਇਆ ਕਾ

੧ ਤਰੀਕਾ, ਜੁਗਤੀ (ਨਾਮ ਜਪਣ ਦੀ)।
੨ ਪੁੱਤਰ।
੩ ਬਹੁਤੇ।
੪ ਇਸ ਮੋਹ ਮਾਇਆ ਦੇ ਸਮੁੰਦਰ ਵਿੱਚ (ਜੋ ਪਾਣੀ ਦਾ ਨਹੀਂ) ਡੁਬ ਮੋਏ ਹਨ।
੫ ਪਾਰ ਪਹੁੰਚਣ ਦਾ ਤਰੀਕਾ ਨਹੀਂ ਸੀ ਜਾਣਦੇ।
੬ ਹਉਮੈ ਇਕ ਦੌੜ ਹੈ ਸੰਸਾਰ ਵਿੱਚ, ਭਾਵ ਹਉਮੈ ਕਰਕੇ ਜੀਵ ਭਟਕਦੇ ਫਿਰਦੇ ਹਨ।
੭ ਤਰਦੇ ਹਨ।
੮ ਉਚਾਰੇ।
੯ ਦਿਲ ਵਿੱਚ।
੧੦ ਅਡੋਲ, ਕਾਇਮ। ਭਾਵ ਸਭ ਚੱਲਣਹਾਰ ਹਨ।
੧੧ ਖੇਡ।
੧੨ ਆਪਣੇ ਭਗਤੀ ਭਾਵ ਨੂੰ ਪੱਕਿਆਂ ਕਰ।
੧੩ ਪਹੁੰਚ ਤੋਂ ਪਰ੍ਹੇ।
੧੪ ਆਪਾ ਭਾਵ, ਹਉਮੈ।
੧੫ ਮੂਰਖ।
੧੬ ਸਤਿਗੁਰੂ ਨੇ ਰਸਤੇ ਪਾਇਆ।
੧੭ ਗੁਰੂ ਦੁਆਰਾ ਸ਼ਬਦ ਨਾਲ ਸੰਵਾਰੇ ਗਏ।
੧੮ ਹਰ ਰੋਜ਼।
੧੯ ਚੰਗੇ ਬਣਾਂਦਾ ਹੈ ਸ਼ਬਦ ਦੁਆਰਾ।
੨੦ ਭਗਤਾਂ ਨੂੰ ਪਿਆਰਦਾ ਹੈ।
੨੧ [ਫ਼ਾਰਸੀ] ਜਾਨਣ ਵਾਲਾ।
੨੨ [ਫ਼ਾਰਸੀ] ਦੇਖਣ ਵਾਲਾ।
੨੩ ਉੱਤੋਂ।
੨੪ ਹੇ ਪਿਆਰੇ ਪਤੀ! [ਉੱਤਮ ਬੁੱਧੀ ਮਨ ਨੂੰ ਉਪਦੇਸ਼ ਕਰਦੀ ਹੈ।]
੨੫ ਮੈਥੋਂ।
੨੬ ਸਹਜੇ ਹੀ, ਸੱਚੀ ਭਾਵਨਾ ਦੁਆਰਾ।
੨੭ ਬਹੁਤੀ ਸੁਖਦਾਈ।
੨੮ ਪਹਿਲੋਂ ਦਾ, ਰੱਬ ਦੇ ਹਜ਼ੂਰੋਂ।
੨੯ ਹੇ ਜੀਭੇ!
੩੦ ਮਰ ਜਾਣੀਏ! [ਪਿਆਰ ਨਾਲ ਝਿੜਕ ਕੇ ਕਿਹਾ ਹੈ।]
੩੧ ਹੋਰਨਾਂ ਰਸਾਂ ਦੇ ਸੁਆਦ ਗੰਵਾ ਕੇ।
੩੨ ਬਿਰਤੀ ਜੋੜੇ।
੩੩ ਵਾਹਿਗੁਰੂ ਦੇ ਹੁਕਮ ਤੋਂ ਹੀ ਪੈਦਾ ਹੁੰਦਾ ਹੈ, ਹੁਕਮ ਨਾਲ ਹੀ ਮਰਦਾ ਤੇ ਹੁਕਮ ਨਾਲ ਹੀ ਸੱਚ ਵਿੱਚ ਜਾ ਸਮਾਉਂਦਾ ਹੈ।
੩੪ ਆਪੇ ਲਾ ਲੈਂਦਾ ਹੈ ਨਾਮ ਵਿੱਚ।
੩੫ ਬਿਗਾਨੀ।
੩੬ ਬਾਹਰਮੁਖੀ ਹੋ ਭਟਕਦੇ ਫਿਰਨਾ।
੩੭ ਦ੍ਵੈਤ ਭਾਵ ਵਿੱਚ।
੩੮ ਮਾਇਆ ਦੇ ਲੋਭ ਵਿੱਚ ਲੁਭਾਇਮਾਨ ਹੋ ਕੇ।
੩੯ ਦੁਖਦਾਈ।
੪੦ ਆਤਮਾ ਨੂੰ (ਵੇਚ ਕੇ)।
੪੧ ਪਲ-ਪਲ।

* ਦੁੱਖ ਉਸ ਨੂੰ ਤੰਗ ਕਰਦਾ ਹੈ।

ਦੁਖੁ ਤਦੇ ਚੂਕੈ[੧] ਜਾ ਗੁਰ ਸਬਦੀ ਚਿਤੁ ਲਾਏ ॥ ੩ ॥ ਮਨਮੁਖ[੨] ਮੁਗਧ[੩] ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥ ਮਾਇਆ ਕਾ ਭ੍ਰਮੁ ਅੰਧੁ[੪] ਪਿਰਾ ਜੀਉ ਹਰਿ ਮਾਰਗੁ[੫] ਕਿਉ ਪਾਏ ॥ ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ [੬]ਆਪੁ ਗਣਾਏ ॥ ਹਰਿ ਕੇ ਚਾਕਰ ਸਦਾ ਸੁਹੇਲੇ[੭] ਗੁਰ ਚਰਣੀ ਚਿਤੁ ਲਾਏ ॥ ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥ ਨਾਨਕ ਨਾਮੁ ਰਤਨੁ ਜਗਿ ਲਾਹਾ [੮]ਗੁਰਮੁਖਿ ਆਪਿ ਬੁਝਾਏ ॥ ੪ ॥ ੫ ॥ ੭ ॥

ਰਾਗੁ ਗਉੜੀ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਮੇਰੈ ਮਨਿ ਬੈਰਾਗੁ[੯] ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ ਮੇਰੇ ਮੀਤ ਸਖਾ[੧੦] ਹਰਿ ਜੀਉ ਗੁਰ ਪੁਰਖ ਬਿਧਾਤੇ* ॥ ਪੁਰਖੋ ਬਿਧਾਤਾ ਏਕੁ ਸ੍ਰੀਧਰੁ[੧੧] ਕਿਉ ਮਿਲਹ ਤੁਝੈ ਉਡੀਣੀਆ[੧੨] ॥ ਕਰ[੧੩] ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥ ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ[੧੪] ਦਿਨੁ ਰਾਤੇ ॥ ਨਾਨਕ ਸਾਰਿੰਗ[੧੫] ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥ ੧ ॥ ਇਕ ਬਿਨਉ[੧੬] ਕਰਉ ਜੀਉ ਸੁਣਿ ਕੰਤ ਪਿਆਰੇ ॥ ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ ॥ ਚਲਤਾ[੧੭] ਤੁਮਾਰੇ ਦੇਖਿ ਮੋਹੀ ਉਦਾਸ ਧਨ[੧੮] ਕਿਉ ਧੀਰਏ[੧੯] ॥ ਗੁਣਵੰਤ ਨਾਹ[੨੦] ਦਇਆਲੁ ਬਾਲਾ[੨੧] ਸਰਬ ਗੁਣ ਭਰਪੂਰਏ ॥ ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ[੨੨] ॥ ਬਿਨਵੰਤਿ[੨੩] ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥ ੨ ॥ ਹਉ ਮਨੁ ਅਰਪੀ[੨੪] ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ[੨੫] ॥ ਅਰਪਿਆ ਤ ਸੀਸੁ ਸੁਥਾਨਿ[੨੬] ਗੁਰ ਪਹਿ[੨੭] ਸੰਗਿ ਪ੍ਰਭੂ ਦਿਖਾਇਆ ॥ [੨੮]ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ[੨੯] ਪਾਇਆ ॥ ਦਿਨੁ ਰੈਣਿ[੩੦] ਰਲੀਆ[੩੧] ਕਰੈ ਕਾਮਣਿ[੩੨] ਮਿਟੇ ਸਗਲ ਅੰਦੇਸਾ[੩੩] ॥ ਬਿਨਵੰਤਿ ਨਾਨਕੁ ਕੰਤੁ ਮਿਲਿਆ [੩੪]ਲੋੜਤੇ ਹਮ ਜੈਸਾ ॥ ੩ ॥ ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ[੩੫] ਬੁਝਾਈ ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ[੩੬] ਗਾਇਆ ॥ ਸਭ [੩੭]ਮੀਤ ਬੰਧਪ [੩੮]ਹਰਖੁ ਉਪਜਿਆ ਦੂਤ[੩੯] ਥਾਉ ਗਵਾਇਆ ॥ ਅਨਹਤ[੪੦] ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥ ਬਿਨਵੰਤਿ ਨਾਨਕੁ [੪੧]ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥ ੪ ॥ ੧ ॥

੧ ਮਿਟਦਾ ਹੈ।
੨ ਦੇਖੋ ਪੰਨਾ ੧੧, ਨੋਟ ੨੧।
੩ ਮੂਰਖ।
੪ ਅੰਨ੍ਹਾਪਨ, ਅਗਿਆਨਤਾ।
੫ ਰਸਤਾ।
੬ ਆਪਣੇ ਆਪ ਨੂੰ ਕਿਸੇ ਗਿਣਤੀ ਵਿੱਚ ਜ਼ਾਹਰ ਕਰਦਾ ਹੈ, ਆਪਣੀ ਵਡਿਆਈ ਚਾਹੁੰਦਾ ਹੈ।
੭ ਸੁਖੀ।
੮ ਹਰੀ ਗੁਰਮੁਖਾਂ ਨੂੰ ਸੋਝੀ ਕਰਾ ਦਿੰਦਾ ਹੈ। ਦੇਖੋ ਪੰਨਾ ੧੧, ਨੋਟ ੨੦।
੯ ਉਦਾਸੀ।
੧੦ ਸਾਥੀ।
੧੧ [ਲੱਛਮੀ ਦੇ ਧਾਰਨ ਵਾਲਾ ਵਿਸ਼ਨੂੰ] ਵਾਹਿਗੁਰੂ।
੧੨ ਉਡੀਕ ਵਿੱਚ ਉਦਾਸ, ਵਿਆਕੁਲ। ਅਸੀਂ ਉਦਾਸ ਤੀਵੀਆਂ, ਹੇ ਵਾਹਿਗੁਰੂ! ਤੈਨੂੰ ਕਿਵੇਂ ਮਿਲੀਏ?
੧੩ ਹੱਥ।
੧੪ ਮਹੂਰਤ, ਦੋ ਘੜੀ।
੧੫ ਪਪੀਹਾ। ਦੇਖੋ ਪੰਨਾ ੯੫, ਫੁਟ ਨੋਟ *।
੧੬ ਬੇਨਤੀ।
੧੭ ਚਰਿਤ੍ਰ, ਕੌਤਕ।
੧੮ ਇਸਤਰੀ।
੧੯ ਧੀਰਜ ਫੜੇ।
੨੦ ਪਤੀ।
੨੧ ਸਦ-ਜਵਾਨ।
੨੨ ਬੁਰਿਆਈ ਵਾਲੀ ਹੋਣ ਕਰ ਕੇ।
੨੩ ਬੇਨਤੀ ਕਰਦਾ ਹੈ।
੨੪ ਭੇਟਾ ਦੇਵਾਂ, ਹਵਾਲੇ ਕਰਾਂ।
੨੫ ਸੁਨੇਹਾ।
੨੬ ਚੰਗੀ ਥਾਂ 'ਤੇ, ਸਾਧ ਸੰਗਤ ਵਿੱਚ।
੨੭ ਪਾਸ। ਗੁਰੂ ਪਾਸ ਚੰਗੀ ਥਾਂ 'ਤੇ ਸੀਸ ਭੇਟਾ ਕੀਤਾ ਹੈ, ਤੇ ਉਨ੍ਹਾਂ ਨੇ ਪ੍ਰਭੂ ਮੇਰੇ ਨਾਲ ਹੀ ਦਿਖਾ ਦਿੱਤਾ ਹੈ।
੨੮ ਪਲ ਵਿੱਚ ਸਾਰਾ ਦੁੱਖ ਦੂਰ ਹੋ ਗਿਆ ਤੇ ਮਨ-ਮੰਗੀ ਮੁਰਾਦ ਮਿਲ ਗਈ।
੨੯ ਚਿੰਤਨ ਕੀਤਾ, ਚਿਤਵਿਆ, ਚਾਹਿਆ।
੩੦ ਰਾਤ।
੩੧ ਮੌਜਾਂ।
੩੨ ਇਸਤਰੀ।
੩੩ ਫਿਕਰ।
੩੪ ਢੂੰਡਦੇ ਸਾਂ ਅਸੀਂ ਜੇਹੋ ਜਿਹਾ।
੩੫ ਤ੍ਰੇਹ, ਪਿਆਸ।
੩੬ ਖੁਸ਼ੀ ਦਾ ਗੀਤ (ਸਹੇਲੀਆਂ ਗਾਇਆ)।
੩੭ ਮੀਤ ਸੰਬੰਧੀਆਂ ਨੂੰ।
੩੮ ਖੁਸ਼ੀ ਪੈਦਾ ਹੋ ਗਈ।
੩੯ ਵੈਰੀ। ਕਾਮਾਦਿਕ ਵੈਰੀਆਂ ਦਾ ਖੁਰਾ-ਖੋਜ ਮਿਟਾ ਦਿੱਤਾ ਹੈ।
੪੦ ਬਿਨਾਂ ਵਜਾਇਆਂ ਵੱਜਣ ਵਾਲੇ। ਆਤਮ-ਮੰਡਲ ਦੀ ਖੁਸ਼ੀ ਨੂੰ ਇਸ ਅਲੰਕਾਰ ਨਾਲ ਪ੍ਰਗਟ ਕੀਤਾ ਹੈ। ਦੇਖੋ ਪੰਨਾ ੯੧, ਨੋਟ ੨੪।
੪੧ ਪੂਰਨ ਗਿਆਨ ਤੇ ਸ਼ਾਂਤੀ ਵਾਲੀ ਦਸ਼ਾ ਵਿੱਚ ਰਹਿੰਦੀ ਹੈ। ਦੇਖੋ ਪੰਨਾ ੬੮।

* [ਵਿਧਾਤ੍ਰੀ, ਰਚਨਹਾਰ, ਬ੍ਰਹਮਾ] ਵਿਧੀ ਬਣਾਉਣ ਵਾਲਾ ਹਰੀ।

ਗਉੜੀ ਮਹਲਾ ੫ ॥ *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥ ਧਰਮਸਾਲ ਅਪਾਰ ਦੈਆਰ[1] ਠਾਕੁਰ ਸਦਾ ਕੀਰਤਨੁ ਗਾਵਹੇ ॥ ਜਹ[2] ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ[3] ॥ ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ [4]ਸੁਖੁ ਸਾਰਾ ॥ ੧ ॥ ਮੋਹਨ ਤੇਰੇ ਬਚਨ ਅਨੂਪ[5] ਚਾਲ ਨਿਰਾਲੀ† ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ[6] ॥ ਮਾਨਹਿ[7] ਤ ਏਕੁ ਅਲੇਖੁ[8] ਠਾਕੁਰੁ ਜਿਨਹਿ ਸਭ ਕਲ[9] ਧਾਰੀਆ ॥ ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ[10] ॥ [11]ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥ ਬਿਨਵੰਤਿ[12] ਨਾਨਕ ਪੈਜ[13] ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥ ੨ ॥ ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ[14] ॥ ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥ [15]ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥ [16]ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ[17] ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥ ਮੋਹਨ ਤੂੰ ਸੁਫਲੁ ਫਲਿਆ ਸਣੁ[18] ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ ਤਾਰਿਆ ਜਹਾਨੁ ਲਹਿਆ[19] ਅਭਿਮਾਨੁ ਜਿਨੀ ਦਰਸਨੁ ਪਾਇਆ ॥ ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ[20] ॥ ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥ ੪ ॥ ੨ ॥ ਗਉੜੀ ਮਹਲਾ ੫ ॥ ਸਲੋਕੁ ॥ ਪਤਿਤ[21] ਅਸੰਖ[22] ਪੁਨੀਤ[23] ਕਰਿ [24]ਪੁਨਹ ਪੁਨਹ ਬਲਿਹਾਰ ॥ ਨਾਨਕ ਰਾਮ ਨਾਮੁ ਜਪਿ ਪਾਵਕੋ[25] ਤਿਨ[26] ਕਿਲਬਿਖ[27] ਦਾਹਨਹਾਰ[28] ॥ ੧ ॥ ਛੰਤ ॥ ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ[29] ॥ ਧਿਆਇ ਮਨਾ ਮੁਰਾਰਿ ਮੁਕੰਦੇ[30] ਕਟੀਐ ਕਾਲ ਦੁਖ ਫਾਧੋ[31] ॥ [32]ਦੁਖਹਰਣ [33]ਦੀਨ ਸਰਣ ਸ੍ਰੀਧਰ[34] ਚਰਨ ਕਮਲ ਅਰਾਧੀਐ ॥ ਜਮ ਪੰਥੁ ਬਿਖੜਾ[35] ਅਗਨਿ ਸਾਗਰੁ ਨਿਮਖ[36] ਸਿਮਰਤ ਸਾਧੀਐ ॥ ਕਲਿਮਲਹ[37] ਦਹਤਾ[38] [39]ਸੁਧੁ ਕਰਤਾ ਦਿਨਸੁ ਰੈਣਿ[40] ਅਰਾਧੋ[41] ॥ ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥ ੧ ॥ ਸਿਮਰਿ ਮਨਾ ਦਾਮੋਦਰੁ[42] ਦੁਖਹਰੁ[43] ਭੈ ਭੰਜਨੁ[44] ਹਰਿ ਰਾਇਆ[45] ॥ ਸ੍ਰੀਰੰਗੋ[46] ਦਇਆਲ ਮਨੋਹਰੁ[47] ਭਗਤਿ ਵਛਲੁ[48] ਬਿਰਦਾਇਆ[49] ॥

੧ ਹੇ ਦਿਆਲ!
੨ ਜਿਥੇ ਵੀ।
੩ ਕ੍ਰਿਪਾਲੂ। ਆਪਣੇ ਦੀਨਾਂ (ਸੇਵਕਾਂ) 'ਤੇ ਕ੍ਰਿਪਾਲੂ ਹੋਵੇ।
੪ ਸ੍ਰੇਸ਼ਟ ਸੁਖ।
੫ ਜਿਨ੍ਹਾਂ ਦੀ ਉਪਮਾ ਨਾ ਹੋ ਸਕੇ।
੬ ਮਿੱਟੀ, ਧੂੜ। ਇਕ ਤੋਂ ਬਿਨਾਂ ਹੋਰ ਸਭ ਨੂੰ ਤੂੰ ਵਾਹਿਗੁਰੂ ਦੇ ਮੁਕਾਬਲੇ 'ਤੇ ਮਿੱਟੀ ਦੀ ਨਿਆਈਂ ਸਮਝਿਆ ਹੈ।
੭ ਮੰਨਦਾ ਹੈਂ।
੮ ਜੋ ਸਮਝ ਵਿੱਚ ਨਹੀਂ ਆਉਂਦਾ, ਹਰੀ।
੯ ਕਲਾ, ਗੁਝੀ ਸ਼ਕਤੀ।
੧੦ [ਵਨ-ਮਾਲਾ ਪਹਿਰਨ ਵਾਲਾ, ਵਿਸ਼ਨੂੰ ਜਾਂ ਕ੍ਰਿਸ਼ਨ] ਹਰੀ। ਗੁਰੂ ਦੀ ਸਿੱਖਿਆ ਦੁਆਰਾ ਤੂੰ ਹਰੀ ਨੂੰ ਵੱਸ ਕਰ ਲਿਆ ਹੈ।
੧੧ ਆਂਵਦਾ ਜਾਂਦਾ ਤੂੰ ਆਪ ਹੀ ਹੈਂ।
੧੨ ਬੇਨਤੀ ਕਰਦਾ ਹੈ।
੧੩ ਇੱਜ਼ਤ, ਲੱਜਾ।
੧੪ ਓੜਕ ਨੂੰ। ਜੋ ਆਖਰ ਤੈਨੂੰ ਯਾਦ ਕਰਦੇ ਹਨ, ਉਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ।
੧੫ ਜੋ ਤੈਨੂੰ ਮਨ ਕਰ ਕੇ, ਬਚਨ ਕਰ ਕੇ ਤੇ ਕਰਮ ਕਰ ਕੇ, ਯਾਦ ਕਰਦੇ ਹਨ।
੧੬ ਗੰਦੇ ਲੋਕ।
੧੭ ਚੰਗੇ ਗਿਆਨੀ ਹੋ ਗਏ।
੧੮ ਸਮੇਤ।
੧੯ ਲੱਥਾ, ਦੂਰ ਹੋਇਆ।
੨੦ [ਮੁਰ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਹਰੀ।
੨੧ ਡਿੱਗੇ ਹੋਏ (ਧਰਮ ਤੋਂ)।
੨੨ ਅਣਗਿਣਤ।
੨੩ ਪਵਿੱਤਰ।
੨੪ ਮੁੜ-ਮੁੜ।
੨੫ ਅੱਗ।
੨੬ ਤੀਲ੍ਹੇ, ਕੱਖ।
੨੭ ਪਾਪ।
੨੮ ਸਾੜਨਹਾਰ। ਨਾਮ-ਅਗਨੀ ਪਾਪ ਰੂਪ ਤੀਲ੍ਹਿਆਂ ਨੂੰ ਸਾੜ ਸਕਦੀ ਹੈ।
੨੯ [ਮਾਧਵ, ਮਾ (ਮਾਇਆ ਦਾ) ਧਵ (ਪਤੀ)] ਵਾਹਿਗੁਰੂ।
੩੦ ਮੁਕਤ ਦਾਤਾ, ਵਾਹਿਗੁਰੂ।
੩੧ ਫਾਹੀ।
੩੨ ਦੁੱਖਾਂ ਦੇ ਦੂਰ ਕਰਨ ਵਾਲਾ।
੩੩ ਗਰੀਬਾਂ ਨੂੰ ਸ਼ਰਨ ਦੇਣ ਵਾਲਾ।
੩੪ [ਲੱਛਮੀ ਦੇ ਧਾਰਨ ਵਾਲਾ] ਵਾਹਿਗੁਰੂ।
੩੫ ਕਠਨ। ਜ਼ਰਾ ਭਰ ਸਿਮਰਨ ਨਾਲ ਜਮ ਦਾ ਰਸਤਾ ਜੋ ਕਠਨ ਹੈ ਤੇ ਸੰਸਾਰ ਜੋ ਅਗਨੀ ਦਾ ਸਾਗਰ ਹੈ, ਤਰੀਦਾ ਹੈ।
੩੬ ਅੱਖ ਝਮਕਣ ਵਿੱਚ ਜੋ ਸਮਾਂ ਲੱਗਦਾ ਹੈ।
੩੭ ਪਾਪ।
੩੮ ਸਾੜਨ ਵਾਲਾ।
੩੯ ਪਵਿੱਤਰ ਕਰਨ ਵਾਲਾ।
੪੦ ਰਾਤ।
੪੧ ਯਾਦ ਕਰੋ।
੪੨ [ਜਿਸ ਦੇ ਉਦਰ (ਪੇਟ) ਦੁਆਲੇ ਦਾਮ (ਰੱਸੀ) ਹੈ, ਕ੍ਰਿਸ਼ਨ ਜੀ] ਹਰੀ।
੪੩ ਦੁੱਖ ਦੂਰ ਕਰਨ ਵਾਲਾ।
੪੪ ਡਰ ਦੂਰ ਕਰਨ ਵਾਲਾ।
੪੫ ਰਾਜਾ।
੪੬ [ਲੱਛਮੀ ਨਾਲ ਰੰਗ ਕਰਨ ਵਾਲਾ] ਵਾਹਿਗੁਰੂ!
੪੭ ਸੁੰਦਰ।
੪੮ ਭਗਤੀ ਨੂੰ ਪਿਆਰਨ ਵਾਲਾ, ਹਰੀ।
੪੯ ਵਿਰਦ (ਨਿੱਤ ਦਾ ਨਿਯਮ)। ਹਰੀ ਦਾ ਸੁਭਾਅ ਹੈ (ਭਗਤੀ ਨੂੰ ਪਿਆਰਨਾ)।

* ਬਾਬਾ ਮੋਹਨ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਸਨ। ਆਪ ਸ੍ਰੀ ਗੋਇੰਦਵਾਲ ਇਕ ਮਕਾਨ ਵਿੱਚ ਨਿਵੇਕਲੇ ਰਹਿੰਦੇ ਤੇ ਸਦਾ ਰੱਬ ਦੇ ਧਿਆਨ ਵਿੱਚ ਜੁੜੇ ਰਹਿੰਦੇ ਸਨ। ਇਸ ਮਕਾਨ ਦੇ ਚੁਬਾਰੇ ਹੇਠ ਗਲੀ ਵਿੱਚ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਸਰੰਦੇ ਨਾਲ ਗਾਂਵਿਆ ਤੇ ਬਾਬਾ ਜੀ ਨੂੰ ਪ੍ਰਸੰਨ ਕਰ ਕੇ ਉਨ੍ਹਾਂ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਿਆਂਦੀਆਂ। ਇਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ।

† ਇਥੇ ਬਾਬਾ ਮੋਹਨ ਜੀ ਦੀ ਨਿਰਾਲੀ ਰਹਿਣੀ-ਬਹਿਣੀ ਵੱਲ ਇਸ਼ਾਰਾ ਹੈ।

ਭਗਤਿ ਵਛਲ ਪੁਰਖ ਪੂਰਨ [੧]ਮਨਹਿ ਚਿੰਦਿਆ ਪਾਈਐ ॥ ਤਮ[੨] ਅੰਧ ਕੂਪ[੩] ਤੇ ਉਧਾਰੈ ਨਾਮੁ ਮੰਨਿ ਵਸਾਈਐ ॥ ਸੁਰ[੪] ਸਿਧ[੫] ਗਣ[੬] ਗੰਧਰਬ[੭] ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥ ਬਿਨਵੰਤਿ[੮] ਨਾਨਕ ਕਰਹੁ ਕਿਰਪਾ ਪਾਰਬ੍ਰਹਮ [੯]ਹਰਿ ਰਾਇਆ ॥ ੨ ॥ ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ[੧੦] ਜਿਨਿ ਧਾਰੀ ॥ ਕਰੁਣਾ ਮੈ[੧੧] ਸਮਰਥੁ ਸੁਆਮੀ [੧੨]ਘਟ ਘਟ ਪ੍ਰਾਣ ਅਧਾਰੀ ॥ [੧੩]ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ[੧੪] ਅਪਾਰੋ ॥ [੧੫]ਸਰਣਿ ਜੋਗੁ ਸਮਰਥੁ ਮੋਹਨੁ[੧੬] ਸਰਬ ਦੋਖ ਬਿਦਾਰੋ[੧੭] ॥ ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ[੧੮] ॥ ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥ ੩ ॥ ਗੁਣ ਗਾਉ ਮਨਾ *ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ ॥ ਬਿਸੰਭਰੁ[੧੯] ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥ ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥ ਕਾਲੁ ਕੰਟਕੁ[੨੦] ਲੋਭੁ ਮੋਹੁ ਨਾਸੈ ਜੀਅ[੨੧] ਜਾ ਕੈ ਪ੍ਰਭੁ ਬਸੈ ॥ [੨੨]ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥ ਬਿਨਵੰਤ ਨਾਨਕ [੨੩]ਇਛ ਪੁਨੀ ਜਪਤ ਦੀਨ ਦੈਆਲਾ ॥ ੪ ॥ ੩ ॥ ਗਉੜੀ ਮਹਲਾ ੫ ॥ ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ[੨੪] ਮੋਹਹ [੨੫]ਸਾਧੂ ਮੰਤੈ ॥ ਸਖੀ[੨੬] ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ ਨਾਨਕ ਜਰਾ[੨੭] ਮਰਣ ਭੈ ਨਰਕ ਨਿਵਾਰੈ[੨੮] ਪੁਨੀਤ[੨੯] ਕਰੈ ਤਿਸੁ ਜੰਤੈ ॥ ੧ ॥ ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ [੩੦]ਮਤਾਂਤੁ ਪਕਾਈਐ ॥ [੩੧]ਸਹਜਿ ਸੁਭਾਇ [੩੨]ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥ [੩੩]ਕਲਿ ਕਲੇਸ ਮਿਟਹਿ ਭ੍ਰਮ ਨਾਸਹਿ [੧]ਮਨਿ ਚਿੰਦਿਆ ਫਲੁ ਪਾਈਐ ॥ ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥ ੨ ॥ [੩੪]ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥ [੩੫]ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ ਖੋਜਿ ਲਹਉ [੩੬]ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥ ਨਾਨਕ ਤਿਨ ਮਿਲਿਆ [੩੭]ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ ੩ ॥ ਸਖੀ ਨਾਲਿ ਵਸਾ ਅਪੁਨੇ ਨਾਹ[੩੮] ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ[੩੯] ॥ ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥ ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ [੪੦]ਕਉਲੁ ਖਿਲਿਆ ॥ ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ [੪੧]ਸੋਹਾਗੁ ਨ ਟਲਿਆ ॥ ੪ ॥ ੪ ॥ ੨ ॥ ੫ ॥ ੧੧ ॥

੧ ਮਨੋਂ ਮੰਗਿਆ ਪ੍ਰਾਪਤ ਕਰ ਲਈਦਾ ਹੈ।
੨ ਹਨ੍ਹੇਰਾ।
੩ ਖੂਹ। ਅੰਨ੍ਹੇ ਖੂਹ ਦੇ ਹਨ੍ਹੇਰੇ ਤੋਂ ਕੱਢਦਾ ਹੈ।
੪ ਦੇਵਤੇ।
੫ ਕਰਾਮਾਤ ਦੀ ਚੇਸ਼ਟਾ ਵਾਲੇ।
੬ ਦੇਵਤਿਆਂ ਦੇ ਦਾਸ।
੭ ਦੇਵ ਲੋਕ ਦੇ ਗਵੱਯੇ। ਇਨ੍ਹਾਂ ਸਭਨਾਂ ਨੇ ਤੇ ਅਨੇਕਾਂ ਭਗਤਾਂ ਨੇ ਹਰੀ ਦੇ ਗੁਣ ਗਾਏ।
੮ ਬੇਨਤੀ ਕਰਦਾ ਹੈ।
੯ ਹਰੀ ਰਾਜੇ!
੧੦ ਗੁਝੀ ਸ਼ਕਤੀ।
੧੧ ਦਇਆ ਦਾ ਰੂਪ।
੧੨ ਹਰ ਇਕ ਦੇ ਦਿਲ ਦਾ ਤੇ ਪ੍ਰਾਣਾਂ ਦਾ ਆਸਰਾ।
੧੩ ਜੋ ਪ੍ਰਾਣਾਂ ਦਾ ਤੇ ਮਨ ਤਨ ਤੇ ਆਤਮਾ ਦਾ ਦਾਤਾ ਹੈ।
੧੪ ਪਹੁੰਚ ਤੋਂ ਪਰ੍ਹੇ।
੧੫ ਸਰਣ ਦੇਣ ਯੋਗ, ਜੋ ਪਨਾਹ ਦੇ ਸਕਦਾ ਹੈ।
੧੬ ਸੁੰਦਰ।
੧੭ ਦੂਰ ਕਰਦਾ ਹੈ।
੧੮ [ਮੁਰ ਦੈਂਤ ਦਾ ਵੈਰੀ, ਕ੍ਰਿਸ਼ਨ] ਵਾਹਿਗੁਰੂ।
੧੯ ਵਿਸ਼੍ਵ (ਸੰਸਾਰ) ਨੂੰ ਪਾਲਨ ਵਾਲਾ।
੨੦ ਕੰਡਾ। ਕੰਡੇ ਵਾਂਗ ਦੁਖਦਾਈ (ਕਾਲ)।
੨੧ ਹਿਰਦੇ ਵਿੱਚ।
੨੨ ਜਿਸ 'ਤੇ ਹਰੀ ਦੇਵ ਚੰਗੀ ਤਰ੍ਹਾਂ ਪ੍ਰਸੰਨ ਹੁੰਦਾ ਹੈ, ਉਸ ਦੀ ਸੇਵਾ ਸਫਲ ਹੈ, ਤੇ ਮਿਹਨਤ ਪੂਰੀ ਹੁੰਦੀ ਹੈ।
੨੩ ਚਾਹਨਾ ਪੂਰੀ ਹੋਈ।
੨੪ ਠੱਗ ਮੂਰੀ, ਉਹ ਬੂਟੀ ਜੋ ਠੱਗ ਰਾਹੀਆਂ ਨੂੰ ਖੁਆ ਕੇ ਬੇਹੋਸ਼ ਕਰਦੇ ਸਨ ਤੇ ਉਹਨਾਂ ਦਾ ਧਨ ਪਦਾਰਥ ਲੁਟ ਲੈਂਦੇ ਸਨ। ਭਗਤੀ ਦੀ ਠੱਗ-ਬੂਟੀ ਬਣਾ ਕੇ ਗੁਰੂ ਦੀ ਸਲਾਹ ਨਾਲ ਹਰੀ ਨੂੰ ਮੋਹ ਲਈਏ।
੨੫ ਗੁਰੂ ਦੇ ਮੰਤਰ (ਉਪਦੇਸ਼) ਦੁਆਰਾ।
੨੬ ਹੇ ਸਹੇਲੀ!
੨੭ ਬੁਢੇਪਾ।
੨੮ ਦੂਰ ਕਰਦਾ ਹੈ।
੨੯ ਪਵਿੱਤਰ।
੩੦ ਸਲਾਹ ਕਰੀਏ।
੩੧ ਸਰਲ-ਸੁਭਾਅ ਨਾਲ।
੩੨ ਕਲਪਣਾ ਰਹਿਤ ਹੋ ਕੇ।
੩੩ ਕਲਪਣਾ ਤੇ ਦੁੱਖ।
੩੪ ਹੇ ਸਹੇਲੀ! ਮੈਂ ਇੱਛਾ ਕਰਦੀ ਹਾਂ ਤੇ ਸੁੱਖ ਮਨਾਂਦੀ ਹਾਂ ਕਿ ਮੇਰੀ ਆਸ ਪੂਰੀ ਹੋਵੇ।
੩੫ ਮੈਂ ਚਰਨਾਂ ਦੀ ਪਿਆਸੀ ਤੇ ਦਰਸ਼ਨਾਂ ਦੀ ਵੈਰਾਗੀ ਹੋਈ ਵੇਖ-ਭਾਲ ਰਹੀ ਹਾਂ ਸਾਰੇ ਥਾਂ।
੩੬ ਹਰੀ ਦੇ ਸੰਤ-ਜਨਾਂ ਦਾ ਸੰਗ, ਜੋ ਸ਼ਕਤੀਮਾਨ ਹਰੀ ਨੂੰ ਮਿਲਾ ਦਿੰਦਾ ਹੈ।
੩੭ ਸੁਰੀ ਜਨ, ਉਤਮ ਪੁਰਸ਼, ਵਾਹਿਗੁਰੂ।
੩੮ ਪਤੀ।
੩੯ ਗਿਝਿਆ, ਪਰਚਿਆ।
੪੦ ਹਿਰਦੇ ਰੂਪ ਕਮਲ ਖਿੜਿਆ।
੪੧ ਸੋਹਾਗ ਸਦਾ ਕਾਇਮ ਰਿਹਾ।

* [ਅਚਜੁਤ ਨਾ ਚਲਾਇਮਾਨ] ਅਟੱਲ, ਹਮੇਸ਼ਾਂ ਕਾਇਮ ਰਹਿਣ ਵਾਲਾ।

੧ਓ ਸਤਿਗੁਰ ਪ੍ਰਸਾਦਿ ॥ ਗਉੜੀ *ਬਾਵਨ ਅਖਰੀ ਮਹਲਾ ੫ ॥

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ [੧]ਅਗਿਆਨ ਭੰਜਨੁ ਗੁਰਦੇਵ ਬੰਧਿਪ[੨] ਸਹੋਦਰਾ[੩] ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ [੪]ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ [੫]ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ[੬] ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ [੭]ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ[੮] ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥ ਸਲੋਕੁ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥ ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥ ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥ ਆਪਹਿ ਸੁੰਨ[੯] ਆਪਹਿ [੧੦]ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ[੧੧] ॥ ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ[੧੨] ਆਪਹਿ ਅਸਥੂਲਾ[੧੩] ॥ ਲਖੀ ਨ ਜਾਈ ਨਾਨਕ ਲੀਲਾ ॥ ੧ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ[੧੪] ॥ ਰਹਾਉ ॥ ਸਲੋਕੁ ॥ ਨਿਰੰਕਾਰ ਆਕਾਰ ਆਪਿ [੧੫]ਨਿਰਗੁਨ ਸਰਗੁਨ ਏਕ ॥ [੧੬]ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥ ਪਉੜੀ ॥ ਓਅੰ ਗੁਰਮੁਖਿ[੧੭] ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ[੧੮] ॥ ਜਨਮ ਮਰਨ ਮਨ ਮੋਹੁ ਬਢਾਇਓ[੧੯] ॥ [੨੦]ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥ ੨ ॥ ਸਲੋਕੁ ॥ ਸੇਈ ਸਾਹ ਭਗਵੰਤ ਸੇ ਸਚੁ ਸੰਪੈ[੨੧] ਹਰਿ ਰਾਸਿ ॥ ਨਾਨਕ [੨੨]ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥ ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ[੨੩] ਨ ਕੋਊ ॥ ਸੋਊ ਸਰਨਿ ਪਰੈ [੨੪]ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ [੨੫]ਸੰਸੈ ਭਰਮੁ ਨਹੀ ਕਛੁ ਬਿਆਪਤ[੨੬] ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ [੨੭]ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥ ੩ ॥ ਸਲੋਕੁ ॥ [੨੮]ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ[੨੯] ॥ [੩੦]ਨਾਮ ਬਿਹੂਨੇ

੧ ਅਗਿਆਨ ਦੂਰ ਕਰਨ ਵਾਲਾ।
੨ ਸੰਬੰਧੀ।
੩ [ਸਹ+ਉਦਰ=ਇਕੋ ਪੇਟ ਤੋਂ] ਭਰਾ।
੪ ਗੁਰੂ ਸ਼ਾਂਤੀ, ਸੱਚ ਅਤੇ ਅਕਲ ਦੀ ਮੂਰਤ ਹੈ।
੫ ਗੁਰੂ ਉਹ ਪਾਰਸ ਹੈ, ਜਿਸ ਦੀ ਪਰਸ (ਛੋਹ) ਪਾਰਸ ਤੋਂ ਪਰ੍ਹੇ ਹੈ। (ਪਾਰਸ ਲੋਹੇ ਨੂੰ ਸੋਨਾ ਕਰਦਾ ਹੈ, ਪਰ ਪਾਰਸ ਨਹੀਂ ਕਰ ਸਕਦਾ। ਗੁਰੂ ਆਪੇ ਜੇਹਾ ਪਾਰਸ ਕਰਦਾ ਹੈ।)
੬ ਇਸ਼ਨਾਨ। ਗੁਰੂ ਦਾ ਗਿਆਨ-ਮਜਨ ਪਰ੍ਹੇ ਤੋਂ ਪਰ੍ਹੇ ਹੈ।
੭ ਪਾਪੀਆਂ ਨੂੰ ਪਵਿੱਤਰ ਕਰਦਾ ਹੈ।
੮ ਤਰੀਦਾ ਹੈ।
੯ ਵਾਹਿਗੁਰੂ ਦਾ ਉਹ ਰੂਪ ਜਦ ਮਹਾਂ ਪ੍ਰਲੈ ਸਮੇਂ ਹੋਰ ਕੁਝ ਨਹੀਂ ਸੀ ਤੇ ਉਹ ਆਪ ਹੀ ਆਪ ਅਫੁਰ ਤਾੜੀ ਲਾਈ ਬੈਠਾ ਸੀ। ਹੋਰ ਸਭ ਸੁੰਞ ਪਈ ਸੀ। ਨਿਰਗੁਣ ਬ੍ਰਹਮ ਲਈ ਸੁੰਞ ਸ਼ਬਦ ਵਰਤਿਆ ਹੈ। ਇਸ ਸਾਰੀ ਪਉੜੀ ਦਾ ਭਾਵ ਇਹ ਹੈ ਕਿ ਹਰ ਸਮੇਂ ਉਹ ਆਪ ਹੀ ਕਈ ਰੰਗਾਂ ਵਿੱਚ ਵਰਤਦਾ ਹੈ।
੧੦ ਸੁਖ-ਆਸਨ ਬਣਾ ਕੇ ਅਡੋਲ ਬੈਠਾ ਹੈ।
੧੧ ਜਸ ਕਰਦਾ, ਕੀਰਤੀਮਾਨ। ਆਪ ਜਸ ਕਰ ਰਿਹਾ ਹੈ ਤੇ ਆਪ ਹੀ ਸੁਣ ਰਿਹਾ ਹੈ।
੧੨ ਬਰੀਕ, ਛੋਟਾ।
੧੩ ਵਿਸਥਾਰ ਵਾਲਾ, ਵੱਡਾ।
੧੪ ਧੂੜੀ।
੧੫ ਦੇਖੋ ਪੰਨਾ ੯੮, ਫੁਟ ਨੋਟ *।
੧੬ ਇਕੋ ਇਕ ਹੀ ਆਖੀਦਾ ਹੈ ਤੇ ਉਹ ਇਕ ਹੀ ਅਨੇਕ ਹੋ ਜਾਂਦਾ ਹੈ।
੧੭ ਮੁਖੀ ਗੁਰੂ, ਵਾਹਿਗੁਰੂ। ਓਅੰ ਦੁਆਰਾ ਦੱਸਦੇ ਹਨ ਕਿ ਵਾਹਿਗੁਰੂ ਨੇ ਹੀ ਸਾਰਾ ਪਸਾਰਾ ਕੀਤਾ ਤੇ ਇਕ ਸੂਤ (ਮਰਯਾਦਾ) ਵਿੱਚ ਸਭ ਨੂੰ ਬੰਨ੍ਹ ਦਿੱਤਾ। ਫਿਰ ਤਿੰਨਾਂ ਗੁਣਾਂ ਦਾ ਖਿਲਾਰਾ ਕਰ ਦਿੱਤਾ। ਨਿਰਗੁਣ ਰੂਪ ਤੋਂ ਸਰਗੁਣ ਰੂਪ ਵਿੱਚ ਜ਼ਾਹਿਰ ਹੋਇਆ। 'ਤ੍ਰੈ ਗੁਣ' ਲਈ ਦੇਖੋ ਪੰਨਾ ੬੮, ਫੁਟ ਨੋਟ †।
੧੮ ਪੈਦਾਇਸ਼।
੧੯ ਵਧਾਇਆ। ਮਨ ਦਾ ਮੋਹ ਵਧਾ ਕੇ ਜਨਮ ਮਰਨ ਰਚ ਦਿੱਤਾ।
੨੦ ਜਨਮ ਮਰਨ ਦੋਹਾਂ ਤੋਂ ਆਪ ਨਿਰਲੇਪ ਹੈ।
੨੧ ਧਨ। ਸੱਚ ਹੀ ਉਨ੍ਹਾਂ ਦਾ ਧਨ ਹੈ।
੨੨ ਸੱਚ ਤੇ ਆਤਮਕ ਪਵਿੱਤਰਤਾ ਐਸੇ ਸੰਤਾਂ ਤੋਂ ਪ੍ਰਾਪਤ ਹੁੰਦੀ ਹੈ।
੨੩ ਔਡਰਾ।
੨੪ ਜਿਸ ਨੂੰ ਪਾਂਦਾ ਹੈ ਹਰੀ (ਸ਼ਰਨ ਵਿੱਚ)।
੨੫ ਉਸ ਨੂੰ ਭਰਮ ਜਾਂ ਸ਼ੰਕਾ ਕੋਈ ਨਹੀਂ ਉੱਠਦਾ, ਕਿਉਂਕਿ ਉਸ ਨੂੰ ਵਾਹਿਗੁਰੂ ਦਾ ਪ੍ਰਤਾਪ ਪ੍ਰਤੱਖ ਪਿਆ ਜਾਪਦਾ ਹੈ।
੨੬ ਪੈਦਾ ਹੁੰਦੇ, ਲੱਗਦੇ।
੨੭ ਉਹ ਸਾਧੂ ਹੈ ਜੋ ਇਸ ਪਦਵੀ ਨੂੰ ਪਹੁੰਚਨਹਾਰ ਹੈ।
੨੮ 'ਧਨ ਮਿਲੇ' 'ਧਨ ਮਿਲੇ' ਕਾਹਨੂੰ ਚੀਕਦੇ ਹੋ?
੨੯ ਕੂੜ ਹੈ।
੩੦ ਨਾਮ ਤੋਂ ਖਾਲੀ।

* ਗੁਰਮੁਖੀ ਪੈਂਤੀ ਜਾਂ ਫ਼ਾਰਸੀ ਸੀਹਰਫ਼ੀ ਵਾਂਗੂੰ ਸੰਸਕ੍ਰਿਤ ਦੀ ੫੨ ਅੱਖਰਾਂ ਦੀ ਵਰਣਮਾਲਾ ਬਾਵਨ-ਅੱਖਰੀ ਆਖਿਆ ਹੈ। ਇਹ ਬਾਣੀ ਇਸ ਵਰਣਮਾਲਾ ਦੇ ਅੱਖਰਾਂ ਉੱਤੇ ਲਿਖੀ ਗਈ ਹੈ। ਕੁਲ ੫੫ ਪਉੜੀਆਂ ਹਨ ਜੋ ਕ੍ਰਮ ਅਨੁਸਾਰ ਇਕ-ਇਕ ਅੱਖਰ ਨੂੰ ਲੈ ਕੇ ਸ਼ੁਰੂ ਹੁੰਦੀਆਂ ਹਨ; ਪਰ ਕੱਕੇ ਤੋਂ ਪਹਿਲਾਂ ਤੇ ਝਾੜੇ ਤੋਂ ਪਿੱਛੋਂ ਅੱਖਰਾਂ ਦਾ ਕ੍ਰਮ ਪੂਰਾ ਨਹੀਂ, ਕਿਉਂਕਿ ਇਨ੍ਹਾਂ ਵਿੱਚੋਂ ਕਈ ਅੱਖਰ ਗੁਰਮੁਖੀ ਪੰਜਾਬੀ ਵਿੱਚ ਆ ਨਹੀਂ ਸਕਦੇ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਉਸੇ ਤਰ੍ਹਾਂ ਰੱਖ ਦਿੱਤਾ ਹੈ ਜਿਵੇਂ ਪੰਜਾਬ ਦੀਆਂ ਪਾਠਸ਼ਾਲਾਂ ਵਿੱਚ ਪਾਂਧੇ ਲੋਕ ਵਿਦਿਆਰਥੀਆਂ ਕੋਲੋਂ ਮੁਹਾਰਨੀ ਦੀ ਸ਼ਕਲ ਵਿੱਚ ਉਚਾਰਣ ਕਰਾਂਦੇ ਸਨ। ਮੁਹਾਰਨੀ ਇਉਂ ਸ਼ੁਰੂ ਹੁੰਦੀ ਸੀ: ਓਅੰ ਸਿਧੰ ਰੀਰੀ ਲਲੀ, ਅਯੋ ਅੰਙੈ॥ ਹਰ ਇਕ ਸ਼ਲੋਕ ਵਿੱਚ ਪਿਛੋਂ ਆਉਣ ਵਾਲੀ ਪਉੜੀ ਦਾ ਸਮੁੱਚਾ ਭਾਵ ਦਿੱਤਾ ਹੁੰਦਾ ਹੈ।

† ਉਹ ਮੰਤਰ ਜਿਸ ਦਾ ਅਸਰ ਨਿਰੋਧ (ਰੋਕਿਆ) ਨਹੀਂ ਜਾ ਸਕਦਾ। ਗ੍ਰਹਿਆਂ ਤੇ ਰੋਗਾਂ ਆਦਿ ਦੇ ਅਸਰ ਨੂੰ ਹਟਾਣ ਲਈ ਸ਼ਾਸਤਰਾਂ ਵਿੱਚ ਕਈ ਤਰ੍ਹਾਂ ਦੇ ਮੰਤਰ ਦੱਸੇ ਹਨ। ਗੁਰੂ ਦੇ ਮੰਤਰ (ਉਪਦੇਸ਼) ਦਾ ਅਸਰ ਐਸਾ ਹੈ ਕਿ ਕਿਸੇ ਤਰ੍ਹਾਂ ਬੇਅਸਰ ਨਹੀਂ ਹੋ ਸਕਦਾ, ਇਸ ਲਈ ਇਸ ਨੂੰ ਨਿਰੋਧਰ ਮੰਤਰ ਆਖਿਆ ਹੈ; ਯਥਾ-"ਨਿਰਮਲ ਰੀਤਿ ਨਿਰੋਧਰ ਮੰਤ" (ਥਿਤੀ, ਗਉੜੀ ਮ: ੫-੨੯੮)।

ਨਾਨਕਾ ਹੋਤ ਜਾਤ ਸਭੁ ਧੂਰ ॥ ੧ ॥ ਪਵੜੀ ॥ ਧਧਾ [੧]ਧੂਰਿ ਪੁਨੀਤ ਤੇਰੇ ਜਨੂਆ ॥ [੨]ਧਨਿ ਤੇਊ ਜਿਹ ਰੁਚ ਇਆ ਮਨੂਆ ॥ ਧਨੁ ਨਹੀ ਬਾਛਹਿ[੩] ਸੁਰਗ ਨ ਆਛਹਿ[੪] ॥ [੫]ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ [੬]ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ [੭]ਅਨ ਕਤਹਿ ਨ ਜਾਹੂ ॥ ਜਾ ਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ ॥ ੪ ॥ ਸਲੋਕ ॥ ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥ ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥ ੧ ॥ ਪਉੜੀ ॥ ਙੰਙਾ [੮]ਙਿਆਨੁ ਨਹੀ ਮੁਖ ਬਾਤਉ ॥ [੯]ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ[੧੦] ॥ ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ [੧੧]ਕਹਤ ਸੁਨਤ ਕਛੁ ਜੋਗੁ ਨ ਹੋਊ ॥ ਙਿਆਨੀ ਰਹਤ [੧੨]ਆਗਿਆ ਦ੍ਰਿੜੁ ਜਾ ਕੈ ॥ ਉਸਨ[੧੩] ਸੀਤ[੧੪] ਸਮਸਰਿ ਸਭ ਤਾ ਕੈ ॥ ਙਿਆਨੀ ਤਤੁ ਗੁਰਮੁਖਿ[੧੫] ਬੀਚਾਰੀ ॥ ਨਾਨਕ ਜਾ ਕਉ ਕਿਰਪਾ ਧਾਰੀ ॥ ੫ ॥ ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ[੧੬] ॥ ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ[੧੭] ॥ ੧ ॥ ਪਉੜੀ ॥ [੧੮]ਯਾ ਜੁਗ ਮਹਿ [੧੯]ਏਕਹਿ ਕਉ ਆਇਆ ॥ ਜਨਮਤ[੨੦] ਮੋਹਿਓ ਮੋਹਨੀ ਮਾਇਆ ॥ [੨੧]ਗਰਭ ਕੁੰਟ ਮਹਿ ਉਰਧ* ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ [੨੨]ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥ ਧਾਰਹੁ ਕਿਰਪਾ ਜਿਸਹਿ ਗੁਸਾਈ[੨੩] ॥ [੨੪]ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥ ੬ ॥ ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ [੨੫]ਆਗਿਆ ਭਿੰਨ ਨ ਕੋਇ ॥ ਆਵਨ ਜਾਨਾ ਤਿਹ[੨੬] ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥ ਪਉੜੀ ॥ [੨੭]ਏਊ ਜੀਅ ਬਹੁਤੁ ਗ੍ਰਭ ਵਾਸੇ ॥ [੨੮]ਮੋਹ ਮਗਨ ਮੀਠ ਜੋਨਿ ਫਾਸੇ ॥ [੨੯]ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥ [੩੦]ਏ ਸਾਜਨ ਕਛੁ ਕਹਹੁ ਉਪਾਇਆ[੩੧] ॥ ਜਾ ਤੇ ਤਰਉ ਬਿਖਮ[੩੨] ਇਹ ਮਾਇਆ ॥ ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ [੩੩]ਨਿਕਟਿ ਨ ਮਾਏ ॥ ੭ ॥ ਸਲੋਕੁ ॥ ਕਿਰਤ ਕਮਾਵਨ [੩੪]ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥ [੩੫]ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ ੧ ॥ ਪਉੜੀ ॥ ਏਕਹਿ ਆਪਿ ਕਰਾਵਨਹਾਰਾ ॥ ਆਪਹਿ ਪਾਪ ਪੁੰਨ ਬਿਸਥਾਰਾ ॥ ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥ ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ[੩੬] ਹੋਊ ॥ [੩੭]ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨਹਾਰਾ ॥ ੮ ॥ ਸਲੋਕੁ ॥ ਰਾਚਿ ਰਹੇ ਬਨਿਤਾ[੩੮] ਬਿਨੋਦ ਕੁਸਮ[੩੯] ਰੰਗ ਬਿਖ ਸੋਰ ॥ ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ [੪੦]ਮੈ ਮੋਰ ॥

੧ ਤੇਰੇ ਜਨਾਂ ਦੀ ਧੂੜੀ ਪਵਿੱਤਰ ਹੈ।
੨ ਓਹ ਧੰਨ ਹਨ, ਜਿਨ੍ਹਾਂ ਦਾ ਮਨ (ਇਆ) ਇਸ ਵਿੱਚ (ਭਾਵ ਧੂੜੀ ਵਿੱਚ) ਰੁਚਿਆ ਹੈ (ਲੱਗਾ ਹੈ)।
੩ ਮੰਗਦੇ।
੪ ਚਾਹੁੰਦੇ।
੫ ਅਤੀ ਪਿਆਰੇ ਦੀ ਪ੍ਰੀਤੀ ਵਿੱਚ ਅਤੇ ਸਾਧੂ ਦੀ ਧੂੜੀ ਵਿੱਚ ਮਗਨ ਰਹਿੰਦੇ ਹਨ।
੬ ਉਹ ਧੰਧਿਆਂ ਵਿੱਚ ਕਿਥੇ ਲੱਗਦੇ ਹਨ?
੭ ਹੋਰ ਕਿਤੇ ਨਹੀਂ ਜਾਂਦੇ।
੮ ਮੂੰਹ ਦੀਆਂ ਗੱਲਾਂ ਨਾਲ ਗਿਆਨ ਨਹੀਂ ਹੁੰਦਾ।
੯ ਸ਼ਾਸਤਰਾਂ ਦੀਆਂ ਕਈ ਤਰ੍ਹਾਂ ਦੀਆਂ ਯੁਕਤੀਆਂ ਨਾਲ ਵੀ ਗਿਆਨ ਨਹੀਂ ਹੁੰਦਾ ।
੧੦ ਭਾਂਤ-ਭਾਂਤ ਦੀਆਂ।
੧੧ ਕਹਿਣ ਸੁਣਨ ਨਾਲ ਗਿਆਨ ਦੇ ਯੋਗ (ਲਾਇਕ) ਨਹੀਂ ਹੋਈਦਾ।
੧੨ ਜਿਸ ਦੇ ਦਿਲ ਵਿੱਚ ਹਰੀ ਦਾ ਹੁਕਮ ਦ੍ਰਿੜ੍ਹ ਰਹਿੰਦਾ ਹੈ।
੧੩ ਗਰਮੀ।
੧੪ ਸਰਦੀ। ਉਸ ਲਈ ਗਰਮੀ-ਸਰਦੀ (ਦੁੱਖ-ਸੁਖ) ਸਭ ਇਕੋ ਜੇਹਾ ਹੈ।
੧੫ ਗੁਰੂ ਦੁਆਰਾ।
੧੬ ਡੰਗਰ।
੧੭ ਮੱਥੇ 'ਤੇ।
੧੮ ਇਸ ਸਮੇਂ ਵਿੱਚ, ਇਸ ਜਨਮ ਵਿੱਚ।
੧੯ ਇਕ ਹਰੀ ਲਈ ਹੀ।
੨੦ ਜੰਮਦਿਆਂ ਹੀ।
੨੧ ਮਾਂ ਦੇ ਪੇਟ ਵਿੱਚ।
੨੨ ਫਸਿਆ ਹੈ, ਉਸ ਮਾਇਆ ਵਿੱਚ ਜਿਸ ਨੂੰ ਛੱਡ ਜਾਣਾ ਹੈ।
੨੩ ਹੇ ਮਾਲ਼ਕ!
੨੪ ਇਥੇ ਉਥੇ, ਭਾਵ ਹਰ ਥਾਂ।
੨੫ ਹੁਕਮ ਤੋਂ ਵੱਖਰਾ।
੨੬ ਉਸ ਦਾ।
੨੭ ਇਹ ਜੀਵ ਬਹੁਤ ਜੂਨੀਆਂ ਵਿੱਚ ਫਸਿਆ, ਭਾਵ ਬਹੁਤ ਜਨਮ ਧਾਰੇ।
੨੮ ਮਿੱਠੇ ਮੋਹ ਵਿੱਚ ਮਸਤ ਹੋ ਕੇ ਜੂਨੀਆਂ ਵਿੱਚ ਫਸਦਾ ਹੈ।
੨੯ ਇਸ ਮਾਇਆ ਨੇ ਸਭ ਨੂੰ ਤਿੰਨ ਗੁਣਾਂ ਦੇ ਅਧੀਨ ਕੀਤਾ ਹੈ ਤੇ ਆਪਣਾ ਮੋਹ ਹਰ ਸਰੀਰ ਵਿੱਚ ਪਾ ਦਿੱਤਾ ਹੈ।
੩੦ ਹੇ ਸਾਜਨ!
੩੧ ਉਪਾਉ, ਇਲਾਜ।
੩੨ ਕਠਨ, ਔਖੀ।
੩੩ ਮਾਇਆ ਨੇੜੇ ਨਹੀਂ ਜਾਂਦੀ।
੩੪ ਚੰਗੀ ਮੰਦੀ।
੩੫ ਪਸ਼ੂ ਜੀਵ ਹੰਕਾਰ ਕਰਦਾ ਹੈ, ਪਰ ਹੇ ਨਾਨਕ! ਹਰੀ ਤੋਂ ਬਿਨਾਂ ਇਹ ਕੀ ਕੁਝ ਕਰਮ ਕਮਾ ਸਕਦਾ ਹੈ?
੩੬ ਫਿਰ।
੩੭ ਇਕ ਤੋਂ ਹੀ (ਸ੍ਰਿਸ਼ਟੀ ਦਾ) ਸਾਰਾ ਖਿਲਾਰਾ ਹੋਇਆ ਹੈ।
੩੮ ਇਸਤਰੀ। ਇਸਤਰੀ ਆਦਿਕ ਦੇ ਬਿਨੋਦਾਂ (ਤਮਾਸ਼ਿਆਂ) ਵਿੱਚ ਲੱਗੇ ਹਾਂ।
੩੯ ਕਸੁੰਭਾ। ਮਾਇਆ ਦਾ ਸ਼ੋਰ (ਫੂੰ ਫਾਂ) ਕਸੁੰਭੇ ਦੇ ਰੰਗ ਵਾਂਗ ਕੱਚਾ ਹੈ।
੪੦ (ਜਿਸ ਤੋਂ) ਮੈਂ ਤੇ ਮੇਰਾ, ਅਪਣੱਤ ਭਾਵ (ਦੂਰ ਹੋ ਜਾਵੇ)।

* ਉਲਟਾ। ਇਹ ਇਕ ਪ੍ਰਚੱਲਤ ਖਿਆਲ ਹੈ ਕਿ ਬੱਚਾ ਮਾਂ ਦੇ ਪੇਟ ਵਿਚ ਉਲਟਾ ਖੜ੍ਹਾ ਰੱਬ ਦਾ ਧਿਆਨ ਧਰਦਾ ਹੈ ਤੇ ਅਰਦਾਸਾਂ ਕਰਦਾ ਹੈ ਕਿ ਇਸ ਬਿਪਤਾ ਤੋਂ ਬਚਾਵੇ ।

੧ ॥ ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥ [੧]ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ ਹਉ ਹਉ ਕਰਤੇ [੨]ਕਰਮ ਰਤ ਤਾ ਕੋ ਭਾਰੁ ਅਫਾਰ[੩] ॥ ਪ੍ਰੀਤਿ ਨਹੀ ਜਉ ਨਾਮ ਸਿਉ [੪]ਤਉ ਏਊ ਕਰਮ ਬਿਕਾਰ ॥ [੫]ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥ ਲੇਖੈ ਗਣਤ ਨ ਛੂਟੀਐ ਕਾਚੀ ਭੀਤਿ[*] ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥ ਸਲੋਕੁ ॥ ਟੂਟੇ ਬੰਧਨ [੬]ਜਾਸੁ ਕੇ ਹੋਆ ਸਾਧੂ ਸੰਗੁ ॥ [੭]ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ ੧ ॥ ਪਉੜੀ ॥ ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ[੮] ॥ [੯]ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥ [੧੦]ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ[੧੧] ਨਾਨਕ ਘਰਿ ਤਾ ਕੈ ॥ ੧੦ ॥ ਸਲੋਕੁ ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ [੧੨]ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥ ਪਉੜੀ ॥ ਲਲਾ [੧੩]ਲਪਟਿ ਬਿਖੈ ਰਸ ਰਾਤੇ ॥ [੧੪]ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ[੧੫] ਨ ਕੋਊ ਪੂਰਾ ॥ ਕੋਊ ਸੁਘਰੁ[੧੬] ਨ ਕੋਊ ਮੂਰਾ[੧੭] ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ[੧੮] ॥ ੧੧ ॥ ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ [੧੯]ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥ ੧ ॥ ਪਉੜੀ ॥ ਲਲਾ ਤਾ ਕੈ ਲਵੈ[੨੦] ਨ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥ [੨੧]ਹੋਵਨਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ[੨੨] ਪਾਇਆ ॥ [੨੩]ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ [੨੪]ਸਭ ਠਾਊ ਜਾਨੇ ॥ ਜਾ ਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ[੨੫] ਹਰਿ ਹਰਿ ਤਿਹ ਜਪਨਾ ॥ ੧੨ ॥ ਸਲੋਕੁ ॥ ਆਤਮ ਰਸੁ ਜਿਹ ਜਾਨਿਆ [੨੬]ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥ ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥ [੨੭]ਜਾਸੁ ਰਸਨ ਹਰਿ ਹਰਿ ਜਸੁ ਭਨੀਐ[੨੮] ॥ ਆਇ ਬਸਹਿ [੨੯]ਸਾਧੂ ਕੈ ਸੰਗੇ ॥ ਅਨਦਿਨੁ[੩੦] ਨਾਮੁ ਧਿਆਵਹਿ ਰੰਗੇ[੩੧] ॥ [੩੨]ਆਵਤ ਸੋ ਜਨੁ ਨਾਮਹਿ ਰਾਤਾ ॥ ਜਾ ਕਉ ਦਇਆ ਮਇਆ[੩੩] ਬਿਧਾਤਾ[੩੪] ॥ [੩੫]ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥ ੧੩ ॥ ਸਲੋਕੁ ॥ ਯਾਸੁ[੩੬] ਜਪਤ ਮਨਿ ਹੋਇ ਅਨੰਦੂ ਬਿਨਸੈ [੩੭]ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ[੩੮] ਬੁਝੈ ਨਾਨਕ ਨਾਮਿ ਸਮਾਉ ॥

੧ ਜਿਸ ਤਰੀਕੇ ਨਾਲ ਕਿਸੇ ਤਰ੍ਹਾਂ ਵੀ ਬਚਾਅ ਨਹੀਂ ਹੁੰਦਾ, ਮਨਮੁਖ ਓਹੀ ਤਰੀਕੇ ਵਰਤਦਾ ਹੈ, (ਓਹੀ ਕੰਮ ਕਰਦਾ ਹੈ)। ਸਾਕਤ [ਸ਼ਕਤੀ ਦਾ ਉਪਾਸ਼ਕ] ਮਾਦਾ-ਪ੍ਰਸਤ, ਮਾਇਆ ਵਿੱਚ ਫਸਿਆ।

੨ ਕਰਮਾਂ ਦੇ ਪ੍ਰੇਮੀ, ਕਰਮ-ਕਾਂਡੀ।

੩ ਵੱਡਾ, ਬਹੁਤਾ। ਜੋ ਕਰਮ-ਕਾਂਡੀ ਹੰਕਾਰ ਕਰਦੇ ਹਨ ਉਨ੍ਹਾਂ ਨੂੰ ਬਹੁਤਾ ਭਾਰ ਹੈ। "ਅਤਿ ਮੋਲੁ ਅਫਾਰਾ ਸਚੁ ਵਾਪਾਰਾ" (ਵਡਹੰਸ ਮ: ੩-੫੭੦)।

੪ ਤਾਂ ਏਹੋ ਜਿਹੇ ਕਰਮ ਵਿਕਾਰ (ਪਾਪ) ਹਨ।

੫ ਜਿਨ੍ਹਾਂ ਦਾ ਮਿੱਠੀ ਮਾਇਆ ਵਿੱਚ ਪਿਆਰ ਹੈ, ਓਹ ਮੌਤ ਦੀ ਰੱਸੀ ਵਿੱਚ ਬੱਧੇ ਹੋਏ ਹਨ।

੬ ਜਿਸ ਦੇ।

੭ ਜੋ ਇਕ ਦੇ ਪ੍ਰੇਮ ਦੇ ਰੱਤੇ ਹਨ, ਉਨ੍ਹਾਂ ਦਾ ਰੰਗ ਗੂੜ੍ਹਾ (ਪੱਕਾ) ਹੈ, ਉਨ੍ਹਾਂ ਦੀ ਖੁਸ਼ੀ ਸਥਿਰ ਹੈ (ਮੁਕਾਬਲੇ ਉੱਤੇ ਉਸ ਰੰਗ ਦੇ ਜਿਸ ਦਾ ਜ਼ਿਕਰ ਪਿਛਲੇ ਸ਼ਲੋਕ ਵਿੱਚ ਹੈ)।

੮ ਜੀਭ ਦੁਆਰਾ

੯ ਦੁਰਬਚਨ, ਨਿਆਦਰੀ। ਰੱਬ ਦੀ ਦਰਗਾਹ ਵਿੱਚ ਉਨ੍ਹਾਂ ਨੂੰ ਓਏ ਓਇ ਕੋਈ ਨਹੀਂ ਕਹਿੰਦਾ।

੧੦ ਜਿਨ੍ਹਾਂ ਦੇ ਮੱਥੇ 'ਤੇ ਧੁਰੋਂ (ਰੱਬ ਦੇ ਹਜ਼ੂਰੋਂ) ਭਾਗ ਲਿਖੇ ਹਨ।

੧੧ ਧਨ। ਹਰੀ-ਨਾਮ ਰੂਪ ਧਨ।

੧੨ ਗੰਦਗੀ ਵਿੱਚ।

੧੩ ਮਾਇਆ ਰੂਪ ਜ਼ਹਿਰ ਵਿੱਚ ਲਿਪਟ ਕੇ ਮਸਤ ਹੋ ਗਏ ਹਨ।

੧੪ ਹੰਕਾਰ ਵਾਲੀ ਬੁੱਧੀ ਅਤੇ ਮਾਇਆ ਦੇ ਨਸ਼ੇ ਵਿੱਚ ਮਸਤ ਹੋਏ ਪਏ ਹਨ।

੧੫ ਊਣਾ, ਖਾਲੀ, ਘਟ।

੧੬ ਸਿਆਣਾ।

੧੭ ਮੂੜ੍ਹ, ਮੂਰਖ।

੧੮ ਅਲੇਪ ਹੈ।

੧੯ ਡੂੰਘਾ, ਜਿਸ ਦਾ ਭੇਦ ਲੱਭਣਾ ਔਖਾ ਹੋਵੇ।

੨੦ ਬ੍ਰਾਬਰ।

੨੧ ਜੋ ਸਦਾ ਰਹਿਣ-ਵਾਲਾ ਹੈ ਤੇ ਜੋ ਪਿਛੇ ਭੀ ਸਦਾ ਹੁੰਦਾ ਆਇਆ ਹੈ, ਭਾਵ ਜਿਸ ਦੀ ਹੋਂਦ ਸਦਾ ਤੋਂ ਚਲੀ ਆਈ ਹੈ।

੨੨ ਕਿਸੇ ਨੇ।

੨੩ ਕੀੜੇ ਤੇ ਹਾਥੀ ਵਿੱਚ ਇਕੋ ਜਿਹਾ ਪੂਰਿਆ ਹੋਇਆ ਹੈ, ਭਾਵ ਸਮਾਇਆ ਹੋਇਆ ਹੈ।

੨੪ ਸਭ ਥਾਵਾਂ 'ਤੇ ਜਾਨਿਆ ਹੈ।

੨੫ ਗੁਰੂ ਦੁਆਰਾ।

੨੬ ਹਰੀ ਦਾ ਪਿਆਰ ਸੁਤੇ-ਸਿਧ ਹੀ ਮਾਣਦੇ ਹਨ।

੨੭ ਜਿਸ ਦੀ ਜੀਭ।

੨੮ ਉਚਾਰਦੀ ਹੈ।

੨੯ ਗੁਰੂ ਦੀ ਸੰਗਤ ਵਿੱਚ।

੩੦ ਹਰ ਰੋਜ਼।

੩੧ ਪ੍ਰੇਮ ਨਾਲ।

੩੨ ਆਵਣਾ ਸੰਸਾਰ 'ਤੇ ਉਸ ਦਾ ਸਫਲ ਹੈ ਜੋ ਨਾਮ ਵਿੱਚ ਲੱਗਾ ਹੈ।

੩੩ ਕਿਰਪਾ।

੩੪ ਵਾਹਿਗੁਰੂ ਰਚਨਹਾਰ ਦੀ।

੩੫ ਇਕੋ ਵਾਰ ਉਹਨਾਂ ਦਾ ਸੰਸਾਰ ਵਿੱਚ ਆਵਣਾ ਹੋਇਆ ਹੈ।

੩੬ ਜਿਸ ਨੂੰ।

੩੭ ਦ੍ਵੈਤ ਭਾਵ; ਇਕ ਵਾਹਿਗੁਰੂ ਨੂੰ ਛੱਡ ਕੇ ਹੋਰਥੇ ਪਿਆਰ ਪਾਉਣਾ।

੩੮ ਮਾਇਕ ਪਦਾਰਥਾਂ ਦੀ ਲਾਲਸਾ।

* ਕੰਧ (ਸਰੀਰ ਰੂਪ) ਕਰਮਾਂ ਦਾ ਹਿਸਾਬ ਤੇ ਗਿਣਤੀ ਕੀਤਿਆਂ ਛੁਟਕਾਰਾ ਨਹੀਂ ਹੋ ਸਕਦਾ, ਕਿਉਂਕਿ ਮਿੱਟੀ ਦੀ ਕੱਚੀ ਕੰਧ ਦੀ ਸ਼ੁੱਧੀ ਨਹੀਂ ਹੋ ਸਕਦੀ। ਭਾਵ ਗਿਣਤੀ ਵਾਲੇ ਕਰਮ ਪਾਣੀ ਵਾਕੁਰ ਹਨ ਅਤੇ ਸਾਡਾ ਸਰੀਰ ਮਿੱਟੀ ਦੀ ਕੰਧ ਵਾਕੁਰ ਹੈ। ਜਿਉਂ-ਜਿਉਂ ਪਾਣੀ ਨਾਲ ਕੰਧ ਨੂੰ ਧੋਵੋ, ਮਿੱਟੀ ਲਹਿੰਦਿਆਂ ਖ਼ਤਮ ਨਹੀਂ ਹੋਣੀ। "ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥" (ਸੁਖਮਨੀ-੨੬੫)

੧ ॥ ਪਉੜੀ ॥ ਯਯਾ [੧]ਜਾਰਉ ਦੁਰਮਤਿ ਦੋਊ ॥ [੨]ਤਿਸਹਿ ਤਿਆਗਿ ਸੁਖ ਸਹਜੇ ਸੋਊ ॥ ਯਯਾ ਜਾਇ ਪਰਹੁ ਸੰਤ ਸਰਨਾ ॥ [੩]ਜਿਹ ਆਸਰ ਇਆ ਭਵਜਲੁ ਤਰਨਾ ॥ ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥ ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ ਨਾਨਕ ਤਿਹ ਸੁਖੁ ਪਾਇਆ ਜਾ ਕੈ [੪]ਹੀਅਰੈ ਏਕ ॥ ੧੪ ॥ ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ [੫]ਈਤ ਊਤ ਕੇ ਮੀਤ ॥ ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥ ੧ ॥ ਪਉੜੀ ॥ ਅਨਦਿਨੁ[੬] ਸਿਮਰਹੁ [੭]ਤਾਸੁ ਕਉ ਜੋ ਅੰਤਿ ਸਹਾਈ ਹੋਇ ॥ ਇਹ ਬਿਖਿਆ[੮] ਦਿਨ [੯]ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥ [੧੦]ਕਾ ਕੋ ਮਾਤ ਪਿਤਾ ਸੁਤ ਧੀਆ ॥ [੧੧]ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ [੧੨]ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥ ਸਾਧਸੰਗਿ ਕਲਿ[੧੩] ਕੀਰਤਨੁ ਗਾਇਆ ॥ ਨਾਨਕ [੧੪]ਤੇ ਤੇ ਬਹੁਰਿ ਨ ਆਇਆ ॥ ੧੫ ॥ ਸਲੋਕੁ ॥ ਅਤਿ ਸੁੰਦਰ ਕੁਲੀਨ[੧੫] ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ[੧੬] ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ[੧੭] ॥ ੧ ॥ ਪਉੜੀ ॥ ਙੰਙਾ [*]ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ[੧੮] ਕੁੰਭਕ[੧੯] ਰੇਚਕ[੨੦] ਕਰਮਾਤਾ[੨੧] ॥ ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮਪਾਕ[੨੨] ਅਪਰਸ[੨੩] ਉਦਿਆਨੀ[੨੪] ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ[੨੫] ॥ ਜੋ ਕਛੁ ਕੀਨੋ ਸੋਊ ਅਨੇਤਾ[੨੬] ॥ [੨੭]ਉਆ ਤੇ ਊਤਮੁ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ ॥ ੧੬ ॥ ਸਲੋਕੁ ॥ [੨੮]ਕੁੰਟ ਚਾਰਿ ਦਹ ਦਿਸਿ ਭ੍ਰਮੇ [੨੯]ਕਰਮ ਕਿਰਤਿ ਕੀ ਰੇਖ ॥ ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥ ਪਵੜੀ ॥ ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥ [੩੦]ਨਹੀ ਹੋਤ ਕਛੁ ਦੋਊ ਬਾਰਾ ॥ ਕਰਨੈਹਾਰੁ ਨ ਭੂਲਨਹਾਰਾ ॥ [੩੧]ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ [੩੨]ਉਦਿਆਨ ਭ੍ਰਮਤ ਪਛੁਤਾਪੈ ॥ ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥ ੧੭ ॥ ਸਲੋਕੁ ॥ ਖਾਤ ਖਰਚਤ ਬਿਲਛਤ[੩੩] ਰਹੇ ਟੂਟਿ ਨ ਜਾਹਿ ਭੰਡਾਰ ॥ ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥ ੧ ॥ ਪਉੜੀ ॥ ਖਖਾ ਖੂਨਾ[੩੪] ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ[੩੫] ॥ ਜੋ ਦੇਨਾ ਸੋ ਦੇ ਰਹਿਓ [੩੬]ਭਾਵੈ ਤਹ ਤਹ ਜਾਹਿ ॥ ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ [੩੭]ਅਨਦ ਸਹਜ ਜਪਤ ਰਹਹਿ ਗੁਣਤਾਸ[੩੮] ॥ ਖੇਲਹਿ ਬਿਗਸਹਿ[੩੯] ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ [੪੦]ਸਦੀਵ ਗਨੀਵ ਸੁਹਾਵਨੇ [੪੧]ਰਾਮ ਨਾਮ ਗ੍ਰਿਹਿ ਮਾਲ ॥ ਖੇਦੁ[੪੨] ਨ ਦੂਖੁ ਨ ਡਾਨੁ[੪੩] ਤਿਹ ਜਾ ਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ [੪੪]ਪੂਰੀ ਤਿਨਾ ਪਰੀ ॥ ੧੮ ॥

੧ ਸਾੜ ਦੇਵੋ ਦ੍ਵੈਤ ਭਾਵ ਵਾਲੀ ਖੋਟੀ ਬੁੱਧੀ ਨੂੰ।
੨ ਉਸ (ਦੁਰਮਤ) ਨੂੰ ਛੱਡ ਕੇ ਸਹਜ ਅਵਸਥਾ ਵਾਲੇ ਸੁਖ ਵਿੱਚ ਸੋਵੋਗੇ। ਦੇਖੋ ਪੰਨਾ ੧੦੪, ਨੋਟ ੬।
੩ ਜਿਸ ਦੇ ਆਸਰੇ ਇਹ ਸੰਸਾਰ ਸਾਗਰ ਤਰੀਦਾ ਹੈ।
੪ ਹਿਰਦੇ ਵਿੱਚ ਇਕ ਹਰੀ ਹੈ।
੫ ਲੋਕ ਪਰਲੋਕ ਦੇ ਸਾਥੀ ਵਾਹਿਗੁਰੂ।
੬ ਹਰ ਰੋਜ਼।
੭ ਤਿਸ ਨੂੰ।
੮ ਜ਼ਹਿਰ ਰੂਪੀ ਮਾਇਆ ਦਾ ਅਨੰਦ।
੯ ਚਾਰ ਛੇ ਦਿਨ, ਥੋੜ੍ਹਾ ਚਿਰ।
੧੦ ਕਿਸ ਦਾ ਹੈ।
੧੧ ਘਰ ਅਤੇ ਇਸਤਰੀ।
੧੨ ਇਹੋ ਜਿਹੀ ਵਤਸ ਇਕੱਠੀ ਕਰ ਜੋ ਨਾਸ ਨਾ ਹੋਏ।
੧੩ ਇਸ ਕਲਯੁਗ ਵਿੱਚ।
੧੪ ਓਹ-ਓਹ ਮੁੜ ਜਨਮ ਮਰਨ ਵਿੱਚ ਨਹੀਂ ਆਏ।
੧੫ ਉੱਚੀ ਕੁੱਲ ਵਾਲੇ, ਖ਼ਾਨਦਾਨੀ।
੧੬ ਮੁਰਦੇ।
੧੭ ਵਾਹਿਗੁਰੂ ਦੀ।
੧੮ ਯੋਗ ਦੇ ਪ੍ਰਾਣਾਯਾਮ ਸਮੇਂ ਪ੍ਰਾਣਾਂ ਨੂੰ ਚਾੜ੍ਹਨਾ।
੧੯ ਸੁਆਸਾਂ ਨੂੰ ਰੋਕਣਾ।
੨੦ ਸੁਆਸਾਂ ਨੂੰ ਬਾਹਰ ਕੱਢਣਾ।
੨੧ ਇਹ ਸਾਰੇ ਕਰਮ ਕਰਦਾ ਹੈ।
੨੨ [ਸੰਃ ਸ੍ਵਯੰ ਪਾਕਿਨ] ਆਪ ਪਕਾਉਣ ਵਾਲਾ, ਜੋ ਆਪਣੇ ਹੱਥੀਂ ਰਸੋਈ ਕਰੇ।
੨੩ ਜੋ ਛੋਂਹਦਾ ਨਹੀਂ ਕਿਸੇ ਨੂੰ।
੨੪ ਉਦਿਆਨ (ਜੰਗਲਾਂ) ਵਿੱਚ ਰਹਿਣ ਵਾਲਾ।
੨੫ ਪਿਆਰ।
੨੬ ਅਨਿੱਤ, ਨਾਸਵੰਤ। ਜੇ ਰਾਮ-ਨਾਮ ਨਾਲ ਦਿਲੋਂ ਪਿਆਰ ਨਹੀਂ ਤਾਂ ਜੋ ਕੁਝ ਕੀਤਾ ਹੈ, ਸਭ ਨਾਸਵੰਤ ਹੈ।
੨੭ ਉਸ ਨਾਲੋਂ।
੨੮ ਚਾਰੇ ਤਰਫ਼ਾਂ ਤੇ ਦਸੋਂ ਦਿਸ਼ਾ ਫਿਰੇ। ਦੇਖੋ ਪੰਨਾ ੧੩੩ ਨੋਟ ੯।
੨੯ ਕੀਤੇ ਕਰਮਾਂ ਦੀ ਪਈ ਲੀਹ ਅਨੁਸਾਰ।
੩੦ ਦੂਜੀ ਵਾਰ ਕੁਝ ਨਹੀਂ ਕਰਦਾ, ਜੋ ਕੁਝ ਕੀਤਾ ਹੈ ਇਕ ਵਾਰ ਹੀ ਕਰ ਦਿੱਤਾ ਹੈ, ਕਿਉਂਕਿ ਕਰਤਾ ਅਭੁੱਲ ਹੈ।
੩੧ ਕਿਸੇ ਨੂੰ ਆਪ ਹੀ ਰਾਹ ਦੱਸਦਾ ਹੈ।
੩੨ ਜੰਗਲਾਂ ਵਿੱਚ ਭੰਵਾ ਕੇ ਪਸਚਾਤਾਪ ਕਰਵਾਂਦਾ ਹੈ।
੩੩ [ਵਿਲਸਿਤ] ਬਿਲਾਸ ਕਰਦੇ, ਅਨੰਦ ਭੋਗਦੇ।
੩੪ ਊਣਤਾ, ਘਾਟਾ, ਥੁੜ੍ਹ।
੩੫ ਪਾਸ।
੩੬ ਉਥੇ-ਉਥੇ ਜਾਉਂਦੇ ਹਨ, ਜਿਥੇ ਉਸ ਨੂੰ ਭਾਉਂਦਾ ਹੈ।
੩੭ ਦੇਖੋ ਪੰਨਾ ੧੦੪, ਨੋਟ ੬।
੩੮ ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ ਨੂੰ।
੩੯ ਖਿੜਦੇ ਹਨ, ਖ਼ੁਸ਼ ਹੁੰਦੇ ਹਨ।
੪੦ ਸਦਾ ਹੀ ਗਨੀਵ (ਦੌਲਤਮੰਦ)। ਗਨੀਵ=ਗਨੀ [ਅਰਬੀ] ਧਨ ਨਾਲ ਰੱਜੇ ਹੋਏ।
੪੧ ਉਨ੍ਹਾਂ ਦੇ ਘਰ ਰਾਮ-ਨਾਮ ਦਾ ਧਨ ਹੈ।
੪੨ ਤਕਲੀਫ਼।
੪੩ ਡੰਨ।
੪੪ ਉਨ੍ਹਾਂ ਦੀ ਪੂਰੀ ਪੈਂਦੀ ਹੈ, ਭਾਵ ਸਫ਼ਲ ਹੁੰਦੇ ਹਨ।

* ਛੇ ਸ਼ਾਸਤਰਾਂ ਦਾ ਜਾਨਣਹਾਰ ਹੋਵੇ। 'ਖਟੁ ਸ਼ਾਸਤਰ' ਲਈ ਦੇਖੋ ਪੰਃ ੧੨, ਨੋਟ ੩੪।

ਸਲੋਕੁ ॥ [੧]ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ[੨] ਚਲਨੋ ਲੋਗ ॥ ਆਸ ਅਨਿਤ[੩] ਗੁਰਮੁਖਿ ਮਿਟੈ ਨਾਨਕ ਨਾਮ ਅਰੋਗ ॥ ੧ ॥ ਪਉੜੀ ॥ ਗਗਾ ਗੋਬਿਦ ਗੁਣ ਰਵਹੁ[੪] ਸਾਸਿ ਸਾਸਿ ਜਪਿ ਨੀਤ ॥ ਕਹਾ ਬਿਸਾਸਾ[੫] ਦੇਹ ਕਾ ਬਿਲਮ[੬] ਨ ਕਰਿਹੋ ਮੀਤ ॥ ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ[੭] ॥ ਓਹ ਬੇਰਾ[੮] ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ [੯]ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥ [੧੦]ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ [੧੧]ਗੁਰ ਪ੍ਰਸਾਦਿ ਸਿਮਰਤ ਰਹੈ [੧੨]ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ[੧੩] ਸੁਹਾਗ ॥ ੧੯ ॥ ਸਲੋਕੁ ॥ ਘੋਖੇ[੧੪] ਸਾਸਤ੍ਰ ਬੇਦ ਸਭ [੧੫]ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥ ਪਉੜੀ ॥ ਘਘਾ [੧੬]ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥ ਨਹ ਹੋਆ ਨਹ ਹੋਵਨਾ [੧੭]ਜਤ ਕਤ ਓਹੀ ਸਮਾਹਿ ॥ [੧੮]ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲਿ ਮਹਿ ਪੁਨਹਚਰਨਾ[੧੯] ॥ [੨੦]ਘਾਲਿ ਘਾਲਿ ਅਨਿਕ ਪਛੁਤਾਵਹਿ ॥ ਬਿਨੁ ਹਰਿ ਭਗਤਿ ਕਹਾ ਥਿਤਿ[੨੧] ਪਾਵਹਿ ॥ ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥ ੨੦ ॥ ਸਲੋਕੁ ॥ [੨੨]ਙਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ [੨੩]ਤਿਲੁ ਸਾਰ ॥ ਜੀਵਨ ਲੋਰਹਿ[੨੪] ਭਰਮ ਮੋਹ ਨਾਨਕ ਤੇਊ ਗਵਾਰ ॥ ੧ ॥ ਪਉੜੀ ॥ ਙੰਙਾ ਙ੍ਰਾਸੈ[੨੫] ਕਾਲੁ ਤਿਹ ਜੋ ਸਾਕਤ[੨੬] ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ[੨੭] [੨੮]ਨ ਚੀਨ ॥ ਙਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥ ਙਣਤੀ[੨੯] ਙਣੀ ਨਹੀ ਕੋਊ ਛੂਟੈ ॥ [੩੦]ਕਾਚੀ ਗਾਗਰਿ ਸਰਪਰ ਫੂਟੈ ॥ [੩੧]ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥ ੨੧ ॥ ਸਲੋਕੁ ॥ ਚਿਤਿ ਚਿਤਵਉ ਚਰਣਾਰਬਿੰਦ[੩੨] ਊਧ ਕਵਲ ਬਿਗਸਾਂਤ ॥ ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ [੩੩]ਸੰਤ ਮਤਾਂਤ ॥ ੧ ॥ ਪਉੜੀ ॥ ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ* ਸਭਾਗਾ ॥ [੩੪]ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥ ਭਈ ਕ੍ਰਿਪਾ ਤਬ ਦਰਸਨੁ ਪਾਇਓ ॥ †ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧਸੰਗਿ ਮਨੁ ਨਿਰਮਲ ਹੂਆ ॥ ਚਿੰਤ ਬਿਸਾਰੀ [੩੫]ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ[੩੬] ਜਿਹ ਨੇਤ੍ਰਾ ॥ ੨੨ ॥ ਸਲੋਕੁ ॥ ਛਾਤੀ ਸੀਤਲ[੩੭] ਮਨੁ ਸੁਖੀ ਛੰਤ[੩੮] ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ [੩੯]ਦਾਸ ਦਸਾਇ ॥ ੧ ॥ ਪਉੜੀ ॥ ਛਛਾ ਛੋਹਰੇ[੪੦] ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ[੪੧] ॥ ਛਛਾ ਛਾਰੁ[੪੨] ਹੋਤ ਤੇਰੇ

੧ ਗਿਣ ਕੇ ਤੇ ਮਿਣ ਕੇ, ਭਾਵ ਚੰਗੀ ਤਰ੍ਹਾਂ ਵਿਚਾਰ ਨਾਲ।

੨ ਜ਼ਰੂਰ।

੩ ਨਾ ਰਹਿਣ ਵਾਲੇ ਪਦਾਰਥਾਂ ਦੀ। ਅਨਿੱਤ ਵਸਤਾਂ ਦੀ ਆਸਾ ਗੁਰਾਂ ਦੁਆਰੇ ਮਿਟ ਜਾਂਦੀ ਹੈ।

੪ ਚੇਤੇ ਕਰੋ।

੫ ਵਿਸਾਹ, ਇਤਬਾਰ।

੬ ਦੇਰੀ।

੭ ਰੋਕ। ਇਨ੍ਹਾਂ ਵਿੱਚੋਂ ਕਿਸੇ ਅਵਸਥਾ ਵਿੱਚ ਵੀ ਮੌਤ ਨੂੰ ਰੋਕ ਨਹੀਂ ਹੈ, ਜਦ ਚਾਹੇ ਆ ਜਾਂਦੀ ਹੈ।

੮ ਵੇਲਾ।

੯ ਗਿਆਨੀਆਂ ਧਿਆਨੀਆਂ ਤੇ ਸਿਆਣਿਆਂ ਨੂੰ ਜਾਂਦਿਆਂ ਵੇਖ ਕੇ ਇਹ ਸਮਝ ਆਈ ਹੈ ਕਿ ਇਸ ਥਾਂ 'ਤੇ ਰਹਿਣਾ ਨਹੀਂ ਹੋ ਸਕਦਾ।

੧੦ ਜਿਸ ਚੀਜ਼ ਨੂੰ ਸਾਰੀ ਸ੍ਰਿਸ਼ਟੀ ਛੱਡ-ਛੱਡ ਜਾਂਦੀ ਹੈ, ਉਸੇ ਨਾਲ ਮੂਰਖ ਜੀਵ ਚੰਬੜਦੇ ਹਨ।

੧੧ ਗੁਰੂ ਦੀ ਕਿਰਪਾ ਨਾਲ।

੧੨ ਜਿਸ ਦੇ ਮੱਥੇ 'ਤੇ।

੧੩ ਪਿਆਰੇ ਦਾ।

੧੪ ਪੜਤਾਲੇ ਹਨ।

੧੫ ਕੋਈ ਭੀ (ਹਰੀ ਤੋਂ ਬਿਨਾਂ) ਹੋਰ ਨਹੀਂ ਕਥਨ ਕਰਦਾ।

੧੬ ਦ੍ਰਿੜ੍ਹ ਕਰ ਮਨ ਵਿੱਚ।

੧੭ ਜਿਥੇ ਕਿਥੇ ਦੇਖੋ, ਓਹੀ ਸਮਾ ਰਿਹਾ ਹੈ।

੧੮ ਭਿਜੇਂਗਾ ਤਦ।

੧੯ ਦੇਖੋ ਪੰਨਾ ੧੮੪, ਫੁਟ ਨੋਟ *। ਕਲਜੁਗ ਵਿੱਚ ਨਾਮ-ਤੱਤ ਹੀ ਅਸਲ ਪੁਨਹਚਰਨ ਹੈ।

੨੦ ਹੋਰ ਕਈ ਤਰ੍ਹਾਂ ਦੀ ਘਾਲਣਾ ਘਾਲ ਕੇ, ਮਿਹਨਤ ਕਰ ਕੇ।

੨੧ ਇਸਥਿਤੀ, ਟਿਕਾਉ।

੨੨ ਗਿਣ ਕੇ ਘੱਲੇ ਹਨ, ਉਮਰ ਦੇ ਦਿਨ ਤੇ ਸੁਆਸ।

੨੩ ਤਿਲ ਸਾਰਖਾ, ਤਿਲ ਮਾਤਰ ਘਟਦੇ ਵਧਦੇ ਨਹੀਂ ਹਨ।

੨੪ ਲੋੜਦੇ ਹਨ।

੨੫ ਗ੍ਰਾਸੈ, ਖਾਂਦਾ ਹੈ (ਕਾਲ ਉਨ੍ਹਾਂ ਨੂੰ)।

੨੬ [ਸ਼ਕਤੀ ਦੇ ਉਪਾਸ਼ਕ] ਮਾਇਆ ਵਿੱਚ ਲੰਪਟ। ਜਿਨ੍ਹਾਂ ਨੂੰ ਪ੍ਰਭੂ ਨੇ ਸਾਕਤ ਬਣਾਇਆ ਹੈ।

੨੭ ਜੋ ਸਭ ਦੀ ਆਤਮਾ ਵਿੱਚ ਰਮਿਆ ਹੋਇਆ ਹੈ, ਵਾਹਿਗੁਰੂ।

੨੮ ਨਹੀਂ ਸਮਝਿਆ।

੨੯ ਗਿਣਤੀ। ਲੇਖਾ ਦਿੱਤਿਆਂ ਤਾਂ ਛੁਟਕਾਰਾ ਨਹੀਂ ਹੋ ਸਕਦਾ।

੩੦ ਸਰੀਰ ਕੱਚੀ ਗਾਗਰ ਦੀ ਨਿਆਈਂ ਹੈ ਜੋ ਜ਼ਰੂਰ ਹੀ ਟੁੱਟ ਜਾਂਦੀ ਹੈ। ਇਸ ਦੀ ਕਮਾਈ ਦਾ ਇਤਬਾਰ ਕਾਹਦਾ?

੩੧ ਉਹ ਜੀਊਂਦਾ ਹੈ, ਜਿਸ ਨੇ ਜੀਊਂਦਾ ਪੁਰਖ (ਜਾਗਤ ਜੋਤ ਪ੍ਰਭੂ) ਜਪਿਆ ਹੈ।

੩੨ ਚਰਨ ਅਰਬਿੰਦ, ਚਰਨ ਕਮਲ। ਹਰੀ ਦੇ ਚਰਨ ਕਮਲਾਂ ਦਾ ਹਿਰਦੇ ਵਿੱਚ ਧਿਆਨ ਧਰਦਾ ਹਾਂ ਤਾਂ ਮੇਰਾ ਹਿਰਦਾ, ਜੋ ਅਸਲੀਅਤ ਵੱਲੋਂ ਮੁੜ ਕੇ ਊਂਧ (ਉਲਟਾ) ਹੋ ਗਿਆ ਸੀ, ਖਿੜ ਜਾਂਦਾ ਹੈ।

੩੩ ਗੁਰੂ ਦੀ ਸਿੱਖਿਆ ਨਾਲ।

੩੪ ਦੇਖੋ ਪੰਨਾ ੧੩੩, ਨੋਟ ੯।

੩੫ ਵੇਖਿਆ ਹੈ ਇਕ ਨੂੰ ਹੀ।

੩੬ ਸੁਰਮਾ। ਗਿਆਨ ਦਾ ਸੁਰਮਾ ਜਿਸ ਦੀਆਂ ਅੱਖਾਂ ਵਿੱਚ ਹੈ।

੩੭ ਠੰਢੀ।

੩੮ ਛੰਦ। ਹਰੀ ਦੇ ਗੁਣਾਂ ਦੇ ਗੀਤ ਗਾ ਕੇ।

੩੯ ਦਾਸਾਂ ਦੇ ਦਾਸ ਹੋ ਜਾਵੀਏ।

੪੦ ਛੋਕਰੇ, ਲੜਕੇ, ਬਾਲਕੇ।

੪੧ ਪਾਣੀ ਢੋਣ ਵਾਲੇ। ਹਰੀ ਦੇ ਦਾਸਾਂ ਦੇ ਦਾਸਾਂ ਦੇ ਪਾਣੀਹਾਰ।

੪੨ ਮਿੱਟੀ, ਚਰਨਧੂੜ।

* [ਕਿਸੇ ਕਾਰਜ ਲਈ ਸ਼ੁਭ ਗ੍ਰਹ ਰਾਸ਼ੀ ਯੋਗ ਦਾ ਮੇਲ਼ "ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ" (ਮਾਝ ਮ: ੫-੯੯) ਚੰਗੇ ਢੋ ਦਾ ਢੁਕਣਾ, ਚੰਗਾ ਮੌਕਾ। ਉਹ ਦਿਨ ਧੰਨ ਹੈ ਤੇ ਮੌਕਾ ਸੁਭਾਗਾ ਹੈ, ਜਦੋਂ ਗੁਰੂ ਦੇ ਚਰਨ-ਕੰਵਲ ਨਾਲ ਮੈਂ ਲੱਗਾ। ਦੇਖੋ ਪੰਨਾ ੧੯੧, ਨੋਟ ੧੬।

† ਆਚਾਰ ਦੀ ਵਿਚਾਰ, ਸ਼ਾਸਤਰਾਂ ਅਨੁਸਾਰ ਕਰਮਾਂ ਦੀ ਪੜਚੋਲ। ਕਰਮ-ਕਾਂਡ ਅਤੇ ਹੋਰ ਸਭ ਦ੍ਵੈਤ ਭਾਵ ਦੂਰ ਹੋ ਗਿਆ।

ਸੰਤਾ ॥ ਅਪਨੀ ਕ੍ਰਿਪਾ ਕਰਹੁ ਭਗਵੰਤਾ[੧] ॥ ਛਾਡਿ ਸਿਆਨਪ ਬਹੁ ਚਤੁਰਾਈ ॥ ਸੰਤਨ ਕੀ ਮਨ ਟੇਕ ਟਿਕਾਈ ॥ [੨]ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥ ਨਾਨਕ ਜਾ ਕਉ ਸੰਤ ਸਹਾਈ ॥ ੨੩ ॥ ਸਲੋਕੁ ॥ [੩]ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ [੪]ਅਹੰਬੁਧਿ ਬੰਧਨ ਪਰੇ ਨਾਨਕ [੫]ਨਾਮ ਛੁਟਾਰ ॥ ੧ ॥ ਪਉੜੀ ॥ ਜਜਾ [੬]ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ *ਨਲਿਨੀ ਭ੍ਰਮਿ ਸੂਆ[੭] ॥ ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ[੮] ਜਿਉ ਫਿਰਤਾ ॥ ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ[੯] ॥ ੨੪ ॥ ਸਲੋਕੁ ॥ ਝਾਲਾਘੇ[੧੦] ਉਠਿ ਨਾਮੁ ਜਪਿ [੧੧]ਨਿਸਿ ਬਾਸੁਰ ਆਰਾਧਿ[੧੨] ॥ ਕਾਰ੍ਹਾ[੧੩] ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ[੧੪] ॥ ੧ ॥ ਪਉੜੀ ॥ ਝਝਾ ਝੂਰਨੁ[੧੫] ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥ ਝੂਰਤ ਝੂਰਤ ਸਾਕਤ[੧੬] ਮੂਆ ॥ ਜਾ ਕੈ ਰਿਦੈ ਹੋਤ ਭਾਉ ਬੀਆ[੧੭] ॥ ਝਰਹਿ ਕਸੰਮਲ[੧੮] ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥ ਝਰਹਿ ਕਾਮ ਕ੍ਰੋਧ ਦ੍ਰੁਸਟਾਈ[੧੯] ॥ ਨਾਨਕ ਜਾ ਕਉ ਕ੍ਰਿਪਾ ਗੁਸਾਈ ॥ ੨੫ ॥ ਸਲੋਕੁ ॥ ਞਤਨ[੨੦] ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥ ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥ ਪਵੜੀ ॥ ਞੰਞਾ ਞਾਣਹੁ ਦ੍ਰਿੜੁ ਸਹੀ[੨੧] ਬਿਨਸਿ ਜਾਤ ਏਹ ਹੇਤ[੨੨] ॥ ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ[੨੩] ਕੇਤ ॥ [੨੪]ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥ [੨੫]ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ [੨੬]ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥ [੨੭]ਞਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ ਨਾਨਕ ਤਿਹ ਉਸਤਤਿ ਕਰਉ [੨੮]ਞਾਹੂ ਕੀਓ ਸੰਜੋਗ ॥ ੨੬ ॥ ਸਲੋਕੁ ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ [੨੯]ਗੁਣ ਨਿਧਿ ਗੋਬਿਦ ਰਾਇ ॥ ੧ ॥ ਪਉੜੀ ॥ ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ[੩੦] ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ [੩੧]ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥ ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ [੩੨]ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ [੩੩]ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ [੩੪]ਕਦਿ ਕੇ ॥ ੨੭ ॥ ਸਲੋਕੁ ॥ [੩੫]ਠਾਕ ਨ ਹੋਤੀ ਤਿਨਹੁ ਦਰਿ ਜਿਹ

੧ ਹੇ ਵਾਹਿਗੁਰੂ!
੨ ਮਿੱਟੀ ਦੀ ਪੁਤਲੀ, ਭਾਵ ਸਰੀਰ ਨੇ ਉੱਚੀ ਤੋਂ ਉੱਚੀ ਗਤੀ ਪਾ ਲਈ।
੩ ਜ਼ੋਰ, ਜ਼ੁਲਮ ਕਰ ਕੇ ਬਹੁਤ ਫੁਲਦੇ ਹਨ, ਪਰ ਇਕ ਕੱਚੀ ਦੇਹ ਬੇਕਾਰ (ਨਿਕੰਮੀ) ਹੈ।
੪ ਹੰਕਾਰ ਵਾਲੀ ਮਤ ਦੇ ਬੰਧਨ ਪਏ ਹੋਏ ਹਨ।
੫ ਨਾਮ ਦੁਆਰਾ ਛੁਟੀਦਾ ਹੈ।
੬ ਜਦੋਂ ਇਹ ਸਮਝਦਾ ਹੈ ਕਿ ਮੈਂ ਕੋਈ ਚੀਜ਼ ਹਾਂ।
੭ ਤੋਤਾ।
੮ ਧਰਤੀ। ਉਹ ਇਉਂ ਹੈ, ਜਿਵੇਂ ਸੌਦਾ ਵੇਚਣ ਵਾਲਾ ਧਰਤੀ ਉੱਤੇ (ਦੇਸ ਬਦੇਸ) ਭਟਕਦਾ ਫਿਰਦਾ ਹੈ। (ਉਹ ਫਰਾਂਢੀ ਚੀਜ਼ਾਂ ਵੇਚਣ ਲਈ ਹੋਕਾ ਦਿੰਦਾ ਫਿਰਦਾ ਹੈ, ਪਰ ਆਪ ਉਨ੍ਹਾਂ ਚੀਜ਼ਾਂ ਦਾ ਸੁਖ ਨਹੀਂ ਮਾਣਦਾ।) ਕਥਾ ਵਖਿਆਨ ਕਰਨ ਵਾਲਾ ਹੰਕਾਰੀ ਆਦਮੀ ਵਿਅਰਥ ਕੂਕਦਾ ਹੈ।
੯ [ਮੁਰ ਰਾਖ਼ਸ਼ ਦੇ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੧੦ ਅੰਮ੍ਰਿਤ ਵੇਲੇ, ਸਵੇਰੇ।
੧੧ ਰਾਤ ਦਿਨ, ਭਾਵ ਸਦਾ।
੧੨ ਯਾਦ ਕਰ।
੧੩ ਕਾੜ੍ਹਾ। ਝੋਰਾ ਤੈਨੂੰ ਨਹੀਂ ਲੱਗੇਗਾ।
੧੪ ਉਪੱਦਰ, ਦੁੱਖ ਦੇ ਸਮਿਆਨ।
੧੫ ਝੁਰਨਾ।
੧੬ [ਸ਼ਕਤੀ ਦਾ ਉਪਾਸ਼ਕ] ਵਾਹਿਗੁਰੂ ਤੋਂ ਮੁਨੱਕਰ।
੧੭ ਦੂਜਾ ਭਾਵ।
੧੮ ਕਸਮਲ, ਦੋਸ਼। ਝੜ ਜਾਣ ਦੋਸ਼ ਤੇ ਪਾਪ ਤੇਰੇ ਮਨ ਤੋਂ।
੧੯ ਦੁਸ਼ਟ, ਮਾੜੇ ਭਾਵ।
੨੦ ਜਤਨ।
੨੧ ਠੀਕ।
੨੨ ਮੋਹ।
੨੩ ਚਲੇ ਗਏ। ਕਿਤਨੇ ਚਲੇ ਗਏ ਹਨ, ਮੈਂ ਗਿਣਤੀ ਨਹੀਂ ਕਰ ਸਕਦਾ।
੨੪ ਜੋ ਵੇਖਦਾ ਹਾਂ ਉਹ ਨਾਸਵੰਤ ਹੈ।
੨੫ ਹੇ ਚਿਤ! ਇਹ ਗੱਲ ਠੀਕ ਸਮਝੋ ਕਿ ਮਾਇਆ ਦਾ ਰੰਗ ਝੂਠਾ ਹੈ।
੨੬ ਇਸ ਗੱਲ ਨੂੰ ਉਹੋ ਸੰਤ ਜਾਣਦਾ ਹੈ ਜੋ ਭਰਮ ਤੋਂ ਵੱਖ ਕੀਤਾ ਗਿਆ ਹੈ। ਹਨੇਰੇ ਖੂਹ ਤੋਂ ਉਸ ਨੂੰ ਕੱਢਦੇ ਹੋ ਜਿਸ 'ਤੇ ਬਹੁਤ ਪ੍ਰਸੰਨ ਹੁੰਦੇ ਹੋ।
੨੭ ਜਿਸ ਹਰੀ ਦੇ ਹੱਥ ਵਿੱਚ ਸਮਰੱਥਾ ਹੈ।
੨੮ ਜਿਸ ਹਰੀ ਨੇ ਮੇਲ ਜੋੜਿਆ ਹੈ।
੨੯ ਗੁਣਾਂ ਦਾ ਖ਼ਜ਼ਾਨਾਂ।
੩੦ ਖਾਲੀ।
੩੧ ਸੇਵਾ ਦੀ ਪਦਵੀ, ਰੁਤਬਾ।
੩੨ ਵੇਖੇ ਭਾਲੇ ਹਨ ਬਹੁਤ ਥਾਂ। ਭਵਨ=ਵਸਣ ਦੇ ਲੋਕ, ਥਾਵਾਂ।
੩੩ ਟੱਲ ਜਾਂਦੇ ਹਨ ਜਮਦੂਤ।
੩੪ ਕਦੋਂ ਦੇ; ਬਹੁਤ ਸਮੇਂ ਦੇ।
੩੫ ਉਨ੍ਹਾਂ ਨੂੰ ਹਰੀ ਦੇ ਦਰ 'ਤੇ ਰੋਕ ਨਹੀਂ ਹੁੰਦੀ।

* ਨਾਲੀ ਦੇ ਧੋਖੇ ਵਿੱਚ। ਤੋਤੇ ਨੂੰ ਫੜਨ ਲਈ ਇਕ ਥੋਥੀ ਨਲਕੀ ਸਰੀ ਵਿੱਚ ਪਰੋ ਕੇ ਪਾਣੀ ਦੇ ਭਾਂਡੇ ਉਪਰ ਰੱਖੀ ਜਾਂਦੀ ਹੈ। ਜਦ ਤੋਤਾ ਆ ਕੇ ਉਸ ਉੱਤੇ ਬੈਠਦਾ ਹੈ ਤਾਂ ਉਹ ਫਿਰ ਜਾਂਦੀ ਹੈ ਤੇ ਤੋਤਾ ਉਲਟ ਕੇ ਲਟਕਦਾ ਹੈ ਤੇ ਪਾਣੀ ਵਿੱਚ ਆਪਣਾ ਰੂਪ ਵੇਖ ਕੇ ਨਲੀ ਨੂੰ ਛੱਡਦਾ ਨਹੀਂ ਤੇ ਫੜਿਆ ਜਾਂਦਾ ਹੈ।

ਹੋਵਹੁ ਸੁਪ੍ਰਸੰਨ ॥ ਜੋ ਜਨ ਪ੍ਰਭਿ [੧]ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥ ੧ ॥ ਪਉੜੀ ॥ ਠਠਾ ਮਨੂਆ ਠਾਹਹਿ[੨] ਨਾਹੀ ॥ ਜੋ ਸਗਲ[੩] ਤਿਆਗਿ ਏਕਹਿ ਲਪਟਾਹੀ ॥ [੪]ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ[੫] ਨ ਕਤਹੂ ਹੂਏ ॥ ਠਾਂਢਿ[੬] ਪਰੀ ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ[੭] ॥ ਠਾਕੁਰ ਅਪੁਨੇ ਜੋ ਜਨੁ ਭਾਇਆ ॥ ਨਾਨਕ ਉਆ ਕਾ ਮਨੁ ਸੀਤਲਾਇਆ[੮] ॥ ੨੮ ॥ ਸਲੋਕੁ ॥ ਡੰਡਉਤਿ[੯] ਬੰਦਨ[੧੦] ਅਨਿਕ ਬਾਰ [੧੧]ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ੧ ॥ ਪਉੜੀ ॥ ਡਡਾ ਡੇਰਾ[੧੨] ਇਹੁ ਨਹੀ ਜਹ ਡੇਰਾ ਤਹ ਜਾਨੁ ॥ ਉਆ ਡੇਰਾ ਕਾ ਸੰਜਮੋ[੧੩] ਗੁਰ ਕੈ ਸਬਦਿ ਪਛਾਨੁ ॥ [੧੪]ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥ ਉਆ ਡੇਰਾ ਕੀ ਸੋ ਮਿਤਿ[੧੫] ਜਾਨੈ ॥ ਜਾ ਕਉ ਦ੍ਰਿਸਟਿ[੧੬] ਪੂਰਨ ਭਗਵਾਨੈ ॥ ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥ ੨੯ ॥ ਸਲੋਕੁ ॥ [੧੭]ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ ॥ ਨਾਨਕ ਉਬਰੇ[੧੮] ਜਪਿ ਹਰੀ ਸਾਧਸੰਗਿ ਸਨਬੰਧ ॥ ੧ ॥ ਪਉੜੀ ॥ ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥ ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥ ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ[੧੯] ॥ ਸੁਖੁ ਪਾਵਹੁ ਸਹਜੇ[੨੦] ਬਸਹੁ ਦਰਸਨੁ ਦੇਖਿ ਨਿਹਾਲ ॥ [੨੧]ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥ ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥ ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥ ਦੁਖ ਕੇ ਫਾਹੇ[੨੨] ਕਾਟਿਆ ਨਾਨਕ ਲੀਏ ਸਮਾਇ ॥ ੩੦ ॥ ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ[੨੩] ॥ ਣਾ* ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ ੧ ॥ ਪਉੜੀ ॥ ਣਾਣਾ ਰਣ[੨੪] ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ[੨੫] ਸਿਉ ਲਰਿ ਮਰੈ ਸੋ ਸੋਭਾਦੂ[੨੬] ਹੋਇ ॥ ਮਣੀ[੨੭] ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ[੨੮] ਵੇਸ ॥ [੨੯]ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ [੩੦]ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ [੩੧]ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥ ਸਲੋਕੁ ॥ ਤਨੁ ਮਨੁ ਧਨੁ ਅਰਪਉ[੩੨] ਤਿਸੈ ਪ੍ਰਭੂ ਮਿਲਾਵੈ ਮੋਹਿ[੩੩] ॥ ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ[੩੪] ॥ ੧ ॥ ਪਉੜੀ ॥ ਤਤਾ ਤਾ ਸਿਉ ਪ੍ਰੀਤਿ ਕਰਿ [੩੫]ਗੁਣ ਨਿਧਿ ਗੋਬਿਦ ਰਾਇ ॥ ਫਲ ਪਾਵਹਿ [੩੬]ਮਨ ਬਾਛਤੇ

੧ ਆਪਣੇ ਬਣਾਏ ਹਨ; ਅਪਣਾਏ ਹਨ।
੨ ਢਾਹੁੰਦੇ। ਮਨ ਨਹੀਂ ਦੁਖਾਂਦੇ ਕਿਸੇ ਦਾ।
੩ ਸਭ ਕੁਝ।
੪ ਟਕਰਾ ਕੇ।
੫ ਸੁਖ।
੬ ਠੰਢ।
੭ ਖੁਸ਼ ਹੋਇਆ।
੮ ਠੰਢਾ ਹੋਇਆ।
੯ ਦੰਡਵਤ; ਡੰਡੇ ਵਾਂਗ ਸਿਧੇ ਪੈਣ ਦਾ ਅਮਲ, ਜੋ ਆਦਰ ਦਾ ਚਿੰਨ੍ਹ ਹੈ, ਲੰਮੇ ਪੈ ਕੇ ਮੱਥਾ ਟੇਕਣਾ।
੧੦ ਨਮਸਕਾਰ।
੧੧ ਸਾਰੀਆਂ ਤਾਕਤਾਂ ਦੇ ਰੱਖਣ ਵਾਲਾ।
੧੨ ਟਿਕਾਣਾ; ਅਸਲ ਅਸਥਾਨ; ਮੁਕਾਮ ਕਰਨ ਦੀ ਥਾਂ।
੧੩ ਤਰੀਕਾ। ਉਸ ਡੇਰੇ 'ਤੇ ਪਹੁੰਚਣ ਦਾ ਜੋ ਤਰੀਕਾ ਹੈ, ਉਸ ਨੂੰ ਸਮਝ।
੧੪ ਉੱਦਮ ਘਾਲਦਾ ਹੈ (ਕਰਦਾ ਹੈ) ਇਸ ਡੇਰੇ ਦਾ ਜੋ ਤਸੂ (ਰਤਾ) ਵੀ ਨਾਲ ਨਹੀਂ ਨਿਭਦਾ।
੧੫ ਮਾਪ, ਅੰਦਾਜ਼ਾ।
੧੬ ਨਜ਼ਰ (ਮੇਹਰ ਦੀ)।
੧੭ ਜਦ ਧਰਮ ਰਾਜ ਦੇ ਦੂਤ ਇਸ ਸਰੀਰ ਦੀ ਢੇਰੀ ਨੂੰ ਢਾਹਣ ਲੱਗੇ, ਤਾਂ ਕਿਸੇ ਨੇ ਰੋਕ ਨਾ ਪਾਈ, ਪਰ ਸਾਧ-ਸੰਗਤ ਨਾਲ ਮੇਲ ਹੋਣ ਕਰਕੇ ਹਰੀ ਨੂੰ ਜਪ ਕੇ ਪਾਰ ਹੋ ਗਏ।
੧੮ ਤਰੇ ਹਾਂ, ਬਚ ਗਏ ਹਾਂ।
੧੯ ਡਰਾਉਣਾ। ਇਸ ਭਿਆਨਕ ਹੰਕਾਰ ਦੀ ਢੇਰੀ ਸੰਗਤ ਦੁਆਰਾ ਢਾਹੋ।
੨੦ ਆਰਾਮ ਨਾਲ।
੨੧ ਇਸ ਹੰਕਾਰ ਦੀ ਢੇਰੀ ਕਰਕੇ ਹੀ ਮਨੁਖ ਜੰਮਦਾ ਹੈ ਤੇ ਜੰਮ ਕੇ ਫਿਰ ਮਰਦਾ ਹੈ, ਇਸ ਤਰ੍ਹਾਂ ਆਵਾ-ਗਉਣ ਵਿੱਚ ਦੁੱਖ ਪਾਂਦਾ ਰਹਿੰਦਾ ਹੈ।
੨੨ ਫਾਹੀਆਂ।
੨੩ ਨਿੱਤ।
੨੪ ਜੰਗ। ਸੰਸਾਰ ਦੇ ਜੰਗ ਵਿੱਚ ਉਹ ਸਫ਼ਲਤਾ ਲੈਂਦਾ ਹੈ ਜੋ ਆਤਮਾ ਨੂੰ ਜਿੱਤਦਾ ਹੈ।
੨੫ ਹੋਰ, ਦੂਜਾ, ਦੂਜਾ ਭਾਵ। ਜੋ ਹਉਮੈ ਅਤੇ ਦ੍ਵੈਤ ਭਾਵ ਨਾਲ ਲੜ ਕੇ ਮਰਦਾ ਹੈ।
੨੬ ਸੋਭਾ ਵਾਲਾ।
੨੭ ਹੰਕਾਰ, ਮਮਤਾ।
੨੮ ਸੂਰਮਿਆਂ ਵਾਲਾ।
੨੯ ਆਪਣਾ ਕੁਝ ਨਹੀਂ ਸਮਝਦਾ।
੩੦ ਰਾਤ ਦਿਨ।
੩੧ ਮਿੱਟੀ ਸਾਰਿਆਂ ਦੇ ਪੈਰਾਂ ਦੀ।
੩੨ ਹਵਾਲੇ ਕਰਾਂ।
੩੩ ਮੈਨੂੰ।
੩੪ ਤੱਕਣਾ। ਜਮਾਂ ਦੀ ਤਾੜ ਮੁੱਕ ਜਾਵੇ।
੩੫ ਗੁਣਾਂ ਦਾ ਖ਼ਜ਼ਾਨਾਂ।
੩੬ ਮਨ-ਇੱਛਤ, ਮਨ-ਮੰਗੇ।

* ਨਹੀਂ। ਧਰਮਰਾਜ ਦੇ ਮੂੰਹ ਵਿੱਚ ਇਕ ਤੁਕ ਪਾਈ ਹੈ: "ਹੇ ਮੇਰੇ ਦੂਤ! ਜਿਥੇ ਭਜਨ ਕੀਰਤਨ ਹੋਵੇ, ਉਥੇ ਨੇੜੇ ਨਾ ਜਾਈਂ" (ਫੜਿਆ ਜਾਏਂਗਾ); ਫਿਰ ਨਾ ਮੈਂ ਤੇ ਨਾ ਤੂੰ ਛੁਟ ਸਕੇਂਗਾ।"

ਤਪਤਿ ਤੁਹਾਰੀ ਜਾਇ ॥ ਤ੍ਰਾਸ[੧] ਮਿਟੈ ਜਮ ਪੰਥ ਕੀ ਜਾਸੁ[੨] ਬਸੈ ਮਨਿ ਨਾਉ ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸ[੩] ਮਹਲੀ ਪਾਵਹਿ ਠਾਉ[੪] ॥ [੫]ਤਾਹੂ ਸੰਗਿ ਨ ਧਨੁ ਚਲੈ ਗ੍ਰਿਹ[੬] ਜੋਬਨ ਨਹ ਰਾਜ ॥ ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ ਤਾਤਾ[੭] ਕਛੂ ਨ ਹੋਈ ਹੈ [੮]ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ[੯] ਆਪਹਿ ਮਾਈ ਬਾਪ ॥ ੩੨ ॥ ਸਲੋਕੁ ॥ [੧੦]ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ [੧੧]ਸੰਚਿ ਸੰਚਿ ਸਾਕਤ[੧੨] ਮੂਏ ਨਾਨਕ ਮਾਇਆ ਨ ਸਾਥ ॥ ੧ ॥ ਪਉੜੀ ॥ ਥਥਾ [੧੩]ਥਿਰੁ ਕੋਊ ਨਹੀ [੧੪]ਕਾਇ ਪਸਾਰਹੁ ਪਾਵ ॥ [੧੫]ਅਨਿਕ ਬੰਚ [੧੬]ਬਲ ਛਲ ਕਰਹੁ [੧੭]ਮਾਇਆ ਏਕ ਉਪਾਵ ॥ [੧੮]ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ ਮਨ ਕੈ ਕਾਮਿ ਨ ਆਵਈ [੧੯]ਅੰਤੇ ਅਉਸਰ ਬਾਰ ॥ ਥਿਤਿ[੨੦] ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ[੨੧] ॥ ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥ ੩੩ ॥ ਸਲੋਕੁ ॥ ਦਾਸਹ ਏਕੁ ਨਿਹਾਰਿਆ[੨੨] ਸਭੁ ਕਛੁ ਦੇਵਨਹਾਰ ॥ ਸਾਸਿ ਸਾਸਿ ਸਿਮਰਤ ਰਹਹਿ ਨਾਨਕ [੨੩]ਦਰਸ ਅਧਾਰ ॥ ੧ ॥ ਪਉੜੀ ॥ ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥ ਦੈਨਹਾਰੁ ਸਦ ਜੀਵਨਹਾਰਾ ॥ ਮਨ ਮੂਰਖ ਕਿਉ ਤਾਹਿ[੨੪] ਬਿਸਾਰਾ ॥ ਦੋਸੁ ਨਹੀ ਕਾਹੂ ਕਉ ਮੀਤਾ ॥ [੨੫]ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥ ਦਰਦ ਨਿਵਾਰਹਿ ਜਾ ਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ[੨੬] ॥ ੩੪ ॥ ਸਲੋਕੁ ॥ ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ[੨੭] ਆਸ ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥ ੧ ॥ ਪਉੜੀ ॥ ਧਧਾ ਧਾਵਤ[੨੮] ਤਉ ਮਿਟੈ ਸੰਤਸੰਗਿ ਹੋਇ ਬਾਸੁ[੨੯] ॥ ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥ [੩੦]ਧਨੁ ਸਾਚਾ ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ ਨਾਮ ਬਿਸਾਹਾ[੩੧] ॥ ਧੀਰਜੁ ਜਸੁ ਸੋਭਾ [੩੨]ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ[੩੩] ਜਿਹ ਸੁਨਿਆ ॥ [੩੪]ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥ ੩੫ ॥ ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ[੩੫] ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ ੧ ॥ ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ[੩੬] ॥ [੩੭]ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ[੩੮] ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ *ਨਿਧਿ ਨਿਧਾਨ

੧ ਡਰ।
੨ ਜਿਸ ਦੇ।
੩ ਚਾਨਣੇ ਵਾਲੀ, ਪਰਜੁਲਤ। ਬੁੱਧੀ ਉਜਲੀ ਹੋਂਦੀ ਹੈ।
੪ ਥਾਂ।
੫ ਤੇਰੇ ਨਾਲ।
੬ ਘਰ।
੭ ਸਾੜਾ।
੮ ਜਦ ਹਉਮੈ ਦਾ ਤਾਪ ਦੂਰ ਕਰੇ।
੯ ਸਾਨੂੰ।
੧੦ (ਸਾਕਤ ਲੋਕ) ਕਈ ਤਰ੍ਹਾਂ ਦੀ ਮਿਹਨਤ ਕਰਦੇ ਥੱਕ ਗਏ, ਨਾ ਉਨ੍ਹਾਂ ਨੂੰ ਸ਼ਾਂਤੀ ਹੋਈ, ਤੇ ਨਾ ਤ੍ਰਿਸ਼ਨਾ ਲੱਥੀ।
੧੧ ਇਕੱਠੀ ਕਰਦੇ।
੧੨ [ਸ਼ਕਤੀ ਦੇ ਉਪਾਸ਼ਕ] ਮਾਇਆ ਵਿੱਚ ਗ੍ਰਸੇ ਹੋਏ।
੧੩ ਸਦਾ ਰਹਿਣ ਵਾਲਾ ਕੋਈ ਨਹੀਂ।
੧੪ ਪੈਰ ਕਿਸ ਲਈ ਪਸਾਰਦੇ ਹੋ?
੧੫ ਕਈ ਤਰ੍ਹਾਂ ਦੀ ਠੱਗੀ, ਧੋਖਾ।
੧੬ ਵੱਲ ਛੱਲ।
੧੭ ਇਕ ਮਾਇਆ 'ਕੱਠੀ ਕਰਨ ਦੇ ਉਪਾਵ।
੧੮ ਥੈਲੀ ਭਰਨ ਲਈ ਯਤਨ ਕਰਦੇ ਹੋ।
੧੯ ਅੰਤ ਦੇ ਵੇਲੇ।
੨੦ ਟਿਕਾਉ।
੨੧ ਪਿਆਰ।
੨੨ ਵੇਖਿਆ। ਦਾਸਾਂ ਨੇ ਇਕ ਹਰੀ ਨੂੰ ਸਭ ਕੁਝ ਦੇਣ ਵਾਲਾ ਵੇਖਿਆ ਹੈ।
੨੩ ਇਹ ਦਰਸ-ਅਧਾਰ ਲੋਕ, ਇਹ ਜਿਨ੍ਹਾਂ ਨੂੰ ਦਰਸ਼ਨ ਦਾ ਆਸਰਾ ਹੈ।
੨੪ ਉਸ ਨੂੰ।
੨੫ ਮਾਇਆ ਦੇ ਮੋਹ ਦਾ ਬੰਧਨ ਪ੍ਰਭੂ ਨੇ ਆਪ ਬਣਾਇਆ ਹੈ।
੨੬ ਰੱਜੇ।
੨੭ ਬਿਗਾਨੀ।
੨੮ ਧਾਵਣਾ, ਭਟਕਣਾ।
੨੯ ਵਾਸਾ।
੩੦ ਉਹੋ ਹੀ ਸੱਚਾ ਧਨ ਹੈ ਤੇ ਉਹੋ ਸੱਚਾ ਸ਼ਾਹ ਹੈ।
੩੧ ਵਪਾਰ (ਨਾਮ ਦਾ)।
੩੨ ਉਸ ਨੂੰ ਫਬਦਾ ਹੈ।
੩੩ ਕੰਨ ਦੇ ਕੇ, ਧਿਆਨ ਨਾਲ।
੩੪ ਜਿਨ੍ਹਾਂ ਦੇ ਦਿਲ ਵਿੱਚ ਗੁਰੂ ਦੁਆਰਾ ਹਰੀ ਸਮਾਅ ਰਿਹਾ ਹੈ।
੩੫ ਪਿਆਰ ਨਾਲ।
੩੬ ਵਸਿਆ ਹੈ।
੩੭ ਜੋ ਗੁਰੂ ਦੁਆਰਾ ਨਾਮ, ਜੋ ਸਭ ਤਰ੍ਹਾਂ ਦਾ ਖ਼ਜ਼ਾਨਾਂ ਹੈ, ਜਪਦੇ ਹਨ, ਓਹ ਵਿਹੁ ਰੂਪ ਮਾਇਆ ਵਿੱਚ ਨਾਸ ਨਹੀਂ ਹੁੰਦੇ।
੩੮ ਇਨਕਾਰ। ਉਨ੍ਹਾਂ ਨੂੰ ਇਨਕਾਰ ਨਹੀਂ ਹੁੰਦਾ, ਕਿਸੇ ਗੱਲ ਤੋਂ ਨਾਂਹ ਨਹੀਂ ਹੁੰਦੀ; ਜੋ ਮੰਗਣ ਦਿੱਤਾ ਜਾਂਦਾ ਹੈ।

* ਨਿਧੀਆਂ ਦੇ ਖਜ਼ਾਨੇ। ਦੇਖੋ ਪੰਨਾ ੧੦, ਫੁਟ ਨੋਟ §। ਜਿਨ੍ਹਾਂ ਦੇ ਅੰਦਰ ਹਰੀ-ਨਾਮ ਰੂਪ ਅੰਮ੍ਰਿਤ ਦੇ ਭੰਡਾਰ ਭਰੇ ਪਏ ਹਨ, ਉਨ੍ਹਾਂ ਲਈ ਅਨਹਦ ਤੂਰ ਵਜਦੇ ਹਨ। ਦੇਖੋ ਅਗਲੇ ਸਫੇ ਦਾ ਪਹਿਲਾ ਨੋਟ।

ਹਰਿ ਅੰਮ੍ਰਿਤ ਪੂਰੇ ॥ ਤਹ [੧]ਬਾਜੇ ਨਾਨਕ ਅਨਹਦ ਤੂਰੇ ॥ ੩੬ ॥ ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ[੨] ਮੋਹ ਬਿਕਾਰ ॥ ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥ ੧ ॥ ਪਉੜੀ ॥ ਪਪਾ ਪਰਮਿਤਿ[੩] ਪਾਰੁ ਨ ਪਾਇਆ ॥ [੪]ਪਤਿਤ ਪਾਵਨ ਅਗਮ[੫] ਹਰਿ ਰਾਇਆ ॥ [੬]ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ [੭]ਪਰਪਚ ਧ੍ਰੋਹ ਮੋਹ ਮਿਟਨਾਈ ॥ ਜਾ ਕਉ ਰਾਖਹੁ ਆਪਿ ਗੁਸਾਈ[੮] ॥ ਪਾਤਿਸਾਹੁ [੯]ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥ ੩੭ ॥ ਸਲੋਕੁ ॥ ਫਾਹੇ ਕਾਟੇ ਮਿਟੇ ਗਵਨ[੧੦] ਫਤਿਹ ਭਈ ਮਨਿ ਜੀਤ ॥ ਨਾਨਕ ਗੁਰ ਤੇ ਥਿਤ[੧੧] ਪਾਈ [੧੨]ਫਿਰਨ ਮਿਟੇ ਨਿਤ ਨੀਤ ॥ ੧ ॥ ਪਉੜੀ ॥ ਫਫਾ ਫਿਰਤ ਫਿਰਤ ਤੂ ਆਇਆ ॥ [੧੩]ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ ਫਿਰਿ [੧੪]ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ [੧੫]ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥ ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ[੧੬] ॥ ੩੮ ॥ ਸਲੋਕੁ ॥ ਬਿਨਉ[੧੭] ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥ ਸੁਖ ਸੰਪੈ[੧੮] ਬਹੁ ਭੋਗ ਰਸ ਨਾਨਕ ਸਾਧ ਰਵਾਲ[੧੯] ॥ ੧ ॥ ਪਉੜੀ ॥ ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ[੨੦] ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ *ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥ ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ[੨੧] ਕਉ ਅੰਧਾ ॥ ਬਾਤ ਚੀਤ ਸਭ ਰਹੀ[੨੨] ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥ ੩੯ ॥ ਸਲੋਕੁ ॥ [੨੩]ਭੈ ਭੰਜਨ [੨੪]ਅਘ ਦੂਖ ਨਾਸ ਮਨਹਿ [੨੫]ਅਰਾਧਿ ਹਰੇ ॥ ਸੰਤਸੰਗ ਜਿਹ ਰਿਦ ਬਸਿਓ ਨਾਨਕ [੨੬]ਤੇ ਨ ਭ੍ਰਮੇ ॥ ੧ ॥ ਪਉੜੀ ॥ ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ[੨੭] ਹੈ ਸੁਪਨਾ ॥ ਭਰਮੇ ਸੁਰਿ ਨਰ[੨੮] ਦੇਵੀ ਦੇਵਾ ॥ ਭਰਮੇ [੨੯]ਸਿਧ ਸਾਧਿਕ ਬ੍ਰਹਮੇਵਾ[੩੦] ॥ ਭਰਮਿ ਭਰਮਿ ਮਾਨੁਖ ਡਹਕਾਏ[੩੧] ॥ ਦੁਤਰ ਮਹਾ ਬਿਖਮ ਇਹ ਮਾਏ[੩੨] ॥ ਗੁਰਮੁਖਿ[੩੩] ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥ ੪੦ ॥ ਸਲੋਕੁ ॥ [੩੪]ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥ [੩੫]ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥ ੧ ॥ ਪਉੜੀ ॥ ਮਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ[੩੬] ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ[੩੭] ਕਰਹਿ ਪੁਕਾਰ ॥ ਜਉ ਮਾਗਹਿ ਤਉ ਮਾਗਹਿ ਬੀਆ[੩੮] ॥ ਜਾ ਤੇ ਕੁਸਲ[੩੯] ਨ ਕਾਹੂ ਥੀਆ[੪੦] ॥ [੪੧]ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ

੧ ਬਿਨਾਂ ਵਜਾਇਆਂ ਵੱਜਣ ਵਾਲੇ ਤੁਰਮ ਵੱਜਦੇ ਹਨ। ਉੱਚੇ ਤੋਂ ਉੱਚੇ ਆਤਮਕ ਅਨੰਦ ਨੂੰ ਅਨਹਦ ਸ਼ਬਦ, ਅਨਹਦ ਤੂਰ ਜਾਂ ਅਨਹਦ ਬਾਣੀ ਆਦਿਕ ਆਖਿਆ ਹੈ। ਦੇਖੋ ਪੰਨਾ ੯੧, ਨੋਟ ੨੪।

੨ ਪਖੰਡ। ਪਖੰਡ ਮੋਹ ਆਦਿ ਬੁਰਾਈਆਂ ਛੱਡ ਕੇ।

੩ ਜਿਸ ਦੀ ਮਿਤਿ (ਅੰਦਾਜ਼ਾ) ਨਹੀਂ ਪਾ ਸਕੀਦਾ। ਪਾਰਬ੍ਰਹਮ ਦਾ ਪਾਰ (ਹਦ) ਕਿਸੇ ਨਹੀਂ ਪ੍ਰਾਪਤ ਕੀਤਾ।

੪ ਪਤਿਤਾਂ ਨੂੰ ਪਵਿੱਤਰ ਕਰਨ ਵਾਲਾ।

੫ ਪਹੁੰਚ ਤੋਂ ਪਰ੍ਹੇ।

੬ ਪਵਿੱਤਰ ਹੁੰਦੇ ਹਨ, ਕ੍ਰੋੜਾਂ ਅਪਰਾਧੀ।

੭ ਠੱਗੀ, ਧੋਖਾ, ਮੋਹ ਮਿਟ ਜਾਂਦੇ ਹਨ।

੮ ਹੇ ਮਾਲਕ!

੯ ਸਿਰ ’ਤੇ ਛਤਰ ਧਾਰਨ ਵਾਲਾ। ਰਾਜਿਆਂ ਦੇ ਰਾਜ ਦਾ ਚਿੰਨ੍ਹ ਛਤਰ ਹੈ।

੧੦ ਫਿਰਨਾ, ਭਟਕਣਾ।

੧੧ ਟਿਕਾਉ।

੧੨ ਰੋਜ਼-ਰੋਜ਼ ਦੇ ਫੇਰੇ, ਟੱਕਰਾਂ ਮੁੱਕ ਗਈਆਂ।

੧੩ ਔਖਾ ਲੱਭਣ ਵਾਲਾ ਮਨੁੱਖਾ ਜਨਮ।

੧੪ ਇਹੋ ਜਿਹਾ ਮੌਕਾ ਹੱਥ ਨਹੀਂ ਚੜ੍ਹਦਾ (ਆਉਂਦਾ)।

੧੫ ਜਨਮ ਮਰਨ।

੧੬ [ਚਾਰਾ (ਵਸ) ਬਿਨਾਂ] ਵਿਚਾਰੇ ਨੂੰ, ਦੀਨ ਨੂੰ।

੧੭ ਬੇਨਤੀ।

੧੮ ਧਨ।

੧੯ ਧੂੜ। ਸਾਧਾਂ ਦੀ ਧੂੜ ਹੀ ਸੁਖ ਧਨ ਆਦਿ ਹੈ।

੨੦ ਬ੍ਰਾਹਮਣ। ਬ੍ਰਾਹਮਣ ਉਹ ਹੈ ਜੋ ਬ੍ਰਹਮ (ਕਰਤਾਰ) ਨੂੰ ਜਾਣੇ, ਵੈਸ਼ਨੋ ਉਹ ਹੈ ਜੋ ਗੁਰਾਂ ਦੁਆਰੇ ਪਵਿੱਤ੍ਰਤਾ ਦੇ ਨੇਮਾਂ ਨੂੰ ਦ੍ਰਿੜ੍ਹ ਕਰਦਾ ਹੈ।

੨੧ ਜੋ ਅੱਗੇ (ਸਾਹਮਣੇ) ਦਿੱਸਦੇ ਹਨ, ਹੋਰਨਾਂ ਨੂੰ।

੨੨ ਮੁੱਕ ਜਾਂਦੀ ਹੈ। ਗੱਲ-ਬਾਤ ਅਤੇ ਚਤੁਰਾਈ ਦੀ ਪੇਸ਼ ਨਹੀਂ ਜਾਂਦੀ, ਸਗੋਂ ਜਿਸ ਨੂੰ ਆਪ ਕਿਰਪਾ ਕਰਕੇ ਜਣਾਂਦਾ ਹੈ, ਉਹ ਜਾਣਦਾ ਹੈ।

੨੩ ਡਰ ਦੇ ਤੋੜਨ ਵਾਲਾ।

੨੪ ਪਾਪਾਂ ਤੇ ਦੁੱਖਾਂ ਦਾ ਨਾਸ ਕਰਨ ਵਾਲਾ।

੨੫ ਯਾਦ ਕਰ ਹਰੀ ਨੂੰ।

੨੬ ਓਹ ਪੁਰਸ਼ ਨਹੀਂ ਭਟਕਦੇ।

੨੭ ਸਾਰੇ।

੨੮ ਸੁਰੀ ਨਰ, ਦੇਵੀ ਗੁਣਾਂ ਵਾਲੇ ਲੋਕ, ਮਹਾਤਮਾ।

੨੯ ਵਡੇ ਜੋਗੀ ਅਤੇ ਸਾਧਨਾ ਸਾਧਨ ਵਾਲੇ।

੩੦ ਬ੍ਰਹਮੇ ਵਰਗੇ।

੩੧ ਧੋਖੇ ਵਿੱਚ ਆਂਦੇ। ਮਾਇਆ ਨੇ ਭਰਮਾ-ਭਰਮਾ ਕੇ ਛਲੇ ਹਨ।

੩੨ ਮਾਇਆ। ਇਹ ਮਾਇਆ (ਦਾ ਭ੍ਰਮ-ਸਾਗਰ) ਡਾਢਾ ਖ਼ਤਰਨਾਕ ਤੇ ਔਖਾ ਤਰਿਆ ਜਾਣ ਵਾਲਾ ਹੈ।

੩੩ ਜਿਨ੍ਹਾਂ ਨੇ ਗੁਰੂ ਦੁਆਰਾ।

੩੪ ਮਾਇਆ ਕਰਕੇ ਡੋਲਦਾ ਹੈ।

੩੫ ਮਾਇਆ ਦੇ ਮੰਗਣ ਤੋਂ ਜਿਸ ਨੂੰ ਤੂੰ ਬਚਾਂਦਾ ਹੈਂ, ਉਹ ਨਾਮ ਦੇ ਪਿਆਰ ਵਾਲਾ ਹੁੰਦਾ ਹੈ।

੩੬ ਸਿਆਣਾ ਹਰੀ।

੩੭ ਕਿਉਂ?

੩੮ ਹੋਰ, ਭਾਵ ਪਦਾਰਥ ਆਦਿਕ ਬੇਲੋੜੀਆਂ ਚੀਜ਼ਾਂ।

੩੯ ਸੁਖ।

੪੦ ਹੁੰਦਾ।

੪੧ ਜੇ ਤੂੰ ਮੰਗ ਮੰਗਣੀ ਹੈ ਤਾਂ ਇਕ ਹਰੀ ਨੂੰ ਮੰਗ।

* ਬਹਾਦਰ ਉਹ ਹੈ ਜੋ ਆਪਣੇ ਵੱਲੋਂ ਹੋਰਨਾਂ ਦਾ ਬੁਰਾ ਮੰਗਣਾ ਛੱਡ ਦੇਵੇ, ਤਾਂ ਕਿਸੇ ਦੀ ਬੁਰਾਈ ਉਸ ਦੇ ਨੇੜੇ ਨਹੀਂ ਆਵੇਗੀ। (ਪਰ ਮਨੁੱਖ ਇਉਂ ਕਰਦਾ ਨਹੀਂ)। ਉਹ ਤਾਂ ਆਪਣੇ ਹੰਕਾਰ ਦੇ ਬੰਧਨ ਵਿੱਚ ਬਧਾ ਹੋਇਆ ਹੈ, ਭਾਵ ਹੰਕਾਰ ਕਰਕੇ ਲੋਕਾਂ ਨਾਲ ਆਪ ਖਹਿੰਦਾ ਫਿਰਦਾ ਹੈ, ਪਰ ਐਸਾ ਅੰਨ੍ਹਾ ਹੈ ਕਿ ਦੋਸ਼ ਅਗਲਿਆਂ ਨੂੰ ਦਿੰਦਾ ਹੈ।

ਜਾ ਤੇ ਪਰਹਿ ਪਰਾਗ[੧] ॥ ੪੧ ॥ ਸਲੋਕ ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ[੨] ॥ ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ[੩] ॥ ੧ ॥ ਪਉੜੀ ॥ ਮਮਾ [੪]ਜਾਹੂ ਮਰਮੁ ਪਛਾਨਾ ॥ [੫]ਭੇਟਤ ਸਾਧਸੰਗ ਪਤੀਆਨਾ ॥ ਦੂਖ ਸੁਖ ਉਆ ਕੈ ਸਮਤ[੬] ਬੀਚਾਰਾ ॥ [੭]ਨਰਕ ਸੁਰਗ ਰਹਤ ਅਉਤਾਰਾ ॥ ਤਾਹੂ[੮] ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ[੯] ॥ [੧੦]ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ [੧੧]ਲਿਪਤ ਨਹੀ ਤਿਹ ਮਾਇਆ ॥ ੪੨ ॥ ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੧ ॥ ਪਵੜੀ ॥ ਯਯਾ ਜਤਨ ਕਰਤ [੧੨]ਬਹੁ ਬਿਧੀਆ ॥ ਏਕ ਨਾਮ ਬਿਨੁ [੧੩]ਕਹ ਲਉ ਸਿਧੀਆ ॥ [੧੪]ਯਾਹੂ ਜਤਨ ਕਰਿ ਹੋਤ ਛੁਟਾਰਾ ॥ ਉਆਹੂ ਜਤਨ ਸਾਧ ਸੰਗਾਰਾ ॥ [੧੫]ਯਾ ਉਬਰਨ ਧਾਰੈ ਸਭੁ ਕੋਊ ॥ ਉਆਹਿ ਜਪੇ ਬਿਨੁ ਉਬਰ ਨ ਹੋਊ ॥ ਯਾਹੂ[੧੬] ਤਰਨ ਤਾਰਨ ਸਮਰਾਥਾ ॥ ਰਾਖਿ ਲੇਹੁ ਨਿਰਗੁਨ [੧੭]ਨਰਨਾਥਾ ॥ [੧੮]ਮਨ ਬਚ ਕ੍ਰਮ ਜਿਹ ਆਪਿ ਜਨਾਈ ॥ ਨਾਨਕ ਤਿਹ ਮਤਿ ਪ੍ਰਗਟੀ ਆਈ ॥ ੪੩ ॥ ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥ ੧ ॥ ਪਉੜੀ ॥ ਰਾਰਾ ਰੇਨ[੧੯] ਹੋਤ ਸਭ ਜਾ ਕੀ ॥ [੨੦]ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ [੨੧]ਰਣਿ ਦਰਗਹਿ ਤਉ ਸੀਝਹਿ ਭਾਈ ॥ ਜਉ ਗੁਰਮੁਖਿ[੨੨] ਰਾਮ ਨਾਮ ਲਿਵ ਲਾਈ ॥ [੨੩]ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥ ਰਾਤੇ ਰੰਗ ਨਾਮ ਰਸ ਮਾਤੇ ॥ ਨਾਨਕ ਹਰਿ ਗੁਰ ਕੀਨੀ ਦਾਤੇ ॥ ੪੪ ॥ ਸਲੋਕੁ ॥ ਲਾਲਚ ਝੂਠ ਬਿਖੈ[੨੪] ਬਿਆਧਿ[੨੫] ਇਆ ਦੇਹੀ ਮਹਿ ਬਾਸ[੨੬] ॥ ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥ ੧ ॥ ਪਉੜੀ ॥ ਲਲਾ ਲਾਵਉ ਅਉਖਧ[੨੭] ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ[੨੮] ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ[੨੯] ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥ *ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ[੩੦] ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥ ਸਲੋਕੁ ॥ ਵਾਸੁਦੇਵ[੩੧] ਸਰਬਤ੍ਰ ਮੈ [੩੨]ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ ਨਾਨਕ [੩੩]ਕਾਇ ਦੁਰਾਇ ॥ ੧ ॥ ਪਉੜੀ ॥ ਵਵਾ ਵੈਰੁ ਨ ਕਰੀਐ ਕਾਹੂ ॥ [੩੪]ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ[੩੫] ॥ ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ[੩੬] ਜੋ ਸੁਨਤੇ ॥

੧ ਪਰੰਗਤ। ਮੁਕਤ ਹੋ ਜਾਵੇਂ।
੨ ਮੰਤਰ। ਜਿਨ੍ਹਾਂ ਦੇ ਮਨ ਵਿੱਚ ਪੂਰੇ ਗੁਰੂ ਦਾ ਉਪਦੇਸ਼ ਵਸਿਆ ਹੈ।
੩ ਭਾਗਾਂ ਵਾਲੇ।
੪ ਜਿਸ ਨੇ ਭੇਦ ਪਛਾਤਾ ਹੈ।
੫ ਸਾਧ ਸੰਗਤ ਦੇ ਮਿਲਣ ਨਾਲ ਪਤੀਜ ਗਿਆ, ਤਸੱਲੀ ਹੋ ਗਈ।
੬ ਇਕੋ ਜੇਹਾ।
੭ ਨਰਕ ਸੁਰਗ ਵਿੱਚ ਉਤਰਨ ਤੋਂ ਰਹਿਤ ਹੋ ਗਿਆ।
੮ ਉਸ ਨੂੰ। ਉਸ ਨੂੰ ਵਾਹਿਗੁਰੂ ਮਿਲਿਆ ਹੋਇਆ ਵੀ ਤੇ ਨਿਰਲੇਪ ਵੀ ਦਿੱਸਦਾ ਹੈ।
੯ ਵਿਸ਼ੇਸ਼ ਕਰਕੇ। ਚੰਗੀ ਤਰ੍ਹਾਂ ਘਟ-ਘਟ ਵਿੱਚ ਵਸਿਆ ਹੈ।
੧੦ ਉਸ ਨੇ ਉਸੇ (ਹਰੀ) ਦੇ ਪਿਆਰ ਵਿੱਚ ਸੁਖ ਪਾਇਆ ਹੈ।
੧੧ ਉਸ ਨੂੰ ਮਾਇਆ ਦਾ ਲੇਪ ਭਾਵ ਅਸਰ ਨਹੀਂ।
੧੨ ਕਈ ਤਰੀਕਿਆਂ ਨਾਲ।
੧੩ ਕਿਵੇਂ ਸਿਧੀ ਲਭੇ, ਕਾਮਯਾਬੀ ਹੋਵੇ?
੧੪ ਜਿਸ ਜਤਨ ਨਾਲ ਛੁਟਕਾਰਾ ਹੋ ਸਕਦਾ ਹੈ, ਉਹ ਜਤਨ ਸਾਧ-ਸੰਗਤ ਅੰਦਰ ਹੀ ਹੈ।
੧੫ ਇਸ ਉਬਰਨ (ਸੰਸਾਰ ਤੋਂ ਬਚਣ) ਲਈ ਸਭ ਕੋਈ ਖਿਆਲ ਰੱਖਦਾ ਹੈ। ਪਰ ਉਸ ਦੇ (ਭਾਵ ਹਰੀ ਦੇ) ਜਪਣ ਤੋਂ ਬਿਨਾਂ ਬਚਾਉ ਨਹੀਂ ਹੋ ਸਕਦਾ।
੧੬ ਉਹੋ ਹੀ।
੧੭ ਹੇ ਨਰਾਂ ਦੇ ਨਾਥ, ਮਨੁੱਖਾਂ ਦੇ ਮਾਲਕ!
੧੮ ਮਨ, ਬਚਨ ਤੇ ਕਰਮ ਕਰ ਕੇ ਜਿਸ ਨੂੰ ਆਪ ਹਰੀ ਨੇ ਸਮਝ ਦਿੱਤੀ ਹੈ।
੧੯ ਮਿੱਟੀ, ਧੂੜੀ।
੨੦ ਤੂੰ ਭੀ ਹੰਕਾਰ ਛੱਡ ਕੇ ਉਸ ਦੀ ਚਰਨ-ਧੂੜ ਹੋ ਜਾ, ਤਾਂ ਕਿ ਤੇਰੇ ਜ਼ਿਮੇ ਜੋ ਕੁਝ ਦੇਣਾ ਰਹਿੰਦਾ ਹੈ, ਉਹ ਛੱਡ ਦਿੱਤਾ ਜਾਵੇ, ਭਾਵ ਪਾਪਾਂ ਦਾ ਫਲ ਜੋ ਤੂੰ ਅਜੇ ਭੁਗਤਣਾ ਹੈ, ਉਹ ਮਾਫ਼ ਹੋ ਜਾਵੇ।
੨੧ ਹਰੀ ਦੀ ਦਰਗਾਹ ਰੂਪ ਰਣ (ਮੈਦਾਨਿ-ਜੰਗ) ਵਿੱਚ ਤੂੰ ਤਦ ਸਫ਼ਲ ਹੋ ਸਕਦਾ ਹੈਂ।
੨੨ ਗੁਰੂ ਦੁਆਰਾ।
੨੩ ਰਹਿਣੀ (ਜੀਵਨ) ਰਹਿਣ ਨਾਲ ਬਿਕਾਰ ਰਹਿ (ਮੁਕ) ਜਾਂਦੇ ਹਨ।
੨੪ ਵਿਸ਼ਿਆਂ ਦਾ।
੨੫ ਰੋਗਾਂ ਦੁੱਖਾਂ ਦਾ।
੨੬ (ਇਨ੍ਹਾਂ ਦਾ ਦੇਹੀ ਵਿੱਚ) ਵਾਸਾ ਹੈ।
੨੭ ਦਵਾਈ। ਜਿਥੇ ਨਾਮ ਰੂਪ ਦਵਾਈ ਲਾਈਏ।
੨੮ ਖਿਨ ਵਿੱਚ।
੨੯ ਸੁਖਾਵੇ।
੩੦ ਦਵਾਈ ਖਾਣ ਨਾਲ ਜੋ ਪਥ ਰਖਣਾ ਹੁੰਦਾ ਹੈ, ਪ੍ਰਹੇਜ਼।
੩੧ [ਜਿਸ ਵਿੱਚ ਸਭ ਦਾ ਨਿਵਾਸ ਹੈ ਤੇ ਜੋ ਸਭ ਵਿੱਚ ਹੈ] ਵਾਹਿਗੁਰੂ।
੩੨ (ਉਸ ਤੋਂ) ਖਾਲੀ ਕੋਈ ਥਾਂ ਨਹੀਂ ਹੈ।
੩੩ ਲੁਕਾਉ ਕਾਹਦਾ ਹੈ?
੩੪ ਹਰ ਇਕ ਜੀਵ ਵਿੱਚ ਬ੍ਰਹਮ ਸਮਾਇਆ ਹੋਇਆ ਹੈ।
੩੫ ਗਾਵਿਆ।
੩੬ ਗੁਰੂ ਦੀ ਕਿਰਪਾ ਨਾਲ।

* ਹਰੀ-ਨਾਮ ਰੂਪ ਦਵਾਈ ਸਭ ਸਰੀਰਾਂ ਵਿੱਚ ਮੌਜੂਦ ਹੈ, ਪਰ ਪੂਰੇ ਗੁਰੂ ਬਿਨਾਂ ਇਸ ਦੀ ਪ੍ਰਾਪਤੀ ਦੀ ਬਿਧ ਨਹੀਂ ਬਣਦੀ, ਮਿਲਣ ਦਾ ਤਰੀਕਾ ਨਹੀਂ ਲੱਭਦਾ।

ਵਰਨ[੧] ਚਿਹਨ[੨] ਸਗਲਹ ਤੇ ਰਹਤਾ॥ ਨਾਨਕ ਹਰਿ ਹਰਿ ਗੁਰਮੁਖਿ[੩] ਜੋ ਕਹਤਾ॥ ੪੬ ॥ ਸਲੋਕੁ ॥ ਹਉ ਹਉ ਕਰਤ ਬਿਹਾਨੀਆ ਸਾਕਤ[੪] ਮੁਗਧ ਅਜਾਨ ॥ [੫]ਝੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥ ੧ ॥ ਪਉੜੀ॥ ੜਾੜਾ ੜਾੜਿ[੬] ਮਿਟੈ ਸੰਗਿ ਸਾਧੂ ॥ [੭]ਕਰਮ ਧਰਮ ਤਤੁ ਨਾਮ ਅਰਾਧੂ ॥ ਰੂੜੋ[੮] ਜੇਹ ਬਸਿਓ ਰਿਦ ਮਾਹੀ॥ ਉਆ ਕੀ ੜਾੜਿ ਮਿਟਤ ਬਿਨਸਾਹੀ[੯] ॥ ੜਾੜਿ ਕਰਤ ਸਾਕਤ ਗਾਵਾਰਾ ॥ [੧੦]ਜੇਹ ਹੀਐ ਅਹੰਬੁਧਿ ਬਿਕਾਰਾ॥ ੜਾੜਾ ਗੁਰਮੁਖਿ ੜਾੜਿ ਮਿਟਾਈ॥ ਨਿਮਖ[੧੧] ਮਾਹਿ ਨਾਨਕ ਸਮਝਾਈ॥ ੪੭ ॥ ਸਲੋਕੁ ॥ ਸਾਧੂ ਕੀ ਮਨ ਓਟ ਗਹੁ[੧੨] ਉਕਤਿ[੧੩] ਸਿਆਨਪ ਤਿਆਗੁ ॥ ਗੁਰ ਦੀਖਿਆ[੧੪] ਜਿਹ ਮਨਿ ਬਸੈ ਨਾਨਕ [੧੫]ਮਸਤਕਿ ਭਾਗੁ ॥ ੧ ॥ ਪਉੜੀ॥ ਸਸਾ ਸਰਨਿ ਪਰੇ ਅਬ ਹਾਰੇ[੧੬] ॥ [੧੭]ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ॥ [੧੮]ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥ ਸਾਸਿ ਸਾਸਿ ਹਮ ਭੂਲਨਹਾਰੇ॥ ਤੁਮ ਸਮਰਥ ਅਗਨਤ ਅਪਾਰੇ॥ ਸਰਨਿ ਪਰੇ ਕੀ ਰਾਖੁ ਦਇਆਲਾ॥ ਨਾਨਕ [੧੯]ਤੁਮਰੇ ਬਾਲ ਗੁਪਾਲਾ॥ ੪੮ ॥ ਸਲੋਕੁ ॥ ਖੁਦੀ[੨੦] ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ ਨਾਨਕ [੨੧]ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ ੧ ॥ ਪਉੜੀ॥ ਖਖਾ [੨੨]ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ ਊਨੇ[੨੩] ਸੁਭਰ ਭਰਾਹੂ ॥ ਖਰਾ ਨਿਮਾਨਾ ਹੋਤ ਪਰਾਨੀ॥ ਅਨਦਿਨੁ[੨੪] [੨੫]ਜਾਪੈ ਪ੍ਰਭ ਨਿਰਬਾਨੀ॥ [੨੬]ਭਾਵੈ ਖਸਮ ਤ ਉਆ ਸੁਖੁ ਦੇਤਾ॥ ਪਾਰਬ੍ਰਹਮੁ ਐਸੋ ਆਗਨਤਾ[੨੭] ॥ [੨੮]ਅਸੰਖ ਖਤੇ ਖਿਨ ਬਖਸਨਹਾਰਾ॥ ਨਾਨਕ ਸਾਹਿਬ ਸਦਾ ਦਇਆਰਾ[੨੯] ॥ ੪੯ ॥ ਸਲੋਕੁ ॥ [੩੦]ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ॥ ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ॥ ੧ ॥ ਪਉੜੀ॥ ਸਸਾ ਸਿਆਨਪ ਛਾਡੁ ਇਆਨਾ॥ [੩੧]ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ॥ [੩੨]ਸਹਸ ਭਾਤਿ ਕਰਹਿ ਚਤੁਰਾਈ॥ ਸੰਗਿ ਤੁਹਾਰੈ ਏਕ ਨ ਜਾਈ॥ [੩੩]ਸੋਊ ਸੋਊ ਜਪਿ ਦਿਨ ਰਾਤੀ॥ ਰੇ ਜੀਅ ਚਲੈ ਤੁਹਾਰੈ ਸਾਥੀ[੩੪] ॥ ਸਾਧ ਸੇਵਾ ਲਾਵੈ ਜਿਹ ਆਪੈ॥ ਨਾਨਕ ਤਾ ਕਉ ਦੂਖੁ ਨ ਬਿਆਪੈ॥ ੫੦ ॥ ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ[੩੫] ਸੁਖੁ ਹੋਇ॥ ਨਾਨਕ ਸਭ ਮਹਿ [੩੬]ਰਵਿ ਰਹਿਆ ਥਾਨ ਥਨੰਤਰਿ[੩੭] ਸੋਇ॥ ੧ ॥ ਪਉੜੀ॥ *ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ॥ ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ॥ [੩੮]ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ॥ ਹਤੇ[੩੯] ਦੂਖ ਜਨਮਹ ਮਰਨ ਸੰਤਸੰਗ ਪਰਤਾਪ॥ [੪੦]ਹਿਤ ਕਰਿ ਨਾਮ ਦ੍ਰਿੜੈ ਦਇਆਲਾ॥ ਸੰਤਹ ਸੰਗਿ ਹੋਤ

੧ ਰੰਗ; ਜਾਤ-ਪਾਤ ਦੇ ਭੇਦ।
੨ ਨਿਸ਼ਾਨ। ਜੋ ਗੁਰਾਂ ਦਵਾਰਾ ਹਰੀ ਨੂੰ ਜਪਦਾ ਹੈ, ਉਹ ਜਾਤਿ ਆਦਿਕ ਸਭ ਭੇਦਾਂ ਤੋਂ ਰਹਿਤ ਹੋ ਜਾਂਦਾ ਹੈ।
੩ ਗੁਰੂ ਦੁਆਰਾ।
੪ [ਸ਼ਕਤੀ ਦਾ ਉਪਾਸ਼ਕ] ਮਾਇਆ ਵਿੱਚ ਲੱਗ ਕੇ ਵਾਹਿਗੁਰੂ ਨੂੰ ਵਿਸਾਰਨ ਵਾਲਾ। ਮੂਰਖ ਤੇ ਅੰਞਾਣੇ ਸਾਕਤ ਦੀ ਉਮਰ ਹਉਮੈ ਵਿੱਚ ਲੰਘਦੀ ਹੈ।
੫ ਕੀਤੇ ਕੰਮਾਂ ਕਰਕੇ ਤ੍ਰਿਹਾਏ ਜੀਵ ਵਾਂਗ ਤੜਪ ਮੋਏ।
੬ ਝਗੜਾ।
੭ ਨਾਮ ਦਾ ਅਰਾਧਣਾ ਸਾਰੇ ਕ੍ਰਮਾਂ ਧਰਮਾਂ ਦਾ ਤੱਤ ਹੈ; ਨਾਮ ਜਪਣ ਵਿੱਚ ਸਭ ਕਰਮ ਧਰਮ ਆ ਜਾਂਦੇ ਹਨ।
੮ ਸੁੰਦਰ (ਹਰੀ)।
੯ ਨਾਸ ਹੁੰਦੀ ਹੈ। ਜਿਸ ਦੇ ਹਿਰਦੇ ਵਿੱਚ ਸੁੰਦਰ ਹਰੀ ਵਸਦਾ ਹੈ, ਉਸ ਦੀ ਰੜਕ (ਹੋਰਨਾਂ ਨਾਲ) ਮੁੱਕਦੀ-ਮੁੱਕਦੀ ਮੁੱਕ ਹੀ ਜਾਂਦੀ ਹੈ।
੧੦ ਜਿਸ ਦੇ ਹਿਰਦੇ ਅੰਦਰ ਹੰਕਾਰ ਵਾਲੀ ਬੁੱਧੀ ਤੇ ਵਿਕਾਰ ਹਨ।
੧੧ ਅੱਖ ਦੇ ਫੋਰ ਜਿੰਨਾ ਸਮਾਂ।
੧੨ ਪਕੜੇ।
੧੩ ਯੁਕਤੀ, ਦਲੀਲਬਾਜ਼ੀ।
੧੪ ਸਿਖਿਆ।
੧੫ ਉਸ ਦੇ ਮੱਥੇ 'ਤੇ ਭਾਗ ਹਨ; ਉਹ ਚੰਗੇ ਭਾਗਾਂ ਵਾਲਾ ਹੈ।
੧੬ ਹਾਰ ਕੇ।
੧੭ ਦੇਖੋ ਪੰਨਾ ੧੧, ਫੁਟ ਨੋਟ † ਤੇ *।
੧੮ ਚੰਗੀ ਤਰ੍ਹਾਂ ਵਿਚਾਰ ਕੇ ਇਹ ਸਮਝ ਆਈ ਹੈ।
੧੯ ਹੇ ਗੋਪਾਲ! ਅਸੀਂ ਤੇਰੇ ਬਾਲਕ ਹਾਂ।
੨੦ ਹੰਕਾਰ।
੨੧ ਨਜ਼ਰ ਆਇਆ, ਦਿੱਸਿਆ।
੨੨ ਚੰਗੀ ਤਰ੍ਹਾਂ ਸਲਾਹੁੰਦਾ ਹਾਂ ਕੇਵਲ ਉਸ ਨੂੰ।
੨੩ ਖਾਲੀ। ਖਾਲੀਆਂ ਨੂੰ ਨਕਾ-ਨਕ ਭਰ ਦਿੰਦਾ ਹੈ।
੨੪ ਹਰ ਰੋਜ਼।
੨੫ ਨਿਰਲੇਪ ਵਾਹਿਗੁਰੂ ਨੂੰ ਜਪਦਾ ਹੈ।
੨੬ ਜੋ ਮਾਲਕ ਨੂੰ ਭਾਵੇ ਤਾਂ ਸੁਖ ਦਿੰਦਾ ਹੈ। ਕਿਸ ਨੂੰ? ਜੋ ਖਰਾ ਨਿਮਾਣਾ ਹੈ।
੨੭ ਬੇਅੰਤ।
੨੮ ਅਣਗਿਣਤ ਪਾਪ।
੨੯ ਦਿਆਲੂ।
੩੦ ਸੱਚ ਕਹਿੰਦਾ ਹਾਂ।
੩੧ ਚਲਾਕੀਆਂ ਨਾਲ ਤੇ ਹੁਕਮ ਕੀਤਿਆਂ ਵਾਹਿਗੁਰੂ ਪਤੀਜਦਾ ਨਹੀਂ, ਭਾਵ ਉਹ ਹੁਕਮ ਵਿੱਚ ਚਲਿਆਂ ਪ੍ਰਸੰਨ ਹੁੰਦਾ ਹੈ।
੩੨ ਭਾਵੇਂ ਹਜ਼ਾਰਾਂ ਤਰੀਕਿਆਂ ਨਾਲ ਸਿਆਣਪ ਕਰੇਂ, ਇਕ ਭੀ ਤੇਰੇ ਨਾਲ ਨਹੀਂ ਚਲਣੀ, ਕਬੂਲ ਨਹੀਂ ਪੈਣੀ। "ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥" (ਜਪੁ)।
੩੩ ਉਸੇ ਨੂੰ।
੩੪ ਨਾਲ।
੩੫ ਵੱਸਣ ਨਾਲ। ਹਰੀ ਦਿਲ ਵਿੱਚ ਵੱਸਿਆ ਹੋਣ 'ਤੇ ਮੂੰਹੋਂ ਹਰੀ-ਹਰੀ ਉਚਾਰੀਏ ਤਾਂ ਸੁਖ ਹੁੰਦਾ ਹੈ।
੩੬ ਵਿਆਪਕ।
੩੭ ਥਾਵਾਂ ਅੰਦਰ।
੩੮ ਹਉਮੈ ਦੂਰ ਹੋਵੇ ਤਾਂ ਅਨੰਦ ਹੁੰਦਾ ਹੈ, ਜਿਥੇ ਹਉਂ ਨਹੀਂ ਉਥੇ ਹਰੀ ਆਪ ਹੈ।
੩੯ ਦੂਰ ਹੋਏ।
੪੦ ਪ੍ਰੇਮ ਨਾਲ ਦਿਆਲੂ ਹਰੀ ਦਾ ਨਾਮ ਜਪੇ।

* ਵੇਖਦਾ ਹਾਂ ਕਿ ਭਗਵਾਨ ਸਾਰਿਆਂ ਦੇ ਦਿਲਾਂ ਵਿੱਚ ਸਮਾਅ ਰਿਹਾ ਹੈ। ਉਹ ਦੁੱਖ ਦੂਰ ਕਰਨ ਵਾਲਾ ਹਰੀ ਸਦਾ ਤੋਂ ਇਉਂ ਪਰੀ ਪੂਰਨ ਹੁੰਦਾ ਆਇਆ ਹੈ, ਪਰ ਇਹ ਗਿਆਨ ਗੁਰੂ ਤੋਂ ਲੱਭਦਾ ਹੈ। ਇਹ ਗਿਆਨ ਕੀ ਹੈ? ਅਗਲੀਆਂ ਤੁਕਾਂ ਵੇਖੋ)।

ਕਿਰਪਾਲਾ ॥ [੧]ਓਰੈ ਕਛੂ ਨ ਕਿਨਹੂ ਕੀਆ ॥ ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥ ੫੧ ॥ ਸਲੋਕੁ ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥ ਪਉੜੀ ॥ [੨]ਲੂਣ ਹਰਾਮੀ ਗੁਨਹਗਾਰ ਬੇਗਾਨਾ[੩] [੪]ਅਲਪ ਮਤਿ ॥ [੫]ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ [੬]ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ[੭] ਨ ਮਨਹਿ ਬਸਾਇ ॥ ਲਾਲਚ ਝੂਠ ਬਿਕਾਰ ਮੋਹ [੮]ਇਆ ਸੰਪੈ ਮਨ ਮਾਹਿ ॥ ਲੰਪਟ[੯] ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ[੧੦] ਨੀਰਿ ਤਰੇ ॥ ੫੨ ॥ ਸਲੋਕੁ ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ ਭਵਜਲ[੧੧] ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥ ੧ ॥ ਪਉੜੀ ॥ [੧੨]ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ [੧੩]ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥ ਖਿਮਾ ਗਹੀ[੧੪] [੧੫]ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥ ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥ ਖੇਪ[੧੬] ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ[੧੭] ॥ ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥ ਨਾਨਕ [੧੮]ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥ ੫੩ ॥ ਸਲੋਕੁ ॥ ਆਏ ਪ੍ਰਭ ਸਰਨਾਗਤੀ [੧੯]ਕਿਰਪਾ ਨਿਧਿ ਦਇਆਲ ॥ ਏਕ ਅਖਰੁ[੨੦] ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥ ਪਉੜੀ ॥ *ਅਖਰ[੨੧] ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖੵਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥ ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥ ਸਲੋਕੁ ॥ [੨੨]ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥ ਪਉੜੀ ॥ ਹੇ ਅਚੁਤ[੨੩] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੨੪] ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ [੨੫]ਗੁਣ ਤਾਸ ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੨੬] ॥ ਹੇ ਅਪਰੰਪਰ[੨੭] ਹਰਿ ਹਰੇ ਹਹਿ ਭੀ ਹੋਵਨਹਾਰ ॥ ਹੇ ਸੰਤਹ[੨੮] ਕੈ ਸਦਾ ਸੰਗਿ [੨੯]ਨਿਧਾਰਾ ਆਧਾਰ ॥ ਹੇ ਠਾਕੁਰ ਹਉ ਦਾਸਰੋ[੩੦] ਮੈ ਨਿਰਗੁਨ ਗੁਨੁ ਨਹੀ ਕੋਇ ॥

੧ ਰੱਬ ਤੋਂ ਉਰੇ ਹੋਰ ਕਿਸੇ ਨੇ ਕੁਝ ਨਹੀਂ ਕੀਤਾ।
੨ [ਆਪਣੇ ਮਾਲਕ ਦਾ ਲੂਣ ਖਾ ਕੇ ਖੁਆਰ ਕਰਨ ਵਾਲਾ], ਨਾਸ਼ੁਕਰਾ, ਕੀਤਾ ਨਾ ਜਾਨਣ ਵਾਲਾ, ਕ੍ਰਿਤਘਣ।
੩ ਬੇਸਮਝ।
੪ ਥੋੜ੍ਹੀ ਮਤ ਵਾਲਾ।
੫ ਜਿਸ ਨੇ ਆਤਮਾ ਅਤੇ ਸਰੀਰ ਦਿੱਤਾ ਹੈ, ਉਸ ਤੱਤ ਰੂਪ ਨੂੰ ਨਹੀਂ ਜਾਣਦਾ।
੬ ਮਾਇਕ ਲਾਭ ਦੇ ਕਾਰਨ ਸਾਰੇ ਪਾਸੇ ਢੂੰਡਣ ਜਾਂਦਾ ਹੈ।
੭ ਅੱਖ ਦੇ ਫੋਰ ਜਿੰਨੇ ਸਮੇਂ ਲਈ।
੮ ਇਹ ਧਨ ਆਦਿਕ ਹੀ ਮਨ ਵਿੱਚ ਵਸੇ ਹਨ।
੯ ਵਿਸ਼ਈ। ਚੋਰਾਂ ਆਦਿਕ ਦੀ ਸੰਗਤ ਵਿੱਚ ਵਕਤ ਗੁਜ਼ਾਰਦਾ ਹੈ।
੧੦ ਪੱਥਰ। ਪੱਥਰ ਵੀ ਪਾਣੀ 'ਤੇ ਤਰ ਜਾਂਦੇ ਹਨ, ਭਾਵ ਬੱਜਰ ਪਾਪਾਂ ਵਾਲੇ ਭੀ ਤਰ ਜਾਂਦੇ ਹਨ।
੧੧ ਸੰਸਾਰ ਸਾਗਰ।
੧੨ ਜੀਵਨ ਦੀ ਬਾਜੀ ਖੇਡਦਾ-ਖੇਡਦਾ।
੧੩ ਦੁੱਖ ਤਕਲੀਫ਼ ਮਿਟ ਗਏ ਹਨ ਗੁਰੂ-ਸਾਧੂ ਦੇ ਮਿਲਣ ਕਰਕੇ।
੧੪ ਪੱਕੜੀ, ਧਾਰਨ ਕੀਤੀ।
੧੫ ਸੱਚ 'ਕੱਠਾ ਕੀਤਾ।
੧੬ ਮਾਲ ਦੀ ਭਰਤੀ। ਭਾਵ ਜਨਮ ਸਫਲ ਹੋ ਗਿਆ।
੧੭ ਵਾਹਿਗੁਰੂ ਨੂੰ।
੧੮ ਉਸੇ ਨੂੰ ਸਲਾਹੀਏ ਜੋ ਸਾਰਿਆਂ ਵਜੂਦਾਂ ਵਿੱਚ ਸਮਾਅ ਰਿਹਾ ਹੈ।
੧੯ ਕਿਰਪਾ ਦਾ ਖਜ਼ਾਨਾਂ।
੨੦ ਨਾਮ ਦਾ ਇਕ ਅੱਖਰ; ਭਾਵ ਨਾਮ ਦਾ ਕਿਣਕਾ ਮਾਤਰ।
੨੧ ਬੋਲੀ ਦੇ ਲਫ਼ਜ਼। ਪ੍ਰਭੂ ਨੇ ਜੋ ਤਿੰਨਾਂ ਭਵਣਾਂ ਵਾਲੀ ਸ੍ਰਿਸ਼ਟੀ ਬਣਾਈ ਹੈ, ਉਹ ਸਾਰੀ ਬੋਲੀ ਦੇ ਅੱਖਰਾਂ ਦੁਆਰਾ ਬਿਆਨ ਹੋ ਸਕਦੀ ਹੈ, ਭਾਵ ਮਹਿਦੂਦ ਹੈ। ਅੱਖਰਾਂ ਕਰਕੇ ਹੀ ਵੇਦਾਂ ਦਾ ਵਿਚਾਰ ਹੁੰਦਾ ਹੈ। ਸ਼ਾਸਤਰ, ਸਿਮ੍ਰਿਤੀਆਂ ਤੇ ਪੁਰਾਣ ਆਦਿ ਪੁਸਤਕ ਭੀ ਅੱਖਰ ਹਨ। ਗਾਉਣਾ, ਬਿਆਨ ਕਰਨਾ ਜਾਂ ਲੈਕਚਰ ਦੇਣੇ ਭੀ ਅੱਖਰਾਂ ਸਿਰ ਹੀ ਹਨ। ਮੁਕਤੀ, ਜੀਵਨ ਦਾ ਤਰੀਕਾ, ਡਰ ਤੇ ਭਰਮ ਦੇ ਖਿਆਲ ਭੀ ਅੱਖਰਾਂ ਦੁਆਰਾ ਹੀ ਦੱਸੇ ਜਾਂਦੇ ਹਨ; ਇਸੇ ਤਰ੍ਹਾਂ ਕਰਮ ਤੇ ਉਨ੍ਹਾਂ ਤੋਂ ਬਣੀ ਕਿਰਤ ਅਤੇ ਸੁਚਮ ਦੇ ਨੇਮ ਭੀ ਅੱਖਰਾਂ ਦੁਆਰਾ ਬਿਆਨ ਹੁੰਦੇ ਹਨ। ਗੱਲ ਕੀ ਜੋ ਕੁਝ ਦਿੱਸ ਰਿਹਾ ਹੈ। ਇਹ ਸਭ ਬਿਆਨ ਦੀ ਹੱਦ ਅੰਦਰ ਹੈ। ਅੱਖਰਾਂ ਤੋਂ ਪਰ੍ਹੇ ਕੇਵਲ ਪਾਰਬ੍ਰਹਮ ਹੈ।
੨੨ ਅਗੰਮ ਹਰੀ ਦੇ ਹੱਥ ਵਿੱਚ ਕਲਮ ਹੈ ਤੇ ਜੀਵਾਂ ਦੇ ਮੱਥੇ 'ਤੇ ਲੇਖ ਲਿਖਦਾ ਹੈ। ਉਹ ਅਨੂਪ ਰੂਪ ਵਾਲਾ ਸਭ ਵਿੱਚ ਵਿਆਪਕ ਹੋ ਰਿਹਾ ਹੈ। ਦੇਖੋ ਇਹੋ ਸਲੋਕ ਪੰਨਾ ੧੩੬੧ ਉੱਤੇ।
੨੩ ਅਚੁਜਤ, ਨਾ ਚਲਾਇਮਾਨ, ਅਟੱਲ।
੨੪ ਪਾਪਾਂ ਦੇ ਨਾਸ ਕਰਨ ਵਾਲੇ!
੨੫ ਗੁਣਾਂ ਦਾ ਭੰਡਾਰ।
੨੬ ਨਿਰਣਾ ਕਰਨ ਵਾਲੀ ਵਿਚਾਰ; ਭਾਵ ਉਹ ਅੰਨ੍ਹੇ-ਵਾਹ ਫ਼ੈਸਲੇ ਨਹੀਂ ਕਰਦਾ। ਹਮੇਸ਼ਾਂ ਸੋਚ ਸਮਝ ਕੇ ਨਿਰਣਾ ਕਰਦਾ ਹੈ।
੨੭ ਪਰ੍ਹੇ ਤੋਂ ਪਰ੍ਹੇ।
੨੮ ਸੰਤਾਂ ਦੇ।
੨੯ ਨਿਆਸਰਿਆਂ ਦੇ ਆਸਰੇ।
੩੦ ਦਾਸ।

* ਭਾਵ ਤਿੰਨਾਂ ਲੋਕਾਂ ਦੀਆਂ ਚੀਜ਼ਾਂ ਨੂੰ ਅੱਖਰਾਂ (ਲਫ਼ਜ਼ਾਂ) ਰਾਹੀਂ ਬਿਆਨ ਕੀਤਾ ਜਾ ਸਕਦਾ ਹੈ। ਹਰ ਚੀਜ਼ ਅੱਖਰਾਂ ਰਾਹੀਂ ਵਰਣਨ ਹੋ ਸਕਦੀ; ਕੇਵਲ ਉਹ ਵਾਹਿਗੁਰੂ ਅੱਖਰਾਂ ਵਿੱਚ ਨਹੀਂ ਆਉਂਦਾ ਭਾਵ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਬੇਅੰਤ ਹੈ; ਯਥਾ "ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥" (ਜਪੁ)।

ਨਾਨਕ ਦੀਜੈ ਨਾਮ ਦਾਨੁ ਰਾਖਉ [1]ਹੀਐ ਪਰੋਇ ॥ ੫੫ ॥ ਸਲੋਕੁ ॥ [2]ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥ ਏਹੁ ਸਲੋਕੁ ਆਦਿ ਅੰਤਿ ਪੜਣਾ ॥

ਗਉੜੀ ਸੁਖਮਨੀ* ਮਃ ੫ ॥ ਸਲੋਕੁ ॥ ੴ ਸਤਿਗੁਰ ਪ੍ਰਸਾਦਿ ॥ [3]ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥ ਸਤਿਗੁਰਏ[4] ਨਮਹ ॥ ਸ੍ਰੀ ਗੁਰਦੇਵਏ[5] ਨਮਹ ॥ ੧ ॥ ਅਸਟਪਦੀ[6] ॥ †ਸਿਮਰਉ[7] ਸਿਮਰਿ ਸਿਮਰਿ ਸੁਖੁ ਪਾਵਉ ॥ [8]ਕਲਿ ਕਲੇਸ ਤਨ ਮਾਹਿ ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ[9] ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ[10] ॥ ਕੀਨੇ ਰਾਮ ਨਾਮ ਇਕ ਆਖ੍ਯਰ ॥ ਕਿਨਕਾ[11] ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ [12]ਗਨੀ ਨ ਆਵੈ ॥ [13]ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥ ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ [14]ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਪ੍ਰਭ ਕੈ ਸਿਮਰਨਿ [15]ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ[16] ॥ ਪ੍ਰਭ ਸਿਮਰਤ ਕਛੁ ਬਿਘਨੁ[17] ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ[18] ਜਾਗੈ ॥ ਪ੍ਰਭ ਕੈ ਸਿਮਰਨਿ [19]ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ [20]ਦੁਖੁ ਨ ਸੰਤਾਪੈ ॥ ਪ੍ਰਭ ਕਾ ਸਿਮਰਨੁ [21]ਸਾਧ ਕੈ ਸੰਗਿ ॥ [22]ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥ ਪ੍ਰਭ ਕੈ [23]ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ[24] ॥ [25]ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ [26]ਦਰਗਹ ਮਾਨੀ ॥ ਪ੍ਰਭ ਕੈ ਸਿਮਰਨਿ ਹੋਇ

੧ ਦਿਲ ਵਿੱਚ ਪਰੋ ਕੇ।
੨ ਇਸ ਸਾਰੇ ਸਲੋਕ ਦੇ ਅਰਥ ਹੋ ਚੁੱਕੇ ਹਨ। ਦੇਖੋ ਪੰਨਾ ੨੫੦।
੩ ਵਾਹਿਗੁਰੂ ਜੋ ਆਦਿ ਤੋਂ ਗੁਰੂ ਹੈ ਉਸ ਨੂੰ ਨਮਸਕਾਰ ਹੈ।
੪ ਵਾਹਿਗੁਰੂ ਨੂੰ ਸਤਿਗੁਰੂ ਆਖਿਆ ਹੈ।
੫ ਵਾਹਿਗੁਰੂ ਨੂੰ।
੬ ਅੱਠ ਪਦਾਂ ਦੀ ਰਚਨਾ।
੭ ਮੈਂ ਸਿਮਰਦਾ ਹਾਂ।
੮ ਝਗੜੇ ਤੇ ਦੁੱਖ ਜੋ ਸਰੀਰ ਵਿੱਚ (ਭਾਵ ਜ਼ਿੰਦਗੀ ਵਿੱਚ) ਹਨ।
੯ ਵਿਸ਼੍ਵ (ਸੰਸਾਰ) ਨੂੰ ਭਰਨ ਵਾਲਾ ਹਰੀ। ਇਕੋ ਹਰੀ ਦਾ ਜਸ ਸਿਮਰਦਾ ਹਾਂ।
੧੦ ਸ਼ੁੱਧ ਅੱਖਰਾਂ ਵਾਲੇ। (ਹਿੰਦੂ ਲੋਕ ਇਨ੍ਹਾਂ ਪੁਸਤਕਾਂ ਦੇ ਪਾਠ-ਅੱਖਰਾਂ ਦੇ ਸ਼ੁੱਧ ਹੋਣ 'ਤੇ ਬੜਾ ਜ਼ੋਰ ਦਿੰਦੇ ਹਨ)। ਸ਼ੁੱਧ ਅੱਖਰਾਂ ਵਾਲੇ ਵੇਦ ਪੁਰਾਣ ਆਦਿਕ ਰਾਮ ਨਾਮ ਦੇ ਇਕ ਅੱਖਰ ਤੋਂ ਪੈਦਾ ਹੋਏ ਹਨ, ਭਾਵ ਨਾਮ ਦੇ ਪ੍ਰਗਟ ਕਰਨ ਦੇ ਯਤਨ ਦਾ ਹੀ ਸਿੱਟਾ ਹਨ।
੧੧ ਜ਼ੱਰਰਾ। ਥੋੜ੍ਹਾ ਜੇਹਾ ਵੀ ਹਰੀ ਦਾ ਨਾਮ ਜਿਸ ਦੇ ਮਨ ਵਿੱਚ ਵਸਾ ਦੇਵੇ।
੧੨ ਗਿਣੀ ਨਹੀਂ ਜਾਂਦੀ।
੧੩ ਚਾਹਵਾਨ ਜੋ ਇਕ ਤੇਰੇ ਦਰਸ ਦੇ ਹਨ।
੧੪ ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਜਨਮ ਮਰਨ ਵਿੱਚ ਨਹੀਂ ਆਉਂਦਾ।
੧੫ ਮੌਤ ਨੂੰ ਦੂਰ ਕਰਦਾ ਹੈ, ਭਾਵ ਮੌਤ ਦੇ ਡਰ ਨੂੰ ਮੁਕਾ ਦਿੰਦਾ ਹੈ।
੧੬ ਟਲ ਜਾਂਦਾ ਹੈ, ਹੱਟ ਜਾਂਦਾ ਹੈ।
੧੭ ਵਿਘਨ, ਰੁਕਾਵਟ।
੧੮ ਹਰ ਰੋਜ਼, ਨਿਤ, ਲਗਾਤਾਰ।
੧੯ ਡਰ ਨਹੀਂ ਲੱਗਦਾ।
੨੦ ਦੁੱਖ ਨਹੀਂ ਸਤਾਉਂਦਾ।
੨੧ ਸਾਧਾਂ (ਗੁਰਮੁਖਾਂ) ਦੀ ਸੰਗਤ ਵਿੱਚ ਹੋ ਸਕਦਾ ਹੈ।
੨੨ ਹਰੀ ਨਾਮ ਦੇ ਪਿਆਰ ਵਿੱਚ ਸਾਰੇ ਖਜ਼ਾਨੇ ਹਨ।
੨੩ ਸਿਮਰਨ ਦੁਆਰਾ ਰਿਧੀਆਂ ਸਿਧੀਆਂ ਆਦਿਕ ਪ੍ਰਾਪਤ ਹੁੰਦੀਆਂ ਹਨ। ਦੇਖੋ ਪੰਨਾ ੧੧, ਫੁਟ ਨੋਟ § ਅਤੇ ¶। ਧਨ ਸੰਪਦਾ ਨੂੰ ਰਿਧੀਆਂ ਆਖਦੇ ਹਨ।
੨੪ ਦ੍ਵੈਤ ਭਾਵ।
੨੫ ਸਿਮਰਨ ਨਾਲ ਇਹ ਸਮਝੋ ਕਿ ਸਭ ਤੀਰਥਾਂ ਦਾ ਇਸ਼ਨਾਨੀ (ਇਸ਼ਨਾਨ ਕਰਨ ਵਾਲਾ) ਹੋ ਗਿਆ।
੨੬ ਦਰਗਾਹ ਵਿੱਚ ਮਾਣ (ਇੱਜ਼ਤ) ਵਾਲਾ ਹੁੰਦਾ ਹੈ।

* ਸੁਖਾਂ ਦੀ ਮਣੀ। ਇਹ ਇਸ ਬਾਣੀ ਦਾ ਨਾਮ ਹੈ। ਇਸ ਨੂੰ ਅੰਤਲੀ ਅਸ਼ਟਪਦੀ ਵਿੱਚ ਜਿਥੇ ਸੁਖਮਨੀ ਨਾਮ ਰੱਖਣ ਦਾ ਕਾਰਨ ਦੱਸਿਆ ਹੈ, "ਅਮੁਲੀਕ ਲਾਲ ਏਹਿ ਰਤਨ" ਕਰਕੇ ਬਿਆਨ ਕੀਤਾ ਹੈ। ਇਸ ਦੀ ਤਾਰੀਫ਼ ਸਾਰੀ ਬਾਣੀ ਦੇ ਇਕੋ ਇਕ 'ਰਹਾਉ' ਵਿੱਚ (ਜੋ ਪਹਿਲੀ ਅਸ਼ਟਪਦੀ ਵਿੱਚ ਆਉਂਦਾ ਹੈ) ਕੀਤੀ ਹੈ। 'ਸੁਖਮਨੀ' ਪ੍ਰਭੂ ਦਾ ਅੰਮ੍ਰਿਤ ਨਾਮ ਹੈ ਜੋ ਸੁਖ ਦਿੰਦਾ ਹੈ ਅਤੇ ਭਗਤਾਂ ਦੇ ਮਨ ਵਿੱਚ ਇਸ ਦਾ ਵਾਸਾ ਹੈ। ਇਸ ਬਾਣੀ ਦੇ ਗੁਣ ਵਧੇਰੇ ਸਪੱਸ਼ਟ ਕਰਕੇ ਅੰਤਲੀ ਅਸ਼ਟਪਦੀ ਵਿੱਚ ਦਿੱਤੇ ਹਨ। ਹਰ ਇਕ ਅਸ਼ਟਪਦੀ ਦਾ ਸਮੁੱਚਾ ਭਾਵ ਉਸ ਤੋਂ ਪਹਿਲਾਂ ਆਉਣ ਵਾਲੇ ਸ਼ਲੋਕ ਵਿੱਚ ਦਿੱਤਾ ਹੈ।

† ਪਹਿਲੀਆਂ ਤਿੰਨਾਂ ਅਸ਼ਟਪਦੀਆਂ ਵਿੱਚ ਗੁਰੂ ਜੀ ਨੇ ਨਾਮ ਜਪਣ ਨੂੰ ਸਭ ਕਰਮਾਂ ਧਰਮਾਂ ਤੋਂ ਉੱਚਾ ਦੱਸਿਆ ਹੈ।

[੧]ਸੁ ਭਲਾ ॥ ਪ੍ਰਭ ਕੈ ਸਿਮਰਨਿ [੨]ਸੁਫਲ ਫਲਾ ॥ ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ [੩]ਲਾਗਉ ਪਾਏ ॥ ੩ ॥ ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ [੪]ਉਧਰੇ ਮੂਚਾ ॥ ਪ੍ਰਭ ਕੈ ਸਿਮਰਨਿ ਤ੍ਰਿਸਨਾ[੫] ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ[੬] ॥ ਪ੍ਰਭ ਕੈ ਸਿਮਰਨਿ ਨਾਹੀ [੭]ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ [੮]ਰਿਦ ਮਾਹਿ ਸਮਾਇ ॥ [੯]ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ [੧੦]ਦਾਸਨਿ ਦਸਨਾ ॥ ੪ ॥ ਪ੍ਰਭ ਕਉ ਸਿਮਰਹਿ ਸੇ ਧਨਵੰਤੇ[੧੧] ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ[੧੨] ॥ [੧੩]ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ[੧੪] ॥ ੫ ॥ ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ[੧੫] ॥ ਪ੍ਰਭ ਕਉ ਸਿਮਰਹਿ ਤਿਨ [੧੬]ਸੂਖਿ ਬਿਹਾਵੈ ॥ ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ[੧੭] ॥ ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ[੧੮] ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ ਸੰਤ ਕ੍ਰਿਪਾ ਤੇ [੧੯]ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥ ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ[੨੦] ॥ ਪ੍ਰਭ ਕੈ ਸਿਮਰਨਿ [੨੧]ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ [੨੨]ਸਹਜਿ ਸਮਾਨੀ ॥ ਪ੍ਰਭ ਕੈ ਸਿਮਰਨਿ [੨੩]ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ [੨੪]ਕਮਲ ਬਿਗਾਸਨੁ ॥ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ[*] ॥ [੨੫]ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ[੨੬] ॥ ਨਾਨਕ ਤਿਨ ਜਨ ਸਰਨੀ ਪਇਆ ॥ ੭ ॥ [੨੭]ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ [੨੮]ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ[੨੯] ਜਤੀ ਦਾਤੇ ॥ ਹਰਿ ਸਿਮਰਨਿ ਨੀਚ [੩੦]ਚਹੁ ਕੁੰਟ ਜਾਤੇ ॥ ਹਰਿ ਸਿਮਰਨਿ [੩੧]ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ ਹਰਿ ਸਿਮਰਨਿ [੩੨]ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ[੩੩] ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥ ਸਲੋਕੁ ॥ [੩੪]ਦੀਨ ਦਰਦ ਦੁਖ ਭੰਜਨਾ [੩੫]ਘਟਿ ਘਟਿ

੧ (ਸਿਮਰਨ ਨਾਲ ਮਨੁੱਖ ਤੋਂ ਜੋ ਕੁਝ ਭੀ ਹੁੰਦਾ ਹੈ) ਭਲਾ ਹੀ ਹੁੰਦਾ ਹੈ।

੨ ਫੁਲਦਾ ਫਲਦਾ ਹੈ।

੩ ਚਰਨੀਂ ਲੱਗਾਂ।

੪ ਬਹੁਤ ਸਾਰੇ ਤਰੇ ਹਨ।

੫ ਮਾਇਕ ਪਦਾਰਥਾਂ ਦੀ ਤੀਬਰ ਇੱਛਾ।

੬ ਦਿੱਸ ਪੈਂਦਾ ਹੈ, ਗਿਆਨ ਹੁੰਦਾ ਹੈ।

੭ ਜਮਾਂ ਦਾ ਡਰ।

੮ ਦਿਲ ਵਿੱਚ।

੯ ਗੁਰਮੁਖਾਂ ਦੀ ਜ਼ਬਾਨ 'ਤੇ ਹਰੀ ਵਸਦਾ ਹੈ, ਭਾਵ ਉਨ੍ਹਾਂ ਦੇ ਉਪਦੇਸ਼-ਵਿਚਾਰ ਤੋਂ ਰੱਬ ਦੀ ਪ੍ਰਾਪਤੀ ਹੁੰਦੀ ਹੈ।

੧੦ ਦਾਸਾਂ ਦਾ ਦਾਸ।

੧੧ ਧਨ ਵਾਲੇ।

੧੨ ਨਾਸ ਰਹਿਤ ਹੋ ਜਾਂਦੇ ਹਨ।

੧੩ ਸਿਮਰਨ ਵਿੱਚ ਓਹ ਲੱਗੇ ਹਨ, ਜਿਨ੍ਹਾਂ 'ਤੇ ਆਪ ਕ੍ਰਿਪਾਲੂ ਹੁੰਦਾ ਹੈ।

੧੪ ਮਿੱਟੀ, ਧੂੜੀ; ਚਰਨ-ਧੂੜੀ।

੧੫ ਸੋਹਣੇ।

੧੬ ਸੁਖ ਨਾਲ ਗੁਜ਼ਾਰਦੀ ਹੈ (ਉਮਰ)।

੧੭ ਰੀਤ। ਉਨ੍ਹਾਂ ਦਾ ਵਰਤ ਵਰਤਾਰਾ ਪਵਿੱਤਰ ਹੈ।

੧੮ ਬਹੁਤੇ।

੧੯ ਨਿੱਤ ਜਾਗਦੇ ਹਨ, ਸੁਚੇਤ ਰਹਿੰਦੇ ਹਨ।

੨੦ ਝੁਰਦੇ।

੨੧ ਉਨ੍ਹਾਂ ਦੀ ਬਾਣੀ (ਬੋਲੀ) ਹਰੀ-ਗੁਣਾਂ ਵਾਲੀ ਹੋ ਜਾਂਦੀ ਹੈ; ਭਾਵ ਜਦ ਬੋਲਦੇ ਹਨ, ਹਰੀ-ਗੁਣਾਂ ਦੀ ਗੱਲ ਕਰਦੇ ਹਨ।

੨੨ ਸਹਿਜ ਅਵਸਥਾ ਵਿੱਚ ਸਮਾਏ ਰਹਿੰਦੇ ਹਨ। ਦੇਖੋ ਪੰਨਾ ੬੮।

੨੩ ਭਾਵ ਮਨ ਟਿਕਾਉ ਵਿੱਚ ਹੁੰਦਾ ਹੈ।

੨੪ ਹਿਰਦੇ ਰੂਪੀ ਕਮਲ ਦਾ ਖਿੜਾਉ ਰਹਿੰਦਾ ਹੈ।

੨੫ ਪ੍ਰਭੂ ਦੇ ਸਿਮਰਨ ਦੇ ਸੁਖ ਦਾ ਅੰਤ ਪਾਰ ਨਹੀਂ ਹੈ।

੨੬ ਕਿਰਪਾ।

੨੭ ਸਿਮਰਨ ਦੇ ਕਾਰਨ ਹੀ ਭਗਤ ਪ੍ਰਗਟ ਹੋਏ।

੨੮ ਸਿਮਰਨ ਵਿੱਚ ਲੱਗ ਕੇ ਹੀ ਰਿਖੀਆਂ ਨੇ ਵੇਦ ਪੈਦਾ ਕੀਤੇ।

੨੯ ਵੱਡੇ ਜੋਗੀ।

੩੦ ਚਾਰੇ ਪਾਸੀਂ ਜਾਣੇ ਗਏ।

੩੧ ਸਾਰੀ ਧਰਤੀ ਬਣਾਈ ਗਈ ਹੈ।

੩੨ ਸਾਰੇ ਅਕਾਰ ਬਣਾਏ।

੩੩ ਗੁਰਾਂ ਦੁਆਰੇ।

੩੪ ਹੇ ਦੀਨਾਂ ਦੇ ਦੁੱਖ ਦਰਦ ਦੂਰ ਕਰਨ ਵਾਲੇ!

੩੫ ਹੇ ਹਰ ਵਜੂਦ ਵਿੱਚ ਵਿਆਪਕ ਤੇ ਅਨਾਥਾਂ (ਗਰੀਬਾਂ) ਦੇ ਮਾਲਕ!

* ਘੁੰਘਰੂਆਂ ਦੀ ਅਵਾਜ਼। ਇਹ ਉਸੇ ਤਰ੍ਹਾਂ ਵਰਤਿਆ ਹੈ: ਜਿਵੇਂ ਅਨਹਦ ਸ਼ਬਦ ਜਾਂ ਅਨਹਦ ਤੂਰਾ। ਦੇਖੋ ਪੰਨਾ ੯੧, ਨੋਟ ੨੪।

ਨਾਥ ਅਨਾਥ ॥ ਸਰਣਿ ਤੁਮ੍ਹਾਰੀ ਆਇਓ [੧]ਨਾਨਕ ਕੇ ਪ੍ਰਭ ਸਾਥ ॥ ੧ ॥
ਅਸਟਪਦੀ ॥ ਜਹ[੨] ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ[੩] ਨਾਮੁ
ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ[੪] [੫]ਦੂਤ ਜਮ ਦਲੈ ॥ ਤਹ [੬]ਕੇਵਲ
ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ
[੭]ਖਿਨ ਮਾਹਿ ਉਧਾਰੀ ॥ ਅਨਿਕ ਪੁਨਹਚਰਨ[੮] ਕਰਤ ਨਹੀ ਤਰੈ ॥ ਹਰਿ
ਕੋ ਨਾਮੁ [੯]ਕੋਟਿ ਪਾਪ ਪਰਹਰੈ ॥ ਗੁਰਮੁਖਿ[੧੦] ਨਾਮੁ ਜਪਹੁ ਮਨ ਮੇਰੇ ॥ ਨਾਨਕ
ਪਾਵਹੁ ਸੂਖ ਘਨੇਰੇ[੧੧] ॥ ੧ ॥ [੧੨]ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ
ਕਾ ਨਾਮੁ ਜਪਤ ਹੋਇ ਸੁਖੀਆ ॥ *ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ
ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ[੧੩] ਨ ਬੁਝਾਵੈ ॥ ਹਰਿ
ਕਾ ਨਾਮੁ ਜਪਤ ਆਘਾਵੈ[੧੪] ॥ [੧੫]ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ
ਹਰਿ ਨਾਮੁ ਸੰਗਿ ਹੋਤ ਸੁਹੇਲਾ[੧੬] ॥ ਐਸਾ ਨਾਮੁ ਮਨ ਸਦਾ ਧਿਆਈਐ ॥
ਨਾਨਕ ਗੁਰਮੁਖਿ ਪਰਮ ਗਤਿ[੧੭] ਪਾਈਐ ॥ ੨ ॥ [੧੮]ਛੂਟਤ ਨਹੀ ਕੋਟਿ ਲਖ
ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ [੧੯]ਅਨਿਕ ਬਿਘਨ ਜਹ ਆਇ
ਸੰਘਾਰੈ ॥ ਹਰਿ ਕਾ ਨਾਮੁ ਤਤਕਾਲ[੨੦] ਉਧਾਰੈ ॥ ਅਨਿਕ ਜੋਨਿ ਜਨਮੈ ਮਰਿ
ਜਾਮ[੨੧] ॥ ਨਾਮੁ ਜਪਤ ਪਾਵੈ ਬਿਸ੍ਰਾਮ[੨੨] ॥ ਹਉ ਮੈਲਾ ਮਲੁ ਕਬਹੁ ਨ ਧੋਵੈ ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ ਐਸਾ ਨਾਮੁ ਜਪਹੁ ਮਨ ਰੰਗਿ[੨੩] ॥ ਨਾਨਕ
ਪਾਈਐ ਸਾਧ ਕੈ ਸੰਗਿ ॥ ੩ ॥ ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ[੨੪] ॥ [੨੫]ਜਿਹ ਪੈਡੈ [੨੬]ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ[੨੭] ॥ ਜਹਾ ਪੰਥਿ[੨੮] ਤੇਰਾ ਕੋ ਨ ਸਿਞਾਨੂ[੨੯] ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ
ਘਾਮ[੩੦] ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ[੩੧] ॥ ਜਹਾ ਤ੍ਰਿਖਾ ਮਨ
ਤੁਝੁ ਆਕਰਖੈ[੩੨] ॥ ਤਹ ਨਾਨਕ [੩੩]ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥ ਭਗਤ
ਜਨਾ ਕੀ ਬਰਤਨਿ[੩੪] ਨਾਮੁ ॥ [੩੫]ਸੰਤ ਜਨਾ ਕੈ ਮਨਿ ਬਿਸ੍ਰਾਮੁ ॥ ਹਰਿ ਕਾ
ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥ ਹਰਿ ਜਸੁ ਕਰਤ
ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ[੩੬] ਸਾਧ ਕਮਾਤਿ ॥ ਹਰਿ ਜਨ ਕੈ
ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥ ਮਨ ਤਨ ਰੰਗਿ ਰਤੇ
ਰੰਗ ਏਕੈ ॥ ਨਾਨਕ ਜਨ ਕੈ [੩੭]ਬਿਰਤਿ ਬਿਬੇਕੈ ॥ ੫ ॥ ਹਰਿ ਕਾ ਨਾਮੁ ਜਨ
ਕਉ [੩੮]ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ [੩੯]ਤ੍ਰਿਪਤਿ ਭੁਗਤਿ ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ[੪੦] ॥
ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ

੧ ਹੇ ਪ੍ਰਭੂ! ਆਪ ਨਾਨਕ ਦੇ ਨਾਲ ਹੋਵੋ।
੨ ਜਿਥੇ।
੩ ਉੱਥੇ।
੪ ਭਿਆਨਕ।
੫ ਜਮਦੂਤ ਦਲਦਾ ਹੈ।
੬ ਸਿਰਫ ਨਾਮ ਹੀ।
੭ ਤੁਰਤ ਹੀ ਉਸ ਔਖਿਆਈ ਤੋਂ ਬਚਾਅ ਲਏਗਾ।
੮ ਕਿਸੇ ਕੰਮ ਦੀ ਸਫਲਤਾ ਲਈ ਕੀਤੇ ਕਰਮ, ਪ੍ਰਾਸਚਿਤ ਕਰਮ। ਦੇਖੋ ਪੰਨਾ ੧੮੪. ਫੁਟ ਨੋਟ*।
੯ ਕਰੋੜਾਂ ਪਾਪ ਦੂਰ ਕਰਦਾ ਹੈ।
੧੦ ਗੁਰਾਂ ਦੁਆਰੇ।
੧੧ ਬਹੁਤੇ।
੧੨ ਸਾਰੀ ਸ੍ਰਿਸ਼ਟੀ ਦਾ ਰਾਜਾ ਹੋ ਕੇ ਦੁਖੀ ਹੋ ਸਕਦਾ ਹੈ, ਪਰ ਨਾਮ ਜਪਣ ਨਾਲ ਸੁਖੀ ਹੋ ਜਾਂਦਾ ਹੈ।
੧੩ ਤਿਖਾ, ਤ੍ਰਿਸ਼ਨਾ।
੧੪ ਰੱਜ ਜਾਂਦਾ ਹੈ।
੧੫ ਜਿਸ ਰਸਤੇ।
੧੬ ਸੁਖਦਾਈ, ਅਰਾਮ ਦੇਣ ਵਾਲਾ।
੧੭ ਉੱਚੀ ਤੋਂ ਉੱਚੀ ਗਤੀ ਜਿਥੇ ਤੱਕ ਮਨੁੱਖ ਪਹੁੰਚ ਸਕਦਾ ਹੈ।
੧੮ ਲੱਖਾਂ ਕ੍ਰੋੜਾਂ ਬਾਹਾਂ (ਮਦਦਗਾਰਾਂ) ਦੇ ਹੁੰਦਿਆਂ ਛੁਟਕਾਰਾ ਨਹੀਂ ਹੁੰਦਾ।
੧੯ ਜਿੱਥੇ ਕਈ ਤਰ੍ਹਾਂ ਦੇ ਨੁਕਸਾਨ ਆ ਕੇ ਬਰਬਾਦ ਕਰਨ।
੨੦ ਤੁਰਤ, ਛੇਤੀ।
੨੧ ਜਨਮ ਹੋਵੇ।
੨੨ ਟਿਕਾਉ।
੨੩ ਪਿਆਰ ਨਾਲ।
੨੪ ਰਸਤੇ ਦਾ ਖਰਚਾ।
੨੫ ਜਿਸ ਸਫ਼ਰ ਵਿੱਚ।
੨੬ ਬਹੁਤ ਹਨੇਰਾ।
੨੭ ਚਾਨਣਾ ਕਰਨ ਲਈ ਹੈ।
੨੮ ਰਸਤੇ 'ਤੇ।
੨੯ ਵਾਕਫ਼।
੩੦ ਹੁਮਸ, ਗਰਮੀ। ਜਿਸ ਰਸਤੇ 'ਤੇ ਭਿਆਨਕ ਤਪਤ ਤੇ ਬਹੁਤ ਗਰਮੀ ਹੈ।
੩੧ ਛਾਉਂ।
੩੨ ਖਿੱਚਦੀ ਹੈ। ਪਿਆਸ ਤੇਰਾ ਸਾਹ ਖਿੱਚਦੀ ਹੈ।
੩੩ ਹਰੀ ਦਾ ਨਾਮ ਅੰਮ੍ਰਿਤ ਹੋ ਕੇ ਵਸਦਾ ਹੈ।
੩੪ ਨਿੱਤ ਦੀ ਵਰਤੋਂ ਵਿੱਚ ਆਉਣ ਵਾਲੀ ਚੀਜ਼।
੩੫ ਇਹ ਗੁਰਮੁਖਾਂ ਦੇ ਹਿਰਦੇ ਵਿੱਚ ਰਹਿੰਦਾ ਹੈ।
੩੬ ਦਵਾਈ। ਸਾਧ 'ਨਾਮ' ਦਵਾਈ ਨੂੰ ਵਰਤਦੇ ਹਨ।
੩੭ ਉਨ੍ਹਾਂ ਦੀ ਬਿਰਤੀ ਬਿਬੇਕ (ਵਿਚਾਰ) ਵਾਲੀ ਹੈ।
੩੮ ਮੁਕਤੀ ਤੇ ਜ਼ਿੰਦਗੀ ਦੀ ਰਹਿਣੀ (ਨਾਮ ਹੀ ਹੈ)।
੩੯ ਪੀ ਕੇ ਰੱਜਣ ਲਈ ਜਲ ਅਤੇ ਖਾ ਕੇ ਰੱਜਣ ਲਈ ਭੋਜਨ ਹੈ।
੪੦ ਵਿਘਨ, ਟੋਟ।

* ਲੱਖਾਂ ਕਰੋੜਾਂ ਰੁਪਿਆਂ ਦੇ ਹੁੰਦਿਆਂ ਤ੍ਰਿਸ਼ਨਾ ਨੂੰ ਬੰਧ (ਰੋਕ) ਨਹੀਂ ਪੈਂਦੀ, ਪਰ ਹਰੀ-ਨਾਮ ਜਪਣ ਨਾਲ ਬਚ ਜਾਂਦਾ ਹੈ।

ਸੋਭਾ ਪਾਈ ॥ ਹਰਿ ਕਾ ਨਾਮੁ ਜਨ ਕਉ ਭੋਗ[੧] ਜੋਗ[੨] ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ[੩] ॥ ਜਨੁ ਰਾਤਾ[੪] ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ [੫]ਹਰਿ ਦੇਵਾ ॥ ੬ ॥ ਹਰਿ ਹਰਿ ਜਨ ਕੈ ਮਾਲੁ ਖਜੀਨਾ[੬] ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ ਹਰਿ ਹਰਿ ਜਨ ਕੈ [੭]ਓਟ ਸਤਾਣੀ ॥ [੮]ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥ [੯]ਓਤਿ ਪੋਤਿ ਜਨ ਹਰਿ ਰਸਿ ਰਾਤੇ ॥ [੧੦]ਸੁੰਨ ਸਮਾਧਿ ਨਾਮ ਰਸ ਮਾਤੇ ॥ ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥ ਪਾਰਜਾਤੁ* ਇਹੁ ਹਰਿ ਕੋ ਨਾਮ ॥ ਕਾਮਧੇਨ† ਹਰਿ ਹਰਿ ਗੁਣ ਗਾਮ ॥ ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥ ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਸੰਤ ਪ੍ਰਤਾਪਿ ਦੁਰਤੁ[੧੧] ਸਭੁ ਨਸੈ ॥ ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥ ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥ ਸਲੋਕੁ ॥ ਬਹੁ [੧੨]ਸਾਸਤ੍ਰ ਬਹੁ ਸਿਮ੍ਰਿਤੀ [੧੩]ਪੇਖੇ ਸਰਬ ਢਢੋਲਿ ॥ [੧੪]ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥ ਅਸਟਪਦੀ ॥ ਜਾਪ ਤਾਪ ਗਿਆਨ ਸਭਿ ਧਿਆਨ ॥ [੧੫]ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ [੧੬]ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ [੧੭]ਹੋਮੇ ਬਹੁ ਰਤਨਾ ॥ ਸਰੀਰੁ ਕਟਾਇ [੧੮]ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ [੧੯]ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥ [੨੦]ਨਉ ਖੰਡ ਪ੍ਰਿਥਮੀ ਫਿਰੈ [੨੧]ਚਿਰੁ ਜੀਵੈ ॥ ਮਹਾ ਉਦਾਸੁ [੨੨]ਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ[੨੩] [੨੪]ਅਸ੍ਵ ਹੈਵਰ [੨੫]ਭੂਮਿ ਦਾਨ ॥ ਨਿਉਲੀ‡ ਕਰਮ ਕਰੈ ਬਹੁ ਆਸਨ[੨੬] ॥ [੨੭]ਜੈਨ ਮਾਰਗ ਸੰਜਮ ਅਤਿ ਸਾਧਨ ॥ [੨੮]ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥ ਹਰਿ ਕੇ ਨਾਮ ਸਮਸਰਿ[੨੯] ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ[੩੦] ਪਾਹਿ ॥ ੨ ॥ [੩੧]ਮਨਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ[੩੨] ਕਰੈ ਦਿਨਸੁ ਅਰੁ ਰਾਤਿ ॥ [੩੩]ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ[੩੪] ਕਰੈ ॥ [੩੫]ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ [੩੬]ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ[੩੭] ॥ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ[੩੮] ॥ ੩ ॥ [੩੯]ਬਹੁਤੁ ਸਿਆਣਪ ਜਮ ਕਾ

੧ ਗ੍ਰਹਸਤ ਦੇ ਅਨੰਦ।
੨ ਤਿਆਗ।
੩ ਵਿਛੋੜੇ ਦੀ ਉਦਾਸੀ।
੪ ਰੱਤਾ ਹੋਇਆ ਹੈ, ਲੱਗਾ ਹੋਇਆ ਹੈ।
੫ ਹਰੀ ਦੇਵ ਨੂੰ।
੬ ਖਜ਼ਾਨਾ।
੭ ਬਲ ਵਾਲੀ ਓਟ।
੮ ਹਰੀ ਦੇ ਪ੍ਰਤਾਪ ਨਾਲ ਉਸ ਦੇ ਸੇਵਕ ਨੇ ਹੋਰ ਕਿਸੇ ਦੀ ਪ੍ਰਵਾਹ ਨਹੀਂ ਕੀਤੀ।
੯ ਤਾਣੇ ਪੇਟੇ ਵਾਂਗ, ਭਾਵ ਪੂਰੇ ਤੌਰ 'ਤੇ।
੧੦ ਅਫੁਰ ਸਮਾਧੀ ਯੋਗੀਆਂ ਵਾਲੀ। ਨਾਮ-ਰਸ ਵਿੱਚ ਜੋ ਮਸਤ ਹੋਏ ਹਾਂ, ਇਹੋ ਸੁੰਨ-ਸਮਾਧ ਹੈ; ਕਿਉਂਕਿ ਇਸ ਵਿੱਚ ਮਾਇਆ ਵਲੋਂ ਸੁੰਞ ਬਣੀ ਰਹਿੰਦੀ ਹੈ।
੧੧ ਪਾਪ।
੧੨ ਦੇਖੋ ਪੰਨਾ ੧੧, ਫੁਟ ਨੋਟ † ਅਤੇ *।
੧੩ ਵੇਖੇ ਹਨ ਸਾਰੇ ਪੜਤਾਲ ਕੇ।
੧੪ ਪੁੱਜਦੇ ਨਹੀਂ। ਅਮੋਲਕ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।
੧੫ ਛੇ ਸ਼ਾਸਤਰਾਂ ਤੇ ਸਿੰਮ੍ਰਿਤੀਆਂ ਦੇ ਕਥਨ।
੧੬ (ਘਰ ਬਾਰ) ਸਭ ਕੁਝ ਛੱਡ ਕੇ ਬਨਾਂ ਵਿੱਚ ਫਿਰਿਆ।
੧੭ ਘਿਉ ਆਦਿਕ ਰਤਨ ਯੱਗ ਵਿੱਚ ਹਵਨ ਕੀਤੇ (ਸਾੜੇ)।
੧੮ ਰਤੀ-ਰਤੀ ਕਰ ਕੇ ਹਵਨ ਕਰ ਦੇਵੇ।
੧੯ ਉਪਰ ਦੱਸੇ ਸਾਰੇ ਸਾਧਨ ਰਾਮ ਨਾਮ ਦੀ ਵਿਚਾਰ ਦੀ ਤੁਲਤਾ ਨਹੀਂ ਰੱਖਦੇ। ਗੁਰਾਂ ਦਵਾਰੇ ਇਕ ਵਾਰ ਨਾਮ ਜਪਣਾ ਇਨ੍ਹਾਂ ਸਾਧਨਾਂ ਤੋਂ ਵਧੇਰੇ ਗੁਣਕਾਰੀ ਹੈ।
੨੦ ਨਵਾਂ ਹਿੱਸਿਆਂ ਵਾਲੀ, ਭਾਵ ਸਾਰੀ ਧਰਤੀ 'ਤੇ ਫਿਰੇ (ਜਿਵੇਂ ਕਈ ਸਾਧੂ ਕਰਦੇ ਹਨ)।
੨੧ ਬਹੁਤ ਚਿਰ (ਮੁੱਦਤ) ਜੀਵੇ।
੨੨ [ਤਪੀਆਂ ਦਾ ਈਸ਼ਰ] ਵੱਡਾ ਤਪੀ ਹੋ ਜਾਵੇ।
੨੩ ਸੋਨਾ।
੨੪ ਘੋੜੇ ਜੋ ਹੈਵਰ (ਸ੍ਰੇਸ਼ਟ ਘੋੜੇ) ਅਖਵਾ ਸਕਦੇ ਹਨ, ਭਾਵ ਅਤੀ ਸੁੰਦਰ ਘੋੜੇ।
੨੫ ਧਰਤੀ ਦਾਨ।
੨੬ ਜੋਗੀਆਂ ਦੇ ਬੈਠਣ ਦੇ ਕਈ ਢੰਗ ਹਨ। ਇਨ੍ਹਾਂ ਨੂੰ ਆਸਣ ਕਹਿੰਦੇ ਹਨ।
੨੭ ਜੈਨ ਮਤ ਦੀ ਸੰਜਮ (ਇੰਦਰਿਆਂ ਨੂੰ ਰੋਕਣ ਦੇ ਤਰੀਕੇ) ਤੇ ਹੋਰ ਕਈ ਕਰੜੇ ਸਾਧਨ।
੨੮ ਰਤਾ-ਰਤਾ ਕਰ ਕੇ।
੨੯ ਬਰਾਬਰ।
੩੦ ਗਤੀ, ਛੁਟਕਾਰਾ ਬੰਧਨਾਂ ਤੋਂ।
੩੧ ਜੇ ਆਪਣੀ ਮਨ-ਕਾਮਨਾ ਅਨੁਸਾਰ (ਜਿਥੇ ਜੀਅ ਚਾਹੇ) ਤੀਰਥਾਂ 'ਤੇ ਸਰੀਰ ਛੱਡ ਦੇਵੇ, ਤਾਂ ਵੀ ਹੰਕਾਰ ਥੱਕ ਕੇ ਮਨ ਨੂੰ ਨਹੀਂ ਛੱਡਦਾ। (ਤੀਰਥਾਂ 'ਤੇ ਸਰੀਰ ਛੱਡਣਾ ਮਹਾਤਮ ਗਿਣਿਆ ਜਾਂਦਾ ਹੈ)
੩੨ ਸੁਚ, ਸਰੀਰਕ ਸਫ਼ਾਈ।
੩੩ ਮਨ ਦੀ ਮੈਲ ਸਰੀਰ ਦੀ ਸਫ਼ਾਈ ਨਾਲ ਨਹੀਂ ਜਾਂਦੀ।
੩੪ ਜਤਨ (ਜੋ ਨਿਰੇ ਸਰੀਰ ਨਾਲ ਸੰਬੰਧ ਰੱਖਦੇ ਹਨ)। ਜੇ ਨਿਰੇ ਇਸ ਦੇਹੀ ਦੀ ਖ਼ਾਤਰ ਬਹੁਤ ਜਤਨ ਕਰੇ।
੩੫ ਮਨ ਤੋਂ ਮਾਇਆ ਦਾ ਵਿਹੁਲਾ ਅਸਰ ਨਹੀਂ ਹਟਦਾ।
੩੬ ਅਨਿੱਤ, ਨਾਸਵੰਤ ਸਰੀਰ।
੩੭ ਕੱਚੀ ਕੰਧ (ਸਰੀਰ ਰੂਪ)। ਮਿੱਟੀ ਦੀ ਕੰਧ ਧੋਣ ਨਾਲ ਕਿਵੇਂ ਸ਼ੁੱਧ ਹੋ ਸਕਦੀ ਹੈ?
੩੮ ਬਹੁਤੇ। ਬਹੁਤੇ ਮਹਾਂ ਪਤਿਤ ਤਰ ਜਾਂਦੇ ਹਨ। ਪਤਿਤ=ਡਿੱਗੇ ਹੋਏ ਧਰਮ ਨੇਮ ਤੋਂ।
੩੯ ਬਹੁਤ ਚਤੁਰਾਈਆਂ ਕਰਨ ਨਾਲ ਜਮਾਂ ਦਾ ਭਉ ਪੈਦਾ ਹੁੰਦਾ ਹੈ (ਕਿਉਂਕਿ ਚਤੁਰਾਈ ਨਾਲ ਨੇਕ ਨੀਅਤੀ ਨੱਸ ਜਾਂਦੀ ਹੈ)।

* ਇੰਦਰ ਦੇ ਬਾਗ਼ ਦਾ ਉਹ ਰੁੱਖ ਜੋ ਸਭ ਮਨ-ਭਾਵਨਾ ਪੂਰੀਆਂ ਕਰਦਾ ਹੈ। ਹਰੀ ਦਾ ਨਾਮ ਹੀ ਪਾਰਜਾਤ ਹੈ।

† ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਰਿੜਕ ਕੇ ੧੪ ਰਤਨ ਕੱਢੇ ਸਨ, ਜਿਨ੍ਹਾਂ ਵਿੱਚੋਂ ਇਕ ਕਾਮਧੇਨ ਗਊ ਸੀ, ਜੋ ਸਭ ਮੁਰਾਦਾਂ ਪੂਰੀਆਂ ਕਰਦੀ ਸੀ। ਹਰੀ ਦੇ ਗੁਣ ਗਾਉਣੇ ਹੀ ਕਾਮਧੇਨ ਹੈ।

‡ ਇਕ ਯੋਗ ਕ੍ਰਿਆ ਹੈ। ਦੋਵੇਂ ਮੋਢੇ ਨੀਵੇਂ ਕਰਕੇ ਸਿਧੇ ਬੈਠ ਕੇ ਸੁਆਸਾਂ ਦੇ ਬਲ ਨਾਲ ਪੇਟ ਨੂੰ ਹੇਠ ਉੱਤੇ ਸੱਜੇ ਖੱਬੇ ਚਲਾਉਣਾ ਜਿਸ ਨਾਲ ਅੰਦਰੋਂ ਆਂਦਰਾਂ ਸਾਫ਼ ਹੋ ਜਾਂਦੀਆਂ ਹਨ।

ਭਉ ਬਿਆਪੈ ॥ ਅਨਿਕ ਜਤਨ ਕਰਿ [੧]ਤ੍ਰਿਸਨ ਨਾ ਧ੍ਰਾਪੈ ॥ ਭੇਖ ਅਨੇਕ ਅਗਨਿ[੨] ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ[੩] ॥ ਛੂਟਸਿ ਨਾਹੀ [੪]ਊਭ ਪਇਆਲਿ ॥ [੫]ਮੋਹਿ ਬਿਆਪਹਿ ਮਾਇਆ ਜਾਲਿ ॥ [੬]ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ ਹਰਿ ਕਾ ਨਾਮੁ ਜਪਤ ਦੂਖੁ ਜਾਇ ॥ [੭]ਨਾਨਕ ਬੋਲੈ ਸਹਜਿ ਸੁਭਾਇ ॥ ੪ ॥ *ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥ ਜੇ ਕੋ ਆਪੁਨਾ ਦੂਖੁ ਮਿਟਾਵੈ[੮] ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਜੇ ਕੋ ਅਪੁਨੀ ਸੋਭਾ ਲੋਰੈ[੯] ॥ [੧੦]ਸਾਧਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ [੧੧]ਬਲਿ ਬਲਿ ਜਾਸਾ ॥ ੫ ॥ [੧੨]ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥ ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ[੧੩] ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ[੧੪] ॥ [੧੫]ਮਨ ਅਪੁਨੇ ਤੇ ਬੁਰਾ ਮਿਟਾਨਾ ॥ [੧੬]ਪੇਖੈ ਸਗਲ ਸ੍ਰਿਸਟਿ ਸਾਜਨਾ ॥ ਸੂਖ ਦੂਖ ਜਨ [੧੭]ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ[੧੮] ॥ ੬ ॥ ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ [੧੯]ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਅਪਨੀ [੨੦]ਗਤਿ ਮਿਤਿ ਜਾਨਹੁ ਆਪੇ ॥ [੨੧]ਆਪਨ ਸੰਗਿ ਆਪਿ ਪ੍ਰਭ ਰਾਤੇ ॥ ਤੁਮ੍ਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥ ੭ ॥ ਸਰਬ ਧਰਮ ਮਹਿ ਸ੍ਰੇਸਟ ਧਰਮੁ ॥ [੨੨]ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ [੨੩]ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥ ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥ ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ [੨੪]ਰਸਨ ਬਖਾਨੀ ॥ [੨੫]ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥ ਸਲੋਕੁ ॥ ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ[੨੬] ॥ ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥ ੧ ॥ ਅਸਟਪਦੀ† ॥ ਰਮਈਆ[੨੭] ਕੇ ਗੁਨ ਚੇਤਿ ਪਰਾਨੀ ॥ [੨੮]ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ [੨੯]ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ [੩੦]ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥ [੩੧]ਬਿਰਧਿ ਭਇਆ ਊਪਰਿ

੧ ਤ੍ਰਿਸ਼ਨਾ ਨਹੀਂ ਰੱਜਦੀ, ਭਾਵ ਮੁੱਕਦੀ।
੨ ਤ੍ਰਿਸ਼ਨਾ-ਅਗਨੀ।
੩ ਸਫਲ, ਕਾਮਯਾਬ। ਹਰੀ ਦੀ ਦਰਗਾਹ ਵਿੱਚ ਸਫਲ ਨਹੀਂ ਹੁੰਦਾ, ਭਾਵੇਂ ਕਰੋੜਾਂ ਉਪਾਵ ਕਰੇ।
੪ ਅਸਮਾਨ ਤੇ ਪਤਾਲ ਵਿੱਚ। (ਨੱਸ ਕੇ) ਅਕਾਸ਼ ਵੱਲ ਜਾਂ ਪਤਾਲ ਵਿੱਚ ਗਿਆਂ ਵੀ ਮਾਇਆ ਤੋਂ ਛੁਟਕਾਰਾ ਨਹੀਂ ਮਿਲਦਾ।
੫ ਮਾਇਆ ਦੇ ਜਾਲ ਕਰਕੇ ਜੀਵ ਮੋਹ ਵਿੱਚ ਲੱਗ ਰਹੇ ਹਨ।
੬ ਹੋਰ ਸਾਰੇ ਕੰਮਾਂ ਨੂੰ ਜਮ ਡਨ ਲਾਂਦਾ ਹੈ, ਹਰੀ ਦੀ ਭਗਤੀ ਤੋਂ ਬਿਨਾਂ ਰਤਾ ਨਹੀਂ ਮੰਨਦਾ, ਭਾਵ ਕਿਸੇ ਤਰ੍ਹਾਂ ਨਹੀਂ ਪਤੀਜਦਾ। ਭਗਤੀ ਤੋਂ ਬਿਨਾਂ ਸਾਰੇ ਸਾਧਨ ਜਮ ਦੇ ਅਸਰ ਦੇ ਦਾਇਰੇ ਵਿੱਚ ਹਨ।
੭ ਨਾਨਕ ਇਹ ਗੱਲ ਠੰਢੇ ਦਿਲ ਨਾਲ ਆਖਦਾ ਹੈ (ਜੋਸ਼ ਨਾਲ ਜਾਂ ਵਧਾ ਕੇ ਗੱਲ ਨਹੀਂ ਆਖਦਾ)।
੮ ਮਿਟਾਣਾ ਲੋੜਦਾ ਹੈ।
੯ ਲੋੜਦਾ ਹੈ।
੧੦ ਸਾਧਾਂ ਦੀ ਸੰਗਤ ਵਿੱਚ ਹੰਕਾਰ ਨੂੰ ਛੱਡ ਦੇਵੇ।
੧੧ ਬਲਿਹਾਰ ਜਾਂਦਾ ਹੈ।
੧੨ ਸਾਰਿਆਂ ਆਦਮੀਆਂ ਵਿੱਚੋਂ ਉਹ ਸ਼ਰੋਮਣੀ ਆਦਮੀ ਹੈ।
੧੩ ਚਰਨ-ਧੂੜੀ।
੧੪ ਵੇਖਿਆ ਹੈ (ਸਭ ਥਾਈਂ ਹਰੀ ਨੂੰ)।
੧੫ ਆਪਣੇ ਦਿਲੋਂ ਲੋਕਾਂ ਦਾ ਬੁਰਾ ਮੰਗਣਾ ਛੱਡ ਦੇਵੇ ਤਾਂ ਸਾਰੀ ਦੁਨੀਆਂ ਸੱਜਣ ਪਈ ਦਿੱਸੇਗੀ।
੧੬ ਸਾਰੀ ਸ੍ਰਿਸ਼ਟੀ ਨੂੰ ਸੱਜਣ ਦੇਖੇਗਾ।
੧੭ ਇਕੋ ਜਿਹਾ ਵੇਖਦਾ ਹੈ।
੧੮ ਅਸਰ।
੧੯ ਸਾਰੇ ਜੀਵਾਂ ਨੂੰ।
੨੦ ਪਹੁੰਚ ਤੇ ਮਿਤਿ (ਮਾਪ, ਅੰਦਾਜ਼ਾ)।
੨੧ ਮਨੁੱਖ ਜੋ ਪ੍ਰਭੂ ਨਾਲ ਪਿਆਰ ਕਰਦਾ ਹੈ, ਉਸ ਵਿੱਚ ਮਨੁੱਖ ਦਾ ਆਪਨਾ ਕੁਝ ਨਹੀਂ। ਉਹ ਪਿਆਰ ਭੀ ਤਾਂ ਪ੍ਰਭੂ ਦਾ ਆਪਨਾ ਦਿੱਤਾ ਹੋਇਆ ਹੈ, ਇਸ ਲਈ ਮਨੁੱਖ ਨੇ ਕੀ ਪਿਆਰ ਕਰਨਾ ਹੈ, ਪ੍ਰਭੂ ਆਪਣੇ ਨਾਲ ਆਪ ਹੀ ਪਿਆਰ ਕਰਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਦੀ ਵਡਿਆਈ ਭੀ ਮਨੁੱਖ ਕੋਲੋਂ ਕੀ ਹੋ ਸਕਦੀ ਹੈ? ਇਹ ਕੰਮ ਵਾਹਿਗੁਰੂ ਕੋਲੋਂ ਹੀ ਸਰ ਆਉਂਦਾ ਹੈ। ਹੋਰ ਕੋਈ ਨਹੀਂ ਕਰਨਾ ਜਾਣਦਾ।
੨੨ ਹਰੀ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨੇ ਇਹ ਸਭ ਧਰਮਾਂ ਤੋਂ ਉੱਤਮ ਧਰਮ ਹੈ।
੨੩ ਜੇ ਸਾਧ ਸੰਗਤ ਦੁਆਰਾ ਖੋਟੀ ਮੱਤ ਦੀ ਮੈਲ ਦੂਰ ਕੀਤੀ ਹੈ, ਤਾਂ ਸਾਰੇ ਕਰਮਾਂ ਵਿੱਚੋਂ ਇਹ ਕਰਮ ਸ੍ਰੇਸ਼ਟ ਹੈ।
੨੪ ਜੀਭ ਨਾਲ ਬਿਆਨ ਕੀਤੀ।
੨੫ ਸਾਰੇ ਅਸਥਾਨਾਂ (ਮੰਦਰਾਂ) ਵਿੱਚੋਂ ਉਹ ਅਸਥਾਨ ਵਧੀਆ ਹੈ, ਜਿਥੇ ਮਨੁੱਖ ਨੂੰ ਨਾਮ ਚਿੱਤ ਆਉਂਦਾ ਹੈ।
੨੬ ਚੇਤੇ ਕਰ।
੨੭ ਵਾਹਿਗੁਰੂ ਜੋ ਸਭ ਵਿੱਚ ਰਮਿਆ (ਵਿਆਪਕ) ਹੈ।
੨੮ ਕਿਹੜੇ ਮੂਲ ਤੋਂ ਤੈਨੂੰ ਕੀ ਬਣਾ ਕੇ ਵਿਖਾ ਦਿੱਤਾ ਹੈ (ਮਲ ਮੂਤ ਤੋਂ ਬਣਾ ਕੇ ਕੇਹਾ ਸੁੰਦਰ ਰੂਪ ਦਿੱਤਾ ਹੈ)।
੨੯ ਪੇਟ ਦੀ ਅਗਨੀ ਵਿੱਚ ਬਚਾਅ ਕੇ ਰੱਖਿਆ।
੩੦ ਫਿਰ ਬਾਲਕ ਅਵਸਥਾ ਵਿੱਚ ਤੈਨੂੰ ਦੁੱਧ ਪਿਆਲਦਾ ਹੈ ਤੇ ਭਰ ਜੁਆਨੀ ਵਿੱਚ ਭੋਜਨ ਤੇ ਸੁਖਾਂ ਦੀ ਸੂਝ ਦਿੰਦਾ ਹੈ।
੩੧ ਬੁਢੇਪੇ ਵੇਲੇ ਸਾਕ ਮਿੱਤਰ ਉੱਪਰ ਸੇਵਾ ਲਈ ਖੜ੍ਹੇ ਕਰਦਾ ਹੈ।

* ਚਾਰ ਪਦਾਰਥ ਇਹ ਹਨ:- ਧਰਮ, ਮੋਖ, ਕਾਮ, ਅਰਥ (ਆਪਣੇ ਨੇਮਾਂ ਵਿੱਚ ਪੱਕੇ ਹੋਣਾ, ਮੁਕਤੀ, ਕਾਮਯਾਬੀਆਂ, ਦੁਨਿਆਵੀਂ ਲੋੜਾਂ ਦੀ ਪੂਰਨਤਾ)।

† ਪਿਛਲੀਆਂ ਤਿੰਨ ਅਸ਼ਟਪਦੀਆਂ ਵਿੱਚ ਹਰੀ-ਨਾਮ ਦੀ ਮਹਿਮਾ ਭਿੰਨ-ਭਿੰਨ ਪਾਸਿਆਂ ਤੋਂ ਦੱਸੀ ਸੀ। ਹੁਣ ਇਸ ਨਾਮ ਪ੍ਰਾਪਤੀ ਦੇ ਰਸਤੇ ਵਿੱਚ ਜੋ ਔਕੜਾਂ ਹਨ, ਉਹ ਦੱਸਦੇ ਹਨ। ਪਹਿਲਾਂ ਤਾਂ ਮਨੁੱਖ ਆਪਣੇ ਆਪ ਵਿੱਚ ਕਿਸੇ ਜੋਗਾ ਨਹੀਂ। ਗੁਰੂ ਜੀ ਉਸ ਨੂੰ ਬਤੇਰਾ ਸਮਝਾਉਂਦੇ ਹਨ, ਪਰ ਆਪਣੀ ਕੁਦਰਤੀ ਕਮਜ਼ੋਰੀ ਕਰ ਕੇ ਉਹ ਕੁਝ ਨਹੀਂ ਕਰ ਸਕਦਾ। ਫਿਰ ਵਾਹਿਗੁਰੂ ਨੂੰ ਆਪਣੀ ਮਿਹਰ ਦੁਆਰਾ ਮਨੁੱਖ ਨੂੰ ਬਚਾਅ ਲੈਣ ਦੀ ਪ੍ਰੇਰਣਾ ਕਰਦੇ ਹਨ। ਇਸ ਅਸ਼ਟਪਦੀ ਵਿੱਚ ਗੁਰੂ ਜੀ ਸੱਚੀ-ਮੁੱਚੀਂ ਵਿਚੋਲੇ ਦੇ ਰੂਪ ਵਿੱਚ ਧਰਤ ਅਸਮਾਨ ਦੇ ਵਿਚਕਾਰ ਖੜ੍ਹੇ ਮਲੂਮ ਹੁੰਦੇ ਹਨ। ਹਰ ਇਕ ਪਉੜੀ ਵਿੱਚ ਪਹਿਲਾਂ ਮਨੁੱਖ ਨੂੰ ਰੱਬ ਦੀਆਂ ਦਾਤਾਂ ਵੱਲ ਇਸ਼ਾਰਾ ਕਰ ਕੇ ਸਮਝਾਉਂਦੇ ਹਨ, ਪਰ ਉਸ ਨੂੰ ਨਕਾਰਾ ਵੇਖ ਕੇ ਹੱਥ ਵਾਹਿਗੁਰੂ ਵੱਲ ਚੁੱਕ ਲੈਂਦੇ ਹਨ ਅਤੇ ਬਖ਼ਸ਼ਿਸ਼ ਲਈ ਅਰਦਾਸ ਕਰਦੇ ਹਨ, "ਬਖਸਿ ਲੇਹੁ ਤਉ ਨਾਨਕ ਸੀਝੈ", "ਨਾਨਕ ਰਾਖਿ ਲੇਹੁ ਆਪਨ ਕਰਿ ਕਰਮ"।

ਸਾਕ ਸੈਨ[੧] ॥ ਮੁਖਿ ਅਪਿਆਉ[੨] ਬੈਠ ਕਉ ਦੈਨ ॥ ਇਹੁ ਨਿਰਗੁਨੁ ਗੁਨੁ[੩] ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ[੪] ॥ ੧ ॥ [੫]ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ ਸੁਤ ਭ੍ਰਾਤ ਮੀਤ ਬਨਿਤਾ[੬] ਸੰਗਿ ਹਸਹਿ ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ ਸੁਖਦਾਈ ਪਵਨੁ ਪਾਵਕੁ[੭] ਅਮੁਲਾ ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ ਸਗਲ ਸਮਗ੍ਰੀ[੮] ਸੰਗਿ ਸਾਥਿ ਬਸਾ ॥ ਦੀਨੇ [੯]ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥ ਐਸੇ ਦੋਖ[੧੦] ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥ ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ਜਾ ਕੀ ਸੇਵਾ [੧੧]ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥ ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥ ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ[੧੨] ॥ ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥ ੩ ॥ ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ[੧੩] ॥ ਜੋ ਛਡਨਾ[੧੪] ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ[੧੫] ਸੋ ਦੂਰਿ ਪਰਾਨੈ[੧੬] ॥ ਛੋਡਿ ਜਾਇ ਤਿਸ ਕਾ ਸ੍ਰਮੁ[੧੭] ਕਰੈ ॥ ਸੰਗਿ ਸਹਾਈ ਤਿਸੁ ਪਰਹਰੈ[੧੮] ॥ ਚੰਦਨ ਲੇਪੁ ਉਤਾਰੈ ਧੋਇ ॥ ਗਰਧਬ[੧੯] ਪ੍ਰੀਤਿ ਭਸਮ ਸੰਗਿ ਹੋਇ ॥ ਅੰਧ ਕੂਪ ਮਹਿ ਪਤਿਤ ਬਿਕਰਾਲ[੨੦] ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥ ਕਰਤੂਤਿ ਪਸੂ ਕੀ ਮਾਨਸ ਜਾਤਿ ॥ [੨੧]ਲੋਕ ਪਚਾਰਾ ਕਰੈ ਦਿਨੁ ਰਾਤਿ ॥ ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ[੨੨] ॥ ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ [੨੩]ਗਲਿ ਪਾਥਰ ਕੈਸੇ ਤਰੈ ਅਥਾਹ ॥ ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ [੨੪]ਸਹਜਿ ਸਮਾਤਿ ॥ ੫ ॥ [੨੫]ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ[੨੬] ਗਹਿ ਲੇਹੁ ਓੜਿ ਨਿਬਹਾਵੈ ॥ ਕਹਾ ਬੁਝਾਰਤਿ[੨੭] ਬੂਝੈ ਡੋਰਾ[੨੮] ॥ ਨਿਸਿ[੨੯] ਕਹੀਐ ਤਉ ਸਮਝੈ ਭੋਰਾ[੩੦] ॥ ਕਹਾ ਬਿਸਨਪਦ[੩੧] ਗਾਵੈ ਗੁੰਗ[੩੨] ॥ ਜਤਨ ਕਰੈ ਤਉ ਭੀ [੩੩]ਸੁਰ ਭੰਗ ॥ ਕਹ ਪਿੰਗੁਲ ਪਰਬਤ ਪਰ ਭਵਨ[੩੪] ॥ ਨਹੀ ਹੋਤ ਊਹਾ ਉਸੁ ਗਵਨ ॥ ਕਰਤਾਰ ਕਰੁਣਾਮੈ[੩੫] ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥ ੬ ॥ ਸੰਗਿ ਸਹਾਈ ਸੁ ਆਵੈ ਨ ਚੀਤਿ ॥ ਜੋ ਬੈਰਾਈ[੩੬] ਤਾ ਸਿਉ ਪ੍ਰੀਤਿ ॥ *ਬਲੂਆ ਕੇ ਗ੍ਰਿਹ ਭੀਤਰਿ ਬਸੈ ॥ ਅਨਦ ਕੇਲ[੩੭] ਮਾਇਆ ਰੰਗਿ ਰਸੈ ॥ ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥ ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ

੧ ਮਿੱਤਰ।
੨ ਭੋਜਨ। ਬੈਠੇ ਨੂੰ ਮੂੰਹ ਵਿੱਚ ਭੋਜਨ ਦਿੰਦੇ ਹਨ।
੩ ਉਪਕਾਰ।
੪ ਸਫਲ ਹੋਵੇ, ਮੁਕਤ ਹੋਵੇ।
੫ ਜਿਸ ਦੀ ਕਿਰਪਾਂ ਨਾਲ ਤੂੰ ਧਰਤੀ 'ਤੇ ਸੁਖ ਨਾਲ ਵਸਦਾ ਹੈਂ।
੬ ਇਸਤਰੀ।
੭ ਅੱਗ।
੮ ਸਮਿਆਨ, ਲੋੜੀਂਦੇ ਪਦਾਰਥ।
੯ ਹੱਥ, ਪੈਰ, ਕੰਨ, ਅੱਖਾਂ, ਜੀਭ।
੧੦ ਦੋਸ਼। ਅੰਨ੍ਹੇ ਮੂਰਖ ਨੂੰ ਇਹੋ ਜੇਹੇ ਦੋਸ਼ ਲੱਗੇ ਹਨ।
੧੧ ਹਰ ਤਰ੍ਹਾਂ ਦੇ ਸੁਖ ਦੇ ਸਮਿਆਨ। ਦੇਖੋ ਪੰਨਾ ੧੦, ਫੁਟ ਨੋਟ §।
੧੨ ਬੇਸਮਝ।
੧੩ ਮਚਦਾ ਹੈ, ਖੁਸ਼ ਹੁੰਦਾ ਹੈ।
੧੪ ਛੱਡਣ ਵਾਲੀ, ਨਾਸਵੰਤ।
੧੫ ਹੋਣ ਵਾਲੀ ਹੈ। ਜੋ ਨਹੀਂ ਟਲਣ ਵਾਲੀ (ਜਿਵੇਂ ਮੌਤ)।
੧੬ ਪਛਾਣਦਾ ਹੈ, ਸਮਝਦਾ ਹੈ। ਜੋ ਗੱਲ ਹੋਣ ਵਾਲੀ ਹੈ, ਉਸ ਨੂੰ ਦੂਰ ਸਮਝਦਾ ਹੈ।
੧੭ ਉੱਦਮ, ਮਿਹਨਤ।
੧੮ ਛੱਡ ਦਿੰਦਾ ਹੈ।
੧੯ ਖੋਤੇ ਦੀ।
੨੦ ਡਰਾਉਣਾ। ਭਿਆਨਕ ਹਨੇਰੇ ਖੂਹ ਵਿੱਚ ਡਿੱਗਿਆ ਹੈ।
੨੧ ਲੋਕਾਂ ਨੂੰ ਪਤਿਆਉਣ ਦਾ ਕੰਮ। ਦਿਨ ਰਾਤ ਲੋਕਾਂ ਦੀ ਉਤੋਂ-ਉਤੋਂ ਤਸੱਲੀ ਕਰਦਾ ਫਿਰਦਾ ਹੈ।
੨੨ ਕੁੱਤਾ (ਲੋਭ ਰੂਪ)।
੨੩ ਪਾਪ ਰੂਪ ਪੱਥਰ ਗਲ ਬੰਨ੍ਹ ਕੇ ਅਥਾਹ ਸੰਸਾਰ ਸਾਗਰ ਕਿਵੇਂ ਤਰ ਸਕਦਾ ਹੈ?
੨੪ ਸਹਿਜੇ ਹੀ ਲੀਨ ਹੋ ਜਾਂਦੇ ਹਨ ਰੱਬ ਵਿੱਚ।
੨੫ ਜੋ ਅੰਨ੍ਹਾ ਹੈ ਉਹ ਨਿਰਾ ਸੁਣ ਕੇ ਰਾਹ ਕਿਵੇਂ ਲਭੇ?
੨੬ ਹੱਥ। ਜੇ ਹੱਥ ਨੂੰ ਫੜ ਲਵੋ ਤਾਂ ਤੋੜ ਅੱਪੜ ਜਾਏਗਾ।
੨੭ ਇਸ਼ਾਰੇ ਮਾਤਰ ਕੀਤੀ ਗੱਲ।
੨੮ ਬੋਲਾ।
੨੯ ਰਾਤ।
੩੦ ਦਿਨ। ਜੇ ਰਾਤ ਕਹੀਏ ਤਾਂ ਦਿਨ ਸਮਝਦਾ ਹੈ, ਕਿਉਂਕਿ ਬੋਲਾ ਹੈ।
੩੧ ਗੀਤ।
੩੨ ਗੂੰਗਾ।
੩੩ ਸੁਰ ਟੁਟ ਜਾਂਦੀ ਹੈ। ਜੇ ਗਾਉਣ ਦਾ ਜਤਨ ਕਰੇ ਭੀ, ਤਾਂ ਆਵਾਜ਼ ਗਲ ਵਿੱਚ ਰਹਿ ਜਾਏਗੀ।
੩੪ ਫਿਰਨਾ। ਲੂਲ੍ਹਾ ਕਿਵੇਂ ਪਰਬਤ ਉੱਤੇ ਫਿਰ ਸਕਦਾ ਹੈ? ਉਥੇ ਤਾਂ ਉਸ ਦੀ ਪਹੁੰਚ ਹੀ ਨਹੀਂ ਹੋ ਸਕਦੀ।
੩੫ ਦਇਆ ਦੇ ਰੂਪ।
੩੬ ਵੈਰੀ।
੩੭ ਖੇਡਾਂ।

* ਰੇਤ ਦੇ ਘਰ ਵਿੱਚ ਵੱਸਦਾ ਹੈ, ਅਤੇ ਖੁਸ਼ੀ ਦੀਆਂ ਖੇਡਾਂ ਕਰਦਾ ਹੋਇਆ ਮਾਇਆ ਦੇ ਰੰਗ ਵਿੱਚ ਰਚਦਾ ਹੈ। ਕਿਉਂਕਿ ਉਹ (ਰੇਤ ਦੇ ਘਰ ਨੂੰ) ਆਪਣੇ ਦਿਲ ਦੇ ਯਕੀਨ ਮੁਤਾਬਕ ਪੱਕਾ ਮੰਨਦਾ ਹੈ, ਅਤੇ ਮੂਰਖ ਨੂੰ ਮੌਤ ਨਹੀਂ ਚੇਤੇ ਆਉਂਦੀ।

ਬਿਕਾਰ ਮਹਾ ਲੋਭ ਧ੍ਰੋਹ[੧] ॥ ਇਆਹੂ[੨] ਜੁਗਤਿ ਬਿਹਾਨੇ ਕਈ ਜਨਮ ॥ ਨਾਨਕ
ਰਾਖਿ ਲੇਹੁ ਆਪਨ ਕਰਿ ਕਰਮ[੩] ॥ ੭ ॥ ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ[੪] ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ[੫] ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ[੬] ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ
ਊਚਾ ਭਗਵੰਤ ॥ [੭]ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ [੮]ਤੁਮ ਤੇ ਹੋਇ ਸੁ
ਆਗਿਆਕਾਰੀ ॥ ਤੁਮਰੀ [੯]ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ
ਕੁਰਬਾਨੀ ॥ ੮ ॥ ੪ ॥ ਸਲੋਕੁ ॥ ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ [੧੦]ਆਨ
ਸੁਆਇ ॥ ਨਾਨਕ [੧੧]ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥ ੧ ॥
ਅਸਟਪਦੀ* ॥ [੧੨]ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ[੧੩]
ਗਵਾਵੈ ॥ [੧੪]ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ
ਕਰੇਇ ॥ ਜਿਸੁ ਠਾਕੁਰ ਸਿਉ [੧੫]ਨਾਹੀ ਚਾਰਾ ॥ ਤਾ ਕਉ ਕੀਜੈ ਸਦ
ਨਮਸਕਾਰਾ ॥ ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ
ਵੂਠਾ[੧੬] ॥ ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ
ਪਾਇਆ ॥ ੧ ॥ ਅਗਨਤ[੧੭] ਸਾਹੁ ਅਪਨੀ ਦੇ ਰਾਸਿ ॥ ਖਾਤ ਪੀਤ ਬਰਤੈ
ਅਨਦ ਉਲਾਸਿ[੧੮] ॥ ਅਪੁਨੀ ਅਮਾਨ[੧੯] ਕਛੁ ਬਹੁਰਿ ਸਾਹੁ ਲੇਇ ॥
ਅਗਿਆਨੀ ਮਨਿ ਰੋਸੁ ਕਰੇਇ ॥ ਅਪਨੀ ਪਰਤੀਤਿ ਆਪ ਹੀ ਖੋਵੈ ॥ [੨੦]ਬਹੁਰਿ
ਉਸ ਕਾ ਬਿਸ੍ਵਾਸੁ ਨ ਹੋਵੈ ॥ ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ
ਆਗਿਆ ਮਾਨੈ ਮਾਥੈ ॥ ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ
ਸਦਾ ਦਇਆਲੁ ॥ ੨ ॥ [੨੧]ਅਨਿਕ ਭਾਤਿ ਮਾਇਆ ਕੇ ਹੇਤ ॥ ਸਰਪਰ[੨੨]
ਹੋਵਤ ਜਾਨੁ ਅਨੇਤ[੨੩] ॥ ਬਿਰਖ[੨੪] ਕੀ ਛਾਇਆ ਸਿਉ ਰੰਗੁ[੨੫] ਲਾਵੈ ॥ ਓਹ[੨੬]
ਬਿਨਸੈ ਉਹੁ[੨੭] ਮਨਿ ਪਛੁਤਾਵੈ ॥ ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ
ਤਹ ਅੰਧ ਅੰਧਾਰੁ ॥ ਬਟਾਊ[੨੮] ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ
ਕੇਹ[੨੯] ॥ ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ ਕਰਿ ਕਿਰਪਾ ਨਾਨਕ
ਆਪਿ ਲਏ ਲਾਈ ॥ ੩ ॥ ਮਿਥਿਆ[੩੦] ਤਨੁ ਧਨੁ ਕੁਟੰਬੁ ਸਬਾਇਆ[੩੧] ॥
ਮਿਥਿਆ ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥
ਮਿਥਿਆ ਕਾਮ ਕ੍ਰੋਧ ਬਿਕਰਾਲ[੩੨] ॥ ਮਿਥਿਆ ਰਥ ਹਸਤੀ[੩੩] ਅਸ੍ਵ[੩੪] ਬਸਤ੍ਰਾ ॥
ਮਿਥਿਆ ਰੰਗ ਸੰਗਿ ਮਾਇਆ [੩੫]ਪੇਖਿ ਹਸਤਾ ॥ ਮਿਥਿਆ ਧ੍ਰੋਹ[੩੬] ਮੋਹ
ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ ਅਸਥਿਰੁ ਭਗਤਿ
ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ ੪ ॥ ਮਿਥਿਆ
ਸ੍ਰਵਨ[੩੭] ਪਰ ਨਿੰਦਾ ਸੁਨਹਿ ॥ ਮਿਥਿਆ [੩੮]ਹਸਤ ਪਰ ਦਰਬ ਕਉ

੧ ਠੱਗੀ।
੨ ਇਸੇ ਤਰੀਕੇ ਨਾਲ; ਭਾਵ ਇਨ੍ਹਾਂ ਮੋਹ ਲੋਭ ਆਦਿਕ ਵਿੱਚ ਹੀ ਕਈ ਜਨਮ ਗੁਜ਼ਰੇ ਹਨ।
੩ ਬਖ਼ਸ਼ਿਸ਼।
੪ ਸਰੀਰ।
੫ ਬਾਲਕ
੬ ਬਹੁਤੇ।
੭ ਸਭ ਚੀਜ਼ ਤੇਰੀ ਮਰਯਾਦਾ ਦੇ ਸੂਤਰ (ਧਾਗੇ) ਵਿੱਚ ਧਾਰੀ ਹੋਈ ਹੈ।
੮ ਤੈਥੋਂ ਹੋਈ-ਹੋਈ (ਬਣੀ ਹੋਈ) ਸ੍ਰਿਸ਼ਟੀ ਤੇਰੇ ਹੁਕਮ ਵਿੱਚ ਹੈ।
੯ ਤੇਰੀ ਪਹੁੰਚ ਤੇ ਤੇਰਾ ਅੰਦਾਜ਼ਾ।
੧੦ ਹੋਰਨਾਂ ਪ੍ਰਯੋਜਨਾਂ ਵੱਲ।
੧੧ ਕਿਸੇ ਤਰ੍ਹਾਂ ਸਫਲ ਨਹੀਂ ਹੁੰਦੇ।
੧੨ ਕਈ ਦਾਤਾਂ ਲੈ ਕੇ ਰੱਬ ਤੋਂ ਇਕ ਪਾਸੇ ਕਰ ਲੈਂਦਾ ਹੈ, ਭਾਵ ਦਾਤ ਨੂੰ ਭੁਲ ਜਾਂਦਾ ਹੈ, ਪਰ ਜੇ ਇਕ ਨਾ ਮਿਲੇ ਤਾਂ ਉਸ ਇਕ ਦੀ ਖਾਤਰ ਆਪਣਾ ਇਤਬਾਰ ਗੁਆ ਲੈਂਦਾ ਹੈ।
੧੩ ਖੋਟ ਤੋਂ ਬਿਨਾਂ ਹੋਣਾ, ਇਤਬਾਰੀ ਹੋਣਾ, ਭਰੋਸਾ ਕਰਨ ਯੋਗ।
੧੪ ਜੇ ਇਹ ਇਕ ਭੀ ਨਾ ਦੇਵੇ ਤੇ ਇਸ ਤੋਂ ਇਲਾਵਾ ਦੂਜੀਆਂ ਦਸ ਦਿੱਤੀਆਂ ਹੋਈਆਂ ਵੀ ਖੋਹ ਲਵੇ, ਤਾਂ ਦੱਸੋ ਇਹ ਮੂਰਖ ਕੀ ਕਰ ਸਕਦਾ ਹੈ? ਇਸ ਨੂੰ ਤਾਂ ਸਬਰ ਤੇ ਹੁਕਮ ਵਿੱਚ ਰਹਿਣਾ ਚਾਹੀਦਾ ਹੈ।
੧੫ ਵਾਹ ਨਾ ਲੱਗਦੀ ਹੋਵੇ, ਪੇਸ਼ ਨਾ ਜਾਂਦੀ ਹੋਵੇ।
੧੬ ਵਸੇ ਹਨ।
੧੭ ਬੇਅੰਤ। ਹਰੀ-ਸ਼ਾਹ ਬੇਅੰਤ ਰਾਸ ਦਿੰਦਾ ਹੈ।
੧੮ ਅਨੰਦ ਨਾਲ।
੧੯ ਅਮਾਨਤ। ਜੇ ਮਾਲਕ ਆਪਣੀ ਅਮਾਨਤ ਵਿੱਚੋਂ ਕੁਝ ਵਾਪਸ ਲੈ ਲਵੇ, ਤਾਂ ਅਗਿਆਨੀ ਪੁਰਸ਼ ਗੁੱਸੇ ਹੋ ਜਾਂਦਾ ਹੈ।
੨੦ ਮੁੜ ਉਸ ਦਾ ਇਤਬਾਰ ਨਹੀਂ ਹੁੰਦਾ।
੨੧ ਅਨੇਕ ਤਰ੍ਹਾਂ ਦੇ ਮਾਇਆ ਦੇ ਪਿਆਰ।
੨੨ ਜ਼ਰੂਰ ਹੀ।
੨੩ ਅਨਿੱਤ। ਇਹ ਸਮਝ ਕਿ ਜ਼ਰੂਰ ਹੀ ਨਾਸ ਹੋ ਜਾਣੇ ਹਨ।
੨੪ ਰੁੱਖ।
੨੫ ਪਿਆਰ।
੨੬ ਛਾਇਆ। ਇਸਤ੍ਰੀ-ਲਿੰਗ ਹੋਣ ਕਰਕੇ 'ਰ' ਮੁਕਤਾ ਹੈ।
੨੭ ਜੋ ਪਿਆਰ ਲਾਂਦਾ ਹੈ।
੨੮ ਵਾਟ ਵਾਲਾ, ਰਾਹੀ, ਮੁਸਾਫ਼ਰ।
੨੯ ਕੁਝ ਵੀ।
੩੦ ਨਾ ਰਹਿਣ ਵਾਲਾ।
੩੧ ਸਾਰਾ।
੩੨ ਡਰਾਉਣਾ।
੩੩ ਹਾਥੀ।
੩੪ ਘੋੜੇ।
੩੫ ਵੇਖ ਕੇ ਹੱਸਦਾ (ਖੁਸ਼ ਹੁੰਦਾ) ਹੈ।
੩੬ ਠੱਗੀ, ਧੋਖਾ।
੩੭ ਕੰਨ।
੩੮ ਹੱਥ ਜੋ ਪਰਾਏ ਮਾਲ ਨੂੰ ਚੁਰਾਂਦੇ ਹਨ।

* ਪਿਛਲੀ ਅਸ਼ਟਪਦੀ ਵਿੱਚ ਦੱਸਿਆ ਸੀ ਕਿ ਨਾਮ ਦਾ ਧਾਰਨੀ ਹੋਣ ਲਈ ਮਨੁੱਖ ਦੀ ਆਪਣੀ ਤਾਕਤ ਬਹੁਤ ਕਮਜ਼ੋਰ ਹੈ। ਹੁਣ ਦੱਸਦੇ ਹਨ ਕਿ ਇਸ ਤੋਂ ਇਲਾਵਾ ਇਸ ਨੂੰ ਗੁਮਰਾਹ ਕਰਨ ਲਈ "ਅਨਿਕ ਭਾਤਿ ਮਾਇਆ ਕੇ ਹੇਤ" ਹਨ, ਜਿਨ੍ਹਾਂ ਦੀ ਮਿਥਿਆ ਖਿੱਚ ਵਿੱਚ ਪਿਆ ਹੋਇਆ ਨਾਮ ਵੱਲ ਰੁਚੀ ਨਹੀਂ ਕਰਦਾ।

ਹਿਰਹਿ[੧] ॥ ਮਿਥਿਆ ਨੇਤ੍ਰ ਪੇਖਤ ਪਰ [੨]ਤ੍ਰਿਅ ਰੂਪਾਦ ॥ ਮਿਥਿਆ ਰਸਨਾ[੩] ਭੋਜਨ [੪]ਅਨ ਸ੍ਵਾਦ ॥ ਮਿਥਿਆ ਚਰਨ [੫]ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥ [੬]ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ[੭] ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫ ॥ ਬਿਰਥੀ [੮]ਸਾਕਤ ਕੀ ਆਰਜਾ ॥ ਸਾਚ ਬਿਨਾ ਕਹ[੯] ਹੋਵਤ ਸੂਚਾ ॥ [੧੦]ਬਿਰਥਾ ਨਾਮ ਬਿਨਾ ਤਨੁ ਅੰਧ ॥ [੧੧]ਮੁਖਿ ਆਵਤ ਤਾ ਕੈ ਦੁਰਗੰਧ ॥ ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ ਮੇਘ[੧੨] ਬਿਨਾ ਜਿਉ ਖੇਤੀ ਜਾਇ ॥ ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ[੧੩] ਕੇ ਨਿਰਾਰਥ ਦਾਮ ॥ ਧੰਨਿ ਧੰਨਿ ਤੇ ਜਨ ਜਿਹ ਘਟਿ[੧੪] ਬਸਿਓ ਹਰਿ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥ ਰਹਤ[੧੫] ਅਵਰ ਕਛੁ ਅਵਰ ਕਮਾਵਤ ॥ [੧੬]ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ ਜਾਨਨਹਾਰ ਪ੍ਰਭੂ ਪਰਬੀਨ[੧੭] ॥ [੧੮]ਬਾਹਰਿ ਭੇਖ ਨ ਕਾਹੂ ਭੀਨ ॥ ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ[੧੯] ਤਰੈ ਸੰਸਾਰੁ ॥ ਜੋ [੨੦]ਤੁਮ ਭਾਨੇ ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ[੨੧] ॥ ੭ ॥ ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥ [੨੨]ਅਪਨਾ ਕੀਆ ਆਪਹਿ ਮਾਨੈ ॥ ਆਪਹਿ ਆਪ ਆਪਿ ਕਰਤ ਨਿਬੇਰਾ ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥ ਉਪਾਵ ਸਿਆਨਪ ਸਗਲ ਤੇ ਰਹਤ[੨੩] ॥ ਸਭੁ ਕਛੁ ਜਾਨੈ [੨੪]ਆਤਮ ਕੀ ਰਹਤ ॥ ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ [੨੫]ਥਾਨ ਥਨੰਤਰਿ ਰਹਿਆ ਸਮਾਇ ॥ ਸੋ ਸੇਵਕੁ ਜਿਸੁ ਕਿਰਪਾ ਕਰੀ ॥ [੨੬]ਨਿਮਖ ਨਿਮਖ ਜਪਿ ਨਾਨਕ ਹਰੀ ॥ ੮ ॥ ੫ ॥ ਸਲੋਕੁ ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ[੨੭] ॥ ਨਾਨਕ [੨੮]ਪ੍ਰਭ ਸਰਣਾਗਤੀ [੨੯]ਕਰਿ ਪ੍ਰਸਾਦੁ ਗੁਰਦੇਵ ॥ ੧ ॥ ਅਸਟਪਦੀ* ॥ [੩੦]ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ ਜਿਹ ਪ੍ਰਸਾਦਿ ਸੁਗੰਧਤ[੩੧] ਤਨਿ ਲਾਵਹਿ ॥ ਤਿਸ ਕਉ ਸਿਮਰਤ [੩੨]ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਬਸਹਿ [੩੩]ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥ ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ[੩੪] ॥ ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ [੩੫]ਧਿਆਵਨ ਜੋਗ ॥ ੧ ॥ ਜਿਹ ਪ੍ਰਸਾਦਿ [੩੬]ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ[੩੭] ਅਵਰ ਲੁਭਾਵਹਿ ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਤਾ ਕਾ ਜਸੁ

੧ ਚੁਰਾਂਦੇ ਹਨ।
੨ ਪਰਾਈ ਇਸਤਰੀ ਦੇ ਰੂਪ ਆਦਿਕ ਵੱਲ।
੩ ਜੀਭ।
੪ ਹੋਰ ਸੁਾਦ।
੫ ਪਰਾਈ ਤਰਫ਼ ਵਿਕਾਰਾਂ ਨੂੰ ਦੌੜਦੇ ਹਨ।
੬ ਜੋ ਪਰਉਪਕਾਰ ਨਹੀਂ ਕਰਦਾ ਉਹ ਤਨ ਮਿਥਿਆ ਹੈ।
੭ ਗੰਧ। ਮਿਥਿਆ (ਨੱਕ ਹੈ) ਜੋ ਵਿਕਾਰਾਂ ਵਾਲੀ ਵਾਸ਼ਨਾ ਲੈਂਦਾ ਹੈ।
੮ ਮਾੜੇ ਆਦਮੀ ਦੀ ਉਮਰ।
੯ ਕਿਵੇਂ?
੧੦ ਨਾਮ ਬਿਨਾਂ ਸਰੀਰ ਬੇਅਰਥ (ਨਿਸਫਲ) ਹੈ ਤੇ ਅੰਧਾ (ਅਗਿਆਨੀ) ਹੈ।
੧੧ ਉਸ ਦੇ ਮੂੰਹ ਵਿੱਚੋਂ ਬਦਬੋ ਆਉਂਦੀ ਹੈ।
੧੨ ਬੱਦਲ।
੧੩ ਸ਼ੂਮ। ਜਿਵੇਂ ਸ਼ੂਮ ਦੇ ਦਾਮ (ਪੈਸੇ) ਬਿਅਰਥ ਹਨ, ਭਾਵ ਕਿਸੇ ਦੇ ਕੰਮ ਨਹੀਂ ਆਉਂਦੇ।
੧੪ ਦਿਲ ਵਿੱਚ।
੧੫ ਬਾਹਰ ਦੀ ਰਹਿਣੀ।
੧੬ ਦਿਲੋਂ ਪਿਆਰ ਨਹੀਂ, ਨਿਰਾ ਮੂੰਹੋਂ ਗਾਂਢੇ ਗੰਢਦਾ ਹੈ, ਉੱਤੋਂ-ਉੱਤੋਂ ਮਿਲਾਪ ਦੀਆਂ ਗੱਲਾਂ ਕਰਦਾ ਹੈ।
੧੭ [ਸੰ: ਪ੍ਰਵੀਣ] ਸਿਆਣਾ।
੧੮ ਵਾਹਿਗੁਰੂ ਕਿਸੇ ਬਾਹਰ ਦੇ ਭੇਖ ਨਾਲ ਨਹੀਂ ਭਿੱਜਦਾ (ਪ੍ਰਸੰਨ ਹੁੰਦਾ)।
੧੯ ਸਿੱਖਿਆ ਦੁਆਰਾ।
੨੦ ਤੈਨੂੰ ਭਾਉਂਦੇ ਹਨ, ਚੰਗੇ ਲੱਗਦੇ ਹਨ।
੨੧ ਪੈਂਦਾ ਹੈ (ਉਨ੍ਹਾਂ ਦੇ ਚਰਨੀਂ)।
੨੨ ਆਪਣੇ ਪੈਦਾ ਕੀਤੇ ਦਾ ਆਪ ਹੀ ਮਾਣ ਕਰਦਾ ਹੈ (ਵਡਿਆਈ ਦਿੰਦਾ ਹੈ)।
੨੩ ਵਖਰਾ, ਬਿਨਾਂ। ਉਸ ਨੂੰ ਚਲਾਕੀਆਂ ਤੇ ਢੰਗ ਵਰਤਣ ਦੀ ਲੋੜ ਨਹੀਂ, ਉਹ ਸਾਡੇ ਦਿਲਾਂ ਦੇ ਅੰਦਰ ਦੀ ਰਹਿਣੀ ਆਪੇ ਨਿਰਯਤਨ ਹੀ ਜਾਣ ਲੈਂਦਾ ਹੈ।
੨੪ ਆਤਮਾ ਦੀ ਰਹਿਣੀ ਨੂੰ।
੨੫ ਸਭ ਥਾਵਾਂ ਵਿੱਚ।
੨੬ ਹਰ ਪਲਕ। ਹਰ ਵੇਲੇ ਉਹ ਜਪਦਾ ਹੈ ਹਰੀ ਨੂੰ।
੨੭ ਅਹੰਮਤਿ, ਹੰਕਾਰ ਵਾਲੀ ਮਤਿ, ਖ਼ੁਦੀ।
੨੮ ਪ੍ਰਭੂ ਦੀ ਸ਼ਰਨ ਆਇਆ ਹਾਂ।
੨੯ ਕਿਰਪਾ ਕਰ, ਹੇ ਗੁਰਦੇਵ!
੩੦ ਜਿਸ ਹਰੀ ਦੀ ਕਿਰਪਾ ਦੁਆਰਾ ਤੂੰ ਛੱਤੀ ਪ੍ਰਕਾਰ ਦੇ ਰਸੀਲੇ ਭੋਜਨ ਖਾਂਦਾ ਹੈਂ। ਛਤੀਹ ਅੰਮ੍ਰਿਤ= ਛੱਤੀ ਤਰ੍ਹਾਂ ਦੇ ਸੁਆਦੀ ਖਾਣੇ; ਖੱਟੇ ਮਿੱਠੇ ਰਸਾਂ ਵਾਲੇ ਕਈ ਤਰ੍ਹਾਂ ਦੇ ਭੋਜਨ, "ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ" (ਭਾਈ ਗੁਰਦਾਸ, ਵਾਰ ੧੭/੮)।
੩੧ ਖੁਸ਼ਬੋਆਂ।
੩੨ ਉੱਚੀ ਤੋਂ ਉੱਚੀ ਪਦਵੀ, ਮੁਕਤੀ।
੩੩ ਅਰਾਮ ਵਾਲੇ ਘਰ ਵਿੱਚ।
੩੪ ਜੀਭ ਦੁਆਰਾ।
੩੫ ਧਿਆਵਣ ਦੇ ਲਾਇਕ ਹਰੀ ਨੂੰ।
੩੬ ਰੇਸ਼ਮ ਤੇ ਰੇਸ਼ਮੀ ਅੰਬਰ (ਕੱਪੜੇ)।
੩੭ ਕਿਸ ਲਈ, ਕਾਹਨੂੰ!

* ਪਿਛਲੀ ਅਸ਼ਟਪਦੀ ਵਿੱਚ ਦੱਸੀਆਂ ਮਿਥਿਆ ਖਿੱਚਾਂ ਵੱਲੋਂ ਹਟਾਣ ਲਈ ਗੁਰੂ ਜੀ ਮਨੁੱਖ ਨੂੰ ਰੱਬ ਦੀਆਂ ਅਮੁੱਕ ਬਖ਼ਸ਼ਿਸ਼ਾਂ ਵੱਲ ਧਿਆਨ ਦੁਆਂਦੇ ਹਨ, ਪਰ ਅੰਤ ਵਿੱਚ ਗੱਲ ਇਸੇ 'ਤੇ ਛੱਡਦੇ ਹਨ ਕਿ ਮਨੁੱਖ ਆਪ ਕੁਝ ਨਹੀਂ ਕਰ ਸਕਦਾ; ਉਸ ਦੇ ਮਨ ਦੇ ਬੰਦ ਹੋਏ ਕੰਵਲ ਨੂੰ ਖੋਲ੍ਹਣਾ, ਉਸ ਦੀ ਮੱਤ ਨੂੰ ਉੱਤਮ ਕਰਨਾ ਤੇ ਉਸ ਨੂੰ ਨਾਮ ਵਿੱਚ ਲਾਉਣਾ ਵਾਹਿਗੁਰੂ ਦੇ ਆਪਣੇ ਵੱਸ ਹੈ।

ਗਾਵੀਜੈ ॥ ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ[੧] ॥ [੨]ਮੁਖਿ ਤਾ ਕੋ ਜਸੁ ਰਸਨ ਬਖਾਨੈ ॥ ਜਿਹ ਪ੍ਰਸਾਦਿ [੩]ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥ ੨ ॥ ਜਿਹ ਪ੍ਰਸਾਦਿ ਆਰੋਗ ਕੰਚਨ[੪] ਦੇਹੀ ॥ ਲਿਵ ਲਾਵਹੁ ਤਿਸੁ [੫]ਰਾਮ ਸਨੇਹੀ ॥ ਜਿਹ ਪ੍ਰਸਾਦਿ ਤੇਰਾ [੬]ਓਲਾ ਰਹਤ ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ[੭] ਢਾਕੇ ॥ ਮਨ ਸਰਨੀ ਪਰੁ[੮] ਠਾਕੁਰ ਪ੍ਰਭ ਤਾ ਕੈ ॥ ਜਿਹ ਪ੍ਰਸਾਦਿ [੯]ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ ਜਿਹ ਪ੍ਰਸਾਦਿ ਪਾਈ [੧੦]ਦ੍ਰੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥ ੩ ॥ ਜਿਹ ਪ੍ਰਸਾਦਿ ਆਭੂਖਨ[੧੧] ਪਹਿਰੀਜੈ ॥ ਮਨ ਤਿਸੁ ਸਿਮਰਤ ਕਿਉ ਆਲਸੁ[੧੨] ਕੀਜੈ ॥ ਜਿਹ ਪ੍ਰਸਾਦਿ [੧੩]ਅਸ੍ਵ ਹਸਤਿ ਅਸਵਾਰੀ ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥ ਜਿਹ ਪ੍ਰਸਾਦਿ ਬਾਗ ਮਿਲਖ[੧੪] ਧਨਾ ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥ ਜਿਨਿ ਤੇਰੀ ਮਨ ਬਨਤ ਬਨਾਈ ॥ ਊਠਤ ਬੈਠਤ ਸਦ ਤਿਸਹਿ ਧਿਆਈ ॥ ਤਿਸਹਿ ਧਿਆਇ ਜੋ ਏਕ ਅਲਖੈ[੧੫] ॥ [੧੬]ਈਹਾ ਊਹਾ ਨਾਨਕ ਤੇਰੀ ਰਖੈ ॥ ੪ ॥ ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥ ਜਿਹ ਪ੍ਰਸਾਦਿ ਤੂ *ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ[੧੭] ॥ ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ[੧੮] ॥ ਜਿਹ ਪ੍ਰਸਾਦਿ ਤੇਰੀ ਨੀਕੀ[੧੯] ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥ ਜਿਹ ਪ੍ਰਸਾਦਿ [੨੦]ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ [੨੧]ਪੇਖਹਿ ਬਿਸਮਾਦ ॥ ਜਿਹ ਪ੍ਰਸਾਦਿ ਬੋਲਹਿ [੨੨]ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ[੨੩] ਬਸਨਾ ॥ ਜਿਹ ਪ੍ਰਸਾਦਿ ਹਸਤ[੨੪] ਕਰ[੨੫] ਚਲਹਿ ॥ ਜਿਹ ਪ੍ਰਸਾਦਿ [੨੬]ਸੰਪੂਰਨ ਫਲਹਿ ॥ ਜਿਹ ਪ੍ਰਸਾਦਿ [੨੭]ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ [੨੮]ਸੁਖਿ ਸਹਜਿ ਸਮਾਵਹਿ ॥ ਐਸਾ ਪ੍ਰਭੁ ਤਿਆਗਿ ਅਵਰ ਕਤ[੨੯] ਲਾਗਹੁ ॥ ਗੁਰ ਪ੍ਰਸਾਦਿ ਨਾਨਕ [੩੦]ਮਨਿ ਜਾਗਹੁ ॥ ੬ ॥ ਜਿਹ ਪ੍ਰਸਾਦਿ ਤੂੰ [੩੧]ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥ ਜਿਹ ਪ੍ਰਸਾਦਿ ਤੇਰਾ ਪਰਤਾਪੁ ॥ ਰੇ ਮਨ ਮੂੜ ਤੂ ਤਾ ਕਉ ਜਾਪੁ ॥ ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥ ਤਿਸਹਿ ਜਾਨੁ ਮਨ ਸਦਾ ਹਜੂਰੇ ॥ ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ[੩੨] ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ [੩੩]ਜਾਪੁ ਜਪੈ ਜਪੁ ਸੋਇ ॥ ੭ ॥ ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ[੩੪] ਸੁ ਹਰਿ ਗੁਨ ਗਾਉ ॥

੧ ਆਦਰ ਕਰਦਾ ਹੈ।
੨ ਮੂੰਹ ਦੁਆਰਾ ਜੀਭ ਨਾਲ ਉਸ ਦਾ ਜਸ ਕਰ।
੩ ਤੇਰਾ ਨਿਯਮ ਜਾਂ ਪ੍ਰਤਿੱਗਿਆ ਨਿਭ ਜਾਂਦੀ ਹੈ।
੪ ਸੋਨਾ। ਸੋਨੇ ਵਰਗੀ (ਸੁੰਦਰ ਲਹਿ-ਲਹਿ ਕਰਦੀ) ਦੇਹੀ।
੫ ਪਿਆਰੇ ਰਾਮ ਵਿੱਚ।
੬ ਪੜਦਾ ਕੱਜਿਆ ਰਹਿੰਦਾ ਹੈ।
੭ ਦੋਸ਼, ਪਾਪ।
੮ ਪੜ, ਪਉ।
੯ ਤੇਰੇ ਬਰਾਬਰ ਕੋਈ ਨਹੀਂ ਪਹੁੰਚਦਾ।
੧੦ ਔਖੀ ਲੱਭਣ ਵਾਲੀ ਦੇਹੀਂ (ਮਨੁੱਖਾ ਜਨਮ)।
੧੧ ਗਹਿਣੇ।
੧੨ ਸੁਸਤੀ, ਢਿਲ।
੧੩ ਘੋੜੇ ਤੇ ਹਾਥੀਆਂ ਦੀ ਸਵਾਰੀ ਮਿਲਦੀ ਹੈ।
੧੪ [ਦੇਸ, ਮੁਲਕ] ਜ਼ਮੀਨਾਂ ਦੀ ਮਲਕੀਅਤ।
੧੫ ਜੋ ਲਖਿਆ (ਸਮਝਿਆ) ਨਹੀਂ ਜਾਂਦਾ।
੧੬ ਏਥੇ ਉਥੇ, ਭਾਵ ਲੋਕ ਪਰਲੋਕ ਵਿੱਚ ਸਭ ਥਾਈਂ।
੧੭ ਚੇਤੇ ਕਰ।
੧੮ ਐਸਾ ਸੁੰਦਰ ਜਿਸ ਦੀ ਉਪਮਾ ਨਾ ਹੋ ਸਕੇ।
੧੯ ਚੰਗੀ।
੨੦ ਕੰਨਾਂ ਦਵਾਰਾ ਨਾਦ (ਰਾਗ ਆਦਿਕ) ਸੁਣਦਾ ਹੈਂ।
੨੧ ਵੇਖਦਾ ਹੈਂ ਵਿਸਮਾਦ (ਅਸਚਰਜ ਕੌਤਕ ਜਾਂ ਦ੍ਰਿਸ਼)।
੨੨ ਮਿੱਠੇ ਬਚਨ।
੨੩ ਅਰਾਮ, ਸ਼ਾਂਤੀ ਨਾਲ।
੨੪ ਹੱਥ।
੨੫ ਹੱਥ। ਹੱਥ ਆਦਿਕ ਸਰੀਰ ਦੇ ਅੰਗ ਚਲਦੇ ਹਨ।
੨੬ ਚੰਗੀ ਤਰ੍ਹਾਂ ਫਲਦਾ-ਫੁਲਦਾ ਹੈਂ।
੨੭ ਉੱਚੀ ਤੋਂ ਉੱਚੀ ਗਤੀ।
੨੮ ਪਰਮ ਸ਼ਾਂਤੀ ਤੇ ਅਡੋਲ ਅਵਸਥਾ ਵਾਲੇ ਸੁਖ ਵਿੱਚ। ਦੇਖੋ ਪੰਨਾ ੧੦੪, ਨੋਟ ੬।
੨੯ ਕਿਸ ਪਾਸੇ।
੩੦ ਮਨ ਕਰਕੇ ਜਾਗੋ (ਤਿਆਰ ਬਰ ਤਿਆਰ ਤੇ ਸੁਚੇਤ ਰਹੋ)।
੩੧ ਮਸ਼ਹੂਰ ਹੈਂ ਜਗਤ ਵਿੱਚ।
੩੨ ਰਚ, ਲੀਨ ਹੋ।
੩੩ ਉਸ ਦੇ ਜਪ ਦਾ ਜਾਪ ਜਪਦਾ ਹੈ।
੩੪ ਗਾਇਨ ਕਰਾਏ।

* ਰਸਮ ਰਿਵਾਜ ਦੇ ਕਰਮ ਕਰਨ ਵਾਲਾ। ਭਾਵ ਜਿਸ ਦੀ ਕਿਰਪਾ ਨਾਲ ਤੂੰ ਰੀਤਾਂ ਢੰਗ ਨਿਬਾਹੁਣ ਦੇ ਯੋਗ ਬਣਿਆ ਹੈਂ।

ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ[੧] ॥ ਪ੍ਰਭੂ ਦਇਆ ਤੇ [੨]ਕਮਲ ਬਿਗਾਸੁ ॥ ਪ੍ਰਭ ਸੁਪ੍ਰਸੰਨ[੩] ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥ ਸਰਬ ਨਿਧਾਨ ਪ੍ਰਭ ਤੇਰੀ ਮਇਆ[੪] ॥ ਆਪਹੁ ਕਛੂ ਨ ਕਿਨਹੂ ਲਇਆ ॥ ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥ ਸਲੋਕੁ ॥ ਅਗਮ[੫] ਅਗਾਧਿ[੬] ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ[੭] ਹੋਇ ॥ [੮]ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥ ੧ ॥ ਅਸਟਪਦੀ* ॥ [੯]ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ [੧੦]ਮਲੁ ਸਗਲੀ ਖੋਤ ॥ ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ[੧੧] ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ[੧੨] ॥ ਸਾਧਸੰਗਿ [੧੩]ਸਭੁ ਹੋਤ ਨਿਬੇਰਾ ॥ ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ [੧੪]ਏਕ ਊਪਰਿ ਜਤਨੁ ॥ ਸਾਧ ਕੀ ਮਹਿਮਾ ਬਰਨੈ[੧੫] ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ [੧੬]ਪ੍ਰਭ ਮਾਹਿ ਸਮਾਨੀ ॥ ੧ ॥ ਸਾਧ ਕੈ ਸੰਗਿ ਅਗੋਚਰੁ[੧੭] ਮਿਲੈ ॥ ਸਾਧ ਕੈ ਸੰਗਿ ਸਦਾ ਪਰਫੁਲੈ[੧੮] ॥ ਸਾਧ ਕੈ ਸੰਗਿ ਆਵਹਿ ਬਸਿ ਪੰਚਾ[੧੯] ॥ ਸਾਧਸੰਗਿ [੨੦]ਅੰਮ੍ਰਿਤ ਰਸੁ ਭੁੰਚਾ ॥ ਸਾਧਸੰਗਿ ਹੋਇ ਸਭ ਕੀ ਰੇਨ[੨੧] ॥ ਸਾਧ ਕੈ ਸੰਗਿ ਮਨੋਹਰ ਬੈਨ[੨੨] ॥ ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧਸੰਗਿ ਅਸਥਿਤਿ[੨੩] ਮਨੁ ਪਾਵੈ ॥ ਸਾਧ ਕੈ ਸੰਗਿ ਮਾਇਆ ਤੇ ਭਿੰਨ[੨੪] ॥ ਸਾਧਸੰਗਿ ਨਾਨਕ [੨੫]ਪ੍ਰਭ ਸੁਪ੍ਰਸੰਨ ॥ ੨ ॥ ਸਾਧਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ[੨੬] ॥ ਸਾਧਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ[੨੭] ਪੈਰੁ ॥ ਸਾਧ ਕੈ ਸੰਗਿ ਨਾਹੀ ਕੋ ਮੰਦਾ ॥ ਸਾਧਸੰਗਿ [੨੮]ਜਾਨੇ ਪਰਮਾਨੰਦਾ ॥ ਸਾਧ ਕੈ ਸੰਗਿ ਨਾਹੀ ਹਉ ਤਾਪੁ ॥ ਸਾਧ ਕੈ ਸੰਗਿ ਤਜੈ ਸਭੁ ਆਪੁ[੨੯] ॥ ਆਪੇ ਜਾਨੈ ਸਾਧ ਬਡਾਈ ॥ ਨਾਨਕ [੩੦]ਸਾਧ ਪ੍ਰਭੂ ਬਨਿ ਆਈ ॥ ੩ ॥ ਸਾਧ ਕੈ ਸੰਗਿ [੩੧]ਨ ਕਬਹੂ ਧਾਵੈ ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ ਸਾਧਸੰਗਿ ਬਸਤੁ[੩੨] ਅਗੋਚਰ ਲਹੈ ॥ ਸਾਧੂ ਕੈ ਸੰਗਿ ਅਜਰੁ[੩੩] ਸਹੈ ॥ ਸਾਧ ਕੈ ਸੰਗਿ ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ ਮਹਲਿ[੩੪] ਪਹੂਚੈ ॥ ਸਾਧ ਕੈ ਸੰਗਿ [੩੫]ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ [੩੬]ਕੇਵਲ ਪਾਰਬ੍ਰਹਮ ॥ ਸਾਧ ਕੈ ਸੰਗਿ ਪਾਏ [੩੭]ਨਾਮ ਨਿਧਾਨ ॥ ਨਾਨਕ ਸਾਧੂ ਕੈ ਕੁਰਬਾਨ ॥ ੪ ॥ ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥ ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ [੩੮]ਸਭੁ ਕੋ ਵਰਸਾਵੈ ॥ ਸਾਧਸੰਗਿ [੩੯]ਧਰਮਰਾਇ ਕਰੇ ਸੇਵਾ ॥ ਸਾਧ ਕੈ ਸੰਗਿ [੪੦]ਸੋਭਾ ਸੁਰਦੇਵਾ ॥ ਸਾਧੂ ਕੈ ਸੰਗਿ ਪਾਪ ਪਲਾਇਨ[੪੧] ॥ ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥ ਸਾਧ ਕੈ ਸੰਗਿ ਸ੍ਰਬ ਥਾਨ ਗੰਮਿ[੪੨] ॥ ਨਾਨਕ

੧ ਚਾਨਣਾ।
੨ ਹਿਰਦੇ ਰੂਪ ਕਮਲ ਖਿੜਦਾ ਹੈ।
੩ ਚੰਗੀ ਤਰ੍ਹਾਂ ਪ੍ਰਸੰਨ ਹੋਵੇ।
੪ ਕਿਰਪਾ। ਤੇਰੀ ਕਿਰਪਾ ਨਾਲ ਸਾਰੇ ਖ਼ਜ਼ਾਨੇ ਪ੍ਰਾਪਤ ਹੁੰਦੇ ਹਨ; ਆਪਣੇ ਆਪ ਕਦੇ ਕਿਸੇ ਕੁਝ ਨਹੀਂ ਲਿਆ!
੫ ਪਹੁੰਚ ਤੋਂ ਪਰ੍ਹੇ।
੬ ਅਥਾਹ ਹਰੀ।
੭ ਮੁਕਤ। ਜੋ ਕਹਿੰਦਾ (ਜਪਦਾ) ਹੈ, ਉਹ ਮੁਕਤ ਹੁੰਦਾ ਹੈ।
੮ ਹੇ ਮਿੱਤਰ, ਸੁਣ, ਨਾਨਕ ਬੇਨਤੀ ਕਰਦਾ ਹੈ ਕਿ ਸਾਧ ਜਨਾਂ ਦਾ ਜ਼ਿਕਰ ਅਸਚਰਜ ਹੈ, ਕਿਉਂਕਿ ਓਹ ਅਗਮ ਅਗਾਧ ਵਾਹਿਗੁਰੂ ਨੂੰ ਜਪਾ ਦਿੰਦੇ ਹਨ।
੯ ਸਾਧ ਦੀ ਸੰਗਤ ਵਿੱਚ ਮੁੱਖ ਪਵਿੱਤਰ ਹੁੰਦਾ ਹੈ।
੧੦ ਸਾਰੀ ਮੈਲ ਖੋਈ ਜਾਂਦੀ ਹੈ, ਦੂਰ ਹੁੰਦੀ ਹੈ।
੧੧ ਉੱਤਮ ਗਿਆਨ।
੧੨ ਨੇੜੇ।
੧੩ ਸਭ ਝਗੜੇ ਨਿਬੜ (ਮੁਕ) ਜਾਂਦੇ ਹਨ।
੧੪ ਇਕ ਹਰੀ ਵਾਲੇ ਪਾਸੇ ਦੇ ਜਤਨ ਕਰਦਾ ਹੈ।
੧੫ ਵਰਨਨ ਕਰ ਸਕਦਾ ਹੈ।
੧੬ (ਇਤਨੀ ਉੱਚੀ ਹੈ ਕਿ) ਵਾਹਿਗੁਰੂ ਵਿੱਚ ਜਾ ਸਮਾਈ ਹੈ। ਵਾਹਿਗੁਰੂ ਦੇ ਗੁਣਾਂ ਦਾ ਪ੍ਰਕਾਸ਼ ਸਾਧਾਂ ਵਿੱਚ ਹੈ, ਇਸ ਲਈ ਸਾਧ ਦੀ ਸੋਭਾ ਹਰੀ ਸੋਭਾ ਤੁਲ ਹੈ।
੧੭ ਜੋ ਇੰਦਰਿਆਂ ਦਾ ਵਿਸ਼ਾ ਨਹੀਂ, ਵਾਹਿਗੁਰੂ।
੧੮ ਪ੍ਰਫੁਲਤ ਹੁੰਦਾ ਹੈ।
੧੯ ਪੰਜ ਕਾਮਾਦਿਕ (ਵਸ ਵਿਚ ਆਉਂਦੇ ਹਨ)।
੨੦ ਨਾਮ ਅੰਮ੍ਰਿਤ ਦਾ ਰਸ ਭੋਗਦਾ (ਮਾਣਦਾ) ਹੈ।
੨੧ ਧੂੜੀ।
੨੨ ਬਚਨ।
੨੩ ਟਿਕਾਉ।
੨੪ ਨਿਰਲੇਪ।
੨੫ ਹਰੀ ਚੰਗੀ ਤਰ੍ਹਾਂ ਪ੍ਰਸੰਨ ਹੁੰਦਾ ਹੈ।
੨੬ ਪਵਿੱਤਰ।
੨੭ ਵਿੰਗਾ। ਕੁਰਾਹੇ ਨਹੀਂ ਚਲਦਾ।
੨੮ ਪਰਮ ਅਨੰਦ ਨੂੰ ਜਾਣ ਲੈਂਦਾ ਹੈ।
੨੯ ਆਪਾ ਭਾਵ, ਹੰਕਾਰ।
੩੦ ਸਾਧ ਦੀ ਪ੍ਰਭੂ ਨਾਲ ਬਣ ਆਈ ਹੈ।
੩੧ ਕਿਤੇ ਨਹੀਂ ਦੌੜਦਾ, ਭਾਵ ਟਿਕ ਜਾਂਦਾ ਹੈ।
੩੨ ਨਾਮ ਵਸਤ।
੩੩ ਜੋ ਜਰੀ (ਸਹਾਰੀ) ਨਾ ਜਾ ਸਕੇ। ਚੰਗਿਆਈ ਬੜੀ ਅਜਰ ਵਸਤ ਹੈ। ਸ਼ੁਰੂ-ਸ਼ੁਰੂ ਵਿੱਚ ਕੁਝ ਹੰਕਾਰ ਪੈਦਾ ਹੋਣ ਲੱਗਦਾ ਹੈ ਤੇ ਮਨੁੱਖ ਚੜ੍ਹਦਾ ਚੜ੍ਹਦਾ ਡਿੱਗ ਪੈਂਦਾ ਹੈ, ਪਰ ਸਾਧ-ਸੰਗ ਵਿੱਚ ਇਹ ਅਜਰ ਵੀ ਜਰ ਲਈਦਾ ਹੈ।
੩੪ ਹਰੀ ਦੇ ਟਿਕਾਣੇ।
੩੫ ਸਾਰੇ ਧਰਮਾਂ ਦਾ ਤੱਤ ਸਮਝ ਲੈਂਦਾ ਹੈ।
੩੬ ਇਕ ਵਾਹਿਗੁਰੂ ਹੀ ਵਾਹਿਗੁਰੂ ਦਿੱਸਦਾ ਹੈ।
੩੭ ਨਾਮ ਦਾ ਖਜ਼ਾਨਾ।
੩੮ ਹਰ ਕੋਈ ਲਾਭ ਉਠਾਂਦਾ ਹੈ।
੩੯ ਹੋਰਨਾਂ ਨੂੰ ਧਰਮਰਾਜ ਡੰਨ ਲਾਂਦਾ ਹੈ, ਪਰ ਇਹਨਾਂ ਦੀ ਸੇਵਾ ਆਦਰ ਕਰਦਾ ਹੈ ਤੇ ਹਿਸਾਬ ਨਹੀਂ ਪੁਛਦਾ।
੪੦ ਦੇਵਤੇ ਵੀ ਸੋਭਾ ਕਰਦੇ ਹਨ।
੪੧ ਦੂਰ ਹੁੰਦੇ ਹਨ।
੪੨ ਪਹੁੰਚ ਹੁੰਦੀ ਹੈ।

* ਅੱਗੇ ਦੱਸਿਆ ਸੀ ਕਿ ਮਨੁੱਖ ਨਾਮ ਵਿੱਚ ਲੱਗਣ ਲਈ ਆਪ ਅਸਮਰਥ ਹੈ। ਵਾਹਿਗੁਰੂ ਆਪ ਹੀ ਕਿਰਪਾ ਕਰੇ ਤਾਂ ਮਨੁੱਖ ਕੁਝ ਕਰ ਸਕਦਾ ਹੈ। ਹੁਣ ਦੱਸਦੇ ਹਨ ਕਿ ਇਹ ਕਿਰਪਾ ਕਿਵੇਂ ਹੁੰਦੀ ਹੈ? ਇਸ ਦਾ ਰੂਪ ਕੀ ਹੈ? ਉਹ ਇਹ ਹੈ ਕਿ ਮਨੁੱਖ ਸਾਧ-ਸੰਗਤ ਵਿੱਚ ਜੁੜਦਾ ਹੈ; ਜਿਨ੍ਹਾਂ ਮਹਾਂ ਪੁਰਖਾਂ ਨੇ ਨਾਮ ਦੀ ਕਮਾਈ ਕੀਤੀ ਹੈ, ਉਨ੍ਹਾਂ ਦੀ ਸੰਗਤ ਕਰਨ ਨਾਲ ਇਸ ਨੂੰ ਵੀ ਲਾਗ ਲੱਗਦੀ ਹੈ ਅਤੇ ਇਸ ਦੀ ਸ਼ਖਸੀਅਤ ਢਲਦੀ ਹੈ।

ਸਾਧ ਕੈ ਸੰਗਿ ਸਫਲ ਜਨੰਮ ॥ ੫ ॥ [੧]ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ ਸਾਧ ਕੈ ਸੰਗਿ ਕਲੂਖਤ[੨] ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ[੩] ॥ ਸਾਧ ਕੈ ਸੰਗਿ [੪]ਈਹਾ ਊਹਾ ਸੁਹੇਲਾ ॥ ਸਾਧਸੰਗਿ ਬਿਛੁਰਤ ਹਰਿ ਮੇਲਾ ॥ ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ[੫] ਜਾਵੈ ॥ ਪਾਰਬ੍ਰਹਮੁ ਸਾਧ ਰਿਦ[੬] ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ[੭] ॥ ੬ ॥ ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧਸੰਗਿ ਹਰਿ ਕੇ ਗੁਨ ਗਾਉ ॥ ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥ ਸਾਧਸੰਗਿ ਸਰਪਰ[੮] ਨਿਸਤਰੈ ॥ ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ [੯]ਘਟਿ ਘਟਿ ਡੀਠਾ ॥ ਸਾਧਸੰਗਿ [੧੦]ਭਏ ਆਗਿਆਕਾਰੀ ॥ ਸਾਧਸੰਗਿ ਗਤਿ[੧੧] ਭਈ ਹਮਾਰੀ ॥ ਸਾਧ ਕੈ ਸੰਗਿ ਮਿਟੇ ਸਭਿ ਰੋਗ ॥ ਨਾਨਕ [੧੨]ਸਾਧ ਭੇਟੇ ਸੰਜੋਗ ॥ ੭ ॥ ਸਾਧ ਕੀ ਮਹਿਮਾ ਬੇਦ ਨ ਜਾਨਹਿ ॥ [੧੩]ਜੇਤਾ ਸੁਨਹਿ ਤੇਤਾ ਬਖਿਆਨਹਿ ॥ ਸਾਧ ਕੀ ਉਪਮਾ [੧੪]ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ [੧੫]ਰਹੀ ਭਰਪੂਰਿ ॥ ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥ ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ [੧੬]ਮੂਚ ਤੇ ਮੂਚੀ ॥ ਸਾਧ ਕੀ ਸੋਭਾ [੧੭]ਸਾਧ ਬਨਿ ਆਈ ॥ ਨਾਨਕ [੧੮]ਸਾਧ ਪ੍ਰਭ ਭੇਦੁ ਨ ਭਾਈ ॥ ੮ ॥ ੭ ॥ ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ[੧੯] ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ[੨੦] [੨੧]ਬ੍ਰਹਮ ਗਿਆਨੀ ਹੋਇ ॥ ੧ ॥ ਅਸਟਪਦੀ* ॥ ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ[੨੨] ॥ [੨੩]ਜੈਸੇ ਸੂਰੁ ਸਰਬ ਕਉ ਸੋਖ ॥ ਬ੍ਰਹਮ ਗਿਆਨੀ ਕੈ [੨੪]ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ[੨੫] ਕਉ ਲਾਗੈ ਤੁਲਿ ਪਵਾਨ[੨੬] ॥ ਬ੍ਰਹਮ ਗਿਆਨੀ ਕੈ ਧੀਰਜੁ ਏਕ[੨੭] ॥ ਜਿਉ ਬਸੁਧਾ[੨੮] ਕੋਊ ਖੋਦੈ ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ[੨੯] ॥ ਨਾਨਕ ਜਿਉ ਪਾਵਕ[੩੦] ਕਾ ਸਹਜ[੩੧] ਸੁਭਾਉ ॥ ੧ ॥ ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥ ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ[੩੨] ॥ [੩੩]ਜੈਸੇ ਧਰ ਊਪਰਿ ਆਕਾਸੁ ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥ ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥ ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥ ੨ ॥ ਬ੍ਰਹਮ ਗਿਆਨੀ ਸਗਲ ਕੀ ਰੀਨਾ[੩੪] ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ[੩੫] ॥ ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ[੩੬] ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥ ਬ੍ਰਹਮ ਗਿਆਨੀ ਸਦਾ[੩੭] ਸਮਦਰਸੀ ॥ ਬ੍ਰਹਮ ਗਿਆਨੀ

੧ ਸਾਧ ਦੀ ਸੰਗਤ ਵਿੱਚ ਜਾ ਕੇ ਪ੍ਰਾਪਤੀ ਲਈ ਕਰੜੀ ਘਾਲਨਾ (ਮਿਹਨਤ) ਨਹੀਂ ਕਰਨੀ ਪੈਂਦੀ। ਉਥੇ ਤਾਂ ਕੇਵਲ ਦਰਸ਼ਨ ਕਰਨ ਨਾਲ ਹੀ ਨਿਹਾਲ ਹੋ ਜਾਈਦਾ ਹੈ। ਇਥੇ ਸਾਧੂ ਦੇ ਸਫਲ-ਦਰਸ਼ਨ ਹੋਣ ਵੱਲ ਇਸ਼ਾਰਾ ਹੈ।

੨ ਪਾਪ। ਪਾਪ ਦੂਰ ਹੁੰਦੇ ਹਨ।

੩ ਤਿਆਗਦਾ ਹੈ।

੪ ਏਥੇ ਉਥੇ (ਲੋਕ ਪਰਲੋਕ) ਵਿੱਚ ਸੌਖਾ ਹੋ ਜਾਂਦਾ ਹੈ।

੫ ਖਾਲੀ।

੬ ਹਿਰਦੇ ਵਿੱਚ

੭ ਰਸਨਾ ਤੋਂ, ਮੁਖੋਂ। ਜੀਵ ਤਰ ਜਾਂਦਾ ਹੈ, ਸਾਧ ਦੀ ਜ਼ਬਾਨੀ ਹਰੀ-ਨਾਮ ਨੂੰ ਸੁਣ ਕੇ।

੮ ਜ਼ਰੂਰ ਹੀ।

੯ ਹਰ ਇਕ ਵਜੂਦ ਵਿੱਚ।

੧੦ ਹੁਕਮ ਵਿੱਚ ਹੋ ਜਾਈਦਾ ਹੈ।

੧੧ ਗਤੀ, ਨਿਸਤਾਰਾ।

੧੨ ਸਾਧ ਮਿਲੇ ਚੰਗੇ ਭਾਗਾਂ ਕਰਕੇ।

੧੩ ਵੇਦ ਜਿੰਨਾ ਸੁਣਦੇ ਹਨ, ਉਨਾ ਹੀ ਕਥਨ ਕਰਦੇ ਹਨ, ਪੂਰੇ ਤੌਰ 'ਤੇ ਬਿਆਨ ਨਹੀਂ ਕਰ ਸਕਦੇ, (ਕਿਉਂਕਿ ਇਹ ਤਿੰਨਾਂ ਗੁਣਾਂ ਦੇ ਅੰਦਰ ਹੀ ਰਹਿੰਦੇ ਹਨ) ਪਰ ਗੁਰੂ ਦੀ ਉਪਮਾ ਤਿੰਨਾਂ ਗੁਣਾਂ ਤੋਂ ਉੱਤੇ ਚੌਥੀ ਅਵਸਥਾ ਵਾਲੀ ਹੈ। ਦੇਖੋ ਪੰਨਾ ੧੫੪ ਉੱਤੇ ਗਉੜੀ ਮ: ੧ ਦਾ ਬਾਰ੍ਹਵਾਂ ਚੌਪਦਾ।

੧੪ ਤਿੰਨ ਗੁਣਾਂ ਤੋਂ ਉੱਤੇ ਹੈ।

੧੫ ਸਾਰੇ ਪ੍ਰਗਟ ਹੋ ਰਹੀ ਹੈ।

੧੬ ਬਹੁਤੀ ਤੋਂ ਬਹੁਤੀ ਹੈ।

੧੭ ਫਬਦੀ ਹੈ ਸਾਧ ਨੂੰ ਹੀ।

੧੮ ਹੇ ਭਾਈ! ਸਾਧ ਤੇ ਵਾਹਿਗੁਰੂ ਵਿੱਚ ਫ਼ਰਕ ਨਹੀਂ ਹੈ।

੧੯ ਵੇਖਦਾ।

੨੦ ਨਿਸ਼ਾਨੀਆਂ।

੨੧ ਬ੍ਰਹਮ (ਹਰੀ) ਦੇ ਜਾਨਣ ਵਾਲਾ।

੨੨ ਬਿਨਾਂ ਦੋਸ਼।

੨੩ ਜਿਵੇਂ ਸੂਰਜ ਸਭ (ਗੰਦੀਆਂ ਮੰਦੀਆਂ ਚੀਜ਼ਾਂ) ਨੂੰ ਇਕੋ ਜਿਹਾ ਸੁਕਾਉਂਦਾ ਹੈ, (ਪਰ ਆਪ ਉਨ੍ਹਾਂ ਦੇ ਅਸਰ ਤੋਂ ਬਰੀ ਰਹਿੰਦਾ ਹੈ)।

੨੪ ਨਜ਼ਰ ਇਕੋ ਜੇਹੀ ਹੈ।

੨੫ ਕੰਗਾਲ।

੨੬ ਪਵਨ, ਹਵਾ। ਜਿਵੇਂ ਅਮੀਰ ਗਰੀਬ ਨੂੰ ਹਵਾ ਇਕੋ ਜੇਹੀ ਲੱਗਦੀ ਹੈ।

੨੭ ਇਕਸਾਰ।

੨੮ ਧਰਤੀ। ਧਰਤੀ ਨੂੰ ਕੋਈ ਖੁਣਦਾ ਹੈ ਤੇ ਕੋਈ ਚੰਦਨ ਲੇਪ ਕਰਦਾ ਹੈ, ਪਰ ਉਸ ਦਾ ਵਰਤਾਉ ਦੋਹਾਂ ਨਾਲ ਇਕੋ ਹੈ। ਧੀਰਜ ਦਾ ਨਮੂਨਾ ਧਰਤੀ ਹੈ, ਤਿਵੇਂ ਬ੍ਰਹਮ-ਗਿਆਨੀ ਹੈ। "ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥ ੩॥" (ਮਾਰੂ ਮ: ੫, ਅਸਟਪਦੀਆਂ-੧੦੧੮)

੨੯ ਗੁਣ।

੩੦ ਅੱਗ।

੩੧ ਕੁਦਰਤੀ। ਅੱਗ ਦਾ ਕੁਦਰਤੀ ਸੁਭਾਉ ਇਹ ਹੈ ਕਿ ਉਹ ਇਕੋ ਜੇਹਾ ਸੇਕ ਦਿੰਦੀ ਹੈ। (ਇਥੇ ਦ੍ਰਿਸ਼ਟਾਂਤ ਤੋਂ ਇਕ ਵਰਤਾਉ ਵਾਲਾ ਅੰਗ ਲੈਣਾ ਹੈ;) ਦੇਖੋ ਪੰਨਾ ੧੦੧੮, ਨੋਟ ੧੩।

੩੨ ਚਾਨਣਾ।

੩੩ ਜਿਵੇਂ ਧਰਤੀ ਉੱਤੇ ਅਕਾਸ਼ ਸਭ ਥਾਂ ਵਿਆਪਕ ਹੋ ਰਿਹਾ ਹੈ, ਤਿਵੇਂ ਬ੍ਰਹਮ ਗਿਆਨੀ ਦੇ ਮਨ ਵਿੱਚ ਹਰੀ ਦੀ ਸਰਬ-ਵਿਆਪਕਤਾ ਸੰਬੰਧੀ ਪੂਰਾ ਚਾਨਣਾ ਹੋ ਜਾਂਦਾ ਹੈ।

੩੪ ਧੂੜੀ।

੩੫ ਪਛਾਣਿਆ ਹੈ।

੩੬ ਕਿਰਪਾ, ਦਇਆ।

੩੭ ਇਕੋ ਜੇਹਾ ਵੇਖਣ ਵਾਲਾ।

* ਪਿਛਲੀ ਅਸ਼ਟਪਦੀ ਵਿੱਚ ਦੱਸਿਆ ਸੀ ਕਿ ਨਾਮ ਦਾ ਧਾਰਨੀ ਹੋਣ ਲਈ ਮਨੁੱਖ ਨੂੰ ਕਮਾਈ ਵਾਲਿਆਂ ਦੀ ਸੰਗਤ ਕਰਨੀ ਚਾਹੀਦੀ ਹੈ। ਪਰ ਕਮਾਈ ਕਰਨ ਵਾਲਿਆਂ ਦੀ ਪਰਖ ਕੀ ਹੈ? ਗੁਰੂ ਜੀ ਮਨੁੱਖ ਦੀ ਅਗਵਾਈ ਲਈ ਇਕ ਆਦਰਸ਼ਕ ਹਸਤੀ ਦੀ ਤਸਵੀਰ ਖਿੱਚਦੇ ਹਨ। ਜਿਸ ਦੀ ਜ਼ਿੰਦਗੀ ਦੇ ਨਮੂਨੇ ਉੱਤੇ ਨਾਮ ਦੇ ਮੁਤਲਾਸ਼ੀ ਨੇ ਆਪਣੀ ਜ਼ਿੰਦਗੀ ਢਾਲਣੀ ਹੈ: ਇਸ ਨੂੰ ਬ੍ਰਹਮ-ਗਿਆਨੀ ਕਿਹਾ ਹੈ। ਇਸ ਦੀ ਜ਼ਿੰਦਗੀ ਨਿਰਲੇਪਤਾ ਤੇ ਸਹਜ-ਸੁਭਾਅ ਵਾਲੇ ਗੁਣਾਂ ਤੋਂ ਲੰਘ ਕੇ ਨਾਮ ਦੀਆਂ ਉੱਚੀਆਂ ਟੀਸੀਆਂ ਤੇ ਹੁੰਦੀ ਹੋਈ ਨਾਮੀ ਨਾਲ ਅਭੇਦ ਹੋ ਜਾਂਦੀ ਹੈ। ਮਨੁੱਖੀ-ਜੀਵਨ ਦੀ ਜੋ ਆਦਰਸ਼ਕ ਝਾਕੀ ਇਥੇ ਦਿੱਤੀ ਹੈ, ਇਹ ਦੁਨੀਆਂ ਦੇ ਕਿਸੇ ਸਾਹਿੱਤ ਵਿੱਚ ਨਹੀਂ ਮਿਲਦੀ।

ਕੀ [੧]ਦ੍ਰਿਸਟਿ ਅੰਮ੍ਰਿਤੁ ਬਰਸੀ ॥ ਬ੍ਰਹਮ ਗਿਆਨੀ [੨]ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ[੩] ॥ ਬ੍ਰਹਮ ਗਿਆਨੀ ਕਾ ਭੋਜਨੁ
ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥
ਬ੍ਰਹਮ ਗਿਆਨੀ [੪]ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ[੫] ॥ ਬ੍ਰਹਮ ਗਿਆਨੀ ਪਰਉਪਕਾਰ
ਉਮਾਹਾ[੬] ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ[੭] ॥ ਬ੍ਰਹਮ ਗਿਆਨੀ ਲੇ [੮]ਧਾਵਤੁ
ਬੰਧਾ ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ [੯]ਸੁਫਲ
ਫਲਾ ॥ ਬ੍ਰਹਮ ਗਿਆਨੀ ਸੰਗਿ [੧੦]ਸਗਲ ਉਧਾਰੁ ॥ ਨਾਨਕ [੧੧]ਬ੍ਰਹਮ ਗਿਆਨੀ
ਜਪੈ ਸਗਲ ਸੰਸਾਰੁ ॥ ੪ ॥ ਬ੍ਰਹਮ ਗਿਆਨੀ ਕੈ [੧੨]ਏਕੈ ਰੰਗ ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥ ਬ੍ਰਹਮ ਗਿਆਨੀ ਕੈ ਨਾਮੁ ਆਧਾਰੁ[੧੩] ॥
ਬ੍ਰਹਮ ਗਿਆਨੀ ਕੈ [੧੪]ਨਾਮੁ ਪਰਵਾਰੁ ॥ ਬ੍ਰਹਮ ਗਿਆਨੀ ਸਦਾ ਸਦ ਜਾਗਤ ॥
ਬ੍ਰਹਮ ਗਿਆਨੀ [੧੫]ਅਹੰਬੁਧਿ ਤਿਆਗਤ ॥ ਬ੍ਰਹਮ ਗਿਆਨੀ ਕੈ ਮਨਿ
ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥ ਬ੍ਰਹਮ ਗਿਆਨੀ
*ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ੫ ॥
ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ[੧੬] ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ[੧੭] ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ[੧੮] ॥ ਬ੍ਰਹਮ ਗਿਆਨੀ ਕਾ ਨਿਰਮਲ
ਮੰਤ[੧੯] ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ
ਬਡ ਪਰਤਾਪ ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮ ਗਿਆਨੀ ਕਉ [੨੦]ਬਲਿ ਬਲਿ ਜਾਈਐ ॥ ਬ੍ਰਹਮ ਗਿਆਨੀ ਕਉ ਖੋਜਹਿ
ਮਹੇਸੁਰ[੨੧] ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥
ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ
ਮਾਹਿ ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ
ਸਦਾ ਅਦੇਸੁ[੨੨] ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ[੨੩] ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ[੨੪] ॥ ਬ੍ਰਹਮ ਗਿਆਨੀ ਕੀ ਮਿਤਿ[੨੫] ਕਉਨੁ
ਬਖਾਨੈ ॥ ਬ੍ਰਹਮਗਿਆਨੀ ਕੀ [੨੬]ਗਤਿ ਬ੍ਰਹਮਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮਗਿਆਨੀ ਕਉ ਸਦਾ
ਨਮਸਕਾਰੁ ॥ ੭ ॥ [੨੭]ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ ॥ ਬ੍ਰਹਮ ਗਿਆਨੀ [੨੮]ਮੁਕਤਿ
ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ[੨੯] ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ

੧ ਨਜ਼ਰਾਂ ਵਿੱਚੋਂ ਅੰਮ੍ਰਿਤ ਵਰ੍ਹਦਾ ਹੈ।
੨ ਬੰਧਨਾਂ ਤੋਂ ਆਜ਼ਾਦ ਹੈ।
੩ ਜੁਗਤੀ, ਜੀਵਨ ਜੁਗਤੀ, ਰਹਿਣ ਦਾ ਤਰੀਕਾ (ਖੋਟ ਤੋਂ ਪਾਕ ਹੈ)।
੪ ਇਕ ਵਾਹਿਗੁਰੂ 'ਤੇ ਭਰੋਸਾ ਹੈ।
੫ ਸਮਾਈ ਹੁੰਦੀ ਹੈ।
੬ ਉਮੰਗ, ਉਤਸ਼ਾਹ। ਪਰਉਪਕਾਰ ਦਾ ਚਾਅ ਹੁੰਦਾ ਹੈ।
੭ ਜੰਜ਼ਾਲ। ਭਾਵ ਉਹ ਕੋਈ ਕੰਮ ਪਿੱਟਣਾ ਸਮਝ ਕੇ ਨਹੀਂ ਕਰਦਾ।
੮ ਦੌੜਦੇ ਮਨ ਨੂੰ ਬੰਨ੍ਹ ਲੈਂਦਾ ਹੈ।
੯ ਚੰਗੀ ਤਰ੍ਹਾਂ ਫਲਦਾ ਫੁਲਦਾ ਹੈ।
੧੦ ਸਾਰਿਆਂ ਦਾ ਨਿਸਤਾਰਾ ਹੁੰਦਾ ਹੈ।
੧੧ ਬ੍ਰਹਮ-ਗਿਆਨੀ ਨੂੰ ਸਾਰਾ ਸੰਸਾਰ ਜਪਦਾ ਹੈ, ਭਾਵ ਉਸ ਨੂੰ ਨਮੂਨਾ ਸਮਝ ਕੇ ਹਰ ਵਕਤ ਚੇਤੇ ਕਰਦਾ ਹੈ।
੧੨ ਇਕ ਹਰੀ ਦਾ ਪਿਆਰ ਹੈ।
੧੩ ਆਸਰਾ।
੧੪ ਭਾਵ ਪਰਵਾਰ ਦੇ ਆਸਰੇ ਦੀ ਥਾਂ ਨਾਮ ਹੀ ਭਾਰੀ ਆਸਰਾ ਹੈ।
੧੫ ਹਉਮੈ ਛੱਡ ਦਿੰਦਾ ਹੈ।
੧੬ ਜਾਨਣ ਵਾਲਾ।
੧੭ ਪਿਆਰ ਕਰਨ ਵਾਲਾ।
੧੮ ਬੇ-ਫ਼ਿਕਰੀ।
੧੯ ਉਪਦੇਸ਼।
੨੦ ਕੁਰਬਾਨ ਜਾਈਏ।
੨੧ ਮਹਾਂ ਈਸ਼ਰ, ਸ਼ਿਵ ਜੀ ਵਰਗੇ।
੨੨ ਨਮਸਕਾਰ ਹੈ।
੨੩ ਅੱਧਾ ਅੱਖਰ। ਥੋੜ੍ਹੀ ਉਪਮਾ ਵੀ ਨਹੀਂ ਹੋ ਸਕਦੀ (ਕਿਉਂ ਜੋ ਉਪਮਾ ਬੇਅੰਤ ਹੈ); ਥੋੜ੍ਹਾ ਜੇਹਾ ਵੀ ਬਿਆਨ ਨਹੀਂ ਹੋ ਸਕਦਾ।
੨੪ ਮਾਲਕ।
੨੫ ਹੱਦ ਬੰਨਾ। ਅੰਦਾਜ਼ਾ ਕੌਣ ਦੱਸ ਸਕਦਾ ਹੈ?
੨੬ ਉਸ ਦੀ ਕਿਥੇ ਤੱਕ ਪਹੁੰਚ ਹੈ, ਇਹ ਉਹ ਆਪ ਹੀ ਜਾਣ ਸਕਦਾ ਹੈ।
੨੭ ਏਥੇ ਬ੍ਰਹਮ-ਗਿਆਨੀ ਦੀ ਵਾਹਿਗੁਰੂ ਨਾਲ ਅਭੇਦਤਾ ਵਰਣਨ ਕੀਤੀ ਹੈ।
੨੮ ਮੁਕਤੀ, ਜੁਗਤੀ ਤੇ ਅਸਲ ਜ਼ਿੰਦਗੀ ਦਾ ਦਾਤਾ ਹੈ। ਜੁਗਤੀ ਤੋਂ ਭਾਵ ਹੈ ਜੀਵਨ ਵਤੀਤ ਕਰਨ ਦੀ ਜਾਚ।
੨੯ ਮਨੁੱਖਾਂ ਦੀ ਗਤੀ ਬਨਾਣ ਵਾਲਾ।

* ਸਹਜ ਦੇ ਸੁਖ (ਜੋ ਅਸਲ ਆਤਮਕ ਸੁਖ ਹੈ) ਦਾ ਵਾਸਾ ਮਿਲਦਾ ਹੈ। ਦੇਖੋ ਪੰਨਾ ੧੦੪, ਨੋਟ ੬।

ਹਾਥੁ ॥ ਬ੍ਰਹਮ ਗਿਆਨੀ ਕਾ [੧]ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ[੨] ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ[੩] ॥ ੮ ॥ ੮ ॥ ਸਲੋਕੁ ॥ [੪]ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥ [੫]ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ[੬] ਸਗਲ ਨਿਸਤਾਰੈ ॥ ੧ ॥ ਅਸਟਪਦੀ* ॥ [੭]ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ [੮]ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ[੯] ॥ ਕਰਨ[੧੦] ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥ ਗੁਰ ਪ੍ਰਸਾਦਿ [੧੧]ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ[੧੨] ॥ [੧੩]ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ [੧੪]ਕੋਟਿ ਮਧੇ ਕੋ ਐਸਾ ਅਪਰਸ ॥ ੧ ॥ ਬੈਸਨੋ[੧੫] ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ[੧੬] ਕੀ ਮਾਇਆ ਤੇ ਹੋਇ ਭਿੰਨ ॥ ਕਰਮ ਕਰਤ ਹੋਵੈ ਨਿਹਕਰਮ[੧੭] ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ ਕਾਹੂ[੧੮] ਫਲ ਕੀ ਇਛਾ ਨਹੀ ਬਾਛੈ[੧੯] ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥ ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ [੨੦]ਪਰਮ ਗਤਿ ਪਾਵੈ ॥ ੨ ॥ ਭਗਉਤੀ[੨੧] ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ[੨੨] ਪੂਜੈ ਸਗਲ[੨੩] ਪਾਰਬ੍ਰਹਮੁ ॥ ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ ਭਗਵੰਤ[੨੪] ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ [੨੫]ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥ ਸੋ ਪੰਡਿਤੁ ਜੋ ਮਨੁ ਪਰਬੋਧੈ[੨੬] ॥ ਰਾਮ ਨਾਮੁ ਆਤਮ ਮਹਿ ਸੋਧੈ[੨੭] ॥ ਰਾਮ ਨਾਮ ਸਾਰੁ[੨੮] ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ [੨੯]ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ [੩੦]ਸੂਖਮ ਮਹਿ ਜਾਨੈ ਅਸਥੂਲੁ ॥ [੩੧]ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ[੩੨] ॥ ੪ ॥ [੩੩]ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥ [੩੪]ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ[੩੫] ਪਾਥਰ ਕਉ ਤਾਰੈ ॥ ਸਰਬ ਰੋਗ ਕਾ ਅਉਖਦੁ[੩੬] ਨਾਮੁ ॥ [੩੭]ਕਲਿਆਣ ਰੂਪ ਮੰਗਲ ਗੁਣ ਗਾਮ ॥ [੩੮]ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥ ੫ ॥ ਜਿਸ ਕੈ

੧ ਸਾਰਾ ਦ੍ਰਿਸ਼ਟਮਾਨ ਸੰਸਾਰ (ਬ੍ਰਹਮ-ਗਿਆਨੀ ਦਾ ਆਪਣਾ ਹੈ)।

੨ ਫ਼ਬਦੀ ਹੈ; ਭਾਵ ਹੋਰ ਕੋਈ ਉਸ ਦੀ ਸ਼ਾਨ ਦੇ ਲਾਇਕ ਨਹੀਂ ਹੈ। ੩ ਮਾਲਕ।

੪ ਜੋ ਹਿਰਦੇ ਅੰਦਰ ਨਾਮ ਨੂੰ ਧਾਰਦਾ ਹੈ ਅਤੇ ਸਭ ਵਿੱਚ ਵਾਹਿਗੁਰੂ ਨੂੰ ਵੇਖਦਾ ਹੈ।

੫ ਭਾਵ ਹਰ ਸਮੇਂ।

੬ ਮਾਇਆ ਦੀ ਛੋਹ ਤੋਂ ਪਰ੍ਹੇ। 'ਅਪਰਸ' ਉਸ ਸਾਧੂ ਨੂੰ ਕਹਿੰਦੇ ਹਨ ਜੋ ਕਿਸੇ ਧਾਤ ਆਦਿ ਨੂੰ ਨਾ ਛੋਹੇ। ਗੁਰੂ ਜੀ ਉਸ ਦੇ ਮੁਕਾਬਲੇ ਤੇ ਅਸਲੀ 'ਅਪਰਸ' ਦਾ ਰੂਪ ਦਸਦੇ ਹਨ ਜੋ ਹਰ ਥਾਂ ਵਾਹਿਗੁਰੂ ਨੂੰ ਵੇਖਦਾ ਹੈ ਤੇ ਮਾਇਆ ਦੇ ਯਕੀਨ ਤੋਂ ਬੇਲਾਗ ਰਹਿੰਦਾ ਹੈ। ਅਸ਼ਟਪਦੀ ਵਿੱਚ ਦਿੱਤੀਆਂ ਸਾਰੀਆਂ ਵੰਨਗੀਆਂ ਦਾ ਨਿਚੋੜ ਸ਼ਲੋਕ ਵਿੱਚ ਦੇਣਾ ਸੀ; ਪਰ ਸ਼ਲੋਕ ਦੀ ਬਣਤਰ ਛੋਟੀ ਹੋਣ ਕਰਕੇ ਇਕੋ ਦਾ ਨਾਂ ਲੈ ਦਿੱਤਾ ਹੈ। ਹੋਰ ਭੀ ਨਾਲੇ ਸਮਝ ਲੈਣੇ।

੭ ਝੂਠ ਨੂੰ ਉਹ ਜੀਭ ਨਾਲ ਛੋਹਣ ਤਕ ਨਹੀਂ ਦਿੰਦਾ।

੮ ਪਰਾਈ ਇਸਤਰੀ ਦਾ।

੯ ਪਿਆਰ। ਸੰਤਾਂ ਦੀ ਸੰਗਤ ਵਿੱਚ ਪਿਆਰ ਹੈ।

੧੦ ਕੰਨਾਂ ਨਾਲ।

੧੧ ਬੁਰਾਈ ਨੂੰ ਦੂਰ ਕਰਦਾ ਹੈ।

੧੨ ਦੂਰ ਕਰਦਾ ਹੈ। ਮਨ ਦੀਆਂ ਵਾਸ਼ਨਾਵਾਂ ਮਨ ਤੋਂ ਦੂਰ ਕਰਦਾ ਹੈ।

੧੩ ਇੰਦਰੀ ਜਿੱਤਣ ਵਾਲਾ ਹੋ ਕੇ ਕਾਮਾਦਿਕ ਦੇ ਅਸਰ ਤੋਂ ਆਪਣੇ ਆਪ ਨੂੰ ਬਚਾਉਂਦਾ ਹੈ।

੧੪ ਕ੍ਰੋੜਾਂ ਵਿੱਚੋਂ ਕੋਈ।

੧੫ ਵਿਸ਼ਨੂੰ ਦਾ ਉਪਾਸ਼ਕ। ਅਸਲ ਵੈਸ਼ਨੋ ਉਹ ਹੈ, ਜਿਸ 'ਤੇ ਉਹ (ਹਰੀ) ਪ੍ਰਸੰਨ ਹੈ।

੧੬ ਵਾਹਿਗੁਰੂ।

੧੭ ਨਿਸ਼ਕਾਮ, ਕੀਤੇ ਕੰਮ ਦਾ ਫਲ ਨਾ ਮੰਗਣ ਵਾਲਾ।

੧੮ ਕਿਸੇ ਵੀ। ੧੯ ਲੋਚਦਾ।

੨੦ ਉੱਚੀ ਤੋਂ ਉੱਚੀ ਗਤੀ।

੨੧ ਭਗਵਤ ਦਾ ਉਪਾਸ਼ਕ। ਦੇਖੋ ਪੰਨਾ ੯੮ ਦਾ ਫੁਟ ਨੋਟ। ਭਗਉਤੀ ਉਹ ਹੈ ਜਿਸ ਨੂੰ ਭਗਵੰਤ (ਹਰੀ) ਦੀ ਭਗਤੀ ਦਾ ਰੰਗ ਚੜ੍ਹਿਆ ਹੈ।

੨੨ ਕਰਕੇ, ਸਮਝ ਕੇ।

੨੩ ਸਭ ਵਿੱਚ ਵਿਆਪਕ। ੨੪ ਹਰੀ।

੨੫ ਵਾਹਿਗੁਰੂ ਦੀ ਪ੍ਰੀਤੀ ਦੀ ਭੇਟਾ ਕਰ ਦੇਵੇ।

੨੬ ਸਮਝਾਵੇ। ੨੭ ਦ੍ਰਿੜ੍ਹ ਕਰੇ। ੨੮ ਉੱਤਮ।

੨੯ ਵੇਦ ਆਦਿਕ ਦੇ ਮੂਲ (ਹਰੀ) ਨੂੰ ਬੁਝੇ।

੩੦ ਇਹ ਸਮਝੇ ਕਿ ਅਸਥੂਲ ਦ੍ਰਿਸ਼ਟਮਾਨ ਸੰਸਾਰ ਉਸ ਸੂਖਮ (ਹਰੀ) ਦੇ ਵਿੱਚ ਹੀ ਹੈ।

੩੧ ਖਤ੍ਰੀ, ਬ੍ਰਾਹਮਣ, ਸੂਦ, ਵੈਸ਼ ਨੂੰ ਸਿਖਿਆ ਦੇਵੇ, ਭਾਵ ਵਿਤਕਰਾ ਨਾ ਕਰੇ ਕਿ ਸ਼ੂਦਰ ਉੱਚੀ ਸਿਖਿਆ ਦੇ ਯੋਗ ਨਹੀਂ।

੩੨ ਨਮਸ਼ਕਾਰ।

੩੩ ਬੀਜ ਦੇ ਤੌਰ 'ਤੇ ਨਾਮ ਦਾ ਮੰਤਰ। ਬੀਜ ਦੇ ਤੌਰ 'ਤੇ ਨਾਮ ਦਾ ਗਿਆਨ ਸਭ ਨੂੰ ਦਿੱਤਾ ਗਿਆ ਹੈ। ਕੋਈ ਮਨੁੱਖ ਇਤਨਾ ਨੀਵਾਂ ਨਹੀਂ ਕਿ ਉਸ ਵਿੱਚ ਨਾਮ ਦੇ ਜਾਨਣ ਦੀ ਕੁਝ ਨਾ ਕੁਝ ਯੋਗਤਾ ਨਾ ਹੋਵੇ। ਇਸ ਲਈ ਨੀਚ ਜਾਤ ਜਾਣ ਕੇ ਨਾਮ ਉਪਦੇਸ਼ ਤੋਂ ਖਾਲੀ ਕਿਸੇ ਨੂੰ ਨਹੀਂ ਰੱਖਣਾ ਚਾਹੀਦਾ। ਚਹੁੰ ਵਰਨਾਂ ਵਿੱਚੋਂ ਕੋਈ ਚਾਹੇ ਜਪ ਸਕਦਾ ਹੈ।

੩੪ ਜਿਸ 'ਤੇ ਕਿਰਪਾ ਕਰਦਾ ਹੈ, ਉਹ ਨਾਮ ਹਿਰਦੇ ਵਿੱਚ ਧਾਰਦਾ ਹੈ।

੩੫ ਮੂਰਖਾਂ। ੩੬ ਦਾਰੂ।

੩੭ ਹਰੀ ਦੇ ਗੁਣ ਗਾਉਣ ਨਾਲ ਮੁਕਤ ਰੂਪ ਖੁਸ਼ੀ ਮਿਲਦੀ ਹੈ।

੩੮ ਕਿਸੇ ਕਰਮ ਧਰਮ ਜਾਂ ਜੁਗਤੀ ਨਾਲ ਨਹੀਂ ਪਾ ਸਕੀਦਾ ਹਰੀ ਨੂੰ।

* ਗੁਰੂ ਜੀ ਆਪਣੇ ਵਲੋਂ ਇਕ ਆਦਰਸ਼ਕ ਮਨੁੱਖ ਦੀ ਝਾਕੀ ਦੱਸ ਕੇ ਹੁਣ ਹੋਰਨਾਂ ਵਿੱਚ ਪ੍ਰਚਲਤ ਮਨੁੱਖੀ ਆਦਰਸ਼ ਦੇ ਨਮੂਨੇ ਲੈਂਦੇ ਹਨ-ਅਪਰਸ, ਬੈਸਨੋ, ਭਗਉਤੀ, ਪੰਡਿਤ ਆਦਿ। ਇਨ੍ਹਾਂ ਨੂੰ ਇਕ-ਇਕ ਕਰਕੇ ਲੈਂਦੇ ਹਨ ਅਤੇ ਜੋ-ਜੋ ਊਣਤਾਈਆਂ ਇਨ੍ਹਾਂ ਨਮੂਨਿਆਂ ਵਿੱਚ ਆਪੋ ਆਪਣੀਆਂ ਸਨ, ਉਹ ਦੱਸ ਕੇ ਇਨ੍ਹਾਂ ਨੂੰ ਪੂਰਣ ਕਰ ਵਿਖਾਂਦੇ ਹਨ। ਜਿਵੇਂ 'ਅਪਰਸ' ਨੂੰ ਲਿਆ ਹੈ। ਅਪਰਸ ਉਹ ਨਹੀਂ ਜੋ ਧਾਤ ਨੂੰ ਨਹੀਂ ਛੁੰਹਦਾ, ਸਗੋਂ ਉਹ ਹੈ ਜੋ ਹਰ ਤਰ੍ਹਾਂ ਦੇ ਵਿਕਾਰ ਤੋਂ ਬਚ ਕੇ ਰਹਿੰਦਾ ਹੈ। ਵੈਸ਼ਨੋ ਉਹ ਨਹੀਂ ਜੋ ਨਿਰਾ ਜੀਵ ਨਹੀਂ ਮਾਰਦਾ, ਬਲਕਿ ਉਹ ਹੈ ਜੋ ਇਸ ਦਇਆ ਦੀ ਹੱਦ ਨੂੰ ਖੁਲ੍ਹਾ ਕਰਕੇ 'ਸਭ ਊਪਰਿ ਹੋਵਤ ਕਿਰਪਾਲ'। ਇਹ ਨਾ ਹੋਵੇ ਕਿ ਗਾਂ ਬੱਕਰੀ ਤਾਂ ਬਚਾਅ ਲਈ ਪਰ ਮਨੁੱਖਾਂ ਦੇ ਗਲੇ ਵਢਦਾ ਰਿਹਾ। ਭਗਉਤੀ ਲੋਕਾਂ ਨੂੰ ਭਰਮ ਛੱਡਣਾ ਦੱਸਿਆ ਹੈ, ਜਿਸ ਵਿੱਚ ਪੈ ਕੇ ਕਦੀ ਇਸ ਅਵਤਾਰ 'ਤੇ ਕਦੀ ਉਸ ਅਵਤਾਰ ਦੀ ਪੂਜਾ ਕਰਦੇ ਸਨ, ਕਿਧਰੇ ਦੇਵੀ ਦੇ ਇਸ ਰੂਪ ਨੂੰ ਤੇ ਕਦੀ ਉਸ ਰੂਪ ਨੂੰ ਮੰਨਦੇ ਸਨ। ਉਨ੍ਹਾਂ ਲਈ ਆਪਣੀ ਮੱਤ ਨੂੰ ਉੱਤਮ ਕਰਕੇ ਇਕ ਅਕਾਲ ਪੁਰਖ ਨੂੰ ਮੰਨਣਾ ਦੱਸਿਆ ਹੈ। ਪੰਡਤ ਲੋਕੀ ਆਮ ਕਰਕੇ ਨਾਮ-ਰਸ ਤੋਂ ਸਖਣੇ ਘੁੰਤਰੀ ਫ਼ਿਲਾਸਫ਼ਰ ਹੁੰਦੇ ਸਨ, ਉਨ੍ਹਾਂ ਨੂੰ ਰਸੀਆ ਬਣਨ ਲਈ ਕਿਹਾ ਹੈ ਅਤੇ ਨਿਰਾ ਉੱਚ ਜਾਤੀਆਂ ਨੂੰ ਹੀ ਨਹੀਂ, ਬਲਕਿ ਮਨੁੱਖ ਮਾਤਰ ਨੂੰ ਧਾਰਮਕ ਸਿੱਖਿਆ ਦਾ ਪਾਤਰ ਬਣਾਨ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਦੇ ਬਿਆਨ ਕਰਨ ਦੇ ਢੰਗ ਦੀ ਖ਼ੂਬੀ ਇਹ ਹੈ ਕਿ ਕਿਸੇ ਦੀ ਊਣਤਾਈ ਉੱਤੇ ਚੋਟ ਨਹੀਂ ਕੀਤੀ; ਜੋ ਗੱਲਾਂ ਕਰਨੀਆਂ ਚਾਹੀਦੀਆਂ ਹਨ, ਉਹੀ ਦੱਸੀਆਂ ਹਨ, ਜਿਨ੍ਹਾਂ ਤੋਂ ਮਨੁੱਖ ਆਪੇ ਜਾਣ ਲੈਂਦਾ ਹੈ ਕਿ ਮੇਰੇ ਵਿੱਚ ਕਿਸ-ਕਿਸ ਗੱਲ ਦਾ ਘਾਟਾ ਹੈ।

ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ [1]ਸਤਿ ਰਾਮ ਦਾਸੁ ॥
ਆਤਮਰਾਮੁ[2] ਤਿਸੁ ਨਦਰੀ ਆਇਆ ॥ [3]ਦਾਸ ਦਸੰਤਣ ਭਾਇ ਤਿਨਿ
ਪਾਇਆ ॥ ਸਦਾ [4]ਨਿਕਟਿ ਨਿਕਟਿ ਹਰਿ ਜਾਨੁ[5] ॥ ਸੋ ਦਾਸੁ ਦਰਗਹ
ਪਰਵਾਨੁ ॥ ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥ ਤਿਸੁ ਦਾਸ ਕਉ ਸਭ
ਸੋਝੀ ਪਰੈ ॥ [6]ਸਗਲ ਸੰਗਿ ਆਤਮ ਉਦਾਸੁ ॥ [7]ਐਸੀ ਜੁਗਤਿ ਨਾਨਕ
ਰਾਮ ਦਾਸੁ ॥ ੬ ॥ [8]ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ
ਸੋਊ ਕਹਾਵੈ ॥ ਤੈਸਾ ਹਰਖੁ[9] ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ
ਬਿਓਗੁ[10] ॥ ਤੈਸਾ ਸੁਵਰਨੁ[11] ਤੈਸੀ ਉਸੁ ਮਾਟੀ[12] ॥ ਤੈਸਾ ਅੰਮ੍ਰਿਤੁ ਤੈਸੀ ਬਿਖੁ
ਖਾਟੀ[13] ॥ ਤੈਸਾ ਮਾਨੁ ਤੈਸਾ ਅਭਿਮਾਨੁ[14] ॥ ਤੈਸਾ ਰੰਕੁ[15] ਤੈਸਾ ਰਾਜਾਨੁ[16] ॥
ਜੋ ਵਰਤਾਏ ਸਾਈ ਜੁਗਤਿ[17] ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥
੭ ॥ ਪਾਰਬ੍ਰਹਮ ਕੇ ਸਗਲੇ ਠਾਉ ॥ [18]ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ
ਨਾਉ ॥ ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ[19] ॥
ਪਸਰਿਓ ਆਪਿ [20]ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ
ਰੰਗ[21] ॥ ਜੈਸੀ ਮਤਿ ਦੇਇ ਤੈਸਾ ਪਰਗਾਸ[22] ॥ ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥
੯ ॥ ਸਲੋਕੁ ॥ ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥ ਨਾਨਕ
ਰਚਨਾ ਪ੍ਰਭਿ ਰਚੀ [23]ਬਹੁ ਬਿਧਿ ਅਨਿਕ ਪ੍ਰਕਾਰ ॥ ੧ ॥ ਅਸਟਪਦੀ* ॥
ਕਈ ਕੋਟਿ[24] ਹੋਏ ਪੂਜਾਰੀ ॥ ਕਈ ਕੋਟਿ[24] [25]ਆਚਾਰ ਬਿਉਹਾਰੀ ॥ ਕਈ
ਕੋਟਿ ਭਏ ਤੀਰਥ ਵਾਸੀ ॥ ਕਈ ਕੋਟਿ ਬਨ ਭ੍ਰਮਹਿ[26] ਉਦਾਸੀ ॥ ਕਈ ਕੋਟਿ
ਬੇਦ ਕੇ ਸ੍ਰੋਤੇ[27] ॥ ਕਈ ਕੋਟਿ ਤਪੀਸੁਰ[28] ਹੋਤੇ ॥ ਕਈ ਕੋਟਿ ਆਤਮ ਧਿਆਨੁ
ਧਾਰਹਿ ॥ ਕਈ ਕੋਟਿ ਕਬਿ[29] ਕਾਬਿ ਬੀਚਾਰਹਿ ॥ ਕਈ ਕੋਟਿ [30]ਨਵਤਨ
ਨਾਮ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥ ਕਈ ਕੋਟਿ
ਭਏ ਅਭਿਮਾਨੀ ॥ ਕਈ ਕੋਟਿ ਅੰਧ ਅਗਿਆਨੀ ॥ ਕਈ ਕੋਟਿ ਕਿਰਪਨ[31]
ਕਠੋਰ[32] ॥ ਕਈ ਕੋਟਿ ਅਭਿਗ[33] ਆਤਮ ਨਿਕੋਰ[34] ॥ ਕਈ ਕੋਟਿ [35]ਪਰ
ਦਰਬ ਕਉ ਹਿਰਹਿ ॥ ਕਈ ਕੋਟਿ [36]ਪਰ ਦੂਖਨਾ ਕਰਹਿ ॥ ਕਈ ਕੋਟਿ
ਮਾਇਆ ਸ੍ਰਮ[37] ਮਾਹਿ ॥ ਕਈ ਕੋਟਿ ਪਰਦੇਸ ਭ੍ਰਮਾਹਿ ॥ ਜਿਤੁ ਜਿਤੁ ਲਾਵਹੁ
ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥ ੨ ॥
ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ ਰਾਜੇ ਰਸ ਭੋਗੀ[38] ॥ ਕਈ ਕੋਟਿ
ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ[39] ॥ ਕਈ ਕੋਟਿ
ਪਵਣ ਪਾਣੀ ਬੈਸੰਤਰ[40] ॥ ਕਈ ਕੋਟਿ ਦੇਸ ਭੂ[41] ਮੰਡਲ[42] ॥ ਕਈ ਕੋਟਿ

੧ ਰਾਮ ਦਾ ਅਸਲ ਦਾਸ (ਸੇਵਕ) ਨਕਲੀ 'ਰਾਮਦਾਸ' ਓਹ ਹੁੰਦੇ ਸਨ, ਜਿਨ੍ਹਾਂ ਬਾਬਤ ਕਿਹਾ ਹੈ: "ਘੂੰਘਰ ਬਾਧਿ ਭਏ ਰਾਮਦਾਸਾ" (ਮਾਰੂ ਮ:੫-੧੦੦੩)।
੨ ਸਭ ਦੇ ਆਤਮਾ ਵਿੱਚ ਰਮਿਆ ਹੋਇਆ।
੩ ਦਾਸਾਂ ਦੇ ਦਾਸ ਹੋਣ ਵਾਲੇ, ਭਾਵ ਨਾਲ ਹਰੀ ਪਾਇਆ ਹੈ।
੪ ਨੇੜੇ ਹੀ ਨੇੜੇ ।
੫ (ਜੋ) ਜਾਣਦਾ ਹੈ।
੬ ਸਭ ਦੇ ਨਾਲ ਵਰਤਦਿਆਂ ਹੋਇਆਂ ਆਤਮਾ ਨਿਰਲੇਪ ਰਹਿੰਦੀ ਹੈ।
੭ ਜਿਸ ਦੀ ਅਜਿਹੀ ਜੁਗਤੀ ਹੈ ਉਹ ਰਾਮ ਦਾ ਦਾਸ ਹੈ।
੮ ਪ੍ਰਭੂ ਦੀ ਆਗਿਆ ਜਿਸ ਨੂੰ ਪਿਆਰੀ ਲੱਗਦੀ ਹੈ, ਉਹ ਅਸਲ ਵਿੱਚ 'ਜੀਵਨ-ਮੁਕਤ' ਹੈ।
੯ ਖੁਸ਼ੀ।
੧੦ ਵਿਛੋੜੇ ਦਾ ਦੁੱਖ।
੧੧ ਸੋਨਾ।
੧੨ ਮਿੱਟੀ।
੧੩ ਖੱਟੀ, ਕੌੜੀ। ਕੌੜੀ ਜ਼ਹਿਰ।
੧੪ ਅਪਮਾਨ (ਨਿਰਾਦਰੀ)।
੧੫ ਕੰਗਾਲ।
੧੬ ਰਾਜਾ।
੧੭ ਯੋਗਤਾ। ਜੋ ਹਰੀ ਵੱਲੋਂ ਵਰਤਦਾ ਹੈ, ਉਹ ਉਸੇ ਨੂੰ ਯੋਗਤਾ ਸਮਝਦਾ ਹੈ।
੧੮ ਜਿਸ-ਜਿਸ ਥਾਂ ਆਪਣੇ ਆਪ ਨੂੰ ਜੇਹਾ ਰੱਖਦਾ ਹੈ, ਉਹੋ ਜੇਹਾ ਜੀਵਾਂ ਦਾ ਨਾਮ ਪੈਂਦਾ ਹੈ। ਕਿਸੇ ਵਿੱਚ ਉਸ ਦਾ ਪ੍ਰਕਾਸ਼ ਤੇਜ਼ ਤੇ ਕਿਸੇ ਵਿੱਚ ਮਧਮ ਹੈ। ਕਿਸੇ ਵਿੱਚ ਆਪਣਾ ਗਿਆਨ ਤੇਜ਼ ਕਰ ਦਿੰਦਾ ਹੈ, ਉਹ 'ਪੰਡਤ' ਹੋ ਜਾਂਦਾ ਹੈ। ਕਿਸੇ ਵਿੱਚ ਪ੍ਰੇਮ, ਉਹ 'ਭਗੌਤੀ' ਬਣ ਜਾਂਦਾ ਹੈ, ਕਿਸੇ ਵਿੱਚ ਸੇਵਾ ਦਾ ਭਾਵ ਪਾ ਦਿੰਦਾ ਹੈ, ਉਹ 'ਰਾਮ-ਦਾਸ' ਬਣ ਜਾਂਦਾ ਹੈ।
੧੯ ਹੁੰਦਾ ਹੈ ਫੁਨਿ (ਫੇਰ)।
੨੦ ਅਨੇਕ ਲਹਿਰਾਂ ਹੋ ਕੇ (ਫੈਲਿਆ ਹੋਇਆ ਹੈ)।
੨੧ ਚੋਜ।
੨੨ ਚਾਨਣਾ, ਗਿਆਨ।
੨੩ ਕਈ ਤਰ੍ਹਾਂ ਦੀ।
੨੪ ਕ੍ਰੋੜ।
੨੫ ਰਸਮੀ ਕਰਮ ਕਰਨ ਵਾਲੇ, ਕਰਮ-ਕਾਂਡੀ।
੨੬ ਫਿਰਦੇ ਹਨ।
੨੭ ਸੁਣਨ ਵਾਲੇ।
੨੮ ਵੱਡੇ ਤਪੀ।
੨੯ ਕਵੀ। ਕ੍ਰੋੜਾਂ ਹੀ ਕਵੀ ਕਵਿਤਾ ਦੁਆਰਾ ਤੈਨੂੰ ਵਿਚਾਰਦੇ ਹਨ, ਬਿਆਨ ਕਰਦੇ ਹਨ।
੩੦ ਨਵੇਂ-ਨਵੇਂ ਨਾਮ। ਪੁਰਾਣਾਂ ਅਨੁਸਾਰ ਸ਼ੇਸ਼ਨਾਗ ਨਿਤ ਨਵੇਂ ਨਾਮ ਨਾਲ ਵਾਹਿਗੁਰੂ ਨੂੰ ਯਾਦ ਕਰਦਾ ਹੈ।
੩੧ ਸ਼ੂਮ, ਕੰਜੂਸ।
੩੨ (ਕਾਠ ਵਰਗਾ) ਸਖ਼ਤ ਦਿਲ ਰੱਖਣ ਵਾਲੇ।
੩੩ ਨਾ ਭਿੱਜਣ ਵਾਲੇ, ਖੁਸ਼ਕ ਸੁਭਾਅ ਵਾਲੇ।
੩੪ ਕੋਰੇ ਰਹਿਣ ਵਾਲੇ, ਜਿਨ੍ਹਾਂ 'ਤੇ ਕਦੀ ਪ੍ਰੇਮ-ਰੰਗ ਨਾ ਚੜ੍ਹੇ, ਰੁੱਖੇ।
੩੫ ਪਰਾਏ ਧਨ ਨੂੰ ਚੁਰਾਂਦੇ ਹਨ।
੩੬ ਪਰਾਈ ਨਿੰਦਾ।
੩੭ ਉੱਦਮ। 'ਕੱਠੀ ਕਰਨ ਦੇ ਉੱਦਮ ਵਿੱਚ ਰਹਿੰਦੇ ਹਨ।
੩੮ ਐਸ਼ਾਂ ਕਰਨ ਵਾਲੇ।
੩੯ ਪੈਦਾ ਕੀਤੇ।
੪੦ ਅੱਗ।
੪੧ ਪ੍ਰਿਥਵੀ।
੪੨ ਦੇਸ਼।

* ਸਮੁੱਚਾ ਭਾਵ— ਭਿੰਨ-ਭਿੰਨ ਨਮੂਨੇ ਦੇ ਆਗੂ ਹੋਣ ਕਰਕੇ ਮੰਨਣ ਵਾਲਿਆਂ ਦੀਆਂ ਭੀ ਵੰਡੀਆਂ ਪਈਆਂ ਹੋਈਆਂ ਹਨ। ਜਿਤਨੀ ਰੰਗਾ-ਰੰਗ ਦੀ ਸ੍ਰਿਸ਼ਟੀ, ਉਤਨੇ ਹੀ ਰੰਗਾ-ਰੰਗ ਦੇ ਧਾਰਮਕ ਤਰੀਕੇ।

ਸਸੀਅਰ[੧] ਸੂਰ[੨] ਨਖ੍ਯਤ੍ਰ[੩] ॥ ਕਈ ਕੋਟਿ [੪]ਦੇਵ ਦਾਨਵ [੫]ਇੰਦ੍ਰ ਸਿਰਿ ਛਤ੍ਰ ॥ [੬]ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ[੭] ॥ ੩ ॥ ਕਈ ਕੋਟਿ [੮]ਰਾਜਸ ਤਾਮਸ ਸਾਤਕ ॥ ਕਈ ਕੋਟਿ ਬੇਦ ਪੁਰਾਨ [੯]ਸਿਮ੍ਰਿਤਿ ਅਰੁ ਸਾਸਤ ॥ ਕਈ ਕੋਟਿ ਕੀਏ ਰਤਨ[੧੦] ਸਮੁਦ ॥ ਕਈ ਕੋਟਿ [੧੧]ਨਾਨਾ ਪ੍ਰਕਾਰ ਜੰਤ ॥ ਕਈ ਕੋਟਿ ਕੀਏ [੧੨]ਚਿਰ ਜੀਵੇ ॥ ਕਈ ਕੋਟਿ ਗਿਰੀ[੧੩] [੧੪]ਮੇਰ ਸੁਵਰਨ ਥੀਵੇ[੧੫] ॥ ਕਈ ਕੋਟਿ [੧੬]ਜਖ੍ਯ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ[੧੭] ਮ੍ਰਿਗਾਚ[੧੮] ॥ ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥ ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ [੧੯]ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ [੨੦]ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥ ਕਈ ਕੋਟਿ ਭਏ ਬੈਰਾਗੀ[੨੧] ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥ ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ[੨੨] ॥ ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ[੨੩] ॥ ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥ ਕਈ ਕੋਟਿ [੨੪]ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ[੨੫] ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ[੨੬] ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥ ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ [੨੭]ਆਤਮ ਪਰਗਾਸ ॥ ਕਈ ਕੋਟਿ [੨੮]ਤਤ ਕੇ ਬੇਤੇ ॥ ਸਦਾ [੨੯]ਨਿਹਾਰਹਿ ਏਕੋ ਨੇਤ੍ਰੇ ॥ ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥ ਕਈ ਕੋਟਿ ਨਾਮ ਗੁਨ ਗਾਵਹਿ ॥ [੩੦]ਆਤਮ ਰਸਿ ਸੁਖਿ ਸਹਜਿ ਸਮਾਵਹਿ ॥ ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ[੩੧] ॥ ਨਾਨਕ [੩੨]ਓਇ ਪਰਮੇਸੁਰ ਕੇ ਪਿਆਰੇ ॥ ੮ ॥ ੧੦ ॥ ਸਲੋਕੁ ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ [੩੩]ਜਲਿ ਥਲਿ ਮਹੀਅਲਿ ਸੋਇ ॥ ੧ ॥ ਅਸਟਪਦੀ* ॥ ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ [੩੪]ਥਾਪਿ ਉਥਾਪਨਹਾਰਾ ॥

੧ ਚੰਨ।
੨ ਸੂਰਜ।
੩ ਤਾਰੇ।
੪ ਦੇਵਤੇ ਤੇ ਦੈਂਤ।
੫ ਇੰਦਰ ਜਿਸ ਦੇ ਸਿਰ 'ਤੇ ਛੱਤਰ ਹੈ।
੬ ਸਭ ਚੀਜ਼ਾਂ ਨੂੰ ਆਪਣੇ ਕਾਨੂੰਨ ਰੂਪ ਸੂਤਰ ਵਿੱਚ ਪਰੋ ਰੱਖਿਆ ਹੈ, ਭਾਵ ਆਪਣੀ ਮਰਯਾਦਾ ਵਿੱਚ ਬੱਧਾ ਹੋਇਆ ਹੈ।
੭ ਤਾਰਦਾ ਹੈ।
੮ ਰਜ ਸਤ ਤਮ ਗੁਣ ਵਾਲੇ ਕੂੜ੍ਹਾਂ ਹਨ। ਦੇਖੋ ਪੰਨਾ ੬੮, ਫੁਟ ਨੋਟ †।
੯ ਦੇਖੋ ਪੰਨਾ ੧੧, ਫੁਟ ਨੋਟ * ਅਤੇ †।
੧੦ ਦੇਵਤਿਆਂ ਤੇ ਦੈਂਤਾਂ ਸਮੁੰਦਰ ਰਿੜਕ ਕੇ ੧੪ ਰਤਨ ਕੱਢੇ ਮੰਨੇ ਜਾਂਦੇ ਹਨ।
੧੧ ਕਈ ਕਿਸਮ ਦੇ।
੧੨ ਲੰਮੀ ਉਮਰ ਵਾਲੇ।
੧੩ ਪਹਾੜੀਆਂ।
੧੪ (ਸੁਮੇਰ ਜੇਹੇ) ਸੋਨੇ ਦੇ ਪਰਬਤ।
੧੫ ਹੋਏ।
੧੬ ਦੇਵਤਿਆਂ ਦੇ ਖਜ਼ਾਨਚੀ ਕੁਬੇਰ ਦੀ ਸਭਾ ਵਿੱਚ ਕਿੰਨਰ ਨਾਚ ਕਰਦੇ ਹਨ। ਕਿੰਨਰ ਤੇ ਜੱਖ ਦੇਵਤਿਆਂ ਦੀਆਂ ਜਾਤਾਂ ਹਨ। ਪਿਸ਼ਾਚ ਵੀ ਦੇਵਤਿਆਂ ਦੀ ਇਕ ਘਟੀਆ ਜਾਤ ਹੈ। ਆਰੀਆਂ ਦੇ ਪੰਜਾਬ ਵਿੱਚ ਆਉਣ ਵੇਲੇ ਇਥੇ ਇਕ ਕੌਮ ਵਸਦੀ ਸੀ, ਉਸ ਦਾ ਨਾਂ ਭੀ 'ਪਿਸ਼ਾਚ' ਸੀ। ਕਿੰਨਰਾਂ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਦੱਸਿਆ ਹੈ।
੧੭ ਸੂਰ।
੧੮ [ਮ੍ਰਿਗ ਨੂੰ ਅਚ (ਖਾਣ) ਵਾਲਾ] ਸ਼ੇਰ।
੧੯ ਮਿਹਨਤਾਂ ਕਰਦੇ ਥੱਕ ਜਾਂਦੇ ਹਨ।
੨੦ ਮਾਇਆ ਪਾਸ ਹੋਣ ਕਰਕੇ ਫ਼ਿਕਰ ਵਿੱਚ ਰਹਿੰਦੇ ਹਨ।
੨੧ ਮਾਇਆ ਤੋਂ ਜਿਨ੍ਹਾਂ ਨੂੰ ਵੈਰਾਗ ਹੋ ਗਿਆ ਹੈ।
੨੨ ਲਭਦੇ ਹਨ।
੨੩ ਪਿਆਰ (ਪਾਰਬ੍ਰਹਮ ਦਾ)।
੨੪ ਸਾਰੇ ਜੀਵ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਵਿੱਚ ਵੰਡੇ ਹੋਏ ਹਨ, ਅਤੇ ਸਾਰੀ ਰਚਨਾ ਨੂੰ ਭੂਗੋਲਿਕ ਤੌਰ 'ਤੇ ਨੌਂ ਖੰਡਾਂ ਵਿੱਚ ਵੰਡਿਆ ਹੈ। 'ਖਾਣੀਆਂ' ਲਈ ਦੇਖੋ ਪੰਨਾ ੬, ਨੋਟ ੧੭।
੨੫ ਸਾਰੀ ਸ੍ਰਿਸ਼ਟੀ।
੨੬ ਫੈਲਾਉ, ਖਿਲਾਰਾ। ਕਈ ਤਰੀਕਿਆਂ ਨਾਲ ਫੈਲਾਉ ਕੀਤਾ ਹੈ।
੨੭ ਆਤਮਕ ਚਾਨਣਾ।
੨੮ ਅਸਲੀਅਤ ਨੂੰ ਜਾਨਣ ਵਾਲੇ ਹਨ।
੨੯ ਅੱਖਾਂ ਨਾਲ ਇਕ ਹਰੀ ਨੂੰ ਹੀ ਵੇਖਦੇ ਹਨ।
੩੦ ਓਹ ਆਤਮਕ ਸਵਾਦ ਵਿੱਚ ਅਤੇ ਸਹਜ ਅਵਸਥਾ ਵਾਲੇ ਸੁਖ ਵਿੱਚ ਸਮਾਉਂਦੇ ਹਨ। ਦੇਖੋ ਪੰਨਾ ੧੦੪, ਨੋਟ ੬।
੩੧ ਧਿਆਨ ਰੱਖਦਾ ਹੈ।
੩੨ ਓਹ ਮਨੁੱਖ ਹਰੀ ਦੇ ਪਿਆਰੇ ਹਨ (ਜਿਨ੍ਹਾਂ ਨੂੰ ਉਹ ਸੰਭਾਲਦਾ ਹੈ)।
੩੩ ਪਾਣੀ ਵਿੱਚ, ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ।
੩੪ ਬਣਾ ਕੇ ਮਿਟਾਉਣ ਵਾਲਾ।

* ਸਮੁੱਚਾ ਭਾਵ— ਪਰ ਹੈਨ ਸਾਰੇ ਹੀ ਆਪਣੇ ਆਪ ਵਿੱਚ ਕਮਜ਼ੋਰ। ਮਨੁੱਖ ਆਪ ਕੁਝ ਨਹੀਂ ਕਰ ਸਕਦਾ, ਸਾਰਾ ਬਲ ਵਾਹਿਗੁਰੂ ਦੇ ਆਪਣੇ ਹੱਥ ਹੈ।

ਅੰਤੁ ਨਹੀ ਕਿਛੁ ਪਾਰਾਵਾਰਾ॥ [੧]ਹੁਕਮੇ ਧਾਰਿ ਅਧਰ ਰਹਾਵੈ॥ [੨]ਹੁਕਮੇ ਉਪਜੈ ਹੁਕਮਿ ਸਮਾਵੈ॥ ਹੁਕਮੇ [੩]ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥ ਕਰਿ ਕਰਿ ਦੇਖੈ ਅਪਨੀ ਵਡਿਆਈ॥ ਨਾਨਕ ਸਭ ਮਹਿ ਰਹਿਆ ਸਮਾਈ॥ ੧॥ ਪ੍ਰਭ ਭਾਵੈ ਮਾਨੁਖ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ[੪]॥ ਪ੍ਰਭ ਭਾਵੈ ਤਾ [੫]ਪਤਿਤ ਉਧਾਰੈ॥ [੬]ਆਪਿ ਕਰੈ ਆਪਨ ਬੀਚਾਰੈ॥ [੭]ਦੁਹਾ ਸਿਰਿਆ ਕਾ ਆਪਿ ਸੁਆਮੀ॥ [੮]ਖੇਲੈ ਬਿਗਸੈ ਅੰਤਰਜਾਮੀ॥ ਜੋ ਭਾਵੈ ਸੋ ਕਾਰ ਕਰਾਵੈ॥ ਨਾਨਕ [੯]ਦ੍ਰਿਸਟੀ ਅਵਰੁ ਨ ਆਵੈ॥ ੨॥ ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥ ਇਸ ਕੈ ਹਾਥਿ[੧੦] ਹੋਇ ਤਾ [੧੧]ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥ [੧੨]ਅਨਜਾਨਤ ਬਿਖਿਆ ਮਹਿ ਰਚੈ॥ [੧੩]ਜੇ ਜਾਨਤ ਆਪਨ ਆਪ ਬਚੈ॥ ਭਰਮੇ ਭੂਲਾ [੧੪]ਦਹ ਦਿਸਿ ਧਾਵੈ॥ [੧੫]ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥ ੩॥ [੧੬]ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥ [੧੭]ਜਾ ਕਾ ਦ੍ਰਿਸਟਿ ਕਛੂ ਨ ਆਵੈ॥ ਤਿਸੁ ਤਤਕਾਲ[੧੮] ਦਹ ਦਿਸ ਪ੍ਰਗਟਾਵੈ॥ ਜਾ ਕਉ ਅਪੁਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ[੧੯]॥ [੨੦]ਜੀਉ ਪਿੰਡੁ ਸਭ ਤਿਸ ਕੀ ਰਾਸਿ॥ [੨੧]ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥ ਅਪਨੀ ਬਣਤ ਆਪਿ ਬਨਾਈ॥ [੨੨]ਨਾਨਕ ਜੀਵੈ ਦੇਖਿ ਬਡਾਈ॥ ੪॥ ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥ ਆਗਿਆਕਾਰੀ ਬਪੁਰਾ[੨੩] ਜੀਉ॥ ਜੋ ਤਿਸੁ ਭਾਵੈ [੨੪]ਸੋਈ ਫੁਨਿ ਥੀਉ॥ ਕਬਹੂ ਊਚ ਨੀਚ ਮਹਿ ਬਸੈ॥ ਕਬਹੂ ਸੋਗ [੨੫]ਹਰਖ ਰੰਗਿ ਹਸੈ॥ ਕਬਹੂ [੨੬]ਨਿੰਦ ਚਿੰਦ ਬਿਉਹਾਰ॥ ਕਬਹੂ ਊਭ[੨੭] ਅਕਾਸ ਪਇਆਲ॥ ਕਬਹੂ [੨੮]ਬੇਤਾ ਬ੍ਰਹਮ ਬੀਚਾਰ॥ ਨਾਨਕ ਆਪਿ ਮਿਲਾਵਣਹਾਰ॥ ੫॥ ਕਬਹੂ [੨੯]ਨਿਰਤਿ ਕਰੈ ਬਹੁ ਭਾਤਿ॥ ਕਬਹੂ [੩੦]ਸੋਇ ਰਹੈ ਦਿਨੁ ਰਾਤਿ॥ ਕਬਹੂ ਮਹਾ ਕ੍ਰੋਧ ਬਿਕਰਾਲ[੩੧]॥ ਕਬਹੂੰ ਸਰਬ ਕੀ ਹੋਤ ਰਵਾਲ[੩੨]॥ ਕਬਹੂ ਹੋਇ ਬਹੈ ਬਡ ਰਾਜਾ॥ ਕਬਹੁ ਭੇਖਾਰੀ ਨੀਚ ਕਾ ਸਾਜਾ[੩੩]॥ ਕਬਹੂ ਅਪਕੀਰਤਿ[੩੪] ਮਹਿ ਆਵੈ॥ ਕਬਹੂ ਭਲਾ ਭਲਾ ਕਹਾਵੈ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥ [੩੫]ਗੁਰ ਪ੍ਰਸਾਦਿ ਨਾਨਕ ਸਚੁ ਕਹੈ॥ ੬॥ ਕਬਹੂ ਹੋਇ ਪੰਡਿਤੁ ਕਰੇ ਬਖ੍ਹਾਨੁ[੩੬]॥ ਕਬਹੂ ਮੋਨਿਧਾਰੀ[੩੭] ਲਾਵੈ ਧਿਆਨੁ॥ ਕਬਹੂ ਤਟ[੩੮] ਤੀਰਥ ਇਸਨਾਨ॥ ਕਬਹੂ [੩੯]ਸਿਧ ਸਾਧਿਕ *ਮੁਖਿ ਗਿਆਨ॥ ਕਬਹੂ ਕੀਟ ਹਸਤਿ[੪੦] ਪਤੰਗ ਹੋਇ ਜੀਆ[੪੧]॥ ਅਨਿਕ

੧ ਹੁਕਮ ਨਾਲ ਬਣਾ ਕੇ ਬਿਨਾਂ ਸਰੀਰਕ ਆਸਰੇ ਦੇ ਰੱਖਦਾ ਹੈ। ਅਧਰ=ਬਿਨਾਂ ਆਸਰੇ 'ਤੇ।

੨ ਸ੍ਰਿਸ਼ਟੀ ਹੁਕਮ ਵਿੱਚ ਪੈਦਾ ਹੁੰਦੀ ਹੈ ਤੇ ਹੁਕਮ ਵਿੱਚ ਲੈ ਹੋ ਜਾਂਦੀ ਹੈ।

੩ ਹੁਕਮ ਵਿੱਚ ਹੀ (ਜੀਵਾਂ ਵੱਲੋਂ) ਉੱਚੇ ਤੇ ਨੀਵੇਂ ਤਰ੍ਹਾਂ ਦੇ ਵਰਤਾਰੇ ਹੋ ਰਹੇ ਹਨ ਅਤੇ ਹੁਕਮ ਵਿੱਚ ਹੀ ਜੀਵ ਕਈ ਰੰਗਾਂ ਦੇ ਤੇ ਕਈ ਤਰ੍ਹਾਂ ਦੇ ਹੁੰਦੇ ਹਨ।

੪ ਉਚਾਰਦਾ ਹੈ।

੫ ਡਿਗਿਆਂ ਨੂੰ ਤਾਰ ਦਿੰਦਾ ਹੈ।

੬ ਹਰੀ ਆਪ ਹੀ ਕਰਦਾ ਹੈ ਆਪਣੇ ਹੀ ਵਿਚਾਰ (ਮਰਜ਼ੀ) ਅਨੁਸਾਰ।

੭ ਲੋਕ ਪਰਲੋਕ ਦਾ।

੮ ਉਹ ਅੰਦਰ ਦੀਆਂ ਜਾਨਣ ਵਾਲਾ ਆਪ ਹੀ ਰਚਨਾ ਦੀ ਖੇਡ ਖੇਡਦਾ ਹੈ ਅਤੇ ਆਪ ਹੀ ਦੇਖ-ਦੇਖ ਕੇ ਖੁਸ਼ ਹੁੰਦਾ ਹੈ।

੯ ਉਸ ਇਕ ਤੋਂ ਬਿਨਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ।

੧੦ ਵਸ ਵਿੱਚ।

੧੧ ਸਭ ਕੁਝ ਲੈ ਲਵੇ।

੧੨ ਬਿਨਾਂ ਸਮਝਣ ਦੇ ਬਦੀ ਵਿੱਚ ਜਾ ਫਸਦਾ ਹੈ।

੧੩ ਜੇ ਕੁਝ ਜਾਣਦਾ ਹੋਵੇ ਤਾਂ ਆਪਣੇ ਆਪ ਬਦੀ ਵਿੱਚ ਪੈਣ ਤੋਂ ਬਚ ਰਹੇ।

੧੪ ਦਸੋਂ ਦਿਸ਼ਾ ਵੱਲ, ਸਾਰੇ ਪਾਸੇ।

੧੫ ਅੱਖ ਦੇ ਫੋਰ ਵਿੱਚ (ਮਨ ਕਰਕੇ) ਚਾਰੇ ਕੁੰਟਾਂ ਵਿੱਚ ਭਉਂ ਆਉਂਦਾ ਹੈ।

੧੬ ਪਲ ਵਿੱਚ ਕੀੜੇ ਜਿਹੇ ਤੁੱਛ ਜੀਵ ਨੂੰ ਰਾਜ ਦੇ ਸਕਦਾ ਹੈ। ਹਰੀ ਐਸਾ ਗਰੀਬਾਂ ਨੂੰ ਮਾਣ ਦੇਣ ਵਾਲਾ ਹੈ।

੧੭ ਜਿਸ ਦਾ ਕੁਝ ਵੀ ਕਿਸੇ ਨੂੰ ਨਜ਼ਰ ਨਹੀਂ ਆਉਂਦਾ, ਉਸ ਨੂੰ ਤੁਰਤ ਹੀ ਸਭ ਥਾਈਂ ਪ੍ਰਗਟ (ਮਸ਼ਹੂਰ) ਕਰ ਦਿੰਦਾ ਹੈ।

੧੮ ਤੁਰਤ।

੧੯ ਜਗਤ ਦਾ ਈਸ਼੍ਵਰ (ਮਾਲਕ)।

੨੦ ਮਨ ਤੇ ਤਨ।

੨੧ ਜੋ ਪੂਰਨ ਹਰੀ ਹਰ ਇਕ ਵਿੱਚ ਚਾਨਣਾ ਕਰ ਰਿਹਾ ਹੈ।

੨੨ ਨਾਨਕ ਜੀਉਂਦਾ ਹੈ ਉਸ ਦੀ ਵਡਿਆਈ ਦੇਖ ਦੇਖ ਕੇ।

੨੩ ਵਿਚਾਰਾ। ਇਹ ਵਿਚਾਰਾ ਜੀਵ ਤਾਂ ਉਸ ਦੇ ਹੁਕਮ ਦਾ ਬੱਧਾ ਹੈ।

੨੪ ਉਹੋ ਫਿਰ ਹੁੰਦਾ ਹੈ।

੨੫ ਖੁਸ਼ੀ ਦੀ ਮੌਜ ਵਿੱਚ ਹੱਸਦਾ ਹੈ।

੨੬ ਹੋਰਨਾਂ ਦੀ ਨਿੰਦਾ ਸੋਚਦੇ ਰਹਿਣਾ ਆਪਣਾ ਵਤੀਰਾ ਹੀ ਬਣਾ ਲੈਂਦਾ ਹੈ।

੨੭ ਉਪਰ। ਕਦੇ ਉੱਚਾ ਅਕਾਸ਼ ਤੱਕ ਤੇ ਕਦੇ ਨੀਵਾਂ ਪਤਾਲ ਤੱਕ ਚਲਾ ਜਾਂਦਾ ਹੈ; ਭਾਵ ਉੱਚੀ ਨੀਵੀਂ ਬਿਰਤੀ ਰੱਖਦਾ ਹੈ।

੨੮ ਜਾਨਣ ਵਾਲਾ ਬ੍ਰਹਮ ਦੇ ਵਿਚਾਰ ਦਾ।

੨੯ ਨੱਚਦਾ ਹੈ (ਪਦਾਰਥਾਂ ਦੀ ਖੁਸ਼ੀ ਵਿੱਚ)।

੩੦ ਸੁੱਤਾ ਰਹਿੰਦਾ ਹੈ (ਅਗਿਆਨਤਾ ਵਿੱਚ)।

੩੧ ਡਰਾਉਣਾ।

੩੨ ਚਰਨ-ਧੂੜ।

੩੩ ਸਾਂਗ। ਨੀਚ ਮੰਗਤੇ ਦਾ ਸਾਂਗ ਬਣਾ ਲੈਂਦਾ ਹੈ।

੩੪ ਅਪਜਸ। ਸ਼ੁਹਰਤ ਗੁਆ ਬਹਿੰਦਾ ਹੈ।

੩੫ ਗੁਰੂ ਦੀ ਕਿਰਪਾ ਨਾਲ।

੩੬ ਵਖਿਆਨ।

੩੭ ਚੁਪ ਰਹਿਣ ਵਾਲਾ।

੩੮ ਕੰਢੇ ਦਰਿਆਵਾਂ ਦੇ ਜਿਥੇ ਯਾਤਰੂ ਜਾਂਦੇ ਹਨ।

੩੯ ਵੱਡੇ ਜੋਗੀ ਅਤੇ ਅਭਿਆਸ ਕਰਨ ਵਾਲੇ।

੪੦ ਹਾਥੀ।

੪੧ ਇਹ ਜੀਵ।

* ਮੂੰਹੋਂ ਗਿਆਨ ਕਰਦਾ ਹੈ; ਲੋਕਾਂ ਨੂੰ ਉੱਚੀਆਂ-ਉੱਚੀਆਂ ਵਿਚਾਰਾਂ ਸੁਣਾਂਦਾ ਹੈ।

ਜੋਨਿ [੧]ਭਰਮੈ ਭਰਮੀਆ ॥ ਨਾਨਾ[੨] ਰੂਪ ਜਿਉ ਸ੍ਵਾਗੀ[੩] ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥ ੭ ॥ ਕਬਹੂ ਸਾਧਸੰਗਤਿ ਇਹੁ ਪਾਵੈ ॥ [੪]ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ ਹੋਇ ਗਿਆਨ ਪਰਗਾਸੁ[੫] ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥ ਮਨ ਤਨ ਨਾਮਿ ਰਤੇ [੬]ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ ਜਿਉ ਜਲ ਮਹਿ ਜਲੁ ਆਇ ਖਟਾਨਾ[੭] ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ[੮] ਪਾਏ ਬਿਸ੍ਰਾਮ[੯] ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥ ਸਲੋਕੁ ॥ ਸੁਖੀ ਬਸੈ ਮਸਕੀਨੀਆ[੧੦] ਆਪੁ[੧੧] ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ [੧੨]ਗਰਬਿ ਗਲੇ ॥ ੧ ॥ ਅਸਟਪਦੀ[*] ॥ ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ [੧੩]ਨਰਕਪਾਤੀ ਹੋਵਤ ਸੁਆਨੁ[੧੪] ॥ ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ [੧੫]ਬਿਸਟਾ ਕਾ ਜੰਤੁ ॥ ਆਪਸ ਕਉ ਕਰਮਵੰਤੁ[੧੬] ਕਹਾਵੈ ॥ [੧੭]ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ ਧਨ ਭੂਮਿ[੧੮] ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥ ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥ ਧਨਵੰਤਾ ਹੋਇ ਕਰਿ ਗਰਬਾਵੈ[੧੯] ॥ [੨੦]ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥ ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥ ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ [੨੧]ਹੋਇ ਜਾਇ ਭਸਮੰਤੁ ॥ [੨੨]ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥ [੨੩]ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥ ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ[੨੪] ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ [੨੫]ਨਰਕ ਸੁਰਗ ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ [੨੬]ਆਤਮ ਨਹੀ ਦ੍ਰਵੈ ॥ ਹਰਿ ਦਰਗਹ [੨੭]ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ[੨੮] ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ[੨੯] ॥ ੩ ॥ ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥ ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ [੩੦]ਗਰਭ ਜੋਨਿ ਮਹਿ ਫਿਰਤਾ ॥ ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥ ਜਬ ਲਗੁ [੩੧]ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮਰਾਇ ਦੇਇ ਸਜਾਇ ॥ ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ [੩੨]ਹਉ ਛੂਟੈ ॥ ੪ ॥ [੩੩]ਸਹਸ ਖਟੇ

੧ ਭਵਾਇਆ ਹੋਇਆ ਭਾਉਂਦਾ ਹੈ।
੨ ਕਈ ਤਰ੍ਹਾਂ ਦੇ।
੩ ਨਕਲੀਆ।
੪ ਸਤਸੰਗ ਅਸਥਾਨ ਤੋਂ ਪਰਤਦਾ ਨਹੀਂ।
੫ ਚਾਨਣਾ।
੬ ਇਕ-ਰਸ ਹੋ ਕੇ।
੭ ਮਿਲ ਜਾਂਦਾ ਹੈ।
੮ ਫੇਰੀਆਂ, ਜੂਨਾਂ ਵਿੱਚ ਭਟਕਣਾ।
੯ ਸਥਿਤੀ, ਟਿਕਾਣਾ।
੧੦ ਗਰੀਬੀ ਸੁਭਾਅ ਵਾਲਾ, ਨਿਮ੍ਰਤਾ ਵਾਲਾ।
੧੧ ਆਪਾ ਭਾਵ (ਦੂਰ ਕਰ ਕੇ ਸਭ ਦੇ ਥੱਲੇ ਰਹਿੰਦਾ ਹੈ)।
੧੨ ਹੰਕਾਰ ਕਰਕੇ ਗਲਦੇ ਹਨ।
੧੩ ਨਰਕਾਂ ਵਿੱਚ ਡਿੱਗਣ ਵਾਲਾ।
੧੪ ਕੁੱਤਾ।
੧੫ ਵਿਸ਼ਟਾ ਦਾ ਕੀੜਾ।
੧੬ ਕਰਮ ਕਰਨ ਵਾਲਾ।
੧੭ ਜੰਮ-ਜੰਮ ਕੇ ਮਰੇਗਾ ਅਤੇ ਬਹੁਤ ਜੂਨੀਆਂ ਵਿੱਚ ਭੰਵੇਗਾ।
੧੮ ਧਰਤੀ, ਜ਼ਮੀਨ।
੧੯ ਹੰਕਾਰ ਕਰਦਾ ਹੈ।
੨੦ ਤੀਲ੍ਹੇ ਬਰਾਬਰ, ਰਤਾ ਵੀ।
੨੧ ਸੜ ਕੇ ਅੰਤ ਨੂੰ ਭਸਮ (ਸੁਆਹ) ਹੋ ਜਾਵੇਗਾ।
੨੨ ਕਿਸੇ ਨੂੰ ਬਧਦਾ ਨਹੀਂ, ਗਿਣਤੀ ਵਿੱਚ ਨਹੀਂ ਲਿਆਉਂਦਾ।
੨੩ ਗੁਰੂ ਦੀ ਕਿਰਪਾ ਨਾਲ।
੨੪ ਉਦਮ, ਮਿਹਨਤ। ਜਿਤਨੀ ਮਿਹਨਤ ਕਰਦਾ ਹੈ ਸਭ ਫ਼ਜ਼ੂਲ ਹੈ।
੨੫ ਨਰਕ ਸੁਰਗ ਵਿੱਚ ਉਤਰੇਗਾ; ਭਾਵ ਊਚ ਨੀਚ ਜਨਮਾਂ ਵਿੱਚ ਮੁੜ-ਮੁੜ ਜਨਮ ਧਾਰੇਗਾ।
੨੬ ਹਿਰਦਾ ਨਰਮ ਨਹੀਂ ਹੁੰਦਾ।
੨੭ ਦੱਸੋ ਕਿ ਕਿਵੇਂ ਪਹੁੰਚ ਸਕਦਾ ਹੈ?
੨੮ ਧੂੜੀ।
੨੯ ਸੋਭਾ, ਸ਼ੁਹਰਤ।
੩੦ ਭਾਵ ਮੁੜ-ਮੁੜ ਜਨਮ ਧਾਰਦਾ ਹੈ।
੩੧ ਮਾਇਆ ਦੇ ਮੋਹ ਵਿੱਚ ਮਸਤ ਹੈ।
੩੨ ਹੰਕਾਰ ਮੁਕ ਜਾਂਦਾ ਹੈ।
੩੩ ਜਦ ਹਜ਼ਾਰ ਖਟ ਲੈਂਦਾ ਹੈ, ਤਾਂ ਲੱਖ ਖੱਟਣ ਲਈ ਉਠ ਦੌੜਦਾ ਹੈ।

* ਸਮੁੱਚਾ ਭਾਵ-ਇਸ ਕਮਜ਼ੋਰੀ ਦੇ ਹੁੰਦਿਆਂ ਫਿਰ ਭੀ ਮਨੁੱਖ ਆਪਣੀ ਤਾਕਤ ਦਾ ਹੰਕਾਰ ਕਰਦਾ ਹੈ। ਕਦੀ ਸੰਸਾਰਕ ਵਡਿਆਈ ਦਾ, ਕਦੀ ਧਾਰਮਕ ਨੇਕੀਆਂ ਦਾ। ਸੰਸਾਰ ਵਿੱਚ ਵਿਰਲਾ ਹੀ ਹੈ, ਜਿਸ ਨੂੰ ਇਤਨੀ ਸੂਝ ਹੈ ਕਿ ਕਰਨ ਕਾਰਨ ਸਮਰੱਥ ਕੇਵਲ ਵਾਹਿਗੁਰੂ ਹੀ ਹੈ।

ਲਖ ਕਉ ਉਠਿ ਧਾਵੈ ॥ [1]ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ ਅਨਿਕ [2]ਭੋਗ ਬਿਖਿਆ ਕੇ ਕਰੈ ॥ [3]ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ[4] ॥ [5]ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ [6]ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥ ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥ ੫ ॥ ਕਰਨ ਕਰਾਵਨ ਕਰਨੈਹਾਰੁ ॥ [7]ਇਸ ਕੈ ਹਾਥਿ ਕਹਾ ਬੀਚਾਰੁ ॥ [8]ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ ਆਪੇ ਆਪਿ ਆਪਿ ਪ੍ਰਭੁ ਸੋਇ ॥ ਜੋ ਕਿਛੁ ਕੀਨੋ ਸੁ [9]ਅਪਨੈ ਰੰਗਿ ॥ ਸਭ ਤੇ ਦੂਰਿ ਸਭਹੂ ਕੈ ਸੰਗਿ ॥ ਬੂਝੈ ਦੇਖੈ ਕਰੈ ਬਿਬੇਕ[10] ॥ ਆਪਹਿ ਏਕ ਆਪਹਿ ਅਨੇਕ ॥ ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥ ੬ ॥ ਆਪਿ ਉਪਦੇਸੈ ਸਮਝੈ ਆਪਿ ॥ ਆਪੇ ਰਚਿਆ[11] ਸਭ ਕੈ ਸਾਥਿ ॥ ਆਪਿ ਕੀਨੋ ਆਪਨ ਬਿਸਥਾਰੁ[12] ॥ ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥ ਉਸ ਤੇ ਭਿੰਨ[13] ਕਹਹੁ ਕਿਛੁ ਹੋਇ ॥ [14]ਥਾਨ ਥਨੰਤਰਿ ਏਕੈ ਸੋਇ ॥ ਅਪੁਨੇ ਚਲਿਤ[15] ਆਪਿ ਕਰਣੈਹਾਰ ॥ ਕਉਤਕ ਕਰੈ ਰੰਗ ਆਪਾਰ ॥ [16]ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥ [17]ਸਤਿ ਸਤਿ ਸਤਿ ਪ੍ਰਭੁ ਸੁਆਮੀ ॥ [18]ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ ॥ [19]ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ[20] ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ [21]ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ [22]ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ[23] ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ੮ ॥ ੧੨ ॥ ਸਲੋਕੁ ॥ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ[24] ॥ ਸੰਤ ਕੀ ਨਿੰਦਾ ਨਾਨਕਾ [25]ਬਹੁਰਿ ਬਹੁਰਿ ਅਵਤਾਰ ॥ ੧ ॥ ਅਸਟਪਦੀ* ॥ ਸੰਤ ਕੈ ਦੂਖਨਿ[26] ਆਰਜਾ[27] ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥ ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥ ਸੰਤ ਕੇ ਹਤੇ[28] ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ[29] ਹੋਇ ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥ ੧ ॥ ਸੰਤ ਕੇ ਦੂਖਨ ਤੇ [30]ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ[31] ॥ ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ [32]ਤ੍ਰਿਗਦ ਜੋਨਿ ਕਿਰਮਾਇ[33] ॥ ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ [34]ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥

੧ ਮਾਇਆ ਇਕੱਠੀ ਕਰੀ ਜਾਂਦਾ ਹੈ, ਫਿਰ ਭੀ ਰੱਜ ਨਹੀਂ ਹੁੰਦਾ।
੨ ਵਿਸ਼ਿਆਂ ਦੇ ਰਸ ਮਾਣਦਾ ਹੈ।
੩ ਰੱਜਦਾ ਨਹੀਂ।
੪ ਰੱਜਦਾ।
੫ ਸੁਫਨੇ ਦੇ ਮਨੋਰਥ ਵਾਂਗੂੰ ਸਾਰੇ ਕੰਮ ਵਿਅਰਥ ਜਾਂਦੇ ਹਨ।
੬ ਨਾਮ ਦੇ ਪਿਆਰ ਵਿੱਚ।
੭ ਇਸ ਜੀਵ ਦੇ ਹੱਥ ਵਿੱਚ ਕਿਥੇ ਹੈ ਵਿਚਾਰ (ਕਿ ਇਹ ਕੰਮ ਇਉਂ ਕਰਨਾ ਹੈ ਤੇ ਇਉਂ ਨਹੀਂ ਕਰਨਾ)?
੮ ਵਾਹਿਗੁਰੂ ਜੈਸੀ ਨਜ਼ਰ ਉਸ 'ਤੇ ਕਰਦਾ ਹੈ, ਤਿਹੋ ਜਿਹਾ ਉਹ ਹੋ ਜਾਂਦਾ ਹੈ।
੯ ਆਪਣੀ ਮੌਜ ਵਿੱਚ।
੧੦ ਵਿਚਾਰ, ਨਿਰਣਾ।
੧੧ ਮਿਲਿਆ ਹੋਇਆ, ਸ਼ਾਮਲ ਹੋਇਆ।
੧੨ ਫੈਲਾਉ, ਖਿਲਾਰਾ।
੧੩ ਵੱਖਰਾ, ਅੱਡ ਹੋ ਕੇ।
੧੪ ਸਭ ਥਾਵਾਂ ਵਿੱਚ।
੧੫ ਖੇਲ, ਕੌਤਕ।
੧੬ ਸਭ ਮਨਾਂ ਵਿੱਚ ਆਪ ਹੈ ਤੇ ਸਭ ਮਨ ਉਸ ਵਿੱਚ ਹਨ।
੧੭ ਸਦਾ ਕਾਇਮ ਰਹਿਣ ਵਾਲਾ।
੧੮ ਗੁਰੂ ਦੀ ਕਿਰਪਾ ਨਾਲ ਇਉਂ ਕਿਸੇ ਨੇ ਹੀ ਬਿਆਨ ਕੀਤਾ ਹੈ।
੧੯ ਕ੍ਰੋੜਾਂ ਵਿੱਚ ਕਿਸੇ ਵਿਰਲੇ ਨੇ ਸਮਝਿਆ ਹੈ।
੨੦ ਉਪਮਾਂ ਤੋਂ ਰਹਿਤ।
੨੧ ਕੰਨਾਂ ਨੇ ਘਟ-ਘਟ ਵਿੱਚ ਇਹ ਬਾਣੀ ਸੁਣੀ ਹੈ ਤੇ ਜੀਭ ਨੇ ਆਖੀ ਹੈ। 'ਸਭੈ ਘਟ ਰਾਮੁ ਬੋਲੈ'। (ਮਾਲੀ ਗਉੜਾ, ਨਾਮਦੇਵ-੯੮੮)।
੨੨ ਹੇ ਨਾਨਕ! ਜੋ ਨਾਮ ਨੂੰ ਮਨ ਵਿੱਚ ਪ੍ਰੀਤੀ ਨਾਲ ਜਪਦਾ ਹੈ, ਉਹ ਪਵਿੱਤਰ ਹੀ ਪਵਿੱਤਰ ਹੋ ਜਾਂਦਾ ਹੈ।
੨੩ ਪਵਿੱਤਰ।
੨੪ ਤਰਣ ਹਾਰ ਹੈ।
੨੫ ਮੁੜ-ਮੁੜ ਜਨਮ ਹੁੰਦਾ ਰਹਿੰਦਾ ਹੈ।
੨੬ ਦੋਸ਼ ਲੱਭਣ ਨਾਲ, ਨਿੰਦਾ ਕਰਨ ਨਾਲ।
੨੭ ਉਮਰ।
੨੮ ਮਾਰੇ ਹੋਏ।
੨੯ ਗੰਦੇ।
੩੦ ਮੂੰਹ ਭਉਂ ਜਾਂਦਾ ਹੈ (ਵਿੰਗਾ ਹੋ ਜਾਂਦਾ ਹੈ)।
੩੧ ਨਿਕੰਮਾ ਬੋਲਦਾ ਹੈ (ਕਾਂ ਵਾਂਗ)।
੩੨ ਟੇਢੀਆਂ ਜੂਨਾਂ, ਪੇਟ ਦੇ ਭਾਰ ਚਲਣ ਵਾਲੇ ਜੀਵ।
੩੩ ਕਿਰਮ ਆਦਿਕ।
੩੪ ਨੀਚਾਂ ਤੋਂ ਨੀਚ।

* ਸਮੁੱਚਾ ਭਾਵ-ਹੰਕਾਰ ਵਿੱਚ ਆ ਕੇ ਲੋਕੀਂ ਅਮੋੜ ਹੋ ਜਾਂਦੇ ਹਨ ਅਤੇ ਬ੍ਰਹਮ-ਗਿਆਨੀ ਸੰਤਾਂ ਕੋਲੋਂ ਕੁਝ ਸਿੱਖ ਕੇ ਆਪਣਾ ਸੁਧਾਰ ਕਰਨ ਦੀ ਥਾਂ ਉਨ੍ਹਾਂ ਨੂੰ ਟਿੱਚ ਕਰਕੇ ਸਮਝਦੇ ਹਨ। ਇਸ ਨਿੰਦਿਆ ਵਾਲੀ ਜ਼ਿੰਦਗੀ ਦਾ ਜੋ ਸਿੱਟਾ ਉਨ੍ਹਾਂ ਲਈ ਨਿਕਲਦਾ ਹੈ, ਉਹ ਇਸ ਅਸ਼ਟਪਦੀ ਵਿੱਚ ਦਰਜ ਹੈ।

ਨਾਨਕ ਸੰਤ ਭਾਵੈ ਤਾ ਓਇ[੧] ਭੀ ਗਤਿ ਪਾਹਿ ॥ ੨ ॥ ਸੰਤ ਕਾ ਨਿੰਦਕੁ ਮਹਾ ਅਤਤਾਈ[੨] ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥ ਸੰਤ ਕਾ ਨਿੰਦਕੁ [੩]ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ[੪] ॥ ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ[੫] ॥ ਸੰਤ ਕੀ ਨਿੰਦਾ [੬]ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ [੭]ਉਸ ਕਾ ਭੀ ਹੋਇ ਮੋਖੁ[੮] ॥ ੩ ॥ ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ[੯] ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥ ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥ ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ [੧੦]ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥ ਸੰਤ ਕਾ ਦੋਖੀ [੧੧]ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ[੧੨] ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ[੧੩] ॥ ਜਿਉ ਸਾਸ ਬਿਨਾ ਮਿਰਤਕ[੧੪] ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ ਨਾਨਕ ਸੰਤ ਭਾਵੈ ਤਾ [੧੫]ਲਏ ਉਬਾਰਿ ॥ ੫ ॥ ਸੰਤ ਕਾ ਦੋਖੀ ਇਉ ਬਿਲਲਾਇ[੧੬] ॥ ਜਿਉ ਜਲ ਬਿਹੂਨ[੧੭] ਮਛੁਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ [੧੮]ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ[੧੯] ॥ ਸੰਤ ਕਾ ਦੋਖੀ [੨੦]ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ[੨੧] ਕਹਤ ॥ *ਕਿਰਤੁ ਨਿੰਦਕ ਕਾ ਧੁਰਿ[੨੨] ਹੀ ਪਇਆ ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ[੨੩] ॥ ੬ ॥ ਸੰਤ ਕਾ ਦੋਖੀ [੨੪]ਬਿਗੜ ਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ[੨੫] ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ [੨੬]ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ [੨੭]ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ [੨੮]ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥ ੭ ॥ ਸਭ ਘਟ [੨੯]ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥ ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ [੩੦]ਸਾਸਿ ਗਿਰਾਸਿ ॥ ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥ ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ

੧ ਸੰਤ ਦੇ ਦੋਖੀ ਭੀ।
੨ ਅੱਤ ਚੁਕਣ ਵਾਲਾ।
੩ ਰਾਜ (ਉੱਚੇ ਅਧਿਕਾਰ) ਤੋਂ ਡਿੱਗ ਪੈਂਦਾ ਹੈ।
੪ ਹੀਣਾ, ਕੰਗਾਲ।
੫ ਵਿਯੋਗ, ਵਿਛੋੜਾ।
੬ ਵੱਡਾ ਦੋਸ਼ (ਪਾਪ)।
੭ ਦੋਖੀ ਦਾ।
੮ ਮੁਕਤੀ।
੯ ਡੰਨ।
੧੦ ਸੁਖਾਂ ਤੋਂ ਟਲਦਾ ਹੈ, ਭਾਵ ਸੁਖ ਲੈਂਦਾ-ਲੈਂਦਾ ਰਹਿ ਜਾਂਦਾ ਹੈ।
੧੧ ਅਧਵਾਟਿਉਂ ਹੀ।
੧੨ ਜੰਗਲਾਂ ਵਿੱਚ।
੧੩ ਖਾਲੀ।
੧੪ ਮੁਰਦਾ।
੧੫ ਤਾਰ ਲੈਂਦਾ ਹੈ।
੧੬ ਵਿਲ੍ਕਦਾ ਹੈ, ਰੋਂਦਾ ਹੈ।
੧੭ ਬਿਨਾਂ।
੧੮ ਜਿਵੇਂ ਅੱਗ ਲੱਕੜਾਂ ਨਾਲ ਨਹੀਂ ਰੱਜਦੀ।
੧੯ ਦੁਖੀ। ਬੁਆੜ ਦੇ ਤਿਲ ਖੇਤ ਵਿੱਚ ਕਿਸਾਨ ਛੱਡ ਦਿੰਦਾ ਹੈ, ਕਿਉਂਕਿ ਓਹ ਕਿਸੇ ਕੰਮ ਨਹੀਂ ਆਉਂਦੇ। ਬੁਆੜ= ਇਕ ਨਿਕੰਮਾ ਜਿਹਾ ਬੂਟਾ ਜੋ ਤਿਲਾਂ ਦੀ ਖੇਤੀ ਵਿੱਚ ਉਗਦਾ ਹੈ।
੨੦ ਧਰਮ ਤੋਂ ਖਾਲੀ।
੨੧ ਝੂਠ।
੨੨ ਧੁਰ ਤੋਂ, ਵਾਹਿਗੁਰੂ ਦੇ ਹਜ਼ੂਰੋਂ।
੨੩ ਹੋਇਆ।
੨੪ ਕੋਝੇ ਰੂਪ ਵਾਲਾ।
੨੫ ਸਹਿਕਾਇਆ ਜਾਂਦਾ ਹੈ, ਤਰਸਾਇਆ ਜਾਂਦਾ ਹੈ।
੨੬ ਉਮੈਦ ਪੂਰੀ ਨਹੀਂ ਹੁੰਦੀ।
੨੭ ਸੰਤ ਦੀ ਨਿੰਦਾ ਕਰਨ ਨਾਲ ਕੋਈ ਇਸਥਿਤੀ ਨਹੀਂ ਪਾਂਦਾ, ਟਿਕਦਾ ਨਹੀਂ।
੨੮ ਜੇਹੀ ਭਾਵਨਾ ਹੁੰਦੀ ਹੈ।
੨੯ ਸਰੀਰ, ਵਜੂਦ।
੩੦ ਸਾਹ ਲੈਂਦਿਆਂ ਅਤੇ ਰੋਟੀ ਖਾਂਦਿਆਂ।

* ਕਰਮ ਜੋ ਮਨੁੱਖ ਨੇ ਕੀਤੇ ਹਨ, ਉਹ ਉਸ ਦੀ ਕਿਰਤ ਹੈ। ਉਸ ਕਿਰਤ ਅਨੁਸਾਰ ਉਹ ਅੱਗੋਂ ਕਰਮ ਕਰਦਾ ਹੈ। ਇਹ ਕਿਰਤ ਉਸ ਦੀ ਧੁਰੋਂ ਹੀ ਲਿਖੀ ਪਈ ਹੈ। ਦੇਖੋ ਪੰਨਾ ੫੯, ਨੋਟ ੩੨।

ਕਹੈ ਬੀਚਾਰੁ ॥ ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥ ਬਡਭਾਗੀ
ਨਾਨਕ ਜਨ ਸੇਇ ॥ ੮ ॥ ੧੩ ॥ ਸਲੋਕੁ ॥ [੧]ਤਜਹੁ ਸਿਆਨਪ ਸੁਰਿ ਜਨਹੁ
ਸਿਮਰਹੁ ਹਰਿ ਹਰਿ ਰਾਇ ॥ ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ
ਭਉ ਜਾਇ ॥ ੧ ॥ ਅਸਟਪਦੀ* ॥ ਮਾਨੁਖ ਕੀ ਟੇਕ ਬ੍ਰਿਥੀ[੨] ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥ [੩]ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ[੪] ਨ
ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ
ਹਾਥਿ ॥ ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ[੫]
ਪਰੋਇ ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ
ਕੋਇ ॥ ੧ ॥ [੬]ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ [੭]ਸਤਿ
ਬਿਉਹਾਰ ॥ ਨਿਰਮਲ ਰਸਨਾ[੮] ਅੰਮ੍ਰਿਤੁ ਪੀਉ ॥ ਸਦਾ [੯]ਸੁਹੇਲਾ ਕਰਿ ਲੇਹਿ
ਜੀਉ ॥ ਨੈਨਹੁ ਪੇਖੁ ਠਾਕੁਰ ਕਾ ਰੰਗੁ[੧੦] ॥ ਸਾਧਸੰਗਿ ਬਿਨਸੈ ਸਭ ਸੰਗੁ[੧੧] ॥
[੧੨]ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ[੧੩] ॥
[੧੪]ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ
ਮਥਾ ॥ ੨ ॥ ਬਡਭਾਗੀ ਤੇ ਜਨ ਜਗ ਮਾਹਿ ॥ ਸਦਾ ਸਦਾ ਹਰਿ ਕੇ ਗੁਨ
ਗਾਹਿ ॥ ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ[੧੫] ਸੰਸਾਰ ॥
ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ[੧੬] ॥ ਸਦਾ ਸਦਾ ਜਾਨਹੁ ਤੇ ਸੁਖੀ ॥
[੧੭]ਏਕੋ ਏਕੁ ਏਕੁ ਪਛਾਨੈ ॥ [੧੮]ਇਤ ਉਤ ਕੀ ਓਹੁ ਸੋਝੀ ਜਾਨੈ ॥ ਨਾਮ ਸੰਗਿ
ਜਿਸ ਕਾ ਮਨੁ ਮਾਨਿਆ ॥ ਨਾਨਕ [੧੯]ਤਿਨਹਿ ਨਿਰੰਜਨੁ ਜਾਨਿਆ ॥ ੩ ॥
[੨੦]ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥
ਸਾਧਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥
[੨੧]ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ ॥ ਗ੍ਰਿਹਸਤ ਮਹਿ ਸੋਈ ਨਿਰਬਾਨੁ[੨੨] ॥
ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥
ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥ ਨਾਨਕ ਤਿਸਹਿ ਨ ਲਾਗਹਿ ਦੂਖ ॥ ੪ ॥
ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥ ਸੋ ਸੰਤੁ ਸੁਹੇਲਾ[੨੩] ਨਹੀ ਡੁਲਾਵੈ ॥
†ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ ਸੋ ਸੇਵਕੁ ਕਹੁ ਕਿਸ ਤੇ ਡਰੈ ॥ [੨੪]ਜੈਸਾ
ਸਾ ਤੈਸਾ ਦ੍ਰਿਸਟਾਇਆ ॥ ਅਪੁਨੇ ਕਾਰਜ[੨੫] ਮਹਿ ਆਪਿ ਸਮਾਇਆ ॥
[੨੬]ਸੋਧਤ ਸੋਧਤ ਸੋਧਤ ਸੀਝਿਆ[੨੭] ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥ [੨੮]ਨਾਨਕ ਸੋ ਸੂਖਮੁ[੨੯] ਸੋਈ ਅਸਥੂਲੁ[੩੦] ॥
੫ ॥ ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ[੩੧] ਆਪ ਹੀ ਕਰੈ ॥
[੩੨]ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ[੩੩] ਸਭ

੧ ਭਲੇ ਪੁਰਸ਼ੋ, ਚਤੁਰਾਈਆਂ ਛੱਡੋ।
੨ ਬੇਅਰਥ, ਨਿਕੰਮੀ।
੩ ਜਿਸ ਦੇ ਦਿਤਿਆਂ ਰੱਜੇ ਰਹੀਦਾ ਹੈ।
੪ ਮੁੜ ਕੇ।
੫ ਗਲ ਵਿੱਚ, ਦਿਲ ਵਿੱਚ।
੬ ਦਿਲੋਂ ਹੋ ਕੇ ਨਿਰੰਕਾਰ ਦੀ ਉਸਤਤ ਕਰ।
੭ ਇਹ ਸੱਚਾ ਵਿਹਾਰ ਕਰ। ਕੇਹੜਾ? ਮਨ ਵਿੱਚ ਉਸਤਤ ਕਰਨੀ।
੮ ਜੀਭ ਨਾਲ।
੯ ਆਪਣੇ ਆਤਮਾ ਨੂੰ ਸੌਖਾ ਕਰ ਲਵੇਂਗਾ।
੧੦ ਚੋਜ, ਤਮਾਸ਼ਾ। ਅੱਖਾਂ ਨਾਲ ਦੇਖ ਮਾਲਕ ਦੀ ਖੇਡ।
੧੧ ਹੋਰ ਸੰਗ, ਖੋਟਾ ਸੰਗ।
੧੨ ਪੈਰਾਂ ਨਾਲ ਚਲੋ ਹਰੀ ਦੇ ਰਸਤੇ ਉੱਤੇ।
੧੩ ਥੋੜ੍ਹਾ, ਰਤਾ ਭਰ।
੧੪ ਹੱਥਾਂ ਨਾਲ ਹਰੀ ਦੇ ਕੰਮ ਕਰੋ ਤੇ ਕੰਨਾਂ ਨਾਲ ਹਰੀ-ਕਥਾ ਸੁਣੋ।
੧੫ [ਅਰਬੀ] ਰੱਜਿਆ ਹੋਇਆ ਧਨੀ।
੧੬ ਮੁਖੀ ਜਨ, ਉਤਮ ਪੁਰਸ਼। ਮੁਖੀ ਲੋਕ ਉਹੀ ਹਨ ਜੋ ਮਨ ਤਨ ਤੇ ਮੂੰਹ ਤੋਂ ਹਰੀ-ਹਰੀ ਕਰਦੇ ਹਨ।
੧੭ ਕੇਵਲ ਇਕ ਵਾਹਿਗੁਰੂ ਨੂੰ ਹੀ।
੧੮ ਏਥੇ ਉਥੇ ਦੀ, ਸਭ ਥਾਂ ਦੀ।
੧੯ ਉਸੇ ਮਨੁੱਖ ਨੇ ਮਾਇਆ ਤੋਂ ਰਹਿਤ ਹਰੀ ਨੂੰ ਜਾਣਿਆ ਹੈ।
੨੦ ਗੁਰੂ ਦੀ ਕਿਰਪਾ ਨਾਲ ਜੋ ਆਪਣੇ ਆਪ ਨੂੰ ਸਮਝੇ।
੨੧ ਜੋ ਹਰ ਰੋਜ਼ ਨਿਰੋਲ ਹਰੀ ਦਾ ਕੀਰਤਨ ਜਾਂ ਵਖਿਆਨ ਕਰਦਾ ਹੈ, ਉਹੀ ਘਰ ਬਾਰ ਕਰਦਾ ਹੋਇਆ ਨਿਰਲੇਪ ਹੈ।
੨੨ ਨਿਰਲੇਪ, ਮਾਇਆ ਤੋਂ ਬਚਿਆ ਹੋਇਆ।
੨੩ ਸੁਖੀ। ਉਹ ਸੰਤ ਸੁਖੀ ਹੈ ਤੇ ਡੋਲਦਾ ਨਹੀਂ ਹੈ।
੨੪ ਜੈਸਾ ਉਹ ਹੈ ਤੈਸਾ ਹੀ ਨਜ਼ਰੀ ਆਇਆ ਹੈ।
੨੫ ਜਗਤ। ਜਗਤ (ਜੋ ਉਸ ਦੀ ਆਪਣੀ ਰਚਨਾ ਹੈ) ਅੰਦਰ ਵਿਆਪਕ ਦਿੱਸਦਾ ਹੈ।
੨੬ ਨਿਰਣਾ ਕਰਦਿਆਂ-ਕਰਦਿਆਂ ਆਪਣੀ ਖੋਜ ਵਿੱਚ ਕਾਮਯਾਬ ਹੋ ਗਿਆ।
੨੭ ਕਾਮਯਾਬ ਹੋ ਗਿਆ, ਸਫਲ ਹੋਇਆ।
੨੮ ਮੁੱਢ, ਭਾਵ ਵਾਹਿਗੁਰੂ।
੨੯ ਬਾਰੀਕ (ਜੋਤ ਰੂਪ)।
੩੦ ਮੋਟਾ (ਦ੍ਰਿਸ਼ਟਮਾਨ)।
੩੧ ਖੇਲ, ਚੋਜ।
੩੨ ਜਨਮ ਮਰਨ, ਅਸਥੂਲ ਚੀਜ਼ਾਂ ਜੋ ਦਿੱਸਦੀਆਂ ਹਨ ਤੇ ਸੂਖਮ ਜੋ ਨਹੀਂ ਦਿੱਸਦੀਆਂ ਤੇ ਹੋਰ ਸਾਰੀ ਸ੍ਰਿਸ਼ਟੀ ਤੂੰ ਆਪਣੇ ਹੁਕਮ ਵਿੱਚ ਰੱਖ ਕੇ ਟਿਕਾਈ ਹੈ।
੩੩ ਟਿਕਾਈ, ਆਸਰਾ ਦਿੱਤਾ।

* ਇਹੋ ਜਿਹੇ ਮਨੁੱਖ ਨੂੰ ਸਲਾਹ ਦਿੱਤੀ ਹੈ ਕਿ ਮਨੁੱਖੀ ਤਾਕਤ ਦਾ ਗੁਮਾਨ ਛੱਡ ਕੇ ਆਪਣੇ ਆਪ ਨੂੰ ਵਾਹਿਗੁਰੂ ਉੱਤੇ ਸੁਟ ਦੇਵੇ, ਜੋ ਕਰਨ ਕਾਰਨ ਸਮਰੱਥ ਹੈ। ਇਸੇ ਨਾਲ ਉਸ ਦਾ ਕੁਝ ਬਣੇਗਾ।

† ਜਿਸ ਨੂੰ ਆਪਣਾ ਪ੍ਰਭੂ ਮਿਹਰ ਕਰੇ।

ਸ੍ਰਿਸਟਿ ॥ ਆਪੇ ਆਪਿ [੧]ਸਗਲ ਮਹਿ ਆਪਿ ॥ [੨]ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ[੩] ॥ [੪]ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ[੫] ਅਭੇਵ[੬] ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥ ੬ ॥ ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ[੭] ॥ ਪ੍ਰਭ ਕੇ ਸੇਵਕ ਸਗਲ ਉਧਾਰਨ ॥ ਪ੍ਰਭ ਕੇ ਸੇਵਕ ਦੂਖ ਬਿਸਾਰਨ ॥ ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥ ਉਨ ਕੀ ਸੇਵਾ ਸੋਈ ਲਾਗੈ ॥ [੮]ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥ ਨਾਮੁ ਜਪਤ ਪਾਵਹਿ ਬਿਸ੍ਰਾਮੁ[੯] ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥ ੭ ॥ ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ[੧੦] ॥ ਸਦਾ ਸਦਾ ਬਸੈ ਹਰਿ ਸੰਗਿ ॥ [੧੧]ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥ ਪ੍ਰਭ ਕਾ ਕੀਆ ਜਨ [੧੨]ਮੀਠ ਲਗਾਨਾ ॥ [੧੩]ਜੈਸਾ ਸਾ ਤੈਸਾ ਦ੍ਰਿਸਟਾਨਾ ॥ ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ [੧੪]ਓਇ ਸੁਖ ਨਿਧਾਨ ਉਨਹੂ ਬਨਿ ਆਏ ॥ [੧੫]ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮ ॥ ੧੪ ॥ ਸਲੋਕੁ ॥ [੧੬]ਸਰਬ ਕਲਾ ਭਰਪੂਰ ਪ੍ਰਭ ਬਿਰਥਾ[੧੭] ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥ ੧ ॥ ਅਸਟਪਦੀ* ॥ ਟੂਟੀ ਗਾਢਨਹਾਰ ਗੋੁਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ[੧੮] ॥ ਸਗਲ ਕੀ ਚਿੰਤਾ[੧੯] ਜਿਸੁ ਮਨ ਮਾਹਿ ॥ ਤਿਸ ਤੇ ਬਿਰਥਾ[੨੦] ਕੋਈ ਨਾਹਿ ॥ ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥ ਆਪਨ ਕੀਆ ਕਛੂ ਨ ਹੋਇ ॥ ਜੇ [੨੧]ਸਉ ਪ੍ਰਾਨੀ ਲੋਚੈ ਕੋਇ ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥ [੨੨]ਰੂਪਵੰਤੁ ਹੋਇ ਨਾਹੀ ਮੋਹੈ[੨੩] ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥ ਧਨਵੰਤਾ ਹੋਇ [੨੪]ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ[੨੫] ॥ ਅਤਿ ਸੂਰਾ[੨੬] ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ[੨੭] ਬਿਨਾ [੨੮]ਕਹ ਧਾਵੈ ॥ ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ ਜਿਸੁ [੨੯]ਗੁਰ ਪ੍ਰਸਾਦਿ ਤੂਟੈ [੩੦]ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥ ੨ ॥ ਜਿਉ ਮੰਦਰ[੩੧] ਕਉ ਥਾਮੈ ਥੰਮਨੁ[੩੨] ॥ ਤਿਉ ਗੁਰ ਕਾ ਸਬਦੁ [੩੩]ਮਨਹਿ ਅਸਥੰਮਨੁ ॥ ਜਿਉ ਪਾਖਾਣੁ[੩੪] ਨਾਵ[੩੫] ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ ਜਿਉ [੩੬]ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ[੩੭] ॥ ਜਿਉ [੩੮]ਮਹਾ ਉਦਿਆਨ ਮਹਿ ਮਾਰਗੁ ਪਾਵੈ ॥ [੩੯]ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ ਤਿਨ ਸੰਤਨ ਕੀ [੪੦]ਬਾਛਉ ਧੂਰਿ ॥ ਨਾਨਕ ਕੀ ਹਰਿ [੪੧]ਲੋਚਾ ਪੂਰਿ

੧ ਸਾਰਿਆਂ ਵਿੱਚ।
੨ ਕਈ ਤਰੀਕਿਆਂ ਨਾਲ ਬਣਾ ਕੇ, ਟਿਕਾ ਕੇ ਮੁੜ ਨਾਸ ਕਰਦਾ ਹੈ।
੩ ਟੋਟੇ। ਭਾਵ ਨਾਸ ਰਹਿਤ ਹੈ।
੪ ਬ੍ਰਹਮੰਡ ਦੀ ਧਾਰਨਾ ਧਾਰੀ ਹੋਈ ਹੈ।
੫ ਜੋ ਸਮਝ ਵਿੱਚ ਨਹੀਂ ਆਉਂਦਾ।
੬ ਜਿਸ ਦਾ ਭੇਦ ਨਹੀਂ ਪਾ ਸਕੀਦਾ।
੭ ਉਪਦੇਸ਼। ਉਨ੍ਹਾਂ ਦੇ ਉਪਦੇਸ਼ ਨਾਲ ਸਾਰਾ ਸੰਸਾਰ ਤਰਦਾ ਹੈ।
੮ ਜਿਸ ਨੂੰ ਵੱਡੇ ਭਾਗਾਂ ਕਰਕੇ ਓਹ ਕਿਰਪਾ ਕਰਦੇ ਹੈ।
੯ ਟਿਕਾਉ।
੧੦ ਮੌਜ ਵਿੱਚ, ਸ਼ਾਨ ਨਾਲ। ਜੋ ਕੁਝ ਭਗਤ ਕਰਦਾ ਹੈ ਇਲਾਹੀ ਮੌਜ ਵਿੱਚ ਕਰਦਾ ਹੈ, ਕਿਉਂਕਿ ਉਹ ਹਰੀ ਦੇ ਨਾਲ ਵੱਸਦਾ ਹੈ, (ਭਾਵ ਉਸ ਦੇ ਸੰਗ ਕਰਕੇ ਉਸ ਵਾਲੀ ਸ਼ਾਨ ਪ੍ਰਾਪਤ ਕਰ ਲਈ ਹੁੰਦੀ ਹੈ)।
੧੧ ਉਸ ਤੋਂ ਜੋ ਕੁਝ ਹੁੰਦਾ ਹੈ ਸਹਿਜ-ਸੁਭਾਅ ਹੀ ਹੁੰਦਾ ਹੈ।
੧੨ ਮਿੱਠਾ ਲੱਗਦਾ ਹੈ।
੧੩ ਜੇਹਾ ਕੁ ਹੈ ਉਹੋ ਜੇਹਾ ਹੀ ਉਸ (ਭਗਤ) ਨੂੰ ਨਜ਼ਰ ਆਉਂਦਾ ਹੈ। ਹੁਕਮ ਵਿੱਚ ਚਲਣ ਕਰਕੇ ਸਭ ਕੁਝ ਸਹੀ ਦਿੱਸਦਾ ਹੈ।
੧੪ ਉਹ ਸੁਖਾਂ ਦੇ ਖਜ਼ਾਨੇ ਹਨ ਤੇ ਇਹ ਪਦਵੀ ਉਨ੍ਹਾਂ ਨੂੰ ਹੀ ਫੱਬਦੀ ਹੈ।
੧੫ ਹਰੀ ਨੇ ਆਪਣੇ ਆਪ ਨੂੰ ਆਪ ਹੀ ਮਾਣ ਦਿੱਤਾ ਹੈ, ਕਿਉਂਕਿ ਭਗਤ ਦੀ ਵਡਿਆਈ ਵਾਹਿਗੁਰੂ ਦੀ ਆਪਣੀ ਵਡਿਆਈ ਹੈ।
੧੬ ਸਾਰੀਆਂ ਤਾਕਤਾਂ ਨਾਲ।
੧੭ ਪੀੜਾ ਦਿਲ ਦੀ, ਦਿਲ ਦੀ ਹਾਲਤ।
੧੮ ਪਾਲਨ ਕਰਦਾ ਹੈ।
੧੯ ਫ਼ਿਕਰ।
੨੦ ਖ਼ਾਲੀ।
੨੧ ਭਾਵੇਂ ਮਨੁੱਖ ਸੌ ਵਾਰੀ ਪਿਆ ਚਾਹਵੇ।
੨੨ ਸੁੰਦਰ ਹੋਣ 'ਤੇ ਆਪਣੀ ਸੁੰਦਰਤਾ ਉੱਤੇ ਕੋਈ ਮਸਤ ਨਾ ਹੋਵੇ। ਇਹ ਤਾਂ ਵਾਹਿਗੁਰੂ ਦੀ ਜੋਤ ਹੈ ਜੋ ਸਾਰਿਆਂ ਵਿੱਚ ਸੋਹਣੀ ਲੱਗ ਰਹੀ ਹੈ।
੨੩ ਮੋਹ ਕਰੇ (ਆਪਣੇ ਰੂਪ ਦਾ), ਆਪਣੀ ਸੁੰਦਰਤਾ ਉੱਤੇ ਮੋਹਿਤ ਹੋਵੇ।
੨੪ ਕੀ ਕਿਸੇ ਹੰਕਾਰ ਕਰਨਾ ਹੋਇਆ?
੨੫ ਧਨ।
੨੬ ਸੂਰਮਾ, ਬਹਾਦਰ।
੨੭ ਤਾਕਤ।
੨੮ ਕਿਥੇ ਧਾਉਣਾ ਕਰ ਸਕਦਾ ਹੈ?
੨੯ ਗੁਰੂ ਦੀ ਕਿਰਪਾ ਨਾਲ।
੩੦ ਹੰਕਾਰ ਰੋਗ।
੩੧ ਮਕਾਨ।
੩੨ ਥੰਮ।
੩੩ ਮਨ ਨੂੰ ਆਸਰਾ ਦਿੰਦਾ ਹੈ।
੩੪ ਪੱਥਰ।
੩੫ ਬੇੜੀ।
੩੬ ਹਨੇਰੇ ਨੂੰ ਦੀਵਾ ਰੋਸ਼ਨ ਕਰ ਦਿੰਦਾ ਹੈ।
੩੭ ਖਿੜਾਉ।
੩੮ ਜੰਗਲ ਵਿੱਚ ਕੋਈ ਰਾਹ ਲੱਭ ਲਵੇ।
੩੯ ਇਸ ਤਰ੍ਹਾਂ ਗੁਰੂ ਦੀ ਸੰਗਤ ਵਿੱਚ ਮਿਲ ਕੇ ਮਨੁੱਖ ਦਾ ਅੰਦਰਲਾ ਚਾਨਣਾ ਪ੍ਰਤੱਖ ਹੋ ਜਾਂਦਾ ਹੈ।
੪੦ ਲੋਚਦਾ ਹਾਂ, ਧੂੜੀ ਨੂੰ।
੪੧ ਲੋਚ (ਖ਼ਾਹਸ਼) ਪੂਰੀ ਕਰ।

* ਇਸ ਅਸ਼ਟਪਦੀ ਵਿੱਚ ਭੀ ਵਾਹਿਗੁਰੂ ਵਿੱਚ ਪੂਰਨ ਭਰੋਸਾ ਪੈਦਾ ਕਰਨ ਲਈ ਪਰੇਰਿਆ ਹੈ।

॥ ੩ ॥ ਮਨ ਮੂਰਖ ਕਾਹੇ ਬਿਲਲਾਈਐ[੧] ॥ [੨]ਪੂਰਬ ਲਿਖੇ ਕਾ ਲਿਖਿਆ
ਪਾਈਐ ॥ ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ
ਚਿਤਾਰੁ[੩] ॥ ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ[੪] ॥
ਕਉਨ ਬਸਤੁ ਆਈ ਤੇਰੈ ਸੰਗ ॥ [੫]ਲਪਟਿ ਰਹਿਓ ਰਸਿ ਲੋਭੀ ਪਤੰਗ ॥
ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥
ਜਿਸੁ ਵਖਰ[੬] ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ [੭]ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ[੮] ਸੰਤਹ ਸੰਗਿ ਚਾਲੁ ॥ ਅਵਰ ਤਿਆਗਿ [੯]ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ[੧੦] ॥ ਇਹੁ
ਵਾਪਾਰੁ ਵਿਰਲਾ ਵਾਪਾਰੈ[੧੧] ॥ ਨਾਨਕ ਤਾ ਕੈ ਸਦ ਬਲਿਹਾਰੈ ॥ ੫ ॥ ਚਰਨ
ਸਾਧ ਕੇ ਧੋਇ ਧੋਇ ਪੀਉ ॥ ਅਰਪਿ[੧੨] ਸਾਧ ਕਉ ਅਪਨਾ ਜੀਉ ॥ ਸਾਧ
ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥ ਸਾਧ ਸੇਵਾ
ਵਡਭਾਗੀ ਪਾਈਐ ॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਅਨਿਕ ਬਿਘਨ
ਤੇ ਸਾਧੂ ਰਾਖੈ[੧੩] ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥ [੧੪]ਓਟ ਗਹੀ
ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ[੧੫] ਪਾਇਆ ॥ ੬ ॥
[੧੬]ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ[੧੭] ॥ [੧੮]ਸਰਬ
ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ ਪੂਰਬ ਲਿਖੇ ਕਾ ਲਹਣਾ ਪਾਹਿ ॥ ਸਭੁ
ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ[੧੯] ॥
ਜਪਿ ਜਨ ਸਦਾ ਸਦਾ ਦਿਨੁ ਰੈਣੀ[੨੦] ॥ ਸਭ ਤੇ ਊਚ ਨਿਰਮਲ ਇਹ ਕਰਣੀ ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ[੨੧] ॥
੭ ॥ ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ
ਚੀਤਿ ॥ [੨੨]ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
[੨੩]ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥ ਪਾਰਬ੍ਰਹਮੁ
ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥
ਸਲੋਕੁ ॥ ਰੂਪੁ ਨ ਰੇਖ[੨੪] ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ[੨੫] ॥
ਤਿਸਹਿ ਬੁਝਾਏ[੨੬] ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ ੧ ॥ ਅਸਟਪਦੀ* ॥
ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥
ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ[੨੭] ਏਕੋ ਸੋਇ ॥ ਆਪੇ
ਬੀਨਾ[੨੮] ਆਪੇ ਦਾਨਾ[੨੯] ॥ [੩੦]ਗਹਿਰ ਗੰਭੀਰੁ ਗਹੀਰੁ[੩੧] ਸੁਜਾਨਾ[੩੨] ॥

(੨੮੩)

੧ ਪੁਕਾਰ ਕਰੀਏ, ਖਪੀਏ।
੨ ਪਹਿਲੋਂ ਦਾ (ਰੱਬ ਵੱਲੋਂ) ਲਿਖਿਆ ਭਾਗ।
੩ ਚੇਤੇ ਕਰ।
੪ ਹੇ ਮੂਰਖ!
੫ ਲੋਭੀ ਪਤੰਗੇ ਵਾਂਗ ਸਵਾਦ ਵਿੱਚ ਚੰਬੜਿਆ ਹੈਂ।
੬ ਸੌਦਾ।
੭ ਮਨ ਦੇ ਮੁੱਲ ਵਿੱਚ, ਮਨ ਦੇ ਬਦਲੇ।
੮ ਸੌਦੇ ਦਾ ਭਾਰ, ਵਣਜ ਦੀ ਵਸਤ।
੯ ਮਾਇਆ ਦੇ ਝਮੇਲੇ।
੧੦ ਸੋਭਾ ਹੁੰਦੀ ਹੈ।
੧੧ ਵਪਾਰਦਾ ਹੈ, ਵਿਹਾਜਦਾ ਹੈ।
੧੨ ਹਵਾਲੇ ਕਰ ਦਿਹ।
੧੩ ਬਚਾਅ ਲੈਂਦਾ (ਕਈ ਤਰ੍ਹਾਂ ਦੀਆਂ ਔਕੜਾਂ ਤੋਂ)।
੧੪ ਆਸਰਾ ਪਕੜਿਆ ਹੈ।
੧੫ ਉਸ ਨੇ।
੧੬ ਮੁਰਦੇ ਨੂੰ।
੧੭ ਆਸਰਾ।
੧੮ ਸਾਰੇ ਖ਼ਜ਼ਾਨੇ (ਸੁਖਾਂ ਦੇ) ਜਿਸ ਦੀ ਇਕ ਨਜ਼ਰ ਵਿੱਚ ਹਨ।
੧੯ ਹੋਵੇਗਾ।
੨੦ ਰਾਤ।
੨੧ ਹੋਇਆ।
੨੨ ਤਿੰਨਾਂ ਲੋਕਾਂ ਵਿੱਚ ਭਗਤ-ਭਗਤ ਕਰਕੇ ਸੁਣੀਦਾ ਹੈ।
੨੩ ਉਸ ਮਨੁੱਖ ਦੀ ਨਜ਼ਰ ਸੱਚ ਵਾਲੀ ਹੈ ਤੇ ਉਸ ਦਾ ਆਕਾਰ (ਸਾਰਾ ਸਰੀਰ) ਸੱਚ ਰੂਪ ਹੈ। ਉਹ ਸੱਚ ਵਰਤਦਾ ਹੈ, ਤੇ ਸੱਚ ਹੀ ਖਿਲਾਰਦਾ ਹੈ।
੨੪ ਲਕੀਰਾਂ, ਇਕ ਨੂੰ ਦੂਜੇ ਤੋਂ ਵੱਖਰਾ ਕਰਨ ਦੇ ਨਿਸ਼ਾਨ, ਚਿਹਨ ਚੱਕਰ।
੨੫ ਵੱਖਰਾ, ਨਿਰਲੇਪ।
੨੬ ਬੁਝਾਂਦਾ ਹੈ, ਆਪਣਾ ਆਪ।
੨੭ ਚੰਗੀ ਤਰ੍ਹਾਂ ਅੰਦਰ, ਐਸਾ ਸਮਾਇਆ ਹੋਇਆ ਕਿ ਕੋਈ ਵਿੱਥ ਖ਼ਾਲੀ ਨਾ ਛੱਡੀ ਹੋਵੇ।
੨੮ [ਫ਼ਾਰਸੀ] ਵੇਖਣ ਵਾਲਾ।
੨੯ [ਫ਼ਾਰਸੀ] ਸਿਆਣਾ।
੩੦ ਬਹੁਤ ਗੰਭੀਰ।
੩੧ ਡੂੰਘਾ, ਜਿਸ ਦਾ ਭੇਦ ਲੱਭਣਾ ਔਖਾ ਹੋਵੇ।
੩੨ ਸਿਆਣਾ।

* ਇਸ ਅਸ਼ਟਪਦੀ ਵਿੱਚ ਵੀ ਵਾਹਿਗੁਰੂ ਵੱਲ ਹੀ ਪ੍ਰੇਰਨਾ ਹੈ। ਇਹ ਪ੍ਰੇਰਨਾ ਅੱਗੇ ਤਾਂ ਇਹ ਦੱਸ ਕੇ ਕੀਤੀ ਸੀ ਕਿ ਮਨੁੱਖ ਨੂੰ ਉਸ ਤੋਂ ਇਹ ਮਿਲਦਾ ਹੈ, ਉਹ ਮਿਲਦਾ ਹੈ। ਹੁਣ ਵਾਹਿਗੁਰੂ ਦੇ ਆਪਣੇ ਸਰੂਪ (ਨਾਮ) ਦਾ ਅਨੂਪ ਦਰਸ਼ਨ ਕਰਾ ਕੇ ਵਿਸਮਾਦ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ।

ਪਾਰਬ੍ਰਹਮ ਪਰਮੇਸੁਰ ਗੋਬਿੰਦ ॥ [੧]ਕ੍ਰਿਪਾ ਨਿਧਾਨ ਦਇਆਲ ਬਖਸੰਦ ॥ ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ[੨] ॥ ੧ ॥ [੩]ਮਨਸਾ ਪੂਰਨ [੪]ਸਰਨਾ ਜੋਗ ॥ ਜੋ ਕਰਿ[੫] ਪਾਇਆ ਸੋਈ ਹੋਗੁ ॥ ਹਰਨ[੬] ਭਰਨ[੭] ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰ[੮] ਨ ਜਾਨੈ ਹੋਰੁ ॥ ਅਨਦ ਰੂਪ ਮੰਗਲ[੯] ਸਦ ਜਾ ਕੈ ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥ [੧੦]ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ ਧਿਆਇ ਧਿਆਇ ਭਗਤਹ ਸੁਖੁ ਪਾਇਆ ॥ ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ ੨ ॥ ਜਾ ਕੀ ਲੀਲਾ ਕੀ ਮਿਤਿ[੧੧] ਨਾਹਿ ॥ ਸਗਲ ਦੇਵ ਹਾਰੇ ਅਵਗਾਹਿ[੧੨] ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ [੧੩]ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥ [੧੪]ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ *ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥ ਨਾਨਾ[੧੫] ਰੂਪ ਨਾਨਾ ਜਾ ਕੇ ਰੰਗ ॥ [੧੬]ਨਾਨਾ ਭੇਖ ਕਰਹਿ ਇਕ ਰੰਗ ॥ ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ[੧੭] ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥ ਸਭ ਘਟ[੧੮] ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥ ਨਾਮ[੧੯] ਕੇ ਧਾਰੇ[੨੦] ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ[੨੧] ਸਭ ਭਵਨ[੨੨] ॥ ਨਾਮ ਕੈ ਸੰਗਿ ਉਧਰੇ [੨੩]ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ [੨੪]ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥ ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥ ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ ॥ ਸਤਿ ਕਰਮੁ ਜਾ ਕੀ ਰਚਨਾ ਸਤਿ ॥ [੨੫]ਮੂਲੁ ਸਤਿ ਸਤਿ ਉਤਪਤਿ ॥ ਸਤਿ ਕਰਣੀ [੨੬]ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ[੨੭] ਸਤਿ ਨਾਨਕ ਗੁਰ ਤੇ ਪਾਈ ॥ ੬ ॥ ਸਤਿ ਬਚਨ ਸਾਧੂ ਉਪਦੇਸ ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥ ਸਤਿ ਨਿਰਤਿ[੨੮] ਬੂਝੈ ਜੇ ਕੋਇ ॥ ਨਾਮੁ ਜਪਤ ਤਾ ਕੀ ਗਤਿ ਹੋਇ ॥ ਆਪਿ ਸਤਿ ਕੀਆ ਸਭੁ ਸਤਿ[੨੯] ॥ ਆਪੇ ਜਾਨੈ ਅਪਨੀ

੧ ਦਇਆ ਦਾ ਭੰਡਾਰ।

੨ ਉਤਸ਼ਾਹ, ਉਮੰਗ, ਚਾਅ।

੩ ਖ਼ਾਹਸ਼ ਪੂਰੀ ਕਰਨ ਵਾਲਾ।

੪ ਸ਼ਰਣ ਦੇਣ ਦੇ ਲਾਇਕ, ਭਾਵ ਜੋ ਪਨਾਹ ਦੇ ਸਕਦਾ ਹੈ।

੫ ਹੱਥ ਵਿੱਚ। ਜੋ ਉਸ ਨੇ ਹੱਥ 'ਤੇ ਲਿਖ ਦਿੱਤਾ ਹੈ ਉਹੋ ਹੁੰਦਾ ਹੈ।

੬ ਨਾਸ ਕਰਨਾ।

੭ ਪਾਲਨਾ ਕਰਨਾ। ਜੋ ਅੱਖ ਦੇ ਫਰਕਨ ਵਿੱਚ ਭਾਵ ਥੋੜ੍ਹੇ ਸਮੇਂ ਵਿੱਚ ਹਰਨ ਭਰਨ ਕਰ ਸਕਦਾ ਹੈ।

੮ ਮੰਤਵ, ਗੁਝਾ ਭਾਣਾ।

੯ ਖ਼ੁਸ਼ੀਆਂ।

੧੦ ਰਾਜ, ਜੋਗ, ਤਪ ਤੇ ਗ੍ਰਿਹਸਤ ਵਿੱਚ ਉਹ ਹਰੀ ਆਪ ਹੀ ਰਾਜਾ ਜੋਗੀ ਆਦਿ ਹੋ ਕੇ ਜ਼ਾਹਰ ਹੋ ਰਿਹਾ ਹੈ।

੧੧ ਅੰਦਾਜ਼ਾ, ਹੱਦ।

੧੨ ਖੋਜ-ਖੋਜ ਕੇ। ਸਭ ਦੇਵਤੇ ਖੋਜ-ਖੋਜ ਕੇ ਹਾਰ ਗਏ ਹਨ, ਪਰ ਅੰਤ ਨਹੀਂ ਪਾਇਆ।

੧੩ ਸਾਰੀ ਰਚਨਾ ਆਪਣੇ ਨੇਮ ਰੂਪ ਸੂਤਰ ਵਿੱਚ ਬੰਨ੍ਹੀ ਹੈ।

੧੪ ਤਿੰਨਾਂ ਗੁਣਾਂ (ਭਾਵ ਮਾਇਆ) ਦੇ ਅੰਦਰ-ਅੰਦਰ।

੧੫ ਕਈ ਪ੍ਰਕਾਰ ਦੇ।

੧੬ ਕਈ ਤਰ੍ਹਾਂ ਦੇ ਵੇਸ ਕਰਦਿਆਂ ਹੋਇਆਂ ਭੀ ਉਹ ਇਕ-ਰੰਗ ਰਹਿੰਦਾ ਹੈ।

੧੭ ਖੇਡਾਂ।

੧੮ ਸਰੀਰ, ਵਜੂਦ।

੧੯ ਵਾਹਿਗੁਰੂ। ਹਰੀ ਦੇ ਅਸਾਰਾ ਦਿੱਤੇ ਹੋਏ ਹਨ ਸਭ ਜੰਤ।

੨੦ ਟਿਕਾਏ ਹੋਏ, ਆਸਰਾ ਦਿੱਤੇ ਹੋਏ।

੨੧ [ਸਭ ਸੰਸਾਰ ਨੂੰ ੧੪ ਹਿੱਸਿਆਂ ਵਿੱਚ ਵੰਡਿਆ ਹੈ, ਇਨ੍ਹਾਂ ਨੂੰ ਪੁਰੀਆਂ ਆਖਦੇ ਹਨ] ਲੋਕ।

੨੨ ਮੰਡਲ, ਦੇਸ਼।

੨੩ ਕੰਨੀਂ ਸੁਣ ਕੇ।

੨੪ ਤਿੰਨਾਂ ਗੁਣਾਂ ਤੋਂ ਉੱਤੇ ਜੋ ਅਵਸਥਾ ਬਣਦੀ ਹੈ। ਉਸ ਨੂੰ ਚੌਥਾ ਪਦ ਆਖਿਆ ਹੈ। ਦੇਖੋ ਪੰਨਾ ੬੮, ਫੁਟ ਨੋਟ *।

੨੫ ਮੁੱਢ ਵੀ ਸੱਚਾ ਹੈ ਤੇ ਉਸ ਤੋਂ ਹੋਈ ਪੈਦਾਇਸ਼ ਵੀ ਸੱਚੀ ਹੈ।

੨੬ ਪਵਿੱਤਰ ਤੋਂ ਪਵਿੱਤਰ।

੨੭ ਸ਼ਰਧਾ, ਯਕੀਨ।

੨੮ (ਸੱਤ ਦਾ) ਨਿਰਣਾ, ਭਾਵ ਵਿਚਾਰ।

੨੯ ਮਿਥਿਆ ਦਾ ਉਲਟ। ਜਗਤ ਨੂੰ ਮਿਥਿਆ ਕਹਿਣ ਵਾਲਿਆਂ ਨੂੰ ਜਗਤ ਸੰਬੰਧੀ ਇਕ ਨਵਾਂ ਦ੍ਰਿਸ਼ ਪੇਸ਼ ਕਰ ਰਹੇ ਹਨ। "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ"॥ (੪੬੩) ਉਹ ਆਪ ਸੱਚਾ ਹੈ ਤੇ ਜੋ ਕੁਝ ਉਸ ਨੇ ਬਣਾਇਆ ਹੈ, ਉਹ ਵੀ ਸੱਚਾ ਹੈ।

* ਉੱਚੇ ਤੇ ਨੀਵੇਂ ਅਸਥਾਨ ਉਸੇ (ਵਾਹਿਗੁਰੂ) ਦੇ ਹਨ। ਉੱਤੇ ਜੋ ਦੋ ਤਰ੍ਹਾਂ ਦੇ ਦ੍ਰਿਸ਼ਟੀ-ਕੋਣ ਦੱਸੇ ਹਨ, ਇਕ ਉੱਚਾ (ਸੁਮਤਿ ਗਿਆਨ ਧਿਆਨ ਵਾਲਾ) ਜਿੱਥੇ ਖੜ੍ਹੋ ਕੇ ਮਨੁੱਖ ਵਾਹਿਗੁਰੂ ਦਾ ਖੇਲ ਪਸਰਿਆ ਦੇਖਦਾ ਹੈ ਅਤੇ ਨਾਮ ਵਿੱਚ ਲੱਗ ਜਾਂਦਾ ਹੈ; ਦੂਜਾ ਨੀਵਾਂ (ਮਾਦਾ-ਪ੍ਰਸਤਾਂ ਵਾਲਾ) ਜਿਥੋਂ ਸਾਰੀ ਸ੍ਰਿਸ਼ਟੀ ਕੇਵਲ ਤੱਤਾਂ ਦਾ ਮੇਲ ਦਿੱਸਦੀ ਹੈ, ਜਿਨ੍ਹਾਂ ਵਿੱਚ ਤ੍ਰੈ-ਗੁਣ ਕੰਮ ਕਰ ਰਹੇ ਹਨ-ਇਹ ਦੋਵੇਂ ਬਿਰਤੀਆਂ ਰੱਬ ਵੱਲੋਂ ਮਿਲੀਆਂ ਹਨ। ਮਨੁੱਖ ਨੂੰ ਜਿਸ ਤਰ੍ਹਾਂ ਦੀ ਨਜ਼ਰ ਮਿਲਦੀ ਹੈ, ਉਹੋ ਜੇਹਾ ਵੇਖਦਾ ਹੈ।

ਮਿਤਿ[੧] ਗਤਿ[੨] ॥ ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ
ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ[੩] ॥ ਨਾਨਕ ਜੋ ਤਿਸੁ ਭਾਵੈ
ਸੋ ਵਰਤੀਆ[੪] ॥ ੭ ॥ [੫]ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ
ਤਿਸੁ ਆਇਆ ਸ੍ਵਾਦ ॥ ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ [੬]ਗੁਰ ਕੈ ਬਚਨਿ
ਪਦਾਰਥ ਲਹੇ ॥ ਓਇ ਦਾਤੇ ਦੁਖ ਕਾਟਨਹਾਰ ॥ ਜਾ ਕੈ ਸੰਗਿ ਤਰੈ ਸੰਸਾਰ ॥
ਜਨ ਕਾ ਸੇਵਕੁ ਸੋ ਵਡਭਾਗੀ ॥ ਜਨ ਕੈ ਸੰਗਿ ਏਕ ਲਿਵ ਲਾਗੀ ॥ ਗੁਨ
ਗੋਬਿਦ ਕੀਰਤਨੁ ਜਨੁ ਗਾਵੈ ॥ [੭]ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥ ੮ ॥
੧੬ ॥ ਸਲੋਕੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ
ਭਿ ਸਚੁ ॥ ੧ ॥ ਅਸਟਪਦੀ* ॥ ਚਰਨ ਸਤਿ ਸਤਿ ਪਰਸਨਹਾਰ[੮] ॥ ਪੂਜਾ
ਸਤਿ ਸਤਿ ਸੇਵਦਾਰ[੯] ॥ ਦਰਸਨੁ ਸਤਿ ਸਤਿ ਪੇਖਨਹਾਰ[੧੦] ॥ ਨਾਮੁ ਸਤਿ
ਸਤਿ ਧਿਆਵਨਹਾਰ ॥ ਆਪਿ ਸਤਿ ਸਤਿ ਸਭ ਧਾਰੀ[੧੧] ॥ ਆਪੇ ਗੁਣ
ਆਪੇ ਗੁਣਕਾਰੀ[੧੨] ॥ ਸਬਦੁ ਸਤਿ ਸਤਿ ਪ੍ਰਭੁ ਬਕਤਾ[੧੩] ॥ ਸੁਰਤਿ ਸਤਿ
ਸਤਿ ਜਸੁ ਸੁਨਤਾ ॥ [੧੪]ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ
ਸਤਿ ਪ੍ਰਭੁ ਸੋਇ ॥ ੧ ॥ ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ
ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ
ਗਿਆਨੁ ਤਿਸੁ ਮਨਿ ਪ੍ਰਗਟਾਇਆ ॥ [੧੫]ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ
ਗਡਾਈ[੧੬] ॥ ਤਾ ਕਉ [੧੭]ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ[੧੮] ॥
ਨਾਰਾਇਨ ਮਿਲੇ ਨਾਨਕ ਏਕ ॥ ੨ ॥ ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥ ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ[੧੯] ॥ ਠਾਕੁਰ ਕਉ ਸੇਵਕੁ ਜਾਨੈ
ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ[੨੦] ॥ ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥ ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ ਨਾਨਕ
ਸੋ ਸੇਵਕੁ ਸਾਸਿ ਸਾਸਿ ਸਮਾਰੈ[੨੧] ॥ ੩ ॥ ਅਪੁਨੇ ਜਨ ਕਾ ਪਰਦਾ ਢਾਕੈ ॥
ਅਪਨੇ ਸੇਵਕ ਕੀ ਸਰਪਰ[੨੨] ਰਾਖੈ ॥ ਅਪਨੇ ਦਾਸ ਕਉ ਦੇਇ ਵਡਾਈ ॥
ਅਪਨੇ ਸੇਵਕ ਕਉ ਨਾਮੁ ਜਪਾਈ ॥ ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ[੨੩] ॥ ਪ੍ਰਭ ਕੇ ਸੇਵਕ ਕਉ ਕੋ ਨ
ਪਹੂਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥ ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ [੨੪]ਦਹ ਦਿਸਿ ਪ੍ਰਗਟਾਇਆ ॥ ੪ ॥ ਨੀਕੀ [੨੫]ਕੀਰੀ ਮਹਿ
ਕਲ[੨੬] ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ[੨੭] ॥ ਜਿਸ ਕਾ ਸਾਸੁ ਨ

੧ ਅੰਦਾਜ਼ਾ।	੧੪ ਜੋ ਬੁਝ ਲੈਂਦਾ ਹੈ, ਉਸ ਲਈ ਸਭ ਸਤਿ ਹੈ।
੨ [ਜਿਥੇ ਤੱਕ ਉਸ ਦੀ ਪਹੁੰਚ ਹੈ] ਅਵਸਥਾ, ਹਾਲਤ।	੧੫ ਭੈ ਤੋਂ ਨਿਰਭੈ ਹੋ ਕੇ ਸੰਸਾਰ ਵਿੱਚ ਵੱਸਦਾ ਹੈ।
੩ ਕੀਤਾ ਹੋਇਆ, ਭਾਵ ਜੀਵ। ਹਰੀ ਕਰਤੇ ਦਾ ਅੰਦਾਜ਼ਾ ਉਸ ਦਾ ਕੀਤਾ ਹੋਇਆ ਜੀਵ ਕੀ ਲਾ ਸਕਦਾ ਹੈ?	੧੬ ਮਿਲਾਈ।
੪ ਵਰਤਦਾ ਹੈ।	੧੭ ਵੱਖਰੀ ਨਹੀਂ ਕਹਿ ਸਕੀਦਾ। ਅਭੇਦਤਾ ਦਾ ਵਰਣਨ ਕੀਤਾ ਹੈ।
੫ ਅਸਚਰਜ ਤੋਂ ਅਸਚਰਜ ਰੰਗਾਂ ਨੂੰ ਵੇਖ ਕੇ ਬਿਸਮਾਦ (ਹੈਰਾਨ) ਹੋ ਗਏ।	੧੮ ਵਿਚਾਰ, ਨਿਰਣਾ। ਇਸ ਵਿਚਾਰ ਨੂੰ ਕੋਈ ਬੁਝਣਹਾਰ ਬੁਝਦਾ ਹੈ ਕਿ (ਉਪਰਲੀ ਉਦਾਹਰਣ ਵਾਂਗੂ) ਹਰੀ ਨਾਲ ਮਿਲ ਕੇ ਉਸ ਦਾ ਭਗਤ ਇਕ ਰੂਪ ਹੋ ਜਾਂਦਾ ਹੈ।
੬ ਗੁਰੂ ਦੇ ਉਪਦੇਸ਼ ਦੁਆਰਾ।	੧੯ ਰਹਿਣੀ।
੭ ਗੁਰੂ ਦੀ ਕਿਰਪਾ ਦੁਆਰਾ।	੨੦ ਪ੍ਰੇਮ ਵਿੱਚ।
੮ ਛੋਹਣ ਵਲੇ। ਹਰੀ ਦੇ ਚਰਨ ਸਤਿ ਹਨ ਤੇ ਛੋਹਣ ਵਾਲੇ ਵੀ ਸਤਿ ਹਨ।	੨੧ ਯਾਦ ਕਰਦਾ ਹੈ।
	੨੨ ਜ਼ਰੂਰ ਹੀ।
੯ ਸੇਵਕ, ਪੁਜਾਰੀ।	੨੩ ਲਖਦਾ, ਸਮਝਦਾ।
੧੦ ਵੇਖਣ ਵਾਲੇ।	੨੪ ਦਸੌਂ ਦਿਸ਼ਾ ਵਿੱਚ, ਹਰ ਪਾਸੇ, ਸਾਰੇ ਸੰਸਾਰ ਵਿੱਚ।
੧੧ ਜੋ ਟਿਕਾਈ ਹੋਈ ਹੈ; ਰਚਨਾ।	੨੫ ਕੀੜੀ ਵਿੱਚ।
੧੨ ਗੁਣ ਕਰਨ ਵਾਲਾ, ਗੁਣ ਦੇਣ ਵਾਲਾ।	੨੬ ਕਲਾ, ਸ਼ਕਤੀ।
੧੩ ਆਖਣ ਵਾਲਾ, ਉਚਾਰਨ ਵਾਲਾ (ਸ਼ਬਦ ਦਾ)।	੨੭ ਲੱਖਾਂ।

* ਹੁਣ ਵਾਹਿਗੁਰੂ ਦਾ ਰੂਪ, ਜੋ ਸਭ ਤੋਂ ਔਖਾ ਸਮਝ ਵਿੱਚ ਆਉਣ ਵਾਲਾ ਹੈ, ਦੱਸਦੇ ਹਨ। ਉਹ ਹੈ ਸੱਤ ਸਰੂਪ। ਇਸ ਦੇ ਸਮਝਣ ਨਾਲ ਮਨੁੱਖ ਵਿੱਚ ਸੇਵਕ ਹੋਣ ਦੇ ਗੁਣ ਪ੍ਰਗਟਦੇ ਹਨ ਅਤੇ ਉਹ ਸੱਤ-ਸਰੂਪ ਵਾਲੀਆਂ ਵਡਿਆਈਆਂ ਪ੍ਰਾਪਤ ਕਰਨ ਲੱਗ ਪੈਂਦਾ ਹੈ।

ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥ ਮਾਨਸ ਜਤਨ ਕਰਤ [੧]ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ[੨] ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ[੩] ਵਿਡਾਣੀ[੪] ॥ ੫ ॥ ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ[੫] ॥ ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ[੬] ॥ [੭]ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ ਨਾਮ ਰਸਿ ਜੋ ਜਨ ਤ੍ਰਿਪਤਾਨੇ[੮] ॥ ਮਨ ਤਨ ਨਾਮਹਿ ਨਾਮਿ ਸਮਾਨੇ ॥ [੯]ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥ ੬ ॥ ਬੋਲਹੁ ਜਸੁ ਜਿਹਬਾ[੧੦] ਦਿਨੁ ਰਾਤਿ ॥ [੧੧]ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਕਰਹਿ ਭਗਤਿ ਆਤਮ ਕੈ ਚਾਇ[੧੨] ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥ [੧੩]ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ ਤਿਸ ਕੀ [੧੪]ਮਹਿਮਾ ਕਉਨ ਬਖਾਨਉ ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥ ੭ ॥ ਮਨ ਮੇਰੇ ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ ਸੋ ਜਨੁ ਸਰਬ ਥੋਕ ਕਾ ਦਾਤਾ ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥ ਅਵਰ ਸਿਆਨਪ ਸਗਲੀ[੧੫] ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥ ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥ ੮ ॥ ੧੭ ॥ ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥ ਤਿਸ ਕੈ ਸੰਗਿ ਸਿਖੁ ਉਧਰੈ[੧੬] ਨਾਨਕ ਹਰਿ ਗੁਨ ਗਾਉ ॥ ੧ ॥ ਅਸਟਪਦੀ* ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ[੧੭] ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ [੧੮]ਦੁਰਮਤਿ ਮਲੁ ਹਿਰੈ[੧੯] ॥ [੨੦]ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ [੨੧]ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ [੨੨]ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ [੨੩]ਜੀਅ ਨਾਲਿ ਸਮਾਰੈ ॥ ੧ ॥ ਗੁਰ ਕੈ ਗ੍ਰਿਹਿ[੨੪] ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ[੨੫] ॥ ਆਪਸ ਕਉ ਕਰਿ ਕਛੁ ਨ ਜਨਾਵੈ[੨੬] ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ[੨੭] ॥ ਸੇਵਾ ਕਰਤ ਹੋਇ ਨਿਹਕਾਮੀ[੨੮] ॥ ਤਿਸ ਕਉ ਹੋਤ

੧ ਕਈ ਤਰੀਕਿਆਂ ਨਾਲ।
੨ ਬੇਅਰਥ।
੩ ਜੋ ਸਮਝਿਆ ਨਾ ਜਾ ਸਕੇ।
੪ ਅਸਚਰਜ ਰੂਪ (ਹਰੀ)।
੫ ਰਜਾਈਏ।
੬ ਵੇਖਿਆ।
੭ ਨਾਮ ਹੀ ਧਨ ਤੇ ਰੂਪ ਰੰਗ ਹੈ।
੮ ਰੱਜੇ ਹਨ।
੯ ਦਾਸਾਂ ਦਾ ਇਹ ਕੰਮ ਹੈ ਕਿ ਓਹ ਸਦਾ ਨਾਮ ਜਪਦੇ ਹਨ।
੧੦ ਜੀਭ।
੧੧ ਪ੍ਰਭੂ ਨੇ ਆਪਣੇ ਜਨ ਨੂੰ ਦਾਤ ਦਿੱਤੀ ਹੈ।
੧੨ ਸ਼ੌਕ ਨਾਲ, ਖੁਸ਼ੀ ਨਾਲ।
੧੩ ਜੋ ਹਰੀ ਵਲੋਂ ਹੁੰਦਾ ਹੈ, ਉਹੋ ਹੀ ਹੋਇਆ ਗਿਣਦੇ ਹਨ।
੧੪ ਕਿਹੜੀ ਵਡਿਆਈ ਬਿਆਨ ਕਰਾਂ?
੧੫ ਸਾਰੀ।
੧੬ ਤਰ ਜਾਂਦਾ ਹੈ।
੧੭ ਪਾਲਨਾ।
੧੮ ਖੋਟੀ ਮੱਤ ਦੀ ਮੈਲ ਦੂਰ ਕਰਦਾ ਹੈ।
੧੯ ਦੂਰ ਕਰਦਾ ਹੈ।
੨੦ ਅਤੇ ਸਿੱਖ ਗੁਰੂ ਦੇ ਬਚਨਾਂ (ਉਪਦੇਸ਼) ਦੁਆਰਾ ਨਾਮ ਜਪਦਾ ਹੈ।
੨੧ ਅਤੇ ਸਿੱਖ ਵਿਕਾਰਾਂ ਤੋਂ ਹੱਟ ਜਾਂਦਾ ਹੈ। ਇਥੇ ਸ਼ਰਤ ਵਾਲੀ ਗੱਲ ਨਹੀਂ। ਇਥੇ ਤਾਂ ਜੋ ਕੁਝ ਸਿੱਖ ਲਈ ਗੁਰੂ ਕਰਦਾ ਹੈ, ਉਹ ਦੱਸਿਆ ਹੈ। ਗੁਰੂ ਸਿੱਖ ਦੀ ਬੁੱਧੀ ਉੱਜਲ ਕਰਦਾ ਹੈ, ਤੇ ਉਹ ਨਾਮ ਜਪਣ ਜੋਗਾ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਮੋਹ ਮਾਇਆ ਦੇ ਬੰਧਨ ਕਟਦਾ ਹੈ ਤੇ ਸਿੱਖ ਇਸ ਕਿਰਪਾ ਦੇ ਸਦਕੇ ਵਿਕਾਰਾਂ ਤੋਂ ਹੱਟ ਜਾਂਦਾ ਹੈ। ਇਹ ਭੀ ਗੁਰੂ ਦੀ ਹੀ ਕਿਰਪਾ ਹੈ। ਇਹ ਨਹੀਂ ਕਿ ਸਿੱਖ ਵਿਕਾਰਾਂ ਤੋਂ ਹਟੇ ਤਾਂ ਗੁਰੂ ਬੰਧਨ ਕਟਦਾ ਹੈ; ਬਲਕਿ ਦੋਵੇਂ ਗੱਲਾਂ ਗੁਰੂ ਹੀ ਕਰਾਂਦਾ ਹੈ।
੨੨ ਲੋਕ ਪਰਲੋਕ।
੨੩ ਦਿਲੀ ਪਿਆਰ ਨਾਲ ਸੰਭਾਲਦਾ ਹੈ।
੨੪ ਘਰ ਵਿੱਚ (ਸਿੱਖਿਆ ਲੈਣ ਲਈ)।
੨੫ ਸਹਾਰੇ, ਭਾਵ ਕਮਾਵੇ।
੨੬ ਜਤਲਾਵੇ।
੨੭ ਸੰਵਰਦੇ ਹਨ।
੨੮ ਬੇਗਰਜ਼, ਨਿਸ਼ਕਾਮ।

* ਇਨ੍ਹਾਂ ਪਹੁੰਚ ਵਾਲੇ ਸੇਵਕਾਂ ਵਿੱਚੋਂ ਸਭ ਤੋਂ ਉੱਚੀ ਆਦਰਸ਼ਕ ਹਸਤੀ ਦਾ ਜ਼ਿਕਰ ਕਰਦੇ ਹਨ, ਜਿਸ ਨੂੰ 'ਸਤਿਗੁਰ' ਕਹੀਦਾ ਹੈ। ਸਤਿਗੁਰੂ ਦਾ ਸੰਗ ਕਰਨ ਨਾਲ ਮਨੁੱਖ ਨੂੰ ਜੀਅ-ਦਾਨ ਮਿਲਦਾ ਹੈ ਤੇ ਉਸ ਦਾ ਜੀਵਨ ਮੋਹ ਮਾਇਆ ਤੋਂ ਬਚ ਕੇ ਅਮਰ ਹੋ ਜਾਂਦਾ ਹੈ।

ਪਰਾਪਤਿ ਸੁਆਮੀ ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥ [੧]ਬੀਸ ਬਿਸਵੇ [੨]ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ[੩] ਜਾਨੈ ॥ ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ [੪]ਅਨਿਕ ਬਾਰ ਗੁਰ ਕਉ ਬਲਿ ਜਾਉ ॥ [੫]ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ [੬]ਰੰਗਿ ਰਾਤਾ ॥ [੭]ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ[੮] ॥ [੯]ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥ ੩ ॥ *ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ[੧੦] ਚਰਨ [੧੧]ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ[੧੨] ॥ ਪਾਰਬ੍ਰਹਮ ਕੀ ਦਰਗਹ ਗਵੇ[੧੩] ॥ ਸੁਨਿ ਕਰਿ ਬਚਨ [੧੪]ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ[੧੫] ॥ ਪੂਰਾ ਗੁਰੁ ਅਖ੍ਹਉ[੧੬] ਜਾ ਕਾ ਮੰਤ੍ਰ[੧੭] ॥ [੧੮]ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥ ਜਿਹਬਾ[੧੯] ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ[੨੦] ॥ [੨੧]ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ[੨੨] ਅਗੋਚਰ[੨੩] ਪ੍ਰਭ ਨਿਰਬਾਨੀ[੨੪] ॥ ਨਿਰਾਹਾਰ[੨੫] ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥ ਅਨਿਕ ਭਗਤ ਬੰਦਨ[੨੬] ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥ ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ [੨੭]ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥ ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ [੨੮]ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥ ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ [੨੯]ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੂਖ ਤਹ ਤੇ ਨਾਸੇ ॥ ੬ ॥ ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੂਖ ਨਾਠੇ ਭਾਈ ॥ ਜਨਮ ਮਰਨ ਕੇ ਮਿਟੇ ਅੰਦੇਸੇ[੩੦] ॥ ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ[੩੧] ਮਨ ਤੇ ਖੈ ਨਸੇ ॥ ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ[੩੨] ॥ ਥਿਤਿ[੩੩] ਪਾਈ ਚੂਕੇ [੩੪]ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ[੩੫] ॥ ੭ ॥ ਨਿਰਗੁਨੁ[੩੬] ਆਪਿ ਸਰਗੁਨੁ[੩੭] ਭੀ ਓਹੀ ॥ [੩੮]ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅਪਨੇ ਚਰਿਤ[੩੯] ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥ ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ[੪੦] ਏਕੋ ਸੋਇ ॥ [੪੧]ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ

੧ ਪੂਰੇ ਤੌਰ 'ਤੇ। ਇਕ ਵਿੱਘੇ ਦੇ ਵੀਹ ਵਿਸਵੇ ਹੁੰਦੇ ਹਨ। ਵੀਹ ਵਿਸਵੇ ਮੁਹਾਵਰੇ ਦੇ ਤੌਰ 'ਤੇ ਉਸੇ ਤਰ੍ਹਾਂ ਵਰਤਿਆ ਜਾਂਦਾ ਹੈ, ਜਿਵੇਂ ਸੋਲ੍ਹਾਂ ਆਨੇ। 'ਇਹ ਗੱਲ ਸੋਲ੍ਹਾਂ ਆਨੇ ਸੱਚ ਹੈ' ਤੋਂ ਭਾਵ ਇਹ ਹੁੰਦਾ ਹੈ ਕਿ ਯਕੀਨਨ ਠੀਕ ਹੈ।

੨ (ਜੋ ਸੇਵਕ ਪੂਰੇਂ ਤੌਰ 'ਤੇ) ਗੁਰੂ ਦਾ ਮਨ ਪ੍ਰਸੰਨ ਕਰੇ।

੩ ਚਾਲ, ਰਸਤਾ।

੪ ਕਈ ਵਾਰ ਗੁਰੂ ਤੋਂ ਕੁਰਬਾਨ ਜਾਵਾਂ।

੫ ਸਾਰੇ ਖ਼ਜ਼ਾਨੇ।

੬ ਪ੍ਰੇਮ ਵਿੱਚ ਰੱਤਾ ਹੋਇਆ।

੭ ਵਾਹਿਗੁਰੂ ਵਿੱਚ ਸੇਵਕ ਹੈ ਤੇ ਸੇਵਕ ਅੰਦਰ ਵਾਹਿਗੁਰੂ ਹੈ।

੮ ਭੁਲੇਖਾ। ਅਭੇਦਤਾ ਦਾ ਵਰਣਨ ਹੈ।

੯ ਹਜ਼ਾਰਾਂ ਚਤੁਰਾਈਆਂ ਨਾਲ ਲੱਭ ਨਹੀਂ ਸਕਦਾ।

੧੦ ਛੋਂਹਦਿਆਂ ਹੀ।

੧੧ ਰਹਿਣੀ ਨਿਰਮਲ ਹੋ ਜਾਂਦੀ ਹੈ।

੧੨ ਸਿਮਰਦਾ ਹੈ।

੧੩ ਜਾਂਦਾ ਹੈ।

੧੪ ਕੰਨ ਰੱਜ ਜਾਂਦੇ ਹਨ।

੧੫ ਪਤੀਜਦਾ (ਤਸੱਲੀ ਫੜਦਾ) ਹੈ ਨਿਸ਼ਾ ਹੋ ਜਾਂਦੀ ਹੈ।

੧੬ ਨਾਸ ਰਹਿਤ।

੧੭ ਉਪਦੇਸ਼, ਗਿਆਨ।

੧੮ ਦ੍ਰਿਸ਼ਟੀ ਵਿੱਚੋਂ ਅੰਮ੍ਰਿਤ ਵਰ੍ਹਦਾ ਹੈ ਤੇ ਵੇਖਦਿਆਂ ਹੀ ਸਿੱਖ ਗੁਰਮੁਖ (ਸੰਤ) ਹੋ ਜਾਂਦੇ ਹਨ।

੧੯ ਜੀਭ।

੨੦ ਵਿਚਾਰ ਵਾਲਾ।

੨੧ ਕਿਸੇ ਕਥਨੀ ਨਾਲ ਪ੍ਰਾਣੀ ਉਸ ਨੂੰ ਪਹੁੰਚ ਨਹੀਂ ਸਕਦਾ।

੨੨ ਜਿਸ ਤੱਕ ਕੋਈ ਪਹੁੰਚ ਨਾ ਸਕੇ।

੨੩ ਜੋ ਇੰਦ੍ਰਿਆਂ ਦਾ ਵਿਸ਼ਾ ਨਹੀਂ।

੨੪ ਨਿਰਲੇਪ।

੨੫ ਨਿਰ ਆਹਾਰ, ਬਿਨਾਂ ਭੋਜਨ ਰਹਿੰਦਾ ਹੈ ਜੋ (ਹਰੀ)।

੨੬ ਨਮਸਕਾਰ।

੨੭ ਜਿਸ ਦੀ ਕਿਰਪਾ ਨਾਲ।

੨੮ ਗੁਣਾਂ ਦਾ ਖ਼ਜ਼ਾਨਾ। ਇਥੇ ਗੁਰੂ ਦੀ ਹਸਤੀ ਦਾ ਜ਼ਿਕਰ ਹੋ ਰਿਹਾ ਹੈ।

੨੯ ਜਿਵੇਂ ਦੀਵਾ ਜਗਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਭਰਮ ਮੋਹ ਤੇ ਦੁੱਖ ਉਸ ਕੋਲੋਂ ਨੱਸ ਜਾਂਦੇ ਹਨ।

੩੦ ਡਰ, ਫ਼ਿਕਰ।

੩੧ ਰੋਗ। ਸਭ ਰੋਗ ਖੈ (ਨਾਸ) ਹੋ ਕੇ ਨੱਸ ਗਏ।

੩੨ [ਮੁਰ ਰਾਖ਼ਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।

੩੩ ਟਿਕਾਉ।

੩੪ ਭਟਕਦੇ ਫਿਰਨਾ।

੩੫ ਕੰਨਾਂ ਨਾਲ।

੩੬ ਹਰੀ ਦਾ ਉਹ ਰੂਪ ਜੋ ਰਚਨਾ ਬਣਾ ਕੇ ਆਪਣੇ ਆਪ ਨੂੰ ਜ਼ਾਹਰ ਕਰਨ ਤੋਂ ਪਹਿਲੋਂ ਦਾ ਹੈ।

੩੭ ਰਚਨਾ ਬਨਾਣ ਤੋਂ ਪਿਛੋਂ ਹਰੀ ਨੇ ਆਪਣੇ ਆਪ ਨੂੰ ਜ਼ਾਹਰ ਕੀਤਾ, ਇਹ ਰੂਪ ਸਰਗੁਣ ਹੈ। ਦੇਖੋ ਪੰਨਾ ੯੮, ਫੁਟ ਨੋਟ *।

੩੮ ਸ਼ਕਤੀ ਵਰਤਾਅ ਕੇ ਸਭ ਨੂੰ ਮੋਹ ਲਿਆ ਹੈ।

੩੯ ਕਉਤਕ।

੪੦ ਅੰਦਰ।

੪੧ ਤਾਣੇ ਪੇਟੇ ਵਾਂਗ ਪੂਰੀ ਤਰ੍ਹਾਂ ਸਮਾਇਆ ਹੋਇਆ।

* ਸਤਿਗੁਰੂ ਐਸਾ ਸਫ਼ਲ-ਦਰਸ਼ਨ ਹੈ ਕਿ ਵੇਖਦਿਆਂ ਹੀ ਪਵਿੱਤਰ ਹੋ ਜਾਈਦਾ ਹੈ। ਸਫ਼ਲ-ਦਰਸ਼ਨ ਜਾਂ ਅਮੋਘ-ਦਰਸ਼ਨ ਵਾਲੀ ਉਹ ਹਸਤੀ ਹੁੰਦੀ ਹੈ, ਜਿਸ ਨੂੰ ਵੇਖਣ ਨਾਲ ਹੀ ਫਲ ਪ੍ਰਾਪਤ ਹੋ ਜਾਵੇ। ਗੁਰੂ ਸਾਹਿਬਾਨ ਦਾ ਇਹ ਖਾਸ ਗੁਣ ਸੀ।

ਸੰਗ ॥ ਰਚਿ ਰਚਨਾ ਅਪਨੀ [੧]ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥ ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ ਬਿਖਿਆ[੨] ਸਗਲੀ ਛਾਰੁ ॥ ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ[੩] ॥ ੧ ॥ ਅਸਟਪਦੀ* ॥ ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ[੪] ॥ ਅਵਰਿ ਉਪਾਵ[੫] ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ[੬] ॥ ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ[੭] ਨਾਮੁ ਹਰਿ ਵਥੁ ॥ ਇਹੁ ਧਨੁ ਸੰਚਹੁ[੮] ਹੋਵਹੁ ਭਗਵੰਤ[੯] ॥ [੧੦]ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥ ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥ ਸੋ ਧਨੁ ਹਰਿ ਸੇਵਾ ਤੇ ਪਾਵਹਿ ॥ ਜਿਸੁ ਸੁਖ ਕਉ ਨਿਤ ਬਾਛਹਿ[੧੧] ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥ ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥ ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ [੧੨]ਹਰਿ ਅਵਖਧੁ ਲਾਇ ॥ [੧੩]ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥ [੧੪]ਮਨੁ ਪਰਬੋਧਹੁ ਹਰਿ ਕੈ ਨਾਇ ॥ [੧੫]ਦਹ ਦਿਸਿ ਧਾਵਤ ਆਵੈ ਠਾਇ ॥ ਤਾ ਕਉ ਬਿਘਨੁ ਨ ਲਾਗੈ ਕੋਇ ॥ ਜਾ ਕੈ ਰਿਦੈ ਬਸੈ ਹਰਿ ਸੋਇ ॥ [੧੬]ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥ ਭਉ ਬਿਨਸੈ ਪੂਰਨ ਹੋਇ ਆਸ ॥ [੧੭]ਭਗਤਿ ਭਾਇ ਆਤਮ ਪਰਗਾਸ ॥ [੧੮]ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥ [੧੯]ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥ ਆਵਾ ਗਵਨੁ[੨੦] ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥ ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ [੨੧]ਪ੍ਰਾਨ ਆਧਾਰੁ ॥ ਅਨਿਕ ਉਪਾਵ ਨ ਛੂਟਨਹਾਰੇ ॥ [੨੨]ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਹਰਿ ਕੀ ਭਗਤਿ ਕਰਹੁ ਮਨੁ ਲਾਇ ॥ [੨੩]ਮਨਿ ਬੰਛਤ ਨਾਨਕ ਫਲ ਪਾਇ ॥ ੪ ॥ ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ[੨੪] ਮੂਰਖ ਮਨਾ ॥ ਸੁਤ[੨੫] ਮੀਤ ਕੁਟੰਬ ਅਰੁ ਬਨਿਤਾ[੨੬] ॥ ਇਨ ਤੇ ਕਹਹੁ ਤੁਮ ਕਵਨ ਸਨਾਥਾ[੨੭] ॥ ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥ ਅਸੁ[੨੮] ਹਸਤੀ[੨੯] ਰਥ ਅਸਵਾਰੀ ॥ ਝੂਠਾ ਡੰਫੁ[੩੦] ਝੂਠੁ ਪਾਸਾਰੀ ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ[੩੧] ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥ ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਾਰੋ ਚੀਤ ॥ ਚਰਨ ਕਮਲ ਰਾਖਹੁ

੧ ਸ਼ਕਤੀ ਵਰਤਾਈ ਹੈ।
੨ ਮਾਇਆ। ਸਭ ਮਾਇਆ ਸੁਆਹ ਹੈ।
੩ ਸ੍ਰੇਸ਼ਟ। ਨਾਮ-ਧਨ ਅਸਲ ਉਤਮ ਧਨ ਹੈ।
੪ ਆਸਰਾ।
੫ ਜਤਨ।
੬ ਦਿਲ ਵਿੱਚ ਟਿਕਾਓ।
੭ ਪਕੜੋ। ਨਾਮ ਵਸਤ ਨੂੰ ਪੱਕੀ ਤਰ੍ਹਾਂ ਫੜ ਕੇ ਰੱਖੋ।
੮ ਇਕੱਠਾ ਕਰੋ।
੯ ਭਾਗਾਂ ਵਾਲੇ।
੧੦ ਸੰਤਾਂ ਦਾ ਇਹ ਪਵਿੱਤਰ ਮੰਤ (ਉਪਦੇਸ਼) ਹੈ।
੧੧ ਲੋਚਦਾ ਹੈਂ, ਮੰਗਦਾ ਹੈਂ ਚਾਅ ਨਾਲ।
੧੨ ਹਰੀ ਨਾਮ ਰੂਪ ਦਵਾਈ।
੧੩ ਸਾਰੇ ਖ਼ਜ਼ਾਨੇ (ਸੁਖਾਂ ਦੇ)।
੧੪ ਮਨ ਨੂੰ ਸਮਝਾਓ ਹਰੀ ਦੇ ਨਾਮ ਦੁਆਰਾ।
੧੫ ਸਭ ਪਾਸੇ ਦੌੜਦਾ ਥਾਂ-ਟਿਕਾਣੇ ਆ ਜਾਵੇ, ਭਾਵ ਟਿਕ ਜਾਵੇ।
੧੬ ਕਲਯੁਗ ਅਗਨੀ ਵਾਂਗ ਤੱਤਾ ਹੈ ਤੇ, ਨਾਮ ਠੰਢਾ ਹੈ।
੧੭ ਭਗਤੀ ਭਾਵ ਨਾਲ ਆਤਮਾ ਜਗ ਉੱਠਦਾ ਹੈ।
੧੮ ਉਸ ਹਾਲਤ ਵਿੱਚ ਜਾ ਕੇ ਵਾਸਾ ਪਾਉਂਦਾ ਹੈ ਜੋ ਅਮਰ ਹੈ।
੧੯ ਜੋ ਤੱਤ ਵਿਚਾਰ ਕਹਿੰਦਾ ਹੈ ਉਹ ਜਨ ਸੱਚਾ ਹੈ, ਪਰ ਜੋ ਜੰਮ ਕੇ ਉਮਰ ਅਜਾਈਂ ਗਵਾ ਕੇ ਮਰ ਜਾਂਦਾ ਹੈ ਉਹ ਕੱਚਾ ਹੈ।
੨੦ ਆਣਾ ਜਾਣਾ (ਜੂਨਾਂ ਵਿੱਚ)।
੨੧ ਪ੍ਰਾਣਾਂ ਦਾ ਆਸਰਾ।
੨੨ ਦੇਖੋ ਪੰਨਾ ੧੧, ਫੁਟ ਨੋਟ * ਤੇ †।
੨੩ ਮਨ-ਮੰਗੇ।
੨੪ ਚੰਬੜਦਾ ਹੈਂ।
੨੫ ਪੁੱਤਰ।
੨੬ ਇਸਤਰੀ।
੨੭ ਮਾਲਕ ਵਾਲਾ, ਭਾਵ ਮਾਲਕ ਦਾ ਹੋ ਕੇ ਰਹਿਣ ਵਾਲਾ, ਵਫ਼ਾਦਾਰ। ਪੁੱਤਰ ਆਦਿਕ ਵਿੱਚ ਲੱਗਾ ਹੋਣ ਕਰਕੇ ਤੂੰ ਮਾਲਕ ਦਾ ਵਫ਼ਾਦਾਰ ਕਿਵੇਂ ਹੋ ਸਕਦਾ ਹੈਂ?
੨੮ ਘੋੜੇ।
੨੯ ਹਾਥੀ।
੩੦ ਦਿਖਾਵਾ।
੩੧ ਬੇ-ਸਮਝ।

* ਗੁਰੂ ਜੀ ਇਹ ਤਬਦੀਲੀ ਨਾਮ ਦਾਨ ਦੇ ਕੇ ਕਰਦੇ ਹਨ। ਜਿਸ ਤੋਂ ਬਿਨਾਂ ਸਭ ਦੁਨੀਆਂ ਦੇ ਰਸ ਸੁਆਹ ਵਰਗੇ ਹਨ।

ਮਨ ਮਾਹਿ ॥ ਜਨਮ ਜਨਮ ਕੇ ਕਿਲਬਿਖ[੧] ਜਾਹਿ ॥ ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ [੨]ਸੁਨਤ ਕਹਤ ਰਹਤ ਗਤਿ ਪਾਵਹੁ ॥ [੩]ਸਾਰ ਭੂਤ ਸਤਿ ਹਰਿ ਕੋ ਨਾਉ ॥ [੪]ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥ ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ[੫] ॥ ਹੋਹਿ ਅਚਿੰਤੁ[੬] ਬਸੈ ਸੁਖ ਨਾਲਿ ॥ [੭]ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥ ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥ [੮]ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ[੯] ॥ [੧੦]ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ [੧੧]ਜਾ ਕੈ ਮਸਤਕਿ ਲੇਖੁ ॥ ੭ ॥ ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ[੧੨] ॥ [੧੩]ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ [੧੪]ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ [੧੫]ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ [੧੬]ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥ ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥ ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥ ਅਸਟਪਦੀ* ॥ [੧੭]ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ [੧੮]ਸਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥ ਏਕ ਓਟ ਏਕੋ ਆਧਾਰੁ[੧੯] ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ[੨੦] ॥ ੧ ॥ ਪ੍ਰਭ ਕੀ ਦ੍ਰਿਸਟਿ[੨੧] ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ[੨੨] ॥ ਪੂਰਨ ਪੁਰਖ ਨਹੀ ਡੋਲਾਨੇ ॥ [੨੩]ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥ ਪਰੇ ਸਰਨਿ [੨੪]ਆਨ ਸਭ ਤਿਆਗਿ ॥ [੨੫]ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥ ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥ ਸੇਵਕ ਕੀ ਮਨਸਾ[੨੬] ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥ ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥ [੨੭]ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥ ਜਿਸ ਕਾ ਸਾ ਤਿਨਿ ਲੀਆ ਮਿਲਾਇ ॥ ਨਾਨਕ ਭਗਤੀ ਨਾਮਿ ਸਮਾਇ ॥ ੩ ॥ ਸੋ ਕਿਉ ਬਿਸਰੈ ਜਿ [੨੮]ਘਾਲ ਨ ਭਾਨੈ ॥ ਸੋ ਕਿਉ ਬਿਸਰੈ ਜਿ

੧ ਪਾਪ।
੨ ਬਾਣੀ ਸੁਣ-ਪੜ੍ਹ ਕੇ ਤੇ ਰਹਿਣੀ ਰਹਿ ਕੇ ਮੁਕਤੀ ਪ੍ਰਾਪਤ ਕਰੋ।
੩ ਸਾਰ ਰੂਪ, ਸਿਧਾਂਤ ਰੂਪ, ਨਿਚੋੜ। ਸਾਰੇ ਧਰਮਾਂ ਦਾ ਨਿਚੋੜ ਤੇ ਸਚਾਈ ਹਰੀ ਦਾ ਨਾਮ ਹੈ।
੪ ਸੁਭਾਵਕ ਹੀ।
੫ ਫੈਲਾਉ (ਹਉਮੈ ਬਿਖ ਦਾ)।
੬ ਬੇ-ਫ਼ਿਕਰ।
੭ ਸਾਹ ਲੈਂਦਿਆਂ ਤੇ ਰੋਟੀ ਖਾਂਦਿਆਂ ਨਾਮ ਨੂੰ ਚੇਤੇ ਕਰ।
੮ ਹਰੀ-ਨਾਮ ਰੂਪ ਪੂੰਜੀ 'ਕੱਠੀ ਕਰ ਕੇ।
੯ ਫੜ੍ਹੇ।
੧੦ ਸਾਰਿਆਂ ਦੇ ਅੰਦਰ।
੧੧ (ਇਹ ਗੱਲ ਕਰਦਾ ਉਹੋ ਹੈ) ਜਿਸ ਦੇ ਮੱਥੇ 'ਤੇ ਲੇਖ ਹੋਵੇ।
੧੨ ਚਾਹਨਾ ਕਰ।
੧੩ ਇੱਕ ਅਨੰਤ ਹਰੀ ਦੇ ਗੁਣ ਗਾਓ।
੧੪ ਕਈ ਖਿਲਾਰੇ।
੧੫ ਪਾਪ ਮਿਟ ਜਾਂਦੇ ਹਨ।
੧੬ ਗੁਰੂ ਦੀ ਕਿਰਪਾ ਨਾਲ।
੧੭ ਹੇ ਪ੍ਰਭੂ! ਮੰਗਤਾ ਆਦਮੀ ਮੰਗਦਾ ਹੈ ਇਹੋ ਦਾਨ।
੧੮ ਖਾਹਸ਼ ਪੂਰੀ ਕਰ।
੧੯ ਆਸਰਾ।
੨੦ ਤੱਤ ਵਸਤੂ, ਉੱਤਮ ਚੀਜ਼ (ਨਾਮ) ਜੋ ਉੱਤਮ ਚੀਜ਼ ਹੈ।
੨੧ ਕਿਰਪਾ ਦ੍ਰਿਸ਼ਟੀ, ਮਿਹਰ ਦੀ ਨਜ਼ਰ।
੨੨ ਰੱਜ ਗਏ।
੨੩ ਨਕਾ-ਨਕ ਭਰੇ ਹਨ ਪ੍ਰੇਮ-ਰਸ ਦੇ ਰੰਗ ਨਾਲ।
੨੪ ਹੋਰ ਸਭ ਕੁਝ ਛੱਡ ਕੇ।
੨੫ ਅੰਦਰ ਚਾਨਣਾ ਹੋਇਆ ਹੈ ਅਤੇ ਲਗਾਤਾਰ ਲਿਵ ਲੱਗ ਗਈ ਹੈ।
੨੬ ਇੱਛਾਂ।
੨੭ ਖਾਹਸ਼ ਪੂਰੀ ਹੋਈ।
੨੮ ਘਾਲ (ਕਮਾਈ) ਨੂੰ ਭੰਨਦਾ ਨਹੀਂ, ਭਾਵ ਕਮਾਈ ਦਾ ਫਲ ਜ਼ਰੂਰ ਦਿੰਦਾ ਹੈ।

* ਇਸ ਵਿੱਚ ਨਾਮ ਦੇ ਪਿਆਰ ਦੀ ਮਹਿਮਾ ਦਿੱਤੀ ਹੈ।

[੧]ਕੀਆ ਜਾਨੈ ॥ ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥ ਸੋ ਕਿਉ ਬਿਸਰੈ [੨]ਜਿ ਜੀਵਨ ਜੀਆ ॥ ਸੋ ਕਿਉ ਬਿਸਰੈ ਜਿ [੩]ਅਗਨਿ ਮਹਿ ਰਾਖੈ ॥ [੪]ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥ ਸੋ ਕਿਉ ਬਿਸਰੈ ਜਿ [੫]ਬਿਖੁ ਤੇ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥ ਗੁਰਿ ਪੂਰੈ ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥ ੪ ॥ ਸਾਜਨ ਸੰਤ ਕਰਹੁ ਇਹੁ ਕਾਮੁ ॥ [੬]ਆਨ ਤਿਆਗਿ ਜਪਹੁ ਹਰਿ ਨਾਮੁ ॥ ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ[੭] ॥ ਸਰਬ ਕਲਿਆਣ[੮] ਸੂਖ ਨਿਧਿ ਨਾਮੁ ॥ [੯]ਬੂਡਤ ਜਾਤ ਪਾਏ ਬਿਸ੍ਰਾਮੁ ॥ ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ [੧੦]ਗੁਨਤਾਸੁ ॥ ੫ ॥ ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ [੧੧]ਇਹੀ ਸੁਆਉ ॥ [੧੨]ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ[੧੩] ਸਾਧ ਚਰਨ ਧੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ[੧੪] ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ [੧੫]ਕਰਿ ਮਇਆ ॥ [੧੬]ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥ ੬ ॥ ਪ੍ਰਭ ਬਖਸੰਦ ਦੀਨ ਦਇਆਲ ॥ [੧੭]ਭਗਤਿ ਵਛਲ ਸਦਾ ਕਿਰਪਾਲ ॥ [੧੮]ਅਨਾਥ ਨਾਥ ਗੋਬਿੰਦ ਗੁਪਾਲ ॥ [੧੯]ਸਰਬ ਘਟਾ ਕਰਤ ਪ੍ਰਤਿਪਾਲ ॥ ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ [੨੦]ਪ੍ਰਾਨ ਅਧਾਰ ॥ ਜੋ ਜੋ ਜਪੈ ਸੁ ਹੋਇ ਪੁਨੀਤ[੨੧] ॥ ਭਗਤਿ ਭਾਇ ਲਾਵੈ ਮਨ ਹੀਤ[੨੨] ॥ ਹਮ ਨਿਰਗੁਨੀਆਰ ਨੀਚ ਅਜਾਨ[੨੩] ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੭ ॥ ਸਰਬ ਬੈਕੁੰਠ ਮੁਕਤਿ ਮੋਖ ਪਾਏ ॥ [੨੪]ਏਕ ਨਿਮਖ ਹਰਿ ਕੇ ਗੁਨ ਗਾਏ ॥ ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥ ਬਹੁ ਭੋਜਨ ਕਾਪਰ[੨੫] ਸੰਗੀਤ[੨੬] ॥ ਰਸਨਾ ਜਪਤੀ ਹਰਿ ਹਰਿ ਨੀਤ ॥ [੨੭]ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥ ਸਾਧਸੰਗਿ ਪ੍ਰਭ ਦੇਹੁ ਨਿਵਾਸ ॥ [੨੮]ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥ ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ [੨੯]ਸੁੰਨ ਸਮਾਧੀ ਆਪਿ ॥ [੩੦]ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥ ਅਸਟਪਦੀ* ॥ [੩੧]ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ [੩੨]ਕਹ ਤੇ ਹੋਤਾ ॥ ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥ ਜਬ ਇਸ ਕਾ [੩੩]ਬਰਨੁ ਚਿਹਨੁ ਨ ਜਾਪਤ ॥ ਤਬ [੩੪]ਹਰਖ ਸੋਗ ਕਹੁ ਕਿਸਹਿ ਬਿਆਪਤ ॥ ਜਬ [੩੫]ਆਪਨ ਆਪ ਆਪਿ ਪਾਰਬ੍ਰਹਮ ॥ ਤਬ

੧ ਚੰਗੇ ਕੰਮ ਦੀ ਕਦਰ ਜਾਣਦਾ ਹੈ।
੨ ਜੋ ਸਾਡੀ ਜ਼ਿੰਦਗੀ ਦੀ ਜਾਨ ਹੈ।
੩ ਪੇਟ ਦੀ ਅਗਨੀ ਵਿੱਚ।
੪ ਗੁਰੂ ਦੀ ਕਿਰਪਾ ਨਾਲ ਇਹ ਗੱਲ ਕੋਈ ਵਿਰਲਾ ਹੀ ਲਖਦਾ ਹੈ, ਸਮਝਦਾ ਹੈ।
੫ ਜ਼ਹਿਰ ਰੂਪ ਮਾਇਆ ਤੋਂ।
੬ ਹੋਰ ਸਭ ਕੁਝ ਛੱਡ ਕੇ।
੭ ਮਿੱਟੀ।
੮ ਮੰਗਲ, ਖੁਸ਼ੀ। ਸਭ ਖੁਸ਼ੀਆਂ ਤੇ ਸੁਖਾਂ ਦਾ ਖ਼ਜ਼ਾਨਾ ਹਰੀ ਦਾ ਨਾਮ ਹੈ।
੯ ਡੁਬਦਾ ਜਾਂਦਾ ਵੀ ਸਹਾਰਾ ਲੈ ਲੈਂਦਾ ਹੈ।
੧੦ ਗੁਣਾਂ ਦਾ ਖ਼ਜ਼ਾਨਾ।
੧੧ ਇਹੋ ਪ੍ਰਯੋਜਨ ਸੀ।
੧੨ ਅੱਖਾਂ ਨਾਲ ਵੇਖ ਕੇ।
੧੩ ਖਿੜਦਾ ਹੈ, ਖੁਸ਼ ਹੁੰਦਾ ਹੈ।
੧੪ ਪ੍ਰੇਮ।
੧੫ ਕਿਰਪਾ ਕਰ ਕੇ।
੧੬ ਗੁਰੂ ਦੀ ਕਿਰਪਾ ਨਾਲ।
੧੭ ਭਗਤੀ ਦਾ ਪਿਆਰਾ; ਜਿਸ ਨੂੰ ਭਗਤੀ ਭਾਉਂਦੀ ਹੈ।
੧੮ ਗ਼ਰੀਬਾਂ ਦਾ ਮਾਲਕ।
੧੯ ਸਾਰੇ ਸਰੀਰਾਂ ਦੀ ਪਾਲਨਾ ਕਰਦਾ ਹੈ।
੨੦ ਪ੍ਰਾਣਾਂ ਦਾ ਆਸਰਾ।
੨੧ ਪਵਿੱਤਰ।
੨੨ ਪਿਆਰ। ਭਗਤੀ ਭਾਵ ਨਾਲ ਮਨ ਦਾ ਪਿਆਰ ਲਾਂਦਾ ਹੈ।
੨੩ ਮੂਰਖ।
੨੪ ਜੋ ਥੋੜ੍ਹੇ ਸਮੇਂ ਲਈ ਭੀ ਹਰੀ ਦੇ ਗੁਣ ਗਾਏ।
੨੫ ਕਪੜੇ।
੨੬ ਰਾਗ। ਭੋਜਨ, ਕਪੜੇ, ਰਾਗ ਆਦਿ ਸਭ ਸਮਝੋ ਕਿ ਇਸ ਤੋਂ ਪ੍ਰਾਪਤ ਹੋ ਗਏ ਜੇ ਜੀਭ ਨਿੱਤ ਨਾਮ ਜਪਦੀ ਹੈ।
੨੭ ਹਿਰਦੇ ਵਿੱਚ ਜੋ ਪੂਰਨ ਗੁਰੂ ਦਾ ਉਪਦੇਸ਼ ਟਿਕਿਆ ਹੈ। ਏਹੋ ਸ਼ੁਭ ਕਰਣੀ ਤੇ ਸ਼ੋਭਾ ਹੈ, ਇਹੋ ਧਨਵਾਨ ਹੋਣਾ ਹੈ।
੨੮ ਤਾਕਿ ਸਾਰੇ ਸੁਖਾਂ ਦਾ ਪ੍ਰਕਾਸ਼ ਹੋਵੇ।
੨੯ ਅਫੁਰ ਸਮਾਧੀ। ਰਚਨਾ ਬਨਾਣ ਤੋਂ ਪਹਿਲਾਂ ਵਾਹਿਗੁਰੂ ਕਈ ਜੁਗ ਅਫੁਰ ਸਮਾਧੀ ਲਾਈ ਬੈਠਾ ਮੰਨਿਆ ਗਿਆ ਹੈ।
੩੦ ਆਪ ਪੈਦਾ ਕਰਦਾ ਹੈ ਤੇ ਆਪਣੇ ਪੈਦਾ ਕੀਤੇ ਦੇ ਰਾਹੀਂ ਫਿਰ ਆਪੇ ਆਪਣਾ ਜਾਪ ਕਰਦਾ ਹੈ। ਇਸ ਅਸ਼ਟਪਦੀ ਦਾ ਟਾਕਰਾ ਕਰੋ, ਮਾਰੂ ਮ: ੧ ਦੇ ਪੰਦਰਵੇਂ ਸੋਲਹੇ ਨਾਲ, ਪੰਨਾ ੧੦੩੫।
੩੧ ਜਦੋਂ ਇਹ ਆਕਾਰ ਦਿੱਸਦਾ ਨਹੀਂ ਸੀ, ਭਾਵ ਜਦੋਂ ਅਜੇ ਸ੍ਰਿਸ਼ਟੀ ਬਣੀ ਨਹੀਂ ਸੀ।
੩੨ ਕਿਸ ਤੋਂ।
੩੩ ਰੰਗ ਤੇ ਨਿਸ਼ਾਨ।
੩੪ ਖੁਸ਼ੀ ਗ਼ਮੀ ਕਿਸ ਨੂੰ ਲੱਗ ਸਕਦੀ ਸੀ? ਭਾਵ ਉਸ ਤੋਂ ਅਡਰਾ ਤਾਂ ਕੁਝ ਹੋਰ ਹੈ ਹੀ ਨਹੀਂ ਸੀ।
੩੫ ਇਕੱਲਾ ਆਪ ਹੀ ਆਪ ਸੀ।

* ਅੰਤਲੀਆਂ ਚਾਰ ਅਸ਼ਟਪਦੀਆਂ ਵਿੱਚ ਨਾਮ ਦਾ ਰੂਪ ਦੱਸਿਆ ਹੈ। ਨਾਮ ਵਾਹਿਗੁਰੂ ਦੀ ਹੋਂਦ ਦਾ ਪਿਆਰ ਹੈ। ਵਾਹਿਗੁਰੂ ਦੀ ਹੋਂਦ ਦੋਹਾਂ ਰੂਪਾਂ ਵਾਲੀ ਹੈ। ਇਕ ਨਿਰਗੁਨ, ਦੂਜਾ ਸਰਗੁਨ। ਆਪਣੇ ਆਪ ਦੇ ਸੰਬੰਧ ਵਿੱਚ ਵਾਹਿਗੁਰੂ ਨਿਰਗੁਨ ਅਖਵਾਂਦਾ ਹੈ। ਇਸ ਰੂਪ ਦਾ ਖ਼ਿਆਲ ਅਸੀਂ ਉਸ ਹਾਲਤ ਦਾ ਧਿਆਨ ਕਰ ਕੇ ਬੰਨ੍ਹ ਸਕਦੇ ਹਾਂ ਜਦੋਂ ਸ੍ਰਿਸ਼ਟੀ ਅਜੇ ਬਣੀ ਨਹੀਂ ਸੀ ਅਤੇ ਵਾਹਿਗੁਰੂ ਅਫੁਰ ਅਵਸਥਾ ਵਿੱਚ ਆਪਣੇ ਆਪ ਵਿੱਚ ਹੀ ਸਭ ਕੁਝ ਸੀ। ਉਸ ਵਕਤ ਨਾ ਕੋਈ ਧਰਮ ਸੀ, ਨਾ ਨੇਕੀ ਸੀ, ਨਾ ਪੁੰਨ ਸੀ, ਨਾ ਪਾਪ ਸੀ, ਨਾ ਦੁੱਖ ਸੁਖ ਸੀ ਤੇ ਨਾ ਮੁਕਤ ਬੰਧ ਦਾ ਖਿਆਲ ਸੀ। ਉਸ ਹਾਲਤ ਵਿੱਚ ਰੱਬ ਦੇ ਭੀ ਇਕ ਹੋਣ ਜਾਂ ਕਰਤਾ-ਪੁਰਖ, ਨਿਰਭਉ, ਨਿਰਵੈਰ, ਅਕਾਲ, ਅਜੋਨੀ ਹੋਣ ਦੇ ਗੁਣਾਂ ਦਾ ਖਿਆਲ ਨਹੀਂ ਬਝ ਸਕਦਾ। ਉਹ ਹਾਲਤ ਨਿਰਗੁਣ ਸੀ। ਫਿਰ ਸ੍ਰਿਸ਼ਟੀ ਪੈਦਾ ਹੋਈ। ਉਸ ਵਿੱਚ ਮਨੁੱਖ ਦੀ ਜ਼ਿਮੇਂਵਾਰ ਹਸਤੀ ਦੀ ਉਸਾਰੀ ਹੋਈ। "ਪਾਪੁ ਪੁੰਨੁ ਤਹ ਭਈ ਕਹਾਵਤ" ਧਰਮ ਅਧਰਮ ਦੇ ਨਖੇੜੇ ਹੋਣ ਲੱਗੇ। ਰੱਬ ਵੀ ਸਰਗੁਣ ਰੂਪ ਵਿੱਚ ਆਇਆ। ਇਹ ਉਸ ਦਾ ਨਾਮ ਰੂਪ ਸੀ। ਪਹਿਲੀਆਂ ੬ ਪਉੜੀਆਂ ਵਿੱਚ ਨਿਰਗੁਣ ਰੂਪ ਦਾ ਵਰਣਨ ਹੈ, ਤੇ ਪਿਛਲੀਆਂ ਦੋਹਾਂ ਵਿੱਚ ਸਰਗੁਣ ਦਾ।

ਮੋਹ ਕਹਾ ਕਿਸੁ ਹੋਵਤ ਭਰਮ ॥ ਆਪਨ ਖੇਲੁ ਆਪਿ ਵਰਤੀਜਾ[੧] ॥ ਨਾਨਕ ਕਰਨੈਹਾਰੁ ਨ ਦੂਜਾ ॥ ੧ ॥ ਜਬ ਹੋਵਤ ਪ੍ਰਭ ਕੇਵਲ[੨] ਧਨੀ[੩] ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ[੪] ਅਪਾਰ ॥ ਤਬ [੫]ਨਰਕ ਸੁਰਗ ਕਹੁ ਕਉਨ ਅਉਤਾਰ ॥ ਜਬ ਨਿਰਗੁਨ ਪ੍ਰਭ [੬]ਸਹਜ ਸੁਭਾਇ ॥ ਤਬ ਸਿਵ[੭] ਸਕਤਿ[੮] ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥ ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥ ੨ ॥ [੯]ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥ ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ[੧੦] ਕਹਹੁ ਕਿਸੁ ਹੋਇ ॥ ਜਬ ਅਬਿਗਤ[੧੧] ਅਗੋਚਰ[੧੨] ਪ੍ਰਭ ਏਕਾ ॥ ਤਬ [੧੩]ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ ਜਬ ਨਾਥ ਨਿਰੰਜਨ[੧੪] ਅਗੋਚਰ ਅਗਾਧੇ[੧੫] ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥ ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ[੧੬] ॥ ੩ ॥ ਜਹ ਨਿਰਮਲ ਪੁਰਖੁ [੧੭]ਪੁਰਖ ਪਤਿ ਹੋਤਾ ॥ [੧੮]ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥ ਜਹ ਨਿਰੰਜਨ ਨਿਰੰਕਾਰ ਨਿਰਬਾਨ[੧੯] ॥ ਤਹ [੨੦]ਕਉਨ ਕਉ ਮਾਨ ਕਉਨ ਅਭਿਮਾਨ[੨੧] ॥ ਜਹ ਸਰੂਪ ਕੇਵਲ ਜਗਦੀਸ ॥ ਤਹ ਛਲ ਛਿਦ੍ਰ[੨੨] ਲਗਤ ਕਹੁ ਕੀਸ[੨੩] ॥ [੨੪]ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ[੨੫] ॥ ਕਰਨ ਕਰਾਵਨ ਕਰਨੈਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥ ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥ ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥ ਜਹ ਸਰਬ ਕਲਾ ਆਪਹਿ ਪਰਬੀਨ[੨੬] ॥ [੨੭]ਤਹ ਬੇਦ ਕਤੇਬ ਕਹਾ ਕੋਊ ਚੀਨ ॥ [੨੮]ਜਬ ਆਪਨ ਆਪੁ ਆਪਿ ਉਰਿ ਧਾਰੈ ॥ ਤਉ ਸਗਨ ਅਪਸਗਨ [੨੯]ਕਹਾ ਬੀਚਾਰੈ ॥ ਜਹ ਆਪਨ ਊਚ ਆਪਨ ਆਪਿ ਨੇਰਾ ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ[੩੦] ॥ [੩੧]ਬਿਸਮਨ ਬਿਸਮ ਰਹੇ ਬਿਸਮਾਦ[੩੨] ॥ ਨਾਨਕ ਅਪਨੀ ਗਤਿ[੩੩] ਜਾਨਹੁ ਆਪਿ ॥ ੫ ॥ ਜਹ ਅਛਲ[੩੪] ਅਛੇਦ[੩੫] ਅਭੇਦ[੩੬] ਸਮਾਇਆ ॥ ਊਹਾ ਕਿਸਹਿ ਬਿਆਪਤ ਮਾਇਆ ॥ ਆਪਸ ਕਉ ਆਪਹਿ ਆਦੇਸੁ[੩੭] ॥ *ਤਿਹੁ ਗੁਣ ਕਾ ਨਾਹੀ ਪਰਵੇਸੁ ॥ ਜਹ ਏਕਹਿ ਏਕ ਏਕ ਭਗਵੰਤਾ[੩੮] ॥ ਤਹ ਕਉਨੁ ਅਚਿੰਤੁ[੩੯] ਕਿਸੁ ਲਾਗੈ ਚਿੰਤਾ ॥ ਜਹ ਆਪਨ ਆਪੁ ਆਪਿ ਪਤੀਆਰਾ[੪੦] ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥ ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ[੪੧] ॥ ੬ ॥ ਜਹ ਆਪਿ ਰਚਿਓ ਪਰਪੰਚੁ[੪੨] ਅਕਾਰੁ[੪੩] ॥ [੪੪]ਤਿਹੁ ਗੁਣ

੧ ਵਰਤਾਇਆ।
੨ ਨਵੇਕਲਾ।
੩ ਮਾਲਕ (ਹਰੀ)। ਜਦ ਉਹ ਹਰੀ ਇਕੱਲਾ ਆਪ ਹੀ ਸੀ, ਤਾਂ 'ਇਹ ਬੱਧਾ ਤੇ ਇਹ ਮੁਕਤ' ਕਿਸ ਨੂੰ ਗਿਣ ਸਕਦਾ ਸੀ, ਕਿਉਂਕਿ ਉਸ ਤੋਂ ਬਿਨਾਂ ਤਾਂ ਕੁਝ ਹੈ ਹੀ ਨਹੀਂ ਸੀ।
੪ ਪਹੁੰਚ ਤੋਂ ਪਰ੍ਹੇ।
੫ ਨਰਕ ਸੁਰਗ ਵਿੱਚ ਦੱਸੋ ਕੌਣ ਉਤਰਦਾ ਸੀ, ਪੈਂਦਾ ਸੀ?
੬ ਸ਼ਾਂਤ ਸੁਭਾਵ ਵਿੱਚ, ਅਡੋਲ ਸਮਾਧੀ ਵਿੱਚ। ਜਦੋਂ ਨਿਰਗੁਣ ਕਰਤਾਰ ਅਡੋਲ ਅਫੁਰ ਹੋ ਬੈਠਾ ਸੀ ਤਾਂ ਜੀਵ ਤੇ ਮਾਇਆ ਕਿਸ ਥਾਂ ਰਹਿੰਦੇ ਸਨ, ਭਾਵ ਇਨ੍ਹਾਂ ਦੀ ਹੋਂਦ ਹੀ ਨਹੀਂ ਸੀ।
੭ ਚੇਤੰਨ ਜੀਵ।
੮ ਸ਼ਕਤੀ, ਮਾਇਆ, ਪ੍ਰਕਿਰਤੀ।
੯ ਜਦ ਅਬਿਨਾਸੀ ਹਰੀ ਆਪਣੇ ਸੁਖ-ਆਸਨ 'ਤੇ ਸੀ ਤਾਂ ਜਨਮ ਮਰਨ ਤੇ ਬਿਨਾਸ਼ ਕਿਥੇ ਸਨ?
੧੦ ਡਰ।
੧੧ ਨਾਸ ਰਹਿਤ।
੧੨ ਜੋ ਇੰਦਰਿਆਂ ਦਾ ਵਿਸ਼ਾ ਨਹੀਂ।
੧੩ ਧਰਮਰਾਜ ਦੇ ਦੋ ਮੁਨਸ਼ੀ ਜੋ ਮਨੁੱਖਾਂ ਦੇ ਕਰਮਾਂ ਦੇ ਲੇਖੇ ਲਿਖਦੇ ਮੰਨੇ ਗਏ ਹਨ।
੧੪ ਮਾਇਆ ਤੋਂ ਰਹਿਤ।
੧੫ ਅਥਾਹ ਵਾਹਿਗੁਰੂ।
੧੬ ਪੈਦਾ ਕੀਤਾ। ਆਪਣਾ ਆਪ, ਆਪ ਹੀ ਪੈਦਾ ਕੀਤਾ।
੧੭ ਪੁਰਖਾਂ ਦਾ ਪਤੀ, ਸ਼੍ਰੋਮਣੀ ਪੁਰਖ, ਵਾਹਿਗੁਰੂ।
੧੮ ਤਾਂ ਬਿਨਾਂ ਮੈਲ ਦੇ ਹੁੰਦਾ ਹੋਇਆ ਮੈਲ ਕਿਹੜੀ ਧੋਂਦਾ ਸੀ, ਪਾਪ ਪੁੰਨ ਦਾ ਭਾਵ ਨਹੀਂ ਸੀ।
੧੯ ਨਿਰਲੇਪ ਵਾਹਿਗੁਰੂ।
੨੦ ਕਿਸ ਨੂੰ?
੨੧ ਅਪਮਾਨ, ਬੇਇਜ਼ਤੀ।
੨੨ ਪਾਪ।
੨੩ ਕਿਸ ਨੂੰ?
੨੪ ਜਦ ਵਾਹਿਗੁਰੂ ਜੋਤ ਦੀ ਸ਼ਕਲ ਵਿੱਚ ਆਪਣੀ ਜੋਤ ਵਿੱਚ ਹੀ ਮਸਤ ਸੀ।
੨੫ ਰਜਦਾ ਸੀ।
੨੬ ਨਿਪੁੰਨ, ਸਿਆਣਾ। ਜਦ ਸਾਰੇ ਗੁਣਾਂ ਕਰਕੇ ਸਿਆਣਾ ਆਪ ਹੀ ਸੀ, ਭਾਵ ਜਦ ਅਜੇ ਵਿਦਿਆ ਦਾ ਗ੍ਰਾਹਕ ਮਨੁੱਖ ਪੈਦਾ ਨਹੀਂ ਹੋਇਆ ਸੀ।
੨੭ ਤਦ ਵੇਦਾਦਿਕਾਂ ਨੂੰ ਕੌਣ ਵਿਚਾਰਦਾ ਸੀ?
੨੮ ਜਦ ਵਾਹਿਗੁਰੂ ਆਪਣੇ ਆਪ ਨੂੰ ਅਜੇ ਦਿਲ ਵਿੱਚ ਹੀ ਰੱਖਦਾ ਸੀ; ਭਾਵ ਅਜੇ ਪ੍ਰਗਟ ਨਹੀਂ ਸੀ ਹੋਇਆ।
੨੯ ਕਿਥੇ ਕੋਈ ਵਿਚਾਰਦਾ ਸੀ?
੩੦ ਚੇਲਾ, ਨੌਕਰ।
੩੧ ਅਸਚਰਜ ਤੋਂ ਅਸਚਰਜ ਖੇਡ ਵਿੱਚ ਮਸਤ ਹੋ ਰਿਹਾ ਸੀ।
੩੨ ਹੈਰਾਨ, ਮਸਤ।
੩੩ ਅਵਸਥਾ, ਹਾਲਤ।
੩੪ ਜੋ ਛਲਿਆ ਨਹੀਂ ਜਾਂਦਾ।
੩੫ ਅਬਿਨਾਸੀ।
੩੬ ਫ਼ਰਕ ਤੋਂ ਬਿਨਾਂ, ਇਕੋ ਜੇਹਾ।
੩੭ ਨਮਸਕਾਰ।
੩੮ ਵਾਹਿਗੁਰੂ।
੩੯ ਬੇਫ਼ਿਕਰ।
੪੦ ਪਤੀਜਨ ਵਾਲਾ। ਆਪਣੇ ਆਪ ਤੋਂ ਆਪ ਹੀ ਪਤੀਜਦਾ ਸੀ।
੪੧ ਪਹੁੰਚਦਾ, ਬਰਾਬਰੀ ਕਰਦਾ।
੪੨ ਸ੍ਰਿਸ਼ਟੀ।
੪੩ ਦਿੱਸਣ ਵਾਲੀਆਂ ਸੂਰਤਾਂ ਦਾ ਸਮੂਹ।
੪੪ ਤਿੰਨ ਗੁਣਾਂ ਵਿੱਚ।

* ਉਸ ਵੇਲੇ ਤਿੰਨਾਂ ਗੁਣਾਂ ਦਾ ਦਖ਼ਲ ਨਹੀਂ ਸੀ; ਤਿੰਨ ਤਰ੍ਹਾਂ ਦੇ ਸੁਭਾਅ ਦਾ ਵਰਤਾਰਾ ਨਹੀਂ ਸੀ ਹੋਇਆ। ਦੇਖੋ ਪੰਨਾ ੬੮, ਫੁਟ ਨੋਟ †।

ਮਹਿ ਕੀਨੋ ਬਿਸਥਾਰੁ[੧] ॥ [੨]ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ[੩] ॥ [੪]ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ[੫] ॥ [੬]ਅਨਿਕ ਪ੍ਰਕਾਰ ਕੀਓ ਬਖ੍ਯਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ [੭]ਖੇਲੁ ਸੰਕੋਚੈ ਤਉ ਨਾਨਕ ਏਕੈ ॥ ੭ ॥ [੮]ਜਹ ਅਬਿਗਤੁ ਭਗਤੁ ਤਹ ਆਪਿ ॥ [੯]ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ [੧੦]ਦੁਹੂ ਪਾਖ ਕਾ ਆਪਹਿ ਧਨੀ ॥ ਉਨ ਕੀ ਸੋਭਾ ਉਨਹੂ ਬਨੀ[੧੧] ॥ ਆਪਹਿ ਕਉਤਕ ਕਰੈ ਅਨਦ ਚੋਜ[੧੨] ॥ ਆਪਹਿ ਰਸ ਭੋਗਨ ਨਿਰਜੋਗ[੧੩] ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ੮ ॥ ੨੧ ॥

ਸਲੋਕੁ ॥ ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ[੧੪] ॥ ਨਾਨਕ ਏਕੋ ਪਸਰਿਆ [੧੫]ਦੂਜਾ ਕਹ ਦ੍ਰਿਸਟਾਰ ॥ ੧ ॥ ਅਸਟਪਦੀ* ॥ ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ[੧੬] ॥ ਜਾ ਤਿਸੁ ਭਾਵੈ ਤਾ [੧੭]ਸ੍ਰਿਸਟਿ ਉਪਾਏ ॥ ਆਪਨੈ ਭਾਣੈ [੧੮]ਲਏ ਸਮਾਏ ॥ ਤੁਮ ਤੇ ਭਿੰਨ[੧੯] ਨਹੀ ਕਿਛੁ ਹੋਇ ॥ ਆਪਨ ਸੂਤਿ ਸਭੁ ਜਗਤੁ ਪਰੋਇ ॥ ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥ ਸਚੁ ਨਾਮੁ ਸੋਈ ਜਨੁ ਪਾਏ ॥ ਸੋ ਸਮਦਰਸੀ[੨੦] [੨੧]ਤਤ ਕਾ ਬੇਤਾ ॥ ਨਾਨਕ [੨੨]ਸਗਲ ਸ੍ਰਿਸਟਿ ਕਾ ਜੇਤਾ ॥ ੧ ॥ ਜੀਅ ਜੰਤ੍ਰ ਸਭ ਤਾ ਕੈ ਹਾਥ ॥ [੨੩]ਦੀਨ ਦਇਆਲ ਅਨਾਥ ਕੋ ਨਾਥੁ ॥ ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥ ਸੋ ਮੂਆ ਜਿਸੁ ਮਨਹੁ ਬਿਸਾਰੈ ॥ ਤਿਸੁ [੨੪]ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ [੨੫]ਨਿਰੰਜਨ ਰਾਇ ॥ ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥ [੨੬]ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥ ੨ ॥ ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥ ਅਪਨੇ ਕਰਤਬ ਜਾਨੈ ਆਪਿ ॥ ਅੰਤਰਜਾਮੀ ਰਹਿਓ ਬਿਆਪਿ ॥ ਪ੍ਰਤਿਪਾਲੈ [੨੭]ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ[੨੮] ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥ ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥ ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ[੨੯] ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥ ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥ ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ[੩੦] ਪੂਜਹਿ ਗੁਰ ਕੇ ਪੈਰ ॥ ਇਹ ਲੋਕ ਸੁਖੀਏ

੧ ਫੈਲਾਉ ਖਿਲਾਰਾ।
੨ ਇਹ ਨਾਮ ਪਾਪ ਤੇ ਪੁੰਨ ਤਦੋਂ ਰੱਖੇ ਗਏ; ਇਹ ਆਖਣਾ ਉਥੋਂ ਚਲਿਆ ਕਿ ਇਹ ਕੰਮ ਪਾਪ ਹੈ ਤੇ ਉਹ ਕੰਮ ਪੁੰਨ ਹੈ।
੩ ਇੱਛਾ ਕਰਨ ਲੱਗਾ।
੪ ਘਰਾਂ ਦੇ ਜਾਲ, ਘਰੋਗੀ ਧੰਧੇ।
੫ ਨਿਰਾਦਰੀ।
੬ ਜੀਵਾਂ ਨੇ ਕਈ ਤਰ੍ਹਾਂ ਵਰਣਨ ਕਰਨਾ ਸ਼ੁਰੂ ਕਰ ਦਿੱਤਾ।
੭ ਜਦ ਇਹ ਦੁਨੀਆਂ ਦੀ ਖੇਡ ਸਮੇਟ ਲੈਂਦਾ ਹੈ ਤਾਂ ਉਹ ਆਪ ਹੀ ਆਪ ਰਹਿ ਜਾਂਦਾ ਹੈ।
੮ ਜਿਥੇ ਅਬਿਨਾਸੀ ਵਾਹਿਗੁਰੂ ਹੈ ਉਥੇ ਭਗਤ ਹੈ ਤੇ ਜਿਥੇ ਭਗਤ ਹੈ ਉਥੇ ਉਹ ਆਪ ਹੈ।
੯ ਜਿਥੇ ਪਸਾਰਾ ਪਸਾਰਦਾ ਹੈ ਉਹ ਸਭ ਸੰਤਾਂ ਦੇ ਪ੍ਰਤਾਪ ਲਈ ਹੈ, ਭਾਵ ਮਾਇਆ ਦੇ ਪਸਾਰੇ (ਸੰਸਾਰਕ ਰੋਕਾਂ ਤੇ ਝਗੜਿਆਂ) ਵਿੱਚ ਸੰਤਾਂ ਦੇ ਪ੍ਰਤਾਪ ਨੂੰ ਵਧਾਉਂਦਾ ਹੈ, ਜੋ ਕਿ ਆਪਣੇ ਪ੍ਰਤਾਪ ਨੂੰ ਵਧਾਉਣ ਤੁੱਲ ਹੈ।
੧੦ ਦੋਹਾਂ ਪੱਖਾਂ (ਮਾਇਆ ਤੇ ਰਾਮ ਵਾਲਿਆਂ) ਦਾ ਆਪ ਹੀ ਮਾਲਕ ਹੈ।
੧੧ ਫੱਬਦੀ ਹੈ।
੧੨ ਖੇਡਾਂ।
੧੩ ਨਿਰਲੇਪ, ਰਸਾਂ ਦੇ ਭੋਗਣ ਵਾਲਾ ਤੇ ਨਿਰਲੇਪ ਵੀ ਆਪ ਹੀ ਹੈ।
੧੪ ਆਪੇ ਸਭ ਵਿੱਚ ਵਰਤਣ ਵਾਲਾ (ਪਰਵੇਸ਼ ਕਰਨ ਵਾਲਾ) ਹੈਂ।
੧੫ ਦੂਜਾ ਕਿਥੇ ਦਿਖਾਈ ਦਿੰਦਾ ਹੈ?
੧੬ ਫੈਲਾਉ, ਅਨੇਕ।
੧੭ ਦੁਨੀਆਂ ਪੈਦਾ ਕਰਦਾ ਹੈ।
੧੮ ਆਪਣੇ ਵਿੱਚ ਲੀਨ ਕਰ ਲੈਂਦਾ ਹੈ।
੧੯ ਵੱਖਰਾ।
੨੦ ਇਕੋ ਜੇਹਾ ਵੇਖਣ ਵਾਲਾ।
੨੧ ਅਸਲੀਅਤ ਦੇ ਜਾਨਣ ਵਾਲਾ।
੨੨ ਸਾਰੀ ਰਚਨਾ ਦਾ ਜਿੱਤਣ ਵਾਲਾ।
੨੩ ਗਰੀਬਾਂ ਉੱਤੇ ਦਯਾ ਕਰਨ ਵਾਲਾ।
੨੪ ਛੱਡ ਕੇ ਕੋਈ ਕਿਥੇ ਜਾਏ?
੨੫ ਮਾਇਆ ਤੋਂ ਰਹਿਤ ਰਾਜਾ (ਹਰੀ)।
੨੬ ਗੁਣਾਂ ਦਾ ਖ਼ਜ਼ਾਨਾ।
੨੭ ਜੀਵਾਂ ਨੂੰ ਕਈ ਤਰ੍ਹਾਂ ਨਾਲ।
੨੮ ਯਾਦ ਕਰਦਾ ਹੈ, ਸਿਮਰਦਾ ਹੈ।
੨੯ ਖਾਲੀ।
੩੦ ਹਰ ਰੋਜ਼।

* ਇਹ ਨਾਮ ਸਾਰੀ ਸ੍ਰਿਸ਼ਟੀ ਵਿੱਚ ਸਮਾਅ ਰਿਹਾ ਹੈ; ਉਸ ਤੋਂ ਭਿੰਨ ਕੁਝ ਨਹੀਂ। ਇਹ ਵਖੇਵੇਂ ਜੋ ਦਿੱਸ ਰਹੇ ਹਨ, ਤਦ ਤੱਕ ਹੀ ਹਨ, ਜਦ ਤੱਕ ਸਭ ਦੇ ਅੰਦਰ ਵੱਸ ਰਹੇ ਨਾਮ ਵੱਲ ਧਿਆਨ ਨਹੀਂ ਕਰਦੇ। ਇਹ ਨਾਮ ਜਪਣ ਲਈ, ਧਿਆਨ ਕਰਨ ਲਈ, ਵਿਚਾਰਨ ਲਈ ਅਤੇ ਗਾਉਣ ਲਈ ਹੈ।

ਪਰਲੋਕ ਸੁਹੇਲੇ[੧] ॥ ਨਾਨਕ ਹਰਿ ਪ੍ਰਭਿ ਆਪਹਿ[੨] ਮੇਲੇ ॥ ੪ ॥ ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥ ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ[੩] ॥ ਆਠ ਪਹਰ ਪ੍ਰਭ [੪]ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥ ਸੁਨਿ ਉਪਦੇਸੁ ਹਿਰਦੈ ਬਸਾਵਹੁ ॥ [੫]ਮਨ ਇਛੇ ਨਾਨਕ ਫਲ ਪਾਵਹੁ ॥ ੫ ॥ [੬]ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ [੭]ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ[੮] ॥ ਜਿਸੁ ਮਨਿ ਬਸੈ ਤਿਸੁ [੯]ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ[੧੦] ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ[੧੧] ਨ ਆਵਹਿ ਜਾਹਿ ॥ ੬ ॥ ਤਿਸ ਤੇ ਦੂਰਿ ਕਹਾ ਕੋ ਜਾਇ ॥ ਉਬਰੈ[੧੨] ਰਾਖਨਹਾਰੁ ਧਿਆਇ ॥ ਨਿਰਭਉ ਜਪੈ ਸਗਲ[੧੩] ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥ ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ [੧੪]ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥ ੭ ॥ [੧੫]ਮਤਿ ਪੂਰੀ [੧੬]ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥ ਚਰਨ ਕਮਲ ਜਾ ਕੇ ਅਨੂਪ[੧੭] ॥ [੧੮]ਸਫਲ ਦਰਸਨੁ ਸੁੰਦਰ [੧੯]ਹਰਿ ਰੂਪ ॥ [੨੦]ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥ ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥ ਅਮਰ[੨੧] ਭਏ [੨੨]ਅਮਰਾ ਪਦੁ ਪਾਇਆ ॥ ਸਾਧਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥ ਸਲੋਕੁ ॥ ਗਿਆਨ ਅੰਜਨੁ[੨੩] ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ [੨੪]ਸੰਤ ਭੇਟਿਆ ਨਾਨਕ ਮਨਿ ਪਰਗਾਸੁ[੨੫] ॥ ੧ ॥ ਅਸਟਪਦੀ* ॥ ਸੰਤਸੰਗਿ ਅੰਤਰਿ[੨੬] ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ [੨੭]ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ [੨੮]ਨਾਨਾ ਦ੍ਰਿਸਟਾਹਿ ॥ [੨੯]ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ[੩੦] ॥ [੩੧]ਸੁੰਨ ਸਮਾਧਿ ਅਨਹਤ ਤਹ[੩੨] ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ[੩੩] ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥ ਸੋ ਅੰਤਰਿ ਸੋ ਬਾਹਰਿ ਅਨੰਤ[੩੪] ॥ [੩੫]ਘਟਿ ਘਟਿ ਬਿਆਪਿ ਰਹਿਆ ਭਗਵੰਤ ॥ [੩੬]ਧਰਨਿ ਮਾਹਿ ਆਕਾਸ ਪਇਆਲ[੩੭] ॥ ਸਰਬ

੧ ਸੁਖੀ।
੨ ਆਪਣੇ ਵਿੱਚ।
੩ ਸੁਆਰਥ, ਲਾਭ-ਯਥਾ, 'ਜਨ ਆਵਨ ਕਾ ਇਹੈ ਸੁਆਉ'। ਜੀਵਨ ਨੂੰ ਸਫਲਾ ਕਰਨ ਦਾ ਇਹੋ ਲਾਭ ਹੈ।
੪ ਨੇੜੇ ਵੇਖੋ।
੫ ਮਨ-ਮੰਗੇ।
੬ ਲੋਕ-ਪਰਲੋਕ।
੭ ਦਿਲ ਦੇ ਅੰਦਰ ਰੱਖੋ।
੮ ਸਿੱਖਿਆ।
੯ ਉਸ ਨੇ ਸੱਚ ਪਰਖ ਲਿਆ ਹੈ।
੧੦ ਵਣਜ ਕੀਤੀ ਵਸਤ ਦਾ ਭਾਰ। ਦਰਗਾਹ ਵਿੱਚ ਤੁਹਾਡੇ ਜੀਵਨ ਦੀ ਕਮਾਈ ਸਫਲੀ ਹੋ ਜਾਵੇ।
੧੧ ਮੁੜ-ਮੁੜ ਕੇ।
੧੨ ਤਰ ਜਾਂਦਾ ਹੈ।
੧੩ ਸਾਰਾ।
੧੪ ਸਿਰ 'ਤੇ ਖੜਾ ਹੈ ਸੂਰਮਾ ਗੁਰੂ; ਭਾਵ ਰੱਖਿਆ ਲਈ ਹਰ ਵਕਤ ਤਿਆਰ ਹੈ।
੧੫ ਇਸ ਪਉੜੀ ਵਿੱਚ ਗੁਰੂ ਦੀ ਉਪਮਾ ਹੈ।
੧੬ ਜਿਸ ਦੀ ਨਜ਼ਰ ਅੰਮ੍ਰਿਤ ਹੈ; ਭਾਵ ਵੇਖਣ ਨਾਲ ਹੀ ਅਮਰ ਕਰ ਦਿੰਦਾ ਹੈ।
੧੭ ਜਿਸ ਦੀ ਉਪਮਾ ਨਾ ਹੋ ਸਕੇ, ਸੁੰਦਰ।
੧੮ ਜਿਸ ਦਾ ਦਰਸ਼ਨ ਕਰਨ ਨਾਲ ਹੀ ਫਲ ਪ੍ਰਾਪਤ ਹੋ ਜਾਵੇ। ਅਮੋਘ-ਦਰਸ਼ਨ ਭੀ ਕਹਿੰਦੇ ਹਨ।
੧੯ ਹਰੀ ਦਾ ਰੂਪ ਹੈ (ਗੁਰੂ)।
੨੦ ਗੁਰੂ ਦੀ ਸੇਵਾ ਧੰਨ ਹੈ ਤੇ ਸੇਵਕ ਵੀ ਧੰਨ ਹੈ।
੨੧ ਮੌਤ ਰਹਿਤ।
੨੨ ਅਵਿਨਾਸ਼ੀ ਪਦਵੀ, ਅਟੱਲ ਪਦਵੀ।
੨੩ ਸੂਰਮਾ।
੨੪ ਗੁਰੂ ਸੰਤ ਮਿਲਿਆ।
੨੫ ਚਾਨਣਾ।
੨੬ ਆਪਣੇ ਅੰਦਰ ਹੀ।
੨੭ ਸਭ ਚੀਜ਼ਾਂ ਉਸ ਇਕ ਹਰੀ ਵਿੱਚ ਹਨ।
੨੮ ਕਈ ਤਰ੍ਹਾਂ ਦਿੱਸਦੇ ਹਨ।
੨੯ ਦੇਖੋ ਪੰਨਾ ੧੦, ਫੁਟ ਨੋਟ §।
੩੦ ਟਿਕਾਣਾ, ਵਾਸਾ।
੩੧ ਅਫੁਰ ਸਮਾਧੀ, ਜਦੋਂ ਸੰਕਲਪ ਨਾ ਫੁਰਨ। ਗੁਰਮਤ ਵਿੱਚ ਮਨ ਨੂੰ ਆਪਣੇ ਸਰੂਪ ਵਿੱਚ ਟਿਕਾਣ ਨੂੰ 'ਸੁੰਨ-ਸਮਾਧਿ' ਕਿਹਾ ਹੈ।
੩੨ ਉਥੇ। ਦੇਹੀ ਵਿੱਚ ਅਨਹਦ ਨਾਦ ਵੱਜ ਰਹੇ ਹਨ। ਦੇਖੋ ਪੰਨਾ ੬੧, ਨੋਟ ੨੪।
੩੩ ਅਸਚਰਜ, ਹੈਰਾਨ ਕਰਨ ਵਾਲਾ। ਦੇਖੋ ਪੰਨਾ ੧੬੭, ਫੁਟ ਨੋਟ *।
੩੪ ਬੇਅੰਤ ਵਾਹਿਗੁਰੂ।
੩੫ ਹਰ ਇਕ ਸਰੀਰ ਵਿੱਚ।
੩੬ ਧਰਤੀ ਵਿੱਚ।
੩੭ ਪਾਤਾਲ। 'ਮਾਹਿ' ਤਿੰਨਾਂ ਸ਼ਬਦਾਂ ਨਾਲ ਲੱਗਦਾ ਹੈ।

* ਇਹ ਨਾਮ ਜਦ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ ਤਾਂ ਮਨੁੱਖ ਆਪਣੇ ਸਰੀਰ ਅੰਦਰ, ਬਾਹਰ, ਸਾਰੇ ਸੰਸਾਰ ਅੰਦਰ ਇਕੋ ਜੋਤ ਦਾ ਪ੍ਰਕਾਸ਼ ਦੇਖਦਾ ਹੈ ਅਤੇ ਸਦਾ ਉਸ ਦੇ ਹਜ਼ੂਰ ਰਹਿਣ ਕਰ ਕੇ ਸੱਚ ਵਿੱਚ ਲੀਨ ਰਹਿੰਦਾ ਹੈ, ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ।

ਲੋਕ ਪੂਰਨ ਪ੍ਰਤਿਪਾਲ॥ [੧]ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ[੨]॥ ਪਉਣ ਪਾਣੀ ਬੈਸੰਤਰ[੩] ਮਾਹਿ॥ [੪]ਚਾਰਿ ਕੁੰਟ [੫]ਦਹ ਦਿਸੇ ਸਮਾਹਿ॥ ਤਿਸ ਤੇ ਭਿੰਨ ਨਹੀ ਕੋ ਠਾਉ[੬]॥ [੭]ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ੨॥ [੮]ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ॥ [੯]ਸਸੀਅਰ ਸੂਰ ਨਖੵਤ੍ਰ ਮਹਿ ਏਕੁ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥ ਸਰਬ [੧੦]ਕਲਾ ਕਰਿ ਖੇਲੈ ਖੇਲ॥ [੧੧]ਮੋਲਿ ਨ ਪਾਈਐ ਗੁਣਹ ਅਮੋਲ॥ ਸਰਬ ਜੋਤਿ ਮਹਿ ਜਾ ਕੀ ਜੋਤਿ॥ [੧੨]ਧਾਰਿ ਰਹਿਓ ਸੁਆਮੀ ਓਤਿ ਪੋਤਿ॥ ਗੁਰ ਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ[੧੩]॥ ੩॥ ਸੰਤ ਜਨਾ ਕਾ ਪੇਖਨੁ[੧੪] ਸਭੁ ਬ੍ਰਹਮ॥ ਸੰਤ ਜਨਾ ਕੈ ਹਿਰਦੈ ਸਭਿ ਧਰਮ॥ ਸੰਤ ਜਨਾ ਸੁਨਹਿ ਸੁਭ ਬਚਨ॥ [੧੫]ਸਰਬ ਬਿਆਪੀ ਰਾਮ ਸੰਗਿ ਰਚਨ॥ [੧੬]ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥ ਜੋ ਜੋ ਹੋਇ ਸੋਈ ਸੁਖੁ ਮਾਨੈ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ॥ ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ ੪॥ ਆਪਿ ਸਤਿ ਕੀਆ ਸਭੁ ਸਤਿ॥ [੧੭]ਤਿਸੁ ਪ੍ਰਭ ਤੇ ਸਗਲੀ ਉਤਪਤਿ॥ ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸੁ ਭਾਵੈ ਤਾ ਏਕੰਕਾਰੁ[੧੮]॥ [੧੯]ਅਨਿਕ ਕਲਾ ਲਖੀ ਨਹ ਜਾਇ॥ ਜਿਸੁ ਭਾਵੈ ਤਿਸੁ ਲਏ ਮਿਲਾਇ॥ [੨੦]ਕਵਨ ਨਿਕਟਿ ਕਵਨ ਕਹੀਐ ਦੂਰਿ॥ ਆਪੇ ਆਪਿ ਆਪ ਭਰਪੂਰਿ॥ [੨੧]ਅੰਤਰਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥ ੫॥ ਸਰਬ ਭੂਤ[੨੨] ਆਪਿ ਵਰਤਾਰਾ॥ [੨੩]ਸਰਬ ਨੈਨ ਆਪਿ ਪੇਖਨਹਾਰਾ॥ ਸਗਲ ਸਮਗ੍ਰੀ ਜਾ ਕਾ ਤਨਾ[੨੪]॥ ਆਪਨ ਜਸੁ ਆਪ ਹੀ ਸੁਨਾ॥ ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥ [੨੫]ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥ ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ॥ ੬॥ ਇਸ ਤੇ ਹੋਇ ਸੁ ਨਾਹੀ ਬੁਰਾ॥ ਓਰੈ[੨੬] ਕਹਹੁ ਕਿਨੈ ਕਛੁ ਕਰਾ॥ ਆਪਿ ਭਲਾ ਕਰਤੂਤਿ ਅਤਿ ਨੀਕੀ[੨੭]॥ ਆਪੇ ਜਾਨੈ ਅਪਨੇ [੨੮]ਜੀ ਕੀ॥ ਆਪਿ ਸਾਚੁ ਧਾਰੀ ਸਭ ਸਾਚੁ॥ ਓਤਿ ਪੋਤਿ ਆਪਨ ਸੰਗਿ ਰਾਚੁ॥ ਤਾ ਕੀ [੨੯]ਗਤਿ ਮਿਤਿ ਕਹੀ ਨ ਜਾਇ॥ ਦੂਸਰ ਹੋਇ ਤ ਸੋਝੀ ਪਾਇ॥ ਤਿਸ ਕਾ ਕੀਆ ਸਭੁ ਪਰਵਾਨੁ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥ ੭॥ ਜੋ ਜਾਨੈ ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ ਲਏ ਪ੍ਰਭੁ ਸੋਇ॥ ਓਹੁ ਧਨਵੰਤੁ ਕੁਲਵੰਤੁ[੩੦] ਪਤਿਵੰਤੁ॥ *ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥ ਧੰਨੁ ਧੰਨੁ ਧੰਨੁ ਜਨੁ

੧ ਜੰਗਲ ਵਿੱਚ, ਘਾਹ ਵਿੱਚ ਅਤੇ ਪਹਾੜਾਂ ਵਿੱਚ।

੨ ਕੰਮ। ਜੀਵ ਉਹੋ ਕਰਦਾ ਹੈ ਜੋ ਹੁਕਮ ਹੁੰਦਾ ਹੈ।

੩ ਅੱਗ।

੪ ਦੇਖੋ ਪੰਨਾ ੧੩੩, ਨੋਟ ੯।

੫ ਸਾਰੇ ਪਾਸੇ ਸਮਾਇਆ ਹੋਇਆ ਹੈ।

੬ ਥਾਂ।

੭ ਗੁਰੂ ਦੀ ਕਿਰਪਾ ਨਾਲ।

੮ ਵੇਦ ਆਦਿਕ ਵਿੱਚ ਉਹੀ ਦਿੱਸੇਗਾ, ਭਾਵ ਉਸੇ ਇਕ ਦੀ ਢੂੰਢ ਵਿੱਚ ਲਗਿਆਂ ਇਹ ਪੁਸਤਕਾਂ ਲਿਖੀਆਂ ਗਈਆਂ।

੯ ਚੰਨ ਸੂਰਜ ਤੇ ਤਾਰਿਆਂ ਵਿੱਚ ਭੀ ਉਹੀ ਇਕ ਹੈ; ਭਾਵ ਇਨ੍ਹਾਂ ਵਿੱਚ ਉਸੇ ਦਾ ਨੂਰ ਹੈ।

੧੦ ਸ਼ਕਤੀ ਵਰਤਾਅ ਕੇ।

੧੧ ਅਮੋਲ ਗੁਣਾਂ ਵਾਲਾ ਮੁੱਲ ਨਾਲ ਨਹੀਂ ਪਾਈਦਾ।

੧੨ ਮਾਲਕ ਹੀ ਤਾਣਾ ਪੇਟਾ ਹੋ ਕੇ ਸਾਰੀ ਰਚਨਾ ਦੀ ਬਣਤ ਨੂੰ ਧਾਰ ਰਿਹਾ ਹੈ।

੧੩ ਯਕੀਨ। ਜਿਨ੍ਹਾਂ ਦਾ ਗੁਰੂ ਦੀ ਕਿਰਪਾ ਨਾਲ ਭਰਮ ਦੂਰ ਹੁੰਦਾ ਹੈ, ਉਨ੍ਹਾਂ ਵਿੱਚ ਹੀ ਉਪਰ ਦੱਸਿਆ ਯਕੀਨ ਹੁੰਦਾ ਹੈ।

੧੪ ਵੇਖਣਾ। ਬ੍ਰਹਮ (ਹਰੀ) ਨੂੰ ਹੀ ਵੇਖਦੇ ਹਨ।

੧੫ ਸਰਬ-ਵਿਆਪਕ ਹਰੀ ਵਿੱਚ ਜੁੜੇ ਰਹਿੰਦੇ ਹਨ।

੧੬ ਜਿਸ ਸਾਧੂ ਨੇ ਜਾਣਿਆ ਹੈ, ਉਸ ਦੀ ਇਹ ਰਹਿਣੀ ਹੈ ਕਿ ਉਹ ਸਭ ਕੁਝ ਸੱਚ ਕਹਿੰਦਾ ਹੈ।

੧੭ ਸਾਰੀ ਪੈਦਾਇਸ਼ (ਰਚਨਾ) ਉਸ ਪ੍ਰਭੂ ਤੋਂ ਹੀ ਹੁੰਦੀ ਹੈ।

੧੮ ਸਭ ਕੁਝ ਸਮੇਟ ਕੇ ਇਕੱਲਾ ਇਕ ਆਪ ਹੀ ਰਹਿ ਜਾਂਦਾ ਹੈ।

੧੯ ਉਸ ਦੀਆਂ ਕਈ ਤਰ੍ਹਾਂ ਦੀਆਂ ਤਾਕਤਾਂ ਹਨ ਜੋ ਸਮਝੀਆਂ ਨਹੀਂ ਜਾ ਸਕਦੀਆਂ।

੨੦ ਕਿਹੜਾ ਨੇੜੇ ਤੇ ਕਿਹੜਾ ਦੂਰ ਆਖੀਏ ਜਾਂ ਸਾਰੇ ਆਪ ਹੀ ਭਰਪੂਰ ਹੋ ਰਿਹਾ ਹੈ।

੨੧ ਜਿਸ ਨੂੰ ਆਪ ਅੰਦਰੋਂ ਹੀ ਆਪਣਾ ਗਿਆਨ ਦਿੰਦਾ ਹੈ।

੨੨ ਹਸਤੀਆਂ। ਸਭ ਹਸਤੀਆਂ ਅੱਡ-ਅੱਡ ਦਿੱਸਦੀਆਂ ਹਨ, ਪਰ ਸਭ ਵਿੱਚ ਪ੍ਰਵੇਸ਼ ਕਰਨ ਵਾਲਾ ਆਪ ਹੀ ਹੈ।

੨੩ ਸਭ ਅੱਖਾਂ ਹਨ, ਪਰ ਉਨ੍ਹਾਂ ਵਿੱਚੋਂ ਵੇਖਣ ਵਾਲਾ ਆਪ ਹੈ।

੨੪ ਤਨ, ਸਰੀਰ। ਸਾਰੀ ਰਚਨਾ ਉਸ ਦਾ ਸਰੀਰ ਸਮਝੋ।

੨੫ ਸਾਰਿਆਂ ਦੇ ਵਿੱਚ ਹੁੰਦਾ ਹੋਇਆ ਬੇਲਾਗ ਰਹਿੰਦਾ ਹੈ।

੨੬ ਉਸ ਤੋਂ ਉਰੇ, ਭਾਵ ਉਸ ਤੋਂ ਬਿਨਾਂ।

੨੭ ਚੰਗੀ।

੨੮ ਦਿਲ ਦੀ।

੨੯ ਅਵਸਥਾ ਤੇ ਮਰਯਾਦਾ।

੩੦ ਉੱਚੀ ਕੁਲ ਵਾਲਾ।

* ਜੋ ਜੀਉਂਦੇ-ਜੀਅ ਮੁਕਤ ਹੋ ਜਾਵੇ, ਭਾਵ ਆਪਣੀ ਜ਼ਿੰਦਗੀ ਵਿੱਚ ਹੀ ਉਹ ਪੂਰਨਤਾ ਹਾਸਲ ਕਰ ਲਵੇ, ਜੋ ਵਾਹਿਗੁਰੂ ਨਾਲ ਅਭੇਦ ਹੋਣ ਤੋਂ ਮਿਲਦੀ ਹੈ।

ਆਇਆ ॥ ਜਿਸੁ ਪ੍ਰਸਾਦਿ[੧] ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ[੨] ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥ ੨੩ ॥ ਸਲੋਕੁ ॥ ਪੂਰਾ ਪ੍ਰਭੁ ਆਰਾਧਿਆ[੩] ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੧ ॥ ਅਸਟਪਦੀ* ॥ ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ [੪]ਨਿਕਟਿ ਕਰਿ ਪੇਖੁ ॥ ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ[੫] ॥ [੬]ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ [੭]ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥ ੧ ॥ [੮]ਖੇਮ ਕੁਸਲ ਸਹਜ[੯] ਆਨੰਦ ॥ ਸਾਧਸੰਗਿ ਭਜੁ ਪਰਮਾਨੰਦ ॥ [੧੦]ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥ ਚਿਤਿ ਚਿਤਵਹੁ ਨਾਰਾਇਣ ਏਕ ॥ ਏਕ ਰੂਪ ਜਾ ਕੇ ਰੰਗ ਅਨੇਕ ॥ ਗੋਪਾਲ ਦਾਮੋਦਰ[੧੧] ਦੀਨ ਦਇਆਲ ॥ [੧੨]ਦੁਖ ਭੰਜਨ ਪੂਰਨ ਕਿਰਪਾਲ ॥ ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ[੧੩] ॥ ੨ ॥ ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ[੧੪] ਲਾਲ ਏਹਿ ਰਤਨ ॥ ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥ ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ ਜਾ ਕੈ ਮਨਿ ਲਾਗਾ [੧੫]ਹਰਿ ਰੰਗੁ ॥ ਜੈ ਜੈ [੧੬]ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ [੧੭]ਪ੍ਰਭੁ ਗਾਜੈ ॥ [੧੮]ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥ ੩ ॥ [੧੯]ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ[੨੦] ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥ ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥ [੨੧]ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ[੨੨] ਕਹਤੇ ॥ ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ [੨੩]ਨਿਬਹੀ ਖੇਪ ਹਮਾਰੀ ॥ ੪ ॥ ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ [੨੪]ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ[੨੫] ॥ ਸਰਬ ਇਛਾ ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ ਪ੍ਰਗਟੁ [੨੬]ਸਭ ਲੋਇ ॥ ਸਭ ਤੇ ਊਚ ਪਾਏ ਅਸਥਾਨੁ ॥ [੨੭]ਬਹੁਰਿ ਨ ਹੋਵੈ ਆਵਨ ਜਾਨੁ ॥ ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥ ਖੇਮ ਸਾਂਤਿ [੨੮]ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ[੨੯] ॥

੧ ਕਿਰਪਾ ਨਾਲ।
੨ ਲਾਭ।
੩ ਸਿਮਰਿਆ।
੪ ਨੇੜੇ ਕਰਕੇ ਵੇਖ ਜਾਂ ਸਮਝ।
੫ ਚਿੰਤਾ।
੬ ਅਨਿੱਤ (ਨਾ ਰਹਿਣ ਵਾਲੀ) ਆਸ਼ਾ ਦੇ ਤਰੰਗ (ਲਹਿਰਾਂ) ਛੱਡ ਦਿਉ।
੭ ਤ੍ਰਿਸ਼ਨਾ ਦੀ ਅੱਗ ਦਾ ਸਮੁੰਦਰ। ਅਨਿਸਥਿਰ ਚੀਜ਼ਾਂ ਦੀ ਆਸ ਲਹਿਰਾਂ ਵਾਂਗ ਚੜ੍ਹਦੀ ਲਹਿੰਦੀ ਰਹਿੰਦੀ ਹੈ।
੮ ਸੁਖ ਅਨੰਦ। ਸਭ ਤਰ੍ਹਾਂ ਦੇ ਸੁਖ ਅਨੰਦ ਸਾਧ-ਸੰਗਤ ਵਿੱਚ ਹਰੀ ਨੂੰ ਜਪਿਆਂ ਮਿਲਦੇ ਹਨ।
੯ ਸ਼ਾਂਤੀ, ਠੰਢ।
੧੦ ਨਰਕਾਂ ਨੂੰ ਦੂਰ ਕਰ ਕੇ ਆਪਣੇ ਆਤਮਾ ਨੂੰ ਬਚਾਓ।
੧੧ [ਕ੍ਰਿਸ਼ਨ ਜੀ ਜਿਸ ਦੇ ਉਦਰ (ਪੇਟ) ਦਵਾਲੇ ਦਾਮ (ਰੱਸੀ) ਸੀ] ਵਾਹਿਗੁਰੂ।
੧੨ ਦੁੱਖਾਂ ਨੂੰ ਤੋੜਨ ਵਾਲਾ।
੧੩ ਆਸਰਾ।
੧੪ ਅਮੋਲਕ ਹਨ।
੧੫ ਹਰੀ ਦਾ ਪਿਆਰ।
੧੬ ਦੇਖੋ ਪੰਨਾ ੯੧, ਨੋਟ ੨੪।
੧੭ ਪ੍ਰਭੂ ਉਨ੍ਹਾਂ ਦੇ ਅੰਦਰੋਂ ਬੋਲ ਕੇ ਨਿਕਲਦਾ ਹੈ।
੧੮ ਜਿਨ੍ਹਾਂ ਮਹਾਤਮਾਂ ਦੇ ਮੱਥੇ ਤੋਂ ਹਰੀ ਪ੍ਰਗਟ ਹੁੰਦੇ ਹਨ; ਭਾਵ ਜਿਨ੍ਹਾਂ ਦੇ ਦਰਸ਼ਨ ਵਿੱਚ ਹਰੀ ਦੇ ਦਰਸ਼ਨ ਦਾ ਝਲਕਾਰਾ ਵੱਜਦਾ ਹੈ।
੧੯ ਇਹ ਸੁਣ ਕੇ ਕਿ ਵਾਹਿਗੁਰੂ ਸ਼ਰਣ ਦੇਣ ਦੇ ਸਮਰੱਥ ਹੈ।
੨੦ ਮਿੱਟੀ, ਚਰਨ-ਧੂੜੀ।
੨੧ ਘਰ ਦੇ ਜੰਜਾਲਾਂ ਤੋਂ ਤੇ ਵਿਕਾਰਾਂ ਤੋਂ ਰਹਿਤ ਹੋ ਗਏ।
੨੨ ਜੀਭ ਤੋਂ।
੨੩ ਸੌਦਾ ਲਾਹੇਵੰਦਾ ਹੋਇਆ, ਭਾਵ ਜੀਵਨ ਦੀ ਫੇਰੀ ਸਫਲ ਹੋਈ।
੨੪ 'ਸੁਖਮਨੀ' ਗੋਬਿੰਦ ਦੇ ਸੁਭਾਵਕ ਗੁਣ ਤੇ ਉਸ ਦਾ ਨਾਮ ਹੈ।
੨੫ ਖ਼ਜ਼ਾਨੇ। ਗੁਣਾਂ ਦੇ ਖ਼ਜ਼ਾਨੇ ਹੋ ਜਾਂਦਾ ਹੈ।
੨੬ ਸਭ ਲੋਕਾਂ ਵਿੱਚ ਸਭ ਥਾਂ।
੨੭ ਮੁੜ ਕੇ ਜਨਮ ਮਰਨ ਨਹੀਂ ਹੁੰਦਾ।
੨੮ ਰਿਧੀਆਂ=ਧਨ ਸੰਪਦਾ। 'ਨਵ ਨਿਧਿ' ਲਈ ਦੇਖੋ ਪੰਨਾ ੧੦, ਫੁਟ ਨੋਟ §।
੨੯ ਸਿਧੀਆਂ, ਕਰਾਮਾਤੀ ਤਾਕਤਾਂ।

* ਨਾਮ ਦਾ ਬਹੁਤ ਪ੍ਰਤੱਖ ਰੂਪ ਗੁਰੂ ਦਾ ਵਚਨ ਹੈ, ਜਿਸ ਦਾ ਇਕ ਨਮੂਨਾ 'ਸੁਖਮਨੀ' ਦੀ ਬਾਣੀ ਹੈ। ਇਸ ਦਾ ਪ੍ਰੇਮ ਨਾਲ ਪਾਠ ਕਰੀਏ ਤਾਂ ਜਨਮ ਮਰਨ ਦੇ ਫੇਰ ਮੁਕ ਜਾਂਦੇ ਹਨ, ਹਿਰਦੇ ਵਿੱਚ ਸ਼ਾਂਤੀ, ਗਿਆਨ ਤੇ ਆਤਮਕ ਤਾਕਤਾਂ ਆ ਜਾਂਦੀਆਂ ਹਨ ਅਤੇ ਜੀਵਨ ਸਾਰਾ ਪਵਿੱਤਰ ਹੋ ਕੇ ਆਦਮੀ ਸੱਚੇ ਅਰਥਾਂ ਵਿੱਚ ਸਾਧ ਬਣ ਜਾਂਦਾ ਹੈ।

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥ [੧]ਚਾਰਿ ਪਦਾਰਥ ਕਮਲ ਪ੍ਰਗਾਸ ॥ [੨]ਸਭ ਕੈ ਮਧਿ ਸਗਲ ਤੇ ਉਦਾਸ ॥ ਸੁੰਦਰੁ ਚਤੁਰੁ [੩]ਤਤ ਕਾ ਬੇਤਾ ॥ [੪]ਸਮਦਰਸੀ ਏਕ ਦ੍ਰਿਸਟੇਤਾ ॥ [੫]ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥ ਇਹੁ ਨਿਧਾਨੁ[੬] ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ [੭]ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ [੮]ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ ਜਾ ਕੈ ਮਸਤਕਿ[੯] ਕਰਮ[੧੦] ਪ੍ਰਭਿ ਪਾਏ ॥ ਸਾਧ ਸਰਣਿ ਨਾਨਕ ਤੇ ਆਏ ॥ ੭ ॥ ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਜਨਮ ਮਰਨ ਤਾ ਕਾ ਦੂਖੁ ਨਿਵਾਰੈ[੧੧] ॥ ਦੁਲਭ ਦੇਹ [੧੨]ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ [੧੩]ਏਕੁ ਨਾਮੁ ਮਨ ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ [੧੪]ਸਾਧ ਨਾਮ ਨਿਰਮਲ ਤਾ ਕੇ ਕਰਮ ॥ ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ [੧੫]ਇਹ ਗੁਣਿ ਨਾਮੁ ਸੁਖਮਨੀ ॥ ੮ ॥ ੨੪ ॥

ਥਿਤੀ* ਗਉੜੀ ਮਹਲਾ ੫ ॥ ਸਲੋਕੁ ॥ ੴ ਸਤਿਗੁਰ ਪ੍ਰਸਾਦਿ ॥

[੧੬]ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ੧ ॥ ਪਉੜੀ ॥ ਏਕਮ[੧੭] ਏਕੰਕਾਰੁ ਪ੍ਰਭੁ ਕਰਉ ਬੰਦਨਾ[੧੮] ਧਿਆਇ ॥ ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥ [੧੯]ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ ॥ [੨੦]ਚਾਰਿ ਕੁੰਟ ਦਹ ਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥ ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥ [੨੧]ਪਤਿਤ ਉਧਾਰਨ [੨੨]ਭੈ ਹਰਨ ਸੁਖ ਸਾਗਰ ਨਿਰੰਕਾਰ ॥ ਦਾਤਾ ਭੁਗਤਾ[੨੩] ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ[੨੪] ॥ ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥ ੧ ॥ ਗੋਬਿੰਦ ਜਸੁ ਗਾਈਐ ਹਰਿ ਨੀਤ[੨੫] ॥ ਮਿਲਿ ਭਜੀਐ ਸਾਧਸੰਗਿ ਮੇਰੇ ਮੀਤ ॥ ੧ ॥ ਰਹਾਉ ॥ ਸਲੋਕੁ ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥ ਭ੍ਰਮੁ ਕਟੀਐ ਨਾਨਕ ਸਾਧਸੰਗਿ ਦੂਤੀਆ[੨੬] ਭਾਉ ਮਿਟਾਇ ॥ ੨ ॥ ਪਉੜੀ ॥ ਦੂਤੀਆ[੨੭] ਦੁਰਮਤਿ[੨੮] ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥ ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ[੨੯] ਮਿਟੈ ਜੀਵਨੁ ਮਿਲੈ ਬਿਨਸਹਿ

੧ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਪ੍ਰਾਪਤ ਹੋਣੇ ਤੇ ਹਿਰਦੇ ਰੂਪ ਕਮਲ ਦਾ ਖਿੜਨਾ।
੨ ਸਭ ਵਿੱਚ ਰਹਿ ਕੇ ਫਿਰ ਨਿਰਲੇਪ ਹੋ ਕੇ ਰਹਿਣਾ।
੩ ਅਸਲੀਅਤ ਨੂੰ ਜਾਨਣ ਵਾਲਾ।
੪ ਸਾਰਿਆਂ ਨੂੰ ਇਕੋ ਨਜ਼ਰ ਨਾਲ ਬਰਾਬਰ ਦੇਖਣ ਵਾਲਾ ਹੋਣਾ।
੫ ਗੁਰੂ ਦੇ ਨਾਮ ਰੂਪ ਬਚਨ ਜੋ ਮਨ ਕਰਕੇ ਸੁਣਦਾ ਹੈ ਤੇ ਮੂੰਹੋਂ ਉਚਾਰਦਾ ਹੈ, ਉਸ ਨੂੰ ਉਪਰ ਦੱਸੇ ਫਲ ਸਭ ਪ੍ਰਾਪਤ ਹੁੰਦੇ ਹਨ।
੬ ਨਾਮ ਦਾ ਖ਼ਜ਼ਾਨਾ।
੭ ਉਸ ਜਨ ਦੀ ਬਾਣੀ ਹੀ ਗੋਬਿੰਦ ਦੇ ਗੁਣ ਤੇ ਨਾਮ-ਧੁਨੀ ਹੋ ਜਾਂਦੀ ਹੈ। ਇਹ ਗੱਲ ਸਿਮ੍ਰਿਤੀਆਂ, ਸ਼ਾਸਤਰਾਂ ਤੇ ਵੇਦਾਂ ਨੇ ਭੀ ਆਖੀ ਹੈ।
੮ ਸਾਰੇ ਮਤਾਂ ਦਾ ਨਿਚੋੜ ਕੇਵਲ ਨਾਮ ਹੀ ਹੈ, ਜਿਹੜਾ ਕਿ ਗੋਬਿੰਦ ਦੇ ਭਗਤ ਦੇ ਮਨ ਵਿੱਚ ਵੱਸਦਾ ਹੈ।
੯ ਮੱਥੇ 'ਤੇ।
੧੦ ਭਾਗ।
੧੧ ਦੂਰ ਕਰਦਾ ਹੈ।
੧੨ ਤੁਰਤ, ਝੱਟ-ਪੱਟ ਸਫਲੀ ਕਰ ਲੈਂਦਾ ਹੈ।
੧੩ ਜਿਸ ਦੇ ਮਨ ਵਿੱਚ ਇਕ ਨਾਮ ਸਮਾਇਆ ਹੈ।
੧੪ ਸਾਧ ਉਸ ਦਾ ਨਾਮ ਪੈ ਜਾਂਦਾ ਹੈ, ਤੇ ਉਸ ਦੇ ਕਰਮ ਨਿਰਮਲ ਹੋ ਜਾਂਦੇ ਹਨ।
੧੫ ਇਨ੍ਹਾਂ ਉਪਰੋਕਤ ਗੁਣਾਂ ਕਰਕੇ ਇਸ ਬਾਣੀ ਦਾ ਨਾਮ 'ਸੁਖਮਨੀ' ਰੱਖਿਆ ਹੈ।
੧੬ ਪਾਣੀ ਵਿੱਚ, ਖ਼ੁਸ਼ਕ ਧਰਤੀ ਵਿੱਚ ਤੇ ਧਰਤ ਅਸਮਾਨ ਦੇ ਵਿਚਕਾਰ।
੧੭ ਏਕਮ (ਪਹਿਲੀ ਥਿਤ) ਦੁਆਰਾ ਕਹਿੰਦੇ ਹਨ।
੧੮ ਨਮਸ਼ਕਾਰ।
੧੯ ਕਲਿਆਨ ਤੇ ਸੁਖਾਂ ਲਈ ਉਸ ਦੀ ਆਸ ਕਰੀਏ ਜਿਸ ਤੋਂ ਸਭ ਕੁਝ ਹੋਇਆ ਹੈ।
੨੦ ਦੇਖੋ ਪੰਨਾ ੧੩੩, ਨੋਟ ੯।
੨੧ ਡਿਗਿਆਂ ਨੂੰ ਤਾਰਨ ਵਾਲਾ।
੨੨ ਭੈ ਦੂਰ ਕਰਨ ਵਾਲਾ।
੨੩ ਭੋਗਣ ਵਾਲਾ, ਦਿੱਤੇ ਹੋਏ ਨੂੰ ਖਾਣ ਵਾਲਾ।
੨੪ ਥਾਂ।
੨੫ ਨਿੱਤ, ਸਦਾ।
੨੬ ਦੂਜਾ। ਦ੍ਵੈਤ ਭਾਵ।
੨੭ ਦੂਜੀ ਥਿੱਤ ਦੁਆਰਾ ਦੱਸਦੇ ਹਨ।
੨੮ ਖੋਟੀ ਮੱਤ।
੨੯ ਮੌਤ।

* ਥਿੱਤਾਂ ੧੪ ਹਨ। ਉਹਨਾਂ ਦੁਆਰਾ ਉਪਦੇਸ਼ ਬਾਣੀ ਦੇ ਰੂਪ ਵਿੱਚ ਕਰਦੇ ਹਨ।

ਸਗਲ ਕਲੇਸ ॥ ਆਪੁ[੧] ਤਜਹੁ ਗੋਬਿੰਦ ਭਜਹੁ [੨]ਭਾਉ ਭਗਤਿ ਪਰਵੇਸ ॥ ਲਾਭੁ ਮਿਲੈ [੩]ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ [੪]ਰਾਮ ਨਾਮ ਧਨੁ ਸੰਚਵੈ [੫]ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ[੬] ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ ੨ ॥ ਸਲੋਕੁ ॥ ਤੀਨਿ[੭] ਬਿਆਪਹਿ ਜਗਤ ਕਉ ਤੁਰੀਆ[੮] ਪਾਵੈ ਕੋਇ ॥ ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥ ੩ ॥ ਪਉੜੀ ॥ [੯]ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ[੧੦] ਸਦਾ ਸੰਘਾਰੈ ਮੀਚੁ[੧੧] ॥ [੧੨]ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥ ਜਿਨਿ ਕੀਏ ਤਿਸਹਿ ਨ ਜਾਣਨੀ [੧੩]ਚਿਤਵਹਿ ਅਨਿਕ ਉਪਾਇ ॥ ਆਧਿ[੧੪] ਬਿਆਧਿ[੧੫] ਉਪਾਧਿ[੧੬] ਰਸ[੧੭] ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ [੧੮]ਪੂਰਨ ਧਨੀ [੧੯]ਨਹ ਬੂਝੈ ਪਰਤਾਪ ॥ ਮੋਹ ਭਰਮ [੨੦]ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ ੩ ॥ ਸਲੋਕੁ ॥ ਚਤੁਰ ਸਿਆਣਾ ਸੁਘੜੁ[੨੧] ਸੋਇ ਜਿਨਿ ਤਜਿਆ ਅਭਿਮਾਨੁ ॥ [੨੨]ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ ॥ ੪ ॥ ਪਉੜੀ ॥ ਚਤੁਰਥਿ[੨੩] ਚਾਰੇ ਬੇਦ ਸੁਣਿ ਸੋਧਿਓ[੨੪] ਤਤੁ ਬੀਚਾਰੁ ॥ [੨੫]ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ[੨੬] ॥ [੨੭]ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ [੨੮]ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥ ਭਉ ਬਿਨਸੈ ਅੰਮ੍ਰਿਤੁ ਰਸੈ[੨੯] ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ[੩੦] ਅਪਵਿਤ੍ਰਤਾ ਨਾਸਹਿ [੩੧]ਨਾਮ ਅਧਾਰ ॥ [੩੨]ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥ ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ [੩੩]ਸਾਧ ਰਵਾਲ ॥ ੪ ॥ ਸਲੋਕੁ ॥ [੩੪]ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ ੫ ॥ ਪਉੜੀ ॥ ਪੰਚਮਿ[੩੫] ਪੰਚ[੩੬] ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ[੩੭] ॥ [੩੮]ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ[੩੯] ॥ [੪੦]ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥ ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ[੪੧] ॥ ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ[੪੨] ॥ ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ[੪੩] ॥ ੫ ॥ ਸਲੋਕੁ ॥ *ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ ॥ ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ

੧ ਆਪਾ ਭਾਵ, ਹਉਮੈ।

੨ ਤਾਕਿ ਪ੍ਰੇਮਾ ਭਗਤੀ ਦਾ ਪ੍ਰਵੇਸ਼ ਹੋਵੇ (ਤੁਹਾਡੇ ਅੰਦਰ ਆ ਸਕਣ)।

੩ ਘਾਟਾ ਦੂਰ ਹੋਵੇ।

੪ ਨਾਮ-ਧਨ 'ਕੱਠਾ ਕਰਦੇ ਹਨ।

੫ ਓਹ ਸੱਚੇ ਸ਼ਾਹ ਤੇ ਭਾਗਾਂ ਵਾਲੇ ਹਨ।

੬ ਖੋਟੀ ਮੱਤ।

੭ ਤਿੰਨ ਗੁਣ।

੮ ਚੌਥੀ ਅਵਸਥਾ, ਪੂਰਨ ਗਿਆਨ ਤੇ ਸ਼ਾਂਤੀ ਵਾਲੀ ਦਸ਼ਾ ਜੋ ਤਿੰਨ ਗੁਣਾਂ ਤੋਂ ਉੱਤੇ ਹੈ। ਦੇਖੋ ਪੰਨਾ ੬੮ ਦੇ ਦੋਵੇਂ ਫੁਟ ਨੋਟ।

੯ ਤੀਜੀ ਥਿੱਤ ਦੁਆਰਾ ਦੱਸਦੇ ਹਨ ਕਿ ਜੋ ਤਿੰਨ ਗੁਣਾਂ ਵਾਲੇ ਹਨ, ਉਹਨਾਂ ਨੂੰ ਫਲ ਬਿਖ ਮਿਲਦਾ ਹੈ ਤੇ ਓਹ ਉਤਮ ਨੀਚ ਹੁੰਦੇ ਰਹਿੰਦੇ ਹਨ।

੧੦ ਬਹੁਤ।

੧੧ ਮੌਤ। ਮੌਤ ਉਨ੍ਹਾਂ ਨੂੰ ਮਾਰਦੀ ਹੈ।

੧੨ ਖੁਸ਼ੀ ਗ਼ਮੀ ਤੇ ਭਰਮ।

੧੩ ਹੋਰ ਕਈ ਉਪਾਉ (ਪੂਜਾ, ਤਪ, ਦਾਨ ਆਦਿ) ਸੋਚਦੇ ਰਹਿੰਦੇ ਹਨ।

੧੪ ਮਨ ਦੇ ਰੋਗ (ਚਿੰਤਾ ਆਦਿਕ)।

੧੫ ਸਰੀਰ ਦੇ ਦੁੱਖ (ਤਪ, ਫੋੜਾ ਆਦਿ)।

੧੬ ਛਲ ਭੁਲੇਵਾ (ਹੋਵੇ ਹੋਰ ਤੇ ਦਿੱਸੇ ਹੋਰ)।

੧੭ (ਆਧਿ, ਬਿਆਧਿ ਤੇ ਉਪਾਧਿ) ਵਿਸ਼ੇ ਵਾਲੇ ਰਸਾਂ ਤੋਂ ਪੈਦਾ ਹੁੰਦੇ ਹਨ।

੧੮ ਪੂਰਾ ਮਾਲਕ।

੧੯ (ਜੋ ਹਰੀ ਪੂਰਾ ਮਾਲਕ ਹੈ) ਉਸ ਦਾ ਪਰਤਾਪ (ਵਡਿਆਈ) ਨਹੀਂ ਸਮਝਦੇ।

੨੦ ਡੁਬਦੇ ਹਨ ਬਹੁਤੇ।

੨੧ (ਰਹਿਣੀ ਬਹਿਣੀ ਦੇ ਵਿੱਚ) ਸੁਚੱਜਾ।

੨੨ ਚਾਰ ਪਦਾਰਥ ਤੇ ੮ ਸਿੱਧੀਆਂ ਨਾਮ ਜਪਣ ਨਾਲ ਮਿਲਦੀਆਂ ਹਨ। ਦੇਖੋ ਪੰਨਾ ੧੦੮, ਨੋਟ ੬; ਅਤੇ ਪੰਨਾ ੧੦ ਦੇ ਫੁਟ ਨੋਟ ¶ ਵਿੱਚ ਦਿੱਤੀਆਂ ਪਹਿਲੀਆਂ ੮ ਸਿਧੀਆਂ।

੨੩ ਚੌਥੀ ਥਿੱਤ ਰਾਹੀਂ ਉਪਦੇਸ਼ ਕਰਦੇ ਹਨ।

੨੪ ਨਿਰਣਾ ਕੀਤਾ ਹੈ।

੨੫ ਸਾਰੀਆਂ ਖੁਸ਼ੀਆਂ ਤੇ ਸੁਖਾਂ ਦਾ ਖ਼ਜ਼ਾਨਾ ਅਤੇ ਤਤ ਵਸਤੂ ਨਾਮ ਜਪ।

੨੬ ਅਸਲ ਚੀਜ਼ (ਨਾਮ)।

੨੭ ਨਰਕ ਤੋਂ ਬਚਾਅ ਲੈਂਦਾ ਹੈ ਤੇ ਦੁੱਖ ਦੂਰ ਕਰ ਦਿੰਦਾ ਹੈ।

੨੮ ਮੌਤ ਥੱਕ ਜਾਂਦੀ ਹੈ, ਭਾਵ ਦੂਰ ਹੁੰਦੀ ਹੈ।

੨੯ ਰਸਦਾ ਹੈ, ਰਸ ਨਾਲ ਆ ਕੇ ਵਸਦਾ ਹੈ, ਸਿੰਜਰ ਜਾਂਦਾ ਹੈ।

੩੦ [ਦਰਿਦ੍ਰ] ਗਰੀਬੀ।

੩੧ ਨਾਮ ਦੇ ਆਸ਼੍ਰਿਤ ਹੋਣ ਨਾਲ।

੩੨ ਸੁਰੀ ਸੰਪਦਾ ਵਾਲੇ ਪੁਰਸ਼, ਦੈਵੀ ਗੁਣਾਂ ਵਾਲੇ ਪੁਰਸ਼।

੩੩ ਸਾਧ ਦੀ ਚਰਨ-ਧੂੜੀ ਹੋਣ ਨਾਲ।

੩੪ ਕਾਮ ਕ੍ਰੋਧ ਆਦਿ ਪੰਜ ਬੁਰਾਈਆਂ।

੩੫ ਪੰਚਮੀ ਥਿੱਤ ਦੁਆਰਾ ਉਪਦੇਸ਼ ਹੈ।

੩੬ ਮੁਖੀ ਜਨ, ਸੰਤ, ਗੁਰਮੁਖ।

੩੭ [ਪੰਜਾਂ ਤੱਤਾਂ ਦਾ ਵਿਸਥਾਰ] ਸੰਸਾਰ। ਜਿਨ੍ਹਾਂ ਨੇ ਸੰਸਾਰ ਦਾ ਅਸਲਾ ਸਮਝਿਆ ਹੈ (ਕਿ ਉਹ ਕੁਝ ਹੈ ਜੋ ਅਗਲੀ ਤੁਕ ਵਿੱਚ ਦੱਸਿਆ ਹੈ)।

੩੮ ਫੁੱਲ ਦੀ ਖੁਸ਼ਬੋ ਵਾਂਗ ਹਨ ਦੁਨੀਆਂ ਦੇ ਰੰਗ ਜੋ ਥੋੜ੍ਹਾ ਚਿਰ ਰਹਿੰਦੇ ਹਨ।

੩੯ ਵਲਵੰਚ, ਠੱਗੀ।

੪੦ ਪਰ ਜੀਵ ਨੂੰ ਅਸਲੀਅਤ ਨਹੀਂ ਜਾਪਦੀ (ਦਿੱਸਦੀ)।

੪੧ ਨਿਰਣਾ, ਸ਼ਕਤੀ, ਵਿਚਾਰ।

੪੨ ਰਤਾ ਭਰ।

੪੩ ਸੰਸਾਰ ਵਿੱਚ।

* ਛੇ ਸ਼ਾਸਤ੍ਰ ਉੱਚੀ ਪੁਕਾਰਦੇ ਹਨ ਕਿ ਹਰੀ ਦਾ ਪਾਰਾਵਾਰ ਨਹੀਂ ਹੈ। ਦੇਖੋ ਪੰਨਾ ੧੧, ਫੁਟ ਨੋਟ†।

ਦੁਆਰ ॥ ੬ ॥ ਪਉੜੀ ॥ [੧]ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥ ਊਤਮੁ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ[੨] ॥ ਨਾਰਦ ਮੁਨਿ ਜਨ ਸੁਕ[੩] ਬਿਆਸ ਜਸੁ ਗਾਵਤ ਗੋਬਿੰਦ ॥ [੪]ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ[੫] ॥ ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ ॥ ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥ ਲਾਭੁ ਮਿਲੈ ਤੋਟਾ ਹਿਰੈ[੬] ਸਾਧਸੰਗਿ ਲਿਵ ਲਾਇ ॥ ਖਾਟਿ ਖਜਾਨਾ [੭]ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥ ੬ ॥ ਸਲੋਕੁ ॥ ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ[੮] ॥ ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ ॥ ੭ ॥ ਪਉੜੀ ॥ ਸਪਤਮਿ[੯] ਸੰਚਹੁ ਨਾਮ ਧਨੁ [੧੦]ਟੂਟਿ ਨ ਜਾਹਿ ਭੰਡਾਰ ॥ ਸੰਤ ਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ ॥ ਆਪੁ[੧੧] ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥ ਦੂਖ ਹਰੈ[੧੨] ਭਵਜਲੁ[੧੩] ਤਰੈ [੧੪]ਮਨ ਚਿੰਦਿਆ ਫਲੁ ਪਾਇ ॥ ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਤਰਿ ਬਾਹਰਿ ਸਦਾ ਸੰਗਿ ਕਰਨੈਹਾਰੁ ਪਛਾਣੁ ॥ ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥ ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥ ੭ ॥ ਸਲੋਕੁ ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥ [੧੫]ਜਮ ਕੰਕਰੁ [੧੬]ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥ ੮ ॥ ਪਉੜੀ ॥ ਅਸਟਮੀ[੧੭] [੧੮]ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥ [੧੯]ਕਵਲ ਪ੍ਰਗਾਸ ਸਦਾ ਆਨੰਦ ॥ ਨਿਰਮਲ ਗੀਤਿ *ਨਿਰੋਧਰ ਮੰਤ ॥ ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ[੨੦] ਗਿਆਨੁ ॥ [੨੧]ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥ ੮ ॥ ਸਲੋਕੁ ॥ ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ[੨੨] ॥ ੯ ॥ ਪਉੜੀ ॥ ਨਉਮੀ[੨੩] ਨਵੇ ਛਿਦ੍ਰ[੨੪] ਅਪਵੀਤ[੨੫] ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ[੨੬] ॥ [੨੭]ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ[੨੮] ਨ ਸੁਨਹੀ ਹਰਿ ਜਸੁ ਬਿੰਦ[੨੯] ॥ [੩੦]ਹਿਰਹਿ ਪਰ ਦਰਬੁ ਉਦਰ ਕੈ ਤਾਈ ॥ [੩੧]ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥ ੯ ॥ ਸਲੋਕੁ ॥ [੩੨]ਦਸ ਦਿਸ ਖੋਜਤ ਮੈ ਫਿਰਿਓ [੩੩]ਜਤ ਦੇਖਉ ਤਤ ਸੋਇ ॥ ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ ੧੦ ॥ ਪਉੜੀ ॥ ਦਸਮੀ [੩੪]ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ [੩੫]ਨੈਨੀ ਪੇਖਤ

੧ ਛੇਵੀਂ ਥਿੱਤ ਦੁਆਰਾ ਉਪਦੇਸ਼ ਹੈ ਕਿ ਛੀ ਸ਼ਾਸਤਰ ਤੇ ਕਈ ਸਿਮ੍ਰਿਤੀਆਂ ਕਹਿੰਦੀਆਂ ਹਨ। ਦੇਖੋ ਪੰਨਾ ੧੧, ਫੁਟ ਨੋਟ * ਅਤੇ †।

੨ ਸ਼ੇਸ਼ਨਾਗ (ਜੋ ਆਪਣੇ ਹਜ਼ਾਰ ਮੂੰਹਾਂ ਵਿੱਚੋਂ ਨਵੇਂ ਤੋਂ ਨਵਾਂ ਹਰੀ ਦਾ ਨਾਮ ਉਚਾਰਦਾ ਹੈ)।

੩ ਵਿਆਸ ਰਿਖੀ ਦਾ ਪੁਤ ਸ਼ੁਕਦੇਵ ਜੋ ਵੱਡਾ ਗਿਆਨੀ ਹੋਇਆ ਹੈ।

੪ ਰਸ ਦੇ ਗਿੱਝੇ ਹੋਏ ਤੇ ਹਰੀ-ਪ੍ਰੇਮ ਵਿੱਚ ਵਿੰਨ੍ਹੇ ਹੋਏ। ਗੀਧਾ ਹੋਣ ਤੋਂ ਭਾਵ ਹੈ ਕਿਸੇ ਸਵਾਦੀ ਚੀਜ਼ ਦੇ ਸਵਾਦ ਵਿੱਚ ਮੁੜ-ਮੁੜ ਲੱਗਣਾ।

੫ ਵਾਹਿਗੁਰੂ ਵਿੱਚ।

੬ ਦੂਰ ਹੋਵੇ।

੭ ਗੁਣਾਂ ਦੇ ਖ਼ਜ਼ਾਨੇ ਹਰੀ ਦਾ।

੮ ਪ੍ਰੇਮ ਨਾਲ।

੯ ਸੱਤਵੀਂ ਥਿੱਤ ਦੁਆਰਾ।

੧੦ (ਇਸ ਧਨ ਦੇ) ਭੰਡਾਰ ਨਹੀਂ ਮੁੱਕਦੇ।

੧੧ ਆਪਾ ਭਾਵ, ਹੰਕਾਰ।

੧੨ ਦੂਰ ਹੋਵੇ।

੧੩ ਸੰਸਾਰ ਸਾਗਰ।

੧੪ ਮਨ-ਇੱਛਤ, ਮਨ-ਭਾਉਂਦਾ।

੧੫ [ਕਿੰਕਰ=ਦਾਸ, ਸੇਵਕ] ਜਮ-ਦੂਤ।

੧੬ ਵੇਖਦਾ, ਭਾਵ ਦੁੱਖ ਦਿੰਦਾ।

੧੭ ਅੱਠਵੀਂ ਥਿੱਤ ਦੁਆਰਾ।

੧੮ ਅੱਠ ਸਿਧੀਆਂ ਅਤੇ ਨੌ ਨਿਧੀਆਂ। ਦੇਖੋ ਪੰਨਾ ੧੦, ਫੁਟ ਨੋਟ ¶ (ਪਹਿਲੀਆਂ ੮) ਅਤੇ ਫੁਟ ਨੋਟ §।

੧੯ ਹਿਰਦੇ ਰੂਪ ਕਵਲ ਦਾ ਖੇੜਾ।

੨੦ ਵਿਸ਼ੇਸ਼, ਸਭ ਤੋਂ ਉੱਚਾ।

੨੧ ਉਪਰੋਕਤ ਸਭ ਕੁਝ ਮਿਲ ਗਿਆ ਜੇ ਪੂਰੇ ਗੁਰੂ ਦੀ ਸੰਗਤ ਵਿੱਚ ਨਾਮ ਜਪ ਲਿਆ।

੨੨ ਉਤਾਰਾ, ਪ੍ਰਵੇਸ਼। ਨਰਕ ਸੁਰਗ ਵਿੱਚ ਫਿਰਦਾ ਹੈ।

੨੩ ਨੌਵੀਂ ਥਿੱਤ ਦੁਆਰਾ।

੨੪ ਛੇਕ, ਭਾਵ ਨੌਂ ਗੋਲਕਾਂ (ਕੰਨ ਨੱਕ ਆਦਿ)।

੨੫ ਅਪਵਿੱਤਰ, ਗੰਦੇ।

੨੬ ਉਲਟੀ ਰੀਤ।

੨੭ ਪਰਾਈ ਇਸਤਰੀ ਨੂੰ ਭੋਗਦੇ ਹਨ ਤੇ ਸਾਧਾਂ ਦੀ ਨਿੰਦਾ (ਕਹਿੰਦੇ) ਕਰਦੇ ਹਨ।

੨੮ ਕੰਨਾਂ ਨਾਲ।

੨੯ ਰਤਾ ਭਰ।

੩੦ ਚੁਰਾਂਦੇ ਹਨ ਪਰਾਇਆ ਧਨ ਪੇਟ ਦੀ ਖਾਤਰ।

੩੧ ਲਾਲਚ ਦੀ ਅੱਗ ਦੂਰ ਨਹੀਂ ਹੁੰਦੀ।

੩੨ ਦਸੇ ਤਰਫ਼।

੩੩ ਜਤ=ਜਿਧਰ; ਤਤ=ਤਿਧਰ, ਉਧਰ।

੩੪ ਨੌਂ ਦਰਵਾਜ਼ੇ (ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ, ਲਿੰਗ) ਤੇ ਦਸਵਾਂ ਦਵਾਰ ਦਿਮਾਗ-ਇਹ ਦਸ ਦੁਆਰੇ ਹਨ।

੩੫ ਅੱਖਾਂ ਨਾਲ ਦੇਖੀਦਾ ਹੈ।

* ਉਹ ਮੰਤਰ ਜਿਸ ਦਾ ਅਸਰ ਜ਼ਾਇਲ ਨਹੀਂ ਹੋ ਸਕਦਾ। ਇਹ ਗੱਲ ਮੰਨੀ ਜਾਂਦੀ ਹੈ ਕਿ ਇਕ ਮੰਤਰ ਨੂੰ ਦੂਜਾ ਤੋੜ ਸਕਦਾ ਹੈ, ਪਰ ਗੁਰਬਾਣੀ ਮੰਤਰ ਨਿਰੋਧਰ ਮੰਤਰ ਹੈ।

ਸਾਧ ਦਇਆਲ ॥ ਰਸਨਾ[੧] ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ [੨]ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ[੩] ਪ੍ਰਭ ਕਿਰਪਾ ਪਾਈਐ ॥ ੧੦ ॥ ਸਲੋਕੁ ॥ ਏਕੋ ਏਕੁ ਬਖਾਨੀਐ[੪] ਬਿਰਲਾ ਜਾਣੈ ਸ੍ਵਾਦੁ ॥ ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ[੫] ॥ ੧੧ ॥ ਪਉੜੀ ॥ ਏਕਾਦਸੀ[੬] ਨਿਕਟਿ[੭] ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ[੮] ਜੀਅ ਦਇਆ ॥ ਇਨ ਬਿਧਿ ਬਰਤੁ[੯] ਸੰਪੂਰਨ ਭਇਆ ॥ [੧੦]ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ ੧੧ ॥ ਸਲੋਕੁ ॥ [੧੧]ਦੁਰਮਤਿ ਹਰੀ ਸੇਵਾ ਕਰੀ ਭੇਟੇ[੧੨] ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ [੧੩]ਸਗਲ ਜੰਜਾਲ ॥ ੧੨ ॥ ਪਉੜੀ ॥ [੧੪]ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ ਹਰਿ ਅੰਮ੍ਰਿਤ [੧੫]ਪਾਨ ਕਰਹੁ ਸਾਧਸੰਗਿ ॥ ਮਨ ਤ੍ਰਿਪਤਾਸੈ[੧੬] ਕੀਰਤਨ ਪ੍ਰਭ ਰੰਗਿ ॥ ਕੋਮਲ ਬਾਣੀ ਸਭ ਕਉ ਸੰਤੋਖੈ[੧੭] ॥ *ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥ ਗੁਰ ਪੂਰੇ ਤੇ ਏਹ ਨਿਹਚਉ[੧੮] ਪਾਈਐ ॥ ਨਾਨਕ ਰਾਮ ਰਮਤ[੧੯] ਫਿਰਿ ਜੋਨਿ ਨ ਆਈਐ ॥ ੧੨ ॥ ਸਲੋਕੁ ॥ [੨੦]ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥ [੨੧]ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥ ੧੩ ॥ ਪਉੜੀ ॥ ਤ੍ਰਉਦਸੀ[੨੨] †ਤੀਨਿ ਤਾਪ ਸੰਸਾਰ ॥ [੨੩]ਆਵਤ ਜਾਤ ਨਰਕ ਅਵਤਾਰ ॥ ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ[੨੪] ਨ ਗਾਇਓ ॥ [੨੫]ਹਰਖ ਸੋਗ ਕਾ ਦੇਹ ਕਰਿ ਬਾਧਿਓ ॥ [੨੬]ਦੀਰਘ ਰੋਗੁ ਮਾਇਆ ਆਸਾਧਿਓ ॥ ਦਿਨਹਿ ਬਿਕਾਰ ਕਰਤ [੨੭]ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥ ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥ ੧੩ ॥ ਸਲੋਕੁ ॥ ਚਾਰਿ ਕੁੰਟ [੨੮]ਚਉਦਹ ਭਵਨ ਸਗਲ ਬਿਆਪਤ[੨੯] ਰਾਮ ॥ ਨਾਨਕ ਊਨ[੩੦] ਨ ਦੇਖੀਐ ਪੂਰਨ ਤਾ ਕੇ ਕਾਮ ॥ ੧੪ ॥ ਪਉੜੀ ॥ ਚਉਦਹਿ[੩੧] ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥ [੩੨]ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ[੩੩] ਅਕਾਸ ਸਭ ਮਹਿ ਪ੍ਰਭ ਪੇਖੁ[੩੪] ॥ ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸ੍ਵਰ ਤਹ ਬਸਹਿ ਦਇਆਲ ॥ [੩੫]ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥ ੧੪ ॥ ਸਲੋਕੁ ॥ ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ [੩੬]ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ[੩੭] ॥ ੧੫ ॥

੧ ਜੀਭ।
੨ ਹੱਥਾਂ ਪੈਰਾਂ ਨਾਲ।
੩ ਤਰੀਕਾ, ਜੀਵਨ-ਜੁਗਤੀ, ਰਹਿਣੀ।
੪ ਬਿਆਨ ਕਰੀਏ।
੫ ਅਸਚਰਜ ਰੂਪ ਹੈ (ਇਸ ਲਈ ਪੂਰੇ ਤੌਰ ’ਤੇ ਗੁਣ ਜਾਣੇ ਨਹੀਂ ਜਾਂਦੇ)।
੬ ਦਸ ਤੇ ਇਕ ਯਾਰ੍ਹਵੀਂ ਥਿੱਤ ਦੁਆਰਾ ਉਪਦੇਸ਼ ਹੈ।
੭ ਨੇੜੇ (ਦੇਖੋ)।
੮ ਸਾਰੇ।
੯ ਵਰਤ (ਇਕਾਦਸੀ ਦਾ)।
੧੦ ਦੌੜਦੇ ਹੋਏ ਮਨ ਨੂੰ।
੧੧ ਖੋਟੀ ਮੱਤ ਦੂਰ ਹੋ ਗਈ।
੧੨ ਮਿਲੇ।
੧੩ ਸਾਰੇ ਧੰਧੇ।
੧੪ ਦੁਆਦਸੀ ਥਿੱਤ ਦੁਆਰਾ ਉਪਦੇਸ਼ ਹੈ ਕਿ ਵੰਡ ਛਕੋ, ਨਾਮ ਜਪੋ ਅਤੇ ਤਨ ਮਨ ਕਰਕੇ ਪਵਿੱਤਰ ਰਹੋ।
੧੫ ਪੀਓ।
੧੬ ਰੱਜਦਾ ਹੈ।
੧੭ ਸੰਤੋਖ ਦਿੰਦੀ ਹੈ।
੧੮ ਨਿਸਚਾ।
੧੯ ਸਿਮਰਨ ਨਾਲ।
੨੦ ਤਿੰਨਾਂ ਗੁਣਾਂ (ਰਜ, ਸਤ, ਤਮ) ਵਿੱਚ ਲੱਗੇ ਹੋਣ ਨਾਲ ਸਫ਼ਲਤਾ ਨਹੀਂ ਹੁੰਦੀ।
੨੧ ਡਿੱਗਿਆਂ ਹੋਇਆਂ ਨੂੰ ਤਾਰਨ ਵਾਲਾ ਵਾਹਿਗੁਰੂ।
੨੨ ਤੇਰ੍ਹਵੀਂ ਥਿੱਤ ਦੁਆਰਾ ਦੱਸਦੇ ਹਨ।
੨੩ ਜੰਮਦਾ ਮਰਦਾ ਅਤੇ ਨਰਕਾਂ ਵਿੱਚ (ਉਤਰਦਾ) ਪੈਂਦਾ ਹੈ।
੨੪ ਅੱਖ ਦੇ ਫੋਰ ਜਿੰਨੇ ਸਮੇਂ ਲਈ ਭੀ।
੨੫ ਖ਼ੁਸ਼ੀ ਗ਼ਮੀ ਦਾ ਪਿੰਡ ਬੰਨ੍ਹਿਆ ਹੈ, ਭਾਵ ਖ਼ੁਸ਼ੀ ਗ਼ਮੀ ਦਾ ਰੂਪ ਹੋ ਕੇ ਬੈਠਾ ਹੈ।
੨੬ ਲੰਮਾ ਰੋਗ, ਚਿਰ ਤੱਕ ਰਹਿਣ ਵਾਲਾ ਰੋਗ। ਮਾਇਆ ਦਾ ਅਸਾਧ ਤੇ ਲੰਮਾ ਰੋਗ ਲੱਗਾ ਹੈ।
੨੭ ਥੱਕ ਜਾਂਦਾ ਹੈ।
੨੮ ਚੌਦਾਂ ਲੋਕ, ਸੱਤ ਉੱਤੇ ਤੇ ਸੱਤ ਹੇਠਾਂ।
੨੯ ਵਿਆਪਕ ਹੈ।
੩੦ ਘੱਟ।
੩੧ ਚੌਧਵੀਂ ਥਿੱਤ ਦੁਆਰਾ ਦੱਸਦੇ ਹਨ।
੩੨ ਦਸੋਂ ਤਰਫ਼ਾਂ ਵਿੱਚ ਵਿਆਪਕ ਹੈ ਇਕ ਪ੍ਰਭੂ।
੩੩ ਧਰਤੀ।
੩੪ ਵੇਖ।
੩੫ ਬਾਰੀਕ ਤੇ ਠੋਸ (ਅਣਦਿੱਸਦੀਆਂ ਤੇ ਦਿੱਸਦੀਆਂ) ਸਭ ਵਿੱਚ ਆਪ ਹੈ।
੩੬ ਗੁਰੂ ਦੀ ਕਿਰਪਾ ਨਾਲ।
੩੭ ਫ਼ਿਕਰ।

* ਪੰਜਾਂ ਤੱਤਾਂ ਦੀ ਸੂਖਮ ਅੰਸ਼, ਭਾਵ ਮਨ। ਪੰਜਾਂ ਤੱਤਾਂ ਤੋਂ ਬਣਿਆ ਹੋਇਆ ਮਨ ਨਾਮ ਰਸ ਨਾਲ ਪਲਦਾ ਹੈ। "ਇਹੁ ਮਨੁ ਪੰਚ ਤਤੁ ਤੇ ਜਨਮਾ॥" (ਆਸਾ ਮ: ੧-੪੧੫)।

† ਤਿੰਨਾਂ ਗੁਣਾਂ (ਰਜ, ਸਤ, ਤਮ) ਵਾਲੇ ਰੋਗ। ਕਈ ਵਿਦਵਾਨ ਇਥੇ ਆਤਮਿਕ, ਭੌਤਿਕ ਅਤੇ ਦੈਵਿਕ ਆਧੀਆਂ (ਰੋਗਾਂ) ਦਾ ਜ਼ਿਕਰ ਕਰਦੇ ਹਨ, ਪਰ ਚੂੰਕਿ ਸ਼ਲੋਕ ਵਿੱਚ ਪਉੜੀ ਦਾ ਸਮੁੱਚਾ ਭਾਵ ਦਿੱਤਾ ਹੁੰਦਾ ਹੈ, ਅਤੇ ਇਸੇ ਸ਼ਲੋਕ ਵਿੱਚ ਤਿੰਨਾਂ ਗੁਣਾਂ ਦਾ ਜ਼ਿਕਰ ਹੈ, ਇਸ ਲਈ ਇਸ ਪਉੜੀ ਵਿੱਚ ਭੀ ਉਨ੍ਹਾਂ ਤਿੰਨਾਂ ਗੁਣਾਂ ਤੋਂ ਪੈਦਾ ਹੋਏ ਤਨ ਮਨ ਦੇ ਵਿਕਾਰ ਹੀ ਲਵਾਂਗੇ।

ਪਉੜੀ ॥ ਅਮਾਵਸ[੧] ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ[੨] ਸਾਂਤਿ ਸਹਜ[੩] ਲਾਗਾ ਪ੍ਰਭ ਕੀ ਸੇਵ ॥ [੪]ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥ ਦੁਰਮਤਿ[੫] ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥ ਸਰਨਿ ਗਹੀ[੬] ਪਾਰਬ੍ਰਹਮ ਕੀ ਮਿਟਿਆ ਆਵਾ ਗਵਨ[੭] ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ[੮] ॥ ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥ ੧੫ ॥ ਸਲੋਕੁ ॥ [੯]ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥ [੧੦]ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ[੧੧] ॥ ੧੬ ॥ ਪਉੜੀ ॥ ਪੂਰਨਮਾ[੧੨] ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥ [੧੩]ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ [੧੪]ਅੰਤਰਜਾਮੀ ਪ੍ਰਭੂ ਸੁਜਾਨੁ ਅਲਖ ਨਿਰੰਜਨ ਸੋਇ ॥ ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥ ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ ॥ [੧੫]ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥ ੧੬ ॥ ਸਲੋਕੁ ॥ ਦੂਖ ਬਿਨਸੇ ਸਹਸਾ[੧੬] ਗਇਓ ਸਰਨਿ ਗਹੀ ਹਰਿ ਰਾਇ ॥ [੧੭]ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥ ੧੭ ॥ ਪਉੜੀ ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥ ਕਿਲਬਿਖ[੧੮] ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥ [੧੯]ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ[੨੦] ॥ ਸੋ ਸੁਰਤਾ[੨੧] ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ[੨੨] ਸੋਇ ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ[੨੩] ॥ ੧੭ ॥

ਗਉੜੀ ਕੀ ਵਾਰ* ਮਹਲਾ ੪ ॥ ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੪ ॥ ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ[੨੪] ਸਭੁ ਕੋਇ ॥ [੨੫]ਏਕ ਦ੍ਰਿਸਟਿ ਕਰਿ ਦੇਖਦਾ [੨੬]ਮਨ ਭਾਵਨੀ ਤੇ ਸਿਧਿ ਹੋਇ ॥ ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥ ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥ ੧ ॥ ਮਃ ੪ ॥ ਹਉਮੈ ਮਾਇਆ ਸਭ ਬਿਖੁ[੨੭] ਹੈ ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨੁ ਖਟਿਆ ਗੁਰਮੁਖਿ[੨੮] ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ

੧ ਮੱਸਿਆ ਦੁਆਰਾ ਉਪਦੇਸ਼ ਕਰਦੇ ਹਨ।
੨ ਠੰਢਾ।
੩ ਅਡੋਲਤਾ।
੪ ਕਈ ਤਰ੍ਹਾਂ ਦੀਆਂ ਬੁਰਾਈਆਂ ਦੇ ਬੰਧਨ ਟੁੱਟ ਗਏ।
੫ ਖੋਟੀ ਮੱਤ।
੬ ਪਕੜੀ ਹੈ।
੭ ਆਉਣਾ ਜਾਣਾ; ਜਨਮ ਮਰਨ।
੮ ਸਿਮਰਨ ਨਾਲ।
੯ ਜਿਸ ਨੂੰ ਹਰੀ ਨੇ ਪੂਰਾ ਕੀਤਾ ਹੈ, ਉਹ ਪੂਰਨ ਕਦੀ ਡੋਲਦਾ ਨਹੀਂ।
੧੦ ਦਿਨੋਂ ਦਿਨ ਵਧਦਾ ਹੈ।
੧੧ ਘਟ।
੧੨ ਪੁੰਨਿਆ ਦੁਆਰਾ ਕਹਿੰਦੇ ਹਨ।
੧੩ ਗੁਣਾਂ ਦਾ ਖ਼ਜ਼ਾਨਾ।
੧੪ ਪ੍ਰਭੂ ਅੰਦਰ ਦੀਆਂ ਜਾਨਣ ਵਾਲਾ, ਸਿਆਣਾ, ਸਮਝ ਵਿੱਚ ਨਾ ਆਉਣ ਵਾਲਾ ਅਤੇ ਮਾਇਆ ਤੋਂ ਰਹਿਤ ਹੈ।
੧੫ ਡਿਗਿਆਂ ਨੂੰ ਤਾਰਨ ਵਾਲਾ।
੧੬ ਸੰਸਾ, ਸ਼ਕ, ਭਰਮ।
੧੭ ਜੋ ਮਨ ਵਿੱਚ ਚਿਤਵੇ ਹੋਣ; ਮਨ-ਮੰਗੇ।
੧੮ ਪਾਪ।
੧੯ ਲੋਕ ਤੇ ਪਰਲੋਕ।
੨੦ ਮਾਇਆ (ਉਸ ਨੂੰ ਅਸਰ ਨਹੀਂ ਕਰਦੀ)।
੨੧ ਸੁਰਤ ਵਾਲਾ, ਉੱਚੀ ਬਿਰਤੀ ਵਾਲਾ।
੨੨ ਉੱਚੀ ਕੁਲ ਵਾਲਾ।
੨੩ (ਚਰਨਾਂ ਦੀ) ਧੂੜੀ।
੨੪ ਇਕੋ ਜੇਹਾ।
੨੫ ਇਕੋ ਨਜ਼ਰ ਨਾਲ।
੨੬ ਮਨ ਦੀ ਭਾਵਨਾ ਅਨੁਸਾਰ ਪਾਈਦਾ ਹੈ।
੨੭ ਜ਼ਹਿਰ।
੨੮ ਗੁਰੂ ਦੁਆਰਾ।

* ਦੇਖੋ ਪੰਨਾ ੮੩, ਫੁਟ ਨੋਟ *।

ਅੰਮ੍ਰਿਤੁ ਹਰਿ ਉਰ ਧਾਰਿ[੧] ॥ ਸਭਿ ਕਾਰਜ ਤਿਨ ਕੇ ਸਿਧਿ[੨] ਹਹਿ [੩]ਜਿਨ
ਗੁਰਮੁਖਿ ਕਿਰਪਾ ਧਾਰਿ ॥ ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ
ਸਿਰਜਣਹਾਰਿ ॥ ੨ ॥ ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ
ਗੋਸਾਈ ॥ ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ[੪] ॥ ਤੇਰੀ ਸਿਫਤਿ
ਸੁਆਲਿਉ[੫] ਸਰੂਪ[੬] ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ
ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ
ਵਡਿਆਈ ॥ ੧ ॥ ਸਲੋਕ ਮਃ ੪ ॥ ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ
ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ[੭] ਵਾਦੁ[੮] ॥ [੯]ਜਿਨ
ਸਾਲਾਹਨਿ ਸੇ ਮਰਹਿ ਖਪਿ [੧੦]ਜਾਵੈ ਸਭੁ ਅਪਵਾਦੁ ॥ ਜਨ ਨਾਨਕ ਗੁਰਮੁਖਿ
ਉਬਰੇ ਜਪਿ ਹਰਿ ਹਰਿ ਪਰਮਾਨਾਦੁ[੧੧] ॥ ੧ ॥ ਮਃ ੪ ॥ [੧੨]ਸਤਿਗੁਰ ਹਰਿ
ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ ॥ ਨਾਨਕ ਨਾਮੁ ਪਵਿਤੁ ਹਰਿ ਮੁਖਿ
ਬੋਲੀ ਸਭਿ ਦੁਖ ਪਰਹਰੀ[੧੩] ॥ ੨ ॥ ਪਉੜੀ ॥ ਤੂ ਆਪੇ ਆਪਿ ਨਿਰੰਕਾਰੁ
ਹੈ ਨਿਰੰਜਨ[੧੪] ਹਰਿ ਰਾਇਆ ॥ [੧੫]ਜਿਨੀ ਤੂ ਇਕ ਮਨਿ ਸਚੁ ਧਿਆਇਆ
ਤਿਨ ਕਾ ਸਭੁ ਦੂਖੁ ਗਵਾਇਆ ॥ ਤੇਰਾ ਸਰੀਕੁ ਕੋ ਨਾਹੀ ਜਿਸ ਨੋ [੧੬]ਲਵੈ
ਲਾਇ ਸੁਣਾਇਆ ॥ ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ ਤੂ ਹੈ ਸਚੁ ਮੇਰੈ
ਮਨਿ ਭਾਇਆ ॥ ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ[੧੭] ॥ ੨ ॥ ਸਲੋਕ
ਮਃ ੪ ॥ *ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ[੧੮] ਦੁਰਜਨਾ[੧੯] ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥ ੧ ॥ ਮਃ ੪ ॥ [੨੦]ਮਨੁ
ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣਤਾਸੁ ॥ ਜਨ ਨਾਨਕ ਹਰਿ
ਸਰਣਾਗਤੀ ਹਰਿ ਮੇਲੇ [੨੧]ਗੁਰ ਸਾਬਾਸਿ ॥ ੨ ॥ ਪਉੜੀ ॥ ਤੂ ਕਰਤਾ ਪੁਰਖੁ
ਅਗੰਮੁ[੨੨] ਹੈ ਕਿਸੁ ਨਾਲਿ ਤੂ ਵੜੀਐ[੨੩] ॥ ਤੁਧੁ ਜੇਵਡੁ ਹੋਇ ਸੁ ਆਖੀਐ
ਤੁਧੁ ਜੇਹਾ ਤੂਹੈ ਪੜੀਐ[੨੪] ॥ [੨੫]ਤੂ ਘਟਿ ਘਟਿ ਇਕੁ ਵਰਤਦਾ [੨੬]ਗੁਰਮੁਖਿ
ਪਰਗੜੀਐ ॥ ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ[੨੭] ॥ ਤੂ
ਕਰਹਿ ਸੁ ਸਚੇ ਹੋਇਸੀ ਤਾ [੨੮]ਕਾਇਤੁ ਕੜੀਐ ॥ ੩ ॥ ਸਲੋਕ ਮਃ ੪ ॥
ਮੈ ਮਨਿ ਤਨਿ ਪ੍ਰੇਮੁ [੨੯]ਪਿਰੰਮ ਕਾ [੩੦]ਅਠੇ ਪਹਰ ਲਗੰਨਿ ॥ ਜਨ ਨਾਨਕ
†ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥ ੧ ॥ ਮਃ ੪ ॥ ਜਿਨ ਅੰਦਰਿ
ਪ੍ਰੀਤਿ ਪਿਰੰਮ ਕੀ [੩੧]ਜਿਉ ਬੋਲਨਿ ਤਿਵੈ ਸੋਹੰਨਿ[੩੨] ॥ ਨਾਨਕ ਹਰਿ ਆਪੇ
ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ[੩੩] ॥ ੨ ॥ ਪਉੜੀ ॥ ਤੂ ਕਰਤਾ ਆਪਿ
ਅਭੁਲੁ ਹੈ ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ
ਬੁਝਾਹੀ ॥ ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥ ਤੂ ਸਾਹਿਬੁ ਅਗਮੁ

੧ ਦਿਲ ਵਿੱਚ ਰੱਖ।
੨ ਸਫਲ।
੩ ਜਿਨ੍ਹਾਂ ਨੂੰ ਗੁਰੂ ਦੁਆਰਾ ਕਿਰਪਾ ਹੋਈ ਹੈ।
੪ ਚਰਨੀਂ।
੫ [ਸੁ-ਆਲਯ=ਸੁੰਦਰਤਾ ਦਾ ਘਰ] ਸੁੰਦਰ।
੬ ਸੋਹਣੇ ਰੂਪ ਵਾਲੀ। "ਸੁਘੜ ਸਰੂਪ ਦਇਆਲ ਮੁਰਾਰੇ" (ਸੂਹੀ ਮ: ੫-੭੩੭)।
੭ "ਮੈਂ" ਦਾ ਭਾਵ, ਖ਼ੁਦਗਰਜ਼ੀ।
੮ ਝਗੜਾ (ਲੋਕਾਂ ਨਾਲ ਖਹਿਣ ਵਾਲੇ ਅਵਤਾਰਾਂ ਵੱਲ ਇਸ਼ਾਰਾ ਹੈ)।
੯ ਜਿਨ੍ਹਾਂ ਹੰਕਾਰੀਆਂ ਨੂੰ ਸਲਾਹੁੰਦੇ ਹਨ ਓਹ ਖਪ ਕੇ ਮਰ ਜਾਂਦੇ ਹਨ।
੧੦ ਸਾਰਾ ਝਗੜਾ ਹੀ ਮੁਕ ਜਾਂਦਾ ਹੈ।
੧੧ ਪਰਮ-ਅਨੰਦ ਵਾਹਿਗੁਰੂ ਨੂੰ।
੧੨ ਹੇ ਸਤਿਗੁਰ! ਮੈਨੂੰ ਹਰੀ-ਪ੍ਰਭੂ ਦੱਸ, ਤਾਕਿ ਮੈਂ ਆਪਣੇ ਦਿਲ ਵਿੱਚ ਹਰੀ ਦਾ ਨਾਮ ਸਿਮਰਾਂ।
੧੩ ਦੂਰ ਕਰਾਂ।
੧੪ ਮਾਇਆ ਤੋਂ ਰਹਿਤ।
੧੫ ਜਿਨ੍ਹਾਂ ਨੇ ਇਕਾਗਰ ਹੋ ਕੇ ਤੈਨੂੰ ਸੱਚ ਕਰਕੇ ਯਾਦ ਕੀਤਾ ਹੈ।
੧੬ ਬਰਾਬਰੀ ਦੇ ਕੇ ਬਿਆਨ ਕਰਾਂ।
੧੭ ਨਾਮ।
੧੮ ਆਪਣੇ ਮਨ ਪਿੱਛੇ ਚਲਣ ਵਾਲੇ, ਆਪ-ਹੁਦਰੇ।
੧੯ ਮਾੜੇ ਪੁਰਸ਼।
੨੦ ਗੁਰਮੁਖਾਂ ਦਾ ਮਨ ਤੇ ਤਨ ਰੰਗਿਆ ਪਿਆ ਹੈ, ਗੁਣਾਂ ਦੇ ਖ਼ਜ਼ਾਨੇ ਹਰੀ ਦੇ ਰੰਗ ਵਿੱਚ।
੨੧ ਗੁਰੂ ਦੀ ਅਸੀਸ ਨਾਲ।
੨੨ ਪਹੁੰਚ ਤੋਂ ਪਰ੍ਹੇ।
੨੩ ਵਡਿਆਈਏ, ਤੁਲਤਾ ਦਈਏ।
੨੪ ਕਹੀਦਾ ਹੈ।
੨੫ ਤੂੰ ਭਿੰਨ-ਭਿੰਨ ਸਰੀਰਾਂ ਵਿੱਚ ਇਕੋ ਹੀ ਵਿਆਪਕ ਹੈਂ।
੨੬ ਗੁਰੂ ਦਵਾਰਾ ਪ੍ਰਗਟ ਹੁੰਦਾ ਹੈਂ।
੨੭ ਚੜ੍ਹਿਆ ਹੋਇਆ। ਤੂੰ ਸਭ ਤੋਂ ਵੱਡਾ ਹੈਂ।
੨੮ ਕਿਸ ਲਈ ਦੁਖੀ ਹੋਵੀਏ?
੨੯ ਪਿਆਰੇ ਦਾ।
੩੦ ਅੱਠੇ ਪਹਿਰ (ਮੇਰਾ ਤਨ ਤੇ ਮਨ) ਉਸੇ ਪਾਸੇ ਲੱਗੇ ਰਹਿੰਦੇ ਹਨ।
੩੧ ਜਿਵੇਂ ਬੋਲਦੇ ਹਨ ਤਿਵੇਂ ਹੀ ਚੰਗੇ ਲੱਗਦੇ ਹਨ, ਭਾਵ ਆਪਣਾ ਖਿਆਲ ਚੰਗੀ ਤਰ੍ਹਾਂ ਜ਼ਾਹਰ ਕਰ ਸਕਣ ਜਾਂ ਨਾ ਕਰ ਸਕਣ; ਟੁੱਟੇ-ਫੁੱਟੇ ਲਫ਼ਜ਼ ਬੋਲਣ, ਤਾਂ ਭੀ ਉਨ੍ਹਾਂ ਦਾ ਬੋਲਿਆ ਸੋਹਣਾ ਹੀ ਲੱਗਦਾ ਹੈ। ਰੱਬ ਉਨ੍ਹਾਂ ਦਾ ਭਾਵ ਆਪੇ ਸਮਝ ਲੈਂਦਾ ਹੈ।
੩੨ ਸੋਹਣੇ ਲੱਗਦੇ ਹਨ।
੩੩ ਪਿਆਰੇ ਨੇ। ਜਿਸ ਪਿਆਰੇ ਨੇ ਪ੍ਰੀਤ-ਲਾਈ ਹੈ। ਉਹ ਆਪ ਸਮਝ ਲੈਂਦਾ ਹੈ।

* ਇਹੋ ਸ਼ਲੋਕ ਪੰਨਾ ੧੩੧੭ ਉੱਤੇ ਕਾਨੜੇ ਦੀ ਵਾਰ ਵਿੱਚ ਅਤੇ ਪੰਨਾ ੧੪੨੪ ਉੱਤੇ ਸ਼ਲੋਕ ਵਾਰਾਂ ਤੇ ਵਧੀਕ ਵਿੱਚ ਭੀ ਆਇਆ ਹੈ।

† ਹੇ ਪ੍ਰਭੂ, ਕਿਰਪਾ ਕਰ ਕਿ (ਮੇਰਾ ਮਨ ਤੇ ਤਨ) ਸਤਿਗੁਰੂ ਦੇ ਸੁਖ ਵਿੱਚ ਵੱਸਦੇ ਰਹਿਣ। ਭਾਵ ਜਿਵੇਂ ਸਤਿਗੁਰੂ ਸੁਭਾਵਕ ਸੁਖ ਵਿੱਚ ਰਹਿੰਦਾ ਹੈ, ਤਿਵੇਂ ਮੈਂ ਭੀ ਰਹਾਂ। ਇਸੇ ਤਰ੍ਹਾਂ ਕਈ ਥਾਂ 'ਤੇ "ਗੁਰ ਕੈ ਸਹਜਿ ਸੁਭਾਇ" ਮੰਗਿਆ ਹੁੰਦਾ ਹੈ।

ਦਇਆਲੁ ਹੈ ਸਭਿ ਤੁਧੁ ਧਿਆਹੀ ॥ ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ ॥ ੪ ॥ ਸਲੋਕ ਮਃ ੪ ॥ [੧]ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥ [੨]ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ [੩]ਸੁਖਿ ਸਵੰਨਿ ॥ ੧ ॥ ਮਃ ੪ ॥ ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ ॥ ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥ ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ[੪] ਨ ਕੋਇ ॥ ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥ ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥ ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ[੫] ਕਿਛੁ ਗੁਝਾ ਨ ਹੋਇ ॥ ੨ ॥ ਪਉੜੀ ॥ ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥ ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥ ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ[੬] ॥ ਜਿਸ ਨੋ ਸਤਿਗੁਰੁ ਮੇਲੇ ਸੁ [੭]ਗੁਣ ਰਵੈ ਗੁਣ ਆਖਿ ਵਖਾਣੀ ॥ ਨਾਨਕ ਸਚਾ ਸਚੁ ਹੈ [੮]ਬੁਝਿ ਸਚਿ ਸਮਾਣੀ ॥ ੫ ॥ ਸਲੋਕ ਮਃ ੪ ॥ ਹਰਿ ਸਤਿ ਨਿਰੰਜਨ[੯] ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ[੧੦] ॥ ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥ ਜਿਨ ਗੁਰਮੁਖਿ[੧੧] ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ[੧੨] ॥ ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥ ਸਤਿਗੁਰ ਵਿਚਿ ਆਪਿ[੧੩] ਵਰਤਦਾ ਹਰਿ ਆਪੇ ਰਖਣਹਾਰੁ ॥ ਧਨੁ ਧੰਨੁ [੧੪]ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ ॥ ਜਨ ਨਾਨਕ ਤਿਨ ਕਉ ਵਾਰਿਆ[੧੫] ਜਿਨ ਜਪਿਆ ਸਿਰਜਣਹਾਰੁ ॥ ੧ ॥ ਮਃ ੪ ॥ ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥ ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ[੧੬] ॥ ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ[੧੭] ॥ ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ[੧੮] ਕਟੇ ਤਾਸੁ[੧੯] ॥ ੨ ॥ ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥ ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ[੨੦] ਨੇੜਿ ਨ ਆਵੈ ॥ ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥ ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥ ੬ ॥ ਸਲੋਕ ਮਃ ੪ ॥ [੨੧]ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥ ਓਨਾ [੨੨]ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ[*] ॥

੧ ਸੱਜਣ ਦਾ ਪਿਆਰ-ਸੁਨੇਹਾ ਸੁਣ ਕੇ ਅੱਖਾਂ ਦੀ ਨੀਝ ਉਡੀਕ ਵਿੱਚ ਲੱਗ ਜਾਂਦੀ ਹੈ।

੨ ਗੁਰੂ ਦੇ ਪ੍ਰਸੰਨ ਹੋਣ ਨਾਲ।

੩ ਅੱਖੀਂ ਸੁਖ ਵਿੱਚ ਸੌਂਦੀਆਂ ਹਨ।

੪ ਟਿਕਿਆ। ਉਨ੍ਹਾਂ ਵੈਰੀਆਂ ਵਿਚੋਂ ਕੋਈ ਵੀ ਠਹਿਰ ਨਾ ਸਕਿਆ।

੫ ਜਿਸ ਤੋਂ।

੬ ਅਣਜਾਣ, ਮੂਰਖ।

੭ ਹਰੀ ਦੇ ਗੁਣ ਆਪ ਸਿਮਰਦਾ ਹੈ ਤੇ ਹੋਰਨਾਂ ਨੂੰ ਆਖ ਕੇ ਸੁਣਾਂਦਾ ਹੈ।

੮ ਉਸ ਸੱਚੇ ਨੂੰ ਬੁਝ ਕੇ ਸੱਚ ਵਿੱਚ ਸਮਾਅ ਜਾਈਦਾ ਹੈ।

੯ ਮਾਇਆ ਤੋਂ ਰਹਿਤ।

੧੦ ਅਕਾਰ ਤੋਂ ਰਹਿਤ।

੧੧ ਗੁਰੂ ਦੁਆਰਾ।

੧੨ ਲੋਕੀਂ ਜੈ ਜੈ ਕਰ ਕੇ ਪ੍ਰਨਾਮ ਕਰਦੇ ਹਨ।

੧੩ ਵਾਹਿਗੁਰੂ ਆਪ।

੧੪ ਗੁਰੂ ਜੋ ਹਰੀ ਦੇ ਗੁਣ ਗਾਉਂਦਾ ਹੈ।

੧੫ ਕੁਰਬਾਨ ਹਾਂ।

੧੬ ਗਿਰਾਹੀ, ਖੁਰਾਕ।

੧੭ ਗੁਣਾਂ ਦਾ ਖ਼ਜ਼ਾਨਾ।

੧੮ ਪਾਪ।

੧੯ ਤਿਸ ਦੇ।

੨੦ [ਕਿੰਕਰ=ਦਾਸ, ਸੇਵਕ] ਦੂਤ।

੨੧ ਸਤਿਗੁਰੂ ਧਰਮ ਨਿਆਂ ਦੀ ਧਰਤੀ ਹੈ।

੨੨ ਲੋਕ ਪਰਲੋਕ।

* ਖਿਲ੍ਹਤ ਨਾਲ ਸਨਮਾਨੇ ਗਏ। ਉਨ੍ਹਾਂ ਨੂੰ ਹਰੀ ਸੱਚੀ ਦਰਗਾਹ ਵਿੱਚ ਮਾਣ ਦਿੰਦਾ ਹੈ।

ਇਕਨ੍ਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥ ਜਾ ਸਤਿਗੁਰੁ ਸਰਾਫੁ[੧] ਨਦਰਿ ਕਰਿ ਦੇਖੈ ਸੁਆਵਗੀਰ[੨] ਸਭਿ [੩]ਉਘੜਿ ਆਏ॥ ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ[੪] ਵਜਾਏ॥ ਨਾਨਕ [੫]ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ [੬]ਚਲਤ ਸਬਾਏ॥ ੧॥ ਮਃ ੪॥ [੭]ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ॥ ਕੋਈ ਗਲਾ ਕਰੇ ਘਨੇਰੀਆ[੮] ਜਿ ਘਰਿ ਵਥੁ ਹੋਵੈ ਸਾਈ ਖਾਇ॥ ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ॥ ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ[੯] ਘਰਿ ਘਰਿ ਮੰਗਾਇ॥ ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ[੧੦] ਲਹਿ ਜਾਇ॥ ਜਿਸੁ ਹੋਵੈ ਪੂਰਬਿ[੧੧] ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥ ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ[੧੨] ਹੋਇ ਜਾਇ॥ ਜਨ ਨਾਨਕ ਕੇ ਪ੍ਰਭ ਤੂ ਧਣੀ[੧੩] ਜਿਉ ਭਾਵੈ ਤਿਵੈ ਚਲਾਇ॥ ੨॥ ਪਉੜੀ॥ ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ॥ ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ॥ [੧੪]ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ॥ ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ[੧੫]॥ ੭॥ ਸਲੋਕ ਮਃ ੪॥ ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ[੧੬] ਹਰਿ ਹਰਿ ਨਾਮੁ ਧਿਆਵੈ॥ ਹਰਿ ਹਰਿ ਨਾਮੁ [੧੭]ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ[੧੮]॥ ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ[੧੯] ਹਰਿ ਨਾਮੋ [੨੦]ਰਖ ਕਰਾਵੈ॥ ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ [੨੧]ਮਾਰ ਦਿਵਾਵੈ॥ ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ॥ ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ[੨੨] ਪਾਇ ਗਲਾਵੈ॥ ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ[੨੩] ਜਾ ਹਰਿ ਹਰਿ ਨਾਮੁ ਧਿਆਵੈ॥ *ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ॥ ੧॥ ਮਃ ੪॥ ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ[੨੪] ਅਗਿਆਨੁ [੨੫]ਮੁਠਾ ਬਿਖੁ ਮਾਇਆ॥ ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ[੨੬] ਝਗੜੇ ਦਯਿ ਓਸ ਦੈ ਗਲਿ ਪਾਇਆ॥ ਓਹੁ [੨੭]ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ[੨੮]॥ ਓਹੁ ਘਰਿ ਘਰਿ ਹੰਢੈ[੨੯] ਜਿਉ ਰੰਨ ਦੋੁਹਾਗਣਿ[੩੦] ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ[੩੧] ਲਾਇਆ॥ ਗੁਰਮੁਖਿ ਹੋਇ ਸੁ ਅਲਿਪਤੋ[੩੨] ਵਰਤੈ [੩੩]ਓਸ ਦਾ ਪਾਸੁ ਛਡਿ ਗੁਰ

੧ [ਅਰਬੀ] ਸੋਨਾ ਆਦਿ ਪਰਖਣ ਵਾਲਾ; ਪਾਰਖੂ।
੨ ਸੁਆਰਥ ਨੂੰ ਪਕੜਨ ਵਾਲੇ, ਮਤਲਬੀ, ਖ਼ੁਦਗ਼ਰਜ਼।
੩ ਜ਼ਾਹਿਰ ਹੋ ਜਾਂਦੇ ਹਨ।
੪ ਹਰੀ ਨੇ। ਦੇਖੋ ਨੇਮ ੨੦ ੳ। ਜੇਹੇ ਹਨ ਤੇਹੇ ਹਰੀ ਉਨ੍ਹਾਂ ਨੂੰ ਪ੍ਰਗਟ ਕਰ ਦਿੰਦਾ ਹੈ।
੫ ਚੰਗੇ ਤੇ ਮੰਦੇ ਪਾਸੇ ਉਸੇ ਦੇ ਹੁਕਮ ਵਿੱਚ ਹਨ।
੬ ਸਾਰੇ ਚੋਜ।
੭ ਮਨੁੱਖ ਦਾ ਮਨ ਇਕੋ ਹੈ, ਇਸ ਲਈ ਆਪਣੇ ਸੁਭਾਵ ਅਨੁਸਾਰ ਇਕ ਪਾਸੇ (ਚੰਗੇ ਜਾਂ ਮੰਦੇ ਪਾਸੇ) ਲੱਗਦਾ ਹੈ। ਜਿਸ ਪਾਸੇ ਲੱਗਦਾ ਹੈ ਉਸੇ ਨੂੰ ਸਿੱਧ ਕਰਦਾ ਹੈ।
੮ ਬਹੁਤੀਆਂ। ਭਾਵੇਂ ਬਹੁਤੀਆਂ ਗੱਲਾਂ ਪਿਆ ਕਰੇ, ਜਿਹੜੀ ਵਸਤ ਉਸ ਦੇ ਪੱਲੇ ਹੁੰਦੀ ਹੈ, ਉਹੀ ਖਾਂਦਾ ਹੈ।
੯ ਟੱਡਦੇ ਹਨ।
੧੦ ਪਖੰਡ, ਉੱਤੋਂ-ਉੱਤੋਂ ਦਾ ਦਿਖਾਵਾ।
੧੧ ਪਹਿਲੋਂ ਦਾ; ਵਾਹਿਗੁਰੂ ਵਲੋਂ।
੧੨ ਸੋਨਾ।
੧੩ ਮਾਲਕ।
੧੪ ਔਗੁਣ ਪੱਲਰ (ਫੂਸ) ਦੇ ਭਾਅ ਵਿਕਦੇ ਹਨ, ਭਾਵ ਸਹਿਜੇ ਹੀ ਦੂਰ ਹੋ ਜਾਂਦੇ ਹਨ। ਜਿਸ ਨੂੰ ਤੂੰ, ਹੇ ਸੱਚੇ! ਗੁਣ ਦਿੰਦਾ ਹੈਂ, ਉਹੋ ਪਾਂਦਾ ਹੈ।
੧੫ ਕਹਿੰਦਾ ਹੈ।
੧੬ ਹਰ ਰੋਜ਼।
੧੭ ਸਿਮਰਦਿਆਂ ਹੀ ਸੁੱਚ ਸੰਜਮ ਪ੍ਰਾਪਤ ਹੁੰਦੀ ਹੈ। ਸੰਜਮ=ਮਨ ਨੂੰ ਵਿਸ਼ਿਆਂ ਵਲੋਂ ਰੋਕਣ ਦਾ ਕੰਮ।
੧੮ ਰੱਜਦਾ ਹੈ।
੧੯ ਹਾਕਮ ਜਾਂ ਉਸ ਦੀ ਕਚਹਿਰੀ, ਜਿਥੇ ਜ਼ੋਰ-ਜ਼ੁਲਮ ਦੇ ਵਿਰੁੱਧ ਫਰਿਆਦ ਸੁਣੀ ਜਾਂਦੀ ਹੈ।
੨੦ ਰੱਖਿਆ ਕਰਦਾ ਹੈ।
੨੧ ਮਾਰ ਪਵਾਂਦਾ ਹੈ।
੨੨ ਚੋਰ, ਜਿਵੇਂ ਚੋਰ ਦੇ ਗਲ ਵਿੱਚ ਰੱਸਾ ਪਾ ਕੇ।
੨੩ ਬਚ ਸਕਦਾ ਹੈ।
੨੪ ਆਪ-ਹੁਦਰਾ।
੨੫ ਠੱਗਿਆ ਹੋਇਆ ਹੈ ਵਿਹੁ ਰੂਪ ਮਾਇਆ ਦਾ।
੨੬ ਜਿਨ੍ਹਾਂ ਦੀ ਹਸਤੀ ਨਹੀਂ। ਹਰੀ ਨੇ ਉਸ ਦੇ ਗਲ ਨਿਕੰਮੇ ਝਗੜੇ ਪਾਏ ਹਨ।
੨੭ ਗੱਲਾਂ ਵੇਚਣੀਆਂ, ਗੱਲਾਂ ਦੀ ਖੱਟੀ ਖਾਣੀ, ਗੱਪਾਂ ਮਾਰਨੀਆਂ।
੨੮ ਚੰਗਾ ਲੱਗਾ।
੨੯ ਫਿਰਦਾ ਹੈ।
੩੦ ਪਤੀ ਦੀ ਛੱਡੀ ਹੋਈ, ਛੂਟੜ।
੩੧ ਕਲੰਕ; ਬਦਨਾਮੀ।
੩੨ ਅਸੰਗ (ਅਲੱਗ ਰਹਿੰਦਾ ਹੈ)।
੩੩ ਮਨਮੁਖ ਦਾ ਪਾਸ (ਸੰਗ) ਛੱਡ ਕੇ।

* ਗੁਰੂ ਜੀ ਉਸ ਵਕਤ ਦੇ ਗੁਰ-ਗੱਦੀ ਦੇ ਵਿਰੋਧੀਆਂ ਬਾਬਤ ਗੱਲਾਂ ਦੱਸ ਰਹੇ ਹਨ, ਅਤੇ ਜ਼ਰਾ ਕਰੜੀਆਂ ਹੋਣ ਕਰਕੇ ਬੜੀ ਸੰਜੀਦਗੀ ਨਾਲ ਫੁਰਮਾਂਦੇ ਹਨ: "ਮੈਂ ਹਰੀ ਦੀਆਂ ਗੱਲਾਂ ਆਖ ਕੇ ਸੁਣਾ ਰਿਹਾ ਹਾਂ। ਕੀ ਕਰਾਂ, ਵਾਹਿਗੁਰੂ ਨੂੰ ਮਨਜ਼ੂਰ ਹੀ ਇਵੇਂ ਹੈ।" ਹੋਰ ਦੇਖੋ ਬਾਰ੍ਹਵੀਂ ਪਉੜੀ ਦੇ ਪਹਿਲੇ ਸ਼ਲੋਕ ਦਾ ਅੰਤ।

ਇਸ ਬਾਣੀ ਵਿੱਚ ਗੁਰੂ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਰੁੱਧ ਜੋ ਕੋਈ ਪਾਰਟੀ ਖੜੀ ਹੋਣ ਦਾ ਯਤਨ ਕਰ ਰਹੀ ਸੀ, ਉਸ ਨੂੰ ਸਮਝਾ ਰਹੇ ਹਨ ਕਿ ਸਤਿਗੁਰੂ ਕੇਵਲ ਇਕ ਹੈ, ਜਿਸ ਨੂੰ "ਹੋਦੈ ਗੁਰੂ ਬਹਿ ਟਿਕਿਆ", ਉਸੇ ਨੂੰ ਪ੍ਰਤੱਖ ਗੁਰੂ ਮੰਨੋ, ਉਸੇ ਦੀ ਬਾਣੀ ਨੂੰ ਪ੍ਰਮਾਣੀਕ ਕਰਕੇ ਪੜ੍ਹੋ ਤੇ ਕਿਸੇ ਨਵੀਂ ਗੱਦੀ ਲਾਣ ਵਾਲੇ ਦੇ ਦੁਆਲੇ ਇਕੱਠੇ ਨਾ ਹੋਵੋ। ਸਿੱਖੀ ਦਾ ਕੇਂਦਰ ਇਕੋ ਰਖੋ।

ਪਾਸਿ ਬਹਿ ਜਾਇਆ॥ ਜੋ ਗੁਰੁ ਗੋਪੇ[੧] ਆਪਣਾ ਸੁ ਭਲਾ ਨਾਹੀ ਪੰਚਹੁ[੨] ਓਨਿ ਲਾਹਾ ਮੂਲੁ ਸਭੁ ਗਵਾਇਆ॥ ਪਹਿਲਾ ਆਗਮੁ[੩] ਨਿਗਮੁ[੪] ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ॥ ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ [੫]ਮਨਮੁਖਾ ਓਹ ਵੇਲਾ ਹਥਿ ਨ ਆਇਆ॥ ੨॥ ਪਉੜੀ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ[੬]॥ ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ[੭]॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ॥ ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ[੮]॥ ੮॥ ਸਲੋਕ ਮਃ ੪॥ ਹਰਿ ਪ੍ਰਭ ਕਾ ਸਭੁ ਖੇਤੁ[੯] ਹੈ ਹਰਿ ਆਪਿ ਕਿਰਸਾਣੀ[੧੦] ਲਾਇਆ॥ ਗੁਰਮੁਖਿ [੧੧]ਬਖਸਿ ਜਮਾਈਅਨੁ ਮਨਮੁਖੀ[੧੨] ਮੂਲੁ ਗਵਾਇਆ॥ ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ॥ ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥ ਜਮੁ ਚੂਹਾ ਕਿਰਸ[੧੩] [੧੪]ਨਿਤ ਕੁਰਕਦਾ [੧੫]ਹਰਿ ਕਰਤੈ ਮਾਰਿ ਕਢਾਇਆ॥ ਕਿਰਸਾਣੀ[੧੬] ਜੰਮੀ ਭਾਉ ਕਰਿ ਹਰਿ ਬੋਹਲ[੧੭] ਬਖਸ ਜਮਾਇਆ॥ ਤਿਨ ਕਾ [੧੮]ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ॥ ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ॥ ੧॥ ਮਃ ੪॥ ਸਾਰਾ ਦਿਨੁ ਲਾਲਚਿ ਅਟਿਆ[੧੯] ਮਨਮੁਖਿ [੨੦]ਹੋਰੇ ਗਲਾ॥ ਰਾਤੀ [੨੧]ਊਘੈ ਦਬਿਆ [੨੨]ਨਵੇ ਸੋਤ ਸਭਿ ਢਿਲਾ॥ ਮਨਮੁਖਾ ਦੈ ਸਿਰਿ ਜੋਰਾ[*] ਅਮਰੁ ਹੈ ਨਿਤ ਦੇਵਹਿ ਭਲਾ॥ ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ[੨੩] ਖਲਾ[੨੪]॥ ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ [੨੫]ਪੁਛਿ ਚਲਾ॥ ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ॥ ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ[੨੬]॥ ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ॥ ੨॥ ਪਉੜੀ॥ ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ॥ ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ [੨੭]ਗੁਰਬਾਣੀ ਬਣੀਐ॥ ਸਤਿਗੁਰ ਕੀ ਰੀਸੈ ਹੋਰਿ [੨੮]ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥ ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ[੨੯]॥ ੯॥ ਸਲੋਕ ਮਃ ੪॥ ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ[੩੦]॥ ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ[੩੧]॥

੧ ਛੁਪਾਉਂਦਾ ਹੈ; ਭਾਵ ਪ੍ਰਤੱਖ ਤੌਰ 'ਤੇ ਉਸ ਨੂੰ ਆਪਣਾ ਗੁਰੂ ਮੰਨਣ ਤੋਂ ਝਿਜਕਦਾ ਹੈ।
੨ ਹੇ ਪੰਚੋ!
੩ ਸ਼ਾਸਤਰ।
੪ ਵੇਦ। ਹੋਰ ਕੁਝ ਕਹਿਣ ਤੋਂ ਪਹਿਲਾਂ ਵੇਦ ਸ਼ਾਸਤਰ ਨੂੰ ਹੀ ਆਖ ਕੇ ਦੱਸਦਾ ਹੈ, ਭਾਵ ਇਨ੍ਹਾਂ ਦੀ ਗਵਾਹੀ ਨਾਲ ਸਿੱਧ ਕਰਦਾ ਹੈ। ਇਸ ਤੋਂ ਉਪ੍ਰੰਤ ਪੂਰੇ ਗੁਰੂ ਦਾ ਬਚਨ, ਜੋ ਸਭ ਤੋਂ ਵਧੀਕ ਪ੍ਰਮਾਣੀਕ ਹੈ, ਦੱਸ ਕੇ ਸਿਧ ਕਰਦਾ ਹੈ ਕਿ ਗੁਰਸਿੱਖਾਂ ਨੂੰ ਗੁਰੂ ਦੀ ਵਡਿਆਈ ਭਾਉਂਦੀ ਹੈ।
੫ ਮਨਮੁਖਾਂ ਨੂੰ (ਇਹ ਸੁਣ ਕੇ) ਪਛਤਾਵਾ ਲੱਗਦਾ ਹੈ।
੬ ਟਿੱਕਾ ਲਾਵੇ; ਗੱਦੀ ਦੇਵੇ।
੭ ਖਿੱਚ ਕੇ (ਬੰਨ੍ਹ ਲਏ)।
੮ ਭੁੱਲੇ ਹੋਏ, ਵਿਛੜੇ ਹੋਏ ਹਨ।
੯ ਸਰੀਰ ਰੂਪ ਖੇਤ।
੧੦ ਖੇਤੀ ਦੇ ਕੰਮ ਵਿੱਚ।
੧੧ ਬਖ਼ਸ਼ਿਸ਼ ਨਾਲ ਜਮਾਂਦਾ (ਪੈਦਾ ਕਰਦਾ) ਹੈ।
੧੨ ਗੁਰੂ ਤੋਂ ਬੇਮੁਖ।
੧੩ ਖੇਤੀ ਨੂੰ।
੧੪ ਲਗਾਤਾਰ ਟੁਕਦਾ ਰਹਿੰਦਾ ਹੈ।
੧੫ ਹਰੀ ਨੇ ਮਾਰ ਕੇ ਜਮ-ਚੂਹੇ ਨੂੰ ਕੱਢ ਦਿੱਤਾ ਹੈ।
੧੬ ਖੇਤੀ।
੧੭ ਅਨਾਜ ਦੇ ਢੇਰ। ਬਖ਼ਸ਼ਿਸ਼ ਦੇ ਢੇਰ ਜਮਾਏ।
੧੮ ਝੋਰਾ ਤੇ ਫ਼ਿਕਰ।
੧੯ ਲਿਬੜਿਆ, ਭਰਿਆ।
੨੦ ਹੋਰ ਨਿਕੰਮੀਆਂ ਗੱਲਾਂ ਵਿੱਚ।
੨੧ ਨੀਂਦ ਨੇ ਦਬਾਇਆ।
੨੨ ਨੌਂ ਸੋਤਰ, ਨੌਂ ਗੋਲਕਾਂ (ਮੂੰਹ, ਨੱਕ ਆਦਿ)।
੨੩ ਗੰਦੇ।
੨੪ ਮੂਰਖ।
੨੫ ਪੁੱਛ ਕੇ ਤੁਰਦੇ ਹਨ।
੨੬ ਖੇਡਦਾ ਹੈ।
੨੭ ਗੁਰਬਾਣੀ ਦੁਆਰਾ ਹੀ ਸੱਤ ਸਰੂਪ ਬਣੀਦਾ ਹੈ।
੨੮ ਕੱਚਾ ਪਿੱਲਾ, ਚੰਗਾ ਮੰਦਾ।
੨੯ ਦੁਖੀ ਹੁੰਦੇ ਹਨ।
੩੦ ਘਾਲਦਾ ਹੈ, ਕਰਦਾ ਹੈ।
੩੧ (ਜਜ਼ਾਮ ਵਾਲਾ, ਜ਼ਜਾਮੀ) ਕੋਹੜੀ; ਕੋਹੜੀਆਂ ਨੂੰ ਬਾਹਰ ਕੱਢ ਦਿੰਦਾ ਹੈ। 'ਚੁਣਿ ਵਖਿ ਕਢੇ ਜਜਮਾਲਿਆ' (ਵਾਰ ਆਸਾ)।

* [ਜੋਰੂ] ਇਸਤ੍ਰੀਆਂ ਦਾ। ਮਨਮੁਖਾਂ ਦੇ ਸਿਰ ਇਸਤ੍ਰੀਆਂ ਦਾ ਹੁਕਮ ਹੈ, ਜੋ ਹੁਕਮ ਓਹ ਦੇਂਦੀਆਂ ਹਨ, ਮਨਮੁਖ ਭਲਾ ਕਰਕੇ ਮੰਨਦੇ ਹਨ।

ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ[੧] ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ* [੨]ਫਿਰਹਿ ਦਯਿ ਗਾਲੇ ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ[੩] ਮਨਮੁਖ[੪] ਬੇਤਾਲੇ[੫] ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ[੬] ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ[੭] ॥ ੧ ॥ ਮਃ ੪ ॥ ਜਿਨਾ ਅੰਦਰਿ ਨਾਮੁ ਨਿਧਾਨੁ[੮] ਹਰਿ ਤਿਨ ਕੇ ਕਾਜ [੯]ਦਯਿ ਆਦੇ ਰਾਸਿ ॥ ਤਿਨ [੧੦]ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ [੧੧]ਅੰਗੁ ਕਰਿ ਬੈਠਾ ਪਾਸਿ ॥ [੧੨]ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ [੧੩]ਕਰਹਿ ਸਾਬਾਸਿ ॥ ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ[੧੪] ॥ ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥ ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ [੧੫]ਚੜੈ ਸਵਾਇਆ ॥ ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ[੧੬] ॥ ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ ॥ ੨ ॥ ਪਉੜੀ ॥ ਤੂ ਸਾਹਿਬੁ ਅਗਮ[੧੭] ਦਇਆਲੁ ਹੈ ਵਡ ਦਾਤਾ ਦਾਣਾ[੧੮] ॥ ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂ ਹੈਂ ਸੁਘੜੁ ਮੇਰੈ ਮਨਿ ਭਾਣਾ ॥ ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥ ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ[੧੯] ॥ ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿ ਪਚਿ ਮੁਏ ਅਜਾਣਾ[੨੦] ॥ ੧੦ ॥ ਸਲੋਕ ਮਃ ੪ ॥ ਅਗੋ ਦੇ[੨੧] ਸਤ ਭਾਉ[੨੨] ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ ॥ [੨੩]ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ ॥ ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥ ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥ ਤਾ ਅਪਿਉ[੨੪] ਪੀਵੈ ਸਬਦੁ ਗੁਰ ਕੇਰਾ ਸਭੁ [੨੫]ਕਾੜਾ ਅੰਦੇਸਾ ਭਰਮੁ ਚੁਕਾਵੈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ[੨੬] ਹਰਿ ਗੁਣ ਗਾਵੈ ॥ ੧ ॥ ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ[੨੭] ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ [੨੮]ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ[੨੯] ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ [੩੦]ਸਾਸਿ ਗਿਰਾਸਿ ਧਿਆਏ

੧ ਕਮਾਈ ਕਰਦੇ ਹਨ (ਸ਼ਬਦ, ਸੇਵਾ ਆਦਿ ਦੀ)।
੨ ਹਰੀ ਤੋਂ ਗਾਲੇ ਹੋਏ ਫਿਰਦੇ ਹਨ।
੩ ਵਿਰਾਏ ਜਾਣ, ਪਰਚਾਏ ਜਾਣ। ਗੁਰੂ ਦੀ ਸੰਗਤ ਵਿੱਚ ਬਹੁਤ ਚਿਰ ਨਹੀਂ ਰਹਿ ਸਕਦੇ।
੪ ਆਪ-ਹੁਦਰੇ।
੫ ਭੂਤਨਿਆਂ ਵਾਂਗ ਬੇਥੁਵੇ (ਭੂਤਨੇ ਭਟਕਣ ਲਈ ਮਸ਼ਹੂਰ ਹਨ)।
੬ ਨਾਲ ਹੀ, ਭੀ ਅਤੇ। ਅਤੇ ਉਹ ਆਪਣੀ ਵਸਤ (ਆਤਮਕ ਅਨੰਦ) ਨੂੰ ਆਪ ਹੀ ਵਰਤਦਾ (ਮਾਣਦਾ) ਹੈ।
੭ ਠੱਗਣ ਵਾਲੇ।
੮ ਨਿਧੀਆਂ ਦਾ ਘਰ, ਹਰ ਤਰ੍ਹਾਂ ਦੇ ਸੁਖਾਂ ਦਾ ਖ਼ਜ਼ਾਨਾ।
੯ ਹਰੀ ਨੇ ਸਵਾਰ ਦਿੱਤੇ ਹਨ।
੧੦ ਮੁੱਕ ਗਈ ਮੁਥਾਜੀ, ਲੋਕਾਂ ਦੀ।
੧੧ ਪੱਖ ਕਰ ਕੇ, ਸਹਾਈ ਹੋ ਕੇ।
੧੨ ਜਦ ਕਰਤਾ ਉਨ੍ਹਾਂ ਦੇ ਵੱਲ (ਪੱਖ ਵਿੱਚ) ਹੈ, ਤਾਂ ਸਮਝੋ ਹਰ ਕੋਈ ਉਨ੍ਹਾਂ ਦੇ ਵੱਲ ਹੈ।
੧੩ ਧੰਨ ਧੰਨ ਕਰਦੇ ਹਨ।
੧੪ ਬੇਨਤੀ, ਅਰਦਾਸ।
੧੫ ਵੱਧਦਾ ਹੀ ਰਹਿੰਦਾ ਹੈ।
੧੬ ਸਾੜਿਆ, ਗਾਲਿਆ।
੧੭ ਅਪਹੁੰਚ, ਜਿਸ ਤਕ ਪੁੱਜ ਨਾ ਸਕੀਏ।
੧੮ ਦਾਨਾ, ਸਿਆਣਾ।
੧੯ ਮਾਣ, ਹੰਕਾਰ।
੨੦ ਮੂਰਖ।
੨੧ ਪਹਿਲਾਂ। ਪਹਿਲਾਂ ਤਾਂ ਗੁਰੂ ਨੂੰ ਆਦਰ ਭਾ ਦਿੰਦਾ ਨਹੀਂ, ਪਿੱਛੋਂ ਇਵੇਂ ਗੱਲਾਂ ਬਣਾਂਦਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਆਖਣੀਆਂ ਕੁਝ ਸਵਾਰਦੀਆਂ ਨਹੀਂ । ਇਹ ਕਥਨ ਤਪੇ ਬਾਬਤ ਹੈ, ਜੋ ਗੁਰੂ ਅਮਰਦਾਸ ਜੀ ਨਾਲ ਈਰਖਾ ਕਰਦਾ ਸੀ।
੨੨ ਸਦ-ਭਾਵ, ਨੇਕ ਭਾਵ, ਚੰਗਾ ਸਲੂਕ।
੨੩ ਦੁਚਿੱਤਾਪਨ ਵਿੱਚ।
੨੪ ਅੰਮ੍ਰਿਤ।
੨੫ ਝੋਰਾ ਤੇ ਫ਼ਿਕਰ।
੨੬ ਹਰ ਰੋਜ਼।
੨੭ ਨਿਤ ਸਵੇਰੇ।
੨੮ ਸਤਸੰਗ ਵਿੱਚ, ਜੋ ਅੰਮ੍ਰਿਤ ਦਾ ਸਰੋਵਰ ਹੈ, ਨ੍ਹਾਉਂਦਾ ਹੈ।
੨੯ ਪਾਪ।
੩੦ ਸ੍ਵਾਸ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ ਧਿਆਂਵਦਾ ਹੈ, ਭਾਵ ਹਰ ਦਮ ਯਾਦ ਕਰਦਾ ਹੈ।

* ਮੰਦੇ, ਫਿਟਕੇ ਹੋਏ। ਯਥਾ: 'ਕਰਤਬ ਕਰਨ ਭਲੇਰਿਆ ਮਦ ਮਾਇਆ ਸੁਤੇ' (ਗਉੜੀ ਕੀ ਵਾਰ ਮ: ੫)।

ਬੁਲ੍ਹੇ ਸ਼ਾਹ ਦੀਆਂ ਕਾਫੀਆਂ ਵਿੱਚ ਵੀ 'ਭਲੇਰਾ' ਮੰਦੇ ਦੇ ਅਰਥਾਂ ਵਿੱਚ ਵਰਤਿਆ ਹੈ: 'ਇਕ ਇਆਨੀ ਬਿਆ ਦਾਜ ਭਲੇਰਾ। ਸ਼ਹੁ ਗੁਣਵੰਤਾ ਬਿਆ ਰੂਪ ਚੰਗੇਰਾ।' ਦੇਸ਼ ਵਿੱਚ ਕਈ ਪਿੰਡ ਐਸੇ ਹਨ, ਜਿਨ੍ਹਾਂ ਬਾਬਤ ਲੋਕਾਂ ਦਾ ਖਿਆਲ ਹੈ ਕਿ ਓਹ ਇਨੇ ਬੁਰੇ ਹਨ ਕਿ ਉਨ੍ਹਾਂ ਦਾ ਨਾਂ ਲੈਣਾ ਭੀ ਪਾਪ ਹੈ, ਇਸ ਲਈ ਉਨ੍ਹਾਂ ਨੂੰ 'ਭਲਾ ਪਿੰਡ' ਕਹਿ ਛੱਡਦੇ ਹਨ।

ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ
ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ
ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥
ਪਉੜੀ ॥ ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ
ਅਰਾਧਦੇ [੧]ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ ਤੁਧੁਨੋ ਸਭ ਧਿਆਇਦੀ
[੨]ਸੇ ਥਾਇ ਪਏ ਜੋ ਸਾਹਿਬ ਲੋੜੇ ॥ ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ
ਸੇ ਮੁਏ ਮਰਿ ਜੰਮੇ ਕੋੜ੍ਹੇ ॥ ਓਇ ਹਾਜਰੁ[੩] ਮਿਠਾ ਬੋਲਦੇ ਬਾਹਰਿ ਵਿਸੁ ਕਢਹਿ
ਮੁਖਿ ਘੋਲੇ ॥ ਮਨਿ ਖੋਟੇ ਦਯਿ ਵਿਛੋੜੇ ॥ ੧੧ ॥ ਸਲੋਕ ਮ: ੪ ॥ [੪]ਮਲੁ
ਜੂਈ ਭਰਿਆ ਨੀਲਾ ਕਾਲਾ ਖਿਧੋਲੜਾ[੫] ਤਿਨਿ ਵੇਮੁਖਿ[੬] ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ [੭]ਗੂਹ ਪੜਿ ਸਗਵੀ ਮਲੁ ਲਾਇ
ਮਨਮੁਖੁ[੮] ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ ਤੜ[੯] ਸੁਣਿਆ ਸਭਤੁ
ਜਗਤ ਵਿਚਿ ਭਾਈ ਵੇਮੁਖੁ [੧੦]ਸਣੈ ਨਫਰੈ [੧੧]ਪਉਲੀ ਪਉਦੀ ਫਾਵਾ[੧੨] ਹੋਇ
ਕੈ ਉਠਿ ਘਰਿ ਆਇਆ ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀਂ ਫਿਰਿ [੧੩]ਆਣਿ ਘਰਿ ਪਾਇਆ ॥ [੧੪]ਹਲਤੁ ਪਲਤੁ ਦੋਵੈ
ਗਏ ਨਿਤ ਭੁਖਾ ਕੂਕੇ ਤਿਹਾਇਆ ॥ ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥ ਜੋ ਨਿੰਦਾ ਕਰੇ ਸਤਿਗੁਰ
ਪੂਰੇ ਕੀ ਸੋ ਸਾਚੈ ਮਾਰਿ ਪਚਾਇਆ[੧੫] ॥ ਏਹੁ ਅਖਰੁ[੧੬] ਤਿਨਿ ਆਖਿਆ ਜਿਨਿ
ਜਗਤੁ ਸਭੁ ਉਪਾਇਆ ॥ ੧ ॥ ਮ: ੪ ॥ ਸਾਹਿਬੁ[੧੭] ਜਿਸ ਕਾ ਨੰਗਾ ਭੁਖਾ
ਹੋਵੈ ਤਿਸ ਦਾ ਨਫਰੁ[੧੮] ਕਿਥਹੁ ਰਜਿ ਖਾਏ ॥ ਜਿ ਸਾਹਿਬ ਕੈ ਘਰਿ ਵਥੁ
ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ[੧੯] ਕਿਥਹੁ ਪਾਏ ॥ ਜਿਸ ਦੀ ਸੇਵਾ ਕੀਤੀ
ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ[੨੦] ਹੋਈ ॥ ਨਾਨਕ ਸੇਵਾ ਕਰਹੁ ਹਰਿ
ਗੁਰ [੨੧]ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥ ੨ ॥ ਪਉੜੀ* ॥
ਨਾਨਕ [੨੨]ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ
ਸੇ ਵਚਨ ਹੋਵੰਦੇ ॥ ਪ੍ਰਗਟ ਪਹਾਰਾ[੨੩] ਜਾਪਦਾ ਸਭਿ ਲੋਕ ਸੁਣੰਦੇ ॥ ਸੁਖੁ
ਨ ਪਾਇਨਿ [੨੪]ਮੁਗਧ ਨਰ ਸੰਤ ਨਾਲਿ ਖਹੰਦੇ[੨੫] ॥ [੨੬]ਓਇ ਲੋਚਨਿ ਓਨਾ
ਗੁਣੈ ਨੋ ਓਇ ਅਹੰਕਾਰਿ ਸੜੰਦੇ ॥ ਓਇ ਵਿਚਾਰੇ ਕਿਆ ਕਰਹਿ ਜਾ ਭਾਗ
ਧੁਰਿ[੨੭] ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ[੨੮] ॥ ਵੈਰੁ ਕਰਹਿ
ਨਿਰਵੈਰ ਨਾਲਿ [੨੯]ਧਰਮ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ ਸੇ
ਫਿਰਹਿ ਭਵੰਦੇ ॥ [੩੦]ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ੧੨ ॥

੧ ਉਨ੍ਹਾਂ ਦੇ ਸਦਕੇ ਅਣਗਿਣਤ ਕਰੋੜ ਲੋਕ ਖਾਂਦੇ ਹਨ।

੨ ਜੋ ਸਾਹਿਬ ਨੂੰ ਭਾਂਵਦੇ ਹਨ, ਓਹ ਕਬੂਲ ਹੁੰਦੇ ਹਨ।

੩ ਸਾਹਮਣੇ। (ਗੁਰੂ ਦੇ) ਸਾਹਮਣੇ ਤਾਂ ਓਹ ਮਿੱਠਾ ਬੋਲਦੇ ਹਨ, ਪਰ ਬਾਹਰ ਜਾ ਕੇ (ਲੋਕਾਂ ਵਿੱਚ) ਮੂੰਹ ਵਿੱਚੋਂ ਵਿੱਸ ਘੋਲ ਕੇ ਕਢਦੇ ਹਨ, ਭਾਵ ਮੰਦਾ ਬੋਲਦੇ ਹਨ।

੪ ਮੈਲ ਤੇ ਜੂੰਆਂ ਨਾਲ ਭਰਿਆ। ਮਰਵਾਹਾ ਖੱਤਰੀ ਆਪਣੇ ਇਕ ਆਦਮੀ ਨੂੰ ਨਾਲ ਲਿਜਾ ਕੇ ਅਕਬਰ ਪਾਤਸ਼ਾਹ ਕੋਲ ਗੁਰੂ ਅਮਰਦਾਸ ਜੀ ਦੇ ਵਿਰੁੱਧ ਚੁਗ਼ਲੀ ਕਰਾਂਦਾ ਹੈ, ਪਰ ਨਿਰਾਸ ਤੇ ਬੇਇਜ਼ਤ ਹੋ ਕੇ ਪਰਤ ਆਉਂਦਾ ਹੈ। ਉਸ ਪਰਥਾਏ ਫੁਰਮਾਇਆ ਹੈ।

੫ ਜੁੱਲਾ। ਮੁਗ਼ਲਾਂ ਵੇਲੇ ਜਦ ਕੋਈ ਪੁਰਸ਼ ਸ਼ਿਕਾਇਤ ਲੈ ਕੇ ਪਾਤਸ਼ਾਹ ਪਾਸ ਜਾਂਦਾ ਸੀ ਤਾਂ ਉਸ ਦੇ ਗਲ ਵਿੱਚ ਇਕ ਖਾਸ ਕਿਸਮ ਦਾ ਕਾਲਾ ਜੁੱਲਾ ਪਾਇਆ ਜਾਂਦਾ ਸੀ, ਜਿਸ ਤੋਂ ਪਾਤਸ਼ਾਹ ਉਸ ਦੇ ਆਵਣ ਦਾ ਭਾਵ ਸਮਝ ਲੈਂਦਾ ਸੀ। ਇਹ ਜੁੱਲਾ ਬਹੁਤਿਆਂ ਦੇ ਵਰਤਨ ਕਰਕੇ ਅਕਸਰ ਮੈਲਾ ਤੇ ਜੂੰਆਂ ਨਾਲ ਭਰਿਆ ਹੁੰਦਾ ਸੀ। ਇਸ ਤੁਕ ਵਿੱਚ ਇਹ ਦੱਸਿਆ ਹੈ ਕਿ ਬੇਮੁਖ ਮਰਵਾਹੇ ਖੱਤਰੀ ਨੇ ਆਪਣੇ ਬੇਮੁਖ ਆਦਮੀ ਨੂੰ ਗੁਰੂ ਅਮਰਦਾਸ ਜੀ ਦੇ ਖ਼ਿਲਾਫ਼ ਸ਼ਿਕਾਇਤ ਲਈ ਭੇਜਿਆ।

੬ ਵਿਰੋਧੀ ਨੇ।

੭ ਗੂੰਹ ਵਿੱਚ ਪੈ ਕੇ ਸਗੋਂ ਹੋਰ ਮੈਲਾ ਲਾ ਆਇਆ (ਨਿੰਦਾ ਕਰਨੀ ਗੂੰਹ ਵਿੱਚ ਪੈਣਾ ਹੈ)।

੮ ਆਪ-ਹੁਦਰਾ।

੯ ਤੁਰਤ।

੧੦ ਸਮੇਤ ਨੌਕਰ ਦੇ।

੧੧ ਜੁਤੀਆਂ ਪੈਂਦੀਆਂ।

੧੨ ਬਉਰਾ, ਪਾਗਲ।

੧੩ ਘਰ ਲੈ ਆਂਦਾ।

੧੪ ਲੋਕ ਪਰਲੋਕ।

੧੫ ਖਵਾਰ ਕੀਤਾ, ਗਾਲਿਆ।

੧੬ ਅਟੱਲ ਬਚਨ ("ਜੋ ਨਿੰਦਾ ਕਰੇ ਪੂਰੇ ਸਤਿਗੁਰੂ ਕੀ....")।

੧੭ ਮਾਲਕ।

੧੮ [ਅਰਬੀ] ਆਦਮੀ, ਨੌਕਰ।

੧੯ ਜੋ ਹੈ ਹੀ ਨਹੀਂ।

੨੦ ਦੁਖਦਾਈ।

੨੧ ਜਿਸ ਦਾ ਦਰਸ਼ਨ ਕਰਨ ਨਾਲ ਹੀ ਫਲ ਪ੍ਰਾਪਤ ਹੋ ਜਾਵੇ।

੨੨ ਸੰਤ ਜਨ ਵਿਚਾਰਦੇ ਹਨ ਤੇ ਵੇਦ ਵੀ ਇਹ ਕਹਿੰਦੇ ਹਨ ਕਿ ਜੋ ਕੁਝ ਭਗਤ ਮੁਖ ਤੋਂ ਬੋਲਦੇ ਹਨ, ਉਹੋ ਹੋ ਜਾਂਦਾ ਹੈ।

੨੩ ਪਸਾਰੇ ਵਿੱਚ, ਸੰਸਾਰ ਵਿੱਚ। ਸੰਸਾਰ ਵਿੱਚ ਪਰਤੱਖ ਦਿੱਸ ਪੈਂਦਾ ਹੈ ਤੇ ਲੋਕ ਸੁਣ ਲੈਂਦੇ ਹਨ ਕਿ "ਸੁਖੁ ਨ ਪਾਇਨਿ..."।

੨੪ ਮੂਰਖ ਲੋਕ।

੨੫ ਜੋ ਟੱਕਰ ਲਾਂਦੇ ਹਨ।

੨੬ ਸੰਤ ਜਨ ਤਾਂ ਉਨ੍ਹਾਂ ਨੂੰ ਗੁਣ ਦੇਣਾ ਚਾਹੁੰਦੇ ਹਨ ਪਰ ਓਹ ਹੰਕਾਰ ਵਿੱਚ ਸੜਦੇ ਰਹਿੰਦੇ ਹਨ।

੨੭ ਧੁਰੋਂ, ਵਾਹਿਗੁਰੂ ਦੇ ਹਜ਼ੂਰੋਂ।

੨੮ ਦੇ। ਕਿਸੇ ਦੇ ਨਹੀਂ ਬਣਦੇ।

੨੯ ਧਰਮ ਤੇ ਨਿਆਉਂ ਅਨੁਸਾਰ ਓਹ ਤਬਾਹ ਹੁੰਦੇ ਹਨ।

੩੦ ਜੋ ਬੂਟਾ ਮੁੱਢ ਤੋਂ ਕੱਟਿਆ ਜਾਵੇ, ਉਸ ਦੇ ਟਾਹਣ ਸੁੱਕ ਜਾਂਦੇ ਹਨ।

* ਇਹੋ ਪਉੜੀ ਅੱਗੇ ਜਾ ਕੇ ਪੰਚਮ ਗੁਰੂ ਜੀ ਦੀ ਕਰਕੇ ਦਿੱਤੀ ਹੈ। ਦੇਖੋ ਪਉੜੀ ੩੧, ਪੰਨਾ ੩੧੬।

ਸਲੋਕ ਮਃ ੪ ॥ [੧]ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ ॥ [੨]ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥ ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ [੩]ਝਖਿ ਝਖਿ ਮਰੈ ਸਭ ਲੋਕਾਈ ॥ ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ[੪] ॥ ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ [੫]ਚੜੈ ਸਵਾਈ ॥ ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ[੬] ਸਭ ਪਾਈ ॥ ੧ ॥ ਮਃ ੪ ॥ ਸਤਿਗੁਰ ਸੇਤੀ ਗਣਤ[੭] ਜਿ ਰਖੈ [੮]ਹਲਤੁ ਪਲਤੁ ਸਭੁ ਤਿਸ ਕਾ ਗਇਆ ॥ ਨਿਤ [੯]ਝਹੀਆ ਪਾਏ ਝਗੂ ਸੁਟੇ [੧੦]ਝਖਦਾ ਝਖਦਾ ਝੜਿ ਪਇਆ ॥ ਨਿਤ ਉਪਾਵ[੧੧] ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥ ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ[੧੨] ਦੁਖੁ ਪਇਆ ॥ ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥ ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ[੧੩] ਪਇਆ ॥ ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥ ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥ ਜਨ ਨਾਨਕ ਅਨਦਿਨੁ[੧੪] ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ[੧੫] ਪਾਪ ਗਇਆ ॥ ੨ ॥ ਪਉੜੀ ॥ ਤੂ ਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ[੧੬] ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥ ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥ ਸੇ ਭਗਤ ਜਿਨੀ ਗੁਰਮੁਖਿ[੧੭] ਸਾਲਾਹਿਆ [੧੮]ਸਚੁ ਸਬਦੁ ਨੀਸਾਣੁ ॥ ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥ ੧੩ ॥ ਸਲੋਕ ਮਃ ੪ ॥ *ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥ ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥ ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ [੧੯]ਗੁਰਿ ਵੀਚਾਰੇ ॥ ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ[੨੦] ॥ ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ [੨੧]ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ[੨੨] ਮੇਲੇ ਹਰਿ ਨਿਸਤਾਰੇ ॥ ਸਭਿ ਨਿਧਾਨ ਸਤਿਗੁਰੂ ਵਿਚਿ [੨੩]ਜਿਸੁ ਅੰਦਰਿ ਹਰਿ ਉਰ ਧਾਰੇ ॥ ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ[੨੪] ॥ ਜਨੁ ਨਾਨਕੁ ਮਾਗੈ ਧੂੜਿ ਤਿਨ ਜੋ

੧ ਗੁਰੂ ਆਪਣੇ ਅੰਦਰ ਹਰੀ ਨੂੰ ਧਿਆਉਂਦਾ ਹੈ।
੨ ਪ੍ਰਸੰਨ ਹੋ ਕੇ ਦਿੱਤੀ ਹੈ ਵਡਿਆਈ ਪੂਰੇ ਗੁਰੂ (ਅੰਗਦ ਦੇਵ ਜੀ) ਨੇ (ਗੁਰੂ ਅਮਰਦਾਸ ਜੀ ਨੂੰ)।
੩ ਖਪ-ਖਪ ਕੇ।
੪ ਵਡਿਆਈ ਵਧਾਈ ਹੈ।
੫ ਵੱਧਦੀ ਹੈ।
੬ ਲਿਆ ਕੇ।
੭ ਵੈਰ ਵਿਰੋਧ ਦਾ ਲੇਖਾ।
੮ ਲੋਕ ਪਰਲੋਕ।
੯ ਹਲਕੇ ਕੁੱਤੇ ਵਾਂਗ ਦੰਦ ਪੀਂਹਦਾ ਹੈ ਤੇ ਥੁਕਾਂ ਸੁੱਟਦਾ ਹੈ।
੧੦ ਖਪਦਾ-ਖਪਦਾ।
੧੧ ਵਿਉਂਤਾਂ।
੧੨ ਸ਼ੱਕ, ਨਿਸਚਾ ਨਾ ਹੋਣਾ।
੧੩ ਅੰਬਣ ਦਾ ਰੋਗ; ਅੰਬਾ। ਮੂੰਹ ਵਿੱਚ ਅੰਬਾ ਹੋ ਗਿਆ। ਬਹੁਤ ਬੋਲੀਏ ਤਾਂ ਮੂੰਹ ਅੰਬ ਜਾਂਦਾ ਹੈ, ਦਰਦ ਕਰਨ ਲੱਗ ਜਾਂਦਾ ਹੈ। ਨਿੰਦਾ ਕਰ ਕਰ ਕੇ ਉਸ ਦਾ ਮੂੰਹ ਅੰਬ ਜਾਂਦਾ ਹੈ।
੧੪ ਹਰ ਰੋਜ਼।
੧੫ ਪਾਪ।
੧੬ ਹਾਕਮ ਜਾਂ ਉਸ ਦੀ ਕਚਹਿਰੀ ਜਿਥੋਂ ਫ਼ਰਿਆਦੀ ਨੂੰ ਜ਼ੋਰ ਜ਼ੁਲਮ ਤੋਂ ਪਨਾਹ ਮਿਲਦੀ ਹੈ।
੧੭ ਗੁਰੂ ਦੁਆਰਾ।
੧੮ ਉਨ੍ਹਾਂ ਨੂੰ ਸੱਚ-ਸ਼ਬਦ ਰੂਪ ਨਿਸ਼ਾਨ ਮਿਲਦਾ ਹੈ।
੧੯ ਗੁਰੂ ਨੇ ਵਿਚਾਰਿਆ ਹੈ ਕਿ 'ਸਤਸੰਗਤਿ ਢੋਈ....।'
੨੦ [ਫ਼ਾਰਸੀ 'ਜੰਦਾਲ'] ਗੰਵਾਰ, ਸ਼ਰਾਬੀ, ਅਵੈੜਾ।
੨੧ ਗੁਰੂ ਅਮਰ ਦਾਸ ਜੀ ਨੇ ਇਹ ਵਿਚਾਰਿਆ ਕਿ ਇਨ੍ਹਾਂ ਵਿਚਾਰਿਆਂ ਦੇ ਵਸ ਕੀ ਹੈ? ਜਿਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ ਗੱਦੀ ਦਿੱਤੀ, ਉਨ੍ਹਾਂ ਨੇ ਸਭ ਨਿੰਦਕ ਦੁਸ਼ਟ ਤਾਰ ਦਿੱਤੇ। ਗੁਰੁ ਚਉਥੀ ਪੀੜੀ ਟਿਕਿਆ=ਜਿਸ ਨੇ ਮੈਨੂੰ ਚੌਥੀ ਪੀੜ੍ਹੀ ਵਾਲਾ ਗੁਰੂ ਮਿਥਿਆ। 'ਗੁਰੁ' ਕਰਮ ਕਾਰਕ ਵਿੱਚ ਹੋਣ ਕਰਕੇ ਅੰਤ ਵਿੱਚ ਔਂਕੜ ਆਇਆ ਹੈ।
੨੨ ਲੈ ਜਾ ਕੇ।
੨੩ ਜਿਸ ਅੰਦਰ ਹਰੀ ਟਿਕਿਆ ਹੈ।
੨੪ ਮੱਥੇ 'ਤੇ।

* ਜੋ ਮੁੱਢ ਤੋਂ ਪੂਰੇ ਸਤਿਗੁਰੂ (ਗੁਰੂ ਨਾਨਕ ਦੇਵ) ਦੇ ਫਿਟਕਾਰੇ ਹੋਏ ਸਨ, ਉਨ੍ਹਾਂ ਨੂੰ ਹੀ ਹੁਣ ਗੁਰੂ ਅੰਗਦ ਦੇਵ ਜੀ ਨੇ ਫਿਟਕਾਰਿਆ ਹੈ। ਉਨ੍ਹਾਂ ਨੂੰ ਗੁਰੂ ਘਰ ਨਾਲ ਮਿਲਾਉਣ ਲਈ ਕਿਤਨਾ ਹੀ ਪਏ ਚਾਹੀਏ, ਵਾਹਿਗੁਰੂ ਉਨ੍ਹਾਂ ਨੂੰ ਮਿਲਣ ਨਹੀਂ ਦਿੰਦਾ। ਸੰਗਤ ਵਿੱਚ ਵੀ ਉਨ੍ਹਾਂ ਨੂੰ ਪਨਾਹ ਨਹੀਂ ਮਿਲਦੀ, ਕਿਉਂਕਿ ਸੰਗਤ ਵਿੱਚ ਗੁਰੂ ਨੇ ਆਪਣੀ ਵਿਚਾਰ (ਰਾਏ) ਪ੍ਰਗਟ ਕਰ ਦਿੱਤੀ ਹੈ ਕਿ ਜੇ ਕੋਈ ਸਿੱਖ ਹੁਣ ਉਹਨਾਂ ਨੂੰ ਜਾ ਕੇ ਮਿਲੇਗਾ ਤਾਂ ਉਸ ਨੂੰ ਜ਼ਾਲਮ ਜਮ ਮਾਰੇਗਾ। ਸੋ ਜਿਨ੍ਹਾਂ ਨੂੰ ਬਾਬੇ (ਆਦਿ ਗੁਰੂ) ਨੇ ਬੇ-ਮੁਖ ਕਰਾਰ ਦਿੱਤਾ ਸੀ, ਉਹ ਬੇ-ਮੁਖ ਹੀ ਰਹੇ ਅਤੇ ਗੁਰੂ ਅੰਗਦ ਦੇਵ ਨੇ ਭੀ ਉਹਨਾਂ ਨੂੰ ਝੂਠਾ ਕਰਾਰ ਦਿੱਤਾ। ਫਿਰ ਤੀਜੀ ਪਾਤਸ਼ਾਹੀ ਨੇ (ਤਰਸ ਵਿੱਚ ਆ ਕੇ) ਸੋਚਿਆ ਕਿ ਇਨ੍ਹਾਂ ਵਿਚਾਰਿਆਂ ਦੇ ਹੱਥ ਕੀ ਹੈ? ਸੋ ਉਸ ਗੁਰੂ ਨੇ (ਜਿਸ ਨੇ ਮੈਨੂੰ ਚੌਥੀ ਪੀੜ੍ਹੀ ਕਰਕੇ ਅਸਥਾਪਨ ਕੀਤਾ) ਉਹ ਸਾਰੇ ਨਿੰਦਕ, ਮਾੜੇ ਆਦਮੀ, ਤਾਰ ਦਿੱਤੇ।

ਗੁਰਸਿਖ ਮਿਤ ਪਿਆਰੇ ॥ ੧ ॥ ਮਃ ੪ ॥ *ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭੁ ਕਰਤਾ ਆਪਣੀ ਕਲਾ[੧] ਵਧਾਏ ॥ ਦੇਖਹੁ ਭਾਈ ਏਹੁ ਅਖਾੜਾ[੨] ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ ਸਤਿਗੁਰ ਕੀ ਵਡਿਆਈ ਨਿਤ [੩]ਚੜੈ ਸਵਾਈ ਹਰਿ ਕੀਰਤਿ[੪] ਭਗਤਿ ਨਿਤ ਆਪਿ ਕਰਾਏ ॥ ਅਨਦਿਨੁ[੫] ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ[੬] ਵਸਾਏ ॥ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ[੭] ਕਰਾਏ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ ॥ ੨ ॥ ਪਉੜੀ ॥ ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ ॥ ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ[੮] ॥ ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ[੯] ॥ ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁ[੧੦] ਹੈ [੧੧]ਗੁਰ ਸਬਦਿ ਲਖਾਰੇ ॥ ੧੪ ॥ ਸਲੋਕ ਮਃ ੪ ॥ ਜਿਸੁ ਅੰਦਰਿ ਤਾਤਿ[੧੨] ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥ ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ[੧੩] ਪੂਕਾਰੇ ਖਲਾ ॥ ਜਿਸੁ ਅੰਦਰਿ ਚੁਗਲੀ [੧੪]ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥ ਨਿਤ ਚੁਗਲੀ ਕਰੇ ਅਣਹੋਂਦੀ[੧੫] ਪਰਾਈ [੧੬]ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥ [੧੭]ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ ਗਲਾ ਉਪਰਿ ਤਪਾਵਸੁ[੧੮] ਨ ਹੋਈ ਵਿਸੁ[੧੯] ਖਾਧੀ ਤਤਕਾਲ[੨੦] ਮਰਿ ਜਾਏ ॥ ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥ ੧ ॥ ਮਃ ੪ ॥ [੨੧]ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲਭੂਸੇ[੨੨] ਖਾਹੀ ॥ ਜਿਨ ਗੁਰੁ ਗੋਪਿਆ[੨੩] ਆਪਣਾ ਸੇ ਲੈਦੇ ਢਹਾ[੨੪] ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ[੨੫] ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨ੍ਹਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ

੧ ਤਾਕਤ, ਵਡਿਆਈ।

੨ ਜ਼ੋਰ-ਅਜ਼ਮਾਈ ਦਾ ਪਿੜ; ਭਾਵ ਗੁਰ-ਗੱਦੀ ਤੇ ਨਾਲ ਲੱਗਦੀ ਸੰਗਤ ਤੋਂ ਹੈ।

੩ ਵੱਧਦੀ ਰਹਿੰਦੀ ਹੈ।

੪ ਜਸ, ਸ਼ੁਹਰਤ।

੫ ਹਰ ਰੋਜ਼।

੬ ਘਰ ਵਿੱਚ। ਹਰੀ ਸਤਿਗੁਰੂ ਨੂੰ ਤੁਹਾਡੇ ਘਰਾਂ (ਦਿਲਾਂ) ਵਿੱਚ ਵਸਾਵੇਗਾ (ਬਾਣੀ ਦੇ ਰੂਪ ਵਿੱਚ)।

੭ ਸਭ ਥਾਈਂ।

੮ ਤੇਰੇ।

੯ ਨਿਰਾਲੇ, ਜੋ ਕਿਸੇ ਹੋਰ ਵਿੱਚ ਨਹੀਂ ਮਿਲਦੇ। 'ਤੇਰੇ ਗੁਣ ਹੋਹਿ ਨ ਅਵਰੀ' (ਆਸਾ ਮ: ੧-੩੫੯)।

੧੦ ਸਮਝ ਵਿੱਚ ਨਾ ਆਉਣ ਵਾਲਾ।

੧੧ ਗੁਰੂ ਦੇ ਸ਼ਬਦ ਦੁਆਰਾ ਸਮਝਿਆ ਜਾਂਦਾ ਹੈ।

੧੨ ਈਰਖਾ, ਸਾੜਾ।

੧੩ ਜੰਗਲਾਂ ਵਿੱਚ ਜਿਥੇ ਕੋਈ ਨਾ ਸੁਣੇ।

੧੪ 'ਚੁਗਲ' ਕਰਕੇ ਹੀ ਵੱਜਦਾ ਹੈ; ਚੁਗਲ ਹੀ ਮਸ਼ਹੂਰ ਹੁੰਦਾ ਹੈ।

੧੫ ਝੂਠੀ।

੧੬ ਮੂੰਹ ਦਿਖਾਣ ਜੋਗਾ ਨਹੀਂ (ਸ਼ਰਮ ਦੇ ਕਾਰਨ)।

੧੭ ਇਹ ਸਰੀਰ ਕਰਮਾਂ ਦੀ ਧਰਤੀ ਹੈ। "ਇਹ ਸਰੀਰ ਕਰਮ ਕੀ ਧਰਤੀ" (ਬਿਲਾਵਲੁ ਮ: ੪-੮੩੪)।

੧੮ [ਅਰਬੀ 'ਤਫ਼ਾਹੁਸ'] ਨਿਆਉਂ।

੧੯ ਜ਼ਹਿਰ।

੨੦ ਤੁਰਤ, ਛੇਤੀ।

੨੧ ਗੁਰੂ ਦੇ ਪ੍ਰਤੱਖ ਹੁੰਦਿਆਂ, ਜੋ ਉਸ ਤੋਂ ਵਿਛੜੇ ਰਹਿੰਦੇ ਹਨ।

੨੨ ਡਕੋ-ਡੋਲੇ।

੨੩ ਲੁਕਾਇਆ, ਭਾਵ ਪ੍ਰਤੱਖ ਤੌਰ 'ਤੇ ਗੁਰੂ ਮੰਨਣ ਤੋਂ ਇਨਕਾਰ ਕੀਤਾ।

੨੪ ਆਸਰਾ। ਢਾਹਾ ਲੈਂਦੇ ਫਿਰਦੇ ਹਨ; ਆਸਰਾ ਤੱਕਦੇ ਫਿਰਦੇ ਹਨ।

੨੫ ਧੜਕੇ ਨਾਲ।

* ਗੁਰ-ਗੱਦੀ ਦੀ ਉਪਮਾ ਸੁਣ ਕੇ ਮਤੇ ਕੋਈ ਇਹ ਸਮਝੇ ਕਿ ਗੁਰੂ ਜੀ ਆਪਣੀ ਪਦਵੀ ਦਾ ਖ਼ਿਆਲ ਕਰ ਰਹੇ ਹਨ, ਇਸ ਲਈ ਗੁਰੂ ਜੀ ਫ਼ੁਰਮਾਂਦੇ ਹਨ ਕਿ ਜਿਸ ਨੂੰ ਵਾਹਿਗੁਰੂ ਆਪ ਨਿਵਾਜਦਾ ਹੈ, ਉਸ ਦੇ ਸਾਮ੍ਹਣੇ ਸਾਰੇ ਸੰਸਾਰ ਨੂੰ ਆਪ ਹੀ ਆਣ ਨਿਵਾਉਂਦਾ ਹੈ। ਇਸ ਵਡਿਆਈ ਨੂੰ ਆਉਂਦਾ ਵੇਖ ਕੇ ਤਦ ਡਰੀਏ ਜੇ ਅਸੀਂ ਕੁਝ ਆਪਣੇ ਆਪ ਕਰਦੇ ਹੋਈਏ-ਇਹ ਤਾਂ ਕਰਤਾਰ ਆਪਣੀ ਤਾਕਤ ਆਪ ਵਧਾ ਰਿਹਾ ਹੈ। ਦੇਖੋ ਭਾਈਓ! ਇਹ ਗੁਰ-ਗੱਦੀ ਸਚੇ ਹਰੀ-ਪਿਆਰੇ ਦਾ ਆਪਣੀ ਜ਼ੋਰ-ਅਜ਼ਮਾਈ ਦਾ ਅਖਾੜਾ ਹੈ, ਜਿਸ ਵਿੱਚ ਉਹ ਆਪਣੇ ਜ਼ੋਰ ਨਾਲ ਸਭਨਾਂ ਨੂੰ ਆਣ ਨਿਵਾਉਂਦਾ ਹੈ।

ਤਿਨ ਜਾਇ ਮਿਲਹਿ [੧]ਰਹਦੀ ਖੁਹਦੀ ਸਭ ਪਤਿ ਗਵਾਹੀ॥ ਓਇ ਅਗੈ ਕੁਸਟੀ[੨] ਗੁਰ ਕੇ ਫਿਟਕੇ [੩]ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥ [੪]ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ [੫]ਦੂਜੈ ਭਾਇ ਚਿਤੁ ਲਾਹੀ॥ ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ॥ ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ॥ ਨਾਵੈ ਕੀ ਵਡਿਆਈ ਵਡੀ ਹੈ ਨਿਤ [੬]ਸਵਾਈ ਚੜੈ ਚੜਾਹੀ॥ ੨॥ ਮ: ੪॥ [੭]ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥ ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ[੮]॥ ਤਿਸ ਕਉ [੯]ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ[੧੦] ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥ ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥ ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ[੧੧] ਰਖੈ ਪ੍ਰਭੁ ਸੋਈ॥ ੩॥ ਪਉੜੀ॥ ਕਾਇਆ ਕੋਟੁ[੧੨] ਅਪਾਰੁ ਹੈ ਅੰਦਰਿ ਹਟਨਾਲੇ[੧੩]॥ ਗੁਰਮੁਖਿ[੧੪] ਸਉਦਾ ਜੋ ਕਰੇ ਹਰਿ ਵਸਤੁ ਸਮਾਲੇ॥ ਨਾਮੁ ਨਿਧਾਨੁ[੧੫] ਹਰਿ ਵਣਜੀਐ ਹੀਰੇ ਪਰਵਾਲੇ[੧੬]॥ ਵਿਣੁ ਕਾਇਆ ਜਿ[੧੭] ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ[੧੮]॥ ਸੇ ਉਝੜਿ ਭਰਮਿ ਭਵਾਈਅਹਿ ਜਿਉ *ਝਾੜ ਮਿਰਗੁ ਭਾਲੇ॥ ੧੫॥ ਸਲੋਕ ਮ: ੪॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥ ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ[੧੯]॥ ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥ ਓਨਿ [੨੦]ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥ ਓਹੁ ਤੇਲੀ ਸੰਦਾ[੨੧] ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥ ਜੈਸਾ ਬੀਜੇ ਸੋ ਲੁਣੈ[੨੨] ਜੇਹਾ ਪੁਰਬਿ ਕਿਨੈ ਬੋਇਆ[੨੩]॥ ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ॥ ਗੁਰ ਸਤਿਗੁਰ ਪਿਛੈ ਤਰਿ ਗਇਆ [੨੪]ਜਿਉ ਲੋਹਾ ਕਾਠ ਸੰਗੋਇਆ॥ ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ॥ ੧॥ ਮ: ੪†॥ ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ[੧੪] ਮਿਲਿਆ ਹਰਿ ਰਾਇ॥ ਅੰਤਰ ਜੋਤਿ ਪ੍ਰਗਾਸੀਆ[੨੫] ਨਾਨਕ ਨਾਮਿ ਸਮਾਇ॥ ੨॥ ਪਉੜੀ॥ ਇਹੁ [੨੬]ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥ [੨੭]ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ[੨੮]॥ ਸਭੁ ਆਤਮਰਾਮੁ[੨੯] ਪਛਾਣਿਆ ਤਾਂ ਇਕੁ ਰਵਿਆ[੩੦] ਇਕੋ [੩੧]ਓਤਿ ਪੋਤਿ॥ ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ [੩੨]ਸ੍ਰਵਣ

੧ ਬਾਕੀ ਦੀ ਵੀ।
੨ ਕੋਹੜੇ।
੩ ਜੋ ਭੀ ਉਸ ਨੂੰ ਮਿਲੇ ਤਿਸ ਨੂੰ ਉਹੀ ਕੋਹੜ ਚਮੋੜ ਦਿੰਦੇ ਹਨ।
੪ ਰੱਬ ਕਰਕੇ ਉਨ੍ਹਾਂ ਦਾ ਦਰਸ਼ਨ ਨਾ ਹੋਵੇ!
੫ ਦ੍ਵੈਤ ਭਾਵ ਵਿੱਚ। ਜੋ ਇਕ ਨੂੰ ਛੱਡ ਕੇ ਦੂਜੇ ਦੇ ਪਿੱਛੇ ਲੱਗਦੇ ਹਨ।
੬ ਵੱਧਦੀ ਹੈ, ਵਧਾਈ ਹੋਈ।
੭ ਜਿਸ ਨੂੰ ਗੁਰੂ ਨੇ ਆਪਣੀ ਜ਼ਿੰਦਗੀ ਵਿੱਚ ਤਿਲਕ ਦਿੱਤਾ ਗੱਦੀ ਦਾ।
੮ ਲੋਕਾਂ ਵਿੱਚ; ਸੰਸਾਰ ਵਿੱਚ।
੯ ਬ੍ਰਹਮੰਡ=ਸਾਰੀ ਸ੍ਰਿਸ਼ਟੀ। ਖੰਡ=ਸ੍ਰਿਸ਼ਟੀ ਦੇ ਹਿੱਸੇ।
੧੦ ਮੱਥੇ 'ਤੇ।
੧੧ ਇੱਜ਼ਤ।
੧੨ ਕਿਲ੍ਹਾ। ਸਰੀਰ ਇਕ ਵੱਡਾ ਕਿਲ੍ਹਾ ਤੇ ਇੰਦਰੇ ਬਜ਼ਾਰ ਹਨ।
੧੩ ਹੱਟਾਂ ਦਾ ਨਾਲ-ਨਾਲ ਹੋਣਾ; ਬਾਜ਼ਾਰ।
੧੪ ਗੁਰੂ ਦੁਆਰੇ।
੧੫ ਖ਼ਜ਼ਾਨਾ ਅਮੋਲਕ ਚੀਜ਼ਾਂ ਦਾ।
੧੬ ਮੂੰਗੇ, ਸੁੱਚੇ ਨਗ (ਗੁਣਾਂ ਰੂਪ)।
੧੭ ਜੇਹੜੇ।
੧੮ ਭੂਤਨਿਆਂ ਵਾਂਗ।
੧੯ ਹਾਜ਼ਰ ਕੀਤਾ ਗਿਆ, ਪੇਸ਼ ਕੀਤਾ ਗਿਆ।
੨੦ ਲੋਕ-ਪਰਲੋਕ।
੨੧ ਦਾ।
੨੨ ਵੱਧਦਾ ਹੈ।
੨੩ ਬੀਜਿਆ ਹੈ। ਜੇਹਾ ਕਿਸੇ ਨੇ ਪਹਿਲਾਂ ਬੀਜਿਆ ਹੈ; ਜੇਹੇ ਕਰਮ ਕੀਤੇ ਹਨ।
੨੪ ਜਿਵੇਂ ਲੋਹਾ (ਬੇੜੀ ਦੀ) ਲੱਕੜੀ ਦੇ ਨਾਲ।
੨੫ ਜਗ ਪਈ।
੨੬ ਭਾਵ ਧਰਮ ਕਮਾਵਣ ਲਈ ਹੈ ਸਰੀਰ।
੨੭ ਗੁੱਝੇ ਰਤਨ, ਅਮੋਲਕ ਗੁਣ। 'ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ' (ਜਪੁ)।
੨੮ ਖੁਣ ਕੇ।
੨੯ ਸਾਰਿਆਂ ਆਤਮਾਂ ਵਿੱਚ ਰਮਿਆ ਹੋਇਆ ਵਾਹਿਗੁਰੂ।
੩੦ ਵਿਆਪਕ।
੩੧ ਤਾਣੇ ਪੇਟੇ ਵਿੱਚ, ਭਾਵ ਸਭ ਥਾਈਂ।
੩੨ ਕੰਨਾਂ ਦੀ ਸੁਣਨ-ਸ਼ਕਤੀ ਦੁਆਰਾ।

* ਕਸਤੂਰੀ ਅੰਦਰ ਹੁੰਦੀ ਹੈ, ਪਰ ਹਿਰਨ ਝਾੜੀਆਂ ਭਾਲਦਾ ਫਿਰਦਾ ਹੈ।

† ਇਹੋ ਸ਼ਲੋਕ ਵਾਰਾਂ ਤੇ ਵਧੀਕ ਸ਼ਲੋਕਾਂ ਵਿੱਚ ਪੰਨਾ ੧੪੨੧ ਉੱਤੇ ਆਉਂਦਾ ਹੈ।

ਸਰੋਤਿ ॥ ਜਨ ਨਾਨਕ ਨਾਮੁ ਸਲਾਹਿ ਤੂ [੧]ਸਚੁ ਸਚੇ ਸੇਵਾ ਤੇਰੀ ਹੋਤਿ ॥
੧੬ ॥ ਸਲੋਕ ਮਃ ੪ ॥ ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ
ਮਨ ਮਾਹਿ ॥ ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ
ਜਾਹਿ ॥ ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥
ਹਰਿ ਉਤਮੁ ਤਿਨੀ ਸਰੇਵਿਆ[੨] ਜਿਨ ਕਉ ਧੁਰਿ[੩] ਲਿਖਿਆ ਆਹਿ ॥ ਤੇ
ਹਰਿ ਦਰਗਹਿ ਪੈਨਾਈਅਹਿ[੪] ਜਿਨ ਹਰਿ ਵੁਠਾ[੫] ਮਨ ਮਾਹਿ ॥ ਓਇ ਆਪਿ
ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ ॥ ਜਨ ਨਾਨਕ
ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ ॥ ੧ ॥ ਮਃ ੪ ॥
ਸਾ ਧਰਤੀ ਭਈ ਹਰੀਆਵਲੀ[੬] ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ
ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਧਨੁ
ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ[੭] ਜਿਨਿ ਗੁਰੂ ਜਣਿਆ
ਮਾਇ ॥ ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ
ਡਿਠਾ ਤਿਨਾ ਲਏ ਛਡਾਇ ॥ ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ
ਨਾਨਕੁ ਧੋਵੈ ਪਾਇ[੮] ॥ ੨ ॥ ਪਉੜੀ ॥ ਸਚੁ ਸਚਾ ਸਤਿਗੁਰੁ ਅਮਰੁ ਹੈ
ਜਿਸੁ ਅੰਦਰਿ ਹਰਿ ਉਰਿ ਧਾਰਿਆ[੯] ॥ ਸਚੁ ਸਚਾ ਸਤਿਗੁਰੁ ਪੁਰਖੁ[੧੦] ਹੈ
ਜਿਨਿ ਕਾਮੁ ਕ੍ਰੋਧੁ ਬਿਖੁ[੧੧] ਮਾਰਿਆ ॥ ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ
ਮਨੁ ਸਾਧਾਰਿਆ[੧੨] ॥ ਬਲਿਹਾਰੀ ਗੁਰ ਆਪਣੇ ਸਦਾ ਸਦਾ [੧੩]ਘੁਮਿ ਵਾਰਿਆ ॥
[੧੪]ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥ ੧੭ ॥ ਸਲੋਕ ਮਃ ੪ ॥ [੧੫]ਕਰਿ
ਕਿਰਪਾ ਸਤਿਗੁਰੁ ਮੇਲਿਓਨੁ ਮੁਖਿ[੧੬] ਗੁਰਮੁਖਿ ਨਾਮੁ ਧਿਆਇਸੀ ॥ ਸੋ ਕਰੇ
ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ[੧੭] ਵਸਾਇਸੀ ॥ ਜਿਨ ਅੰਦਰਿ ਨਾਮੁ
ਨਿਧਾਨੁ[੧੮] ਹੈ ਤਿਨ ਕਾ ਭਉ ਸਭੁ ਗਵਾਇਸੀ ॥ ਜਿਨ ਰਖਣ ਕਉ ਹਰਿ
ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ ॥ ਜਨ ਨਾਨਕ ਨਾਮੁ ਧਿਆਇ
ਤੂ ਹਰਿ [੧੯]ਹਲਤਿ ਪਲਤਿ ਛੋਡਾਇਸੀ ॥ ੧ ॥ ਮਃ ੪ ॥ ਗੁਰਸਿਖਾ ਕੈ ਮਨਿ
ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥ ਹਰਿ ਰਾਖਹੁ ਪੈਜ ਸਤਿਗੁਰੂ
ਕੀ [੨੦]ਨਿਤ ਚੜੈ ਸਵਾਈ ॥ ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ
ਛਡਾਈ ॥ ਗੁਰ ਸਤਿਗੁਰ ਤਾਣੁ ਦੀਬਾਣੁ* ਹਰਿ ਤਿਨਿ ਸਭ ਆਣਿ
ਨਿਵਾਈ ॥ ਜਿਨੀ ਡਿਠਾ ਮੇਰਾ ਸਤਿਗੁਰੁ [੨੧]ਭਾਉ ਕਰਿ ਤਿਨ ਕੇ ਸਭਿ
ਪਾਪ ਗਵਾਈ ॥ ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ ਜਨੁ
ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ ॥ ੨ ॥ ਪਉੜੀ ॥
ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥ ਸਾਲਾਹੀ[੨੨] ਸਚੁ

੧ ਸੱਚ-ਮੁੱਚ ਤੇਰੀ ਸੇਵਾ ਸੱਚੇ ਦੇ ਦਰ 'ਤੇ ਕਬੂਲ ਹੋਵੇਗੀ।
੨ ਸੇਵਿਆ।
੩ ਧੁਰੋਂ (ਵਾਹਿਗੁਰੂ ਦੇ ਹਜ਼ੂਰੋਂ)।
੪ ਖਿਲਤ ਪਹਿਨਾਈ ਜਾਂਦੀ ਹੈ, ਆਦਰ ਦਿੱਤੇ ਜਾਂਦੇ ਹਨ।
੫ ਵਸਿਆ ਹੈ।
੬ ਹਰੀ-ਭਰੀ, ਸੁਹਾਵਣੀ।
੭ ਜਣਨ ਵਾਲੀ, ਮਾਤਾ।
੮ ਪੈਰ, ਚਰਨ।
੯ ਹਿਰਦੇ ਵਿੱਚ ਟਿਕਾਇਆ ਹੈ।
੧੦ ਮਰਦ, ਸੂਰਮਾ।
੧੧ ਵਿਸ਼ੇ ਰੂਪੀ ਜ਼ਹਿਰ।
੧੨ ਆਸਰੇ ਸਹਿਤ ਹੋ ਗਿਆ, ਧੀਰਜ ਵਾਲਾ ਹੋਇਆ।
੧੩ ਕੁਰਬਾਨੀ ਲਈ ਕੋਈ-ਪਦਾਰਥ ਸਿਰ ਦੇ ਦੁਆਲੇ ਫੇਰਨਾ। ਘੁਮਾਈ ਸਦਕੇ ਹੋਂਦਾ ਹਾਂ।
੧੪ ਦੇਖੋ ਪੰਨਾ ੧੧, ਨੋਟ ੨੦ ਅਤੇ ੨੧।
੧੫ ਹਰੀ ਕਿਰਪਾ ਕਰ ਕੇ ਜਿਸ ਨੂੰ ਸਤਿਗੁਰੂ ਮਿਲਾਂਦਾ ਹੈ।
੧੬ ਮੂੰਹ ਨਾਲ।
੧੭ ਹਿਰਦੇ ਰੂਪ ਘਰ ਵਿੱਚ। ਦੇਖੋ ਪੰਨਾ ੩੦੮, ਨੋਟ ੬।
੧੮ (ਸਭ ਸੁਖਾਂ ਦਾ) ਖ਼ਜ਼ਾਨਾ।
੧੯ ਲੋਕ-ਪਰਲੋਕ ਵਿੱਚ।
੨੦ ਰੋਜ਼ ਵੱਧਦੀ ਰਹਿੰਦੀ ਹੈ।
੨੧ ਪਿਆਰ ਕਰ ਕੇ।
੨੨ ਸਲਾਹਣ ਯੋਗ ਹਰੀ। ਵਾਹਿਗੁਰੂ ਸੱਚ ਹੈ, ਉਸ ਦੀ ਸਿਫਤ ਸਲਾਹ ਸੱਚ ਹੈ ਤੇ ਕੀਮਤ ਵੀ ਸੱਚ ਹੈ, ਜੋ ਕਿਸੇ ਤੋਂ ਪਾਈ ਨਹੀਂ ਜਾਂਦੀ।

* [ਹਾਕਮ ਜਾਂ ਉਸ ਦੀ ਕਚਹਿਰੀ, ਜਿਸ ਵਿੱਚ ਜ਼ੋਰ-ਜ਼ੁਲਮ ਤੋਂ ਰੱਖਿਆ ਮਿਲਦੀ ਹੈ] ਆਸਰਾ।

ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥ ਸਚੁ ਸਚਾ ਰਸੁ ਜਿਨੀ ਚਖਿਆ ਸੇ [੧]ਤ੍ਰਿਪਤਿ ਰਹੇ ਆਘਾਈ ॥ ਇਹੁ ਹਰਿ ਰਸੁ ਸੇਈ ਜਾਣਦੇ ਜਿਉ [੨]ਗੂੰਗੈ ਮਿਠਿਆਈ ਖਾਈ ॥ ਗੁਰਿ ਪੂਰੈ ਹਰਿ ਪ੍ਰਭੁ ਸੇਵਿਆ [੩]ਮਨਿ ਵਜੀ ਵਾਧਾਈ ॥ ੧੮ ॥ ਸਲੋਕ ਮਃ ੪ ॥ ਜਿਨਾ ਅੰਦਰਿ ਉਮਰਥਲ[੪] ਸੇਈ ਜਾਣਨਿ ਸੂਲੀਆ ॥ ਹਰਿ ਜਾਣਹਿ ਸੇਈ ਬਿਰਹੁ[੫] ਹਉ [੬]ਤਿਨ ਵਿਟਹੁ ਸਦ ਘੁਮਿ ਘੋਲੀਆ ॥ ਹਰਿ ਮੇਲਹੁ ਸਜਣੁ ਪੁਰਖੁ[੭] ਮੇਰਾ ਸਿਰੁ ਤਿਨ ਵਿਟਹੁ [੮]ਤਲ ਰੋਲੀਆ ॥ ਜੋ ਸਿਖ ਗੁਰ ਕਾਰ ਕਮਾਵਹਿ ਹਉ [੯]ਗੁਲਮੁ ਤਿਨਾ ਕਾ ਗੋਲੀਆ ॥ ਹਰਿ ਰੰਗਿ ਚਲੂਲੈ[੧੦] ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ[੧੧] ॥ [੧੨]ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ ੧ ॥ ਮਃ ੪ ॥ ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥ ਗੁਰਮੁਖਿ[੧੩] ਗੁਣ ਵੇਹਾਝੀਅਹਿ[੧੪] ਮਲੁ ਹਉਮੈ ਕਢੈ ਧੋਇ ॥ ਸਚੁ ਵਣੰਜਹਿ ਰੰਗ[੧੫] ਸਿਉ ਸਚੁ ਸਉਦਾ ਹੋਇ ॥ ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ ॥ ਨਾਨਕ ਤਿਨ ਸਚੁ ਵਣੰਜਿਆ ਜਿਨਾ ਧੁਰਿ[੧੬] ਲਿਖਿਆ ਪਰਾਪਤਿ ਹੋਇ ॥ ੨ ॥ ਪਉੜੀ ॥ [੧੭]ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥ ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥ ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ[੧੮] ਮੂੜ ਬੇਤਾਲੇ[੧੯] ॥ ਓਹ [੨੦]ਆਲੁ ਪਤਾਲੁ ਮੁਹਹੁ ਬੋਲਦੇ [੨੧]ਜਿਉ ਪੀਤੈ ਮਦਿ ਮਤਵਾਲੇ ॥ ੧੯ ॥ ਸਲੋਕ ਮਹਲਾ ੩ ॥ [*]ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ ਸਚਾ ਸਬਦੁ ਭਤਾਰੁ[੨੨] ਹੈ ਸਦਾ ਸਦਾ ਰਾਵੇਇ ॥ ਜਿਉ ਉਬਲੀ ਮਜੀਠੈ ਰੰਗੁ ਗਹਗਹਾ[੨੩] ਤਿਉ ਸਚੇ ਨੋ ਜੀਉ ਦੇਇ ॥ ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥ [੨੪]ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥ ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥ ਨਾਨਕ ਸਚਾ ਆਪਿ ਹੈ ਆਪੇ ਨਦਰਿ[੨੫] ਕਰੇਇ ॥ ੧ ॥ ਮਃ ੪ ॥ ਸਤਸੰਗਤਿ ਮਹਿ ਹਰਿ ਉਸਤਤਿ ਹੈ [੨੬]ਸੰਗਿ ਸਾਧੂ ਮਿਲੇ ਪਿਆਰਿਆ ॥ ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥ ਹਰਿ ਨਾਮੁ ਦ੍ਰਿੜਾਵਹਿ[੨੭] ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥ ਗੁਰ ਵੇਖਣ ਕਉ ਸਭੁ ਕੋਈ ਲੋਚੈ[੨੮] ਨਵ ਖੰਡ ਜਗਤਿ ਨਮਸਕਾਰਿਆ ॥ ਤੁਧੁ ਆਪੇ ਆਪੁ[੨੯] ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥ ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ[੩੦] ॥

੧ ਪੂਰੀ ਤਰ੍ਹਾਂ ਰੱਜ ਗਏ।
੨ ਜਿਵੇਂ ਗੂੰਗਾ ਮਠਿਆਈ ਖਾ ਕੇ ਰਸ ਨੂੰ ਮਾਣਦਾ ਤਾਂ ਹੈ, ਪਰ ਦੱਸ ਨਹੀਂ ਸਕਦਾ।
੩ ਮਨ ਵਿੱਚ ਖੁਸ਼ੀਆਂ ਪ੍ਰਗਟ ਹੋਈਆਂ।
੪ ਅੰਦਰ ਦਾ ਫੋੜਾ। ਭਾਵ ਜਿਨ੍ਹਾਂ ਨੂੰ ਵਿਛੋੜੇ ਦਾ ਦੁੱਖ ਹੈ, ਉਹ ਹੀ ਇਸ ਦੀ ਪੀੜ ਨੂੰ ਜਾਣਦੇ ਹਨ।
੫ ਵਿਛੋੜੇ ਤੋਂ ਉਪਜਿਆ ਪ੍ਰੇਮ।
੬ ਉਨ੍ਹਾਂ ਉਤੋਂ ਸਦਾ ਵਾਰਨੇ ਜਾਂਦਾ ਹਾਂ।
੭ ਮਰਦ, ਸੂਰਮਾ।
੮ ਪੈਰਾਂ ਥੱਲੇ ਰੁਲਾਵਾਂ (ਸਿਰ ਨੂੰ)।
੯ ਉਨ੍ਹਾਂ ਦੇ ਗੁਲਾਮਾਂ ਦਾ ਗੋਲਾ, ਦਾਸਾਂ ਦਾ ਦਾਸ।
੧੦ [ਫ਼ਾਰਸੀ 'ਚੂੰ-ਲਾਲਹ', ਲਾਲਾ ਫੂਲ ਵਰਗਾ ਲਾਲ] ਲਾਲ ਗੂੜ੍ਹੇ ਰੰਗ ਵਿੱਚ।
੧੧ ਸਰੀਰ ਰੂਪ ਚੋਲਾ।
੧੨ ਹਰੀ ਨੇ ਕਿਰਪਾ ਕਰ ਕੇ ਉਹਨਾਂ ਨੂੰ ਗੁਰੂ ਨਾਲ ਮੇਲਿਆਂ ਹੈ ਤੇ ਉਹਨਾਂ ਗੁਰੂ ਪਾਸ ਆਪਣਾ ਸਿਰ ਮੁੱਲ ਵੇਚ ਦਿੱਤਾ ਹੈ।
੧੩ ਗੁਰਾਂ ਦੁਆਰੇ।
੧੪ ਸੌਦਾ ਕਰੀਏ, ਖ਼ਰੀਦੀਏ।
੧੫ ਪ੍ਰੇਮ।
੧੬ ਧੁਰੋਂ, ਵਾਹਿਗੁਰੂ ਦੇ ਹਜ਼ੂਰੋਂ।
੧੭ ਮੈਂ ਸਲਾਹੁੰਦਾ ਹਾਂ ਸਲਾਹੁਣ-ਯੋਗ ਸੱਚੇ ਨੂੰ।
੧੮ ਆਪ-ਹੁਦਰੇ।
੧੯ ਭੂਤਨੇ।
੨੦ ਅਕਾਸ਼-ਪਤਾਲ, ਉੱਚਾ-ਨੀਵਾਂ, ਉਲਟ-ਪੁਲਟ।
੨੧ ਜਿਵੇਂ ਸ਼ਰਾਬ ਨਾਲ ਮਸਤ ਹੋਏ ਹੋਏ ਸ਼ਰਾਬੀ।
੨੨ ਪਤੀ। ਸ਼ਬਦ ਸੱਚਾ ਪਤੀ ਹੈ। ਇਸ ਨੂੰ ਸਦਾ ਭੋਗੇ, ਭਾਵ ਸ਼ਬਦ ਦੇ ਰਸ ਨੂੰ ਮਾਣੇ, ਪ੍ਰੇਮ ਨਾਲ ਕਮਾਵੇ।
੨੩ ਗੂੜ੍ਹਾ। ਜਿਵੇਂ ਉਬਲੀ ਹੋਈ ਮਜੀਠ ਦਾ ਰੰਗ ਚੰਗਾ ਗੂੜ੍ਹਾ ਨਿਕਲਦਾ ਹੈ।
੨੪ ਜੇ ਕੂੜ ਨੂੰ ਮੁਲੰਮਾ ਕਰ ਕੇ ਗਲੇਫ ਕੇ ਰੱਖ ਦਿਓ ਤਾਂ ਵੀ ਕੂੜ ਜਾਂ ਠੱਗੀ ਲੁਕਦੀ ਨਹੀਂ।
੨੫ ਮਿਹਰ ਦੀ ਨਜ਼ਰ।
੨੬ ਹੇ ਪਿਆਰਿਆ! ਸਾਧੂ ਦੀ ਸੰਗਤ ਵਿੱਚ ਹੀ ਹਰੀ ਮਿਲਦਾ ਹੈ।
੨੭ ਸਮਝਾ ਕੇ ਪੱਕੀ ਤਰ੍ਹਾਂ ਨਿਸਚੇ ਕਰਾਂਦੇ ਹਨ।
੨੮ ਨੌਂ ਖੰਡ ਜਗਤ ਨੇ ਨਮਸਕਾਰ ਕੀਤੀ ਹੈ।
੨੯ ਆਪਣੇ ਆਪ ਨੂੰ।
੩੦ ਹੇ ਬਨਾਣ ਵਾਲੇ!

* ਗਉੜੀ ਰਾਗਣੀ ਸੁਲੱਖਣੀ ਤਾਂ ਹੈ ਜੇ ਇਸ ਦੁਆਰਾ ਹਰੀ ਨੂੰ ਚਿੱਤ ਵਿੱਚ ਵਸਾਏ।

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥ ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ ॥ ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ[੧] ਜਿਨ ਹਿਰਦੈ ਨਾਮੁ ਸਮਾਰਿਆ[੨] ॥ ਜਨ ਨਾਨਕ ਕੇ [੩]ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥ ਮਹਲਾ ੩ ॥ [੪]ਹਉਮੈ ਜਗਤੁ ਭੁਲਾਇਆ ਦੁਰਮਤਿ[੫] ਬਿਖਿਆ[੬] ਬਿਕਾਰ ॥ ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ[੭] ਅੰਧ ਅੰਧਿਆਰ ॥ ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥ ੩ ॥ ਪਉੜੀ ॥ ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ[੮] ਭਿਜੈ ॥ ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ[੯] ਨ ਕਬਹੂ ਛਿਜੈ[੧੦] ॥ ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ[੧੧] ਅੰਮ੍ਰਿਤੁ ਪਿਜੈ[੧੨] ॥ ਸਚੁ ਸਚਾ ਜਿਨ ਮਨਿ ਭਾਵਦਾ ਸੇ [੧੩]ਮਨਿ ਸਚੀ ਦਰਗਹ ਲਿਜੈ ॥ ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥ ੨੦ ॥ ਸਲੋਕ ਮਃ ੪ ॥ ਸਾਕਤ[੧੪] ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ [੧੫]ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ[੧੬] ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ ਓਨਾ ਦਾ ਭਖੁ[੧੭] ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ[੧੮] ॥ ਜੇ ਸਾਕਤੁ ਨਰੁ [੧੯]ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ[੨੦] ॥ [੨੧]ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥ ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ[੨੨] ॥ ੧ ॥ ਮਃ ੪ ॥ ਸਤਿਗੁਰੁ ਪੁਰਖੁ ਅਗੰਮੁ[੨੩] ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ[੨੪] ॥ ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ ॥ ਸਤਿਗੁਰੂ ਕਾ ਖੜਗੁ ਸੰਜੋਉ[੨੫] ਹਰਿ ਭਗਤਿ ਹੈ ਜਿਤੁ[੨੬] ਕਾਲੁ ਕੰਟਕੁ[*] ਮਾਰਿ ਵਿਡਾਰਿਆ ॥ ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ[੨੭] ॥ ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥ ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ[੨੮] ਵੀਚਾਰਿਆ ॥ ੨ ॥ ਪਉੜੀ ॥ ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ[੨੯] ॥ ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ[੩੦] ਸਚੁ ਰਵੇ[੩੧] ॥ ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ[੩੨] ਸਚੁ ਲਵੇ[੩੩] ॥ ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ[੩੪] ॥ ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥ ੨੧ ॥ ਸਲੋਕੁ ਮਃ ੪ ॥

੧ ਤਰੇ।
੨ ਧਿਆਇਆ ਹੈ।
੩ ਹੇ ਗੁਰਸਿੱਖ ਪੁੱਤੋ!
੪ ਹਉਮੈ ਨੇ ਜਗਤ ਨੂੰ ਭੁਲਾਇਆ ਹੈ।
੫ ਖੋਟੀ ਮੱਤ।
੬ ਮਾਇਆ।
੭ ਆਪ-ਹੁਦਰਾ ਜੋ ਗੁਰੂ ਨੂੰ ਨਹੀਂ ਮੰਨਦਾ।
੮ ਹਿਰਦਾ। ਜਿਸ ਦਾ ਹਿਰਦਾ ਪ੍ਰੇਮ-ਰਸ ਨਾਲ ਭਿੱਜਦਾ ਹੈ।
੯ ਸਰੀਰ।
੧੦ ਛਿਜਦਾ, ਟੁੱਟਦਾ।
੧੧ ਜੀਭ ਦੁਆਰਾ।
੧੨ ਪੀਂਦਾ ਹੈ।
੧੩ ਮੰਨ ਲਏ ਜਾਂਦੇ ਹਨ ਸੱਚੀ ਦਰਗਾਹ ਵਿੱਚ; ਆਦਰ ਪਾਂਦੇ ਹਨ।
੧੪ [ਸ਼ਕਤੀ ਦੇ ਉਪਾਸ਼ਕ] ਖੋਟੇ ਪੁਰਸ਼।
੧੫ ਬਗਲੇ ਵਾਂਗ ਘੁਸਰ ਕੇ (ਧਸ ਕੇ) ਬਹਿ ਜਾਂਦੇ ਹਨ।
੧੬ ਲੱਭਣ ਵਾਲੇ। ਗੁਰਸਿੱਖਾਂ ਅੰਦਰ ਸਤਿਗੁਰੂ ਕੰਮ ਕਰ ਰਿਹਾ ਹੁੰਦਾ ਹੈ, ਇਸ ਲਈ ਉਨ੍ਹਾਂ ਨੂੰ ਧੋਖਾ ਕੋਈ ਦੇ ਨਹੀਂ ਸਕਦਾ, ਓਹ ਲੱਭਣ ਵਾਲੇ ਉੱਤੇ ਦੱਸੇ ਪਖੰਡੀਆਂ ਨੂੰ ਚੁਣ ਕੇ ਵੱਖ ਕਰ ਲੈਂਦੇ ਹਨ।
੧੭ ਖਾਜਾ।
੧੮ ਭੇਡਾਂ ਵਾਂਗ। ਜਿਵੇਂ ਭੇਡਾਂ ਗੰਦਗੀ ਉੱਤੇ ਜਾ ਪੈਂਦੀਆਂ ਹਨ, ਤਿਵੇਂ ਸਾਕਤ ਕੂੜ ਢੂੰਡ ਲੈਂਦੇ ਹਨ।
੧੯ ਖਵਾਣਾ ਲੋਚੀਏ।
੨੦ ਉਗਲ' ਕੇ।
੨੧ ਰੱਬ ਕਰਕੇ ਸਾਕਤਾਂ ਨਾਲ ਸੰਗ ਨਾ ਕਰੇ।
੨੨ ਯਾਦ ਕਰਦਾ ਹੈ।
੨੩ ਪਹੁੰਚ ਤੋਂ ਪਰ੍ਹੇ।
੨੪ ਹਿਰਦੇ ਅੰਦਰ ਧਾਰਿਆ ਹੈ।
੨੫ ਜ਼ਰਹ-ਬਕਤਰ। ਸਰੀਰ ਦੀ ਰਾਖੀ ਲਈ ਜੰਗ ਸਮੇਂ ਪਹਿਰਣ ਵਾਲਾ ਲੋਹੇ ਦਾ ਪੁਸ਼ਾਕਾ।
੨੬ ਜਿਸ ਨਾਲ।
੨੭ ਬਚਾ ਲਿਆ।
੨੮ ਅੱਗੇ ਦੀਆਂ ਗੱਲਾਂ, ਭਵਿੱਖਤ।
੨੯ ਬੋਲਦੇ ਹਨ, ਜਪਦੇ ਹਨ।
੩੦ ਗੁਰੂ ਦੁਆਰਾ।
੩੧ ਸਿਮਰਦੇ ਹਨ।
੩੨ ਹਰ ਰੋਜ਼।
੩੩ ਬੋਲਦੇ, ਕਥਦੇ ਹਨ।
੩੪ ਪਹੁੰਚਦੇ ਹਨ।

* ਕੰਡਾ। ਕੰਡੇ ਦੀ ਨਿਆਈਂ ਚੁਭਣ ਵਾਲਾ ਜੋ ਕਾਲ ਸੀ, ਉਸ ਨੂੰ ਮਾਰ ਕੇ ਦੂਰ ਕੀਤਾ ਹੈ।

[1]ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ ਜਿਨਾ [2]ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ ਕਰਮੀ[3] ਸਤਿਗੁਰੁ ਪਾਈਐ ਅਨਦਿਨੁ[4] ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ[5] ॥ ੧ ॥ ਮਃ ੪ ॥ ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥ ਭਉਜਲਿ[6] ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥ ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥ ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥ ੨ ॥ ਪਉੜੀ ॥ ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥ ਜਿਨ ਗੁਰਮੁਖਿ[7] ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥ ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ[8] ਮਾਰਿ ਤਿਨੀ ਸਾਧਿਆ[9] ॥ ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ [10]ਸਚਿ ਰਲਾਧਿਆ ॥ [11]ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ[12] ॥ ੨੨ ॥ ਸਲੋਕ ਮਃ ੪ ॥ ਮਨਮੁਖੁ[13] ਪ੍ਰਾਣੀ ਮੁਗਧੁ ਹੈ [14]ਨਾਮਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥ ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥ ੧ ॥ ਮਃ ੪ ॥ ਗੁਰੁ ਸਾਲਾਹੀ ਆਪਣਾ ਬਹੁ ਬਿਧਿ [15]ਰੰਗਿ ਸੁਭਾਇ ॥ ਸਤਿਗੁਰ ਸੇਤੀ ਮਨੁ ਰਤਾ ਰਖਿਆ [16]ਬਣਤ ਬਣਾਇ ॥ ਜਿਹਵਾ[17] ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ[18] ਹਰਿ ਰਸੁ ਖਾਇ ॥ ੨ ॥ ਪਉੜੀ ॥ ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥ ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ ਸਾਲਾਹੀ[19] ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥ ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ[20] ਨਦਰੀ ਆਈਆ ॥ ਸਚੁ ਗੁਰਮੁਖਿ[7] ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥ ੨੩ ॥ ਸਲੋਕ ਮਃ ੪ ॥ ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ[21] ॥ ਵਿਸਟੁ[22] ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥ ੧ ॥ ਮਃ ੩ ॥ ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ [*]ਰੋਲ ਘਚੋਲਾ ॥ [23]ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥ ਜੋ ਤਿਸੁ ਭਾਵੈ ਸੁ [24]ਕਰੇ ਕਰਾਇਆ ॥ ਨਾਨਕ ਵਜਦਾ ਜੰਤੁ[25]

੧ ਭਾਵੇਂ ਸੁੱਤੇ ਹੋਣ, ਭਾਵੇਂ ਜਾਗਦੇ, ਜੋ ਗੁਰਮੁਖ ਹਨ ਓਹ ਪ੍ਰਵਾਨ ਹਨ।
੨ ਸਾਹ ਲੈਂਦਿਆਂ ਅਤੇ ਰੋਟੀ ਖਾਂਦਿਆਂ।
੩ ਭਾਗਾਂ ਨਾਲ।
੪ ਹਰ ਰੋਜ਼।
੫ ਯਾਦ ਕਰਦੇ ਹਨ।
੬ ਸੰਸਾਰ ਸਾਗਰ ਵਿੱਚੋਂ।
੭ ਗੁਰੂ ਦੁਆਰਾ।
੮ ਕੰਡੇ ਵਾਂਗ। ਕਾਲ ਜੋ ਕੰਡੇ ਵਾਂਗ ਦੁਖਦਾਈ ਹੈ।
੯ ਜਿੱਤਿਆ ਹੈ।
੧੦ ਸੱਚ ਵਿੱਚ ਰਲੇ ਹਨ।
੧੧ ਸੱਚ ਰੂਪ, ਸੱਚਾ ਹਰੀ ਧਨ ਹੈ।
੧੨ ਫਲ ਲਾਧਿਆ, ਫਲ ਪ੍ਰਾਪਤ ਕੀਤਾ।
੧੩ ਆਪ-ਹੁਦਰਾ; ਗੁਰੂ ਨੂੰ ਨਾ ਮੰਨਣ ਵਾਲਾ।
੧੪ ਨਾਮ ਤੋਂ ਖਾਲੀ।
੧੫ ਸੁਭਾਵਕ ਪ੍ਰੇਮ ਨਾਲ (ਜੋ ਬੱਧਾ ਚੱਟੀ ਨਹੀਂ ਹੁੰਦਾ, ਕੁਦਰਤੀ ਤੌਰ 'ਤੇ ਅੰਦਰੋਂ ਫੁਟ ਕੇ ਨਿਕਲਦਾ ਹੈ) ਮੈਂ ਆਪਣਾ ਗੁਰੂ ਸਲਾਹੁੰਦਾ ਹਾਂ, ਕਈ ਤਰ੍ਹਾਂ ਦੇ ਸੁਭਾਵਕ ਪਿਆਰ ਨਾਲ।
੧੬ ਬਾਨ੍ਹਣੂ ਬੰਨ੍ਹ ਕੇ। ਮਨ ਰੰਗਿਆ ਗਿਆ ਹੈ ਸਤਿਗੁਰੂ ਨਾਲ, ਜਿਸ ਨੇ ਐਸਾ ਬਾਨ੍ਹਣੂ ਬੱਧਾ ਹੈ ਕਿ ਮਨ ਟਿਕ ਗਿਆ ਹੈ।
੧੭ ਜੀਭ।
੧੮ ਰੱਜਦਾ ਹੈ।
੧੯ ਸਾਲਾਹੁਣ ਯੋਗ, ਵਾਹਿਗੁਰੂ।
੨੦ ਪ੍ਰਤੱਖ।
੨੧ ਲੋੜ ਕੇ, ਢੂੰਡ ਕੇ।
੨੨ ਵਿਚੋਲਾ, ਵਕੀਲ।
੨੩ (ਮਾਇਆਧਾਰੀ ਦੇ ਉਲਟ) ਗੁਰਮੁਖ ਇਉਂ ਜਾਣਿਆ ਜਾਂਦਾ ਹੈ ਕਿ ਉਹ ਸ਼ਬਦ ਵਿੱਚ ਧਿਆਨ ਜੋੜਦਾ ਹੈ।
੨੪ ਹਰੀ ਦਾ ਕਰਾਇਆ ਕਰਦਾ ਹੈ।
੨੫ ਜੀਵ ਰੂਪੀ ਵਾਜਾ; ਭਾਵ ਉਸ ਦਾ ਬੋਲਾਇਆ ਬੋਲਦਾ ਹੈ। ਇਥੇ ਖ਼ੂਬੀ ਇਹ ਹੈ ਕਿ ਜੰਤੁ ਦਾ ਭਾਵ ਜੀਭ ਭੀ ਹੈ ਅਤੇ ਵਾਜਾ ਵੀ।

* ਰੌਲਾ ਗੌਲਾ। (ਮਨ ਵਿੱਚ ਰਾਜ ਮਾਲ ਦਾ) ਸ਼ੋਰ ਹੋਣ ਕਰਕੇ ਸ਼ਬਦ ਨਹੀਂ ਸੁਣਦਾ।

ਵਜਾਇਆ ॥ ੨ ॥ ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥ ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ [੧]ਵਿਚਿ ਗਣਤੈ ॥ ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ[੨] ॥ ਤੂ ਘਟਿ ਘਟਿ ਇਕੁ ਵਰਤਦਾ [੩]ਸਚੁ ਸਾਹਿਬ ਚਲਤੈ ॥ ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ[੪] ॥ ੨੪ ॥ ਸਲੋਕੁ ਮਃ ੪ ॥ ਇਹੁ ਮਨੂਆ ਦ੍ਰਿੜੁ[੫] ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥ ਕਿਉ [੬]ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ ॥ [੭]ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥ ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥ ੧ ॥ ਮਃ ੩ ॥ ਮਨਮੁਖੁ[੮] ਅਹੰਕਾਰੀ ਮਹਲੁ[੯] ਨ ਜਾਣੈ[੧੦] ਖਿਨੁ ਆਗੈ ਖਿਨੁ ਪੀਛੈ ॥ ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ[੧੧] ॥ ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ[੧੨] ਜੋੜਿ ॥ ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ [੧੩]ਲਏ ਬਹੋੜਿ ॥ ੨ ॥ ਪਉੜੀ ॥ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ [੧੪]ਕਸੰਮਲ ਭੰਨੇ ॥ ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ [੧੫]ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ [੧੬]ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ[੧੭] ਸੁਣਿ ਮਨੁ ਭਿੰਨੇ[੧੮] ॥ ੨੫ ॥ ਸਲੋਕੁ ਮਃ ੩ ॥ ਜਿਨਿ ਗੁਰੁ ਗੋਪਿਆ[੧੯] ਆਪਣਾ ਤਿਸੁ [੨੦]ਠਉਰ ਨ ਠਾਉ ॥ [੨੧]ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥ *ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ[੨੨] ॥ [੨੩]ਸਤਿਗੁਰ ਕੀ ਗਣਤੈ ਘੁਸੀਐ [੨੪]ਦੂਖੇ ਦੂਖਿ ਵਿਹਾਇ ॥ ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥ ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥ ੧ ॥ ਮਃ ੩ ॥ ਮਨਮੁਖੁ ਅਗਿਆਨੁ ਦੁਰਮਤਿ[੨੫] ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥ ਅੰਨਾ ਬੋਲਾ ਖੁਇ[੨੬] ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥ [੨੭]ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ [੨੮]ਪੂਰਬਿ ਲਿਖਿਆ ਕਮਾਇ ॥ ੨ ॥ ਪਉੜੀ ॥ ਜਿਨ ਕੇ ਚਿਤ ਕਠੋਰ[੨੯] ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥ ਓਇ ਵਲੁ ਛਲੁ ਕਰਿ [੩੦]ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ ਵਿਚਿ ਸਚੇ ਕੂੜੁ ਨ ਗਡਈ[੩੧] ਮਨਿ ਵੇਖਹੁ ਕੋ ਨਿਰਜਾਸਿ[੩੨] ॥ ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ ੨੬ ॥

੧ ਗਿਣਤੀ ਵਿੱਚ, ਹਦ ਵਿੱਚ।
੨ ਪ੍ਰਬੰਧ ਵਿੱਚ।
੩ ਹੇ ਸਾਹਿਬ! ਇਹ ਤੇਰਾ ਸੱਚਾ ਚਲਤ (ਖੇਲ) ਹੈ।
੪ ਹੋਰ ਤੋਂ। ਕਿਸੇ ਹੋਰ ਦੁਆਰਾ ਨਹੀਂ ਮਿਲੇ।
੫ ਪੱਕਾ।
੬ ਸਾਹ ਲੈਂਦਿਆਂ ਜਾਂ ਖਾਂਦਿਆਂ।
੭ ਇਹ ਪਤਾ ਲੱਗ ਗਿਆ ਹੈ ਕਿ ਇਹ ਜੀਵ ਹਰੀ ਵੱਸ ਹੈ, ਇਸ ਲਈ ਮਰਨ ਜੀਵਨ ਦਾ ਫ਼ਿਕਰ ਨਹੀਂ ਰਿਹਾ।
੮ ਆਪਣੇ ਮਨ ਪਿੱਛੇ ਲੱਗ ਕੇ ਤੁਰਨ ਵਾਲਾ, ਆਪ-ਹੁਦਰਾ।
੯ ਵਾਹਿਗੁਰੂ ਦਾ ਟਿਕਾਣਾ।
੧੦ ਭਾਵ ਭਟਕਦਾ ਰਹਿੰਦਾ ਹੈ।
੧੧ ਕਾਮਯਾਬ ਹੋਵੇ, ਪ੍ਰਵਾਨ ਹੋਵੇ।
੧੨ ਹੱਥ।
੧੩ ਮੋੜ ਲਏ। ਮੁੜ ਕੇ ਆਪਣੇ ਨਾਲ ਮਿਲਾ ਲੈਂਦਾ ਹੈ।
੧੪ ਪਾਪ ਭਜ ਗਏ।
੧੫ ਸਿੱਖਾਂ ਨੇ ਕੰਨਾਂ ਨਾਲ।
੧੬ ਚੌਗੁਣਾ ਵੰਨ (ਰੰਗ) ਚੜ੍ਹਿਆ।
੧੭ ਸਿੱਖਿਆ, ਉਪਦੇਸ਼।
੧੮ ਭਿੱਜਿਆ ਹੈ (ਮਨ)।
੧੯ ਲੁਕਾਇਆ, ਉਸ ਨੂੰ ਪ੍ਰਤੱਖ ਤੌਰ 'ਤੇ ਮੰਨਣ ਤੋਂ ਇਨਕਾਰੀ ਹੋਇਆ।
੨੦ ਥਾਂ ਟਿਕਾਣਾ ਨਹੀਂ।
੨੧ ਲੋਕ-ਪਰਲੋਕ।
੨੨ ਚਰਨੀਂ।
੨੩ ਜੇ ਗੁਰੂ ਦੇ ਚੇਲਿਆਂ ਦੀ ਗਿਣਤੀ ਵਿੱਚ ਨਾ ਆਵੀਏ; ਜੇ ਗੁਰੂ ਦੇ ਲੇਖੇ ਨਾ ਲੱਗੀਏ।
੨੪ ਉਮਰ ਦੁੱਖ ਹੀ ਦੁੱਖ ਵਿੱਚ ਗੁਜ਼ਰਦੀ ਹੈ।
੨੫ ਖੋਟੀ ਮੱਤ ਵਾਲਾ।
੨੬ ਖੁੰਝ ਕੇ, ਘੁਸ ਕੇ।
੨੭ ਬਿਨਾਂ ਸਤਿਗੁਰੂ ਨੂੰ ਮਿਲਣ ਦੇ।
੨੮ ਪਹਿਲੋਂ ਦਾ ਲਿਖਿਆ, ਰੱਬ ਦੇ ਹਜ਼ੂਰੋਂ ਭਾਗਾਂ ਵੱਜੋਂ ਮਿਲਿਆ।
੨੯ [ਕਾਠ ਦਾ ਹਿਰਦਾ ਰੱਖਣ ਵਾਲੇ] ਸਖ਼ਤ, ਕਰੜੇ।
੩੦ ਵਕਤ ਗੁਜ਼ਾਰਦੇ ਹਨ।
੩੧ ਰਲਦਾ।
੩੨ ਨਿਰਣਾ ਕਰ ਕੇ।

* ਉਹ ਮੌਕਾ ਮੁੜ ਨਹੀਂ ਮਿਲਦਾ ਕਿ ਸਤਿਗੁਰੂ ਦੀ ਸ਼ਰਨੀ ਲੱਗ ਸਕਣ।

ਸਲੋਕ ਮਃ ੫ ॥ [੧]ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ[੨] ॥ [੩]ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ[੪] ॥ ੧ ॥ ਮਃ ੫ ॥ [੫]ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥ ਤਿੰਨੈ[੬] ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥ ੨ ॥ ਪਉੜੀ ੫[*] ॥ ਲੈ ਫਾਹੇ[੭] ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ [੮]ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨ੍ਹਿ [੯]ਵਿਖੰਮ ਥਾਇ [੧੦]ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ[੧੧] ਫਰੇਸਤਾ ਤਿਲ ਪੀੜੇ ਘਾਣੀ[੧੨] ॥ ੨੭ ॥ ਸਲੋਕ ਮਃ ੫ ॥ ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ ਦੂਜਾ ਸੇਵਨਿ ਨਾਨਕਾ ਸੇ [੧੩]ਪਚਿ ਪਚਿ ਮੁਏ ਅਜਾਣ ॥ ੧ ॥ ਮਃ ੫ ॥ ਜੋ ਧੁਰਿ[੧੪] ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ ॥ ਰਾਮ ਨਾਮੁ ਧਨੁ ਵਖਰੋ[੧੫] ਨਾਨਕ ਸਦਾ ਧਿਆਇ ॥ ੨ ॥ ਪਉੜੀ ੫ ॥ ਨਾਰਾਇਣਿ ਲਇਆ ਨਾਠੂੰਗੜਾ[੧੬] ਪੈਰ ਕਿਥੈ ਰਖੈ ॥ ਕਰਦਾ ਪਾਪ ਅਮਿਤਿਆ[੧੭] ਨਿਤ ਵਿਸੋ[੧੮] ਚਖੈ ॥ ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ[੧੯] ॥ ਸਚੈ ਸਾਹਿਬ ਮਾਰਿਆ ਕਉਣੁ ਤਿਸ ਨੋ ਰਖੈ ॥ ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ[੨੦] ॥ ੨੮ ॥ ਸਲੋਕ ਮਃ ੫ ॥ ਨਰਕ ਘੋਰ ਬਹੁ ਦੁਖ ਘਣੇ[੨੧] ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ[੨੨] ॥ ੧ ॥ ਮਃ ੫ ॥ ਅਵਖਧ[੨੩] ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥ ੨ ॥ ਪਉੜੀ ੫ ॥ ਤੁਸਿ[੨੪] ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ ਸਭਿ ਅੰਦੇਸੇ[੨੫] ਮਿਟਿ ਗਏ ਜਮ ਕਾ ਭਉ ਛੁਟੁ ॥ ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ[੨੬] ॥ ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ[੨੭] ॥ ੨੯ ॥ ਸਲੋਕ ਮਃ ੪ ॥ †ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ[੨੮] ॥ ਅਗੋ ਦੇ[੨੯] ਸਦਿਆ [੩੦]ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ[੩੧] ਤਪੈ ਪੁਤੁ ਵਿਚਿ ਬਹਾਲਿਆ ॥ ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ ਭਾਈ ਏਹੁ ਤਪਾ ਨ ਹੋਵੀ[੩੨] ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥ ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ[੩੩] ਮਾਰਿਆ ॥ ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥ ਬਾਹਰਿ ਬਹੈ ਪੰਚਾ[੩੪] ਵਿਚਿ ਤਪਾ ਸਦਾਏ ॥ ਅੰਦਰਿ ਬਹੈ

੧ ਬਾਕੀ ਦੇ, ਸਾਰੇ ਹੀ।
੨ ਇੰਤਜ਼ਾਮ, ਉੱਦਮ।
੩ ਸੰਤਾਂ ਦੀ ਸਹਾਇਤਾ ਕਰਨ ਵਾਲਾ।
੪ ਪ੍ਰਤੱਖ।
੫ ਜੋ ਪਹਿਲਾਂ ਤੋਂ ਹੀ ਆਪਣੇ ਮੂਲ (ਵਾਹਿਗੁਰੂ) ਤੋਂ ਭੁੱਲੇ ਹਨ, ਓਹ ਕਿਸ ਦੀ ਓਟ ਤੱਕਣ?
੬ ਤਿਸ ਹਰੀ ਨੇ।
੭ ਕਮੰਦ। ਲੋਕਾਂ ਨੂੰ ਠੱਗਣ ਲਈ ਕਈ ਫਾਹੇ ਲੈ ਕੇ ਤੁਰਦੇ ਹਨ; ਇਹੋ ਜੇਹੇ ਪ੍ਰਾਣੀਆਂ ਨੂੰ ਵਾਹਿਗੁਰੂ ਜਾਣਦਾ ਹੈ।
੮ ਛਿਪ ਕੇ ਥਾਵਾਂ ਵਿੱਚ।
੯ ਔਖੇ ਥਾਂ 'ਤੇ, ਜਿਥੇ ਪਹੁੰਚਣਾ ਔਖਾ ਹੈ, ਜਾਂ ਜਿਹੜੇ ਪੱਕੇ ਹੋਣ ਕਰਕੇ ਭੰਨਣੇ ਔਖੇ ਹਨ।
੧੦ ਸ਼ਰਾਬ ਨੂੰ ਮਿੱਠਾ ਕਰਕੇ ਮਾਣਦੇ ਹਨ।
੧੧ ਇਸਲਾਮ ਦੀਆਂ ਕਿਤਾਬਾਂ ਅਨੁਸਾਰ ਮੌਤ ਦਾ ਦੇਵਤਾ, ਜੋ ਮਾੜੇ ਕੰਮ ਕਰਨ ਵਾਲਿਆਂ ਨੂੰ ਇਉਂ ਪੀੜਦਾ ਹੈ, ਜਿਵੇਂ ਘਾਣੀ ਵਿੱਚ ਤਿਲ।
੧੨ ਕੋਹਲੂ ਵਿੱਚ।
੧੩ ਸੜ-ਸੜ।
੧੪ ਧੁਰੋਂ, ਹਰੀ ਦੇ ਹਜ਼ੂਰੋਂ।
੧੫ ਸੌਦਾ (ਜਿਸ ਨੂੰ ਖਰੀਦਣ ਲਈ ਤੂੰ ਆਇਆ ਹੈਂ)।
੧੬ ਨਠ-ਹੂੰਗਾ, ਨੱਠਣ ਲਈ ਧੱਕਾ। ਜਿਸ ਨੇ ਨਾਰਾਇਣ ਵੱਲੋਂ ਨੱਠਣ ਲਈ ਧੱਕਾ ਹੀ ਭਾਗਾਂ ਵਿੱਚ ਲਿਆ ਹੈ, ਉਹ ਪੈਰ ਟਿਕਾ ਕੇ ਕਿਥੇ ਰੱਖ ਸਕਦਾ ਹੈ?
੧੭ ਬੇਅੰਤ।
੧੮ ਵਿਹੁ ਹੀ।
੧੯ ਸੜਦਾ ਹੈ। ਸਰੀਰ ਵਿੱਚ ਹੀ ਸੜਦਾ ਰਹਿੰਦਾ ਹੈ।
੨੦ ਸਮਝ ਵਿੱਚ ਨਾ ਆਉਣ ਵਾਲਾ, ਹਰੀ।
੨੧ ਬਹੁਤੇ।
੨੨ ਅਧਰਮੀ।
੨੩ ਦਵਾਈਆਂ।
੨੪ ਪ੍ਰਸੰਨ ਹੋ ਕੇ।
੨੫ ਫਿਕਰ।
੨੬ ਬੋਟ। ਡਿੱਗੇ ਹੋਏ ਬੋਟ ਵਾਂਗ ਬੇਆਸਰਾ ਹੋ ਕੇ।
੨੭ ਜੁਟ (ਜੋੜ) ਹੋਇਆ ਹੈ।
੨੮ ਕੋਹੜੀ।
੨੯ ਪਹਿਲੋਂ।
੩੦ ਆਦਰ ਦੀ।
੩੧ ਲਿਆ ਕੇ।
੩੨ ਹੋ ਸਕਦਾ।
੩੩ ਕਰਤਾਰ ਨੇ।
੩੪ ਪੰਚਾਇਤ, ਸਭਾ।

* ਵਾਰ ਦੇ ਨਾਲ ਜਿਹੜਾ ਮਹਲਾ ਦਿੱਤਾ ਹੁੰਦਾ ਹੈ, ਪਉੜੀਆਂ ਭੀ ਉਸੇ ਦੀਆਂ ਹੁੰਦੀਆਂ ਹਨ, ਇਸ ਲਈ ਪਉੜੀ ਦੇ ਨਾਲ ਮਹਲੇ ਦਾ ਜ਼ਿਕਰ ਨਹੀਂ ਆਉਂਦਾ। ਇਥੇ ਵਾਰ ਮਹਲਾ ੪ ਦੀ ਸੀ, ਇਸ ਲਈ ਪਉੜੀਆਂ ਦੇ ਨਾਲ ਮਹਲੇ ਦਾ ਅੰਕ ਨਹੀਂ ਸੀ ਦਿੱਤਾ। ਪਰ ਇਥੋਂ ਲੈ ਕੇ ਕੁਝ ਕੁ ਪਉੜੀਆਂ ਪੰਜਵੀਂ ਪਾਤਸ਼ਾਹੀ ਦੀਆਂ ਆਈਆਂ ਹਨ, ਇਸ ਲਈ ਪਉੜੀ ਨਾਲ ਕਿਧਰੇ 'ਮਹਲਾ ੫' ਤੇ ਕਿਧਰੇ ਨਿਰਾ ਪੰਜ ਦਾ ਅੰਕ ਦਿੱਤਾ ਹੈ।

† ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੇ ਸੰਪੂਰਨ ਹੋਣ 'ਤੇ ਜੱਗ ਕੀਤਾ। ਤਪੇ ਨੂੰ ਵੀ ਸੱਦਿਆ। ਉਸ ਨਾਂਹ ਕਰ ਦਿੱਤੀ। ਪਿੱਛੋਂ ਜਦ ਪਤਾ ਲੱਗਾ ਕਿ ਉਥੇ ਮਾਇਆ ਦੇ ਗੱਫੇ ਵੀ ਮਿਲਣੇ ਹਨ ਤਾਂ ਝਟ ਪੁੱਤ ਨੂੰ ਭੇਜ ਦਿੱਤਾ। ਉਸ ਪ੍ਰਥਾਇ ਫੁਰਮਾਇਆ ਹੈ।

ਤਪਾ ਪਾਪ ਕਮਾਏ॥ ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ[੧] ਕਰਿ ਵੇਖਾਲਿਆ॥ ਧਰਮ ਰਾਇ ਜਮਕੰਕਰਾ[੨] ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ[੩] ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ[੪]॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥ ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥ ਸੋ ਬੂਝੈ [੫]ਜੁ ਦਯਿ ਸਵਾਰਿਆ॥ ੧॥ ਮਃ ੪॥ ਹਰਿ ਭਗਤਾਂ ਹਰਿ ਆਰਾਧਿਆ [੬]ਹਰਿ ਕੀ ਵਡਿਆਈ॥ ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ॥ ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ [੭]ਨਿਤ ਚੜੈ ਸਵਾਈ॥ ਹਰਿ ਭਗਤਾਂ ਨੋ ਥਿਰੁ[੮] ਘਰੀ[੯] ਬਹਾਲਿਅਨੁ [੧੦]ਅਪਣੀ ਪੈਜ ਰਖਾਈ॥ ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ॥ ਜੇਹਾ ਨਿੰਦਕ ਅਪਣੈ ਜੀਇ[੧੧] ਕਮਾਵਦੇ ਤੇਹੋ ਫਲੁ ਪਾਈ॥ ਅੰਦਰਿ ਕਮਾਣਾ ਸਰਪਰ[੧੨] ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥ ਜਨ ਨਾਨਕੁ ਦੇਖਿ ਵਿਗਸਿਆ[੧੩] ਹਰਿ ਕੀ ਵਡਿਆਈ॥ ੨॥ ਪਉੜੀ ਮਃ ੫॥ ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ [੧੪]ਕਿਆ ਪਾਪੀ ਕਰੀਐ॥ ਗੁਮਾਨੁ[੧੫] ਕਰਹਿ ਮੂੜ ਗੁਮਾਨੀਆ ਵਿਸੁ[੧੬] ਖਾਧੀ ਮਰੀਐ॥ [੧੭]ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ॥ ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ[੧੮]॥ ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ[੧੯]॥ ੩੦॥ ਸਲੋਕ ਮਃ ੪॥ [੨੦]ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥ ਝਗੜਾ ਕਰਦਿਆ ਅਨਦਿਨੁ[੨੧] ਗੁਦਰੈ ਸਬਦਿ ਨ ਕਰਹਿ ਵੀਚਾਰੁ॥ ਸੁਧਿ[੨੨] ਮਤਿ ਕਰਤੈ ਸਭ [੨੩]ਹਿਰਿ ਲਈ ਬੋਲਨਿ ਸਭੁ ਵਿਕਾਰੁ॥ [੨੪]ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ ੧॥ ਮਃ ੪॥ ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਾ ਗੁਰਮੁਖਿ[੨੫] ਪ੍ਰੀਤਿ ਨ ਹੋਇ॥ ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ॥ ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ॥ ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ॥ ਨਾਨਕ ਧਾਤੁ[੨੬] ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥ ਜਿਨ ਕਉ ਪੋਤੈ[੨੭] ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥ ੨॥ ਪਉੜੀ ਮਃ ੫*॥ ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪਰਗਟ ਪਾਹਾਰੈ[੨੮] ਜਾਪਦੇ ਸਭਿ ਲੋਕ ਸੁਣੰਦੇ॥ ਸੁਖੁ ਨ ਪਾਇਨਿ [੨੯]ਮੁਗਧ ਨਰ ਸੰਤ ਨਾਲਿ ਖਹੰਦੇ[੩੦]॥ [੩੧]ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ॥ ਓਇ

੧ ਨੰਗਾ, ਨਸ਼ਰ, ਪ੍ਰਗਟ।
੨ [ਕਿੰਕਰ=ਦਾਸ, ਸੇਵਕ] ਦੂਤਾਂ।
੩ ਲੈ ਜਾ ਕੇ।
੪ ਹੱਤਿਆਰੇ, ਪਾਪੀ।
੫ ਜਿਸ ਨੂੰ ਕਰਤਾਰ ਨੇ ਸਵਾਰਿਆ ਹੈ।
੬ ਹਰੀ ਦੀ ਵਡਿਆਈ ਕਰਦੇ ਹਨ।
੭ ਦਿਨੋਂ ਦਿਨ ਵੱਧਦੀ ਹੈ।
੮ ਟਿਕਾਣੇ ਵਾਲੇ ਕਰ ਕੇ, ਪੱਕੇ ਪੈਰੀਂ।
੯ ਆਪਣੇ ਅਸਲੀ ਘਰ ਵਿੱਚ, ਰੱਬ ਦੀ ਹਜ਼ੂਰੀ ਵਿੱਚ।
੧੦ ਭਗਤਾਂ ਦੀ ਪੈਜ ਰੱਖਣੀ ਆਪਣੀ ਪੈਜ ਰੱਖਣ ਦੇ ਤੁਲ ਹੈ, ਕਿਉਂ ਜੋ ਇਹ ਉਸ ਦਾ ਬਿਰਦ ਹੈ ਕਿ ਉਹ ਭਗਤਾਂ ਦੀ ਪੈਜ ਰੱਖਦਾ ਹੈ।
੧੧ ਦਿਲ ਵਿੱਚ। ਜੇਹੀ ਨੀਅਤ ਹੁੰਦੀ ਹੈ।
੧੨ ਜ਼ਰੂਰ।
੧੩ ਖਿੜਿਆ ਹੈ, ਖੁਸ਼ ਹੋਇਆ ਹੈ।
੧੪ ਪਾਪੀ ਕੀ ਵਿਗਾੜ ਸਕਦਾ ਹੈ?
੧੫ ਘੁਮੰਡ, ਹੰਕਾਰ।
੧੬ ਜ਼ਹਿਰ।
੧੭ ਭਾਵ ਮੁਕ ਗਏ ਜ਼ਿੰਦਗੀ ਦੇ ਥੋੜ੍ਹੇ ਦਿਨ, ਜਿਵੇਂ ਖੇਤ ਪੱਕ ਕੇ ਕੱਟਿਆ ਜਾਂਦਾ ਹੈ।
੧੮ ਆਖੇ ਜਾਂਦੇ ਹਨ।
੧੯ ਮਾਲਕ।
੨੦ ਹਰੀ ਮੂਲ ਵੱਲੋਂ ਭੁੱਲਿਆਂ ਹੋਇਆਂ ਮਨਮੁਖਾਂ ਅੰਦਰ ਲਬ ਲੋਭ ਹੰਕਾਰ ਹੈ। (ਇਹੋ ਸ਼ਲੋਕ ਪੰਨਾ ੫੪੯ ਉੱਤੇ ਦੂਜੀ ਪਉੜੀ ਦੇ ਪਹਿਲੇ ਸ਼ਲੋਕ ਵਿੱਚ ਆਉਂਦਾ ਹੈ, ਅਤੇ ਨਾਲ ਮ: ੩ ਹੈ।)
੨੧ ਹਰ ਰੋਜ਼।
੨੨ ਸੋਝੀ।
੨੩ ਖੋਹ ਲਈ।
੨੪ ਕਿਸੇ ਦਾਤ ਨਾਲ ਵੀ ਨਹੀਂ ਰੱਜਦੇ।
੨੫ ਗੁਰਮੁਖਾਂ ਨਾਲ।
੨੬ ਮਾਇਆ। ਮਾਇਆਧਾਰੀਆਂ ਤੇ ਲਿਵ ਵਾਲਿਆਂ ਦੀ ਕਦੀ ਪ੍ਰੀਤੀ ਨਹੀਂ ਹੋ ਸਕਦੀ। 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ' (ਵਾਰ ਮਾਝ ਮ: ੧-੧੪੫)।
੨੭ [ਫ਼ਾਰਸੀ 'ਪੋਤਹ'] ਖ਼ਜ਼ਾਨੇ ਵਿੱਚ।
੨੮ ਪਸਾਰੇ ਵਿੱਚ, ਸੰਸਾਰ ਵਿੱਚ।
੨੯ ਮੂਰਖ ਆਦਮੀ।
੩੦ ਖਹਿੰਦੇ, ਟਕਰਦੇ।
੩੧ ਸੰਤ ਤਾਂ ਉਨ੍ਹਾਂ ਮੁਗਧਾਂ ਨੂੰ ਗੁਣ ਦੇਣਾ ਚਾਹੁੰਦੇ ਹਨ, ਪਰ ਓਹ ਹੰਕਾਰ ਵਿੱਚ ਸੜਦੇ ਰਹਿੰਦੇ ਹਨ।

* ਇਹੋ ਪਉੜੀ ਚੌਥੀ ਪਾਤਸ਼ਾਹੀ ਦੀ ਕਰਕੇ ਪਿੱਛੇ ਆ ਚੁੱਕੀ ਹੈ, ਦੇਖੋ ਪਉੜੀ ੧੨। ਪੰਚਮ ਗੁਰੂ ਜੀ ਇਸ ਖ਼ਿਆਲ ਦੀ ਪੁਸ਼ਟੀ ਕਰਨ ਲਈ ਇਸ "ਸੰਤ ਬਚਨ ਅਟਲਾਧਾ" ਨੂੰ ਆਪਣੇ ਵੱਲੋਂ ਦੁਹਰਾਂਦੇ ਹਨ।

ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ[੧] ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ [੨]ਕਿਸੈ ਨ ਸੰਦੇ ॥ ਵੈਰੁ ਕਰਨਿ ਨਿਰਵੈਰ ਨਾਲਿ [੩]ਧਰਮਿ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ [੪]ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥ ੩੧ ॥ ਸਲੋਕ ਮਃ ੫ ॥ [੫]ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ[੬] ਤੂ ਦੁਖੁ ਸਬਾਇਆ[੭] ਲਥੁ ॥ ੧ ॥ ਮਃ ੫ ॥ ਖੁਧਿਆਵੰਤੁ[੮] ਨ ਜਾਣਈ ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ[੯] ॥ ੨ ॥ ਪਉੜੀ ॥ ਜੇਵੇਹੇ ਕਰਮ ਕਮਾਵਦਾ [੧੦]ਤੇਵੇਹੇ ਫਲਤੇ ॥ ਚਬੇ ਤਤਾ [੧੧]ਲੋਹ ਸਾਰੁ ਵਿਚਿ ਸੰਘੈ ਪਲਤੇ[੧੨] ॥ [੧੩]ਘਤਿ ਗਲਾਵਾਂ ਚਾਲਿਆ ਤਿਨਿ ਦੂਤਿ [੧੪]ਅਮਲ ਤੇ ॥ ਕਾਈ ਆਸ ਨ ਪੁੰਨੀਆ[੧੫] ਨਿਤ [੧੬]ਪਰ ਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ[੧੭] ॥ ਵਿਝਣ[੧੮] ਕਲਹ ਨ ਦੇਵਦਾ ਤਾਂ ਲਇਆ ਕਰਤੇ ॥ ਜੋ ਜੋ [੧੯]ਕਰਤੇ ਅਹੰਮੇਉ [੨੦]ਝੜਿ ਧਰਤੀ ਪੜਤੇ ॥ ੩੨ ॥ ਸਲੋਕ ਮਃ ੩ ॥ ਗੁਰਮੁਖਿ ਗਿਆਨੁ [੨੧]ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ[੨੨] ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥ ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ[੨੩] ॥ ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥ ੧ ॥ ਮਃ ੪ ॥ ਸਤਿਗੁਰ ਕੇ [੨੪]ਜੀਅ ਕੀ ਸਾਰ ਨ ਜਾਪੈ ਕਿ[੨੫] ਪੂਰੈ ਸਤਿਗੁਰ ਭਾਵੈ ॥ ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ[੨੬] ਸੋ ਗੁਰ ਖੁਸੀ[੨੭] ਆਵੈ ॥ ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ *ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥ ਗੁਰ ਸਤਿਗੁਰ ਅਗੈ ਕੋ [੨੮]ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥ ਜੇ ਠਗੀ[੨੯] ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥ [੩੦]ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥ ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ ॥ ੨ ॥ ਪਉੜੀ ॥ ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥ ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ [੩੧]ਲੇਖਾ ਛਡੇ ॥ ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ [੩੨]ਗਡ ਗਡੇ ॥ ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ[੩੩] ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ

੧ ਧੁਰੋਂ ਹੀ, ਵਾਹਿਗੁਰੂ ਵੱਲੋਂ ਹੀ।
੨ ਕਿਸੇ ਦੇ ਵੀ ਨਹੀਂ ਹਨ।
੩ ਹਰੀ ਦੇ ਧਰਮ-ਨਿਆਉਂ ਕਰਨ ਨਾਲ ਓਹ ਤਬਾਹ ਹੋ ਜਾਂਦੇ ਹਨ।
੪ ਜਿਸ ਰੁੱਖ ਨੂੰ ਮੁੱਢ ਤੋਂ ਕੱਟਿਆ ਜਾਏ, ਉਸ ਦੀਆਂ ਡਾਲੀਆਂ ਸੁੱਕ ਜਾਂਦੀਆਂ ਹਨ, ਇਸੇ ਤਰ੍ਹਾਂ ਇਨ੍ਹਾਂ ਮੰਦ ਵਾਸ਼ਨਾਂ ਵਾਲਿਆਂ ਦਾ ਖ਼ਾਤਮਾ ਹੁੰਦਾ ਹੈ।
੫ ਗੁਰੂ ਨੇ (ਹੇ ਨਾਨਕ !) ਵਾਹਿਗੁਰੂ ਦ੍ਰਿੜ੍ਹ ਕਰਾਇਆ ਹੈ।
੬ ਹੇ ਮਨ ਮਿੱਤਰ!
੭ ਸਾਰਾ।
੮ ਭੁੱਖੇ। ਭੁੱਖੇ ਨੂੰ ਅੰਦਰ, ਨਿਰਾਦਰ ਜਾਂ ਗਾਲ੍ਹਾਂ ਦੀ ਪਰਵਾਹ ਨਹੀਂ ਹੁੰਦੀ। ਉਸ ਨੂੰ ਤਾਂ ਰੋਟੀ ਦੀ ਪਈ ਹੁੰਦੀ ਹੈ। ਇਸੇ ਤਰ੍ਹਾਂ ਮੈਨੂੰ ਹਰੀ ਨਾਮ ਦੀ ਭੁੱਖ ਹੈ, ਮੈਂ ਇਹੋ ਮੰਗਦਾ ਹਾਂ, ਕਿਰਪਾ ਕਰ ਕੇ ਮਿਲਾ ਲਓ। ਮੈਨੂੰ ਇਸ ਦੀ ਪ੍ਰਾਪਤੀ ਵਿੱਚ ਜੋ ਕੁਝ ਸਹਿਣਾ ਪਏ, ਉਸ ਦੀ ਪਰਵਾਹ ਨਹੀਂ।
੯ ਮੇਲ ਦਾ ਢੋ, ਜੋੜ। ਕਿਰਪਾ ਕਰ ਕੇ ਆਪਣੇ ਨਾਲ ਮੇਰਾ ਜੋੜ ਕਰੋ।
੧੦ ਓਹੋ ਜਿਹੇ ਫਲ ਮਿਲਦੇ ਹਨ।
੧੧ ਫ਼ੌਲਾਦ।
੧੨ [ਪਲਿਤ=ਸਾੜ] ਸਾੜ ਪੈਦਾ ਕਰਦਾ ਹੈ, ਸਾੜਦਾ ਹੈ।
੧੩ ਗਲੇ ਦੀ ਰੱਸੀ ਪਾ ਕੇ।
੧੪ ਅਮਲਾਂ 'ਤੇ। ਕਰਮਾਂ ਅਨੁਸਾਰ ਤਿੰਨ੍ਹਾਂ ਦੂਤਾਂ ਗਲਾਵਾਂ ਪਾ ਕੇ ਅੱਗੇ ਲਾ ਲਿਆ।
੧੫ ਪੂਰੀ ਹੋਈ।
੧੬ ਪਰਾਈ ਮੈਲ ਚੁਰਾਂਦੇ, ਭਾਵ ਨਿੰਦਾ ਕਰਦੇ ਹਨ।
੧੭ [ਧਰਤ੍ਰ] ਆਸਰਾ, ਟੇਕ। ਆਸਰਾ ਖੋਹ ਲਿਆ ਤਾਂ ਸਾਰੇ ਪੱਖ ਵੀ ਮੁੱਕ ਗਏ।
੧੮ ਬੁੱਝਣ, ਸ਼ਾਂਤ ਹੋਣ। ਝਗੜਾ ਮੁੱਕਣ ਨਹੀਂ ਸੀ ਦਿੰਦਾ, ਇਸ ਲਈ ਹਰੀ ਨੇ ਲੈ ਲਿਆ, ਭਾਵ ਮਾਰਿਆ ਹੈ।
੧੯ ਹੰਕਾਰ ਕਰਦੇ ਹਨ।
੨੦ ਝੜ ਕੇ ਧਰਤੀ 'ਤੇ ਪੈਂਦੇ ਹਨ, ਭਾਵ ਮੂੰਹ ਭਾਰ ਡਿੱਗਦੇ ਹਨ।
੨੧ ਵਿਚਾਰ ਵਾਲੀ ਬੁੱਧੀ।
੨੨ ਪਵਿੱਤਰ।
੨੩ ਬਚਨ। ਉਹਦੀ ਬੋਲੀ ਬਹੁਤ ਹੀ ਚੰਗੀ ਹੋ ਜਾਂਦੀ ਹੈ।
੨੪ ਦਿਲ ਦੀ ਖ਼ਬਰ, ਮਨਸ਼ਾ। ਸਤਿਗੁਰੂ ਦੇ ਦਿਲ ਦੀ ਮਰਜ਼ੀ ਦਾ ਪਤਾ ਨਹੀਂ ਲੱਗਦਾ ਕਿ ਉਸ ਪੂਰੇ ਗੁਰੂ ਨੂੰ ਕੀ ਭਾਉਂਦਾ ਹੈ। ਹਾਂ, ਇਹ ਪਤਾ ਲੱਗਦਾ ਹੈ ਕਿ ਗੁਰੂ ਆਪਣੇ ਸਿੱਖਾਂ ਅੰਦਰ ਵਰਤ ਰਿਹਾ ਹੈ ਤੇ ਜਿਹੜਾ ਸਿੱਖਾਂ ਨੂੰ ਪਿਆਰਦਾ ਹੈ, ਉਹ ਗੁਰੂ ਨੂੰ ਚੰਗਾ ਲੱਗਦਾ ਹੈ।
੨੫ ਕੀ?
੨੬ ਚਾਹ ਕਰੇ, ਪਿਆਰ ਕਰੇ।
੨੭ ਪ੍ਰਸੰਨਤਾ ਵਿੱਚ। ਉਹ ਗੁਰੂ ਦੀ ਖ਼ੁਸ਼ੀ ਵਿੱਚ ਆਉਂਦਾ ਹੈ, ਗੁਰੂ ਨੂੰ ਚੰਗਾ ਲੱਗਦਾ ਹੈ।
੨੮ ਦਿਲ ਲਾ ਕੇ ਸੇਵਾ ਕਰੇ।
੨੯ ਠੱਗੀ ਲਈ, ਮਤਲਬ ਲਈ।
੩੦ ਰੱਬੀ ਵਿਚਾਰ।
੩੧ ਉਸ ਦੇ ਕਰਮਾਂ ਦੀ ਗਿਣਤੀ ਛੱਡ ਕੇ।
੩੨ ਗੱਡ ਕੇ ਜੋੜ ਕੇ।
੩੩ ਹੱਡ।

* ਇਥੇ ਗੁਰੂ ਜੀ ਅੱਡ-ਅੱਡ ਗੱਦੀਆਂ ਲਾ ਕੇ ਸਿੱਖੀ ਸੇਵਕੀ ਬਨਾਣ ਵਾਲਿਆਂ ਕੋਲੋਂ ਆਪਣੇ ਸਿੱਖਾਂ ਨੂੰ ਬਚਾਣਾ ਚਾਹੁੰਦੇ ਹਨ। ਉਹ ਫ਼ੁਰਮਾਂਦੇ ਹਨ : ਸਤਿਗੁਰੂ ਦੀ ਆਗਿਆ ਤੋਂ ਬਿਨਾਂ ਜੇ ਕੋਈ ਸਿੱਖਾਂ ਪਾਸੋਂ ਆਪਣਾ ਹੁਕਮ ਮਨਾਣਾ ਚਾਹੇ ਤਾਂ ਕੋਈ ਗੁਰੂ ਕਾ ਸਿੱਖ ਉਸ ਦੇ ਨੇੜੇ ਨਹੀਂ ਢੁਕੇਗਾ। ਹਾਂ, ਜਿਹੜਾ ਆਗਿਆਕਾਰੀ ਹੋ ਕੇ ਵੱਡੇ ਸਤਿਗੁਰੂ ਦੀ ਦਿਲ ਲਾ ਕੇ ਸੇਵਾ ਕਰਦਾ ਹੋਵੇ, ਉਸ ਦੇ ਅੱਗੇ ਸਿੱਖ ਸਿਰ ਸੁੱਟ ਕੇ ਕੰਮ ਕਰੀ ਜਾਣਗੇ, (ਕਿਉਂਕਿ ਉਸ ਤੋਂ ਵੱਖਰਾ ਕੇਂਦਰ ਬਣਨ ਦਾ ਖਤਰਾ ਨਹੀਂ)।

ਨਾਨਕ ਮਨਿ ਆਸ ਤੇਰੀ ਵਡ ਵਡੇ ॥ ੩੩ ॥ ੧ ॥ ਸੁਧੁ* ॥

ਗਉੜੀ ਕੀ ਵਾਰ ਮਹਲਾ ੫

†ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ ੧ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੫ ॥ ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥ ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ[੧] ॥ ਜਨਮ ਮਰਨ ਦੁਖੁ ਕਟਿਆ [੨]ਹਰਿ ਭੇਟਿਆ ਪੁਰਖੁ ਸੁਜਾਣੁ ॥ ਸੰਤਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ[੩] ॥ ੧ ॥ ਮਃ ੫ ॥ ਭਲਕੇ ਉਠਿ [੪]ਪਰਾਹੁਣਾ ਮੇਰੈ ਘਰਿ ਆਵਉ ॥ ਪਾਉ ਪਖਾਲਾ[੫] ਤਿਸ ਕੇ ਮਨਿ ਤਨਿ ਨਿਤ ਭਾਵਉ[੬] ॥ ਨਾਮੁ ਸੁਣੇ ਨਾਮੁ ਸੰਗ੍ਰਹੈ[੭] ਨਾਮੇ ਲਿਵ ਲਾਵਉ ॥ ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥ ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥ ੨ ॥ ਪਉੜੀ ॥ ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥ [੮]ਥਾਨ ਥਨੰਤਰਿ ਰਵਿ ਰਹਿਆ [੯]ਜੀਅ ਅੰਦਰਿ ਜਾਣਾ ॥ ਸਾਧਸੰਗਿ ਮਿਲਿ ਪਾਈਐ [੧੦]ਮਨਿ ਸਚੇ ਭਾਣਾ ॥ ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥ ੧ ॥ ਸਲੋਕ ਮਃ ੫ ॥ [੧੧]ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ[੧੨] ॥ ਨਾਨਕ ਸਤਿਗੁਰੁ ਸੇਵਿ [੧੩]ਚੜਿ ਬੋਹਿਥਿ ਭਉਜਲੁ ਪਾਰਿ ਪਉ ॥ ੧ ॥ ਮਃ ੫ ॥ [੧੪]ਵਾਊ ਸੰਦੇ ਕਪੜੇ ਪਹਿਰਹਿ ਗਰਬਿ[੧੫] ਗਵਾਰ ॥ ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ[੧੬] ॥ ੨ ॥ ਪਉੜੀ ॥ ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ [੧੭]ਹਰਿ ਅੰਮ੍ਰਿਤੁ ਚਖੇ ॥ ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ[੧੮] ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ[੧੯] ॥ ਨਾਨਕ ਚਲਤ[੨੦] ਨ ਜਾਪਨੀ [੨੧]ਕੋ ਸਕੈ ਨ ਲਖੇ ॥ ੨ ॥ ਸਲੋਕ ਮਃ ੫ ॥ ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ[੨੨] ਰੁਤਿ ॥ ੧ ॥ ਮਃ ੫ ॥ ਨਾਨਕ ਮਿਤ੍ਰਾਈ[੨੩] ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥ ਕੁਮਿਤ੍ਰਾ[੨੪] ਸੇਈ ਕਾਂਢੀਅਹਿ[੨੫] ਇਕ ਵਿਖ[੨੬] ਨ ਚਲਹਿ ਸਾਥਿ ॥ ੨ ॥ ਪਉੜੀ ॥ ਅੰਮ੍ਰਿਤੁ ਨਾਮੁ ਨਿਧਾਨੁ[੨੭] ਹੈ ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ[੨੮] ਬੁਝਾਈ ॥ ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੁੰਨਿਆ[੨੯] ਅਮਰਾ ਪਦੁ ਪਾਈ ॥ ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ ॥ ੩ ॥ ਸਲੋਕ ਮਃ ੫ ॥ ਡਿਠੜੋ[੩੦] ਹਭ ਠਾਇ[੩੧] ਊਣ[੩੨] ਨ ਕਾਈ ਜਾਇ[੩੩] ॥ ਨਾਨਕ ਲਧਾ ਤਿਨ ਸੁਆਉ[੩੪] ਜਿਨਾ

੧ ਨਿਰਲੇਪ।
੨ ਹਰੀ ਦੇ ਰਾਹੋਂ ਮਿਲਿਆ ਸਿਆਣਾ ਪੁਰਖ (ਗੁਰੂ)।
੩ ਬਲ, ਆਸਰਾ।
੪ ਸੰਤ ਪ੍ਰਾਹੁਣਾ ਮੇਰੇ ਘਰ ਆਵੇ।
੫ ਧੋਵਾਂ।
੬ ਭਾ ਜਾਵੇ, ਚੰਗਾ ਲੱਗੇ।
੭ ਇਕੱਠਾ ਕੀਤਾ ਜਾਵੇ।
੮ ਥਾਵਾਂ ਵਿੱਚ ਤੇ ਉਨ੍ਹਾਂ ਥਾਵਾਂ ਵਿਚਕਾਰ ਜੋ ਵਿੱਥਾਂ ਹਨ, ਉਨ੍ਹਾਂ ਵਿੱਚ ਸਮਾਅ ਰਿਹਾ ਹੈ।
੯ ਜੀਵਾਂ ਦੇ ਵਿੱਚ ਹਰੀ ਜਾਣਿਆ ਜਾਂਦਾ ਹੈ।
੧੦ ਮੰਨ ਕੇ ਸੱਚੇ ਦਾ ਭਾਣਾ (ਹੁਕਮ)।
੧੧ ਜੇ ਯਾਦ ਹਈ ਵਾਹਿਗੁਰੂ।
੧੨ ਮਾਲਕ।
੧੩ ਗੁਰੂ-ਜਹਾਜ਼ 'ਤੇ ਚੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾ।
੧੪ ਹਵਾ ਦੇ, ਭਾਵ ਹਵਾ ਜਿਹੇ ਕੋਮਲ, ਬਾਰੀਕ।
੧੫ ਗਰਬੀ, ਹੰਕਾਰੀ।
੧੬ ਸੁਆਹ।
੧੭ ਜੋ ਨਾਮ-ਅੰਮ੍ਰਿਤ ਚੱਖਦੇ ਹਨ।
੧੮ ਖਾਏ ਜਾਂਦੇ ਹਨ, ਮੁੱਕ ਜਾਂਦੇ ਹਨ।
੧੯ ਪਰਖਦਾ ਹੈ (ਪ੍ਰਵਾਨ ਕਰਨ ਲਈ)।
੨੦ ਚੋਜ।
੨੧ ਕੋਈ ਸਮਝ ਨਹੀਂ ਸਕਦਾ।
੨੨ ਭਾਵੇਂ ਕਿੰਨੀ ਚੰਗੀ ਹੋਵੇ।
੨੩ ਦੋਸਤੀ।
੨੪ ਕੁਮਿੱਤਰ, ਮਾੜੇ ਦੋਸਤ।
੨੫ ਗਿਣੇ ਜਾਂਦੇ ਹਨ।
੨੬ ਕਦਮ।
੨੭ ਸਾਰੇ ਸੁਖਾਂ ਦਾ ਖ਼ਜ਼ਾਨਾ।
੨੮ ਤ੍ਰੇਹ।
੨੯ ਪੂਰੇ ਹੁੰਦੇ ਹਨ।
੩੦ ਵੇਖੇ ਹਨ।
੩੧ ਥਾਵਾਂ।
੩੨ ਖਾਲੀ।
੩੩ ਥਾਂ।
੩੪ ਪ੍ਰਯੋਜਨ ਜ਼ਿੰਦਗੀ ਦਾ।

* ਦੇਖੋ ਪੰਨਾ ੯੧, ਫੁਟ ਨੋਟ ੦।

† ਬਾਰ ਦੇਸ਼ ਦਾ ਸਰਦਾਰ ਕਮਾਲੁੱਦੀਨ ਸੀ। ਉਸ ਨੇ ਆਪਣੇ ਭਾਈ ਸਾਰੰਗ ਨੂੰ ਜ਼ਹਿਰ ਦੇ ਦਿੱਤਾ। ਉਸ ਦੀ ਇਸਤਰੀ ਆਪਣੇ ਨਾਬਾਲਗ ਪੁੱਤਰ ਮੁਅੱਜ਼ੁੱਦੀਨ ਨੂੰ ਨਾਲ ਲੈ ਕੇ ਪੇਕੇ ਤੁਰ ਗਈ। ਮੁਅੱਜ਼ੁੱਦੀਨ ਵੱਡਾ ਹੋਇਆ ਤਾਂ ਨਾਨਕੀ ਫ਼ੌਜ ਨਾਲ ਲਿਆ ਕੇ ਕਮਾਲ ਦੀਨ ਨਾਲ ਲੜਿਆ ਅਤੇ ਉਸ ਨੂੰ ਹਾਰ ਦੇ ਕੇ ਮਾਰ ਦਿੱਤਾ। ਢਾਡੀਆਂ ਨੇ ਇਸ ਵਾਰਤਾ ਨੂੰ ਵਾਰ ਵਿੱਚ ਗਾਵਿਆਂ, ਜਿਸ ਦੀ ਚਾਲ ਦਾ ਨਮੂਨਾ ਇਹ ਹੈ: "ਰਾਣਾ ਰਾਇ ਕਮਾਲ ਦੀਂ ਰਣ ਭਾਰਾ ਬਾਹੀ। ਮੌਜੁੱਦੀਂ ਤਲਵੰਡੀਓਂ ਚੜ੍ਹਿਆ ਸਾਬਾਹੀ"। ਉਸੇ ਧੁਨੀ (ਧਾਰਨਾ) ਉੱਤੇ ਇਸ ਵਾਰ ਨੂੰ ਗਾਵਣਾ ਹੈ।

ਸਤਿਗੁਰੁ ਭੇਟਿਆ[੧] ॥ ੧ ॥ ਮਃ ੫ ॥ ਦਾਮਨੀ[੨] ਚਮਤਕਾਰ ਤਿਉ ਵਰਤਾਰਾ ਜਗ ਖੇ[੩] ॥ ਵਥੁ[੪] ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ ॥ ੨ ॥ ਪਉੜੀ ॥ ਸਿਮ੍ਰਿਤਿ ਸਾਸਤ੍ਰ ਸੋਧਿ[੫] ਸਭਿ ਕਿਨੈ ਕੀਮ[੬] ਨ ਜਾਣੀ ॥ ਜੋ ਜਨੁ ਭੇਟੈ ਸਾਧਸੰਗਿ ਸੋ [੭]ਹਰਿ ਰੰਗੁ ਮਾਣੀ ॥ ਸਚੁ ਨਾਮੁ ਕਰਤਾ ਪੁਰਖੁ [੮]ਏਹ ਰਤਨਾ ਖਾਣੀ ॥ ਮਸਤਕਿ[੯] ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥ ਤੋਸਾ[੧੦] ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥ ੪ ॥ ਸਲੋਕ ਮਃ ੫ ॥ ਅੰਤਰਿ ਚਿੰਤਾ ਨੈਣੀ[੧੧] ਸੁਖੀ ਮੂਲਿ ਨ ਉਤਰੈ ਭੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ ॥ ੧ ॥ ਮਃ ੫ ॥ ਮੁਠੜੇ[੧੨] ਸੇਈ ਸਾਥ[੧੩] ਜਿਨੀ ਸਚੁ ਨ ਲਦਿਆ ॥ ਨਾਨਕ ਸੇ ਸਾਬਾਸਿ[੧੪] ਜਿਨੀ ਗੁਰ ਮਿਲਿ ਇਕੁ ਪਛਾਣਿਆ ॥ ੨ ॥ ਪਉੜੀ ॥ ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥੁ[੧੫] ਆਪਣਾ ਬਿਨਸੈ ਸਭੁ ਮੰਦਾ ॥ [੧੬]ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥ [੧੭]ਭਗਤਿ ਵਛਲੁ ਤੇਰਾ ਬਿਰਦੁ[੧੮] ਹੈ [੧੯]ਜੁਗਿ ਜੁਗਿ ਵਰਤੰਦਾ ॥ ਨਾਨਕੁ ਜਾਚੈ[੨੦] ਏਕੁ ਨਾਮੁ ਮਨਿ ਤਨਿ ਭਾਵੰਦਾ[੨੧] ॥ ੫ ॥ ਸਲੋਕ ਮਃ ੫ ॥ *ਚਿੜੀ ਚੁਹਕੀ[੨੨] ਪਹੁ[੨੩] ਫੁਟੀ [੨੪]ਵਗਨਿ ਬਹੁਤੁ ਤਰੰਗ ॥ [੨੫]ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ ੧ ॥ ਮਃ ੫ ॥ ਘਰ ਮੰਦਰ ਖੁਸੀਆ ਤਹੀ[੨੬] ਜਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ[੨੭] ॥ ੨ ॥ ਪਉੜੀ ॥ ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥ ਤਿਸੈ ਪਰਾਪਤਿ ਭਾਇਰਹੁ[੨੮] ਜਿਸੁ ਦੇਇ ਬਿਧਾਤਾ[੨੯] ॥ ਮਨ ਤਨ ਭੀਤਰਿ ਮਉਲਿਆ[੩੦] ਹਰਿ ਰੰਗਿ ਜਨੁ ਰਾਤਾ ॥ ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ[੩੧] ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥ ੬ ॥ ਸਲੋਕ ਮਃ ੫ ॥ ਖਖੜੀਆ[੩੨] ਸੁਹਾਵੀਆ ਲਗੜੀਆ [੩੩]ਅਕ ਕੰਠਿ ॥ ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ[੩੪] ॥ ੧ ॥ ਮਃ ੫ ॥ ਵਿਸਾਰੇਦੇ[੩੫] ਮਰਿ ਗਏ ਮਰਿ ਭਿ ਨ ਸਕਹਿ ਮੂਲਿ[੩੬] ॥ ਵੇਮੁਖ ਹੋਏ ਰਾਮ ਤੇ ਜਿਉ ਤਸਕਰ[੩੭] [੩੮]ਉਪਰਿ ਸੂਲਿ ॥ ੨ ॥ ਪਉੜੀ ॥ [੩੯]ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ [੪੦]ਜਲਿ ਥਲਿ ਮਹੀਅਲਿ ਪੂਰਿਆ [੪੧]ਘਟਿ ਘਟਿ ਹਰਿ ਭਣਿਆ[੪੨] ॥ ਊਚ ਨੀਚ ਸਭ ਇਕ ਸਮਾਨਿ [੪੩]ਕੀਟ ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ[੪੪] ॥ ਤੁਸਿ[੪੫] ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ[੪੬] ॥ ੭ ॥ ਸਲੋਕ ਮਃ ੫ ॥ ਜਿਨਾ [੪੭]ਸਾਸਿ ਗਿਰਾਸਿ ਨ ਵਿਸਰੈ [੪੮]ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥ ਮਃ ੫ ॥ ਅਠੇ ਪਹਰ ਭਉਦਾ ਫਿਰੈ [੪੯]ਖਾਵਣ ਸੰਦੜੇ ਸੂਲਿ ॥ ਦੋਜਕਿ[੫੦]

੧ ਮਿਲਿਆ।
੨ ਬਿਜਲੀ। ਜਗਤ ਦਾ ਵਰਤਾਰਾ ਵੀ ਬਿਜਲੀ ਦੇ ਲਿਸ਼ਕਾਰੇ ਵਾਂਗ ਥੋੜ੍ਹੇ ਚਿਰ ਲਈ ਹੈ।
੩ ਦਾ। ਯਥਾ 'ਧੂੜੀ ਮਜਨੁ ਸਾਧ ਖੇ' (ਸ੍ਰੀ ਰਾਗੁ ਮ: ੫)।
੪ ਵਸਤ। ਸੁੰਦਰ ਚੀਜ਼ (ਸਫ਼ਲ ਗੱਲ) ਇਹੋ ਹੈ ਕਿ ਉਸ ਮਾਲਕ ਦਾ ਨਾਮ ਜਪਿਆ ਜਾਏ।
੫ ਵਿਚਾਰ ਕੇ ਦੇਖ ਲੈ। 'ਸਿਮ੍ਰਿਤਿ ਸ਼ਾਸਤ੍ਰ' ਲਈ ਦੇਖੋ ਪੰਨਾ ੧੧, ਫੁਟ ਨੋਟ * ਤੇ †।
੬ ਕੀਮਤ।
੭ ਹਰੀ ਦਾ ਪ੍ਰੇਮ।
੮ ਇਹ ਸੱਚਾ ਨਾਮ ਰਤਨਾਂ ਦੀ ਖਾਣ ਹੈ।
੯ ਮੱਥੇ 'ਤੇ, ਭਾਗਾਂ ਵਿੱਚ।
੧੦ ਰਾਹ ਦਾ ਖ਼ਰਚ। ਨਾਨਕ ਦੀ ਮਿਹਮਾਨੀ (ਖ਼ਾਤਰਦਾਰੀ) ਇਹੋ ਹੈ ਕਿ ਸੱਚੇ ਨਾਮ ਦਾ ਖਰਚਾ ਦਿਉ।
੧੧ ਦੇਖਣ ਨੂੰ, ਜ਼ਾਹਰਾ ਤੌਰ 'ਤੇ।
੧੨ ਲੁੱਟੇ ਗਏ।
੧੩ ਸੰਗ, ਟੋਲੇ, ਕਾਫ਼ਲੇ।
੧੪ ਧੰਨ ਹਨ।
੧੫ ਸਭ ਕੁਝ ਕਰ ਸਕਣ ਵਾਲਾ।
੧੬ ਡਿੱਗਿਆਂ ਨੂੰ ਤਾਰਨ ਵਾਲਾ ਹੈ ਹਰੀ। ਇਹ ਗੱਲ ਸੰਤ ਤੇ ਵੇਦ ਕਹਿੰਦੇ ਹਨ।
੧੭ ਭਗਤੀ ਦਾ ਪਿਆਰਾ। ਜਿਸ ਨੂੰ ਭਗਤੀ ਚੰਗੀ ਲੱਗਦੀ ਹੈ।
੧੮ ਨਿੱਤ ਕਰਮ, ਧਰਮ।
੧੯ ਸਦਾ ਇਸ ਤਰ੍ਹਾਂ ਵਰਤਦਾ ਹੈਂ।
੨੦ ਮੰਗਦਾ ਹੈ।
੨੧ ਭਾਉਂਦਾ ਹੈ।
੨੨ ਬੋਲੀ।
੨੩ ਤੜਕਾ। ਅੰਮ੍ਰਿਤ ਵੇਲਾ ਹੋਇਆ।
੨੪ ਬਹੁਤ ਲਹਿਰਾਂ ਉੱਠ ਰਹੀਆਂ ਹਨ।
੨੫ ਸੰਤ ਲੋਕ ਅਜੀਬ ਸਮਾਂ ਬੰਨ੍ਹ ਲੈਂਦੇ ਹਨ, ਵਿਸਮਾਦੀ ਹਾਲਤ ਪੈਦਾ ਕਰ ਲੈਂਦੇ ਹਨ।
੨੬ ਉਥੇ ਹੀ ਹਨ।
੨੭ ਖੋਟੇ ਮਿੱਤਰ, ਵੈਰੀ।
੨੮ ਹੇ ਭਰਾਵੋ!
੨੯ ਰਚਨਹਾਰ ਵਾਹਿਗੁਰੂ।
੩੦ ਖਿੜਿਆ।
੩੧ ਖਾਂਦਾ ਹੈ, ਨਾਸ ਕਰਦਾ ਹੈ।
੩੨ ਅੱਕ ਦੀਆਂ ਕੱਕੜੀਆਂ। ਅੱਕ ਦੀਆਂ ਕੱਕੜੀਆਂ ਤਦ ਤੱਕ ਸੋਹਣੀਆਂ ਲੱਗਦੀਆਂ ਹਨ, ਜਦ ਤੱਕ ਅੱਕ ਦੇ ਬੂਟੇ ਨਾਲ ਲੱਗੀਆਂ ਰਹਿੰਦੀਆਂ ਹਨ, ਪਰ ਮਾਲਕ (ਅੱਕ) ਨਾਲੋਂ ਵਿਛੜ ਕੇ ਉਨ੍ਹਾਂ ਦੇ ਹਜ਼ਾਰ ਤੂੰਬੇ ਹੋ ਜਾਂਦੇ ਹਨ।
੩੩ ਅੱਕ ਦੇ ਗਲੇ ਨਾਲ, ਅੱਕ ਨਾਲ।
੩੪ ਜੋੜ, ਹਿੱਸੇ, ਤੂੰਬੇ।
੩੫ ਵਿਸਾਰਣ ਵਾਲੇ।
੩੬ ਮੁਕੰਮਲ ਤੌਰ 'ਤੇ। ਚੰਗੀ ਤਰ੍ਹਾਂ ਮਰਦੇ ਵੀ ਨਹੀਂ, ਅੱਧ-ਵਿਚਾਲੇ ਸਿਸਕਦੇ ਰਹਿੰਦੇ ਹਨ।
੩੭ ਚੋਰ।
੩੮ ਸੂਲੀ 'ਤੇ।
੩੯ ਸੁਖਾਂ ਦਾ ਖ਼ਜ਼ਾਨਾ।
੪੦ ਜਲ ਵਿੱਚ, ਖੁਸ਼ਕ ਧਰਤੀ ਵਿੱਚ ਅਤੇ ਧਰਤ ਅਸਮਾਨ ਦੇ ਵਿਚਕਾਰ।
੪੧ ਹਰ ਸਰੀਰ ਦੇ ਵਿੱਚ।
੪੨ ਆਖਿਆ ਹੈ।
੪੩ ਕੀੜਾ ਤੇ ਹਾਥੀ।
੪੪ ਪੈਦਾ ਕੀਤੇ ਹੋਏ।
੪੫ ਕਿਰਪਾ ਕਰ ਕੇ।
੪੬ ਮਾਨਿਆ ਹੈ।
੪੭ ਸਾਹ ਲੈਂਦਿਆਂ ਤੇ ਖਾਂਦਿਆਂ।
੪੮ ਨਾਮ ਮੰਤਰ ਹੀ ਮਨ ਵਿੱਚ ਵੱਸਦਾ ਹੈ।
੪੯ ਖਾਣ ਦੇ ਦੁੱਖ ਵਿੱਚ (ਫਿਰਦਾ ਹੈ)।
੫੦ ਨਰਕਾਂ ਵਿੱਚ।

* ਗੁਰੂ ਜੀ ਇਥੇ ਇਕ ਤਸਵੀਰ ਖਿੱਚ ਕੇ ਸੰਤਾਂ ਦੇ ਮਨ ਦੀ ਹਾਲਤ ਦੱਸਦੇ ਹਨ। ਸੰਤ ਲੋਕੀ ਨਾਮ ਦੇ ਪਿਆਰ ਵਿੱਚ ਇਕ ਅਜੀਬ ਸਮਾਂ ਬੰਨ੍ਹ ਲੈਂਦੇ ਹਨ। ਉਹ ਕਿਹੋ ਜਿਹਾ? ਜਿਵੇਂ ਇਕ ਸਮੁੰਦਰ ਲਹਿਰਾ ਰਿਹਾ ਹੋਵੇ, ਉਸ ਉੱਤੇ ਪਹੁ ਫਟੇ, ਅਤੇ ਇਕ ਨਿੱਕੀ ਜਿਹੀ ਚਿੜੀ ਬੋਲੇ। ਇਨ੍ਹਾਂ ਤਿੰਨਾਂ ਬੁਰਸ਼-ਛੋਹਾਂ ਨਾਲ ਗੁਰੂ ਜੀ ਇਕ ਮੂਰਤ ਖਿੱਚਦੇ ਹਨ। ਸਮੁੰਦਰ ਵੱਡਾ ਚੌੜਾ ਭਰਿਆ ਹੋਇਆ, ਡੂੰਘਾ ਤੇ ਵਿਸ਼ਾਲ ਹੁੰਦਾ ਹੈ। ਉਸ ਉੱਤੇ ਪ੍ਰਾਤਹਕਾਲ ਦੀ ਤਾਜ਼ਗੀ, ਨਵਾਂ-ਨਵਾਂ ਉਜਾਲਾ ਅਤੇ ਚੁੱਪ ਚਾਂ ਵਰਤ ਰਹੀ ਹੋਵੇ। ਫਿਰ ਉਸ ਚੁੱਪ ਨੂੰ ਹੋਰ ਵਧਾਉਣ ਲਈ ਇਕ ਨਿੱਕੀ ਜਿਹੀ ਅਵਾਜ਼ ਚੂੰ-ਚੂੰ ਨਿਕਲੇ। ਇਹ ਪਰਤਾ ਕੇ ਵੇਖਣ ਵਾਲੀ ਗੱਲ ਹੈ ਕਿ ਹਨੇਰੇ ਵਿੱਚ ਥੋੜ੍ਹੀ ਜਿਹੀ ਮੱਧਮ ਰੌਸ਼ਨੀ ਕਰੋ ਤਾਂ ਹਨੇਰਾ ਵੱਧ ਜਾਂਦਾ ਹੈ, ਇਸੇ ਤਰ੍ਹਾਂ ਬਹੁਤ ਚੁਪ ਅਸਥਾਨ ਵਿੱਚ ਥੋੜ੍ਹੀ ਜਿਹੀ ਅਵਾਜ਼ ਕਰੋ ਤਾਂ ਚੁਪ ਦੀ ਸੁਨਸਾਨੀ ਵੱਧਦੀ ਹੈ। ਗੁਰੂ ਜੀ ਸੰਤਾਂ ਦੇ ਮਨ ਦੀ ਹਾਲਤ ਬਿਆਨ ਕਰਦੇ ਹਨ ਕਿ ਉਸ ਵਿੱਚ (੧) ਸਮੁੰਦਰ ਵਾਲੀ ਵਿਸ਼ਾਲਤਾ, ਖੁਲ੍ਹ ਤੇ ਗੰਭੀਰਤਾ; (੨) ਪਹੁ-ਫੁਟਾਲੇ ਵਾਲੀ ਤਾਜ਼ਗੀ, ਮਿੱਠੀ-ਮਿੱਠੀ ਰੌਸ਼ਨੀ ਤੇ ਸ਼ਾਂਤੀ, ਅਤੇ (੩) ਨਾਮ ਦੀ ਧੁਨੀ ਨਾਲ ਸ਼ਾਂਤ ਤੇ ਉਦਾਰਤਾ ਦਾ ਚੜ੍ਹਾਓ ਹੁੰਦਾ ਹੈ।

ਪਉਦਾ [੧]ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ* ॥ ੨ ॥ ਪਉੜੀ ॥ [੨]ਤਿਸੈ
ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ[੩] ਅਗੈ ਨਾਲਿ
ਚਲੈ ॥ ਘਰੁ ਬੰਧਹੁ ਸਚ ਧਰਮ ਕਾ [੪]ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ
[੫]ਦੀਨ ਦੁਨੀਆ ਝਲੈ ॥ ਨਾਨਕ ਪਕੜੇ ਚਰਣ ਹਰਿ [੬]ਤਿਸੁ ਦਰਗਹ ਮਲੈ ॥
੮ ॥ ਸਲੋਕ ਮਃ ੫ ॥ ਜਾਚਕੁ[੭] ਮੰਗੈ ਦਾਨੁ[੮] ਦੇਹਿ ਪਿਆਰਿਆ ॥ ਦੇਵਣਹਾਰੁ
ਦਾਤਾਰੁ ਮੈ ਨਿਤ ਚਿਤਾਰਿਆ[੯] ॥ ਨਿਖੁਟਿ ਨ ਜਾਈ ਮੂਲਿ[੧੦] ਅਤੁਲ
ਭੰਡਾਰਿਆ ॥ ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ[੧੧] ॥ ੧ ॥
ਮਃ ੫ ॥ [੧੨]ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ
ਸਦਾ ਸੁਖੀ ਨਾਨਕ ਸਿਮਰਤ ਏਕ ॥ ੨ ॥ ਪਉੜੀ ॥ ਓਥੈ ਅੰਮ੍ਰਿਤੁ ਵੰਡੀਐ
[੧੩]ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ[੧੪] ਨ ਪਾਈਅਹਿ ਫਿਰਿ ਨਾਹੀ
ਮਰਣੇ ॥ ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ[੧੫] ॥ ਬਾਣੀ ਉਚਰਹਿ
ਸਾਧ ਜਨ [੧੬]ਅਮਿਉ ਚਲਹਿ ਝਰਣੇ ॥ ਪੇਖਿ[੧੭] ਦਰਸਨੁ ਨਾਨਕੁ ਜੀਵਿਆ
ਮਨ ਅੰਦਰਿ ਧਰਣੇ[੧੮] ॥ ੯ ॥ ਸਲੋਕ ਮਃ ੫ ॥ ਸਤਿਗੁਰਿ ਪੂਰੈ ਸੇਵਿਐ ਦੂਖਾ
ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥ ੧ ॥
ਮਃ ੫ ॥ ਜਿਸੁ ਸਿਮਰਤ ਸੰਕਟ[੧੯] ਛੁਟਹਿ ਅਨਦ ਮੰਗਲ[੨੦] ਬਿਸ੍ਰਾਮ ॥ ਨਾਨਕ
ਜਪੀਐ ਸਦਾ ਹਰਿ ਨਿਮਖ[੨੧] ਨ ਬਿਸਰਉ ਨਾਮੁ ॥ ੨ ॥ ਪਉੜੀ ॥ ਤਿਨ
ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥ ਸਾਧਾ ਸਰਣੀ ਜੋ ਪਵੈ
ਸੋ ਛੁਟੈ ਬਧਾ ॥ ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ[੨੨] ॥ [੨੩]ਗੁਰੁ
ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ[੨੪] ॥ ਨਾਨਕ ਪਾਇਆ ਸੋ ਧਣੀ
ਹਰਿ ਅਗਮ[੨੫] ਅਗਾਧਾ[੨੬] ॥ ੧੦ ॥ ਸਲੋਕ ਮਃ ੫ ॥ ਕਾਮੁ ਨ ਕਰਹੀ ਆਪਣਾ
ਫਿਰਹਿ ਅਵਤਾ[੨੭] ਲੋਇ[੨੮] ॥ ਨਾਨਕ ਨਾਇ ਵਿਸਾਰਿਐ ਸੁਖ ਕਿਨੇਹਾ[੨੯]
ਹੋਇ ॥ ੧ ॥ ਮਃ ੫ ॥ [੩੦]ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ
ਲਪਟਾਇ ॥ ਨਾਨਕ ਜਨਿ[੩੧] ਵੀਚਾਰਿਆ ਮੀਠਾ ਹਰਿ ਕਾ ਨਾਉ ॥ ੨ ॥
ਪਉੜੀ ॥ ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥ ਜਮਕੰਕਰੁ[੩੨]
ਨੇੜਿ ਨ ਆਵਈ ਫਿਰਿ ਬਹੁੜਿ[੩੩] ਨ ਮਰੀਐ ॥ [੩੪]ਭਵ ਸਾਗਰੁ ਸੰਸਾਰੁ ਬਿਖੁ
ਸੋ ਪਾਰਿ ਉਤਰੀਐ ॥ ਹਰਿ ਗੁਣ ਗੁੰਫਹੁ[੩੫] ਮਨਿ ਮਾਲ ਹਰਿ [੩੬]ਸਭ ਮਲੁ
ਪਰਹਰੀਐ ॥ ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ[੩੭] ॥ ੧੧ ॥
ਸਲੋਕ ਮਃ ੫ ॥ ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ[੩੮] ਚਿਤਿ ॥
[੩੯]ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥ ੧ ॥ ਮਃ ੫ ॥
ਪਾਰਬ੍ਰਹਮੁ ਪ੍ਰਭੁ ਦ੍ਰਿਸਟੀ[੪੦] ਆਇਆ ਪੂਰਨ ਅਗਮ ਬਿਸਮਾਦ[੪੧] ॥

੧ ਕਿਵੇਂ ਬਚੇ?
੨ ਤਿਸ ਗੁਰੂ ਨੂੰ ਸੇਵੋ, ਜਿਸ ਦੇ ਪੱਲੇ ਨਾਮ ਹੈ।
੩ ਸੁਖੀ।
੪ ਸਿਦਕ ਰੂਪੀ ਨਾ ਹਿੱਲਣ ਵਾਲਾ ਥੰਮ੍ਹ ਗੱਡ ਕੇ।
੫ ਜੋ ਦੀਨ ਦੁਨੀਆਂ ਨੂੰ ਝੱਲਦਾ (ਆਸਰਾ ਦਿੰਦਾ) ਹੈ।
੬ ਉਸੇ ਦੀ ਦਰਗਾਹ ਮੱਲੀ ਰੱਖਦਾ ਹੈ; ਭਾਵ ਉਸੇ ਦੀ ਦਰਗਾਹ 'ਤੇ ਡਿੱਗਾ ਰਹਿੰਦਾ ਹੈ।
੭ ਮੰਗਤਾ।
੮ ਅਪਾਰ ਸ਼ਬਦ ਰੂਪ ਦਾਨ।
੯ ਚੇਤੇ ਕੀਤਾ।
੧੦ ਬਿਲਕੁਲ, ਭਾਵ ਰਤਾ ਵੀ।
੧੧ ਸੰਭਾਲਿਆ, ਖ਼ਬਰ ਸਾਰ ਲਈ।
੧੨ ਹੇ ਪਿਆਰਿਓ! ਸ਼ਬਦ ਨੂੰ ਸਿਖੋ, ਕਮਾਉ। 'ਸ਼ਬਦ ਦੇ ਪਿਆਰਿਓ' ਅਰਥ ਨਹੀਂ ਹੋ ਸਕਦਾ, ਕਿਉਂਕਿ 'ਸਬਦੁ' ਦੇ ਅੰਤ ਮੁਕਤਾ ਨਹੀਂ। (ਇਹੋ ਸ਼ਲੋਕ ਪੰਨਾ ੯੧੬ ਉੱਤੇ ਸੱਤਵੀਂ ਅਸ਼ਟਪਦੀ ਦੇ ਪਹਿਲਾਂ ਆਇਆ ਹੈ।)
੧੩ ਇਹ ਹਰੀ ਦਾ ਅੰਮ੍ਰਿਤ ਸੁਖੀ ਕਰਦਾ ਹੈ।
੧੪ ਰਸਤੇ 'ਤੇ।
੧੫ ਸਹਾਰਿਆ ਹੈ।
੧੬ ਅੰਮ੍ਰਿਤ ਦੇ ਫੁਹਾਰੇ ਚੱਲਦੇ ਹਨ।
੧੭ ਦੇਖ ਕੇ।
੧੮ ਟਿਕਾਇਆ ਹੈ।
੧੯ ਦੁੱਖ।
੨੦ ਖੁਸ਼ੀਆਂ।
੨੧ ਅੱਖ ਦੇ ਫੋਰ ਜਿੰਨੇ ਸਮੇਂ ਲਈ।
੨੨ ਸੜਦਾ। ਜਨਮ ਮਰਨ ਵਿੱਚ ਪੈ-ਪੈ ਨਹੀਂ ਗਲਦਾ।
੨੩ ਜਿਸ ਨੇ ਪਾਰਬ੍ਰਹਮ ਗੁਰੂ ਨੂੰ ਭੇਟਿਆ ਹੈ।
੨੪ ਸਮਾਧੀ ਵਾਲਾ, ਟਿਕਾਉ ਵਾਲਾ। ਪੜ੍ਹ ਬੁਝ ਕੇ ਟਿਕਾਉ ਵਾਲਾ ਹੋ ਗਿਆ, ਨਿਸ਼ਾ ਹੋ ਗਈ, ਸ਼ਾਂਤੀ ਮਿਲ ਗਈ।
੨੫ ਪਹੁੰਚ ਤੋਂ ਪਰ੍ਹੇ।
੨੬ ਅਗ਼ਾਧ, ਅਥਾਹ।
੨੭ ਅਵੈੜਾ, ਆਪ-ਮੁਹਾਰਾ।
੨੮ ਲੋਕ ਵਿੱਚ, ਦੁਨੀਆਂ ਵਿੱਚ।
੨੯ ਕਾਹਦਾ, ਕਿਵੇਂ?
੩੦ ਮਾਇਆ ਬਿਖ ਦੀ ਕੁਤ੍ਰਿੱਤਨ।
੩੧ ਸੇਵਕ ਨੇ।
੩੨ [ਕਿੰਕਰ, ਦਾਸ, ਸੇਵਕ] ਦੂਤ।
੩੩ ਮੁੜ ਕੇ।
੩੪ ਹਸਤੀ ਦਾ ਸਮੁੰਦਰ।
੩੫ ਗੁੰਦੋ। ਮਨ ਵਿੱਚ ਹਰੀ ਦੇ ਗੁਣਾਂ ਰੂਪ ਮਾਲਾ ਗੁੰਦੋ।
੩੬ ਸਾਰੀ ਮੈਲ ਦੂਰ ਕਰ ਲਵੋਗੇ।
੩੭ [ਨਰਹਰਿ ਨਰਸਿੰਘ] ਕਰਤਾਰ।
੩੮ ਵੱਸਿਆ ਹੈ।
੩੯ ਫੋਕੀਆਂ ਗੱਲਾਂ, ਜਿਨ੍ਹਾਂ ਵਿੱਚ ਅਸਰ ਨਹੀਂ ਹੈ। ਧਾਨਾਂ ਦੇ ਫੂਸ ਨੂੰ ਪਰਾਲੀ ਕਹਿੰਦੇ ਹਨ।
੪੦ ਨਜ਼ਰੀਂ।
੪੧ ਅਸਚਰਜ ਹੈ।

* ਪੈਗੰਬਰ (ਗੁਰੂ)। ਇਹ ਸ਼ਲੋਕ ਮੁਸਲਮਾਣ ਪ੍ਰਤੀ ਹੈ, ਇਸ ਲਈ ਮੁਸਲਮਾਣਾਂ ਦੀ ਬੋਲੀ ਵਰਤੀ ਹੈ। ਮਜ਼ਮੂਨ ਗੁਰੂ ਦਾ ਚੱਲ ਰਿਹਾ ਹੈ।

ਨਾਨਕ [੧]ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥ ੨ ॥ ਪਉੜੀ ॥ ਧੋਹੁ[੨] ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ[੩] ॥ ਕਰਤਬ ਕਰਨਿ ਭਲੇਰਿਆ[੪] ਮਦਿ ਮਾਇਆ ਸੁਤੇ ॥ ਫਿਰਿ ਫਿਰਿ ਜੂਨਿ ਭਵਾਈਅਨਿ [੫]ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੂਖ ਸੇਤੀ ਜੁਤੇ[੬] ॥ ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥ ੧੨ ॥ ਸਲੋਕ ਮਃ ੫ ॥ ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥ ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ[੭] ਹੋਇ ॥ ੧ ॥ ਮਃ ੫ ॥ ਲਾਲਚਿ ਅਟਿਆ[੮] ਨਿਤ ਫਿਰੈ ਸੁਆਰਥੁ[੯] ਕਰੇ ਨ ਕੋਇ ॥ ਜਿਸੁ ਗੁਰੁ ਭੇਟੈ[੧੦] ਨਾਨਕਾ ਤਿਸੁ ਮਨਿ ਵਸਿਆ ਸੋਇ ॥ ੨ ॥ ਪਉੜੀ ॥ ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥ ਸਾਦੁ[੧੧] ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥ ਪਾਰਬ੍ਰਹਮਿ ਜਿਸੁ ਲਿਖਿਆ[੧੨] ਮਨਿ ਤਿਸੈ ਵੁਠਾ[੧੩] ॥ ਇਕੁ ਨਿਰੰਜਨੁ[੧੪] ਰਵਿ ਰਹਿਆ [੧੫]ਭਾਉ ਦੁਯਾ ਕੁਠਾ ॥ ਹਰਿ ਨਾਨਕੁ ਮੰਗੈ ਜੋੜਿ ਕਰ ਪ੍ਰਭੁ ਦੇਵੈ ਤੁਠਾ[੧੬] ॥ ੧੩ ॥ ਸਲੋਕ ਮਃ ੫ ॥ ਜਾਚੜੀ* ਸਾ ਸਾਰੁ ਜੋ ਜਾਚੰਦੀ ਹੇਕੜੋ[੧੭] ॥ [੧੮]ਗਾਲ੍ਹੀ ਬਿਆ ਵਿਕਾਰ ਨਾਨਕ [੧੯]ਧਣੀ ਵਿਹੂਣੀਆ ॥ ੧ ॥ ਮਃ ੫ ॥ [੨੦]ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥ ਜੋੜਣਹਾਰਾ ਸੰਤੁ ਨਾਨਕ ਪਾਧਰੁ[੨੧] ਪਧਰੋ ॥ ੨ ॥ ਪਉੜੀ ॥ ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥ ਕਿਲਵਿਖ[੨੨] ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥ ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰ ਮੰਤੁ ॥ ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥ ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥ ੧੪ ॥ ਸਲੋਕ ਮਃ ੫ ॥ ਵਤ[੨੩] ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥ ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥ ੧ ॥ ਮਃ ੫ ॥ ਮੰਗਣਾ ਤ ਸਚੁ ਇਕੁ ਜਿਸੁ ਤੁਸਿ[੨੪] ਦੇਵੈ ਆਪਿ ॥ ਜਿਤੁ ਖਾਧੈ ਮਨੁ ਤ੍ਰਿਪਤੀਐ[੨੫] ਨਾਨਕ ਸਾਹਿਬ ਦਾਤਿ ॥ ੨ ॥ ਪਉੜੀ ॥ ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ ॥ [੨੬]ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ ॥ ਨਿਹਚਲੁ ਏਕੁ ਸਰੇਵਿਆ[੨੭] ਹੋਰੁ ਸਭ ਵਿਣਾਸੁ ॥ ਪਾਰਬ੍ਰਹਮੁ ਜਿਸੁ ਵਿਸਰੈ ਤਿਸੁ ਬਿਰਥਾ ਸਾਸੁ ॥ ਕੰਠਿ[੨੮] ਲਾਇ ਜਨ ਰਖਿਆ ਨਾਨਕ [੨੯]ਬਲਿ ਜਾਸੁ ॥ ੧੫ ॥ ਸਲੋਕ ਮਃ ੫ ॥ ਪਾਰਬ੍ਰਹਮਿ ਫੁਰਮਾਇਆ ਮੀਹੁ[੩੦] ਵੁਠਾ[੩੧] [੩੨]ਸਹਜਿ ਸੁਭਾਇ ॥ [੩੩]ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ[੩੪] ਰਜੀ [੩੫]ਤਿਪਤਿ ਅਘਾਇ ॥ ਸਦਾ ਸਦਾ ਗੁਣ ਉਚਰੈ ਦੁਖੁ [੩੬]ਦਾਲਦੁ ਗਇਆ ਬਿਲਾਇ ॥ ਪੂਰਬਿ[੩੭] ਲਿਖਿਆ ਪਾਇਆ ਮਿਲਿਆ [੩੮]ਤਿਸੈ ਰਜਾਇ ॥ ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ ॥ ੧ ॥ ਮਃ ੫ ॥

੧ ਰਾਮ ਨਾਮ ਨੂੰ ਧੰਨ ਸਮਝਿਆ ਹੈ ਪੂਰੇ ਗੁਰੂ ਦੀ ਕਿਰਪਾ ਨਾਲ।
੨ ਠੱਗੀ, ਧੋਖਾ।
੩ ਬਰਬਾਦ ਹੁੰਦੇ ਹਨ (ਲਬ ਮੋਹ ਕਰਕੇ)।
੪ ਮੰਦੇ। ਦੇਖੋ ਪੰਨਾ ੩੦੫, ਫੁਟ ਨੋਟ *।
੫ ਜਮਾਂ ਦੇ ਰਸਤੇ 'ਤੇ ਛੱਡੇ ਗਏ।
੬ ਜੋਏ ਗਏ (ਜਿਵੇਂ ਹਲ, ਕੋਹਲੂ ਜਾਂ ਖੂਹ ਨਾਲ ਜੋਈਦਾ ਹੈ)।
੭ ਠੰਢਾ।
੮ ਭਰਿਆ ਹੋਇਆ।
੯ ਆਪਣਾ ਮਨੋਰਥ। ਜੋ ਅਸਲ ਮਤਲਬ ਹੈ ਜੀਵਨ ਦਾ, ਉਸ ਨੂੰ ਕੋਈ ਨਹੀਂ ਕਰਦਾ।
੧੦ ਮਿਲੇ।
੧੧ ਸੁਾਦ।
੧੨ ਭਾਗਾਂ ਵਿੱਚ ਲਿਖਿਆ ਹੈ।
੧੩ ਵੱਸਿਆ ਹੈ।
੧੪ ਮਾਇਆ ਤੋਂ ਰਹਿਤ।
੧੫ ਦ੍ਵੈਤ ਭਾਵ ਦੂਰ ਕੀਤਾ।
੧੬ ਪ੍ਰਸੰਨ ਹੋ ਕੇ।
੧੭ [ਲਹਿੰਦੀ ਬੋਲੀ] ਇਕ ਨੂੰ।
੧੮ ਹੋਰ ਗੱਲਾਂ ਵਿਅਰਥ ਹਨ।
੧੯ ਮਾਲਕ ਤੋਂ ਬਿਨਾਂ, ਵਾਹਿਗੁਰੂ ਦੇ ਰਾਹ ਤੋਂ ਲਾਂਭੇ ਲੈ ਜਾਵਣ ਵਾਲੀਆਂ।
੨੦ ਜਿਸ ਦਾ ਮਨ (ਹਰੀ) ਪ੍ਰੇਮ ਵਿੱਚ ਵਿੰਨ੍ਹਿਆ ਹੈ ਉਹ ਪਛਾਣੂ ਕੋਈ ਵਿਰਲਾ ਹੁੰਦਾ ਹੈ, ਇਹੋ ਜਿਹਾ ਸੰਤ ਜੋੜਨਹਾਰ ਹੈ। ਵਾਹਿਗੁਰੂ ਨਾਲ ਤੇ ਪੱਧਰਾ (ਸਿੱਧਾ) ਰਾਹ ਦੱਸ ਦਿੰਦਾ ਹੈ।
੨੧ ਰਸਤਾ।
੨੨ ਪਾਪ।
੨੩ ਵੱਤਰ; ਸਮਾਂ।
੨੪ ਕਿਰਪਾਲੂ ਹੋ ਕੇ।
੨੫ ਰੱਜ ਜਾਈਏ।
੨੬ ਦ੍ਵੈਤ ਭਾਵ; ਵਾਹਿਗੁਰੂ ਨੂੰ ਛੱਡ ਕੇ ਹੋਰ ਪਾਸੇ ਦਾ ਪਿਆਰ।
੨੭ ਸੇਵਿਆ।
੨੮ ਗਲੇ ਨਾਲ।
੨੯ ਬਲਿਹਾਰ ਜਾਂਦਾ ਹਾਂ।
੩੦ ਅੰਮ੍ਰਿਤ ਵਰਖਾ।
੩੧ ਵੱਸਿਆ, ਬਾਰਸ਼ ਹੋਈ।
੩੨ ਆਪਣੇ ਆਪ, ਕੁਦਰਤੀ ਤਰੀਕੇ ਨਾਲ।
੩੩ ਭਾਵ ਹਿਰਦੇ ਵਿੱਚ ਸੁਖ-ਸ਼ਾਂਤੀ ਰੂਪ ਅੰਨ-ਧਨ ਪੈਦਾ ਹੋਇਆ।
੩੪ ਹਿਰਦੇ ਰੂਪ ਧਰਤੀ।
੩੫ ਪੂਰੀ ਤਰ੍ਹਾਂ ਰੱਜ ਗਈ।
੩੬ [ਦਰਿਦ੍ਰ] ਗਰੀਬੀ ਦੂਰ ਹੋ ਗਈ।
੩੭ ਪਹਿਲਾਂ ਤੋਂ, ਰੱਬ ਵੱਲੋਂ।
੩੮ ਉਸ ਦੇ ਹੁਕਮ ਵਿੱਚ।

* [ਯਾਚਨਾ] ਮੰਗ। ਮੰਗ ਉਹ ਸ੍ਰੇਸ਼ਟ ਹੈ ਜੋ ਕੇਵਲ ਇਕ ਹਰੀ ਨੂੰ ਮੰਗਦੀ ਹੈ।

[੧]ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ ॥ ਦੂਜੀ ਨਾਹੀ ਜਾਇ[੨] ਕਿਨਿ ਬਿਧਿ ਧੀਰੀਐ[੩] ॥ ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ ਤਨੁ ਧਨੁ ਹੋਸੀ ਛਾਰੁ[੪] ਜਾਣੈ ਕੋਇ ਜਨੁ ॥ ਰੰਗ ਰੂਪ ਰਸ ਬਾਦਿ[੫] ਕਿ ਕਰਹਿ ਪਰਾਣੀਆ ॥ ਜਿਸੁ ਭੁਲਾਏ ਆਪਿ ਤਿਸੁ ਕਲ[੬] ਨਹੀ ਜਾਣੀਆ ॥ ਰੰਗਿ ਰਤੇ ਨਿਰਬਾਣੁ[੭] ਸਚਾ ਗਾਵਹੀ ॥ ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ ॥ ੨ ॥ ਪਉੜੀ ॥ ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ[੮] ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥ ਨਾਨਕ [੯]ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥ ੧੬ ॥ ਸਲੋਕੁ ਮਃ ੫ ॥ ਧਰਣਿ ਸੁਵੰਨੀ ਖੜ[੧੦] ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥ ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ[੧੧] ॥ ੧ ॥ ਮਃ ੫ ॥ ਫਿਰਦੀ ਫਿਰਦੀ [੧੨]ਦਹ ਦਿਸਾ ਜਲ ਪਰਬਤ ਬਨਰਾਇ[੧੩] ॥ ਜਿਥੈ ਡਿਠਾ ਮਿਰਤਕੋ[੧੪] ਇਲ ਬਹਿਠੀ ਆਇ ॥ ੨ ॥ ਪਉੜੀ* ॥ [੧੫]ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥ ਹੋਇ [੧੬]ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ[੧੭] ਜਾਵਉ ॥ [੧੮]ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧੭ ॥ ਸਲੋਕ ਦੋਹਾ† ਮਃ ੫ ॥ ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥ ਜੀਉ ਹਮਾਰਾ [੧੯]ਖੰਨੀਐ ਹਰਿ ਮਨ ਤਨ ਸੰਦੜੀ ਵਥੁ ॥ ੧ ॥ ਮਃ ੫ ॥ [੨੦]ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥ [੨੧]ਹਰਿ ਛੋਡਨਿ ਸੇ ਦੁਰਜਨਾ [੨੨]ਪੜਹਿ ਦੋਜਕ ਕੈ ਸੂਲਿ ॥ ੨ ॥ ਪਉੜੀ ॥ [੨੩]ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥ ਚਰਨ ਕਮਲ ਹਿਰਦੈ ਵਸਹਿ ਸੰਕਟ[੨੪] ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ[੨੫] ਮਰਿ ਜਨਮਿ ਨ ਰੋਵੈ ॥ ਪ੍ਰਭ ਦਰਸ ਪਿਆਸ ਨਾਨਕ ਘਣੀ[੨੬] ਕਿਰਪਾ ਕਰਿ ਦੇਵੈ ॥ ੧੮ ॥ ਸਲੋਕ ਡਖਣਾ‡ ਮਃ ੫ ॥ [੨੭]ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥ ੧ ॥ ਮਃ ੫ ॥ ਚੜਿ ਕੈ ਘੋੜੜੈ ਕੁੰਦੇ[੨੮] ਪਕੜਹਿ [੨੯]ਖੂੰਡੀ ਦੀ ਖੇਡਾਰੀ ॥ [੩੦]ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥ ੨ ॥ ਪਉੜੀ ॥ [੩੧]ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥ ਹਰਿ ਜਸੁ ਲਿਖਹਿ [੩੨]ਲਾਇ ਭਾਵਨੀ [੩੩]ਸੇ ਹਸਤ ਪਵਿਤਾ ॥ [੩੪]ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥ ਸੰਸਾਰ ਸਾਗਰ ਤੇ ਉਧਰੇ [੩੫]ਬਿਖਿਆ ਗੜੁ ਜਿਤਾ ॥ ਨਾਨਕ

੧ ਇਕ ਹਰੀ ਨੂੰ ਸਿਮਰਨ ਨਾਲ ਜੀਵਨ ਪਦ ਤੇ ਨਿਰਬਾਨ ਪਦ (ਸਹਜ ਅਵਸਥਾ) ਪ੍ਰਾਪਤ ਹੁੰਦੀ ਹੈ। 'ਸਹਜ' ਲਈ ਦੇਖੋ ਪੰਨਾ ੬੮।

੨ ਥਾਂ।

੩ ਧੀਰਜ ਫੜੀਏ।

੪ ਮਿੱਟੀ, ਸੁਆਹ।

੫ ਫ਼ਜ਼ੂਲ ਹਨ।

੬ ਸ਼ਕਤੀ ਵਾਹਿਗੁਰੂ ਦੀ।

੭ ਮੁਕਤ ਹੋ ਗਏ ਹਨ (ਜੋ ਰੰਗ ਵਿੱਚ ਰੱਤੇ ਹਨ)।

੮ ਜ਼ਿੰਦਗੀ ਵਿੱਚ ਹੀ।

੯ ਸਾਧਾਂ ਦੇ ਚਰਨਾਂ ਦੀ ਧੂੜ ਲੱਖਾਂ ਕ੍ਰੋੜਾਂ ਪਿਰਾਗ ਆਦਿਕ ਤੀਰਥਾਂ ਦੇ ਇਸ਼ਨਾਨ ਤੋਂ ਵਧੀਕ ਹੈ। ਪਿਰਾਗ=ਪ੍ਰਯਾਗ (ਅਲਾਹਬਾਦ) ਜਿਥੇ ਗੰਗਾ ਜਮਨਾ ਤੇ ਗੁਪਤ ਸੁਰਸਤੀ ਦਾ ਸੰਗਮ ਹੈ। ਹਿੰਦੂਆਂ ਵਿੱਚ ਇਥੇ ਦਾ ਇਸ਼ਨਾਨ ਬਹੁਤ ਚੰਗਾ ਮੰਨਿਆ ਜਾਂਦਾ ਹੈ।

੧੦ ਘਾਹ। ਜਿਸ ਮਨ ਵਿੱਚ ਪ੍ਰੇਮ-ਪੁਰਖ ਹਰੀ ਵੱਸਿਆ ਹੈ, ਉਹ ਇਵੇਂ ਹੀ ਸੋਹਣਾ ਲੱਗਦਾ ਹੈ, ਜਿਵੇਂ ਧਰਤੀ ਸੋਹਣੀ ਹੁੰਦੀ ਹੈ, ਜਿਸ ਉੱਤੇ ਰਤਨ-ਜੜਾਉ ਘਾਹ ਹੋਵੇ, ਭਾਵ ਰਤਨ-ਰੂਪ-ਤ੍ਰੇਲ-ਤੁਪਕਿਆਂ ਨਾਲ ਜੜਿਆ ਹੋਇਆ ਘਾਹ ਹੋਵੇ।

੧੧ ਪ੍ਰਸੰਨ ਹੋਇਆ।

੧੨ ਦਸੋਂ ਤਰਫ਼ਾਂ, ਹਰ ਪਾਸੇ।

੧੩ ਬਨਸਪਤੀ, ਸਬਜ਼ੀ।

੧੪ ਮੁਰਦਾ। ਹਰੀ ਤੋਂ ਟੁੱਟ ਕੇ ਭਟਕਦਾ ਮਨ ਇੱਲ ਦੀ ਨਿਆਈਂ ਹੈ ਜੋ ਜਲ ਪਹਾੜ ਤੇ ਸਬਜ਼ੀ ਦੇ ਸੁਹੱਪਣ ਨੂੰ ਛੱਡ ਕੇ ਮੁਰਦਾਰ 'ਤੇ ਜਾ ਬੈਠਦੀ ਹੈ।

੧੫ ਜਿਸ ਸੱਚ ਤੋਂ ਸਭ ਸੁਖ ਦੇਣ ਵਾਲੇ ਅੰਮ੍ਰਿਤ ਫਲ ਲਭੀਦੇ ਹਨ, ਉਹ ਸੱਚ ਕਮਾਓ।

੧੬ ਸਾਰਿਆਂ ਦੀ ਚਰਨ-ਧੂੜ।

੧੭ ਆਪਣੇ ਅਸਲੀ ਘਰ, ਵਾਹਿਗੁਰੂ ਦੇ ਹਜ਼ੂਰ।

੧੮ ਡਿੱਗਿਆਂ ਨੂੰ ਪਵਿੱਤਰ ਕਰਨ ਵਾਲੇ ਕਰਤਾਰ ਦਾ ਨਾਮ ਸੁਣਾਵੋ, ਭਾਵ ਉਸ ਦਾ ਪ੍ਰਚਾਰ ਕਰੋ।

੧੯ ਟੋਟੇ-ਟੋਟੇ ਹੁੰਦਾ ਹੈ, ਕੁਰਬਾਨ ਹੁੰਦਾ ਹੈ, ਉਸ ਹਰੀ ਤੋਂ ਜੋ ਮਨ ਤਨ ਲਈ ਅਸਲੀ ਵਸਤ ਹੈ।

੨੦ ਜੇ ਤੂੰ ਮੇਰਾ ਹੱਥ ਪਕੜ ਲਵੇਂ, ਹੇ ਪਿਆਰੇ!

੨੧ ਜੋ ਹਰੀ ਨੂੰ ਛੱਡ ਦਿੰਦੇ ਹਨ, ਉਹ ਖੋਟੇ ਆਦਮੀ ਹਨ।

੨੨ ਨਰਕਾਂ ਦੇ ਦੁੱਖ ਵਿੱਚ ਪੈਂਦੇ ਹਨ।

੨੩ ਜਿਸ (ਹਰੀ) ਦੇ ਘਰ ਸਾਰੇ ਸੁਖਾਂ ਦੇ ਖ਼ਜ਼ਾਨੇ ਹਨ, ਉਹ ਜੋ ਕਰਦਾ ਹੈ, ਉਹੋ ਹੁੰਦਾ ਹੈ।

੨੪ ਕਲੇਸ਼, ਮੁਸੀਬਤਾਂ।

੨੫ ਮਿਲੇ।

੨੬ ਬਹੁਤੀ।

੨੭ ਜੇ ਤੂੰ ਥੋੜ੍ਹਾ ਜਿਹਾ ਭੀ ਭਰਮ ਦੂਰ ਕਰ ਕੇ ਇਕ ਪ੍ਰੀਤਮ ਨਾਲ ਪਿਆਰ ਪਾ ਲਵੇਂ ਤਾਂ ਫਿਰ ਜਿਥੋਂ ਤੁਰੇਂਗਾ ਤੇ ਜਿਥੇ ਜਾਏਂਗਾ, ਉਥੇ ਹੀ ਉਹ ਮੌਜੂਦ ਦਿੱਸੇਗਾ।

੨੮ ਕਾਠੀ ਦੇ ਹੰਨੇ ਨੂੰ। ਚੰਗਾ ਸਵਾਰ ਖੁਲ੍ਹੇ ਹੱਥ ਸਵਾਰੀ ਕਰਦਾ ਹੈ, ਪਰ ਅਣਜਾਣ ਹੰਨੇ ਨਾਲ ਚੰਬੜਣ ਦੀ ਕਰਦਾ ਹੈ।

੨੯ ਖੂੰਡੀ ਦੀ ਖੇਡ, ਪੋਲੋ ਦੀ ਖੇਡ, ਜੋ ਘੋੜੇ ਉੱਤੇ ਚੜ੍ਹ ਕੇ ਖੇਡੀ ਜਾਂਦੀ ਹੈ। ਹੁਣ ਇਹ ਪੱਛਮ ਵਿੱਚ ਬਹੁਤ ਪ੍ਰਚੱਲਤ ਹੈ, ਪਰ ਗਈ ਪੂਰਬ ਤੋਂ ਹੀ ਹੈ। ਅਕਬਰ ਪਾਤਸ਼ਾਹ ਇਹ ਖੇਡ ਬੜੇ ਚਾਅ ਨਾਲ ਖੇਡਦਾ ਹੁੰਦਾ ਸੀ। ਭਾਵ ਇਹ ਹੈ ਕਿ ਖੇਡਣੀ ਪੋਲੋ ਤੇ ਫੜਨੇ ਕੁੰਦੇ? ਇਹ ਚੰਗੀ ਸਵਾਰੀ ਹੈ!

੩੦ ਚਿਤ ਨੂੰ ਹੰਸਾਂ ਨਾਲ ਜਾਣ ਲਈ ਲਲਚਾਉਂਦੇ ਹਨ, ਪਰ ਉਡਾਰੀ ਮਸਾਂ ਕੁੱਕੜ ਜਿੰਨੀ ਹੈ।

੩੧ ਜੋ ਜੀਭ ਦੁਆਰਾ ਹਰੀ ਜਸ ਕਥਨ ਕਰਦਾ ਹੈ ਤੇ ਕੰਨਾਂ ਨਾਲ ਸੁਣਦਾ ਹੈ, ਉਹ ਤਰ ਜਾਂਦਾ ਹੈ, ਹੇ ਮਿੱਤਰ!

੩੨ ਪਿਆਰ ਨਾਲ।

੩੩ ਓਹ ਹੱਥ ਪਵਿੱਤਰ ਹਨ।

੩੪ ਇਹ ਸਮਝੋ ਕਿ ਉਨ੍ਹਾਂ ਅਠਾਹਠ ਤੀਰਥਾਂ ਦੇ ਇਸ਼ਨਾਨ ਤੇ ਹੋਰ ਪੁੰਨ ਕਰਮ ਕੀਤੇ ਹਨ (ਜਿਨ੍ਹਾਂ ਹਰੀ-ਜਸ ਕੀਤਾ ਹੈ)।

੩੫ ਵਿਸ਼ਿਆਂ ਦਾ ਕਿਲ੍ਹਾ।

* ਇਸ ਪਉੜੀ ਵਿੱਚ ਮਨੁੱਖ ਦੇ ਕਰੀਬਨ ਸਾਰੇ ਫ਼ਰਜ਼ ਸੰਕੋਚ ਕੇ ਲਿਖ ਦਿੱਤੇ ਹਨ : ਸੱਚ ਕਮਾਣਾ, ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਉਸ ਦਾ ਨਾਮ ਜਪਣਾ, ਕਿਸੇ ਨੂੰ ਦੁੱਖ ਨਾ ਦੇਣਾ ਬਲਕਿ ਸਭ ਨਾਲ ਨਿਮਾਣਾ ਹੋ ਕੇ ਵਰਤਣਾ ਅਤੇ ਨੀਵਿਆਂ ਨੂੰ ਉੱਚਾ ਕਰਨ ਵਾਲੇ ਹਰੀ ਦੇ ਨਾਮ ਦਾ ਪ੍ਰਚਾਰ ਕਰਨਾ।

† ਦੋਹਰਾ, ਦੋ ਮਾਤ੍ਰਿਕ ਗੁਣਾਂ ਦੇ ਸੰਜੋਗ ਕਰ ਕੇ ਬਣਿਆ ਛੰਦ।

‡ ਗੁਰੂ ਨਾਨਕ ਸਾਹਿਬ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੀ ਬੋਲੀ ਵਿੱਚ ਲਿਖੇ ਦੋਹੇ ਜਾਂ ਸ਼ਲੋਕ ਨੂੰ ਡੱਖਣਾ ਕਿਹਾ ਹੈ। ਇਸ ਵਿੱਚ ਦਦੇ ਦੀ ਥਾਂ ਬਹੁਤ ਥਾਂਈਂ ਡਡਾ ਵਰਤਿਆ ਹੁੰਦਾ ਹੈ।

[੧]ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥ ੧੯ ॥ ਸਲੋਕ ਮਃ ੫ ॥ ਧੰਧੜੇ ਕੁਲਾਹ[੨] ਚਿਤਿ ਨ ਆਵੈ ਹੇਕੜੋ[੩] ॥ ਨਾਨਕ ਸੇਈ [੪]ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥ ੧ ॥ ਮਃ ੫ ॥ ਪਰੇਤਹੁ[੫] ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥ ਸਭੇ ਸਿਖ ਉਬਾਰਿਅਨੁ[੬] ਪ੍ਰਭਿ ਕਾਜ ਸਵਾਰੇ ॥ ਨਿੰਦਕ ਪਕੜਿ ਪਛਾੜਿਅਨੁ[੭] ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥ ੨ ॥ ਪਉੜੀ ॥ ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ ਸਭੁ ਤਿਸੈ ਕਰਣਾ ॥ ਅਗਮ[੮] ਅਗੋਚਰੁ[੯] ਸਾਹਿਬੋ ਜੀਆਂ ਕਾ ਪਰਣਾ[੧੦] ॥ [੧੧]ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ[੧੨] ਕਰਣਾ ॥ ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ ॥ ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥ ੨੦ ॥ ਸਲੋਕ ਮਃ ੫ ॥ ਤਿੰਨਾ ਭੁਖ ਨ ਕਾ[੧੩] ਰਹੀ ਜਿਸ ਦਾ ਪ੍ਰਭੁ ਹੈ ਸੋਇ ॥ ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥ ੧ ॥ ਮਃ ੫ ॥ ਜਾਚਿਕੁ[੧੪] ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥ ਨਾਨਕ ਪਰਮੇਸਰੁ ਜਜਮਾਨੁ* ਤਿਸਹਿ ਭੁਖ ਨ ਮੂਲਿ ॥ ੨ ॥ ਪਉੜੀ ॥ ਮਨੁ ਰਤਾ ਗੋਵਿੰਦ ਸੰਗਿ [੧੫]ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ[੧੬] ਘੋੜੇ ॥ ਰਾਜ ਮਿਲਖ ਖੁਸੀਆ ਘਣੀ[੧੭] ਧਿਆਇ ਮੁਖੁ ਨ ਮੋੜੇ ॥ ਢਾਢੀ[੧੮] ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋਡੇ[੧੯] ॥ ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥ ੨੧ ॥ ੧ ॥ ਸੁਧੁ ਕੀਚੇ†

ਰਾਗੁ ਗਉੜੀ ਭਗਤਾਂ ਕੀ ਬਾਣੀ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ[੨੦] ੧੪ ॥ ਅਬ [੨੧]ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ[੨੨] ਤਨੁ ਜਲਤ ਬੁਝਾਇਆ ॥ ੧ ॥ ਰਹਾਉ ॥ ਮਨੁ ਮਾਰਣ ਕਾਰਣਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥ ੧ ॥ [੨੩]ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ[੨੪] ॥ ੨ ॥ [੨੫]ਭਵ ਸਾਗਰ ਸੁਖ ਸਾਗਰ ਮਾਹੀ ॥ ਪੀਵਿ ਰਹੇ ਜਲ ਨਿਖੁਟਤ ਨਾਹੀ ॥ ੩ ॥ ਕਹਿ ਕਬੀਰ ਭਜੁ ਸਾਰਿੰਗਪਾਨੀ[੨੬] ॥ ਰਾਮ ਉਦਕਿ ਮੇਰੀ ਤਿਖਾ[੨੭] ਬੁਝਾਨੀ ॥ ੪ ॥ ੧ ॥ ਗਉੜੀ ਕਬੀਰ ਜੀ ॥ [੨੮]ਮਾਧਉ ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ[੨੯] ॥ ੧ ॥ ਰਹਾਉ ॥ ਤੂੰ ਜਲਨਿਧਿ[੩੦] ਹਉ ਜਲ ਕਾ ਮੀਨੁ[੩੧] ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ[੩੨] ॥ ੧ ॥ ਤੂੰ ਪਿੰਜਰੁ[੩੩] ਹਉ ਸੂਅਟਾ[੩੪] ਤੋਰ[੩੫] ॥ [੩੬]ਜਮੁ ਮੰਜਾਰੁ ਕਹਾ ਕਰੈ ਮੋਰ[੩੭] ॥ ੨ ॥ ਤੂੰ ਤਰਵਰੁ[੩੮] ਹਉ ਪੰਖੀ ਆਹਿ ॥ ਮੰਦਭਾਗੀ ਤੇਰੋ ਦਰਸਨੁ ਨਾਹਿ ॥ ੩ ॥ ਤੂੰ ਸਤਿਗੁਰੁ ਹਉ [੩੯]ਨਉਤਨੁ

੧ ਜਿਸ ਨੇ ਆਪਣੇ ਲੜ ਲਾ ਕੇ ਤਾਰ ਲਏ ਹਨ ਉਸ ਅਮਿੱਤ ਕਰਤਾਰ ਨੂੰ ਸੇਵ। ਅਮਿਤਾ=ਜਿਸ ਦੀ ਮਿੱਤ (ਹੱਦ) ਨਹੀਂ, ਬੇਅੰਤ।
੨ [ਕੁ=ਖੋਟਾ, ਲਾਹ=ਲਾਭ] ਖੋਟੇ ਲਾਹ ਵਾਲੇ, ਘਾਟੇ ਵਾਲੇ।
੩ ਇਕ ਵਾਹਿਗੁਰੂ।
੪ ਸਰੀਰ ਫੁਟ ਜਾਵਣ।
੫ ਭੂਤਾਂ ਤੋਂ।
੬ ਤਾਰ ਦਿੱਤੇ।
੭ ਉਸ ਨੇ ਪਟਕਾਏ ਧਰਤੀ ਨਾਲ।
੮ ਪਹੁੰਚ ਤੋਂ ਪਰ੍ਹੇ।
੯ ਜੋ ਇੰਦਰਿਆਂ ਦਾ ਵਿਸ਼ਾ ਨਹੀਂ, ਮਨ ਬਾਣੀ ਤੋਂ ਪਰ੍ਹੇ।
੧੦ ਆਸਰਾ।
੧੧ ਹੱਥ ਦੇ ਕੇ ਪਾਲਦਾ ਹੈ।
੧੨ ਪਾਲਣਾ।
੧੩ ਕੋਈ, ਕਿਸੇ ਕਿਸਮ ਦੀ।
੧੪ ਮੰਗਤਾ।
੧੫ ਇਹ ਹੀ ਅਸਲ ਭੋਜਨ ਤੇ ਅਸਲ ਜੋੜੇ (ਪੁਸ਼ਾਕੇ) ਹਨ।
੧੬ ਹਾਥੀ।
੧੭ ਬਹੁਤੀਆਂ।
੧੮ ਢੱਢ ਵਜਾਉਣ ਵਾਲਾ, ਵਾਰ ਗਾਉਣ ਵਾਲਾ, ਹਰੀ-ਜਸ ਕਰਨ ਵਾਲਾ।
੧੯ ਛੱਡਦਾ।
੨੦ ਚਾਰ-ਚਾਰ ਪਦਾਂ ਵਲੇ ਸ਼ਬਦ।
੨੧ ਮੈਂ ਸੜ ਰਹੇ ਨੇ ਰਾਮ-ਜਲ ਪ੍ਰਾਪਤ ਕੀਤਾ ਹੈ।
੨੨ ਪਾਣੀ। ਰਾਮ ਦੇ ਨਾਮ ਰੂਪ ਪਾਣੀ ਨੇ।
੨੩ ਜਿਸ ਤ੍ਰਿਸ਼ਨਾ ਰੂਪ ਅੱਗ ਨੇ ਸੁਰੀ-ਨਰ (ਉੱਤਮ ਪੁਰਸ਼) ਸਾੜ ਦਿੱਤੇ ਹਨ।
੨੪ ਬਚਾਅ ਲਏ।
੨੫ ਸੰਸਾਰ ਸਾਗਰ ਹੁਣ ਸੁਖਾਂ ਦੇ ਸਰੋਵਰ ਵਿੱਚ ਬਦਲ ਗਿਆ ਹੈ, ਜਿਸ ਦਾ ਜਲ ਪੀਂਦਿਆਂ ਮੁੱਕਦਾ ਨਹੀਂ।
੨੬ [ਜਿਸ ਦੇ ਹੱਥ ਵਿੱਚ ਧਰਤੀ ਹੈ] ਵਾਹਿਗੁਰੂ।
੨੭ ਤ੍ਰੇਹ।
੨੮ [ਮਾਇਆ ਦੇ ਧਵ (ਪਤੀ), ਵਿਸ਼ਨੂੰ] ਹੇ ਵਾਹਿਗੁਰੂ! ਹਰੀ-ਜਲ ਲਈ ਜੋ ਪਿਆਸ ਹੈ, ਉਹ ਜਾਂਦੀ ਨਹੀਂ।
੨੯ ਬਹੁਤੀ, ਹੋਰ। ਜਿਸ ਜਲ ਨੂੰ ਪੀਂਦਿਆਂ ਹੋਰ ਭੜਕਾ ਉੱਠਦੀ ਹੈ, ਪਿਆਸ ਨਹੀਂ ਬੁਝਦੀ।
੩੦ ਜਲ ਦਾ ਖਜ਼ਾਨਾ, ਸਮੁੰਦਰ।
੩੧ ਮੱਛੀ।
੩੨ ਟੁੱਟਦਾ ਹਾਂ, ਨਾਸ ਹੁੰਦਾ ਹਾਂ।
੩੩ ਪਿੰਜਰਾ।
੩੪ ਤੋਤਾ।
੩੫ ਤੇਰਾ।
੩੬ ਜਮ ਰੂਪ ਬਿੱਲਾ।
੩੭ ਮੇਰਾ।
੩੮ ਰੁੱਖ।
੩੯ ਨਵਾਂ-ਨਵਾਂ ਚੇਲਾ ਹਾਂ, (ਇਸ ਲਈ ਤੁਹਾਡੇ ਤਰੀਕਿਆਂ ਨੂੰ ਅਜੇ ਚੰਗੀ ਤਰ੍ਹਾਂ ਨਹੀਂ ਸਮਝਿਆ)।

* ਜਜਮਾਨ, ਜੱਗ ਕਰਨ ਵਾਲਾ, ਉਹ ਪੁਰਸ਼ ਜੋ ਪੰਡਤਾਂ ਤੋਂ ਜੱਗ ਕਰਾ ਕੇ ਉਨ੍ਹਾਂ ਨੂੰ ਦੱਛਣਾ ਆਦਿ ਦਾਨ ਦਿੰਦਾ ਹੈ। ਇਥੇ ਵਾਹਿਗੁਰੂ ਨੂੰ ਜਜਮਾਨ ਆਖਿਆ ਹੈ, ਜਿਸ ਤੋਂ ਸਭ ਕੰਮ ਰਾਸ ਹੁੰਦੇ ਹਨ, ਤੇ ਜਿਸ ਤੋਂ ਸਭ ਕੋਈ ਮੰਗ ਖਾਂਦਾ ਹੈ, ਪਰ ਉਸ ਨੂੰ ਆਪ ਕੋਈ ਭੁੱਖ ਨਹੀਂ ਹੈ। ਇਥੇ ਜਾਚਿਕ ਵਾਹਿਗੁਰੂ ਤੋਂ ਨਾਮ ਮੰਗਦਾ ਹੈ।

† ਸ਼ੁਧ ਕਰੋ। ਇਹ ਭਾਈ ਗੁਰਦਾਸ ਜੀ ਨੂੰ ਗੁਰੂ ਅਰਜਨ ਦੇਵ ਜੀ ਦੀ ਆਗਿਆ ਹੈ ਕਿ ਉਹ ਲਗ-ਕੰਨਾ ਦੇਖ ਕੇ ਚੰਗੀ ਤਰ੍ਹਾ ਸੋਧ ਲੈਣ। ਜੇ ਕਿਤੇ ਭੁੱਲ ਹੋਵੇ ਤਾਂ ਠੀਕ ਕੀਤੀ ਜਾਵੇ।

ਚੇਲਾ ॥ [੧]ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ ੪ ॥ ੨ ॥ ਗਉੜੀ ਕਬੀਰ ਜੀ ॥ [੨]ਜਬ ਹਮ ਏਕੋ ਏਕੁ ਕਰਿ ਜਾਨਿਆ ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥ ੧ ॥ [੩]ਹਮ ਅਪਤਹ ਅਪੁਨੀ ਪਤਿ ਖੋਈ ॥ [੪]ਹਮਰੈ ਖੋਜਿ ਪਰਹੁ ਮਤਿ ਕੋਈ ॥ ੧ ॥ ਰਹਾਉ ॥ [੫]ਹਮ ਮੰਦੇ ਮੰਦੇ ਮਨ ਮਾਹੀ ॥ [੬]ਸਾਝ ਪਾਤਿ ਕਾਹੂ ਸਿਉ ਨਾਹੀ ॥ ੨ ॥ [੭]ਪਤਿ ਅਪਤਿ ਤਾ ਕੀ ਨਹੀ ਲਾਜ ॥ ਤਬ ਜਾਨਹੁਗੇ [੮]ਜਬ ਉਘਰੈਗੋ ਪਾਜ ॥ ੩ ॥ ਕਹੁ ਕਬੀਰ [੯]ਪਤਿ ਹਰਿ ਪਰਵਾਨੁ ॥ ਸਰਬ[੧੦] ਤਿਆਗਿ ਭਜੁ ਕੇਵਲ ਰਾਮੁ ॥ ੪ ॥ ੩ ॥ ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ[੧੧] ਮੁਕਤਿ ਸਭੁ ਹੋਗੁ ॥ ੧ ॥ [੧੨]ਕਿਆ ਨਾਗੇ ਕਿਆ ਬਾਧੇ ਚਾਮ ॥ [੧੩]ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥ [੧੪]ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥ ੨ ॥ [੧੫]ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥ ੩ ॥ ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ[੧੬] ਗਤਿ ਪਾਈ ॥ ੪ ॥ ੪ ॥ ਗਉੜੀ ਕਬੀਰ ਜੀ ॥ ਸੰਧਿਆ[੧੭] ਪ੍ਰਾਤ[੧੮] ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ[੧੯] ਪਾਨੀ ਮਾਹੀ ॥ ੧ ॥ ਜਉ ਪੈ[੨੦] ਰਾਮ ਰਾਮ ਰਤਿ[੨੧] ਨਾਹੀ ॥ ਤੇ ਸਭਿ ਧਰਮ ਰਾਇ ਕੈ ਜਾਹੀ ॥ ੧ ॥ ਰਹਾਉ ॥ [੨੨]ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥ ੨ ॥ *ਚਾਰਿ ਚਰਨ ਕਹਹਿ ਬਹੁ ਆਗਰ[੨੩] ॥ ਸਾਧੂ ਸੁਖੁ ਪਾਵਹਿ [੨੪]ਕਲਿ ਸਾਗਰ ॥ ੩ ॥ ਕਹੁ ਕਬੀਰ [੨੫]ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥ ੪ ॥ ੫ ॥ ਕਬੀਰ ਜੀ ਗਉੜੀ ॥ ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ [੨੬]ਭਾਉ ਹੈ ਦੂਜਾ ॥ ੧ ॥ ਰੇ ਜਨ ਮਨੁ ਮਾਧਉ[੨੭] ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ[੨੮] ਪਾਈਐ ॥ ਰਹਾਉ ॥ ਪਰਹਰੁ[੨੯] ਲੋਭੁ ਅਰੁ ਲੋਕਾਚਾਰੁ[੩੦] ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥ ੨ ॥ ਕਰਮ ਕਰਤ ਬਧੇ ਅਹੰਮੇਵ[੩੧] ॥ ਮਿਲਿ ਪਾਥਰ ਕੀ ਕਰਹੀ ਸੇਵ ॥ ੩ ॥ ਕਹੁ ਕਬੀਰ ਭਗਤਿ ਕਰਿ ਪਾਇਆ ॥ [੩੨]ਭੋਲੇ ਭਾਇ ਮਿਲੇ [੩੩]ਰਘੁਰਾਇਆ ॥ ੪ ॥ ੬ ॥ ਗਉੜੀ ਕਬੀਰ ਜੀ ॥ [੩੪]ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ [੩੫]ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ੧ ॥ ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ੧ ॥ ਰਹਾਉ ॥ ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ [੩੬]ਆਨ ਬਾਟ ਕਾਹੇ ਨਹੀ ਆਇਆ ॥ ੨ ॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ [੩੭]ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥ ਕਹੁ ਕਬੀਰ ਜੋ ਬ੍ਰਹਮੁ[੩੮] ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ[੩੯] ॥ ੪ ॥

੧ ਕਬੀਰ ਕਾਹਿੰਦਾ ਹੈ : (ਹੇ ਗੁਰੂ ਰੂਪ ਵਾਹਿਗੁਰੂ ਜੀ!) ਮੈਨੂੰ ਇਸੇ ਅਖੀਰਲੇ ਮੌਕੇ 'ਤੇ ਦਰਸ਼ਨ ਦਿਓ; ਭਾਵ ਅੱਗੇ ਕਈ ਮੌਕੇ ਗੰਵਾਏ ਹਨ; ਇਹ ਮਨੁੱਖਾ ਜਨਮ ਅਖੀਰਲਾ ਮੌਕਾ ਹੈ, ਇਸ ਨੂੰ ਦਰਸ਼ਨ ਦੇ ਕੇ ਸਫ਼ਲ ਕਰੋ।

੨ ਜਦ ਅਸੀਂ ਕੇਵਲ ਹਰੀ ਨੂੰ ਮੰਨਿਆ ਹੈ (ਤੇ ਹੋਰ ਕਿਸੇ ਨਾਲ ਕੋਈ ਝਗੜਾ ਨਹੀਂ ਹੈ) ਤਾਂ ਲੋਕਾਂ ਨੇ ਕਿਸ ਲਈ ਬੁਰਾ ਮਨਾਇਆ ਹੈ?

੩ ਅਸੀਂ ਬੇ-ਇਜ਼ਤੀਆਂ ਨੇ।

੪ ਸਾਡੇ ਪਿੱਛੇ ਕੋਈ ਨਾ ਲੱਗੋ।

੫ ਅਸੀਂ ਮੰਦੇ ਸਹੀ; ਪਰ ਆਪਣੇ ਆਪ ਵਿੱਚ ਹੀ ਮੰਦੇ ਹਾਂ (ਕਿਸੇ ਹੋਰ ਨਾਲ ਤਾਂ ਮੰਦੇ ਨਹੀਂ)।

੬ ਸਾਡੀ ਕਿਸੇ ਨਾਲ ਪਾਤਿ (ਇੱਜ਼ਤ ਅਬਰੋ) ਦੀ ਸਾਂਝ ਨਹੀਂ।

੭ ਦੁਨਿਆਵੀ ਇੱਜ਼ਤ ਜਾਂ ਨਿਆਦਰੀ ਦੀ ਸਾਨੂੰ ਕੋਈ ਸ਼ਰਮ ਨਹੀਂ।

੮ ਜਦੋਂ ਪਰਦਾ ਫ਼ਾਸ਼ ਹੋ ਜਾਵੇਗਾ (ਵਾਹਿਗੁਰੂ ਦੇ ਹਜ਼ੂਰ) ਤਾਂ ਤੁਹਾਨੂੰ ਪਤਾ ਲੱਗੇਗਾ (ਕਿ ਬੇਇੱਜ਼ਤ ਅਸੀਂ ਸਾਂ ਕਿ ਤੁਸੀਂ)।

੯ ਅਸਲ ਇੱਜ਼ਤ ਉਹ ਹੈ ਜੋ ਹਰੀ ਨੂੰ ਪ੍ਰਵਾਨ ਹੋਵੇ।

੧੦ ਸਭ ਕੁਝ।

੧੧ ਜਾਨਵਰ।

੧੨ ਕੀ ਹੋਇਆ ਜੇ ਨੰਗੇ ਰਹੇ ਜਾਂ ਸਰੀਰ 'ਤੇ ਮਿਰਗ ਆਦਿ ਦੀ ਖਲੜੀ ਬੰਨ੍ਹ ਲਈ?

੧੩ ਜੇ ਵਾਹਿਗੁਰੂ ਨੂੰ (ਜੋ ਸਭ ਆਤਮਾ ਵਿੱਚ ਰਮਿਆ ਹੋਇਆ ਹੈ) ਨਹੀਂ ਸਮਝਿਆ।

੧੪ ਸਿਰ ਮੁਨਾ ਕੇ ਜੇ ਸਿਧੀ ਮਿਲਦੀ ਹੋਵੇ ਤਾਂ ਭੇਡ ਲਈ ਤਾਂ ਮੁਕਤੀ ਕਿਧਰੇ ਗਈ ਹੀ ਨਹੀਂ, ਭਾਵ ਜ਼ਰੂਰ ਮਿਲੇਗੀ।

੧੫ [ਬੂੰਦ] ਵੀਰਜ ਨੂੰ ਬਚਾ ਕੇ, ਜਤ ਧਾਰਨ ਕਰ ਕੇ।

੧੬ ਕਿਸ ਨੇ, ਭਾਵ ਕਿਸੇ ਨੇ ਨਹੀਂ।

੧੭ ਸ਼ਾਮ।

੧੮ ਪ੍ਰਭਾਤ, ਸਵੇਰੇ।

੧੯ ਡੱਡੂ। ਜਿਵੇਂ ਪਾਣੀ ਵਿੱਚ ਡੱਡੂ ਹੁੰਦੇ ਹਨ।

੨੦ ਜੇਕਰ। ਜੇ ਰਾਮ ਨਾਮ ਦੇ ਰਤੇ ਹੋਏ ਨਹੀਂ ਤਾਂ ਸਾਰੇ ਧਰਮ ਰਾਜ ਦੇ ਪੇਸ਼ ਹੋਣਗੇ।

੨੧ ਰਤੇ ਹੋਏ।

੨੨ ਕਾਇਆਂ ਦੇ ਰਤੇ ਹੋਏ। ਸਰੀਰ ਨਾਲ ਪਿਆਰ ਕਰਨ ਵਾਲੇ ਬਹੁਤ ਰੂਪ ਵਟਾਂਦੇ ਹਨ (ਭੇਖ-ਧਾਰੀਆਂ ਦਾ ਜ਼ਿਕਰ ਹੈ)।

੨੩ ਮੁਖੀਏ, ਸਿਆਣੇ ਪੁਰਸ਼।

੨੪ ਇਹ ਝਗੜੇ ਦਾ ਸਾਗਰ।

੨੫ ਬਹੁਤ ਕੀ ਕਰਨਾ ਹੈ? ਸਭ ਕੁਝ ਛੱਡ ਕੇ ਮਹਾਂ-ਰਸ ਪੀਵੋ।

੨੬ ਦ੍ਵੈਤ ਭਾਵ।

੨੭ [ਮਾਇਆ ਦਾ ਧਵ (ਪਤੀ), ਵਿਸ਼ਨੂੰ] ਹਰੀ।

੨੮ [ਚਾਰ ਬਾਹਾਂ ਵਾਲਾ ਵਿਸ਼ਨੂੰ] ਵਾਹਿਗੁਰੂ।

੨੯ ਛੱਡ ਦੇਹ।

੩੦ ਲੋਕ ਆਚਾਰ, ਲੋਕ ਵਿਹਾਰ, ਲੋਕ ਗੀਤ।

੩੧ ਅਹੰਮਤਿ, ਹੰਕਾਰ ਵਾਲੀ ਬੁੱਧੀ। ਕਰਮ-ਕਾਂਡ ਵਿੱਚ ਲਗਿਆਂ ਹੰਕਾਰ ਹੀ ਵੱਧਦਾ ਹੈ। ਇਹੋ ਜਿਹੇ ਮਿਲ ਕੇ ਪੱਥਰ ਦੀ ਪੂਜਾ ਹੀ ਕਰਦੇ ਹਨ (ਚੇਤਨ ਸਰਬ-ਵਿਆਪਕ ਹਰੀ ਦੀ ਨਹੀਂ)।

੩੨ ਭੋਲੇ ਭਾਵ ਨਾਲ, ਨਿਸ਼ਕਪਟਤਾ ਨਾਲ।

੩੩ [ਰਘੁ ਵੰਸ਼ ਦਾ ਰਾਜਾ, ਸ੍ਰੀ ਰਾਮ ਚੰਦਰ] ਵਾਹਿਗੁਰੂ।

੩੪ ਪੇਟ ਅਸਥਾਨ। ਪੇਟ ਅੰਦਰ ਕਿਸੇ ਕੁਲ ਜ਼ਾਤ ਦਾ ਫ਼ਰਕ ਨਹੀਂ ਹੈ।

੩੫ ਬ੍ਰਹਮ (ਵਾਹਿਗੁਰੂ) ਦੇ ਬੀਜ ਤੋਂ ਸਭ ਪੈਦਾ ਹੋਏ ਹਨ; ਸਭ ਵਾਹਿਗੁਰੂ ਦੀ ਅੰਸ ਹਨ।

੩੬ ਹੋਰ ਰਸਤੇ ਤੋਂ। ਸਭ ਦੀ ਪੈਦਾਇਸ਼ ਦਾ ਢੰਗ ਇਕੋ ਹੈ।

੩੭ ਤੂੰ ਕਦੋਂ ਦੁੱਧ ਵਾਲਾ ਤੇ ਮੈਂ ਲਹੂ ਵਾਲਾ ਹਾਂ? ਭਾਵ ਸਭ ਦੇ ਸਰੀਰ ਇਕੋ ਜਿਹੇ ਹਨ।

੩੮ ਵਾਹਿਗੁਰੂ ਨੂੰ।

੩੯ ਸਾਡੇ ਵਿੱਚ, ਅਸਾਂ ਲੋਕਾਂ ਵਿੱਚ।

* ਬਹੁਤ ਸਾਰੇ ਆਗੂ ਧਰਮ ਦੇ ਚਾਰ ਪੈਰ ਦੱਸਦੇ ਹਨ। ਧਰਮ ਦੇ ਚਾਰ ਪੈਰ ਇਹ ਮੰਨੇ ਜਾਂਦੇ ਹਨ:- ਸਤ੍ਯ, ਤਪ, ਦਇਆ, ਦਾਨ, ਪਰ ਵਿਸ਼ਨੂੰ ਪੁਰਾਣ ਵਿੱਚ ਧਰਮ ਦੇ ਚਾਰ ਪੈਰ ਇਉਂ ਦੱਸੇ ਹਨ:-ਸਤ੍ਯ, ਯਗ੍ਯ, ਪੂਜਾ ਤੇ ਨਾਮ ਸਿਮਰਨ। ਇਥੇ ਭਾਵ ਇਹ ਹੈ ਕਿ ਮੁਖੀ ਲੋਕ ਇਨ੍ਹਾਂ ਕਰਮਾਂ ਦੀ ਵਿਚਾਰ ਤੇ ਕਥਨੀ ਵਿੱਚ ਫਸੇ ਰਹਿੰਦੇ ਹਨ, ਪਰ ਇਸ ਝਗੜੇ ਦੇ ਸਮੁੰਦਰ ਵਿੱਚ ਕੇਵਲ ਸਾਧੂ ਲੋਕ ਅਸਲ ਸੁਖ ਮਾਣਦੇ ਹਨ।

੭ ॥ ਗਉੜੀ ਕਬੀਰ ਜੀ ॥ ਅੰਧਕਾਰ[੧] ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ[੨] ਦੋਊ ਮਿਲਿ ਰੋਈ ਹੈ ॥ ੧ ॥ [੩]ਜਉ ਪੈ ਰਸਨਾ ਰਾਮੁ ਨ ਕਹਿਬੋ[੪] ॥ [੫]ਉਪਜਤ ਬਿਨਸਤ ਰੋਵਤ ਰਹਿਬੋ ॥ ੧ ॥ ਰਹਾਉ ॥ [੬]ਜਸ ਦੇਖੀਐ ਤਰਵਰ ਕੀ ਛਾਇਆ ॥ ਪ੍ਰਾਨ ਗਏ ਕਹੁ ਕਾ ਕੀ ਮਾਇਆ ॥ ੨ ॥ [੭]ਜਸ ਜੰਤੀ ਮਹਿ ਜੀਉ ਸਮਾਨਾ ॥ [੮]ਮੂਏ ਮਰਮੁ ਕੋ ਕਾ ਕਰ ਜਾਨਾ ॥ ੩ ॥ [੯]ਹੰਸਾ ਸਰਵਰੁ ਕਾਲੁ ਸਰੀਰ ॥ ਰਾਮ ਰਸਾਇਨ[੧੦] ਪੀਉ ਰੇ ਕਬੀਰ ॥ ੪ ॥ ੮ ॥ ਗਉੜੀ ਕਬੀਰ ਜੀ ॥ [੧੧]ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੂਆ[੧੨] ਫਲ ਮੋਤੀ ॥ ੧ ॥ ਕਵਨੁ ਸੁ ਘਰੁ[੧੩] ਜੋ ਨਿਰਭਉ ਕਹੀਐ ॥ ਭਉ ਭਜਿ ਜਾਇ ਅਭੈ ਹੋਇ ਰਹੀਐ ॥ ੧ ॥ ਰਹਾਉ ॥ [੧੪]ਤਟਿ ਤੀਰਥਿ ਨਹੀ ਮਨੁ ਪਤੀਆਇ ॥ [੧੫]ਚਾਰ ਅਚਾਰ ਰਹੇ ਉਰਝਾਇ ॥ ੨ ॥ *ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥ ੩ ॥ ਕਬੀਰ [੧੬]ਨਿਰਗੁਣ ਨਾਮ ਨ ਰੋਸੁ ॥ ਇਸੁ ਪਰਚਾਇ ਪਰਚਿ ਰਹੁ ਏਸੁ ॥ ੪ ॥ ੯ ॥ ਗਉੜੀ ਕਬੀਰ ਜੀ† ॥ [੧੭]ਜੋ ਜਨ ਪਰਮਿਤਿ ਪਰਮਨੁ ਜਾਨਾ ॥ ਬਾਤਨ ਹੀ ਬੈਕੁੰਠ ਸਮਾਨਾ ॥ ੧ ॥ ਨਾ ਜਾਨਾ ਬੈਕੁੰਠ [੧੮]ਕਹਾ ਹੀ ॥ [੧੯]ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥ ੧ ॥ ਰਹਾਉ ॥ ਕਹਨ ਕਹਾਵਨ ਨਹ ਪਤੀਅਈ ਹੈ[੨੦] ॥ ਤਉ ਮਨੁ ਮਾਨੈ[੨੧] ਜਾ ਤੇ ਹਉਮੈ ਜਈ ਹੈ[੨੨] ॥ ੨ ॥ ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥ ਕਹੁ ਕਬੀਰ ਇਹ ਕਹੀਐ ਕਾਹਿ[੨੩] ॥ [੨੪]ਸਾਧਸੰਗਤਿ ਬੈਕੁੰਠੈ ਆਹਿ ॥ ੪ ॥ ੧੦ ॥ ਗਉੜੀ ਕਬੀਰ ਜੀ ॥ [੨੫]ਉਪਜੈ ਨਿਪਜੈ ਨਿਪਜਿ ਸਮਾਈ ॥ [੨੬]ਨੈਨਹ ਦੇਖਤ ਇਹੁ ਜਗੁ ਜਾਈ ॥ ੧ ॥ [੨੭]ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥ ੧ ॥ ਰਹਾਉ ॥ ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥ ੨ ॥ ਚੋਆ[੨੮] ਚੰਦਨੁ [੨੯]ਮਰਦਨ ਅੰਗਾ ॥ ਸੋ ਤਨੁ ਜਲੈ [੩੦]ਕਾਠ ਕੈ ਸੰਗਾ ॥ ੩ ॥ ਕਹੁ ਕਬੀਰ ਸੁਨਹੁ ਰੇ ਗੁਨੀਆ[੩੧] ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥ ੪ ॥ ੧੧ ॥ ਗਉੜੀ ਕਬੀਰ ਜੀ ॥ ਅਵਰ ਮੂਏ ਕਿਆ ਸੋਗੁ ਕਰੀਜੈ ॥ ਤਉ ਕੀਜੈ [੩੨]ਜਉ ਆਪਨ ਜੀਜੈ ॥ ੧ ॥ [੩੩]ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ ੧ ॥ ਰਹਾਉ ॥ ਇਆ ਦੇਹੀ [੩੪]ਪਰਮਲ ਮਹਕੰਦਾ ॥ [੩੫]ਤਾ ਸੁਖ ਬਿਸਰੇ ਪਰਮਾਨੰਦਾ ॥ ੨ ॥ [੩੬]ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿ ਹਾਰੀ ॥ ੩ ॥ ਕਹੁ ਕਬੀਰ ਇਕ ਬੁਧਿ ਬੀਚਾਰੀ ॥ [੩੭]ਨਾ ਓਹੁ ਕੂਅਟਾ ਨਾ ਪਨਿਹਾਰੀ ॥ ੪ ॥ ੧੨ ॥ ਗਉੜੀ ਕਬੀਰ ਜੀ ॥ ਅਸਥਾਵਰ[੩੮] ਜੰਗਮ[੩੯] ਕੀਟ[੪੦] ਪਤੰਗਾ ॥

੧ (ਅਗਿਆਨਤਾ) ਦੇ ਹਨੇਰੇ ਵਿੱਚ।
੨ ਕੰਗਾਲ।
੩ ਜਦ ਤੇਰੀ ਜੀਭ ਰਾਮ ਨਹੀਂ ਕਹਿੰਦੀ।
੪ ਕਹਿੰਦੀ, ਸਿਮਰਦੀ।
੫ ਐਸਾ ਮਨੁੱਖ ਪੈਦਾ ਹੁੰਦਾ, ਨਾਸ ਹੁੰਦਾ ਤੇ ਰੋਂਦਾ ਰਹਿੰਦਾ ਹੈ।
੬ ਜਿਵੇਂ ਦੇਖੀਦੀ ਹੈ ਤਰਵਰ (ਰੁੱਖ) ਦੀ ਛਾਂ ਜੋ ਇਕ ਥਾਂ ਨਹੀਂ ਰਹਿੰਦੀ, ਤਿਵੇਂ ਸੁਆਸਾਂ ਦੇ ਮੁੱਕਣ ਨਾਲ ਮਾਇਆ ਕਿਸ ਦੀ ਹੁੰਦੀ ਹੈ, ਭਾਵ ਮਾਇਆ ਦਾ ਪਸਾਰਾ ਮੁੱਕ ਜਾਂਦਾ ਹੈ।
੭ ਜਿਵੇਂ ਵਜੰਤ੍ਰੀ (ਵਾਜਾ ਵਜਾਉਣ ਵਾਲੇ) ਵਿੱਚ ਸੁਰ ਸਮਾਈ ਹੁੰਦੀ ਹੈ, ਭਾਵ ਉਹ ਵਜਾਵੇ ਤਾਂ ਨਿਕਲਦੀ ਹੈ, ਨਾ ਵਜਾਵੇ ਤਾਂ ਨਹੀਂ, ਇਸੇ ਤਰ੍ਹਾਂ ਸਾਡੀ ਜਿੰਦ ਹਰੀ ਵਿੱਚ ਹੈ। ਜਦ ਜਿੰਦ ਮੁੜ ਕੇ ਹਰੀ ਵਿੱਚ ਸਮਾਅ ਜਾਵੇ, ਤਾਂ ਆਦਮੀ ਮੁਰਦਾ ਹੋ ਜਾਂਦਾ ਹੈ ਤੇ ਉਸ ਦਾ ਭੇਦ ਕੋਈ ਨਹੀਂ ਲੱਭ ਸਕਦਾ।
੮ ਮਰ ਗਏ ਜੀਵਾਂ ਦੇ ਭੇਦ ਨੂੰ ਕਿਸੇ ਕਿਵੇਂ ਜਾਤਾ ਹੈ?
੯ ਜਿਵੇਂ ਹੰਸ ਸਰੋਵਰ 'ਤੇ, ਤਿਵੇਂ ਕਾਲ ਸਾਡੇ ਸਰੀਰ 'ਤੇ ਫਿਰਦਾ ਹੈ।
੧੦ ਰਸਾਂ ਦਾ ਘਰ, ਅਮਰ ਕਰ ਦੇਣ ਵਾਲੀ ਦਵਾਈ ਨਾਮ ਦਾ ਰਸ ਅਕਸੀਰ ਚੀਜ਼ ਹੈ, ਇਸ ਨੂੰ ਪੀਓ (ਤਾਂ ਮੌਤ ਨਹੀਂ ਪੋਹੇਗੀ)।
੧੧ ਵਾਹਿਗੁਰੂ ਦੀ ਜਾਤਿ (ਸ੍ਰਿਸ਼ਟੀ) ਹੈ ਤੇ ਸ੍ਰਿਸ਼ਟੀ ਦਾ ਪ੍ਰਕਾਸ਼ ਬੁੱਧੀ ਹੈ, ਉਸ ਨੂੰ ਦੋ ਫਲ ਕੱਚ ਤੇ ਮੋਤੀ ਭਾਵ ਚੰਗਿਆਈ ਤੇ ਬੁਰਿਆਈ ਲੱਗੇ ਹਨ।
੧੨ ਕੱਚ।
੧੩ ਹਿਰਦਾ-ਘਰ।
੧੪ ਦਰਿਆਵਾਂ ਦੇ ਕੰਢੇ ਅਤੇ ਤੀਰਥਾਂ 'ਤੇ ਗਿਆਂ ਵੀ ਮਨ ਨਹੀਂ ਪਤੀਜਦਾ।
੧੫ ਚਾਰ (ਚੰਗੇ) ਅਚਾਰ (ਮੰਦੇ)। ਸ਼ਾਸਤਰਾਂ ਦੇ ਦੱਸੇ ਚੰਗੇ ਮੰਦੇ ਕਰਮਾਂ ਵਿੱਚ ਫਸੇ ਰਹਿੰਦੇ ਹਨ।
੧੬ (ਰਜ, ਸਤ, ਤਮ) ਤਿੰਨ ਗੁਣਾਂ ਤੋਂ ਉੱਤੇ, ਸ਼ੁੱਧ ਬ੍ਰਹਮ ਦੇ ਨਾਮ ਤੋਂ (ਰੋਸ ਨਾ ਕਰ) ਬੇਮੁਖ ਨਾ ਹੋ। ਇਸ ਨਾਮ ਦੇ ਪਰਚੇ ਵਿੱਚ ਇਸ ਮਨ ਨੂੰ ਪਰਚਾ ਕੇ ਰੱਖ।
੧੭ ਜੋ ਜਨ ਇਹ ਕਹਿੰਦਾ ਹੈ ਕਿ ਮੈਂ ਉਸ ਮਿਤ (ਅੰਦਾਜ਼ੇ) ਤੋਂ ਪਰ੍ਹੇ ਤੇ ਮਨ ਤੋਂ ਪਰ੍ਹੇ (ਜੋ ਮਨ ਦੁਆਰਾ ਸਮਝਿਆ ਨਹੀਂ ਜਾ ਸਕਦਾ) ਹਰੀ ਨੂੰ ਜਾਣਿਆ ਹੈ, ਉਹ ਗੱਲਾਂ ਨਾਲ ਹੀ ਬੈਕੁੰਠ ਵਿੱਚ ਅਪੜਿਆ ਹੋਇਆ ਸਮਝੀ ਬੈਠਾ ਹੈ।
੧੮ ਕਿਥੇ ਹੈ?
੧੯ ਉਥੇ 'ਜਾਣਾ ਹੈ, ਜਾਣਾ ਹੈ' ਸਾਰੇ ਕਹਿੰਦੇ ਹਨ।
੨੦ ਤਸੱਲੀ ਹੁੰਦੀ।
੨੧ ਪਤੀਜਦਾ ਹੈ।
੨੨ ਜਾਵੇ।
੨੩ ਕਿਸ ਨੂੰ?
੨੪ ਸਾਧ-ਸੰਗਤਿ ਹੀ ਬੈਕੁੰਠ ਹੈ।
੨੫ ਜੀਵ ਪੈਦਾ ਹੋ ਕੇ, ਵੱਧ ਫੁੱਲ ਕੇ ਫਿਰ ਸਮਾਅ (ਮੁੱਕ) ਜਾਂਦਾ ਹੈ।
੨੬ ਇਨ੍ਹਾਂ ਅੱਖਾਂ ਨਾਲ ਵੇਖਦਿਆਂ-ਵੇਖਦਿਆਂ ਜਗਤ ਖ਼ਤਮ ਹੁੰਦਾ ਰਹਿੰਦਾ ਹੈ।
੨੭ ਸ਼ਰਮ ਨਾਲ ਮਰਦਾ ਨਹੀਂ ਇਹ ਕਹਿੰਦਾ ਕਿ ਇਹ ਘਰ ਮੇਰਾ ਹੈ।
੨੮ ਅੱਤਰ।
੨੯ ਮਲਦਾ ਹੈ ਅੰਗਾਂ ਨਾਲ।
੩੦ ਲੱਕੜਾਂ ਨਾਲ।
੩੧ ਗੁਣਵਾਨ।
੩੨ ਜੇ ਆਪ ਜੀਂਦੇ ਰਹਿਣਾ ਹੋਵੇ।
੩੩ ਮੈਂ ਆਤਮਕ ਮੌਤ ਨਹੀਂ ਮਰਾਂਗਾ, ਬਲਕਿ ਸੰਸਾਰੀ ਲੋਕ ਮਰਨਗੇ।
੩੪ ਚੰਦਨ ਨਾਲ ਸੁਗੰਧਤ ਕਰਦਾ ਹੈ।
੩੫ ਇਨ੍ਹਾਂ ਸੁਖਾਂ ਵਿੱਚ ਪੈ ਕੇ।
੩੬ ਸਰੀਰ ਰੂਪ ਖੂਹ ਇਕ ਹੈ ਤੇ ਪਾਣੀ ਭਰਨ ਵਾਲੀਆਂ ਪੰਜ ਗਿਆਨ ਇੰਦਰੀਆਂ ਹਨ। ਟੁੱਟੀ ਲੱਜ ਨਾਲ ਵੀ ਇਹ ਹਾਰੀ ਹੋਈ ਮਤ ਵਾਲੀਆਂ, ਭਾਵ ਮੂਰਖ ਪਨਿਹਾਰੀਆਂ ਪਾਣੀ ਭਰੀ ਜਾਂਦੀਆਂ ਹਨ (ਸਰੀਰ ਤਾਂ ਸਾਥ ਨਹੀਂ ਦਿੰਦਾ ਪਰ ਵਿਸ਼ੇ ਛੱਡਦੇ ਨਹੀਂ ਹਨ)।
੩੭ ਸਰੀਰ ਤੇ ਇੰਦਰੇ ਠੀਕ ਰਾਹ 'ਤੇ ਤੁਰ ਪਏ ਹਨ ਤੇ ਆਪਣਾ ਸੁਭਾਵ ਛੱਡ ਬੈਠੇ ਹਨ; ਉਹ ਅੱਗੇ ਵਾਂਗ ਰਹੇ ਹੀ ਨਹੀਂ।
੩੮ ਰੁੱਖ ਆਦਿਕ ਜਿਨ੍ਹਾਂ ਵਿੱਚ ਜੀਵ ਤਾਂ ਹੈ ਪਰ ਤੁਰ-ਫਿਰ ਨਹੀਂ ਸਕਦੇ।
੩੯ ਲੱਤਾਂ ਵਾਲੇ ਜੀਵ ਜੋ ਤੁਰ-ਫਿਰ ਸਕਦੇ ਹਨ।
੪੦ ਕੀੜੇ।

* ਪਾਪ, ਪੁੰਨ ਦੇ ਝਗੜਿਆਂ ਤੇ ਬਹਿਸਾਂ ਵਿੱਚ ਪੈਣ ਦੀ ਲੋੜ ਨਹੀਂ। ਨਿਬੇੜਾ ਮਨ ਦੀ ਦਸ਼ਾ ਅਨੁਸਾਰ ਹੋਣਾ ਹੈ, ਇਸ ਲਈ ਅਖੌਤੀ ਪਾਪ, ਪੁੰਨ ਨੂੰ ਇਕੋ ਸਮਾਨ ਸਮਝਦੇ ਹੋਏ ਅਸਲੀਅਤ ਦੀ ਪਛਾਣ ਕਰੋ। ਆਪਣੇ ਹਿਰਦੇ ਵਿੱਚ ਪਾਰਸ (ਵਾਹਿਗੁਰੂ) (ਜਿਸ ਦੀ ਛੋਹ ਨਾਲ ਗੁਣ ਹੀ ਗੁਣ ਆ ਜਾਣਗੇ) ਹੈ। ਕਰਮਾਂਦਿਕਾਂ ਦੇ ਰਾਹੀਂ ਗ੍ਰਹਿਣ ਕੀਤੇ ਗੁਣਾਂ ਦਾ ਤਿਆਗ ਕਰੋ, ਇਹ ਹਉਮੈ ਵੱਲ ਲਿਜਾਂਦੇ ਹਨ।

† ਇਸੇ ਭਾਵ ਦਾ ਸ਼ਬਦ ਪੰਨਾ ੧੧੬੧ ਉੱਤੇ ੧੬ਵਾਂ ਸ਼ਬਦ ਕਰ ਕੇ ਆਇਆ ਹੈ। ਦੋਹਾਂ ਸ਼ਬਦਾਂ ਵਿੱਚ ਕਈ ਤੁਕਾਂ ਭੀ ਸਾਂਝੀਆਂ ਹਨ।

[1]ਅਨਿਕ ਜਨਮ ਕੀਏ ਬਹੁ ਰੰਗਾ॥ ੧॥ [2]ਐਸੇ ਘਰ ਹਮ ਬਹੁਤੁ ਬਸਾਏ॥ ਜਬ ਹਮ ਰਾਮ ਗਰਭ ਹੋਇ ਆਏ॥ ੧॥ ਰਹਾਉ॥ ਜੋਗੀ ਜਤੀ ਤਪੀ ਬ੍ਰਹਮਚਾਰੀ॥ ਕਬਹੂ ਰਾਜਾ ਛਤ੍ਰਪਤਿ[3] ਕਬਹੂ ਭੇਖਾਰੀ॥ ੨॥ ਸਾਕਤ[4] ਮਰਹਿ ਸੰਤ ਸਭਿ ਜੀਵਹਿ॥ ਰਾਮ ਰਸਾਇਨੁ[5] ਰਸਨਾ ਪੀਵਹਿ॥ ੩॥ ਕਹੁ ਕਬੀਰ ਪ੍ਰਭ ਕਿਰਪਾ ਕੀਜੈ॥ ਹਾਰਿ ਪਰੇ ਅਬ ਪੂਰਾ[6] ਦੀਜੈ॥ ੪॥ ੧੩॥ ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫॥ ਐਸੋ ਅਚਰਜੁ ਦੇਖਿਓ ਕਬੀਰ॥ [7]ਦਧਿ ਕੈ ਭੋਲੈ ਬਿਰੋਲੈ ਨੀਰੁ॥ ੧॥ ਰਹਾਉ॥ ਹਰੀ ਅੰਗੂਰੀ[8] ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥ ੧॥ [9]ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸ਼ਾਤਲਿ[10] ਪਾਇ॥ ੨॥ ਕਹੁ ਕਬੀਰ ਪਰਗਟੁ ਭਈ ਖੇਡ॥ [11]ਲੇਲੇ ਕਉ ਚੂਘੈ ਨਿਤ ਭੇਡ॥ ੩॥ [12]ਰਾਮ ਰਮਤ ਮਤਿ ਪਰਗਟੀ ਆਈ॥ ਕਹੁ ਕਬੀਰ ਗੁਰਿ ਸੋਝੀ ਪਾਈ॥ ੪॥ ੧॥ ੧੪॥ ਗਉੜੀ ਕਬੀਰ ਜੀ ਪੰਚਪਦੇ* ॥ ਜਿਉ ਜਲ ਛੋਡਿ ਬਾਹਰਿ ਭਇਓ ਮੀਨਾ[13] ॥ ਪੂਰਬ ਜਨਮ ਹਉ ਤਪ ਕਾ ਹੀਨਾ[14] ॥ ੧॥ †ਅਬ ਕਹੁ ਰਾਮ ਕਵਨ ਗਤਿ ਮੋਰੀ॥ ਤਜੀ ਲੇ ਬਨਾਰਸ ਮਤਿ ਭਈ ਥੋਰੀ॥ ੧॥ ਰਹਾਉ॥ ਸਗਲ ਜਨਮੁ ਸਿਵਪੁਰੀ[15] ਗਵਾਇਆ॥ ਮਰਤੀ ਬਾਰ ਮਗਹਰਿ ਉਠਿ ਆਇਆ॥ ੨॥ ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥ ੩॥ [16]ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ॥ ੪॥ [17]ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥ ਮੁਆ ਕਬੀਰੁ ਰਮਤ ਸ੍ਰੀ ਰਾਮੈ॥ ੫॥ ੧੫॥ ਗਉੜੀ ਕਬੀਰ ਜੀ॥ ‡ਚੋਆ[18] ਚੰਦਨ ਮਰਦਨ[19] ਅੰਗਾ॥ ਸੋ ਤਨੁ ਜਲੈ ਕਾਠ ਕੈ ਸੰਗਾ॥ ੧॥ ਇਸੁ ਤਨ ਧਨ ਕੀ ਕਵਨ ਬਡਾਈ॥ [20]ਧਰਨਿ ਪਰੈ ਉਰਵਾਰਿ ਨ ਜਾਈ॥ ੧॥ ਰਹਾਉ॥ ਰਾਤਿ ਜਿ ਸੋਵਹਿ ਦਿਨ ਕਰਹਿ ਕਾਮ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ॥ ੨॥ [21]ਹਾਥਿ ਤ ਡੋਰ ਮੁਖਿ ਖਾਇਓ ਤੰਬੋਰ[22]॥ ਮਰਤੀ ਬਾਰ [23]ਕਸਿ ਬਾਧਿਓ ਚੋਰ॥ ੩॥ ਗੁਰਮਤਿ [24]ਰਸਿ ਰਸਿ ਹਰਿ ਗੁਨ ਗਾਵੈ॥ ਰਾਮੈ ਰਾਮ ਰਮਤ ਸੁਖੁ ਪਾਵੈ॥ ੪॥ ਕਿਰਪਾ ਕਰਿ ਕੈ ਨਾਮੁ ਦ੍ਰਿੜਾਈ॥ ਹਰਿ ਹਰਿ ਬਾਸੁ ਸੁਗੰਧ ਬਸਾਈ॥ ੫॥ ਕਹਤ ਕਬੀਰ ਚੇਤਿ ਰੇ ਅੰਧਾ॥ ਸਤਿ ਰਾਮੁ ਝੂਠਾ ਸਭੁ ਧੰਧਾ॥ ੬॥ ੧੬॥ ਗਉੜੀ ਕਬੀਰ ਜੀ §ਤਿਪਦੇ ਚਾਰਤੁਕੇ॥ [25]ਜਮ ਤੇ ਉਲਟਿ ਭਏ ਹੈ ਰਾਮ॥ ਦੁਖ ਬਿਨਸੇ ਸੁਖ ਕੀਓ ਬਿਸਰਾਮ॥ ਬੈਰੀ ਉਲਟਿ ਭਏ ਹੈ ਮੀਤਾ॥ [26]ਸਾਕਤ ਉਲਟਿ ਸੁਜਨ ਭਏ ਚੀਤਾ॥ ੧॥ ਅਬ ਮੋਹਿ ਸਰਬ ਕੁਸਲ[27] ਕਰਿ ਮਾਨਿਆ॥ ਸਾਂਤਿ ਭਈ ਜਬ ਗੋਬਿਦੁ ਜਾਨਿਆ॥ ੧॥

੧ ਬਹੁਤ ਰੰਗਾਂ ਦੇ ਜਨਮ ਧਾਰਨ ਕੀਤੇ।
੨ ਹੇ ਰਾਮ! ਜਦ ਅਸੀਂ ਗਰਭ ਜੋਨ ਆਏ ਤਾਂ ਅਸਾਂ ਏਹੋ ਜਿਹੀਆਂ ਕਈ ਜੂਨਾਂ ਭਵੀਆਂ; ਕਦੀ ਅਸਥਾਵਰ, ਕਦੀ ਜੰਗਮ ਆਦਿਕ ਬਣੇ।
੩ ਛਤ੍ਰ-ਧਾਰੀ, ਜਿਸ ਦੇ ਸਿਰ 'ਤੇ ਛਤਰ ਝੂਲਦਾ ਹੈ; ਪ੍ਰਤਾਪੀ ਰਾਜਾ।
੪ [ਸ਼ਕਤੀ ਦਾ ਉਪਾਸ਼ਕ] ਸੰਸਾਰੀ ਵਿਸ਼ਿਆਂ ਵਿੱਚ ਲੱਗਾ ਹੋਇਆ।
੫ ਰਸਾਂ ਦਾ ਘਰ। ਇਕ ਦਵਾਈ ਜੋ ਮੌਤ ਜਾਂ ਬੁਢੇਪੇ ਤੋਂ ਬਚਾ ਰੱਖਦੀ ਹੈ। ਸੰਤ ਲੋਕ ਕਿਉਂ ਨਹੀਂ ਮਰਦੇ? ਓਹ ਰਾਮ-ਨਾਮ ਦੀ ਅਕਸੀਰ ਦੁਆ ਜੀਭ ਦੁਆਰਾ ਪੀਂਦੇ ਹਨ।
੬ ਪੂਰਨਤਾ, ਪੂਰਨ ਪਦਵੀ।
੭ ਦਹੀਂ ਦੇ ਭੁਲੇਖੇ ਪਾਣੀ ਰਿੜਕਦਾ ਹੈ। ਮਨੁੱਖ ਅਸਲੀਅਤ ਨੂੰ ਛੱਡ ਕੇ ਨਿਕੰਮੀਆਂ ਤੇ ਬੇ-ਅਰਥ ਚੀਜ਼ਾਂ ਨੂੰ ਫਲਦਾਇਕ ਸਮਝ ਕੇ ਰੇੜਕੇ ਪਾ ਬਹਿੰਦਾ ਹੈ।
੮ ਨਵੀਂ ਫੁਟੀ ਹਰਿਆਈ। ਵਿਸ਼ੇ-ਵਿਕਾਰ ਰੂਪ ਅੰਗੂਰੀ ਨੂੰ ਇਹ ਮਨ-ਖੋਤਾ ਖਾਂਦਾ ਹੈ ਤੇ ਹੱਸ ਖੇਡ ਖਾ ਪੀ ਕੇ ਅੰਤ ਨੂੰ ਮਰ ਜਾਂਦਾ ਹੈ।
੯ ਮਸਤ ਸੰਢਾ (ਭਾਵ ਹੰਕਾਰੀ ਮਨ) ਅਮੋੜ ਹੋ ਕੇ ਚਲਦਾ ਹੈ।
੧੦ [ਧਰਤੀ ਦੇ ਤਲੇ ਦਾ ਦੇਸ਼] ਨਰਕ ਵਿੱਚ।
੧੧ ਭਾਵ ਮਨ ਦੇ ਪਿੱਛੇ ਮਤ ਚਲ ਰਹੀ ਹੈ।
੧੨ ਰਾਮ ਸਿਮਰਨ ਨਾਲ ਮਤ ਉੱਜਲ ਹੋ ਗਈ।
੧੩ ਮੱਛੀ। ਤਿਵੇਂ ਮੈਂ ਕਾਂਸ਼ੀ ਛੱਡ ਕੇ ਮਗਹਰ ਆਇਆ ਹਾਂ।
੧੪ ਬਿਨਾਂ, ਖਾਲੀ। ਪਿਛਲੇ ਜਨਮ ਮੈਂ ਤਪ ਕੋਈ ਨਹੀਂ ਕੀਤਾ ਹੋਣਾ। (ਤਾਂ ਹੀ ਇਹ ਗੱਲ ਕਰ ਬੈਠਾ ਹਾਂ)
੧੫ ਕਾਂਸ਼ੀ ਵਿੱਚ, ਬਨਾਰਸ ਵਿੱਚ।
੧੬ ਮੈਂ ਕਾਂਸ਼ੀ ਤੇ ਮਗਹਰ ਨੂੰ ਇਕੋ ਜੇਹਾ ਜਾਤਾ ਹੈ। ਜਿਸ ਦੀ ਭਗਤੀ ਹੋਛੀ ਹੈ। (ਉਹ ਭਾਵੇਂ ਕਾਂਸ਼ੀ ਮਰੇ ਭਾਵੇਂ ਹੋਰਥੇ) ਕਿਵੇਂ ਤਰ ਸਕਦਾ ਹੈ?
੧੭ ਹੇ ਗੁਰ-ਗਜ (ਗਣੇਸ਼ ਜਿਸ ਨੇ ਮਗਹਰ ਵਸਾਇਆ) ਅਤੇ ਸ਼ਿਵ (ਜਿਸ ਨੇ ਕਾਂਸ਼ੀ ਵਸਾਈ)! ਤੁਸੀਂ ਕਹੋ (ਇਸ ਗੱਲ ਦੀ ਗਵਾਹੀ ਦਿਉ) ਕਿ ਇਹ ਸਭ ਜਾਣਦੇ ਹਨ ਕਿ ਕਬੀਰ ਨਾਮ ਜਪਦਾ ਮੁਇਆ ਹੈ।
੧੮ ਅਤਰ।
੧੯ ਮਲਦੇ ਹਨ।
੨੦ ਜੋ ਧਰਤੀ ਵਿੱਚ ਪਿਆ ਹੋਇਆ ਉਰਾਰ ਹੀ ਰਹਿ ਜਾਂਦਾ ਹੈ ਤੇ ਪਾਰ ਨਹੀਂ ਜਾਂਦਾ।
੨੧ ਸ਼ੁਕੀਨ ਲੋਕ ਹੱਥ ਵਿੱਚ ਗੁੱਡੀ ਦੀ ਡੋਰ ਫੜੀ ਫਿਰਦੇ ਹਨ ਤੇ ਮੂੰਹ ਵਿੱਚ ਪਾਨ ਖਾਧਾ ਹੋਇਆ ਹੈ। (ਬਨਾਰਸ ਦੇ ਨਿਕੰਮੇ ਸ਼ੁਕੀਨਾਂ ਦੀ ਡਾਢੀ ਸੋਹਣੀ ਤਸਵੀਰ ਖਿੱਚੀ ਹੈ।)
੨੨ ਪਾਨਾਂ ਦੇ ਬੀੜੇ।
੨੩ ਕੱਸ ਕੇ ਚੋਰ ਵਾਂਗ ਬੰਨ੍ਹ ਲਿਆ।
੨੪ ਸਵਾਦ ਲਾ-ਲਾ ਕੇ।
੨੫ ਜਮ ਬਦਲ ਕੇ ਰਾਮ ਹੋ ਗਏ ਹਨ; ਭਾਵ ਜਿਥੇ ਅੱਗੇ ਜਮ ਦੇਖਦਾ ਸਾਂ, ਉਥੇ ਹੁਣ ਰਾਮ ਦਿੱਸਦਾ ਹੈ। (ਕਿਉਂਕਿ ਜਮਾਂ ਵਾਲਾ ਰਸਤਾ ਛੱਡ ਕੇ ਰਾਮ ਦਾ ਰਸਤਾ ਜੋ ਫੜ ਲਿਆ ਹੈ)।
੨੬ ਮਾੜੇ ਪੁਰਸ਼ ਬਦਲ ਕੇ ਚੰਗੇ ਪੁਰਸ਼ ਹੋ ਗਏ ਦਿਲੋਂ ਹੀ।
੨੭ ਸੁਖ।

* ਪੰਚਪਦੇ ਦੇ ਹੇਠਾਂ ੨ ਦਾ ਛੋਟਾ ਅੰਕ ਇਹ ਜ਼ਾਹਰ ਕਰਨ ਲਈ ਹੈ ਕਿ ਅੱਗੋਂ ਦੋ ਪੰਚਪਦੇ ਆਉਣੇ ਹਨ।

† ਹੁਣ ਦੱਸੋ, ਰਾਮ ਜੀ! ਮੇਰਾ ਕੀ ਹਾਲ ਹੋਵੇਗਾ? ਮੇਰੀ ਮੱਤ ਮਾਰੀ ਗਈ ਕਿ ਮੈਂ ਬਨਾਰਸ ਛੱਡ ਦਿੱਤਾ। ਇਸ ਸ਼ਬਦ ਵਿੱਚ ਹਿੰਦੂਆਂ ਦੇ ਇਸ ਨਿਸਚੇ ਦਾ ਕਿ (ਗਣੇਸ਼ ਪੁਰੀ) ਮਗਹਰ ਵਿੱਚ ਮਰ ਕੇ ਖੋਤਾ ਬਣੀਦਾ ਹੈ ਤੇ (ਸ਼ਿਵ ਪੁਰੀ) ਕਾਂਸ਼ੀ ਵਿੱਚ ਮਰ ਕੇ ਮੁਕਤ ਹੋਈਦਾ ਹੈ, ਮਖੌਲ ਉੱਡਾ ਰਹੇ ਹਨ। ਕਬੀਰ ਸਾਹਿਬ ਮਗਹਰ ਵਿੱਚ ਜਾ ਕੇ ਸੰਨ ੧੫੧੮ ਵਿੱਚ ਸਮਾਏ।

‡ ਇਹ ਦੋ ਤੁਕਾਂ ਯਾਰ੍ਹਵੇਂ ਚੌਪਦੇ ਦੇ ਤੀਜੇ ਅੰਗ ਵਿੱਚ ਭੀ ਆਈਆਂ ਹਨ।

§ ਹਰ ਇਕ ਸ਼ਬਦ ਵਿੱਚ ਤਿੰਨ ਪਦੇ ਹਨ ਚਾਰ-ਚਾਰ ਤੁਕਾਂ ਵਾਲੇ। 'ਚਾਰਤੁਕੇ' ਦੇ ਹੇਠਾਂ ੨ ਦਾ ਛੋਟਾ ਅੰਕ ਜ਼ਾਹਰ ਕਰਦਾ ਹੈ ਕਿ ਅੱਗੋਂ ਦੋ ਚਾਰ-ਤੁਕੇ ਆਉਣੇ ਹਨ।

ਰਹਾਉ ॥ ਤਨ ਮਹਿ ਹੋਤੀ ਕੋਟਿ ਉਪਾਧਿ[੧] ॥ [੨]ਉਲਟਿ ਭਈ ਸੁਖ ਸਹਜਿ ਸਮਾਧਿ ॥ [੩]ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ* ਤੀਨੌ ਤਾਪ ॥ ੨ ॥ ਅਬ ਮਨੁ ਉਲਟਿ ਸਨਾਤਨੁ[੪] ਹੂਆ ॥ [੫]ਤਬ ਜਾਨਿਆ ਜਬ ਜੀਵਤ ਮੂਆ ॥ ਕਹੁ ਕਬੀਰ ਸੁਖਿ ਸਹਜਿ ਸਮਾਵਉ ॥ [੬]ਆਪਿ ਨ ਡਰਉ ਨ ਅਵਰ ਡਰਾਵਉ ॥ ੩ ॥ ੧੭ ॥ ਗਉੜੀ ਕਬੀਰ ਜੀ ॥ [੭]ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ [੮]ਸਬਦਿ ਅਤੀਤਿ ਅਨਾਹਦਿ[੯] ਰਾਤਾ ॥ ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ[੧੦] ਮਨੁ ਮਾਨਿਆ ॥ ੧ ॥ ਐਸਾ ਗਿਆਨੁ ਕਥੈ ਬਨਵਾਰੀ[੧੧] ॥ [੧੨]ਮਨ ਰੇ ਪਵਨ ਦ੍ਰਿੜ †ਸੁਖਮਨ ਨਾਰੀ ॥ ੧ ॥ ਰਹਾਉ ॥ ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥ [੧੩]ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥ ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥ ਐਸੇ ਮਰਹੁ ਜਿ ਬਹੁਰਿ ਨ ਮਰਨਾ ॥ ੨ ॥ ਉਲਟੀ ਗੰਗਾ[੧੪] ਜਮੁਨ[੧੫] ਮਿਲਾਵਉ ॥ ਬਿਨੁ ਜਲ ਸੰਗਮ[੧੬] ਮਨ ਮਹਿ ਨ੍ਹਾਵਉ ॥ [੧੭]ਲੋਚਾ ਸਮਸਰਿ ਇਹੁ ਬਿਉਹਾਰਾ ॥ [੧੮]ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥ ੩ ॥‡ [੧੯]ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ [੨੦]ਹਰਿ ਪਾਸਾ ॥ ਕਹੈ ਕਬੀਰ ਨਿਰੰਜਨ ਧਿਆਵਉ ॥ [੨੧]ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥ ੪ ॥ ੧੮ ॥ ਗਉੜੀ ਕਬੀਰ ਜੀ ਤਿਪਦੇ ੧੫§ ॥ [੨੨]ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥ ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ [੨੩]ਸਹਜ ਸੁਭਾਇ ਮੇਰਾ ਮਨੁ ਮਾਨਿਆ ॥ ੧ ॥ ਰਹਾਉ ॥ ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥ ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ [੨੪]ਨਿਜ ਭਾਗੀ ॥ ੩ ॥ ੧ ॥ ੧੯ ॥ ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ[੨੫] ॥ [੨੬]ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥ [੨੭]ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ [੨੮]ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥ ੧ ॥ ਰਹਾਉ ॥ ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ[੨੯] ਮਰੈ ਅਮਰੁ ਹੋਇ ਸੋਈ ॥ ੨ ॥ ਕਹੁ ਕਬੀਰ ਮਨਿ ਭਇਆ ਅਨੰਦਾ ॥ [੩੦]ਗਇਆ ਭਰਮੁ ਰਹਿਆ ਪਰਮਾਨੰਦਾ ॥ ੩ ॥ ੨੦ ॥ ਗਉੜੀ ਕਬੀਰ ਜੀ ॥ [੩੧]ਕਤ ਨਹੀ ਠਉਰ ਮੂਲੁ ਕਤ ਲਾਵਉ ॥ ਖੋਜਤ ਤਨ ਮਹਿ ਠਉਰ[੩੨] ਨ ਪਾਵਉ ॥ ੧ ॥ ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ[੩੩] ਤੀਰ ॥ ੧ ॥ ਰਹਾਉ ॥ [੩੪]ਏਕ ਭਾਇ ਦੇਖਉ ਸਭ ਨਾਰੀ ॥ ਕਿਆ ਜਾਨਉ ਸਹ[੩੫] ਕਉਨ ਪਿਆਰੀ ॥ ੨ ॥ ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥ [੩੬]ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥

੧ ਰੋਗ।

੨ ਉਹ ਸਾਰੀਆਂ ਉਪਾਧੀਆਂ ਉਲਟ ਕੇ ਸਹਜ-ਸਮਾਧੀ ਵਿੱਚ ਜੋ ਸੁਖ ਹੁੰਦੇ ਹਨ ਉਹ ਹੋ ਗਈਆਂ। ਸਹਜ-ਸਮਾਧਿ=ਪੂਰਨ ਅਡੋਲਤਾ ਤੇ ਸ਼ਾਂਤੀ ਵਾਲੀ ਹਾਲਤ।

੩ ਜੇ ਆਪਾ ਪਛਾਣੇ ਤਾਂ ਆਪ ਹੀ ਆਪ ਵਾਹਿਗੁਰੂ ਵਿਆਪਕ ਦਿੱਸਦਾ ਹੈ।

੪ ਪਹਿਲੀ ਪੁਰਾਣੀ ਹਾਲਤ ਵਾਲਾ, ਜਿਸ ਹਾਲਤ ਵਿੱਚ ਪਹਿਲਾਂ ਆਪਣੀ ਅਸਲੀ ਹਾਲਤ ਵਿੱਚ ਸੀ।

੫ ਤਾਂ ਗਿਆਨ ਹੋਇਆ ਜਦੋਂ ਜੀਵਤ ਭਾਵ ਤੋਂ ਮਰ ਗਿਆ।

੬ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥' (ਸਲੋਕ ਮ: ੯-੧੪੨੭)।

੭ ਸਰੀਰ ਵੱਲੋਂ ਮਰਨ 'ਤੇ ਜੀਵ ਕਿਸ ਹਾਲਤ ਵਿੱਚ ਚਲਾ ਜਾਂਦਾ ਹੈ।

੮ ਸ਼ਬਦ ਦੁਆਰਾ ਤਿੰਨਾਂ ਗੁਣਾਂ ਵਾਲੀ ਹਾਲਤ ਤੋਂ ਆਜ਼ਾਦ ਹੋ ਕੇ ਅਵਿਨਾਸੀ ਹਾਲਤ ਵਿੱਚ ਲੀਨ ਹੋ ਜਾਂਦਾ ਹੈ।

੯ ਨਾਸ ਰਹਿਤ ਹਾਲਤ ਵਿੱਚ (ਜਿਸ ਦਾ ਜ਼ਿਕਰ ਇਸ ਚੌਪਦੇ ਦੀ ਅੰਤਲੀ ਤੁਕ ਵਿੱਚ ਹੈ)।

੧੦ ਸ਼ੱਕਰ। ਜਿਵੇਂ ਗੁੰਗਾ ਸ਼ੱਕਰ ਦਾ ਸਵਾਦ ਮਾਣਦਾ ਹੈ, ਪਰ ਦੱਸ ਨਹੀਂ ਸਕਦਾ, ਤਿਵੇਂ ਉਸ ਹਾਲਤ ਦੇ ਪਛਾਣਨ ਵਾਲੇ ਅਨੰਦ ਲੈਂਦੇ ਹਨ।

੧੧ [ਬਨਮਾਲਾ ਪਹਿਨਣ ਵਾਲਾ, ਵਿਸ਼ਨੂ] ਵਾਹਿਗੁਰੂ!

੧੨ ਹੇ ਮਨ! ਸੁਆਸਾਂ ਨੂੰ ਸੁਖਮਨ ਨਾੜੀ ਵਿੱਚ ਲੈ ਜਾ, ਭਾਵ ਮਨ ਨੂੰ ਵਿਕਾਰਾਂ ਵੱਲੋਂ ਰੋਕ ਕੇ ਇਕਾਗਰਤਾ ਪ੍ਰਾਪਤ ਕਰ ਕੇ ਸੁਆਸ-ਸੁਆਸ ਨਾਮ ਜਪ। ਜੋਗੀਆਂ ਦੀ ਬੋਲੀ ਵਿੱਚ ਨਾਮ ਜਪਣ ਦਾ ਉਪਦੇਸ਼ ਕੀਤਾ ਜਾ ਰਿਹਾ ਹੈ। ਕਹਿੰਦੇ ਹਨ ਇਸ ਕਿਸਮ ਦਾ ਗਿਆਨ ਵਾਹਿਗੁਰੂ ਦੱਸਦਾ ਹੈ।

੧੩ ਉਸ ਹਾਲਤ ਦਾ ਚੇਤਾ ਕਰੋ ਕਿ ਮੁੜ ਨਾ ਕਰਨਾ ਪਵੇ; ਇਕੋ ਵਾਰ ਉੱਚ ਪਦ ਪ੍ਰਾਪਤ ਹੋ ਜਾਵੇ।

੧੪ ਖੱਬੀ ਸੁਰ, ਇੜਾ। ੧੫ ਸੱਜੀ ਸੁਰ, ਪਿੰਗਲਾ।

੧੬ ਸੁਖਮਨਾ। ਬਿਨਾਂ ਜਲ ਦੇ ਸੰਗਮ ਦੇ, ਭਾਵ ਇਕਾਗਰਤਾ ਵਿੱਚ ਹੀ ਇਸ਼ਨਾਨ ਕਰੋ। ਇੜਾ, ਪਿੰਗਲਾ ਆਦਿ ਦੀਆਂ ਕਸਰਤਾਂ ਤੋਂ ਭਾਵ ਇਹ ਹੈ ਕਿ ਸੰਸਾਰ ਵੱਲੋਂ ਉਲਟ ਕੇ ਮਨ ਨੂੰ ਅਡੋਲਤਾ ਦੇ ਘਰ ਵਿੱਚ ਲਿਆਵਣਾ ਹੈ।

੧੭ ਸਭ ਨੂੰ ਇਕੋ ਜਿਹਾ ਵੇਖਣਾ ਇਹ ਵਿਚਾਰ ਹੋਵੇ। ੧੮ ਅਸਲੀਅਤ ਤੋਂ ਬਿਨਾਂ ਹੋਰ ਵਿਚਾਰਾਂ ਕੀ ਕਰਨੀਆਂ ਹੋਈਆਂ?

੧੯ ਅਪੁ=ਆਬ, ਪਾਣੀ। ਤੇਜ=ਅੱਗ।

੨੦ ਹਰੀ ਦੇ ਪਾਸ।

੨੧ ਐਸੀ ਹਾਲਤ ਵਿੱਚ ਜਾਵਾਂ ਕਿ ਮੁੜ ਕੇ ਨਾ ਆਵਾਂ।

੨੨ ਸੋਨੇ ਨਾਲ। ੨੩ ਸੁਭਾਵਕ ਹੀ।

੨੪ ਸਾਡੇ ਹਿੱਸੇ ਆਈ। ੨੫ ਡਰਿਆ ਹੈ।

੨੬ ਉਸ ਮਰਨੇ ਦੀ ਸਾਨੂੰ ਗੁਰੂ ਦੇ ਸ਼ਬਦ ਦੁਆਰਾ ਸਮਝ ਆ ਗਈ ਹੈ।

੨੭ ਹੁਣ ਮੈਂ ਕਾਹਨੂੰ ਮਰਨਾ ਹੋਇਆ, ਕਿਉਂਕਿ ਅਸਲ ਮਰਨ ਵਿੱਚ ਮੇਰਾ ਮਨ ਲੱਗ ਗਿਆ ਹੈ: ਅਸਲ ਮਰਨ ਦੀ ਸਮਝ ਪੈ ਗਈ ਹੈ।

੨੮ ਮਰ-ਮਰ ਜਾਂਦੇ ਹਨ ਉਹ ਜੋ ਰਾਮ ਨਹੀਂ ਜਾਣਦੇ।

੨੯ ਠੀਕ ਤਰੀਕੇ ਨਾਲ। ਕਿਸੇ ਹਠ ਜਾਂ ਜੋਸ਼ ਵਿੱਚ ਨਹੀਂ; ਸਗੋਂ ਭਾਣੇ ਵਾਲਾ ਜੀਵਨ ਬਣਾ ਕੇ ਲੋੜ ਅਨੁਸਾਰ ਮਰਨ ਲਈ ਤਿਆਰ ਰਹਿਣਾ।

੩੦ ਮਨ ਵਿੱਚੋਂ ਹੋਰਨਾਂ ਨੂੰ ਮੰਨਣ ਵਾਲਾ ਵਹਿਮ ਦੂਰ ਹੋ ਗਿਆ ਹੈ ਅਤੇ ਕੇਵਲ ਪਰਮ ਅਨੰਦ ਰੂਪ ਵਾਹਿਗੁਰੂ ਰਹਿ ਗਿਆ ਹੈ।

੩੧ ਉਸ ਪੀੜ ਦੀ ਥਾਂ ਨਹੀਂ, ਮੂਲ (ਦਵਾਈ) ਕਿਥੇ ਲਾਵਾਂ? ੩੨ ਉਹ ਥਾਂ (ਪੀੜ ਵਾਲੀ)।

੩੩ ਅਣੀ ਵਾਲੇ, ਨੋਕਦਾਰ ਤੀਰ।

੩੪ ਇਕ ਵਾਹਿਗੁਰੂ ਦੇ ਪਿਆਰ ਵਿੱਚ ਸਭ ਜਗਿਆਸੂ ਰੂਪ ਇਸਤਰੀਆਂ ਵੇਖਦਾ ਹਾਂ।

੩੫ ਪਤੀ ਨੂੰ।

੩੬ ਸਭ ਨੂੰ ਛੱਡ ਕੇ ਜੀਉਂਦਾ ਪਤੀ ਉਸ ਨੂੰ ਮਿਲਦਾ ਹੈ। 'ਸੁਹਾਗ'=ਜੀਉਂਦਾ ਪਤੀ।

* ਆਧਿ, ਬਿਆਧਿ ਅਤੇ ਉਪਾਧਿ। ਆਧਿ=ਮਨ ਦੇ ਦੁੱਖ, ਬਿਆਧਿ=ਸਰੀਰ ਦੇ ਦੁੱਖ, ਉਪਾਧਿ=ਭੁਲੇਖੇ ਦੇ ਦੁੱਖ (ਹੋਵੇ ਹੋਰ ਤੇ ਦਿੱਸੇ ਹੋਰ) "ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ॥" (ਸਾਰਗ ਮ: ੫-੧੨੨੩)।

† ਜੋਗੀਆਂ ਦੀ ਮੰਨੀ ਹੋਈ ਇਕ ਨਾੜੀ ਜੋ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ਼ ਤੱਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ 'ਇੜਾ' ਮੰਨੀ ਹੈ (ਜੋ ਖੱਬੀ ਨਾਸ ਤੋਂ ਲੈ ਕੇ ਪਿੱਛੋਂ ਦੀ ਹੁੰਦੀ ਹੋਈ ਦਿਮਾਗ਼ ਤੱਕ ਜਾਂਦੀ ਹੈ) ਅਤੇ ਸੱਜੇ ਪਾਸੇ 'ਪਿੰਗਲਾ' ਮੰਨੀ ਹੈ (ਜੋ ਸੱਜੀ ਨਾਸ ਤੋਂ ਲੈ ਕੇ ਪਿੱਛੋਂ ਦੀ ਹੁੰਦੀ ਹੋਈ ਦਿਮਾਗ਼ ਤੱਕ ਜਾਂਦੀ ਹੈ) ਜੋਗੀ ਲੋਕ ਅਭਿਆਸ ਕਰ ਕੇ ਜਦ ਪ੍ਰਾਣ 'ਸੁਖਮਨਾ' ਵਿੱਚ ਚਲਾਂਦੇ ਹਨ ਤਾਂ ਅਨਹਦ ਸ਼ਬਦ ਸੁਣੀਦਾ ਦੱਸਦੇ ਹਨ।

‡ ਪਾਣੀ, ਅੱਗ, ਹਵਾ, ਧਰਤੀ ਅਤੇ ਅਕਾਸ਼ ਦੇ ਸਤੋ ਗੁਣ ਧਾਰਨ ਕਰਾਂ। ਜਲ ਠੰਢ ਦਿੰਦਾ ਹੈ ਤੇ ਮੈਲ ਧੋਂਦਾ ਹੈ, ਅੱਗ ਵਿੱਚ ਜੋ ਚੀਜ਼ ਪਾਓ ਉਸ ਦਾ ਖੋਟ ਸਾੜ ਸੁੱਟਦੀ ਹੈ, ਧਰਤੀ ਦਾ ਗੁਣ ਧੀਰਜ ਹੈ, ਹਵਾ ਦਾ ਸਮਾਨਤਾ ਹੈ ਅਤੇ ਅਕਾਸ਼ ਦਾ ਅਲੇਪ ਰਹਿਣਾ ਤੇ ਸਭ ਵਿੱਚ ਵਿਆਪਕ ਰਹਿਣਾ ਹੈ।

§ 'ਤਿਪਦੇ' ਦੇ ਹੇਠਾਂ ੧੫ ਦਾ ਛੋਟਾ ਅੰਕ ਦੱਸਦਾ ਹੈ ਕਿ ਇਥੋਂ ਅੱਗੇ ੧੫ ਤਿਪਦੇ ਆਉਣੇ ਹਨ।

੩ ॥ ੨੧ ॥ ਗਉੜੀ ਕਬੀਰ ਜੀ ॥ ਜਾ ਕੈ ਹਰਿ ਸਾ[੧] ਠਾਕੁਰੁ ਭਾਈ ॥ [੨]ਮੁਕਤਿ ਅਨੰਤ ਪੁਕਾਰਣਿ ਜਾਈ ॥ ੧ ॥ ਅਬ ਕਹੁ ਰਾਮ ਭਰੋਸਾ ਤੋਰਾ ॥ ਤਬ [੩]ਕਾਹੂ ਕਾ ਕਵਨੁ ਨਿਹੋਰਾ[੪] ॥ ੧ ॥ ਰਹਾਉ ॥ [੫]ਤੀਨਿ ਲੋਕ [੬]ਜਾ ਕੈ ਹਹਿ ਭਾਰ ॥ [੭]ਸੋ ਕਾਹੇ ਨ ਕਰੈ ਪ੍ਰਤਿਪਾਰ ॥ ੨ ॥ ਕਹੁ ਕਬੀਰ ਇਕ ਬੁਧਿ ਬੀਚਾਰੀ ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ[੮] ॥ ੩ ॥ ੨੨ ॥ ਗਉੜੀ ਕਬੀਰ ਜੀ ॥ ਬਿਨੁ ਸਤ[੯] ਸਤੀ ਹੋਇ ਕੈਸੇ ਨਾਰਿ ॥ ਪੰਡਿਤ ਦੇਖਹੁ ਰਿਦੈ ਬੀਚਾਰਿ ॥ ੧ ॥ ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ[੧੦] ॥ [੧੧]ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ॥ ੧ ॥ ਰਹਾਉ ॥ ਸਾਹਨਿ[੧੨] ਸਤੁ ਕਰੈ ਜੀਅ ਅਪਨੈ ॥ ਸੋ ਰਮਯੇ ਕਉ ਮਿਲੈ ਨ ਸੁਪਨੈ ॥ ੨ ॥ ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥ ੩ ॥ ੨੩ ॥ ਗਉੜੀ ਕਬੀਰ ਜੀ ॥ [੧੩]ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥ ੧ ॥ ਰੇ ਨਰ ਨਾਵ ਚਉੜਿ[੧੪] ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥ ੧ ॥ ਰਹਾਉ ॥ [੧੫]ਸੁਰਿ ਨਰ ਦਾਧੇ ਲਾਗੀ ਆਗਿ ॥ [੧੬]ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥ ੨ ॥ [੧੭]ਚੇਤਤ ਚੇਤਤ [੧੮]ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥ ੨੪ ॥ ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ [੧੯]ਬਿਧਵਾ ਕਸ ਨ ਭਈ ਮਹਤਾਰੀ ॥ ੧ ॥ ਜਿਹ ਨਰ ਰਾਮ ਭਗਤਿ ਨਹਿ ਸਾਧੀ ॥ [੨੦]ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥ [੨੧]ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥ ਬੁਡਭੁਜ[੨੨] ਰੂਪ ਜੀਵੇ ਜਗ ਮਝਿਆ ॥ ੨ ॥ ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ[੨੩] ਕੁਰੂਪ ॥ ੩ ॥ ੨੫ ॥ ਗਉੜੀ ਕਬੀਰ ਜੀ ॥ ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥ ੧ ॥ ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥ ੧ ॥ ਰਹਾਉ ॥ [੨੪]ਜਿਹ ਘਟ ਰਾਮੁ ਰਹਿਆ ਭਰਪੂਰਿ ॥ ਤਿਨ ਕੀ [੨੫]ਪਗ ਪੰਕਜ[੨੬] ਹਮ ਧੂਰਿ ॥ ੨ ॥ ਜਾਤਿ ਜੁਲਾਹਾ [੨੭]ਮਤਿ ਕਾ ਧੀਰੁ ॥ [੨੮]ਸਹਜਿ ਸਹਜਿ ਗੁਣ ਰਮੈ[੨੯] ਕਬੀਰੁ ॥ ੩ ॥ ੨੬ ॥ ਗਉੜੀ ਕਬੀਰ ਜੀ ॥ ਗਗਨਿ[੩੦] ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥ ੧ ॥ ਉਆ ਕਉ ਕਹੀਐ *ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥ ੧ ॥ ਰਹਾਉ ॥ [੩੧]ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ [੩੨]ਅਨਦਿਨੁ ਜਾਈ ॥ ੨ ॥ ਚੀਨਤ[੩੩] ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ[੩੪] ਪਾਇਆ ॥ ੩ ॥ ੨੭ ॥ ਗਉੜੀ ਕਬੀਰ ਜੀ ॥

੧ ਜੈਸਾ।
੨ ਬਿਅੰਤ ਮੁਕਤੀਆਂ ਉਸ ਨੂੰ ਸੱਦਣ ਜਾਂਦੀਆਂ ਹਨ।
੩ ਕਿਸੇ ਦਾ ਕੀ ਇਹਸਾਨ ਹੈ?
੪ ਇਹਸਾਨ, ਮੁਥਾਜੀ।
੫ ਦੇਵ ਲੋਕ, ਮਾਤ ਲੋਕ ਤੇ ਪਤਾਲ ਲੋਕ।
੬ ਜਿਸ ਉੱਤੇ ਭਾਰ ਹਨ, ਜਿਸ ਦੇ ਜ਼ਿਮੇ ਹਨ।
੭ ਉਹ ਸਾਡੀ ਪਾਲਨਾ ਕਿਉਂ ਨਾ ਕਰੇਗਾ।
੮ ਮਾਂ। ਜੇ ਮਾਂ ਹੀ ਜ਼ਹਿਰ ਦੇ ਦੇਵੇ ਤਾਂ ਕੀ ਚਾਰਾ ਹੈ? ਜੇ ਵਾਹਿਗੁਰੂ ਹੀ ਭੁਲੀਂ ਪਾਵੇ ਤਾਂ ਕੀ ਵੱਸ ਹੈ, ਇਸ ਲਈ ਉਸ 'ਤੇ ਸਭ ਕੁਝ ਛੱਡੋ।
੯ ਸਤ ਧਰਮ, ਪਤੀਬ੍ਰਤ ਧਰਮ।
੧੦ ਪਿਆਰ।
੧੧ ਜਿੰਨਾ ਚਿਰ ਮਾਇਆ ਦਾ ਰਸ ਹੈ, ਉੱਨਾ ਚਿਰ ਹਰੀ ਨਾਲ ਪ੍ਰੀਤ ਪੈਦਾ ਨਹੀਂ ਹੋ ਸਕਦੀ।
੧੨ ਸ਼ਾਹਣੀ, ਹਰੀ-ਸ਼ਾਹ ਦੀ ਇਸਤਰੀ ਮਾਇਆ। ਜਦ ਤੱਕ ਮਾਇਆ ਨੂੰ ਆਪਣੇ ਦਿਲ ਵਿੱਚ ਸਤ ਕਰ ਕੇ ਮੰਨਦਾ ਹੈ, ਉਤਨਾ ਚਿਰ ਸੁਪਨੇ ਵਿੱਚ ਭੀ ਹਰੀ ਨਾਲ ਮੇਲ ਨਹੀਂ ਹੁੰਦਾ।
੧੩ ਮਾਇਆ ਵਿੱਚ ਰੁੱਝਾ ਹੈ ਸਾਰਾ ਸੰਸਾਰ।
੧੪ ਰੜੇ ਵਿੱਚ, ਮੈਦਾਨ ਵਿੱਚ, ਬਰੇਤੇ ਵਿੱਚ। ਬਰੇਤੇ ਵਿੱਚ ਕਿਉਂ ਬੇੜੀ ਡੋਬਦਾ ਹੈਂ?
੧੫ ਚੰਗੇ-ਚੰਗੇ ਪੁਰਸ਼ ਭੀ ਸੜ ਰਹੇ ਹਨ (ਤ੍ਰਿਸ਼ਨਾ ਦੀ ਅੱਗ ਨਾਲ)।
੧੬ ਪਾਣੀ (ਰਾਮ-ਨਾਮ ਰੂਪ) ਨੇੜੇ ਹੈ, ਪਰ ਜੀਵ ਪਸ਼ੂ ਝੋਲ ਕੇ ਪੀਂਦਾ ਨਹੀਂ ਹੈ। ਇਥੇ ਪਾਣੀ ਝੋਲਣ ਤੋਂ ਭਾਵ ਹੈ ਸਿਮਰ-ਸਿਮਰ ਕੇ ਤਤ-ਗਿਆਨ ਪ੍ਰਾਪਤ ਕਰਨਾ, ਜਿਸ ਦਾ ਅਗਲੀਆਂ ਤੁਕਾਂ ਵਿੱਚ ਜ਼ਿਕਰ ਹੈ।
੧੭ ਸਿਮਰਦੇ-ਸਿਮਰਦੇ।
੧੮ ਨਿਕਲਿਆ ਹੈ ਗਿਆਨ ਰੂਪ ਜਲ।
੧੯ ਉਸ ਦੀ ਮਾਂ ਰੰਡੀ ਕਿਉਂ ਨਾ ਹੋ ਗਈ?
੨੦ ਜੰਮਦਿਆਂ ਹੀ ਕਿਉਂ ਨਾ ਮਰ ਗਿਆ?
੨੧ ਬਹੁਤ ਗਰਭ (ਹਮਲ) ਗਿਰ ਗਏ, ਇਹ ਕਿਉਂ ਬਚਿਆ ਰਿਹਾ?
੨੨ ਡੁਡੀਆਂ ਬਾਹਾਂ ਵਾਲਾ। ਕੋਹੜੀਆਂ ਵਾਂਗ ਜਗਤ ਵਿੱਚ ਜੀਉ ਰਿਹਾ ਹੈ (ਨਾਮ ਤੋਂ ਬਿਨਾਂ)।
੨੩ ਕੁੱਬਾ। ਨਾਮ ਤੋਂ ਬਿਨਾਂ ਜੇਹਾ ਸੁੰਦਰ ਤੇਹਾ ਕੁੱਬਾ ਕਰੂਪ ਇਕੋ ਜਿਹੇ ਹਨ।
੨੪ ਜਿਨ੍ਹਾਂ ਦੇ ਦਿਲ ਵਿੱਚ।
੨੫ ਚਰਨ ਕਮਲਾਂ ਦੀ।
੨੬ ਪੰਕ (ਚਿੱਕੜ) ਤੋਂ ਉਪਜਿਆ, ਕਮਲ।
੨੭ ਪਰ ਮੇਰੀ ਮੱਤ ਧੀਰਜ ਵਾਲੀ ਹੈ।
੨੮ ਕੁਦਰਤੀ ਤਰੀਕੇ ਨਾਲ, ਸੁਭਾਵਕ ਹੀ।
੨੯ ਸਿਮਰਦਾ ਹੈ।
੩੦ ਦਸਮ ਦੁਆਰ ਵਿੱਚ। ਮੇਰੀ ਦਸਮ ਦੁਆਰ ਰੂਪ ਭੱਠੀ ਵਿੱਚ ਸੁੰਦਰ ਅੰਮ੍ਰਿਤ ਚੋ ਰਿਹਾ ਹੈ। ਤਨ ਨੂੰ ਕਾਠੀ (ਲੱਕੜ) ਬਣਾ ਕੇ ਭਾਵ ਮਮਤਾ ਸਾੜ ਕੇ ਨਾਮ ਰੂਪ ਮਹਾਂ ਰਸ ਇਕੱਠਾ ਕੀਤਾ ਹੈ।
੩੧ ਜਦ ਸਹਜ-ਪਦ ਰੂਪ ਕਲਾਲਨ (ਪਿਲਾਵਣ ਵਾਲੀ) ਆ ਮਿਲੀ।
੩੨ ਹਰ ਰੋਜ਼ ਲੰਘਦਾ ਹੈ, ਗੁਜ਼ਰਦਾ ਹੈ।
੩੩ ਸਮਝ ਕੇ।
੩੪ ਗਿਆਨ ਰੂਪ, ਵਾਹਿਗੁਰੂ।

* ਸਹਜ ਅਵਸਥਾ ਦਾ ਮਤਵਾਲਾ (ਨਸ਼ਈ)। ਯੋਗੀਆਂ ਦੇ ਕਠਨ ਸਾਧਨ ਯੋਗ-ਅਭਿਆਸ ਦੀ ਥਾਂ ਸਹਜ ਵਿੱਚ ਲੈ ਜਾ ਰਹੇ ਹਨ। ਜੋਗੀਆਂ ਦੀ ਬੋਲੀ ਤਾਂ ਵਰਤੀ ਹੈ, ਪਰ ਅਸਲ ਵਿੱਚ ਉਨ੍ਹਾਂ ਦੇ ਸਾਧਨਾਂ ਦਾ ਖੰਡਨ ਕਰ ਕੇ ਅਸਲ ਯੋਗ ਦੱਸਿਆ ਹੈ, ਜੋ ਸਹਜ-ਯੋਗ ਹੈ। ਇਹ ਜੋਗੀਆਂ ਦੇ ਹਠ-ਯੋਗ ਦੇ ਮੁਕਾਬਲੇ 'ਤੇ ਦੱਸਿਆ ਹੈ। ਇਥੇ ਗਿਆਨ ਵਿਚਾਰ ਦੁਆਰਾ ਰਾਮ-ਰਸ ਪੀਣਾ ਹੈ। 'ਸਹਜ' ਲਈ ਦੇਖੋ ਪੰਨਾ ੬੮, ਫੁਟ ਨੋਟ *।

[੧]ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥ ੧ ॥ [੨]ਕਵਨੁ ਸੁ ਮੁਨਿ ਜੋ ਮਨੁ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥ ੧ ॥ ਰਹਾਉ ॥ [੩]ਮਨ ਅੰਤਰਿ ਬੋਲੈ ਸਭੁ ਕੋਈ ॥ ਮਨ[੪] ਮਾਰੇ ਬਿਨੁ ਭਗਤਿ ਨ ਹੋਈ ॥ ੨ ॥ ਕਹੁ ਕਬੀਰ ਜੋ ਜਾਨੈ ਭੇਉ[੫] ॥ ਮਨੁ ਮਧੁਸੂਦਨੁ[੬] ਤ੍ਰਿਭਵਣ ਦੇਉ ॥ ੩ ॥ ੨੮ ॥ ਗਉੜੀ ਕਬੀਰ ਜੀ ॥ ਓਇ ਜੁ ਦੀਸਹਿ ਅੰਬਰਿ[੭] ਤਾਰੇ ॥ ਕਿਨਿ ਓਇ ਚੀਤੇ[੮] ਚੀਤਨਹਾਰੇ ॥ ੧ ॥ ਕਹੁ ਰੇ ਪੰਡਿਤ ਅੰਬਰੁ [੯]ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥ ੧ ॥ ਰਹਾਉ ॥ ਸੂਰਜ ਚੰਦੁ ਕਰਹਿ ਉਜੀਆਰਾ[੧੦] ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥ ੨ ॥ ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥ ੩ ॥ ੨੯ ॥ ਗਉੜੀ ਕਬੀਰ ਜੀ ॥ *ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ[੧੧] ਜੇਵਰੀ[੧੨] ਲੈ ਹੈ ਆਈ ॥ ੧ ॥ ਆਪਨ ਨਗਰੁ[੧੩] ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ[੧੪] ਸਾਂਧਿਆ[੧੫] ॥ ੧ ॥ ਰਹਾਉ ॥ ਕਟੀ ਨ ਕਟੈ [੧੬]ਤੂਟਿ ਨਹ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥ ੨ ॥ [੧੭]ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥ ਗਉੜੀ ਕਬੀਰ ਜੀ ॥ †ਦੇਇ ਮੁਹਾਰ ਲਗਾਮੁ ਪਹਿਰਾਵਉ ॥ ਸਗਲ ਤ ਜੀਨੁ ਗਗਨ ਦਉਰਾਵਉ ॥ ੧ ॥ ਅਪਨੈ ਬੀਚਾਰਿ ਅਸਵਾਰੀ ਕੀਜੈ ॥ [੧੮]ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥ ੧ ॥ ਰਹਾਉ ॥ [੧੯]ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ[੨੦] ॥ [੨੧]ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ ੨ ॥ ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ[੨੨] ॥ ੩ ॥ ੩੧ ॥ ਗਉੜੀ ਕਬੀਰ ਜੀ ॥ ਜਿਹ ਮੁਖਿ ‡ਪਾਂਚਉ ਅੰਮ੍ਰਿਤ ਖਾਏ ॥ ਤਿਹ ਮੁਖ ਦੇਖਤ ਲੂਕਟ[੨੩] ਲਾਏ ॥ ੧ ॥ ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥ [੨੪]ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥ ਰਹਾਉ ॥ ਕਾਇਆ [੨੫]ਬਿਗੂਤੀ ਬਹੁ ਬਿਧਿ ਭਾਤੀ ॥ ਕੋ ਜਾਰੇ ਕੋ ਗਡਿ ਲੇ ਮਾਟੀ ॥ ੨ ॥ ਕਹੁ ਕਬੀਰ ਹਰਿ ਚਰਣ ਦਿਖਾਵਹੁ ॥ [੨੬]ਪਾਛੈ ਤੇ ਜਮੁ ਕਿਉ ਨ ਪਠਾਵਹੁ ॥ ੩ ॥ ੩੨ ॥ ਗਉੜੀ ਕਬੀਰ ਜੀ ॥ ਆਪੇ ਪਾਵਕੁ[੨੭] ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥ ੧ ॥ ਰਾਮ ਜਪਤ ਤਨੁ ਜਰਿ ਕੀਨ[੨੮] ਜਾਇ ॥ ਰਾਮ ਨਾਮ ਚਿਤੁ ਰਹਿਆ ਸਮਾਇ ॥ ੧ ॥ ਰਹਾਉ ॥ [੨੯]ਕਾ ਕੋ ਜਰੈ ਕਾਹਿ ਹੋਇ ਹਾਨਿ ॥ ਨਟ ਵਟ ਖੇਲੈ ਸਾਰਿਗਪਾਨਿ[੩੦] ॥ ੨ ॥ ਕਹੁ ਕਬੀਰ [੩੧]ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥ ੩ ॥ ੩੩ ॥ ਗਉੜੀ ਕਬੀਰ ਜੀ ਦੁਪਦੇ§ ॥ [੩੨]ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥ ੧ ॥

੧ ਇਹ ਮਨ ਦਾ ਹੀ ਵਤੀਰਾ ਹੈ ਕਿ ਮਨ ਦੇ ਪਿੱਛੇ ਪੈ ਜਾਏ, ਅਰਥਾਤ ਮਨ ਦੀ ਤਾੜਨਾ ਲਈ ਮਨ ਹੀ ਹਥਿਆਰ ਹੈ। ਸਰੀਰ ਦੇ ਕਿਸੇ ਹੋਰ ਅੰਗ ਦੀ ਪਹੁੰਚ ਮਨ ਤੱਕ ਨਹੀਂ; ਇਸ ਲਈ ਜੇ ਇਸ ਮਨ ਦਾ ਹੀ ਅਭਾਵ ਕਰ ਦਿੱਤਾ ਤਾਂ ਕੀ ਪੂਰੀਆਂ ਪਾਈਆਂ? ਮਨ ਦੀ ਹੋਂਦ ਨੂੰ ਸਰੀਰਕ ਕਸਰਤਾਂ ਕਰ-ਕਰ ਕੇ ਖੋਹ ਦੇਣਾ ਭਾਰੀ ਭੁੱਲ ਹੈ, ਕਿਉਂ ਜੋ ਚੰਗੇ ਫੁਰਨੇ ਵੀ ਨਾਲ ਹੀ ਮਰ ਜਾਂਦੇ ਹਨ ਤੇ ਮਨੁੱਖ ਕਦੀ ਵੀ ਮਨੁੱਖਤਾ ਦੀ ਸਿਖ਼ਰ 'ਤੇ ਨਹੀਂ ਪਹੁੰਚ ਸਕਦਾ।

੨ ਅਵੱਲ ਤਾਂ ਉਹ ਕਿਹੜਾ ਮੁਨੀ ਹੈ ਜੋ ਮਨ ਨੂੰ ਮਾਰ ਸਕਦਾ ਹੈ? ਫਿਰ ਜੇ ਮਨ ਨੂੰ ਮਾਰ ਭੀ ਲਵੇ ਤਾਂ ਤਾਰੇਗਾ ਕਿਸ ਨੂੰ? ਤਾਰਨ ਜੋਗੀ ਚੀਜ਼ ਕਿਹੜੀ ਰਹਿ ਜਾਵੇਗੀ?

੩ ਮਨ ਨਾਲ ਹੀ ਜੀਵਨ-ਸੱਤਾ ਹੈ।

੪ ਭਾਵ ਮਨ ਦੇ ਮਾੜੇ ਸੁਭਾਵ ਨੂੰ।

੫ ਭੇਦ ਇਸ ਅੜੰਗਣੀ ਦਾ ਜੋ ਉੱਪਰ ਦੱਸੀ ਹੈ ਕਿ ਮਨ ਮਾਰਨਾ ਭੀ ਹੈ ਤੇ ਨਹੀਂ ਮਾਰਨਾ ਭੀ। ਜੋ ਇਹ ਭੇਦ ਬੁੱਝਦਾ ਹੈ, ਉਸ ਨੂੰ ਮਨ ਹਰੀ ਰੂਪ ਦਿੱਸਦਾ ਹੈ, ਜੋ ਤਿੰਨਾਂ ਭਵਣਾਂ (ਲੋਕਾਂ) ਦਾ ਦੇਵਤਾ ਹੈ।

੬ [ਮਧੁ ਦੈਂਤ ਦੇ ਮਾਰਨ ਵਾਲਾ, ਵਿਸ਼ਨੂੰ] ਕਰਤਾਰ।

੭ ਆਸਮਾਨ 'ਤੇ।

੮ ਚਿਤਰੇ ਹਨ। ਕਿਸ ਚਿਤੇਰੇ ਨੇ ਚਿਤਰੇ ਹਨ?

੯ ਕਿਸ ਚੀਜ਼ ਨਾਲ ਲੱਗਾ ਹੋਇਆ ਹੈ, ਚਿਪਕਿਆ ਹੋਇਆ ਹੈ? ਕਿਸ ਦੇ ਆਸਰੇ ਹੈ?

੧੦ ਚਾਨਣਾ।

੧੧ ਸੰਗਲ।

੧੨ ਰੱਸੀ।

੧੩ ਭਾਵ ਆਪਣੇ ਸ਼ਰਧਾਲੂਆਂ ਨੂੰ।

੧੪ ਤੀਰ।

੧੫ ਨਿਸ਼ਾਨਾ ਬੱਧਾ, ਸ਼ਿਸਤ ਲਾਈ।

੧੬ ਇਸ ਦੇ ਸੰਗਲ ਟੁੱਟਦੇ ਨਹੀਂ ਹਨ।

੧੭ ਸਾਡੇ ਵੇਖਦਿਆਂ-ਵੇਖਦਿਆਂ।

੧੮ ਸਹਜ-ਪਦ ਰੂਪ ਪਾਵੜੇ (ਰਿਕਾਬਾਂ) 'ਤੇ ਪੈਰ ਧਰ ਲਵੀਏ।

੧੯ ਹੇ ਮਨ-ਘੋੜੇ! ਚੱਲ ਬੈਕੁੰਠ ਵੱਲ।

੨੦ ਤਾਰੀਆਂ ਲਵਾਵਾਂ।

੨੧ ਰੁਕ ਜਾਵੇਂ ਤਾਂ।

੨੨ ਵੱਖਰਾ, ਨਿਰਲੇਪ। ਵੇਦਾਂ ਕਤੇਬਾਂ ਦੀਆਂ ਹੱਦਾਂ ਤੋਂ ਉੱਪਰ।

੨੩ ਚੁਆਤੀ (ਮਰਨ ਪਿੱਛੋਂ)।

੨੪ ਅਗਨੀ ਦਾ ਸਾੜਨਾ ਤੇ ਮੁੜ-ਮੁੜ ਜਨਮ ਮਰਨ ਹੋਣਾ, ਇਹ ਦੁੱਖ ਮੇਰਾ ਕੱਟ ਦਿਓ।

੨੫ ਖ਼ਬਰ ਹੁੰਦੀ ਹੈ ਕਈ ਤਰ੍ਹਾਂ ਨਾਲ-ਕੋਈ ਸਾੜਦਾ ਹੈ, ਕੋਈ ਮਿੱਟੀ ਵਿੱਚ ਗੱਡਦਾ ਹੈ।

੨੬ (ਚਰਨਾਂ ਦੇ ਦਰਸ਼ਨ ਕਰਾਣ) ਮਗਰੋਂ ਭਾਵੇਂ ਜਮ ਹੀ ਕਿਉਂ ਨਾ ਘਲ ਦਿਉ, ਫਿਰ ਮੈਨੂੰ ਕੋਈ ਪਰਵਾਹ ਨਹੀਂ ਹੋਵੇਗੀ।

੨੭ ਅਗਨੀ। ਸਭ ਅੰਦਰ ਉਸੇ ਦੀ ਸ਼ਕਤੀ ਹੈ, ਇਸ ਲਈ ਨਾ ਅੱਗ ਆਪਣੇ ਆਪ ਸਾੜ ਸਕਦੀ ਹੈ ਨਾ ਕੁਝ ਹੋਰ। ਪਰ ਜੇ ਖ਼ਸਮ ਨੂੰ ਰੱਖਣਾ ਮਨਜ਼ੂਰ ਨਾ ਹੋਵੇ, ਤਾਂ ਕੌਣ ਬਚਾਅ ਸਕਦਾ ਹੈ?

੨੮ ਕਿਵੇਂ? ਹਰੀ ਸਿਮਰਨ ਨਾਲ ਕਿਵੇਂ ਸਰੀਰ ਸੜ ਸਕਦਾ ਹੈ?

੨੯ ਕਉਣ ਸਾੜਦਾ ਹੈ ਤੇ ਕਿਸ ਦਾ ਨੁਕਸਾਨ ਹੁੰਦਾ ਹੈ? ਇਹ ਤਾਂ ਹਰੀ ਆਪ ਖੇਡਦਾ ਹੈ, ਮਦਾਰੀ ਦੀ ਵੱਟ (ਗੋਲੀ) ਵਾਂਗ (ਜੋ ਕਈ ਰੂਪ ਧਾਰਦੀ ਹੈ)।

੩੦ [ਧਰਤੀ ਹੈ ਜਿਸ ਦੇ ਹੱਥ ਵਿੱਚ] ਵਾਹਿਗੁਰੂ।

੩੧ ਰਾਮ ਨਾਮ ਦੇ ਦੋ ਅੱਖਰ ਬੋਲ।

੩੨ ਜੋਗ ਅਭਿਆਸ ਆਦਿਕ ਵਿੱਚ ਮੈਂ ਚਿੱਤ ਨਹੀਂ ਲਾਇਆ ਜਿਸ ਲਈ ਵੈਰਾਗ ਪੈਦਾ ਨਹੀਂ ਹੋਇਆ, ਬਿਨਾਂ ਵੈਰਾਗ ਦੇ ਕਿਵੇਂ ਮਾਇਆ ਛੁੱਟੇ?

* ਸਿੰਮ੍ਰਿਤੀ ਵੇਦਾਂ ਦੇ ਅਧਾਰ 'ਤੇ ਲਿਖੀ ਗਈ ਹੈ, ਇਸ ਲਈ ਵੇਦਾਂ ਦੀ ਪੁੱਤਰੀ ਹੈ। ਇਹ ਸਿੰਮ੍ਰਿਤੀ ਕਰਮ-ਕਾਂਡ ਤੇ ਵਰਣਾਂ ਦੀ ਕੈਦ ਰੂਪ ਸੰਗਲ ਲੈ ਕੇ ਆਈ ਹੈ ਤੇ ਮੋਹ ਦੇ ਫਾਹੇ ਵਿੱਚ ਜੀਵਾਂ ਨੂੰ ਫ਼ਸਾ ਕੇ ਮੌਤ (ਜਨਮ ਮਰਨ) ਦਾ ਤੀਰ ਉਨ੍ਹਾਂ ਉੱਤੇ ਕੱਸਿਆ ਹੈ।

† ਦੁਨੀਆਂ ਅੰਦਰ ਕਿਵੇਂ ਸੁਖ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ, ਇਸ ਨੂੰ ਇਕ ਅਲੰਕਾਰ ਨਾਲ ਦੱਸਿਆ ਹੈ। ਮਨ-ਘੋੜੇ ਨੂੰ ਵਾਗਾਂ (ਗਿਆਨ ਰੂਪੀ) ਤੇ ਲਗਾਮ (ਲਗਨ ਰੂਪ) ਪਾ ਕੇ ਅਤੇ ਮਾਇਆ ਦੀਆਂ ਸਾਰੀਆਂ ਚੀਜ਼ਾਂ ਨੂੰ ਕਾਠੀ ਵਤ ਹੇਠਾਂ ਦਬਾ ਕੇ ਇਸ ਦੁਨੀਆਂ ਰੂਪ ਗਗਨ ਦੀ ਸੈਰ ਕਰਨੀ ਦੱਸੀ ਹੈ।

‡ ਪੰਜ ਅੰਮ੍ਰਿਤ ਇਹ ਹਨ:-ਦੁੱਧ, ਦਹੀ, ਘਿਉ, ਖੰਡ, ਮਾਖੀਂ, ਭਾਵ ਸਾਰੀਆਂ ਸਵਾਦੀਆਂ ਚੀਜ਼ਾਂ।

§ 'ਦੁਪਦੇ' ਦੇ ਹੇਠਾਂ ਛੋਟਾ ਅੰਕ ੨ ਜ਼ਾਹਰ ਕਰਦਾ ਹੈ ਕਿ ਅੱਗੋਂ ਦੋ ਦੁਪਦੇ ਆਉਣੇ ਹਨ।

ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥ ੧ ॥ ਰਹਾਉ ॥ ਕਹੁ ਕਬੀਰ ਖੋਜਉ ਅਸਮਾਨ[੧] ॥ ਰਾਮ ਸਮਾਨ ਨ ਦੇਖਉ ਆਨ[੨] ॥ ੨ ॥ ੩੪ ॥ ਗਉੜੀ ਕਬੀਰ ਜੀ ॥ ਜਿਹ ਸਿਰਿ [੩]ਰਚਿ ਰਚਿ ਬਾਧਤ ਪਾਗ ॥ [੪]ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧ ॥ ਇਸੁ ਤਨ ਧਨ ਕੋ [੫]ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ ॥ ੧ ॥ ਰਹਾਉ ॥ ਕਹਤ ਕਬੀਰ ਸੁਨਹੁ ਮਨ ਮੇਰੇ ॥ ਇਹੀ ਹਵਾਲ ਹੋਹਿਗੇ ਤੇਰੇ ॥ ੨ ॥ ੩੫ ॥ ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ ੴ ਸਤਿਗੁਰ ਪ੍ਰਸਾਦਿ ॥

[੬]ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥ ੧ ॥ [੭]ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥ ੧ ॥ ਰਹਾਉ ॥ ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ[੮] ਸਾਚੁ ਕਰਿ ਜਾਨਾ ॥ ੨ ॥ ਸਨਕਾਦਿਕ[੯] ਨਾਰਦ ਮੁਨਿ ਸੇਖਾ[੧੦] ॥ [੧੧]ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥ ੩ ॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ [੧੨]ਮਨੁ ਕਹਾ ਸਮਾਈ ॥ ੪ ॥ [੧੩]ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥ ੫ ॥ ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥ ੬ ॥ ਇਸੁ ਮਨ ਕਉ ਰੂਪੁ ਨ ਰੇਖਿਆ[੧੪] ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥ ੭ ॥ *ਇਸ ਮਨ ਕਾ ਕੋਈ ਜਾਨੈ ਭੇਉ[੧੫] ॥ ਇਹ ਮਨਿ ਲੀਣ ਭਏ ਸੁਖਦੇਉ ॥ ੮ ॥ [੧੬]ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥ ੧ ॥ ੩੬ ॥ ਗਉੜੀ ਗੁਆਰੇਰੀ ॥ [੧੭]ਅਹਿਨਿਸਿ ਏਕ ਨਾਮ ਜੋ ਜਾਗੇ ॥ [੧੮]ਕੇਤਕ ਸਿਧ ਭਏ ਲਿਵ ਲਾਗੇ ॥ ੧ ॥ ਰਹਾਉ ॥ [੧੯]ਸਾਧਕ ਸਿਧ ਸਗਲ ਮੁਨਿ ਹਾਰੇ ॥ ਏਕ ਨਾਮ [੨੦]ਕਲਿਪ ਤਰ ਤਾਰੇ ॥ ੧ ॥ [੨੧]ਜੋ ਹਰਿ ਹਰੇ ਸੁ ਹੋਹਿ ਨ ਆਨਾ ॥ ਕਹਿ ਕਬੀਰ ਰਾਮ ਨਾਮ ਪਛਾਨਾ ॥ ੨ ॥ ੩੭ ॥ ਗਉੜੀ ਭੀ ਸੋਰਠਿ ਭੀ ॥ ਰੇ ਜੀਅ ਨਿਲਜ[੨੨] ਲਾਜ ਤੁੋਹਿ ਨਾਹੀ ॥ ਹਰਿ ਤਜਿ [੨੩]ਕਤ ਕਾਹੂ ਕੇ ਜਾਂਹੀ ॥ ੧ ॥ ਰਹਾਉ ॥ ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ[੨੪] ॥ ੧ ॥ ਸੋ ਸਾਹਿਬੁ ਰਹਿਆ ਭਰਪੂਰਿ ॥ ਸਦਾ ਸੰਗਿ ਨਾਹੀ ਹਰਿ ਦੂਰਿ ॥ ੨ ॥ ਕਵਲਾ[੨੫] ਚਰਨ ਸਰਨ ਹੈ ਜਾ ਕੇ ॥ ਕਹੁ ਜਨ [੨੬]ਕਾ ਨਾਹੀ ਘਰ ਤਾ ਕੇ ॥ ੩ ॥ ਸਭੁ ਕੋਊ ਕਹੈ [੨੭]ਜਾਸੁ ਕੀ ਬਾਤਾ ॥ ਸੋ ਸੰਮ੍ਰਥੁ [੨੮]ਨਿਜ ਪਤਿ ਹੈ

੧ ਕਈ ਅਸਮਾਨ, ਕਈ ਅਕਾਸ਼, ਕਈ ਲੋਕ। ਉਪਰ ਭੀ 'ਗਗਨ ਦਉਰਾਵਉ' ਕਿਹਾ ਹੈ।

੨ ਹੋਰ।

੩ ਸਵਾਰ-ਸਵਾਰ ਕੇ ਪੱਗ ਬੰਨ੍ਹਦਾ ਹੈ।

੪ ਉਹ ਸਿਰ ਕਾਂਵਾਂ ਦੀ ਚੁੰਜ ਸਵਾਰਦਾ ਹੈ, ਭਾਵ ਚੁੰਝ ਸਾਫ਼ ਕਰਨ ਦੇ ਕੰਮ ਆਉਂਦਾ ਹੈ।

੫ ਕੀ ਹੰਕਾਰ ਕਰਦੇ ਹੋ?

੬ ਜਿਸ ਸੁਖ ਦੇ ਮੰਗਿਆਂ ਸਗੋਂ ਦੁੱਖ ਮਿਲੇ, ਉਸ ਸੁਖ ਦਾ ਮੰਗਣਾ ਸਾਨੂੰ ਚੰਗਾ ਨਹੀਂ ਲੱਗਦਾ। ਮਾਇਆਵੀ-ਪਦਾਰਥਾਂ ਨੂੰ ਸੁਖ ਸਮਝ ਕੇ ਜੀਵ ਮੰਗਦੇ ਹਨ, ਜਿਹੜੇ ਅੱਗੋਂ ਦੁੱਖ ਹੋ ਕੇ ਟਕਰਦੇ ਹਨ।

੭ ਵਿਸ਼ਿਆਂ ਵਿੱਚ ਅਜੇ ਵੀ ਸੁਰਤ ਲੱਗੀ ਹੈ ਤੇ ਇਸ ਤੋਂ ਸੁਖ ਦੀ ਆਸ ਕਰੀ ਬੈਠਾ ਹੈ।

੮ ਅਸਾਂ ਜੀਵਾਂ ਨੇ।

੯ ਸਨਕ, ਸਨੰਦਨ, ਸਨਾਤਨ, ਸਨਤਕੁਮਾਰ (ਬ੍ਰਹਮਾ ਦੇ ਪੁੱਤਰ)।

੧੦ ਸ਼ੇਸ਼ਨਾਗ।

੧੧ ਉਨ੍ਹਾਂ ਨੇ ਭੀ ਅੰਦਰ ਧਿਆਨ ਨਹੀਂ ਮਾਰਿਆ, ਆਤਮਾ ਨਹੀਂ ਵੇਖਿਆ। ਦੇਖੋ ਪੰਨਾ ੧੨੪, ਫੁਟ ਨੋਟ *।

੧੨ ਮਨ ਕਿਥੇ ਚਲਾ ਜਾਂਦਾ ਹੈ?

੧੩ ਗੁਰੂ ਦੀ ਕਿਰਪਾ ਨਾਲ।

੧੪ [ਲੀਕ] ਚਿਹਨ ਚੱਕਰ। ਭਾਵ ਇਸ ਮਨ ਦਾ ਆਕਾਰ ਕੋਈ ਨਹੀਂ।

੧੫ ਭੇਦ। ਜਿਹੜਾ ਆਦਮੀ ਇਸ ਮਨ ਦਾ ਭੇਦ ਜਾਣ ਲਵੇ ਕਿ ਇਹ ਕੀ ਹੈ, ਉਹ ਇਸ ਮਨ ਦੁਆਰਾ ਸੁਖਦੇਵ (ਹਰੀ) ਵਿੱਚ ਸਮਾਅ ਜਾਂਦਾ ਹੈ।

੧੬ ਸਾਰੇ ਸਰੀਰਾਂ ਵਿੱਚ ਇਕੋ ਜੋਤ ਦਾ ਪ੍ਰਕਾਸ਼ ਹੈ ਅਤੇ ਇਸੇ ਪ੍ਰਕਾਸ਼ ਸਰੂਪ ਮਨ ਦਾ ਕਬੀਰ ਜੀ ਸਿਮਰਨ ਕਰਦੇ ਹਨ।

੧੭ ਦਿਨ ਰਾਤ, ਭਾਵ ਸਦਾ।

੧੮ ਕਿੰਨੇ ਹੀ ਸਿੱਧੀ ਨੂੰ ਪ੍ਰਾਪਤ ਕਰ ਗਏ, ਜਿਨ੍ਹਾਂ ਦੀ ਲਿਵ ਲੱਗੀ।

੧੯ ਅਭਿਆਸੀ ਲੋਕ, ਵੱਡੇ ਜੋਗੀ ਅਤੇ ਸਾਰੇ ਰਿਸ਼ੀ ਲੋਕ (ਆਪਣੇ-ਆਪਣੇ ਤਰੀਕੇ ਦੀ ਕਮਾਈ ਕਰਦੇ) ਹਾਰ ਗਏ।

੨੦ ਕਲਪ ਬ੍ਰਿਛ। ਹਰੀ ਦਾ ਨਾਮ ਕਲਪ ਰੁੱਖ ਹੈ, ਜੋ ਤਾਰਦਾ ਹੈ ਜੋ ਸਭ ਕਾਮਨਾਂ ਪੂਰੀਆਂ ਕਰਦਾ ਹੈ।

੨੧ ਜੋ 'ਹਰਿ ਹਰਿ' ਕਰਦੇ ਹਨ, ਭਾਵ ਹਰੀ ਸਿਮਰਦੇ ਹਨ ਓਹ ਉਸ ਤੋਂ ਅੱਡਰੇ ਨਹੀਂ ਹਨ।

੨੨ ਬੇਸ਼ਰਮ।

੨੩ ਕਿਥੇ ਕਿਸ ਵੱਲ ਜਾਂਦਾ ਹੈਂ?

੨੪ ਸੋਭਦਾ।

੨੫ ਮਾਇਆ।

੨੬ ਕੀ ਨਹੀਂ ਉਸ ਦੇ ਘਰ?

੨੭ ਜਿਸ ਵਾਹਿਗੁਰੂ ਦੀਆਂ।

੨੮ ਜੋ ਆਪਣਾ ਮਾਲਕ ਆਪ ਹੈ, ਸੁਤੰਤਰ ਆਜ਼ਾਦ।

* ਇਸ ਅਸ਼ਟਪਦੀ ਵਿੱਚ ਮਨ ਨੂੰ ਜੋਤ ਸਰੂਪ ਕਰਕੇ ਦੱਸਿਆ ਹੈ। ਇਹ ਮਨ ਸਰਬ-ਵਿਆਪਕ ਹਰੀ ਦਾ ਪ੍ਰਕਾਸ਼ ਹੈ, ਹੁਕਮ ਨੂੰ ਬੁਝ ਕੇ ਉਸ ਵਿੱਚ ਲੀਨ ਹੋ ਜਾਂਦਾ ਹੈ; ਜਦ ਕਰਮਾਂ ਦੇ ਗੇੜ ਵਿੱਚ ਹੋ ਕੇ ਚੱਕਰ ਲਾਂਦਾ ਹੈ, ਤਾਂ ਇਸ ਦਾ ਅੰਦਰਲਾ ਚਾਨਣਾ ਭੁਲੇਖੇ ਦੇ ਕਾਰਨ ਮਧਮ ਹੋਇਆ ਹੁੰਦਾ ਹੈ; ਪਰ ਅਸਲੀਅਤ ਨੂੰ ਸਮਝ ਕੇ ਫਿਰ ਸੁਖਦੇਵ (ਵਾਹਿਗੁਰੂ) ਦਾ ਰੂਪ ਹੋ ਜਾਂਦਾ ਹੈ।

ਦਾਤਾ ॥ ੪ ॥ ਕਹੈ ਕਬੀਰੁ ਪੂਰਨ ਜਗ ਸੋਈ ॥ ਜਾ ਕੇ ਹਿਰਦੈ ਅਵਰੁ ਨ ਹੋਈ ॥ ੫ ॥ ੩੮ ॥ [੧]ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ[੨] ॥ ੧ ॥ ਹਰਿ ਠਗ ਜਗ ਕਉ ਠਗਉਰੀ[੩] ਲਾਈ ॥ ਹਰਿ ਕੇ ਬਿਓਗ[੪] ਕੈਸੇ ਜੀਅਉ ਮੇਰੀ ਮਾਈ ॥ ੧ ॥ ਰਹਾਉ ॥ ਕਉਨ ਕੋ ਪੁਰਖੁ ਕਉਨ ਕੀ ਨਾਰੀ ॥ [੫]ਇਆ ਤਤ ਲੇਹੁ ਸਰੀਰ ਬਿਚਾਰੀ ॥ ੨ ॥ ਕਹਿ ਕਬੀਰ ਠਗ[੬] ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥ ੩ ॥ ੩੯ ॥ ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ [੭]ਪਰਮ ਗਤਿ ਪਾਈ ॥ ੧ ॥ ਰਹਾਉ ॥ ਸਾਧੂ ਸੰਗਤਿ ਦੀਓ ਰਲਾਇ ॥ [੮]ਪੰਚ ਦੂਤ ਤੇ ਲੀਓ ਛਡਾਇ ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ[੯] ॥ ਅਮੋਲ[੧੦] ਦਾਸੁ ਕਰਿ ਲੀਨੋ ਅਪਨਾ ॥ ੧ ॥ ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥ ੨ ॥ [੧੧]ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ[੧੨] ॥ ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ [੧੩]ਜਤ ਪੇਖਉ ਤਤ ਅੰਤਰਜਾਮੀ ॥ ੩ ॥ ਅਪਨੀ ਭਗਤਿ ਆਪ ਹੀ ਦ੍ਰਿੜਾਈ[੧੪] ॥ ਪੂਰਬ[੧੫] ਲਿਖਤੁ ਮਿਲਿਆ ਮੇਰੇ ਭਾਈ ॥ ਜਿਸੁ ਕ੍ਰਿਪਾ ਕਰੇ ਤਿਸੁ [੧੬]ਪੂਰਨ ਸਾਜ ॥ ਕਬੀਰ ਕੋ ਸੁਆਮੀ [੧੭]ਗਰੀਬ ਨਿਵਾਜ ॥ ੪ ॥ ੪੦ ॥ *ਜਲਿ ਹੈ ਸੂਤਕੁ ਥਲਿ ਹੈ ਸੂਤਕੁ [੧੮]ਸੂਤਕ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ[੧੯] ਸੂਤਕੁ[੨੦] ਸੂਤਕ ਪਰਜ ਬਿਗੋਈ ॥ ੧ ॥ ਕਹੁ ਰੇ ਪੰਡੀਆ ਕਉਨ ਪਵੀਤਾ[੨੧] ॥ [੨੨]ਐਸਾ ਗਿਆਨੁ ਜਪਹੁ ਮੇਰੇ ਮੀਤਾ ॥ ੧ ॥ ਰਹਾਉ ॥ ਨੈਨਹੁ ਸੂਤਕੁ ਬੈਨਹੁ[੨੩] ਸੂਤਕੁ ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥ ੨ ॥ ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥ ੩ ॥ ੪੧ ॥ ਗਉੜੀ ॥ ਝਗਰਾ[੨੪] ਏਕੁ ਨਿਬੇਰਹੁ ਰਾਮ ॥ [੨੫]ਜਉ ਤੁਮ ਅਪਨੇ ਜਨ ਸੌ ਕਾਮੁ ॥ ੧ ॥ ਰਹਾਉ ॥ †ਇਹੁ ਮਨੁ ਬਡਾ ਕਿ [੨੬]ਜਾ ਸਉ ਮਨੁ ਮਾਨਿਆ ॥ [੨੭]ਰਾਮੁ ਬਡਾ ਕੈ ਰਾਮਹਿ ਜਾਨਿਆ ॥ ੧ ॥ ਬ੍ਰਹਮਾ ਬਡਾ ਕਿ ਜਾਸੁ[੨੮] ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥ ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥ ੩ ॥ ੪੨ ॥ ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯਾਨ ਕੀ ਆਈ ਆਂਧੀ[੨੯] ॥ ਸਭੈ ਉਡਾਨੀ ਭ੍ਰਮ ਕੀ ਟਾਟੀ[੩੦] ਰਹੈ ਨ [੩੧]ਮਾਇਆ ਬਾਂਧੀ ॥ ੧ ॥ ਰਹਾਉ ॥ ਦੁਚਿਤੇ[੩੨] ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥ ਤਿਸਨਾ ਛਾਨਿ[੩੩] ਪਰੀ

੧ ਕੌਣ ਕੋਈ ਕਿਸੇ ਦਾ ਪੁੱਤਰ ਹੈ ਤੇ ਕੌਣ ਕਿਸੇ ਦਾ ਪਿਤਾ ਹੈ? (ਇਹ ਤਾਂ ਵਾਹਿਗੁਰੂ ਦੀ ਰਚੀ ਖੇਡ ਹੈ।)

੨ ਦੁੱਖ।

੩ ਠੱਗ-ਬੂਟੀ ਜੋ ਲੁਟੇਰੇ ਰਾਹੀਆਂ ਨੂੰ ਖਵਾ ਕੇ ਬੇਹੋਸ਼ ਕਰ ਲੈਂਦੇ ਹਨ। ਇਥੇ ਮਾਇਆ ਨੂੰ ਠਗਉਰੀ ਆਖਿਆ ਹੈ।

੪ ਵਿਛੋੜੇ ਵਿੱਚ।

੫ ਇਹ ਪੰਜ ਤੱਤ ਹੀ ਸਾਰੇ ਸਰੀਰ ਸਮਝ ਲਵੋ। ਭਾਵ ਇਹ ਸਰੀਰ ਕੀ ਹਨ, ਪੰਜ ਤੱਤਾਂ ਦੇ ਵੱਖੋ-ਵੱਖ ਢਾਂਚੇ ਬਣੇ ਹੋਏ ਹਨ।

੬ ਹਰੀ-ਠੱਗ।

੭ ਉੱਚੀ ਤੋਂ ਉੱਚੀ ਗਤੀ।

੮ ਕਾਮ, ਕ੍ਰੋਧ ਆਦਿ ਪੰਜ ਵੈਰੀਆਂ ਤੋਂ।

੯ ਜੀਭ ਦੁਆਰਾ।

੧੦ ਬਿਨਾਂ ਮੁੱਲ ਦੇ।

੧੧ ਤਪਦੀ ਮਾਇਆ ਦਾ।

੧੨ ਆਸਰਾ।

੧੩ ਜਿਧਰ ਵੇਖਦਾ ਹਾਂ, ਉਧਰ ਹੀ ਹਰੀ ਹੈ।

੧੪ ਚੰਗੀ ਤਰ੍ਹਾਂ ਸਮਝਾਈ, ਨਿਸਚੇ ਕਰਾਈ।

੧੫ ਪਹਿਲੋਂ ਦਾ, ਵਾਹਿਗੁਰੂ ਵੱਲੋਂ।

੧੬ ਪੂਰੀ ਬਣਤ ਬਣ ਜਾਂਦੀ ਹੈ, ਸਾਰੇ ਸਮਿਆਨ ਆਣ ਇਕੱਠੇ ਹੁੰਦੇ ਹਨ (ਮਿਲਣ ਦੇ)।

੧੭ ਗ਼ਰੀਬਾਂ ਨੂੰ ਮਾਣ ਦੇਣ ਵਾਲਾ ਹੈ।

੧੮ ਸੂਤਕ ਵਿੱਚ ਹੀ ਸਾਰੀ ਉਤਪਤੀ (ਪੈਦਾਇਸ਼) ਹੋਈ ਹੈ।

੧੯ ਫਿਰ।

੨੦ ਇਸ ਸੂਤਕ ਨੇ ਪਰਜਾ (ਸ੍ਰਿਸ਼ਟੀ) ਨੂੰ ਖੁਆਰ ਕੀਤਾ ਹੈ।

੨੧ ਪਵਿੱਤਰ।

੨੨ ਅਜੇਹਾ ਗਿਆਨ ਦ੍ਰਿੜ੍ਹ ਕਰੋ (ਕਿ ਅਸਲ ਪਵਿੱਤਰ ਕੌਣ ਹੈ)।

੨੩ ਬਚਨਾਂ ਵਿੱਚ। "ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ"॥ "ਜਿਹਵਾ ਸੂਤਕੁ ਕੂੜੁ"॥ "ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ" (ਵਾਰ ਆਸਾ-੪੭੨)।

੨੪ ਸ਼ੰਕਾ।

੨੫ ਜੇ ਤੁਸਾਂ ਆਪਣੇ ਨੌਕਰ ਨਾਲ ਕੋਈ ਕੰਮ ਰੱਖਣਾ ਹੈ, ਤਾਂ ਇਹ ਗੁੰਝਲ ਦੂਰ ਕਰੋ।

੨੬ ਜਿਸ ਵਾਹਿਗੁਰੂ ਵਿੱਚ ਲੱਗ ਕੇ ਇਹ ਮਨ ਪਤੀਜਿਆ ਹੈ।

੨੭ ਰਾਮ ਵੱਡਾ ਹੈ ਕਿ ਜਿਸ ਦੁਆਰਾ ਰਾਮ ਨੂੰ ਜਾਣਿਆ ਹੈ।

੨੮ ਜਿਸ ਨੂੰ; ਯਥਾ "ਜਾਸੁ ਜਪਤ ਭਉ ਅਪਦਾ ਜਾਇ" (ਗੌ: ਅ: ਮ: ੫-੨੩੬)। "ਜਾਸੁ ਮਿਲਿ ਹੋਵੈ ਉਧਾਰ" (ਮਾਲੀ ਗਉੜਾ ਮ: ੫)। ਇਸੇ ਤਰ੍ਹਾਂ ਹੋਰਨਾਂ ਥਾਵਾਂ 'ਤੇ 'ਜਾਸੁ' ਦਾ ਅਰਥ 'ਜਿਸ ਨੂੰ' ਹੁੰਦਾ ਹੈ। ਤੁਕ ਦਾ ਅਰਥ :-ਬ੍ਰਹਮਾ ਵੱਡਾ ਹੈ ਜਾਂ (ਵੇਦ) ਜਿਸ ਨੂੰ ਉਸ ਨੇ ਬਣਾਇਆ?

੨੯ ਹਨ੍ਹੇਰੀ। ਜਦ ਗਿਆਨ ਆ ਕੇ ਝੁਲਿਆ, ਭਾਵ ਚੰਗੀ ਤਰ੍ਹਾਂ ਪ੍ਰਕਾਸ਼ਿਆ, ਤਾਂ ਸਭ ਭਰਮ ਦੀਆਂ ਛੱਪਰਾਂ ਉਡ ਗਈਆਂ।

੩੦ ਛੱਪਰ।

੩੧ ਮਾਇਆ ਨਾਲ ਬੱਧੀ ਛੱਪਰ। (ਮਾਇਆ ਇਸ ਭਰਮ ਰੂਪ ਛੱਪਰ ਨੂੰ ਬੰਨ੍ਹੀ ਰੱਖਦੀ ਹੈ।) ਜੋ ਮਾਇਆ ਨਾਲ ਬੱਧੀ ਛੱਪਰ ਸੀ, ਉਹ ਨਹੀਂ ਰਹਿ ਸਕਦੀ।

੩੨ ਦੁਚਿੱਤੇਪਨ ਦੀਆਂ ਦੋਵੇਂ ਥੰਮ੍ਹੀਆਂ ਡਿੱਗ ਪਈਆਂ ਤੇ ਮੋਹ ਦਾ ਬਲੇਂਡਾ (ਵਲਾ, ਛਤੀਰ) ਟੁੱਟ ਗਿਆ।

੩੩ ਛੱਪਰੀ।

---

* ਦੇਖੋ ਆਸਾ ਦੀ ਵਾਰ, ਪਉੜੀ ੧੮ ਦੇ ਸ਼ਲੋਕ; ਅਤੇ ਗਉੜੀ ਗੁਆਰੇਰੀ ਮ: ੩, ਪਹਿਲੀ ਅਸ਼ਟਪਦੀ ਪੰਨਾ ੨੨੯।

† ਇਸ ਸ਼ਬਦ ਵਿੱਚ ਅੱਡ-ਅੱਡ ਤੁਕਾਂ ਵਿੱਚ ਪ੍ਰਸ਼ਨ ਕੀਤੇ ਹਨ ਤੇ ਤੁਕ ਦੇ ਅੱਧੇ ਹਿੱਸੇ ਵਿੱਚ ਪ੍ਰਸ਼ਨ ਦਾ ਉੱਤਰ ਵੀ ਹੈ।

[੧]ਧਰ ਊਪਰਿ [੨]ਦੁਰਮਤਿ ਭਾਂਡਾ ਫੂਟਾ ॥ ੧ ॥ ਆਂਧੀ ਪਾਛੇ ਜੋ ਜਲੁ ਬਰਖੈ[੩] [੪]ਤਿਹਿ ਤੇਰਾ ਜਨੁ ਭੀਨਾਂ ॥ ਕਹਿ ਕਬੀਰ [੫]ਮਨਿ ਭਇਆ ਪ੍ਰਗਾਸਾ ਉਦੈ ਭਾਨੁ[੬] ਜਬ ਚੀਨਾ ॥ ੨ ॥ ੪੩ ॥

ਗਉੜੀ ਚੇਤੀ ੴ ਸਤਿਗੁਰ ਪ੍ਰਸਾਦਿ ॥

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ[੭] ਹੀ ਅਸਮਾਨੁ ਗਿਰਾਵਹਿ ॥ ੧ ॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ[੮] ਤਿਨ ਤੇ ਸਦਾ [੯]ਡਰਾਨੇ ਰਹੀਐ ॥ ੧ ॥ ਰਹਾਉ ॥ ਆਪਿ ਨ ਦੇਹਿ ਚੁਰੂ[੧੦] ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ[੧੧] ॥ ੨ ॥ ਬੈਠਤ ਉਠਤ [੧੨]ਕੁਟਿਲਤਾ ਚਾਲਹਿ ॥ [੧੩]ਆਪੁ ਗਏ ਅਉਰਨ ਹੂ ਘਾਲਹਿ ॥ ੩ ॥ [੧੪]ਛਾਡਿ ਕੁਚਰਚਾ ਆਨ ਨ ਜਾਨਹਿ ॥ [੧੫]ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥ ਆਪੁ ਗਏ ਅਉਰਨ ਹੂ ਖੋਵਹਿ ॥ [੧੬]ਆਗਿ ਲਗਾਇ ਮੰਦਰ ਮੈ ਸੋਵਹਿ ॥ ੫ ॥ ਅਵਰਨ ਹਸਤ[੧੭] ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ[੧੮] ॥ ੬ ॥ ੧ ॥ ੪੪ ॥

ਰਾਗੁ ਗਉੜੀ ਬੈਰਾਗ੍ਣਿ ਕਬੀਰ ਜੀ ੴ ਸਤਿਗੁਰ ਪ੍ਰਸਾਦਿ ॥

[੧੯]ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ[੨੦] ਕਹੁ ਕਿਉ[੨੧] ਪਾਵਹਿ [੨੨]ਕਊਆ ਕੂਕਰ ਖਾਹੀ ॥ ੧ ॥ ਮੋ ਕਉ ਕੁਸਲੁ* ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥ ੧ ॥ ਰਹਾਉ ॥ [੨੩]ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ [੨੪]ਆਪਨ ਕਹਿਆ ਨ ਲੇਹੀ ॥ ੨ ॥ [੨੫]ਸਰਜੀਉ ਕਾਟਹਿ ਨਿਰਜੀਉ[੨੬] ਪੂਜਹਿ [੨੭]ਅੰਤ ਕਾਲ ਕਉ ਭਾਰੀ ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ[੨੮] ਡੂਬੇ ਸੰਸਾਰੀ ॥ ੩ ॥ ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥ ਕਹਤ ਕਬੀਰ ਅਕੁਲੁ[੨੯] ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥ ੪ ॥ ੧ ॥ ੪੫ ॥ ਗਉੜੀ ॥ [੩੦]ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ[੩੧] ਸਮਾਇਆ ॥ [੩੨]ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥ ੧ ॥ ਮੇਰੇ ਰਾਮ ਐਸਾ ਖੀਰੁ[੩੩] ਬਿਲੋਈਐ ॥ ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥ ੧ ॥ ਰਹਾਉ ॥ [੩੪]ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥ [੩੫]ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ [੩੬]ਸਿਵ ਘਰਿ

੧ ਧਰਤੀ 'ਤੇ (ਡਿੱਗ ਪਈ)।
੨ ਖੋਟੀ ਮਤ ਦਾ ਭਾਂਡਾ (ਜੋ ਛੱਪਰੀ ਦੇ ਹੇਠਾਂ ਪਿਆ ਸੀ) ਟੁੱਟ ਗਿਆ।
੩ ਨਾਮ ਅੰਮ੍ਰਿਤ ਦੀ ਵਰਖਾ ਤੋਂ ਭਾਵ ਹੈ।
੪ ਉਸ ਨਾਲ ਤੇਰਾ ਸੇਵਕ ਭਿੱਜ ਗਿਆ, ਰਸ ਵਾਲਾ ਹੋਇਆ।
੫ ਜਦ ਭਾਨ (ਸੂਰਜ) ਚੜ੍ਹਿਆ ਹੋਇਆ ਲੱਭ ਪਿਆ ਤਾਂ ਮਨ ਵਿੱਚ ਚਾਨਣਾ ਹੋਇਆ।
੬ ਸੂਰਜ।
੭ ਗੱਲਾਂ ਨਾਲ।
੮ ਵਿਰਵੇ, ਸੱਖਣੇ।
੯ ਡਰਦੇ ਰਹੀਏ, ਭਾਵ ਦੂਰ ਰਹੀਏ।
੧੦ ਚੁਲੀ ਭਰ ਕੇ।
੧੧ ਲੈ ਆਂਦੀ ਹੈ, ਵਗਾਈ ਹੈ।
੧੨ ਖੋਟ ਦੀ ਚਾਲ ਚਲਦੇ ਹਨ।
੧੩ ਆਪ ਤਾਂ ਗਏ ਗੁਜ਼ਰੇ ਹਨ ਤੇ ਹੋਰਨਾਂ ਨੂੰ ਵੀ ਗਾਲਦੇ ਹਨ।
੧੪ ਬਹਿਸਾਂ ਝਗੜਿਆਂ ਤੋਂ ਬਿਨਾਂ ਹੋਰ ਕੁਝ ਜਾਣਦੇ ਹੀ ਨਹੀਂ।
੧੫ ਬ੍ਰਹਮਾ ਵੀ ਚੜ੍ਹ ਕੇ ਆ ਜਾਵੇ ਤਾਂ ਉਸ ਦੀ ਗੱਲ ਵੀ ਨਹੀਂ ਮੰਨਦੇ; ਭਾਵ ਵੱਡੇ ਤੋਂ ਵੱਡੇ ਪ੍ਰਮਾਣੀਕ ਵਿਦਵਾਨ ਦਾ ਆਖਾ ਭੀ ਨਹੀਂ ਮੰਨਦੇ।
੧੬ ਸਰੀਰ ਨੂੰ ਵਿਸ਼ਿਆਂ ਦੀ ਅਗਨੀ ਲਾ ਕੇ ਬੇ-ਫ਼ਿਕਰ ਹੋ ਸੌਂਦੇ ਹਨ।
੧੭ ਹੱਸਦੇ ਹਨ।
੧੮ ਲੱਜਿਆਵਾਨ ਹੋ ਰਿਹਾ ਹੈ।
੧੯ ਭਾਵ ਮਾਂ ਬਾਪ ਦੀ ਜ਼ਿੰਦਗੀ ਵਿੱਚ ਤਾਂ ਸੇਵਾ ਨਹੀਂ ਕਰਦੇ, ਪਰ ਪਿੱਛੋਂ ਸਰਾਧਾਂ ਦਾ ਪਖੰਡ ਰਚ ਬੈਠਦੇ ਹਨ।
੨੦ ਵਿਚਾਰੇ।
੨੧ ਕਿਵੇਂ?
੨੨ ਪਿੱਤਰਾਂ ਨਮਿਤ ਭੋਜਨ ਨੂੰ ਕਾਂ, ਕੁੱਤੇ ਖਾਂਦੇ ਹਨ।
੨੩ ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਜੀਵਾਂ ਦੀ ਕੁਰਬਾਨੀ ਭੇਟ ਕਰਦੇ ਹਨ।
੨੪ ਜੋ ਆਪ ਮੂੰਹੋਂ ਮੰਗ ਕੇ ਲੈ ਵੀ ਨਹੀਂ ਸਕਦੇ।
੨੫ ਜਿੰਦ ਵਾਲਿਆਂ ਨੂੰ (ਕੁਰਬਾਨੀ ਲਈ) ਵੱਢਦੇ ਹਨ।
੨੬ ਨਿਰਜਿੰਦ (ਬੁੱਤਾਂ ਨੂੰ)।
੨੭ ਆਪਣਾ ਅੱਗਾ ਭਾਰਾ ਬਣਾ ਰਹੇ ਹਨ।
੨੮ ਸੰਸਾਰੀ ਭੈ ਵਿੱਚ।
੨੯ ਕੁਲ-ਰਹਿਤ ਵਾਹਿਗੁਰੂ।
੩੦ ਜੀਵਤ ਭਾਵ ਤੋਂ ਮਰ ਜਾਵੇ ਤੇ ਇਸ ਤਰ੍ਹਾਂ ਮਰ ਕੇ ਫਿਰ ਅਸਲ ਜੀਵਨ ਜੀਉਂਦਾ ਹੈ।
੩੧ ਅਫੁੱਰ ਅਵਸਥਾ ਵਿੱਚ, ਸੰਸਾਰਕ ਕਾਮਨਾਂ ਤੋਂ ਉੱਤੇ ਹੋਣ ਵਾਲੀ ਹਾਲਤ ਵਿੱਚ।
੩੨ ਮਾਇਆ ਵਿੱਚ ਰਹਿੰਦੇ ਹੋਏ ਮਾਇਆ-ਰਹਿਤ ਵਾਹਿਗੁਰੂ ਵਿੱਚ ਜੁੜੇ ਰਹੀਏ, ਤਾਂ ਮੁੜ ਕੇ ਸੰਸਾਰ ਵਿੱਚ ਨਹੀਂ ਪਾਏ ਜਾਵਾਂਗੇ।
੩੩ ਦੁੱਧ। ਇਸ ਤਰ੍ਹਾਂ ਦੁੱਧ ਰਿੜਕੀਏ; ਗਿਆਨ ਨੂੰ ਖੋਜ ਕੇ ਨਾਮ ਅੰਮ੍ਰਿਤ ਕੱਢੀਏ।
੩੪ ਗੁਰੂ ਦੀ ਬਾਣੀ ਰੂਪ ਤੀਰ ਨਾਲ ਕਰੜੀ ਕਲਾ (ਅਗਿਆਨਤਾ ਰੂਪ) ਵਿੰਨ੍ਹ ਦਿੱਤੀ ਹੈ ਤੇ ਪ੍ਰਕਾਸ਼-ਪਦ ਪ੍ਰਗਟ ਹੋਇਆ ਹੈ।
੩੫ ਮਾਇਆ ਦੇ ਹਨੇਰੇ ਕਰਕੇ ਰੱਸੀ ਵਾਲਾ ਭਰਮ (ਹਨੇਰੇ ਵਿੱਚ ਰੱਸੀ ਸੱਪ ਵਾਂਗ ਪ੍ਰਤੀਤ ਹੁੰਦੀ ਹੈ) ਦੂਰ ਹੋ ਗਿਆ ਹੈ।
੩੬ ਵਾਹਿਗੁਰੂ ਦੇ ਘਰ ਵਿੱਚ। 'ਸ਼ਕਤੀ' ਦੇ ਮੁਕਾਬਲੇ 'ਤੇ 'ਸ਼ਿਵ' ਵਰਤਿਆ।

* ਸੁਖ ਦੀ ਗੱਲ। ਏਥੇ ਭਾਵ ਇਹ ਹੈ ਕਿ ਲੋਕ ਫੋਕਟ ਕਰਮ ਕਰਦੇ ਤਾਂ ਥੱਕਦੇ ਨਹੀਂ ਹਨ; ਆਤਮਕ ਸੁਖ ਕਿਵੇਂ ਨੇੜੇ ਢੁਕ ਸਕਦਾ ਹੈ? ਸਾਰਾ ਜਗਤ ਇਨ੍ਹਾਂ ਕਰਮਾਂ ਤੋਂ ਸੁਖ ਦੀ ਆਸ ਵਿੱਚ ਖਤਮ ਹੋ ਜਾਂਦਾ ਹੈ, ਪਰ ਸੁਖ ਮਿਲਦਾ ਨਹੀਂ।

ਬਾਸਾ ॥ ੨ ॥ [੧]ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥ ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥ ੩ ॥ ਉਨਮਨਿ[੨] ਮਨੂਆ ਸੁੰਨਿ[੩] ਸਮਾਨਾ [੪]ਦੁਬਿਧਾ ਦੁਰਮਤਿ ਭਾਗੀ ॥ ਕਹੁ ਕਬੀਰ ਅਨਭਉ[੫] ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥ ੪ ॥ ੨ ॥ ੪੬ ॥ ਗਉੜੀ ਬੈਰਾਗਣਿ ਤਿਪਦੇ[*] ॥ †ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥ ਆਵੈ ਨ ਜਾਇ ਮਰੈ ਨ ਜੀਵੈ [੬]ਤਾਸੁ ਖੋਜੁ ਬੈਰਾਗੀ ॥ ੧ ॥ ਮੇਰੇ ਮਨ [੭]ਮਨ ਹੀ ਉਲਟਿ ਸਮਾਨਾ ॥ ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ[੮] ਥਾ ਬੇਗਾਨਾ[੯] ॥ ੧ ॥ ਰਹਾਉ ॥ ਨਿਵਰੈ[੧੦] ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ ॥ ਅਲਉਤੀ[੧੧] ਕਾ ਜੈਸੇ ਭਇਆ ਬਰੇਡਾ[੧੨] ਜਿਨਿ ਪੀਆ ਤਿਨਿ ਜਾਨਿਆ ॥ ੨ ॥ ਤੇਰੀ ਨਿਰਗੁਨ[੧੩] ਕਥਾ [੧੪]ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥ ਕਹੁ ਕਬੀਰ [੧੫]ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥ ੩ ॥ ੩ ॥ ੪੭ ॥ ਗਉੜੀ ॥ ਤਹ[੧੬] ਪਾਵਸ[੧੭] ਸਿੰਧੁ[੧੮] ਧੂਪ ਨਹੀ ਛਹੀਆ[੧੯] ਤਹ ਉਤਪਤਿ ਪਰਲਉ ਨਾਹੀ ॥ ਜੀਵਨ ਮਿਰਤੁ[੨੦] ਨ ਦੁਖੁ ਸੁਖੁ ਬਿਆਪੈ [੨੧]ਸੁੰਨ ਸਮਾਧਿ ਦੋਊ ਤਹ ਨਾਹੀ ॥ ੧ ॥ ਸਹਜ ਕੀ ਅਕਥ ਕਥਾ ਹੈ ਨਿਰਾਰੀ[੨੨] ॥ [੨੩]ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥ ੧ ॥ ਰਹਾਉ ॥ [੨੪]ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥ ਜਲੁ ਨਹੀ ਪਵਨੁ [੨੫]ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥ ੨ ॥ [੨੬]ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥ ੩ ॥ ੪ ॥ ੪੮ ॥ ਗਉੜੀ ॥ ਪਾਪੁ ਪੁੰਨੁ ਦੁਇ ਬੈਲ ਬਿਸਾਹੇ[੨੭] ਪਵਨੁ[੨੮] ਪੂਜੀ ਪਰਗਾਸਿਓ ॥

ਤ੍ਰਿਸਨਾ ਗੂਣਿ[੨੯] ਭਰੀ ਘਟ ਭੀਤਰਿ [੩੦]ਇਨ ਬਿਧਿ ਟਾਂਡ ਬਿਸਾਹਿਓ ॥ ੧ ॥ ਐਸਾ ਨਾਇਕੁ[੩੧] ਰਾਮੁ ਹਮਾਰਾ ॥ [੩੨]ਸਗਲ ਸੰਸਾਰੁ ਕੀਓ ਬਨਜਾਰਾ ॥ ੧ ॥ ਰਹਾਉ ॥ ਕਾਮੁ ਕ੍ਰੋਧੁ ਦੁਇ ਭਏ ਜਗਾਤੀ[੩੩] ਮਨ ਤਰੰਗ ਬਟਵਾਰਾ[੩੪] ॥ [੩੫]ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ[੩੬] ਉਤਰਿਓ ਪਾਰਾ ॥ ੨ ॥ ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥ ਘਾਟੀ[੩੭] ਚਢਤ [੩੮]ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥ ੩ ॥ ੫ ॥ ੪੯ ॥ ਗਉੜੀ ਪੰਚਪਦਾ ॥ ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥ ੧ ॥ ਕਹੁ ਡਡੀਆ[੩੯] ਬਾਧੈ ਧਨ ਖੜੀ ॥ [੪੦]ਪਾਹੂ ਘਰਿ ਆਏ ਮੁਕਲਾਊ ਆਏ ॥ ੧ ॥ ਰਹਾਉ ॥ ਓਹ ਜਿ ਦਿਸੈ ਖੂਹੜੀ[੪੧] ਕਉਨ [੪੨]ਲਾਜੁ ਵਹਾਰੀ ॥ ਲਾਜੁ[੪੩] ਘੜੀ[੪੪] ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ[੪੫] ॥ ੨ ॥

੧ ਤਿਸ ਮਾਇਆ ਨੇ ਬਿਨਾਂ ਤੀਰ ਕਮਾਨ ਖਿੱਚਣ ਦੇ ਹੀ ਸਭ ਜਗਤ ਨੂੰ ਵਿੰਨਿਆ ਹੈ, ਭਾਵ ਆਪਣੇ ਅਸਰ ਤਲੇ ਰੱਖਿਆ ਹੈ, ਪਰ ਸਾਡੀ ਹਾਲਤ ਤਾਂ ਉਸ ਮੁੰਡੇ ਵਾਂਗ ਹੈ, ਜਿਸ ਦੀ ਬੂਡੀ (ਗੁੱਡੀ) ਨੂੰ ਹਵਾ ਹਰ ਪਾਸੇ ਝਲਾਰ ਕੇ ਲੈ ਜਾਂਦੀ ਹੈ, ਪਰ ਉਸ ਦੀ ਲਿਵ ਡੋਰ ਵਿੱਚ ਲੱਗੀ ਰਹਿੰਦੀ ਹੈ। ਅਸੀਂ ਗ੍ਰਿਹਸਤ ਵਿੱਚ ਰਹਿ ਕੇ ਮਾਇਕ ਲਹਿਰਾਂ ਤੋਂ ਬਚੇ ਰਹੇ ਹਾਂ।

੨ [ਸੁਖਮਨਾ ਨਾੜੀ ਵਿੱਚ ਪ੍ਰਾਣ ਲੈ ਜਾਣ ਤੋਂ ਪ੍ਰਾਪਤ ਹੋਈ ਦਸ਼ਾ] ਗਿਆਨ ਦਸ਼ਾ। 'ਉਨਮਨਿ' ਲਈ ਦੇਖੋ 'ਪ੍ਰਾਨ ਸੰਗਲੀ', ਅਧਿਆਇ ੪।

੩ ਅਫੁਰ ਅਵਸਥਾ ਵਿੱਚ, ਭਾਵ ਵਾਸ਼ਨਾਂ ਤੋਂ ਉੱਤੇ ਰਹਿਣਾ।

੪ ਦੁਚਿੱਤੀ ਤੇ ਖੋਟੀ ਮਤ ਦੂਰ ਹੋ ਗਈ।

੫ ਆਤਮ ਗਿਆਨ।

੬ ਉਸ ਹਰੀ ਨੂੰ, ਹੇ ਬੈਰਾਗੀ! ਖੋਜ।

੭ ਮਨ ਹੀ ਉਲਟਿਆ ਹੈ ਸੰਸਾਰ ਰੁਚੀ ਵਲੋਂ ਤੇ ਹਰੀ ਵਿੱਚ ਸਮਾਇਆ ਹੈ।

੮ ਨਹੀਂ ਤਾਂ।

੯ ਬੇ-ਗਿਆਨਾ, ਬੇਅਕਲ।

੧੦ ਨੇੜੇ। ਕਾਮਾਦਿ ਜੋ ਨੇੜੇ ਸਨ, ਉਹ ਦੂਰ ਹੋ ਗਏ ਤੇ ਵਾਹਿਗੁਰੂ ਜੋ ਦੂਰ ਸੀ, ਉਹ ਨੇੜੇ ਹੋ ਗਿਆ, ਉਸ ਲਈ ਜਿਸ ਨੇ ਹਰੀ ਨੂੰ ਜੈਸਾ ਉਹ ਹੈ ਵੈਸਾ ਸਮਝ ਲਿਆ।

੧੧ ਮਿਸਰੀ।

੧੨ ਸ਼ਰਬਤ।

੧੩ ਤਿੰਨਾਂ ਗੁਣਾਂ ਤੋਂ ਉੱਤੇ।

੧੪ ਕਿਸ ਨੂੰ ਦਸੀਏ, ਐਸਾ ਕੌਣ ਵਿਚਾਰਵਾਨ ਹੈ,

੧੫ ਜਿੰਨਾ ਕਿਸੇ ਪਲੀਤਾ ਲਾਇਆ ਹੈ, ਉਸ ਨੇ ਉਤਨੀ ਝਲਕ ਦੇਖੀ ਹੈ, ਭਾਵ ਜਿੰਨਾ ਕੁ ਕਿਸੇ ਨੇ ਰਾਹ ਲੱਭਣ ਲਈ ਅਭਿਆਸ ਕੀਤਾ ਹੈ ਉਤਨਾ ਹੀ ਉਸ ਨੂੰ ਪ੍ਰਕਾਸ਼ ਹੋਇਆ ਹੈ।

੧੬ ਉਥੇ, ਸਹਿਜ ਅਵਸਥਾ ਵਿੱਚ। ਬ੍ਰਹਮ-ਗਿਆਨੀ ਦੀ ਅਵਸਥਾ ਦਾ ਜ਼ਿਕਰ ਹੈ।

੧੭ ਬਰਖਾ ਰੁੱਤ। ੧੮ ਸਮੁੰਦਰ।

੧੯ ਛਾਂ। ੨੦ ਮੌਤ।

੨੧ ਉਥੇ ਕੇਵਲ ਸੁੰਨ-ਸਮਾਧਿ ਹੈ, ਦ੍ਵੈਤ ਨਹੀਂ ਹੈ; ਨਾ ਦੁੱਖ ਸੁਖ, ਨਾ ਹਰਖ ਸੋਗ, ਨਾ ਜਨਮ ਮਰਨ, ਨਾ ਕੋਈ ਹੋਰ ਦ੍ਵੰਦ ਹੈ।

੨੨ ਨਿਰਾਲੀ।

੨੩ ਤੱਕੜੀ 'ਤੇ ਨਹੀਂ ਚੜ੍ਹ ਸਕਦੀ ਤੇ ਨਾ ਹੀ ਮੁੱਕਦੀ ਹੈ। ੨੪ ਹੇਠ ਉੱਤੇ, ਊਚ ਨੀਚ ਦਾ ਭੇਦ।

੨੫ ਅੱਗ ਭੀ ਨਹੀਂ।

੨੬ ਅਪਹੁੰਚ ਤੇ ਅਲਖ ਹਰੀ ਅੰਦਰ ਚੰਗੀ ਤਰ੍ਹਾਂ ਭਰਪੂਰ ਹੋ ਰਿਹਾ ਹੈ, ਪਰ ਇਹ ਅਵਸਥਾ ਲੱਭਦੀ ਗੁਰੂ ਦੀ ਕਿਰਪਾ ਨਾਲ ਹੈ।

੨੭ ਖਰੀਦੇ ਹਨ।

੨੮ ਸੁਆਸ। ਸੁਆਸਾਂ ਰੂਪ ਪੂੰਜੀ ਲੈ ਕੇ ਇਹ ਜੀਵ ਪ੍ਰਗਟਿਆ ਹੈ। ੨੯ ਛੱਟ।

੩੦ ਇਸ ਤਰ੍ਹਾਂ ਦਾ ਟਾਂਡਾ (ਮਾਲ) ਖਰੀਦਿਆ ਹੈ।

੩੧ ਮਾਲਕ, ਸ਼ਾਹ।

੩੨ ਇਸ ਤਰ੍ਹਾਂ ਦੀ ਰਾਸ ਪੂੰਜੀ ਨਾਲ ਸਭ ਵਣਜ ਕਰ ਰਹੇ ਹਨ। ੩੩ ਮਸੂਲੀਏ।

੩੪ ਲੁਟੇਰੇ। ਮਨ ਦੀਆਂ ਲਹਿਰਾਂ ਲੁਟੇਰੇ ਹਨ।

੩੫ ਸਰੀਰ ਦੇ ਪੰਜ ਤੱਤ ਮਿਲ ਕੇ ਇਹ ਜਗਾਤੀਆਂ ਤੇ ਲੁਟੇਰਿਆਂ ਦਾ ਲੁਟਿਆ ਹੋਇਆ ਦਾਨ (ਡੰਨ ਜਾਂ ਲੁੱਟ ਦਾ ਮਾਲ) ਵੰਡਦੇ ਹਨ ਤੇ ਇਸ ਤਰ੍ਹਾਂ ਇਹ ਟਾਂਡਾ ਪਾਰ ਉਤਰਦਾ ਹੈ, ਭਾਵ ਇਹ ਜਨਮ ਇਸ ਤਰ੍ਹਾਂ ਹੀ ਬੇਅਰਥ ਬਤੀਤ ਹੁੰਦਾ ਹੈ ਤੇ ਸੁਆਸਾਂ ਦੀ ਪੂੰਜੀ ਖ਼ਤਮ ਹੁੰਦੀ ਹੈ।

੩੬ ਵਪਾਰ ਦੀ ਸਮਿਗਰੀ ਨਾਲ ਲਦਿਆ ਬੈਲਾਂ ਦਾ ਵੱਗ।

੩੭ ਨਾਮ ਅਭਿਆਸ ਦੀ ਘਾਟੀ।

੩੮ ਪਾਪ ਬੈਲ ਥੱਕ ਗਿਆ ਤੇ ਤ੍ਰਿਸ਼ਨਾ ਦੀ ਛੱਟ ਆਦਿਕ ਸੁੱਟ ਕੇ ਨੱਸ ਗਿਆ।

੩੯ ਧੋਤੀ। ਅਲੰਕਾਰ ਵਰਤਿਆ ਹੈ। ਮੌਤ ਸਿਰ 'ਤੇ ਹੈ ਪਰ ਜੀਵ ਲਾਪ੍ਰਵਾਹ ਜਾ ਰਿਹਾ ਹੈ।

੪੦ ਪ੍ਰਾਹੁਣੇ (ਜਮ) ਮੁਕਲਾਵਾ ਲੈਣ ਆਏ ਹਨ।

੪੧ ਖੂਹੀ। ੪੨ ਲੱਜ ਵਹਾਣ ਵਾਲੀ। ੪੩ ਲੱਜ।

੪੪ ਸੁਆਸ। ੪੫ ਪਾਣੀ ਭਰਨ ਵਾਲੀ।

* ਇਥੋਂ ਲੈ ਕੇ ਅੱਗੇ ਰਾਗਾਂ ਦੇ ਸਿਰਲੇਖਾਂ ਹੇਠਾਂ ਇਹ ਛੋਟੇ ਅੰਕ 'ਘਰ' ਦੇ ਸੂਚਕ ਹਨ; ਭਾਵ ਘਰ ੩, ਘਰ ੫ ਆਦਿ ਵਿੱਚ ਗਾਏ ਜਾਣੇ ਹਨ। ਦੇਖੋ ਪੰਨਾ ੨੦੪, ਫੁਟ ਨੋਟ †।

† ਸੁਆਸਾਂ ਦੇ ਉਲਟਨ ਨਾਲ ਛੇ ਚੱਕਰ ਵਿੰਨੇ ਗਏ, ਭਾਵ ਸੰਸਾਰ ਵੱਲੋਂ ਬਿਰਤੀ ਉਲਟਨ ਨਾਲ ਪੰਜ ਗਿਆਨ ਇੰਦਰੇ ਤੇ ਮਨ ਕਾਬੂ ਵਿੱਚ ਆ ਗਏ ਤੇ ਸੁਰਤੀ ਵਾਹਿਗੁਰੂ ਦੇ ਪ੍ਰੇਮ ਵਾਲੀ ਹੋ ਗਈ ।

ਜੋਗੀਆਂ ਦੀ ਬੋਲੀ ਵਿੱਚ ਆਪਣੀ ਆਤਮਕ ਦਸ਼ਾ ਦਾ ਵਰਣਨ ਹੋ ਰਿਹਾ ਹੈ। ਇਥੇ ਹੱਠ ਯੋਗ ਦੇ ਔਖੇ ਸਾਧਨਾਂ ਨੂੰ ਦੱਸਣ ਜਾਂ ਪ੍ਰਚਾਰਨ ਦਾ ਭਾਵ ਨਹੀਂ। ਜਿਵੇਂ ਦਸਮ ਦੁਆਰ ਜਾਂ ਉਨਮਨ ਜਾਂ ਅਨਹਦ ਸ਼ਬਦ ਗੁਰੂ ਜੀ ਨੇ ਥਾਂ-ਥਾਂ ਵਰਤੇ ਹਨ, ਪਰ ਆਪਣੇ ਅਰਥਾਂ ਵਿੱਚ ਵਰਤੇ ਹਨ, ਤਿਵੇਂ ਇਥੇ ਜਾਂ ਇਹੋ ਜਿਹੇ ਹੋਰ ਸ਼ਬਦਾਂ ਵਿੱਚ ਸਮਝਣਾ ਚਾਹੀਦਾ ਹੈ। ਯੋਗੀ ਸਰੀਰ ਦੇ ਛੀ ਚੱਕਰ ਇਹ ਮੰਨਦੇ ਹਨ: ਮੂਲਾਧਾਰ (ਗੁਦਾ ਮੰਡਲ ਦਾ ਚੱਕਰ), ਸ੍ਵਾਧਿਸ਼ਠਾਨ (ਲਿੰਗ ਦੀ ਜੜ੍ਹ ਵਿੱਚ), ਮਣਿਪੂਰ ਚੱਕਰ (ਧੁੰਨੀ ਦੇ ਕੋਲ), ਅਨਾਹਤ ਚੱਕਰ (ਦਿਲ ਵਿੱਚ), ਵਿਸ਼ੁਧ ਚੱਕਰ (ਗਲੇ ਵਿੱਚ), ਆਗਿਆ ਚੱਕਰ (ਭੌਹਾਂ ਦੇ ਵਿਚਕਾਰ)।

ਪਵਨ ਦੇ ਉਲਟਨ ਦਾ ਭਾਵ ਸਾਫ਼ ਤੌਰ 'ਤੇ ਰਹਾਉ ਦੀ ਤੁਕ ਅੰਦਰ ਦਿੱਤਾ ਹੈ।

ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥ ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥ ੩ ॥ [੧]ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥ ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥ ੪ ॥ ਭਈ ਨਿਰਾਸੀ ਉਠਿ ਚਲੀ [੨]ਚਿਤ ਬੰਧਿ ਨ ਧੀਰਾ ॥ ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ ॥ ੫ ॥ ੬ ॥ ੫੦ ॥ ਗਉੜੀ ॥ ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥ [੩]ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥ ੧ ॥ ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥ [੪]ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥ ੧ ॥ ਰਹਾਉ ॥ [੫]ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ ॥ ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ ॥ ੨ ॥ ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ [੬]ਕਿਉ ਰਹੀਐ ॥ ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ[੭] ਲਹੀਐ ॥ ੩ ॥ [੮]ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥ ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥ ੪ ॥ ੭ ॥ ੫੧ ॥

ਰਾਗੁ ਗਉੜੀ ਪੂਰਬੀ ਕਬੀਰ ਜੀ ॥ ੴ ਸਤਿਗੁਰ ਪ੍ਰਸਾਦਿ ॥

*ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥ ਇੜਾ ਪਿੰਗੁਲਾ ਸੁਖਮਨ ਬੰਦੇ[੯] ਏ ਅਵਗਨ[੧੦] ਕਤ ਜਾਹੀ ॥ ੧ ॥ ਤਾਗਾ[੧੧] ਤੂਟਾ ਗਗਨੁ[੧੨] ਬਿਨਸਿ ਗਇਆ ਤੇਰਾ ਬੋਲਤੁ[੧੩] ਕਹਾ ਸਮਾਈ ॥ ਏਹ ਸੰਸਾ ਮੋ ਕਉ ਅਨਦਿਨੁ[੧੪] ਬਿਆਪੈ ਮੋ ਕਉ ਕੋ ਨ ਕਹੈ ਸਮਝਾਈ ॥ ੧ ॥ ਰਹਾਉ ॥ [੧੫]ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥ ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥ ੨ ॥ [੧੬]ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥ ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥ ੩ ॥ ਕਹੁ ਕਬੀਰ ਲਿਵ ਲਾਗਿ ਰਹੀ ਹੈ [੧੭]ਜਹਾ ਬਸੇ ਦਿਨ ਰਾਤੀ ॥ ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥ ੪ ॥ ੧ ॥ ੫੨ ॥ ਗਉੜੀ ॥ [੧੮]ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ[੧੯] ਬਾਹਰਿ ਖਿੰਥਾ[੨੦] ॥ [੨੧]ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥ ੧ ॥ ਮੇਰੇ ਰਾਜਨ ਮੈ ਬੈਰਾਗੀ ਜੋਗੀ ॥ [੨੨]ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥ [੨੩]ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ[੨੪] ਸਭੁ ਜਗੁ ਭਸਮਾਧਾਰੀ ॥ [੨੫]ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥ ੨ ॥ ਮਨੁ ਪਵਨੁ[੨੬] ਦੁਇ ਤੂੰਬਾ+

੧ ਕਰਮਾਂ ਦੇ ਅਸਰਾਂ ਦੀ ਬੱਧੀ ਹੋਈ। ਦੇਖੋ ਪੰਨਾ ੫੯, ਨੋਟ ੩੨।
੨ ਮਨ ਧੀਰਜ ਨਹੀਂ ਬੰਨ੍ਹਦਾ।
੩ ਰੁੰਡਿਤ (ਅੰਗ ਭੰਗ ਹੋਇਆ ਜਿਵੇਂ ਕੋਈ ਇੰਦਰੀ ਕਟਾਂਦੇ ਤੇ ਕਈ ਕੰਨ ਪੜਵਾਂਦੇ ਹਨ), ਮੁੰਡਿਤ (ਮੁੰਨੇ ਹੋਏ ਸਾਧੂ) ਅਤੇ ਇਕ-ਸ਼ਬਦੀ (ਅਲੱਖ ਅਲੱਖ ਆਖਣ ਵਾਲੇ ਅਵਧੂਤ) ਇਹ ਕਹਿੰਦੇ ਹਨ ਕਿ ਅਸਾਂ ਹੀ ਸਿੱਧੀ ਪ੍ਰਾਪਤ ਕੀਤੀ ਹੈ।
੪ ਜਿਸ ਪਾਸ ਆਪਣੇ ਆਪ ਨੂੰ ਮਾਇਆ ਤੋਂ ਛਡਵਾਨ ਲਈ ਜਾਈਏ।
੫ ਭਾਵ ਹਰੀ ਵਿੱਚ ਲੀਨ ਹੋਇਆਂ ਹੀ ਇਹ ਹੰਕਾਰ ਵਾਲੀ ਸੁਰਤੀ ਭੁਲੀ ਹੈ। ਪੰਡਤ ਗੁਣੀ ਆਦਿ ਕੋਲ ਜਾਓ ਤਾਂ ਓਹ ਆਪਣੇ ਆਪ ਨੂੰ ਹੀ ਵੱਡਾ ਕਹਿੰਦੇ ਹਨ।
੬ ਕੀ ਲਾਭ ਹੈ ਜੀਵਨ ਦਾ ?
੭ ਆਤਮ ਗਿਆਨ ਰੂਪ ਮੋਤੀ।
੮ ਸੱਜੇ ਖੱਬੇ ਭਾਵ ਲਾਂਭ ਦੇ ਫੁਰਨੇ ਛੱਡ ਕੇ ਸਾਹਮਣੇ ਹਰੀ ਨਿਸ਼ਾਨਾ ਕਾਇਮ ਰੱਖੋ। ਫਿਰ ਉਹ ਹਾਲਤ ਹੋਵੇਗੀ, ਜਿਵੇਂ ਗੁੰਗੇ ਦੇ ਗੁੜ ਖਾਣ ਵਾਲੀ ਹੈ, ਜੋ ਰਸ ਤਾਂ ਮਾਣਦਾ ਹੈ ਪਰ ਦੱਸ ਨਹੀਂ ਸਕਦਾ।
੯ ਹੇ ਬੰਦੇ!
੧੦ ਟੰਟੇ, ਪਵਾੜੇ। ਇਹ ਯੋਗ ਅਭਿਆਸ ਦੇ ਟੰਟੇ ਕਿਥੇ ਗਏ? "ਇੜਾ ਪਿੰਗਲਾ ਸੁਖਮਨ" ਲਈ ਦੇਖੋ ਪੰਨਾ ੩੨੭, ਫੁਟ ਨੋਟ †।
੧੧ ਸੁਆਸ ਰੂਪ ਧਾਗਾ।
੧੨ ਵਿਆਪਕ ਚੇਤਨਤਾ।
੧੩ ਬੋਲਣ ਵਾਲਾ, ਆਤਮਾ।
੧੪ ਹਰ ਰੋਜ਼।
੧੫ ਜਿੱਥੇ ਸਾਰੇ ਜਗ ਦੀ ਮਮਤਾ ਸੀ, ਉਥੇ ਹੁਣ ਸਰੀਰ ਵੀ ਨਹੀਂ ਰਿਹਾ, ਤੇ ਨਾ ਹੀ ਇਸ ਸੰਬੰਧ ਨੂੰ ਬਨਾਣ ਵਾਲਾ ਮਨ ਹੀ ਰਿਹਾ ਹੈ। ਵਾਹਿਗੁਰੂ ਸਭ ਮੇਲਾਂ ਦੇ ਜੋੜਨ ਵਾਲਾ ਤਾਂ ਆਪ ਸਦਾ ਨਿਰਲੇਪ ਹੈ, ਫਿਰ ਇਹ ਜੀਵ ਕਿਥੇ ਜਾ ਸਮਾਂਦਾ ਹੈ?
੧੬ ਜਦ ਤੱਕ ਇਹ ਬਿਨਾਸੀ ਸਰੀਰ ਹੀ ਸਰੀਰ ਹੈ, (ਭਾਵ ਇਹਦੇ ਨਾਲ ਮਨ ਨਹੀਂ) ਤਦ ਤੱਕ ਤਾਂ ਨਾ ਹਰੀ ਨਾਲ ਜੁੜ ਸਕਦੀ ਹੈ, ਤੇ ਨਾ ਮਾਇਆ ਨਾਲੋਂ ਤੁਟ ਸਕਦੀ ਹੈ। ਇਸ ਹਾਲਤ ਵਿੱਚ ਨਾ ਇਸ ਦਾ ਕੋਈ ਮਾਲਕ ਹੋ ਸਕਦਾ ਹੈ ਤੇ ਨਾ ਇਹ ਕਿਸੇ ਦਾ ਸੇਵਕ ਹੋ ਸਕਦਾ ਹੈ। ਫੇਰ ਕੋਈ ਕਿੱਥੇ ਜਾ ਸਮਾਂਦਾ ਹੈ? ਇਨ੍ਹਾਂ ਸਾਰਿਆਂ ਸੰਸਿਆਂ ਵਿੱਚੋਂ ਅਖੀਰ ਤੁਕ ਵਿੱਚ ਕਢਿਆ ਹੈ: ਉਸ ਦਾ ਭੇਦ ਉਹ ਆਪ ਹੀ ਜਾਣਦਾ ਹੈ, ਸਾਡੇ ਲਈ ਤਾਂ ਲਿਵ ਲਾਣੀ ਹੀ ਫੱਬਦੀ ਹੈ।
੧੭ ਜਿੱਥੇ ਕਿ ਦਿਨ ਰਾਤ, ਭਾਵ ਸਦਾ ਹੀ, ਹਰੀ ਵੱਸਦਾ ਹੈ।
੧੮ ਧਿਆਨ ਤੇ ਯਾਦ।
੧੯ ਯਥਾਰਥ ਗਿਆਨ।
੨੦ ਜੋਗੀਆਂ ਦਾ ਚੋਗਾ; ਖ਼ਫ਼ਨੀ।
੨੧ ਅਫੁਰ ਅਵਸਥਾ ਵਿੱਚ ਮੇਰਾ ਆਸਣ ਬੈਸਣ ਹੈ ਤੇ ਕਲਪਣਾ ਦਾ ਤਿਆਗ ਮੇਰਾ ਜੋਗ ਪੰਥ ਹੈ।
੨੨ ਮੌਤ, ਸੋਗ ਤੇ ਵਿਛੋੜੇ ਤੋਂ ਪਰ੍ਹੇ ਹਾਂ। (ਕਈਆਂ ਬੀੜਾਂ ਵਿੱਚ ਪਾਠ 'ਮਿਰਤ' ਹੈ।)
੨੩ ਖੰਡ ਬ੍ਰਹਮੰਡ ਵਿੱਚ ਜੋ ਜੀਵਨ ਰੁਮਕ ਰਿਹਾ ਹੈ, ਇਹ ਸਿੰਙੀ ਹੈ।
੨੪ ਸੁਆਹ ਰੱਖਣ ਲਈ ਫ਼ਕੀਰ ਦਾ ਥੈਲਾ। ਸਭ ਜਗਤ ਨੂੰ ਸੁਆਹ ਦੀ ਢੇਰੀ ਜਾਨਣਾ ਇਹ ਬਟੂਆ ਹੈ।
੨੫ ਤਾੜੀ ਇਹ ਹੈ ਕਿ ਤਿੰਨਾਂ ਗੁਣਾਂ ਵਾਲੀ ਮਾਇਆ ਤੋਂ ਉੱਤੇ ਹੋਣਾ। ਇਸ ਤਰ੍ਹਾਂ ਹੁਣ ਛੁਟੇ (ਨਿਰਲੇਪ) ਵੀ ਹਾਂ ਤੇ ਪਾਸਾਰੀ (ਗ੍ਰਿਹਸਥੀ) ਵੀ ਹਾਂ।
੨੬ ਸੁਆਸ।

* ਜਿੱਥੇ ਕੁਝ (ਮਮਤਾ) ਸੀ। ਯੋਗ ਅਭਿਆਸ ਕਰਨ ਵਾਲੇ ਜੋਗੀ ਦੇ ਮਰਨ 'ਤੇ ਇਹ ਸ਼ਬਦ ਉਚਾਰਿਆ ਹੈ। ਹੈਰਾਨੀ ਵਿੱਚ ਪੁਛਦੇ ਹਨ ਕਿ ਉਹ ਜੀਵ ਕਿੱਥੇ ਜਾ ਸਮਾਇਆ ਹੈ?

† ਕੱਦੂ ਦੀ ਜਾਤ ਦਾ ਇਕ ਫਲ ਹੈ, ਜਿਸ ਤੋਂ ਕਈ ਤਰ੍ਹਾਂ ਦੇ ਤਾਰਦਾਰ ਵਾਜੇ ਬਣਦੇ ਹਨ। ਵੀਣਾ ਦੀ ਡੰਡੀ ਨਾਲ ਹੀ ਤੂੰਬੇ ਲੱਗੇ ਹੁੰਦੇ ਹਨ। ਇਥੇ ਇਨ੍ਹਾਂ ਤੂੰਬਿਆਂ ਤੋਂ ਹੀ ਭਾਵ ਹੈ। ਮਨ ਅਤੇ ਪ੍ਰਾਣ ਦੋ ਤੂੰਬੇ ਹਨ ਅਤੇ ਜੋ ਹਰੀ ਜੁਗ-ਜੁਗ ਵਿੱਚ ਵਿਆਪਕ ਹੈ, ਉਸ ਨੂੰ ਪਛਾਨਣਾ ਸਾਰਦ ਹੈ।

ਕਰੀ ਹੈ ਜੁਗ ਜੁਗ ਸਾਰਦ[1] ਸਾਜੀ॥ ਥਿਰੁ ਭਈ ਤੰਤੀ[2] ਤੂਟਸਿ ਨਾਹੀ ਅਨਹਦ ਕਿੰਗੁਰੀ[3] ਬਾਜੀ॥ ੩॥ ਸੁਨਿ ਮਨ ਮਗਨ ਭਏ ਹੈ ਪੂਰੇ [4]ਮਾਇਆ ਡੋਲ ਨ ਲਾਗੀ॥ ਕਹੁ ਕਬੀਰ ਤਾ ਕਉ ਪੁਨਰਪਿ[5] ਜਨਮੁ ਨਹੀ [6]ਖੇਲਿ ਗਇਓ ਬੈਰਾਗੀ॥ ੪॥ ੨॥ ੫੩॥ ਗਉੜੀ॥ [7]ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥ ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥ ੧॥ ਗਈ ਬੁਨਾਵਨ ਮਾਹੋ[8]॥ ਘਰ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥ [9]ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ[10] ਸੇਰ ਅਢਾਈ॥ ਜੌ ਕਰਿ ਪਾਚਨੁ ਬੇਗਿ[11] ਨ ਪਾਵੈ ਝਗਰੁ ਕਰੈ ਘਰਹਾਈ[12]॥ ੨॥ [13]ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ॥ [14]ਛੂਟੇ ਕੂੰਡੇ ਭੀਗੈ ਪੁਰੀਆ[15] ਚਲਿਓ ਜੁਲਾਹੋ ਰੀਸਾਈ[16]॥ ੩॥ [17]ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ[18] ਰਹੀ ਉਰਝਾਈ॥ [19]ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ॥ ੪॥ ੩॥ ੫੪॥ ਗਉੜੀ॥ [20]ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ॥ ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ॥ ੧॥ ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥ ੧॥ ਰਹਾਉ॥ [21]ਸਾਧੁ ਮਿਲੈ ਸਿਧਿ ਪਾਈਐ [22]ਕਿ ਏਹੁ ਜੋਗੁ ਕਿ ਭੋਗੁ॥ [23]ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ॥ ੨॥ ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ [24]ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩॥ ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ [25]ਸੰਸਾ ਨਹੀ ਅੰਤਿ ਪਰਮ ਗਤਿ ਪਾਇ॥ ੪॥ ੧॥ ੪॥ ੫੫॥ ਗਉੜੀ॥ ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ॥ ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ[26] ਮਨੁ ਜਾਰਿਓ ਰੇ॥ ੧॥ [27]ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ॥ ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥ ੧॥ ਰਹਾਉ॥ ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥ [28]ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥ ੨॥ ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ [29]ਮਦ ਰਸ ਲੈਤ ਬਿਕਾਰਿਓ ਰੇ॥ [30]ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥ ੩॥ ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ [31]ਦੁਖ ਕਰਿ ਹਮ ਹਾਰਿਓ ਰੇ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ॥ ੪॥ ੧॥ ੫॥ ੫੬॥ ਗਉੜੀ॥ ਕਾਲਬੂਤ* ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥ ਕਾਮ

੧ ਤੂੰਬਿਆਂ ਨੂੰ ਜੋੜਨ ਵਾਲੀ ਡੰਡੀ (ਵੀਣਾ ਦੀ)।
੨ ਤਾਰ (ਬਿਰਤੀ ਰੂਪ)।
੩ ਵੀਣਾ। ਅਨਹਦ ਸ਼ਬਦ ਦੇ ਅਰਥਾਂ ਵਿੱਚ ਹੀ ਅਨਹਦ ਕਿੰਗਰੀ ਹੈ। ਦੇਖੋ ਪੰਨਾ ੯੧, ਨੋਟ ੨੪।
੪ ਮਾਇਆ ਦੀ ਡੋਲ ਨਹੀਂ ਲੱਗਦੀ।
੫ ਫੇਰ।
੬ ਜੋ ਅਜੇਹੀ ਖੇਡ-ਖੇਡ ਗਿਆ।
੭ ਜੁਲਾਹੇ ਦੀ ਬੋਲੀ ਵਿੱਚ ਨਵਾਂ ਸਰੀਰ ਤਿਆਰ ਹੋਣ ਲੱਗਾ ਹੈ। ਮੁੱਖ ਭਾਵ ਲਈ ਦੇਖੋ ਰਹਾਉ ਦੀ ਤੁਕ, ਜਿਸ ਵਿੱਚ ਦੱਸਿਆ ਹੈ ਕਿ ਘਰ (ਦੇਹ) ਛੱਡਣ ਨਾਲ ਜੁਲਾਹਾ ਜਾਇ (ਜੰਮਦਾ ਭਾਵ ਨਵਾਂ ਜਨਮ ਧਾਰਦਾ ਹੈ) ਤੇ ਸੰਸਕਾਰ ਬ੍ਰਿਤੀ ਨਵੇਂ ਸਰੀਰ ਰੂਪ ਤਾਣੀ ਨੂੰ ਬੁਨਾਉਣ ਲਈ ਜਾਂਦੀ ਹੈ, ਨੌ ਗਜ (ਨੌਂ ਗੋਲਕਾਂ), ਦਸ ਗਜ (ਦਸ ਇੰਦ੍ਰੇ) ਇੱਕੀ ਗਜ (ਪੰਜ ਤੱਤ, ਪੰਜ ਵਿਸ਼ੇ, ਦਸ ਪ੍ਰਾਣ ਤੇ ਇਕ ਮਨ) ਇਹ ਪੂਰੀ ਇਕ ਤਾਣੀ ਤਣੀ ਹੈ। ਸੱਠ (ਨਾੜੀਆਂ), ਨੌਂ ਟੋਟੇ (ਸਰੀਰ ਦੇ ਨੌਂ ਜੋੜ) ਇਹ ਤਾਣੇ ਦਾ ਸੂਤ ਹੈ ਅਤੇ ਬਹੱਤਰ (ਪ੍ਰਧਾਨ ਨਾੜੀਆਂ) ਪੇਟਾ ਲਾਇਆ ਹੈ।
੮ [ਸਿੰਧੀ] ਸੂਤ; ਤਾਣਾ।
੯ ਕੀ ਇਹ ਤਾਣੀ ਗਜਾਂ ਨਾਲ ਮਿਣੀ ਨਹੀਂ ਹੈ?
੧੦ ਪਾਣ (ਤੰਦਾਂ ਨੂੰ ਜੋੜਨ ਲਈ ਮਾਵਾ) ਭਾਵ ਖ਼ੁਰਾਕ ਇਸ ਦੀ ਢਾਈ ਸੇਰ ਹੈ।
੧੧ ਛੇਤੀ।
੧੨ ਘਰ ਵਾਲਾ ਮਨ।
੧੩ ਇਨ੍ਹਾਂ ਥੋੜ੍ਹੇ ਦਿਨਾਂ ਲਈ ਖਸਮ ਦੇ ਬਰਅਕਸ (ਉਲਟ, ਆਕੀ) ਹੋ ਕੇ ਬੈਠਾ ਰਹਿੰਦਾ ਹੈ ਤੇ ਇਹ ਵੇਲਾ ਫਿਰ ਹੱਥ ਨਹੀਂ ਆਉਂਦਾ। 'ਬੇਲਾ' ਇਸਤਰੀ-ਲਿੰਗ ਹੈ, ਇਸ ਲਈ ਇਸ ਦਾ ਵਿਸ਼ਸ਼ੇਣ 'ਇਹ' ਅਤੇ ਕ੍ਰਿਆ 'ਆਈ' ਦੋਵੇਂ ਇਸਤਰੀ-ਲਿੰਗ ਆਏ ਹਨ।
੧੪ ਪਦਾਰਥਾਂ ਰੂਪ ਕੂੰਡਿਆਂ ਵਿੱਚ ਵਾਸ਼ਨਾਂ ਰੂਪ ਨਲੀਆਂ ਭਿੱਜੀਆਂ ਛੱਡ ਕੇ ਜੁਲਾਹਾ ਰੁੱਸ ਕੇ ਤੁਰ ਜਾਂਦਾ ਹੈ।
੧੫ ਨਲੀਆਂ।
੧੬ ਰੁੱਸ ਕੇ।
੧੭ ਖਾਲੀ ਨਲਕੀ (ਪ੍ਰਾਣ ਨਾੜੀ) ਵਿੱਚੋਂ ਸੁਆਸ ਰੂਪ ਤੰਦ ਨਹੀਂ ਨਿਕਲਦੀ ਤੇ ਧਾਗੇ ਭੀ ਉਲਝੇ ਪਏ ਹਨ (ਭਾਵ ਅਵਾਜ਼ ਸਾਫ਼ ਨਹੀਂ ਨਿਕਲਦੀ)।
੧੮ ਨੱਤਾ; ਉਹ ਧਾਗੇ ਜੋ ਕੰਘੀ ਵਿੱਚ ਨਿਖੜੇ ਹੋਏ ਪਏ ਹੁੰਦੇ ਹਨ; (ਤਾਣੀ ਨੂੰ ਨਤਰੀਦਾ ਹੈ)। ਤਾਣੀ ਦੀ ਨਤਰ ਉਲਝੀ ਹੋਈ ਹੈ, ਧਾਗਿਆਂ ਵਿੱਚ ਅੜੇ ਪੈ ਗਏ ਹਨ।
੧੯ ਮੌਤ ਪਿੱਛੋਂ ਵਾਸ਼ਨਾ ਨੂੰ ਨਾਲ ਤੁਰਦੀ ਵੇਖ ਕੇ ਕਹਿੰਦੇ ਹਨ ਕਿ ਹੁਣ ਤਾਂ ਖ਼ਲਾਸੀ ਕਰ। ਇਹ ਸਾਰਾ ਪਸਾਰਾ ਸਰੀਰ ਆਦਿਕ ਦਾ ਛੱਡ ਕੇ ਹੁਣ ਤਾਂ ਏਥੇ ਰਹੁ।
੨੦ ਜਦ ਹਰੀ ਨਾਲ ਜੋਤ ਮਿਲ ਗਈ ਤਾਂ ਕਿੰਬਾ (ਕੀ) ਫਿਰ ਵੀ ਇਸ ਦਾ ਕੁਝ ਅਡਰਾਪਨ ਹੁੰਦਾ ਹੈ? ਮਹੋਇ=ਨਹੀਂ ਹੁੰਦਾ।
੨੧ ਗੁਰੂ ਦੇ ਮਿਲਣ ਨਾਲ।
੨੨ ਜੋਗ ਜਾਂ ਭੋਗ ਦਾ ਕੀ ਲਾਭ ਹੈ?
੨੩ ਗੁਰੂ ਤੇ ਸਿੱਖ ਦੋਹਾਂ ਦੇ ਮਿਲਣ ਨਾਲ ਕੰਮ ਸੌਰਦਾ ਹੈ ਤੇ ਰਾਮ ਨਾਮ ਨਾਲ ਸੰਬੰਧ ਬਣ ਜਾਂਦਾ ਹੈ।
੨੪ ਕਾਂਸ਼ੀ ਵਿੱਚ ਮਰਨ ਵੇਲੇ ਸ਼ਿਵ ਦਾ ਉਪਦੇਸ਼ (ਮੰਤ੍ਰ) ਕੰਨਾਂ ਵਿੱਚ ਦਿੱਤਾ ਜਾਂਦਾ ਹੈ, ਇਸ ਦੀ ਜੋ ਵਿਸ਼ੇਸ਼ਤਾ ਮੰਨੀ ਜਾਂਦੀ ਹੈ, ਉਸ ਤੁਲ ਹੈ, ਇਹ ਬ੍ਰਹਮ ਵਿਚਾਰ।
੨੫ ਸ਼ੱਕ ਨਹੀਂ, ਭਾਵ ਇਹ ਗੱਲ ਪੱਕੀ ਹੈ।
੨੬ ਹੰਕਾਰ ਵਿੱਚ।
੨੭ ਪ੍ਰਾਣ ਅਤੇ ਰੋਟੀ ਦੇਣ ਵਾਲਾ।
੨੮ ਮਾਨ ਦਾ ਹਿਰਿਆ (ਗੁਮਰਾਹ ਹੋਇਆ) ਆਪਣੇ ਆਪ ਵਿੱਚ ਹੀ ਉਨਮਤ (ਮਸਤ) ਫਿਰਦਾ ਹੈ।
੨੯ ਵਿਕਾਰਾਂ ਦੇ ਰਸਾਂ ਦੇ ਨਸ਼ੇ ਦੇ ਅੰਦਰ।
੩੦ ਜਿਨ੍ਹਾਂ ਦੇ ਭਾਗਾਂ ਵਿੱਚ ਸ੍ਰੇਸ਼ਟ ਕਰਮ ਹਨ, ਓਹ ਸੰਤਾਂ ਦੀ ਸੰਗਤ ਵਿੱਚ ਇਉਂ ਤਰਦੇ ਹਨ, ਜਿਵੇਂ ਲੋਹੇ ਨਾਲ ਲੱਕੜ।
੩੧ ਦੁੱਖ ਉਠਾ-ਉਠਾ ਕੇ ਹਾਰ ਗਿਆ ਹਾਂ।

* ਕਲਬੂਤ, ਢਾਂਚਾ। ਹਾਥੀ ਨੂੰ ਫੜਨ ਵਾਸਤੇ ਹਥਨੀ ਦਾ ਢਾਂਚਾ ਬਣਾ ਕੇ ਟੋਏ ਪੁਰ ਖੜਾ ਕੀਤਾ ਜਾਂਦਾ ਸੀ। ਹਾਥੀ ਮਦਮਸਤ ਹੋ ਆਉਂਦਾ ਤੇ ਟੋਏ ਦੇ ਵਿੱਚ ਡਿੱਗ ਪੈਂਦਾ ਤੇ ਫੜਿਆ ਜਾਂਦਾ ਸੀ। ਤਿਵੇਂ ਜੀਵ ਮਾਇਆ ਦੇ ਮੋਹ ਵਿੱਚ ਫੱਸਦਾ ਹੈ। ਇਹ ਖੇਡ (ਚਲਤੁ) ਵਾਹਿਗੁਰੂ ਨੇ ਆਪ ਰਚੀ ਹੈ।

ਸੁਆਇ[੧] ਗਜ[੨] ਬਸਿ ਪਰੇ ਮਨ ਬਉਰਾ ਰੇ ਅੰਕਸੁ[੩] ਸਹਿਓ ਸੀਸ ॥ ੧ ॥
[੪]ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥ ਨਿਰਭੈ ਹੋਇ ਨ ਹਰਿ
ਭਜੇ ਮਨ ਬਉਰਾ ਰੇ ਗਹਿਓ[੫] ਨ ਰਾਮ ਜਹਾਜੁ ॥ ੧ ॥ ਰਹਾਉ ॥ [੬]ਮਰਕਟ
ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥ ਛੂਟਨ ਕੋ ਸਹਸਾ[੭]
ਪਰਿਆ ਮਨ ਬਉਰਾ ਰੇ ਨਾਚਿਓ [੮]ਘਰ ਘਰ ਬਾਰਿ ॥ ੨ ॥ ਜਿਉ ਨਲਨੀ*
ਸੂਅਟਾ[੯] ਗਹਿਓ ਮਨ ਬਉਰਾ ਰੇ ਮਾਇਆ ਇਹੁ ਬਿਉਹਾਰੁ ॥ ਜੈਸਾ [੧੦]ਰੰਗੁ
ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥ ੩ ॥ ਨਾਵਨ ਕਉ
ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥ ਕਹੁ ਕਬੀਰ [੧੧]ਛੂਟਨੁ
ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥ ੪ ॥ ੧ ॥ ੬ ॥ ੫੭ ॥
ਗਉੜੀ ॥ ਅਗਨਿ ਨ ਦਹੈ ਪਵਨੁ ਨਹੀ ਮਗਨੈ[੧੨] ਤਸਕਰੁ[੧੩] ਨੇਰਿ ਨ
ਆਵੈ ॥ ਰਾਮ ਨਾਮ ਧਨੁ ਕਰਿ ਸੰਚਉਨੀ[੧੪] ਸੋ ਧਨੁ ਕਤ ਹੀ ਨ ਜਾਵੈ ॥
੧ ॥ ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ[੧੫] ਇਹੈ [੧੬]ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ[੧੭] ਨ ਲਹੀਐ ॥ ੧ ॥ ਰਹਾਉ ॥
ਇਸੁ ਧਨ ਕਾਰਣਿ ਸਿਵ ਸਨਕਾਦਿਕ[੧੮] ਖੋਜਤ ਭਏ ਉਦਾਸੀ ॥ [੧੯]ਮਨਿ
ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥ ੨ ॥ [੨੦]ਨਿਜ ਧਨੁ
ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥ [੨੧]ਜਲਤ ਅੰਭ
ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥ ੩ ॥ ਕਹੈ ਕਬੀਰੁ ਮਦਨ[੨੨]
ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥ ਤੁਮ ਘਰਿ ਲਾਖ ਕੋਟਿ [੨੩]ਅਸ੍ਵ ਹਸਤੀ
ਹਮ ਘਰਿ ਏਕੁ ਮੁਰਾਰੀ[੨੪] ॥ ੪ ॥ ੧ ॥ ੭ ॥ ੫੮ ॥ ਗਉੜੀ ॥ [੨੫]ਜਿਉ ਕਪਿ
ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥ ਜੋ ਜੋ ਕਰਮ
ਕੀਏ ਲਾਲਚ ਸਿਉ ਤੇ ਫਿਰਿ ਗਰਹਿ[੨੬] ਪਰਿਓ ॥ ੧ ॥ ਭਗਤਿ ਬਿਨੁ ਬਿਰਥੇ
ਜਨਮੁ ਗਇਓ ॥ ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ[੨੭] ਨ ਸਚੁ ਰਹਿਓ ॥
੧ ॥ ਰਹਾਉ ॥ †ਜਿਉ ਉਦਿਆਨ[੨੮] ਕੁਸਮ[੨੯] ਪਰਫੁਲਿਤ ਕਿਨਹਿ ਨ ਘ੍ਰਾਉ[੩੦]
ਲਇਓ ॥ ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ [੩੧]ਕਾਲ ਹਇਓ ॥ ੨ ॥
[੩੨]ਇਆ ਧਨ ਜੋਬਨ ਅਰੁ ਸੁਤ ਦਾਰਾ[੩੩] ਪੇਖਨ ਕਉ ਜੁ ਦਇਓ ॥ ਤਿਨ
ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥ ੩ ॥ [੩੪]ਅਉਧ ਅਨਲ
ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥ ਕਹਿ ਕਬੀਰ ਭੈ ਸਾਗਰ
ਤਰਨ ਕਉ ਮੈ ਸਤਿਗੁਰ ਓਟ ਲਇਓ ॥ ੪ ॥ ੧ ॥ ੮ ॥ ੫੯ ॥ ਗਉੜੀ ॥
[੩੫]ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ[੩੬] ॥ ੧ ॥ ਮੈ ਨਾਹੀ
ਕਛੁ ਆਹਿ[੩੭] ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥

੧ ਸੁਆਦ ਵਿੱਚ।
੨ ਹਾਥੀ।
੩ ਹਾਥੀ ਨੂੰ ਤੋਰਨ ਲਈ ਲੋਹੇ ਦਾ ਕੁੰਡਾ।
੪ ਵਿਸ਼ਿਆਂ ਤੋਂ ਬਚ ਕੇ ਹਰੀ ਵਿੱਚ ਰੱਚ।
੫ ਪਕੜਿਆ।
੬ ਬਾਂਦਰ ਮੁਸ਼ਟੀ (ਮੁੱਠ) ਅਨਾਜ ਲਈ ਛੋਲਿਆਂ ਦੇ ਬਰਤਨ ਵਿੱਚ ਹੱਥ ਪਾਂਦਾ ਹੈ ਤੇ ਲੋਭ ਵਸ ਹੋ ਕੇ ਫੜਿਆ ਜਾਂਦਾ ਹੈ।
੭ ਫ਼ਿਕਰ।
੮ ਹਰੇਕ ਘਰ ਦੇ ਬਾਰ (ਦਰਵਾਜ਼ੇ) 'ਤੇ।
੯ ਤੋਤਾ।
੧੦ ਕਸੁੰਭੇ ਦੇਂ ਫੁੱਲ ਦਾ ਰੰਗ ਕੱਚਾ ਹੁੰਦਾ ਹੈ।
੧੧ ਇਨ੍ਹਾਂ ਤਰੀਕਿਆਂ ਨਾਲ ਛੁਟਕਾਰਾ ਨਹੀਂ ਹੁੰਦਾ।
੧੨ ਗੁੰਮ ਕਰਦੀ, ਉਡਾਂਦੀ। ਅੱਗ ਨਹੀਂ ਸਾੜਦੀ ਤੇ ਹਵਾ ਨਹੀਂ ਉਡਾਂਦੀ।
੧੩ ਚੋਰ।
੧੪ ਇਕੱਠਾ।
੧੫ [ਧਰਤੀ ਨੂੰ ਧਾਰਨ ਵਾਲਾ] ਵਾਹਿਗੁਰੂ।
੧੬ ਸ੍ਰੇਸ਼ਟ ਧਨ ਕਹੀਦਾ ਹੈ।
੧੭ ਰਾਜ ਭਾਗ ਵਿੱਚ।
੧੮ ਸਨਕ ਆਦਿਕ (ਬ੍ਰਹਮਾ ਦੇ ਚਾਰ ਪੁੱਤਰ)।
੧੯ ਜੇ ਮਨ ਵਿੱਚ ਮੁਕਤ ਦਾਤਾ (ਵਾਹਿਗੁਰੂ) ਹੋਵੇ ਤੇ ਜੀਭ 'ਤੇ ਨਾਰਾਇਣ ਹੋਵੇ!
੨੦ ਆਪਣਾ ਧਨ ਗਿਆਨ ਹੈ (ਹੋਰ ਧਨ ਆਪਣੇ ਨਹੀਂ ਹਨ)।
੨੧ ਸੜਦੇ ਮਨ ਨੂੰ ਪਾਣੀ ਵਤ ਹੈ ਤੇ ਦੌੜਦੇ (ਭਟਕਦੇ) ਮਨ ਨੂੰ ਥੰਮ੍ਹ ਵਾਂਗ ਆਸਰਾ ਰੂਪ ਹੈ।
੨੨ ਕਾਮ।
੨੩ ਘੋੜੇ ਅਤੇ ਹਾਥੀ।
੨੪ [ਮੁਰ ਰਾਖਸ਼ ਦੇ ਮਾਰਨ ਵਾਲਾ; ਕ੍ਰਿਸ਼ਨ] ਵਾਹਿਗੁਰੂ।
੨੫ ਜਿਵੇਂ ਕਪਿ (ਬੰਦਰ) ਦੇ ਹੱਥ ਵਿੱਚ ਛੋਲਿਆਂ ਦੀ ਮੁੱਠ ਹੈ ਤੇ ਉਹ ਲੋਭ ਵਿੱਚ ਆ ਕੇ ਮੁੱਠ ਖੋਲ੍ਹ ਕੇ ਛੋਲੇ ਛੱਡਦਾ ਨਹੀਂ (ਜਿਸ ਨਾਲ ਉਸ ਦਾ ਛੁਟਕਾਰਾ ਹੋ ਜਾਵੇ)।
੨੬ ਗੱਲ ਵਿੱਚ।
੨੭ ਕਿਸੇ ਥਾਂ ਵੀ।
੨੮ ਜੰਗਲ ਵਿੱਚ।
੨੯ ਫੁੱਲ।
੩੦ ਵਾਸ਼ਨਾ, ਖ਼ੁਸ਼ਬੋ।
੩੧ ਕਾਲ (ਮੌਤ) ਨੇ ਮਾਰਿਆ। ਦੇਖੋ ਨੋਮ ੨੦ ੳ।
੩੨ ਇਨ੍ਹਾਂ ਚੀਜ਼ਾਂ ਵਿੱਚ ਕਰਤੇ ਨੂੰ ਵੇਖਣਾ ਸੀ, ਪਰ ਇਨ੍ਹਾਂ ਵਿੱਚ ਹੀ ਰੁਕ ਗਏ, ਕਿਉਂਕਿ ਇੰਦ੍ਰੀਆਂ ਨੇ ਭਰਮਾ ਲਿਆ।
੩੩ ਇਸਤਰੀ।
੩੪ ਉਮਰ ਅੱਗ ਹੈ ਭਾਵ ਸਮੇਂ ਦਾ ਬਿਤੀਤਦੇ ਜਾਣਾ ਅਗਨੀ ਹੈ ਤੇ ਸਰੀਰ ਤਿਣ (ਕੱਖਾਂ) ਦਾ ਮੰਦਰ ਹੈ; ਚਾਰੇ ਪਾਸੇ ਇਹੋ ਬਨਾਵਟ ਬਣੀ ਹੈ।
੩੫ ਪਿਤਾ ਦਾ ਵੀਰਜ ਮੈਲਾ ਹੈ ਤੇ ਮਾਂ ਦੀ ਰਕਤ ਗੋਰੀ (ਲਾਲ) ਹੈ, ਇਸਦੇ ਜੋੜ ਤੋਂ ਮਿੱਟੀ ਦੀ ਪੁਤਲੀ (ਦੇਹ) ਬਣੀ ਹੈ।
੩੬ ਜੋੜੀ।
੩੭ ਹੈ। ਮੇਰਾ ਕੁਝ ਨਹੀਂ ਹੈ।

* ਨਲਕੀ, ਫ਼ਿਰਕੀ। ਤੋਤਾ ਫੜਨ ਲਈ ਇਕ ਖਾਲੀ ਨਾਲੀ ਇਕ ਸਰੀ ਵਿੱਚ ਪਰੋ ਕੇ ਪਾਣੀ ਦੇ ਭਾਂਡੇ ਉੱਤੇ ਰੱਖੀ ਜਾਂਦੀ ਹੈ। ਜਦ ਤੋਤਾ ਬੈਠਦਾ ਹੈ ਤਾਂ ਨਲਕੀ ਫਿਰ ਜਾਂਦੀ ਹੈ। ਤੋਤਾ ਡੁਬਣ ਦੇ ਡਰ ਤੋਂ ਉਸ ਨੂੰ ਪਕੜੀ ਰੱਖਦਾ ਹੈ ਤੇ ਫੜਿਆ ਜਾਂਦਾ ਹੈ।

† ਜਿਵੇਂ ਜੰਗਲ ਵਿੱਚ ਫੁੱਲ ਖਿੜਦੇ ਹਨ, ਪਰ ਉਨ੍ਹਾਂ ਦੀ ਕੋਈ ਖ਼ੁਸ਼ਬੋ ਨਹੀਂ ਲੈਂਦਾ, ਤਿਵੇਂ ਹੀ ਮਨੁੱਖ (ਪ੍ਰੇਮ ਬਿਨਾਂ) ਕਾਲ ਦਾ ਮਾਰਿਆ ਹੋਇਆ ਮੁੜ-ਮੁੜ ਅਨੇਕ ਜਨਮਾਂ ਵਿੱਚ ਫਿਰਦਾ ਹੈ; ਭਾਵ ਜੀਵਨ ਵਿਅਰਥ ਜਾਂਦਾ ਹੈ।

ਇਸ ਮਾਟੀ ਮਹਿ ਪਵਨੁ[੧] ਸਮਾਇਆ ॥ [੨]ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥ [੩]ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ [੪]ਗਗਰੀਆ ਫੋਰੀ ॥ ੩ ॥ ਕਹਿ ਕਬੀਰ ਇਕ ਨੀਵ[੫] ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥ ੧ ॥ ੯ ॥ ੬੦ ॥ ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥ [੬]ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ੧ ॥ ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥ ੧ ॥ ਰਹਾਉ ॥ ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥ ੨ ॥ [੭]ਗੁਰ ਪਰਸਾਦਿ ਐਸੀ ਬੁਧਿ ਸਮਾਨੀ[੮] ॥ [੯]ਚੂਕਿ ਗਈ ਫਿਰਿ ਆਵਨ ਜਾਨੀ ॥ ੩ ॥ ਕਹੁ ਕਬੀਰ ਭਜੁ ਸਾਰਿਗਪਾਨੀ[੧੦] ॥ [੧੧]ਉਰਵਾਰਿ ਪਾਰਿ ਸਭ ਏਕੋ ਦਾਨੀ ॥ ੪ ॥ ੨ ॥ ੧੦ ॥ ੬੧ ॥ ਗਉੜੀ ੯* ॥ [੧੨]ਜੋਨਿ ਛਾਡਿ ਜਉ ਜਗ ਮਹਿ ਆਇਓ ॥ [੧੩]ਲਾਗਤ ਪਵਨ ਖਸਮੁ ਬਿਸਰਾਇਓ ॥ ੧ ॥ ਜੀਅਰਾ ਹਰਿ ਕੇ ਗੁਨਾ ਗਾਉ ॥ ੧ ॥ ਰਹਾਉ ॥ ਗਰਭ ਜੋਨਿ ਮਹਿ ਉਰਧ† ਤਪੁ ਕਰਤਾ ॥ ਤਉ [੧੪]ਜਠਰ ਅਗਨਿ ਮਹਿ ਰਹਤਾ ॥ ੨ ॥ [੧੫]ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ [੧੬]ਅਬ ਕੇ ਛੁਟਕੇ ਠਉਰ ਨ ਠਾਇਓ ॥ ੩ ॥ ਕਹੁ ਕਬੀਰ ਭਜੁ ਸਾਰਿਗਪਾਨੀ ॥ [੧੭]ਆਵਤ ਦੀਸੈ ਜਾਤ ਨ ਜਾਨੀ ॥ ੪ ॥ ੧ ॥ ੧੧ ॥ ੬੨ ॥ ਗਉੜੀ ਪੂਰਬੀ ॥ [੧੮]ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ ੧ ॥ ਰਮਈਆ ਗੁਨ ਗਾਈਐ ॥ ਜਾ ਤੇ ਪਾਈਐ [੧੯]ਪਰਮ ਨਿਧਾਨੁ ॥ ੧ ॥ ਰਹਾਉ ॥ ਕਿਆ ਜਪੁ ਕਿਆ ਤਪੁ ਸੰਜਮੋ[੨੦] ਕਿਆ ਬਰਤੁ ਕਿਆ ਇਸਨਾਨੁ ॥ [੨੧]ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥ ੨ ॥ ਸੰਪੈ[੨੨] ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ[੨੩] ਰਚਿਆ ਸੋ ਹੋਇ ॥ ੩ ॥ ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ[੨੪] ॥ [੨੫]ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥ ੪ ॥ ੧ ॥ ੧੨ ॥ ੬੩ ॥ ਗਉੜੀ ॥ ਰੇ ਮਨ ਤੇਰੋ ਕੋਇ ਨਹੀ [੨੬]ਖਿੰਚਿ ਲੇਇ ਜਿਨਿ ਭਾਰੁ ॥ ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥ ੧ ॥ ਰਾਮ ਰਸੁ ਪੀਆ ਰੇ ॥ [੨੭]ਜਿਹ ਰਸ ਬਿਸਰਿ ਗਏ ਰਸ ਅਉਰ ॥ ੧ ॥ ਰਹਾਉ ॥ ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥ ਜੋ ਉਪਜੈ ਸੋ ਬਿਨਸਿ ਹੈ [੨੮]ਦੁਖੁ ਕਰਿ ਰੋਵੈ ਬਲਾਇ ॥ ੨ ॥ [੨੯]ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥ [੩੦]ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥ ੩ ॥ ੨ ॥ ੧੩ ॥ ੬੪ ॥ ਰਾਗੁ ਗਉੜੀ ॥ [੩੧]ਪੰਥੁ ਨਿਹਾਰੈ ਕਾਮਨੀ ਲੋਚਨ[੩੨]

੧ ਸੁਆਸ।
੨ ਇਸ ਜੀਵ ਨੇ ਝੂਠਾ ਪਰਪੰਚ (ਪਸਾਰਾ) ਜੋੜ ਕੇ ਪਸਾਰ ਦਿੱਤਾ ਹੈ।
੩ ਕਿਸੇ ਪੰਜ ਕੁ ਲੱਖ ਮਾਇਆ ਇਕੱਠੀ ਕੀਤੀ।
੪ ਦੇਹ ਰੂਪ ਗਾਗਰ ਟੁੱਟ ਗਈ।
੫ ਸਰੀਰ ਦੀ ਕੱਚੀ ਨੀਂਹ। ਇਹ ਇਕ ਐਸੀ ਨੀਂਹ ਰਚੀ ਗਈ ਹੈ ਜੋ ਥੋੜ੍ਹੇ ਚਿਰ ਵਿੱਚ ਨਾਸ ਹੋ ਜਾਏਗੀ, ਹੇ ਹੰਕਾਰੀ!
੬ ਜਿਵੇਂ (ਸਿਦਕ ਤੇ ਦ੍ਰਿੜ੍ਹਤਾ ਨਾਲ) ਧ੍ਰੂ ਜਾਂ ਪ੍ਰਹਿਲਾਦ ਭਗਤ ਨੇ ਜਪਿਆ। ਦੇਖੋ ਨੋਮ ੨੦੪।
੭ ਗੁਰੂ ਦੀ ਕਿਰਪਾ ਨਾਲ।
੮ ਪ੍ਰਵੇਸ਼ ਕਰ ਗਈ।
੯ ਮੁਕ ਗਈ।
੧੦ [ਧਰਤੀ ਹੈ ਜਿਸ ਦੇ ਹੱਥ] ਵਾਹਿਗੁਰੂ।
੧੧ ਲੋਕ ਪਰਲੋਕ ਵਿੱਚ ਇਕੋ ਹਰੀ ਦਾਤਾ ਹੈ।
੧੨ ਯੋਨੀ (ਗਰਭ) ਛੱਡ ਕੇ, ਮਾਤਾ ਦਾ ਪੇਟ ਛੱਡ ਕੇ।
੧੩ ਹਵਾ ਲਗਦਿਆਂ ਹੀ ਹਰੀ ਵਿਸਰ ਗਿਆ।
੧੪ ਪੇਟ ਦੀ ਅੱਗ ਵਿੱਚ।
੧੫ ੮੪ ਲੱਖ (ਭਾਵ ਸਾਰੀਆਂ) ਜੂਨਾਂ ਵਿੱਚ ਫਿਰ ਕੇ (ਮਨੁੱਖ ਜੂਨ ਵਿੱਚ) ਆਇਆ।
੧੬ ਇਸ ਮਨੁੱਖ ਜਨਮ ਨੂੰ ਅਜਾਈਂ ਗਵਾ ਕੇ ਕੋਈ ਥਾਂ ਨਹੀਂ ਲੱਭਣੀ।
੧੭ ਜੋ ਨਾ ਆਉਂਦਾ ਦਿੱਸਦਾ ਹੈ ਤੇ ਨਾ ਜਾਂਦਾ, ਭਾਵ ਜਨਮ ਮਰਨ ਤੋਂ ਰਹਿਤ ਹੈ।
੧੮ ਨਾ ਸੁਰਗਾਂ ਦਾ ਵਾਸਾ ਮੰਗੀਏ, ਤੇ ਨਾ ਨਰਕਾਂ ਵਿੱਚ ਵੱਸਣ ਤੋਂ ਡਰੀਏ।
੧੯ ਚੰਗੇ ਤੋਂ ਚੰਗਾ ਖ਼ਜ਼ਾਨਾ।
੨੦ ਮਨ ਇੰਦ੍ਰਿਆਂ ਨੂੰ ਰੋਕ ਰੱਖਣ ਦੀ ਕ੍ਰਿਆ।
੨੧ ਜਦ ਤੱਕ ਭਗਵਾਨ ਦੀ ਪ੍ਰੇਮਾ ਭਗਤੀ ਦੀ ਜੁਗਤੀ (ਤਰੀਕਾ) ਨਾ ਜਾਣੀਏ।
੨੨ ਸੰਪਦਾ, ਐਸ੍ਵਰਜ, ਪਰਤਾਪ। ਆਪਣਾ ਰਾਜ-ਭਾਗ ਦੇਖ ਕੇ ਖੁਸ਼ ਨਾ ਹੋਵੀਏ, ਭਾਵ ਹੰਕਾਰ ਵਿੱਚ ਆ ਕੇ ਬਹੁਤੀਆਂ ਖੁਸ਼ੀਆਂ ਨ ਮਨਾਂਦੇ ਰਹੀਏ।
੨੩ ਬ੍ਰਹਮਾ ਨੇ ਭਾਵ ਵਾਹਿਗੁਰੂ ਨੇ।
੨੪ ਵਿੱਚ।
੨੫ ਸੇਵਾ ਲਈ ਉਹੋ ਸੇਵਕ ਚੰਗੇ ਹਨ, ਜਿਨ੍ਹਾਂ ਦੇ ਅੰਦਰ ਹਰੀ ਵੱਸਦਾ ਹੈ। ਮੁਰਾਰਿ=[ਮੁਰ ਰਾਖਸ਼ ਦੇ ਮਾਰਨ ਵਾਲਾ, ਕ੍ਰਿਸ਼ਨ] ਵਾਹਿਗੁਰੂ।
੨੬ ਜਿਨ੍ਹਾਂ ਦਾ ਭਾਰ ਤੂੰ ਖਿੱਚ ਕੇ ਆਪਣੇ ਉੱਤੇ ਲਿਆ ਹੋਇਆ ਹੈ। ਰੁੱਖ ਤੇ ਪੰਛੀ ਦੇ ਵਾਸੇ ਵਾਂਗ ਇਹ ਸੰਸਾਰ ਹੈ।
੨੭ ਜਿਸ ਰਸ ਦੇ ਮਾਨਣ ਨਾਲ ਬਾਕੀ ਫੋਕੇ ਰਸ ਵਿਸਰ ਗਏ ਹਨ।
੨੮ ਕਿਸੇ ਦੇ ਮਰਨ ਦੇ ਦੁੱਖ ਕਰਕੇ ਮੇਰੀ ਬਲਾ ਰੋਵੇ; ਭਾਵ ਮੈਨੂੰ ਰੋਵਣ ਦੀ ਲੋੜ ਨਹੀਂ।
੨੯ ਜਿਸ ਯੋਨੀ ਤੋਂ ਇਹ ਦੇਹੀ ਨਿਕਲੀ ਸੀ, ਉਸੇ ਦੇ ਭੋਗਣ ਵਿੱਚ ਇਸ ਦੀ ਬਿਰਤੀ ਲੱਗੀ ਹੈ, ਅਤੇ ਜਿਨ੍ਹਾਂ (ਥਣਾਂ) ਤੋਂ ਦੁੱਧ ਪੀਂਦੀ ਸੀ, ਉਨ੍ਹਾਂ ਨੂੰ ਹੀ ਕਾਮ-ਚੇਸ਼ਟਾ ਵਿੱਚ ਮਲਣ ਲੱਗੀ ਹੋਈ ਹੈ।
੩੦ ਕਬੀਰ ਜੀ ਕਹਿੰਦੇ ਹਨ ਕਿ ਮੈਂ ਇਹ ਗੱਲ ਦਿਲ ਵਿੱਚ ਸੋਚੀ ਕਿ ਰਾਮ ਸਿਮਰਨ ਨਾਲ ਹੀ ਇਸ ਚੇਸ਼ਟਾ ਤੋਂ ਵੈਰਾਗ ਹੋ ਸਕਦਾ ਹੈ।
੩੧ ਰਸਤਾ ਵੇਖਦੀ ਹੈ (ਪਤੀ ਦਾ)। ਬ੍ਰਿਹੋਂ ਕੁਠੀ ਦਾ ਅਲੰਕਾਰ ਖਿੱਚਿਆ ਹੈ।
੩੨ ਅੱਖਾਂ (ਭਰ ਕੇ)।

* ਇਹ ਅੰਕ 'ਘਰ' ਦਾ ਸੂਚਕ ਹੈ। ਕਦੀ ਇਹ ਅੰਕ ਸਿਰਲੇਖ ਦੇ ਕਿਸੇ ਲਫ਼ਜ਼ ਦੇ ਹੇਠਾਂ ਆ ਜਾਂਦਾ ਹੈ (ਜਿਵੇਂ ਪਿਛਲੇ ਪੰਨੇ 'ਤੇ 'ਗਉੜੀ' ਆਇਆ ਹੈ), ਅਤੇ ਕਦੀ ਰਾਗ ਦੇ ਸਿਰਲੇਖ ਦੇ ਨਾਲ ਮੋਟਾ ਕਰਕੇ ਦਿੱਤਾ ਹੁੰਦਾ ਹੈ, ਜਿਵੇਂ ਇਸ ਅਤੇ ਅਗਲੇ ਪੰਨੇ 'ਤੇ।

† ਉਲਟਾ ਹੋ ਕੇ। ਜੀਵ ਪੇਟ ਅੰਦਰ ਉਲਟਾ ਹੁੰਦਾ ਹੈ। ਇਹ ਪ੍ਰਚਲਤ ਖ਼ਿਆਲ ਹੈ ਕਿ ਜੀਵ ਉਲਟਾ ਹੋ ਕੇ ਕਠਨ ਤਪ ਕਰ ਰਿਹਾ ਹੁੰਦਾ ਹੈ।

ਭਰੀ ਲੇ ਉਸਾਸਾ[੧] ॥ [੨]ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥
੧ ॥ [੩]ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥
੧ ॥ ਰਹਾਉ ॥ ਕਹਿ ਕਬੀਰ [੪]ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥
ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ[੫] ॥ ੨ ॥ ੧ ॥ ੧੪ ॥
੬੫ ॥ ਰਾਗੁ ਗਉੜੀ ੧੧ ॥ *ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ
ਬਨਾ ਰਸਿ ਗਾਊਂ ਰੇ ॥ ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ[੬] ਮੋ ਕਉ
ਛੋਡਿ ਨ ਆਉ ਨ ਜਾਹੂ ਰੇ ॥ ੧ ॥ ਤੋਹਿ ਚਰਨ ਮਨੁ ਲਾਗੋ ਸਾਰਿੰਗਧਰ[੭] ॥
ਸੋ ਮਿਲੈ ਜੋ ਬਡਭਾਗੋ ॥ ੧ ॥ ਰਹਾਉ ॥ ਬਿੰਦ੍ਰਾਬਨ [੮]ਮਨ ਹਰਨ ਮਨੋਹਰ
ਕ੍ਰਿਸਨ ਚਰਾਵਤ ਗਾਊ[੯] ਰੇ ॥ [੧੦]ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ
ਕਬੀਰਾ ਨਾਊ ਰੇ ॥ ੨ ॥ ੨ ॥ ੧੫ ॥ ੬੬ ॥ ਗਉੜੀ ਪੂਰਬੀ ੧੨ ॥ ਬਿਪਲ[੧੧]
ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥ ਕਹਾ ਭਇਆ ਨਰ ਦੇਵਾ
ਧੋਖੇ[੧੨] ਕਿਆ ਜਲਿ ਬੋਰਿਓ ਗਿਆਤਾ ॥ ੧ ॥ [੧੩]ਜੀਅਰੇ ਜਾਹਿਗਾ ਮੈ ਜਾਨਾਂ ॥
ਅਬਿਗਤ ਸਮਝੁ ਇਆਨਾ ॥ ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ
ਮਾਇਆ ਲਪਟਾਨਾ ॥ ੧ ॥ ਰਹਾਉ ॥ [੧੪]ਗਿਆਨੀ ਧਿਆਨੀ ਬਹੁ ਉਪਦੇਸੀ
ਇਹੁ ਜਗੁ ਸਗਲੋ ਧੰਧਾ ॥ ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ
ਮਾਇਆ ਅੰਧਾ ॥ ੨ ॥ ੧ ॥ ੧੬ ॥ ੬੭ ॥ ਗਉੜੀ ੧੨ ॥ ਮਨ ਰੇ ਛਾਡਹੁ
ਭਰਮੁ ਪ੍ਰਗਟ ਹੋਇ ਨਾਚਹੁ [੧੫]ਇਆ ਮਾਇਆ ਕੇ ਡਾਂਡੇ ॥ [੧੬]ਸੂਰੁ ਕਿ ਸਨਮੁਖ
ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥ ੧ ॥ ਡਗਮਗ[੧੭] ਛਾਡਿ ਰੇ ਮਨ
ਬਉਰਾ ॥ [੧੮]ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ† ॥
੧ ॥ ਰਹਾਉ ॥ ਕਾਮ ਕ੍ਰੋਧ ਮਾਇਆ ਕੇ ਲੀਨੇ[੧੯] ਇਆ ਬਿਧਿ ਜਗਤੁ
ਬਿਗੂਤਾ[੨੦] ॥ ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥
੨ ॥ ੨ ॥ ੧੭ ॥ ੬੮ ॥ ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ [੨੧]ਫਿਰਿ
ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ[੨੨] ਤੁਝੈ ਤੇ ਨਿਸਤਾਰ ॥
੧ ॥ [੨੩]ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥
੧ ॥ ਰਹਾਉ ॥ ਨਾਮੁ ਤੇਰਾ ਆਧਾਰੁ ਮੇਰਾ [੨੪]ਜਿਉ ਫੂਲੁ ਜਈ ਹੈ ਨਾਰਿ ॥
ਕਹਿ ਕਬੀਰ ਗੁਲਾਮੁ ਘਰ ਕਾ ਜੀਆਇ[੨੫] ਭਾਵੈ ਮਾਰਿ ॥ ੨ ॥ ੧੮ ॥
੬੯ ॥ ਗਉੜੀ ॥ ‡ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ
ਥਾਕੋ ਰੇ ॥ ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ
ਰੇ ॥ ੧ ॥ ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ
ਰੇ ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ

੧ ਲੰਮਾ ਸਾਹ। ਹਾਹੁਕਾ ਭਰ ਕੇ।
੨ ਹਿਰਦਾ ਭਿੱਜਦਾ ਨਹੀਂ (ਠੰਢ ਨਹੀਂ ਪੈਂਦੀ) ਤੇ ਪੈਰ ਵੀ ਖਿੱਸਕਦਾ ਨਹੀਂ (ਪਿਛਾਹਾਂ ਨਹੀਂ ਪੈਂਦਾ)।
੩ ਹੇ ਕਾਲੇ ਕਾਂ! ਉੱਡ ਨਾ ਜ਼ਰਾ, ਤਾਂ ਜੋ ਮੈਂ ਆਪਣੇ ਪਿਆਰੇ ਹਰੀ ਨੂੰ ਛੇਤੀ ਮਿਲ ਪਵਾਂ। ਕਾਂ ਦਾ ਆਪੇ ਉੱਡਣਾ ਇਸ ਗੱਲ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਕਿ ਸੰਬੰਧੀ ਛੇਤੀ ਆਉਣ ਵਾਲਾ ਹੈ।
੪ ਅਸਲ ਜੀਵਨ ਦੀ ਪਦਵੀ, ਸਦੀਵ ਜੀਵਨ।
੫ ਸਿਮਰੀਏ।
੬ ਗਵਾਲਨ, ਗੋਪੀ।
੭ ਧਣਖਧਾਰੀ, ਹਰੀ।
੮ ਮਨ ਨੂੰ ਚੁਰਾਣ ਵਾਲਾ।
੯ ਗਾਈਆਂ।
੧੦ ਮੈਂ ਜਿਸ ਦਾ ਤੂੰ ਮਾਲਕ ਹੈਂ, ਹੇ ਹਰੀ! ਮੇਰਾ ਨਾਉਂ ਕਬੀਰ ਹੈ।
੧੧ [ਸੰ: ਵਿਪੁਲ, ਵਿਸਥਾਰ ਵਾਲਾ] ਬਹੁਤ। ਕਫ਼ਨੀ ਆਦਿਕ ਕਈ ਤਰ੍ਹਾਂ ਦੇ ਬਸਤਰ।
੧੨ ਸੁਗੰਧਤ ਪਦਾਰਥਾਂ ਨੂੰ ਧੁਖਾਣਾ ਪੂਜਾ ਲਈ ਪੂਜਾ ਕਰਨਾ। ਕੀ ਹੋਇਆ ਜੇ, ਹੇ ਨਰ! ਦੇਵਤਿਆਂ ਦੀ ਪੂਜਾ ਕਰ ਲਈ ਜਾਂ ਗਿਆਤਾ (ਜਾਣ ਬੁਝ ਕੇ) ਗੰਗਾ ਆਦਿ ਦੇ ਜਲ ਵਿੱਚ ਦੇਹੀ ਡੋਬੀ।
੧੩ ਹੇ ਜੀਵ! ਮੈਂ ਜਾਣਦਾ ਹਾਂ ਕਿ ਤੂੰ ਚਲੇ ਜਾਣਾ ਹੈ, ਇਸ ਲਈ ਤੂੰ ਹੇ ਅੰਜਾਣੇ, ਇਕ ਅਬਿਨਾਸੀ ਵਾਹਿਗੁਰੂ ਨੂੰ ਭਾਲ। ਇਹ ਮਾਇਆ ਜਿਸ ਵਿੱਚ ਤੂੰ ਲੰਪਟ ਹੋਇਆ ਹੈਂ, ਇਹ ਤਾਂ ਜਿੱਥੇ ਅੱਜ ਵੇਖਦਾ ਹੈਂ, ਫੇਰ ਨਹੀਂ ਹੁੰਦੀ, ਭਾਵ ਬਹੁਰੰਗੀ ਹੈ।
੧੪ ਗਿਆਨੀ ਧਿਆਨੀ ਆਦਿਕ ਸਭ ਮਾਇਆ ਦੇ ਧੰਧਿਆਂ ਵਿੱਚ ਫਸੇ ਹਨ।
੧੫ ਇਹ ਭਰਮ ਆਦਿਕ ਤਾਂ ਸਭ ਮਾਇਆ ਦੇ ਡੰਨ ਹਨ।
੧੬ ਉਹ ਸੂਰਮਾ ਕਾਹਦਾ ਹੈ ਜੋ ਸਾਮ੍ਹਣੇ ਹੁੰਦੇ ਜੰਗ ਤੋਂ ਡਰੇ। ਉਹ ਸਤੀ ਕਾਹਦੀ ਜੋ (ਸਤੀ ਹੋਣ ਦਾ ਮੌਕਾ ਆ ਬਣੇ ਤੇ) ਭਾਂਡੇ ਸਾਂਭਣ ਦੇ ਆਹਰ ਲੱਗ ਜਾਵੇ।
੧੭ ਡਿਕੋਡੋਲੇ, ਦੁਚਿੱਤਾਪਨ।
੧੮ ਹੁਣ ਤਾਂ ਸੜ ਮਰਨ ਨਾਲ ਹੀ ਕੰਮ ਬਣਨਾ ਹੈ, ਕਿਉਂਕਿ ਤੂੰ ਹੱਥ ਵਿੱਚ ਸੰਧਉਰਾ ਲੈ ਬੈਠੀ ਹੈਂ।
੧੯ ਠੱਗੇ ਹੋਏ।
੨੦ ਖਰਾਬ ਹੁੰਦਾ ਹੈ।
੨੧ ਇਸ ਹੁਕਮ ਸੰਬੰਧੀ ਕੋਈ ਇਤਰਾਜ਼ ਨਹੀਂ ਹੋ ਸਕਦਾ।
੨੨ [ਕਰੀ (ਚੱਪੂ) ਵਾਲਾ] ਮਲਾਹ।
੨੩ ਹੇ ਬੰਦੇ! ਤੂੰ ਬੰਦਗੀ ਇਖ਼ਤਿਆਰ ਕਰ, ਸਾਹਿਬ ਭਾਵੇਂ ਰੋਸ ਕਰੇ ਭਾਵੇਂ ਪਿਆਰ ਕਰੇ।
੨੪ ਜਿਵੇਂ ਫੁੱਲ ਜੀ ਪੈਂਦਾ ਹੈ ਨਾਰਿ (ਪਾਣੀ ਵਿੱਚ)।
੨੫ ਜਿਵਾਏ।

* ਜਿਸ ਕ੍ਰਿਸ਼ਨ ਦੇ ਲਾਂਭੇ ਚਾਂਭੇ ਤੁਲਸੀ ਦੇ ਸੰਘਣੇ ਬੂਟੇ ਹਨ ਤੇ ਜੋ ਬਨਾਂ ਅੰਦਰ ਸੁਆਦ ਨਾਲ ਗਾਉਂਦਾ ਹੈ, ਉਸ ਦਾ ਸੁੰਦਰ ਰੂਪ ਦੇਖ ਕੇ ਗੋਪੀ ਮੋਹੀ ਗਈ ਹੈ ਤੇ ਕਹਿੰਦੀ ਹੈ: ਮੈਨੂੰ ਛੱਡ ਕੇ ਕਿਤੇ ਨਾ ਆਵੋ ਜਾਵੋ। ਕ੍ਰਿਸ਼ਨ ਜੀ ਵਿੱਚ ਵਾਹਿਗੁਰੂ ਦੀ ਅਪਾਰ ਵਡਿਆਈ ਵੇਖ ਕੇ ਭਗਤ ਜੀ ਪਿਆਰ ਅੰਦਰ ਉਨ੍ਹਾਂ ਦੀ ਉਸਤਤੀ ਕਰੀ ਜਾ ਰਹੇ ਹਨ। ਬੇਅੰਤ ਸ਼ਕਤੀਆਂ ਵਾਲੇ ਹਰੀ ਦੀ ਜੋਤ ਉਨ੍ਹਾਂ ਵਿੱਚ ਕੰਮ ਕਰਦੀ ਦਿਸੀ ਹੈ, ਇਸ ਲਈ ਉਨ੍ਹਾਂ ਦਾ ਹੀ ਅਲੰਕਾਰ ਖਿੱਚ ਕੇ ਵਾਹਿਗੁਰੂ ਭਗਤੀ ਕੀਤੀ ਹੈ। ਬਿੰਦ੍ਰਾਬਨ ਵਿੱਚ ਤੁਲਸੀ ਬਹੁਤ ਹੁੰਦੀ ਹੈ, ਇਸ ਲਈ ਬਿੰਦ੍ਰਾਬਨ ਦੇ ਕਿਸੇ ਜੰਗਲ ਦਾ ਦ੍ਰਿਸ਼ ਖਿੱਚਿਆ ਹੈ। ਬਿੰਦ੍ਰਾਬਨ ਦਾ ਅੱਖਰੀ ਅਰਥ ਭੀ ਤੁਲਸੀ ਦਾ ਜੰਗਲ ਹੈ।

† ਸੰਧੂਰ ਵਾਲਾ ਨਲੀਏਰ। ਪੁਰਾਣੀ ਰਸਮ ਅਨੁਸਾਰ ਸਤੀ ਹੋਣ ਵਾਲੀ ਇਸਤਰੀ ਦੇ ਹੱਥ ਵਿੱਚ ਸੰਧੂਰਿਆ ਹੋਇਆ ਨਲੀਏਰ ਫੜਾਂਦੇ ਸਨ। ਜਦ ਇਹ ਰਸਮ ਅਦਾ ਹੋ ਜਾਵੇ, ਤਾਂ ਉਸ ਨੂੰ ਸੜਨਾ ਪੈਂਦਾ ਸੀ।

‡ ਕਈ ਜਨਮ ਧਾਰਦਾ ਹੋਇਆ ਨੰਦ ਥੱਕ ਗਿਆ, ਫਿਰ ਉਸ ਭਗਤੀ ਕੀਤੀ, ਜਿਸ ਦੇ ਕਾਰਨ ਰੱਬ ਨੇ ਅਵਤਾਰ ਲਿਆ, ਭਾਵ ਕ੍ਰਿਸ਼ਨ ਜੀ ਪੈਦਾ ਹੋਏ। ਲੋਕਾਂ ਦੇ ਇਸ ਦਾਹਵੇ ਦਾ ਖੰਡਨ ਕੀਤਾ ਹੈ ਕਿ ਰੱਬ ਜਸੋਧਾਂ ਦੀ ਕੁੱਖ ਵਿੱਚ ਆਇਆ। ਨੰਦ ਇਕ ਗਵਾਲਾ ਸੀ, ਜੋ ਜਸੋਧਾਂ ਦਾ ਪਤੀ ਸੀ ਤੇ ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ। ਇਹ ਉਨ੍ਹਾਂ ਦਾ ਪਿਤਾ ਸਮਝਿਆ ਜਾਂਦਾ ਹੈ। ਰਹਾਉ ਦੀ ਤੁਕ ਵਿੱਚ ਦੱਸਦੇ ਹਨ ਕਿ ਤੁਸੀਂ ਜਦ ਨੰਦ ਦੇ ਨੰਦਨ (ਪੁੱਤਰ) ਨੂੰ ਰੱਬ ਕਹਿੰਦੇ ਹੋ ਤਾਂ ਨੰਦ ਕਿਸ ਦਾ ਪੁੱਤਰ ਸੀ? ਜਦੋਂ ਧਰਤੀ ਆਕਾਸ਼ ਤੇ ਦਸੇ ਤਰਫ਼ਾਂ ਨਹੀਂ ਸਨ, ਉਦੋਂ ਨੰਦ ਕਿੱਥੇ ਸੀ? ਇਸ ਲਈ ਵਾਹਿਗੁਰੂ ਨੂੰ ਦੇਸ਼ ਕਾਲ ਤੋਂ ਪਰ੍ਹੇ ਸਮਝੋ।

॥ ੧ ॥ ਰਹਾਉ ॥ ਸੰਕਟਿ[1] ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ[2] ਜਾ ਕੋ ਰੇ ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥ ੨ ॥ ੧੯ ॥ ੭੦ ॥ ਗਉੜੀ ॥ ਨਿੰਦਉ ਨਿੰਦਉ ਮੋ ਕਉ *ਲੋਗੁ ਨਿੰਦਉ ॥ ਨਿੰਦਾ ਜਨ ਕਉ [3]ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ[4] ॥ ੧ ॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥ [5]ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥ ੧ ॥ ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ[6] ॥ ਹਮਰਾ ਜੀਵਨੁ ਨਿੰਦਕੁ ਲੋਰੈ ॥ ੨ ॥ ਨਿੰਦਾ[7] ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥ ਜਨ ਕਬੀਰ ਕਉ ਨਿੰਦਾ ਸਾਰੁ[8] ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥ ੩ ॥ ੨੦ ॥ ੭੧ ॥ ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥ ੧ ॥ ਰਹਾਉ ॥ ਜਬ ਹਮ[9] ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ[10] ॥ ੧ ॥ [11]ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ [12]ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥ ੨ ॥ ੨੧ ॥ ੭੨ ॥ ਗਉੜੀ ॥ [13]ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ[14] ਅਨੂਪੁ ਬੀਚ ਪਾਈ ॥ [15]ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥ ੧ ॥ ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ [16]ਚੋਰੁ ਮੁਸੈ ਘਰੁ ਜਾਈ ॥ ੧ ॥ ਰਹਾਉ ॥ ਪੰਚ ਪਹਰੂਆ[17] ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ[18] ॥ [19]ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥ ੨ ॥ [20]ਨਉ ਘਰ ਦੇਖਿ ਜੁ ਕਾਮਨਿ[21] ਭੂਲੀ ਬਸਤੁ[14] ਅਨੂਪ ਨ ਪਾਈ ॥ ਕਹਤੁ ਕਬੀਰ [22]ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ ੩ ॥ ੨੨ ॥ ੭੩ ॥ ਗਉੜੀ ॥ ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ[23] ॥ ਸਿਵ ਸਨਕਾਦਿ[24] ਜਾਸੁ[25] ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥ [26]ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥ ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ[27] ਸੁਖੁ ਜਾਨਾਨਾ ॥ ੧ ॥ [28]ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ[29] ॥ †ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥ ੨ ॥ ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ[30] ॥ ਤਿਹ ਬਡ ਭਾਗ ਬਸਿਓ[31] ਮਨਿ ਜਾ ਕੈ [32]ਕਰਮ ਪ੍ਰਧਾਨ ਮਥਾਨਾਨਾ ॥ ੩ ॥ [33]ਕਾਟਿ ਸਕਤਿ ਸਿਵ ਸਹਜੁ

੧ ਦੁੱਖ ਕਲੇਸ਼ ਵਿੱਚ।
੨ ਸੰਸਾਰਕ ਹਾਲਤਾਂ ਤੋਂ ਆਜ਼ਾਦ, ਨਿਰੰਕਾਰ।
੩ ਬਹੁਤ ਚੰਗੀ ਲੱਗਦੀ ਹੈ।
੪ ਮਾਂ, ਭਾਵ ਪਿਆਰੀ ਲੱਗਦੀ ਹੈ।
੫ ਜੇ ਸਾਡਾ ਦਿਲ ਸਾਫ਼ ਹੋਣ 'ਤੇ ਵੀ ਸਾਡੀ ਨਿੰਦਾ ਹੋਵੇ, ਤਾਂ ਸਗੋਂ ਨਿੰਦਕ ਨੁਕਸ ਕੱਢ ਕੇ ਸਾਡੀ ਮੈਲ ਧੋ ਦੇਂਦਾ ਹੈ।
੬ ਹੋੜਦਾ ਹੈ। ਨਿੰਦਾ ਰੋਕਦਾ ਹੈ; ਕਿਉਂਕਿ ਉਸ ਦੀ ਨਿੰਦਾ ਸੁਣ ਕੇ ਅਸੀਂ ਆਪਣਾ ਸੁਧਾਰ ਕਰ ਲੈਂਦੇ ਹਾਂ, ਅਤੇ ਫਿਰ ਕਿਸੇ ਹੋਰ ਨੂੰ ਨਿੰਦਾ ਕਰਨ ਦੀ ਲੋੜ ਨਹੀਂ ਰਹਿੰਦੀ: ਇਸ ਤਰ੍ਹਾਂ ਨਿੰਦਾ ਰੁਕ ਜਾਂਦੀ ਹੈ।
੭ ਨਿੰਦਾ ਵਿੱਚ।
੮ ਚੰਗਾ ਕੰਮ ਹੈ, ਕਿਉਂਕਿ ਅਸਲੀਅਤ ਦੀ ਸੋਝੀ ਹੋ ਜਾਂਦੀ ਹੈ ਤੇ ਨੁਕਸ ਦੂਰ ਕਰਨ ਦੀ ਚੇਤਾਵਨੀ ਹੁੰਦੀ ਰਹਿੰਦੀ ਹੈ।
੯ ਹਉਮੈ। ਜਿਥੇ ਹਉਮੈ ਹੈ, ਉਥੇ ਹਰੀ ਦਾ ਵਾਸਾ ਕਿੱਥੇ?
੧੦ ਪਤੀਜਦਾ ਹੈ (ਇਸ ਏਕਤਾ ਨੂੰ ਵੇਖ ਕੇ)।
੧੧ ਜਦ ਹਉਮੈ ਵਾਲੀ ਬੁੱਧੀ ਸੀ ਤਾਂ ਆਤਮਕ ਬਲ ਕਿਵੇਂ ਹੁੰਦਾ? ਹੁਣ ਅਸਲ ਬੁੱਧੀ ਆਈ ਹੈ ਤੇ ਮਾਇਕ ਬਲ ਨਹੀਂ ਟਿਕ ਸਕਦਾ।
੧੨ ਹਉਮੈ ਵਾਲੀ ਬੁੱਧੀ ਦੂਰ ਕਰ ਦਿੱਤੀ।
੧੩ ਛੇ ਚੱਕਰਾਂ ਵਾਲਾ ਸਰੀਰ ਬਣਾਇਆ; ਦੇਖੋ ਪੰਨਾ ੩੩੩, ਫੁਟ ਨੋਟ †।
੧੪ ਆਤਮਾ।
੧੫ ਪ੍ਰਾਣ ਰਾਖੇ ਬਣਾਏ ਹਨ, ਕੁੰਜੀ ਅੰਦਰ ਜੰਦਰੇ ਵਾਂਗੂ, ਅਤੇ ਕਰਤੇ ਨੇ ਇਉਂ ਕਰਦਿਆਂ ਦੇਰ ਨਹੀਂ ਲਾਈ। ਕੁਲਫੁ=ਕੁਫ਼ਲ, ਜੰਦਰਾ।
੧੬ ਕਾਮਾਦਿਕ ਚੋਰ ਘਰ ਨੂੰ ਜਾ ਕੇ ਲੁਟ ਲੈਂਦਾ ਹੈ।
੧੭ ਇੰਦਰੇ।
੧੮ ਇਤਬਾਰ।
੧੯ ਇਹ ਗੱਲ ਵਿਚਾਰ ਕੇ ਖ਼ਬਰਦਾਰ ਹੋ ਜਾ, ਤਾਂ ਫਿਰ ਚਾਨਣਾ ਤੇ ਉਜਾਲਾ ਹੋ ਜਾਏਗਾ।
੨੦ ਨੌਂ ਗੋਲਕਾਂ (ਮੂੰਹ, ਨੱਕ ਆਦਿ)।
੨੧ ਇਸਤਰੀ (ਬੁੱਧੀ ਰੂਪ)।
੨੨ ਭਾਵ ਜਦੋਂ ਨੌਂਵੇਂ ਘਰ ਕਾਬੂ ਵਿੱਚ ਹੋ ਗਏ ਤਾਂ ਦਸਮ ਦੁਆਰ ਵਿੱਚ ਤੱਤ ਲੱਭ ਪਿਆ।
੨੩ ਹੋਰ ਕੁਝ।
੨੪ ਸਨਕ, ਸਨੰਦਨ ਆਦਿ ਬ੍ਰਹਮਾ ਦੇ ਚਾਰ ਪੁੱਤਰ।
੨੫ ਜਿਸ ਦੇ।
੨੬ ਗੁਰੂ ਪਾਸ ਜਾਣ ਨਾਲ ਹਿਰਦੇ ਵਿੱਚ ਗਿਆਨ ਦਾ ਚਾਨਣਾ ਹੋ ਗਿਆ ਤੇ ਦਸਵੇਂ ਦੁਆਰ ਵਿੱਚ ਧਿਆਨ ਜੁੜ ਗਿਆ।
੨੭ ਆਪਣੇ ਅਸਲੀ ਸਰੂਪ ਵਿੱਚ।
੨੮ ਇਕ ਉੱਤਮ ਮਤ ਵਿੱਚ ਰਤਿ (ਲੱਗ ਕੇ) ਤੇ ਪ੍ਰਭੂ ਨੂੰ ਜਾਣ ਕੇ ਤੇ ਮੰਨ ਕੇ।
੨੯ ਲਿਆਂਦਾ।
੩੦ ਥਾਂ (ਹਰੀ ਦੇ ਵੱਸਣ ਦੀ)।
੩੧ ਵਸਿਆ ਹੈ।
੩੨ ਉੱਚੇ ਭਾਗ ਮੱਥੇ 'ਤੇ ਹਨ।
੩੩ ਸਕਤਿ (ਮਾਇਆ) ਕੱਟ ਕੇ ਸ਼ਿਵ ਦਾ (ਆਤਮ ਦਾ, ਭਾਵ ਆਤਮਕ) ਗਿਆਨ ਹੋਇਆ ਹੈ।

* ਲੋਕ ਪਿਆ ਨਿੰਦੇ। ਦੇਖੋ ਨੋਮ ੨੭।
† ਚੰਦਨ ਦੀ ਖੁਸ਼ਬੋ ਨਾਲ ਜਦ ਮਨ ਸੁਗੰਧਤ ਹੋਇਆ ਤਾਂ ਘਰ (ਹਿਰਦੇ) ਵਿੱਚੋਂ ਅਭਿਮਾਨ ਦੂਰ ਹੋਇਆ।

ਪ੍ਰਗਾਸਿਓ ਏਕੈ ਏਕ ਸਮਾਨਾਨਾ ॥ ਕਹਿ ਕਬੀਰ ਗੁਰ ਭੇਟਿ ਮਹਾ ਸੁਖ [੧]ਭ੍ਰਮਤ
ਰਹੇ ਮਨੁ ਮਾਨਾਨਾਂ ॥ ੪ ॥ ੨੩ ॥ ੭੪ ॥

ਰਾਗੁ ਗਉੜੀ ਪੂਰਬੀ

ਬਾਵਨ ਅਖਰੀ ਕਬੀਰ ਜੀਉ ਕੀ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥
[੨]ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥ ਏ ਅਖਰ [੩]ਖਿਰਿ
ਜਾਹਿਗੇ [੪]ਓਇ ਅਖਰ ਇਨ ਮਹਿ ਨਾਹਿ ॥ ੧ ॥ *ਜਹਾ ਬੋਲ ਤਹ ਅਛਰ
ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥ ੨ ॥ [੫]ਅਲਹ ਲਹਉ ਤਉ ਕਿਆ ਕਹਉ
ਕਹਉ ਤ ਕੋ ਉਪਕਾਰ ॥ ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ
ਲੋਕ ਬਿਸਥਾਰ ॥ ੩ ॥ [੬]ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥
ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥ ੪ ॥ [੭]ਤੁਰਕ ਤਰੀਕਤਿ
ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ
ਗਿਆਨ ॥ ੫ ॥ [੮]ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ
ਮਾਨਾ ॥ ਓਅੰਕਾਰ ਲਖੈ ਜਉ ਕੋਈ ॥ [੯]ਸੋਈ ਲਖਿ ਮੇਟਣਾ ਨ ਹੋਈ ॥ ੬ ॥
†ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥
ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥ ੭ ॥
ਖਖਾ ਇਹੈ ਖੋੜਿ[੧੦] ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥ ਖਸਮਹਿ
ਜਾਣਿ ਖਿਮਾ ਕਰਿ ਰਹੈ ॥ ਤਉ ਹੋਇ [੧੧]ਨਿਖਿਅਉ ਅਖੈ ਪਦੁ ਲਹੈ ॥ ੮ ॥
ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ[੧੨] ॥ [੧੩]ਰਹੈ
ਬਿਹੰਗਮ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥ ੯ ॥
ਘਘਾ ਘਟਿ ਘਟਿ ਨਿਮਸੈ[੧੪] ਸੋਈ ॥ [੧੫]ਘਟ ਫੂਟੇ ਘਟਿ ਕਬਹਿ ਨ ਹੋਈ ॥
ਤਾ ਘਟ ਮਾਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥
੧੦ ॥ ਙੰਙਾ [੧੬]ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥ ਨਾਹੀ ਦੇਖਿ ਨ
ਭਾਜੀਐ ਪਰਮ ਸਿਆਨਪ ਏਹ ॥ ੧੧ ॥ ਚਚਾ [੧੭]ਰਚਿਤ ਚਿਤ੍ਰ ਹੈ ਭਾਰੀ ॥
ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥ ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ
ਚਿਤੁ ਰਾਖਿ ਚਿਤੇਰਾ[੧੮] ॥ ੧੨ ॥ ਛਛਾ [੧੯]ਇਹੈ ਛਤ੍ਰਪਤਿ ਪਾਸਾ ॥ ਛਕਿ ਕਿ
ਨ ਰਹਹੁ ਛਾਡਿ ਕਿ ਨ ਆਸਾ ॥ ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥
ਤਾਹਿ ਛਾਡਿ ਕਤ ਆਪੁ ਬਧਾਵਾ[੨੦] ॥ ੧੩ ॥ ਜਜਾ ਜਉ ਤਨ ਜੀਵਤ
ਜਰਾਵੈ ॥ [੨੧]ਜੋਬਨ ਜਾਰਿ ਜੁਗਤਿ ਸੋ ਪਾਵੈ ॥ ਅਸ ਜਰਿ ਪਰ ਜਰਿ ਜਰਿ
ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥ ੧੪ ॥ ਝਝਾ ਉਰਝਿ[੨੨]

੧ ਭਟਕਣਾ ਮੁੱਕ ਗਈ ਤੇ ਮਨ ਪਤੀਜ ਗਿਆ।

੨ ਬਵੰਜਾ ਅੱਖਰਾਂ ਵਿੱਚ ਤ੍ਰੈ ਲੋਕ ਤੇ ਹੋਰ ਵੀ ਸਭ ਕੁਝ ਹੈ; ਭਾਵ ਇਨ੍ਹਾਂ ਅੱਖਰਾਂ ਰਾਹੀਂ ਸਾਰੀ ਮਾਦੀ ਦੁਨੀਆਂ ਬਿਆਨ ਹੋ ਸਕਦੀ ਹੈ।

੩ ਨਾਸ ਹੋ ਜਾਣਗੇ (ਇਹ ਅੱਖਰ)। ਭਾਵ ਇਨ੍ਹਾਂ ਅੱਖਰਾਂ ਰਾਹੀਂ ਬਿਆਨ ਕੀਤੀ ਸਭ ਚੀਜ਼ ਨਾਸ ਹੋ ਜਾਵੇਗੀ।

੪ ਵਾਹਿਗੁਰੂ ਸੰਬੰਧੀ ਅੱਖਰ ਇਨ੍ਹਾਂ ਅੱਖਰਾਂ ਵਿੱਚ ਨਹੀਂ ਹਨ: ਉਹ ਅੱਖਰ ਹੋਰ ਹਨ, ਜਿਨ੍ਹਾਂ ਰਾਹੀਂ ਹਰੀ ਦੀ ਪ੍ਰਤੀਤ ਆਤਮਾ ਨੂੰ ਹੁੰਦੀ ਹੈ। ਵਾਹਿਗੁਰੂ ਅੱਖਰਾਂ ਵਿੱਚ ਨਹੀਂ ਆਉਂਦਾ।

੫ ਹਰੀ ਨੂੰ ਜਾਣ ਵੀ ਲਈਏ ਤਾਂ ਕੀ ਕਰ ਸਕਦੇ ਹਾਂ ਤੇ ਜੇ ਕਹੀਏ ਤਾਂ ਲਾਭ ਕੀ ਹੈ? ਕਿਉਂਕਿ ਚੰਗੀ ਤਰ੍ਹਾਂ ਦੱਸਿਆ ਤਾਂ ਜਾਂਦਾ ਨਹੀਂ। ਬਟਕ (ਬੋਹੜ) ਦਾ ਬੂਟਾ ਬੀਜ ਵਿੱਚ ਸਮਾਇਆ ਹੈ, ਤਿਵੇਂ ਹਰੀ ਦਾ ਤਿੰਨਾਂ ਲੋਕਾਂ ਵਿੱਚ ਫੈਲਾਉ ਹੈ।

੬ ਜਦ ਹਰੀ ਲੱਭਿਆ ਤਾਂ ਵਖੇਵੇਂ ਨਾਸ ਹੋ ਗਏ ਤੇ ਅਸਲੀਅਤ ਦਾ ਕੁਝ-ਕੁਝ ਭੇਦ ਮਾਲੂਮ ਹੋਇਆ। ਮਨ ਭੇਦ (ਦੁਬਿਧਾ) ਤੋਂ ਉਲਟ ਕੇ ਹਰੀ-ਪ੍ਰੇਮ ਵਿੱਚ ਵਿੰਨ੍ਹਿਆ ਗਿਆ ਤੇ ਅਵਿਨਾਸ਼ੀ ਵਾਹਿਗੁਰੂ ਪਾ ਲਿਆ।

੭ ਤਰੀਕਤ (ਸ਼ਰ੍ਹਾ ਦੇ ਅਸੂਲਾਂ ਵਾਲੀ ਪੁਸਤਕ) ਪੜ੍ਹਿਆਂ ਤੁਰਕ ਜਾਣੀਦਾ ਹੈ ਤੇ ਵੇਦ ਪੁਰਾਣ ਪੜ੍ਹਿਆਂ ਹਿੰਦੂ ਜਾਣੀਦਾ ਹੈ, ਪਰ ਅਸਲ ਗੱਲ ਇਹ ਹੈ ਕਿ ਮਨ ਨੂੰ ਠਹਰਾਵਣ ਲਈ ਕੁਝ ਨਾ ਕੁਝ ਗਿਆਨ ਦੀ ਲੋੜ ਰਹਿੰਦੀ ਹੈ।

੮ ਓਅੰਕਾਰ ਜੋ ਸਭ ਦਾ ਆਦਿ ਹੈ, ਮੈਂ ਉਸ ਨੂੰ ਜਾਣਦਾ ਹਾਂ, ਜਿਸ ਨੂੰ ਉਹ ਲਿਖ ਕੇ (ਰਚ ਕੇ) ਨਾਸ ਕਰ ਦਿੰਦਾ ਹੈ (ਭਾਵ ਜੋ ਜਨਮ ਮਰਨ ਵਿੱਚ ਆਉਣ ਵਾਲਾ ਹੈ) ਉਸ ਨੂੰ ਮੈਂ ਨਹੀਂ ਮੰਨਦਾ।

੯ ਉਹ ਪੁਰਸ਼ ਹਰੀ ਨੂੰ ਲਖ ਕੇ ਮੁੜ ਮਿਟ (ਨਾਸ) ਨਹੀਂ ਹੋ ਸਕਦਾ।

੧੦ ਗੁਫਾ ਵਿੱਚ। ਐਸੇ ਟਿਕਾਣੇ 'ਤੇ ਮਨ ਆ ਗਿਆ ਹੈ ਕਿ ਧਾਵਨ ਤੋਂ ਰਹਿਤ ਹੋ ਗਿਆ ਹੈ।

੧੧ ਨਾਸ-ਰਹਿਤ ਹੁੰਦਾ ਹੈ ਤੇ ਅਮਰ ਪਦਵੀ ਪ੍ਰਾਪਤ ਕਰਦਾ ਹੈ।

੧੨ ਕੰਨਾਂ ਵਿੱਚ।

੧੩ ਵਿਰਕਤ ਹੋ ਜਾਂਦਾ ਹੈ ਤੇ ਭਟਕਦਾ ਨਹੀਂ। ਨਾ ਪਕੜੇ ਜਾਣ ਵਾਲੇ ਹਰੀ ਨੂੰ ਪਕੜ ਲਿਆ ਸੂ ਤੇ ਪਕੜ ਕੇ ਦਸਮ ਦੁਆਰ ਵਿਚ ਹੀ ਰਹਿੰਦਾ ਹੈ।

੧੪ ਨਿਵਾਸ ਰੱਖਦਾ ਹੈ।

੧੫ ਸਰੀਰ ਰੂਪ ਘੜੇ ਦੇ ਭੱਜਣ ਨਾਲ ਘਟਦਾ (ਨਾਸ) ਨਹੀਂ ਹੁੰਦਾ। ਸਾਨੂੰ ਹਿਰਦੇ ਵਿੱਚ ਘਾਟ (ਰਸਤਾ) ਲੱਭਾ ਹੈ, ਉਸ ਨੂੰ ਛੱਡ ਕੇ ਔਖੇ ਰਾਹ ਕਿਉਂ ਪਵਾਂ?

੧੬ (ਨਿਗ੍ਰਹਿ) ਇੰਦਰੀਆਂ ਨੂੰ ਰੋਕ ਕੇ ਵਾਹਿਗੁਰੂ ਨੂੰ ਪਿਆਰ ਕਰ ਤੇ ਸੰਸਾ ਦੂਰ ਕਰ। ਇਹ ਖ਼ਿਆਲ ਕਰ ਕੇ ਕਿ ਨਹੀਂ ਮਿਲ ਸਕਦਾ ਭਜ ਨਾ ਜਾਈਏ।

੧੭ ਉਸ ਦੀ ਰਚੀ ਤਸਵੀਰ ਵੱਡੀ ਹੈ। ਤਸਵੀਰ ਛੱਡ ਕੇ ਬਨਾਵਣ ਵਾਲੇ ਨੂੰ ਯਾਦ ਕਰੋ। ਤਸਵੀਰ ਅਜੀਬ ਹੈ, ਇਹੋ ਤਾਂ ਝਗੜਾ ਹੈ ਜੋ ਕੁਰਾਹੇ ਲਿਜਾਂਦਾ ਹੈ।

੧੮ ਤਸਵੀਰ ਬਨਾਉਣ ਵਾਲੇ ਹਰੀ ਵਿੱਚ।

੧੯ ਪਾਤਸ਼ਾਹ ਹਰੀ ਦਾ ਇਹੋ ਮਾਰਗ ਹੈ; ਹੋਰ ਆਸਾਂ ਛੱਡ ਕੇ ਉਸੇ ਵਿੱਚ ਕਿਉਂ ਨਹੀਂ ਛਕਿ (ਪ੍ਰਸੰਨ ਹੋ ਕੇ) ਰਹਿੰਦਾ?

੨੦ ਬੰਨ੍ਹਦਾ ਹੈਂ।

੨੧ ਜੋਬਨ ਦੀਆਂ ਤਰੰਗਾਂ ਨੂੰ ਸਾੜ ਕੇ ਰਸਤਾ ਲੱਭਦੀ ਹੈ। ਅਸਜਰਿ (ਆਪਣੇ ਪਦਾਰਥਾਂ ਦੇ ਮੋਹ ਨੂੰ ਸਾੜ ਕੇ) ਤੇ ਪਰਜਰਿ (ਪਰਾਏ ਪਦਾਰਥਾਂ ਦੀ ਆਸਾ ਨੂੰ ਸਾੜ ਕੇ) ਜਦੋਂ ਇਸ ਤਰ੍ਹਾਂ ਸੜ ਕੇ ਰਹਿੰਦਾ ਹੈ ਤਾਂ ਜੋਤ ਦਾ ਪ੍ਰਕਾਸ਼ ਲੱਭਦਾ ਹੈ।

੨੨ ਫਸ ਕੇ। ਸੰਸਾਰ ਵਿੱਚ ਫਸ ਕੇ ਨਿਕਲਣਾ ਨਹੀਂ ਜਾਣਦਾ।

* ਪਰ ਜਿਥੇ ਬੋਲੀ ਹੈ, ਉਥੇ ਅੱਖਰ ਜ਼ਰੂਰ ਵਰਤੇ ਜਾਵਣਗੇ ਤੇ ਜਿਥੇ ਬੋਲੀ ਨਹੀਂ ਉਥੇ ਮਨ ਨਹੀਂ ਠਹਿਰ ਸਕਦਾ, ਭਾਵ ਬੋਲੀ ਬਿਨਾਂ ਕੋਈ ਖ਼ਿਆਲ ਨਹੀਂ ਬੰਨ੍ਹ ਸਕਦੇ। ਇਨ੍ਹਾਂ ਦੋਹਾਂ ਹਾਲਤਾਂ ਵਿੱਚ ਹਰੀ ਹੈ ਤਾਂ ਸਹੀ, ਪਰ ਜੈਸਾ ਉਹ ਹੈ, ਤੈਸਾ ਕੋਈ ਵੀ ਪੂਰਨ ਤੌਰ 'ਤੇ ਲਖ ਨਹੀਂ ਸਕਦਾ। ਥੋੜ੍ਹਾ ਬਹੁਤ ਪ੍ਰਕਾਸ਼ ਤਾਂ ਹੋ ਜਾਂਦਾ ਹੈ, ਪਰ ਉਸ ਨੂੰ ਮੁਕੰਮਲ ਤੌਰ 'ਤੇ ਜਾਨਣਾ ਅਸੰਭਵ ਹੈ।

† ਕੱਕਾ ਅੱਖਰ ਦੁਆਰਾ ਦੱਸਦੇ ਹਨ ਕਿ ਜਦ ਗਿਆਨ-ਕਿਰਨ ਹਿਰਦੇ-ਕਮਲ ਵਿੱਚ ਆ ਗਈ ਤਾਂ ਚੰਦ੍ਰਮਾ ਦੇ ਬਿਗਾਸ, ਭਾਵ ਮਾਇਆ ਦੇ ਚਮਤਕਾਰ, ਹਿਰਦੇ ਰੂਪ ਸੰਪਟ (ਡੱਬੇ) ਵਿੱਚ ਨਹੀਂ ਆ ਸਕਦੇ। (ਚੰਨ ਨੂੰ ਮਾਇਆ ਇਸ ਲਈ ਕਿਹਾ ਹੈ ਕਿ ਇਸ ਦਾ ਆਪਣਾ ਚਾਨਣਾ ਕੋਈ ਨਹੀਂ। ਮਾਇਆ ਨੇ ਵੀ ਵਾਹਿਗੁਰੂ ਤੋਂ ਜਗਤ-ਪ੍ਰਬੰਧ ਵਿੱਚ ਪ੍ਰਵੇਸ਼ ਲਿਆ।) ਹੁਣ ਜੋ ਰਸ ਇਸ ਆਤਮ-ਕੁਸਮ (ਫੁਲ) ਦਾ ਲੱਭਾ ਹੈ ਕਥਨ ਤੋਂ ਬਾਹਰ ਹੈ, ਪਰ ਜੇ ਕਥਾਂ ਤਾਂ ਸਮਝਾਵਾਂ ਕਿਸ ਨੂੰ?

ਸੁਰਝਿ[੧] ਨਹੀ ਜਾਨਾ ॥ [੨]ਰਹਿਓ ਝਝਕਿ ਨਾਹੀ ਪਰਵਾਨਾ ॥ [੩]ਕਤ ਝਖਿ ਝਖਿ
ਅਉਰਨ ਸਮਝਾਵਾ ॥ ਝਗਰੁ ਕੀਏ ਝਗਰਉ ਹੀ ਪਾਵਾ ॥ ੧੫ ॥ ਞੰਞਾ
[੪]ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ ॥ ਜਾ ਕਾਰਣਿ ਜਗੁ
ਢੂਢਿਅਉ ਨੇਰਉ[੫] ਪਾਇਅਉ ਤਾਹਿ ॥ ੧੬ ॥ ਟਟਾ ਬਿਕਟ[੬] ਘਾਟ ਘਟ
ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥ ਦੇਖਿ ਅਟਲ ਟਲਿ ਕਤਹਿ
ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥ ੧੭ ॥ ਠਠਾ ਇਹੈ ਦੂਰਿ
ਠਗ ਨੀਰਾ[੭] ॥ [੮]ਨੀਠਿ ਨੀਠਿ ਮਨੁ ਕੀਆ ਧੀਰਾ[੯] ॥ [੧੦]ਜਿਨਿ ਠਗਿ ਠਗਿਆ
ਸਗਲ ਜਗੁ ਖਾਵਾ ॥ [੧੧]ਸੋ ਠਗੁ ਠਗਿਆ ਠਉਰ ਮਨੁ ਆਵਾ ॥ ੧੮ ॥
ਡਡਾ [੧੨]ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥
ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ [੧੩]ਉਰ ਹੋਇ
ਭਾਗੈ ॥ ੧੯ ॥ ਢਢਾ ਢਿਗ[੧੪] ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ
ਪਰਾਨਾ ॥ ਚੜਿ ਸੁਮੇਰਿ[੧੫] ਢੂਢਿ ਜਬ ਆਵਾ ॥ [੧੬]ਜਿਹ ਗੜੁ ਗੜਿਓ ਸੁ
ਗੜ ਮਹਿ ਪਾਵਾ ॥ ੨੦ ॥ ਣਾਣਾ [੧੭]ਰਣਿ ਰੂਤਉ ਨਰ ਨੇਹੀ[੧੮] ਕਰੈ ॥ ਨਾ
ਨਿਵੈ ਨਾ ਫੁਨਿ ਸੰਚਰੈ[੧੯] ॥ ਧੰਨਿ ਜਨਮੁ ਤਾਹੀ ਕੋ ਗਣੈ ॥ [੨੦]ਮਾਰੈ ਏਕਹਿ
ਤਜਿ ਜਾਇ ਘਣੈ ॥ ੨੧ ॥ ਤਤਾ ਅਤਰ[੨੧] ਤਰਿਓ ਨਹ ਜਾਈ ॥ [੨੨]ਤਨ
ਤ੍ਰਿਭਵਣ ਮਹਿ ਰਹਿਓ ਸਮਾਈ ॥ ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥
ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥ ੨੨ ॥ ਥਥਾ ਅਥਾਹ ਥਾਹ ਨਹੀ
ਪਾਵਾ ॥ ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥ [੨੩]ਥੋੜੈ ਥਲਿ ਥਾਨਕ ਆਰੰਭੈ ॥
ਬਿਨੁ ਹੀ ਥਾਭਹ ਮੰਦਿਰੁ ਥੰਭੈ ॥ ੨੩ ॥ ਦਦਾ ਦੇਖਿ ਜੁ ਬਿਨਸਨਹਾਰਾ ॥
[੨੪]ਜਸ ਅਦੇਖਿ ਤਸ ਰਾਖਿ ਬਿਚਾਰਾ ॥ ਦਸਵੈ ਦੁਆਰਿ [੨੫]ਕੁੰਚੀ ਜਬ ਦੀਜੈ ॥
ਤਉ ਦਇਆਲ ਕੋ ਦਰਸਨੁ ਕੀਜੈ ॥ ੨੪ ॥ ਧਧਾ *ਅਰਧਹਿ ਉਰਧ
ਨਿਬੇਰਾ ॥ ਅਰਧਹਿ ਉਰਧਹ ਮੰਝਿ ਬਸੇਰਾ ॥ ਅਰਧਹ ਛਾਡਿ ਉਰਧ ਜਉ
ਆਵਾ ॥ ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥ ੨੫ ॥ ਨੰਨਾ [੨੬]ਨਿਸਿ
ਦਿਨੁ ਨਿਰਖਤ ਜਾਈ ॥ ਨਿਰਖਤ ਨੈਨ ਰਹੇ ਰਤਵਾਈ[੨੭] ॥ ਨਿਰਖਤ ਨਿਰਖਤ
ਜਬ ਜਾਇ ਪਾਵਾ ॥ [੨੮]ਤਬ ਲੇ ਨਿਰਖਹਿ ਨਿਰਖ ਮਿਲਾਵਾ ॥ ੨੬ ॥ ਪਪਾ
ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ[੨੯] ਲਾਵਾ ॥ ਪਾਂਚਉ
ਇੰਦ੍ਰੀ ਨਿਗ੍ਰਹ[੩੦] ਕਰਈ ॥ [੩੧]ਪਾਪੁ ਪੁੰਨੁ ਦੋਊ ਨਿਰਵਰਈ ॥ ੨੭ ॥ ਫਫਾ
[੩੨]ਬਿਨੁ ਫੂਲਹ ਫਲੁ ਹੋਈ ॥ ਤਾ ਫਲ ਫੰਕ ਲਖੈ ਜਉ ਕੋਈ ॥ ਦੂਣਿ[੩੩]
ਨ ਪਰਈ ਫੰਕ ਬਿਚਾਰੈ ॥ ਤਾ ਫਲ ਫੰਕ ਸਭੈ ਤਨ ਫਾਰੈ ॥ ੨੮ ॥ ਬਬਾ
[੩੪]ਬਿੰਦਹਿ ਬਿੰਦ ਮਿਲਾਵਾ ॥ ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥ ਬੰਦਉ[੩੫]

੧ ਸੁਲਝਣਾ, ਛੁਟਣਾ, ਨਿਕਲਨਾ।
੨ ਡਰਦਾ ਰਹਿੰਦਾ ਹੈ ਤੇ ਪ੍ਰਵਾਣ ਨਹੀਂ ਹੁੰਦਾ।
੩ ਕਿਸ ਲਈ ਬਕਬਾਦ ਕਰਕੇ ਹੋਰਨਾਂ ਨੂੰ ਸਮਝਾਂਦਾ ਫਿਰਦਾ ਹੈਂ?
੪ ਜੋ ਹਿਰਦੇ ਦੇ ਨੇੜੇ ਹੀ ਵੱਸਦਾ ਹੈ।
੫ ਨੇੜੇ।
੬ ਬਿਖੜਾ, ਔਖਾ। ਜਿਸ ਨੂੰ ਔਖਾ ਰਸਤਾ ਸਮਝਦਾ ਹੈਂ, ਉਹ ਅੰਦਰ ਹੀ ਹੈ; ਦਰਵਾਜ਼ੇ ਖੋਲ੍ਹ ਕੇ ਮਹੱਲ ਵਿੱਚ ਕਿਉਂ ਨਹੀਂ ਜਾਂਦਾ? ਉਸ ਅਟੱਲ ਹਰੀ ਨੂੰ ਦੇਖ ਕੇ ਮੈਂ ਉਸ ਪਾਸ ਜਾਣੋਂ ਰੁਕ ਨਹੀਂ ਸਕਦਾ। ਉਸ ਨੂੰ ਚੰਬੜ ਕੇ ਦਿਲ ਦੀ ਨਿਸ਼ਾ ਹੋਵੇਗੀ।
੭ ਧੋਖੇ ਵਾਲਾ ਪਾਣੀ, ਮ੍ਰਿਗ-ਤ੍ਰਿਸ਼ਨਾ (ਵਿਸ਼ੇ ਵਿਕਾਰ ਰੂਪ)। ਇਸ ਮ੍ਰਿਗ-ਤ੍ਰਿਸ਼ਨਾ ਨੂੰ ਦੂਰ ਕੀਤਾ ਹੈ।
੮ ਮਸੀਂ-ਮਸੀਂ, ਜਤਨਾਂ ਨਾਲ।
੯ ਧੀਰਜ ਵਾਲਾ।
੧੦ ਜਿਸ ਮਾਇਆ ਠੱਗ ਨੇ।
੧੧ ਉਸ ਠੱਗ ਨੂੰ ਠੱਗ ਕੇ ਮਨ ਥਾਂ ਸਿਰ ਆ ਗਿਆ।
੧੨ ਜੇ ਹਰੀ ਦਾ ਡਰ ਪੈਦਾ ਹੋਵੇ ਤਾਂ ਡਰ ਚਲਾ ਜਾਂਦਾ ਹੈ। ਉਸ ਡਰ ਵਿੱਚ ਬਾਕੀ ਡਰ ਸਮਾਅ (ਮੁਕ) ਜਾਂਦੇ ਹਨ। ਜਦੋਂ ਇਸ ਡਰ ਤੋਂ ਡਰਦਾ ਹੈ, ਭਾਵ ਇਸ ਡਰ ਨੂੰ ਨਹੀਂ ਮੰਨਦਾ, ਤਾਂ ਫਿਰ ਹੋਰ ਡਰ ਆ ਲੱਗਦਾ ਹੈ। ਜੇ ਅਸਲ ਨਿਡਰ ਹੋ ਜਾਵੇ ਤਾਂ ਦਿਲ ਤੋਂ ਸਭ ਡਰ ਨੱਸ ਜਾਂਦੇ ਹਨ।
੧੩ ਦਿਲੋਂ ਹੋ ਕੇ।
੧੪ ਤਰਫ਼ਾਂ। ਹੋਰ ਪਾਸੇ ਕਿਸ ਲਈ ਢੂੰਡਦਾ ਹੈਂ?
੧੫ ਸੁਮੇਰ ਪਹਾੜ 'ਤੇ; ਭਾਵ ਦੂਰ-ਦੂਰ ਜਾ ਕੇ।
੧੬ ਜਿਸ ਹਰੀ ਨੇ ਇਹ ਗੜ੍ਹ (ਸਰੀਰ ਰੂਪ ਕਿਲ੍ਹਾ) ਘੜਿਆ ਹੈ, ਉਸ ਨੂੰ ਇਸ ਕਿਲ੍ਹੇ ਵਿੱਚ ਲੱਭ ਲਿਆ।
੧੭ ਜੰਗ ਵਿੱਚ ਰੁਝਿਆ ਹੋਇਆ।
੧੮ ਪਕਿਆਈ, ਦ੍ਰਿੜ੍ਹਤਾ।
੧੯ ਮੇਲ ਕਰੇ। ਨਾ ਕਾਮਾਦਿਕਾਂ ਅੱਗੇ ਨਿਵੇਂ ਨਾ ਮੇਲ ਕਰੇ।
੨੦ ਜੋ ਇਕ ਮਨ ਨੂੰ ਮਾਰਦਾ ਹੈ ਤੇ ਬਹੁਤਿਆਂ (ਕਾਮਾਦਿਕ) ਨੂੰ ਛੱਡਦਾ ਹੈ।
੨੧ ਨਾ ਤਰਿਆ ਜਾਵਣ ਵਾਲਾ, ਸੰਸਾਰ ਸਾਗਰ।
੨੨ ਤਨ ਸੰਸਾਰ ਵਿੱਚ, ਭਾਵ ਸੰਸਾਰਕ ਪਦਾਰਥਾਂ ਵਿੱਚ ਖਚਿਤ ਹੈ, ਪਰ ਜੇ ਸੰਸਾਰਕ ਪਦਾਰਥ ਤਨ ਵਿੱਚ ਹੀ ਖਤਮ ਹੋ ਜਾਵਣ ਤਾਂ ਹਰੀ ਤੱਤ ਵਿੱਚ ਆਤਮ ਤੱਤ ਲੀਨ ਹੋ ਕੇ ਸੱਚ ਪਾਂਦਾ ਹੈ।
੨੩ ਥੋੜ੍ਹੇ ਜਿਹੇ ਥਾਂ ਵਿੱਚ ਬਸਤੀ ਪਾਉਣ ਲੱਗਦਾ ਹੈ। ਥੰਮ੍ਹਾਂ ਤੋਂ ਬਿਨਾਂ ਹੀ ਮੰਦਰ ਥੰਮ੍ਹਣ ਦਾ ਵਿਅਰਥ ਯਤਨ ਕਰਦਾ ਹੈ।
੨੪ ਜੋ ਹਰੀ ਦਿੱਸਦਾ ਨਹੀਂ, ਉਸ ਦਾ ਧਿਆਨ ਧਰ।
੨੫ ਚਾਬੀ ਦਈਦੀ ਹੈ, ਖੋਲ੍ਹੀਦਾ ਹੈ।
੨੬ ਤੱਕਦਿਆਂ-ਤੱਕਦਿਆਂ ਰਾਤ ਦਿਨ ਲੰਘ ਜਾਂਦੇ ਹਨ, ਤੱਕ ਤੱਕ ਕੇ ਅੱਖਾਂ ਲਾਲ ਹੋ ਜਾਂਦੀਆਂ ਹਨ।
੨੭ ਰੱਤ ਵਰਗੇ ਲਾਲ।
੨੮ ਜਿਸ ਦਾ ਰਾਹ ਤੱਕਦਾ ਸੀ, ਉਹ ਤੱਕਣ ਵਾਲੇ ਨੂੰ ਨਾਲ ਲੈ ਕੇ ਆਪਣੇ ਵਿੱਚ ਮਿਲਾ ਲੈਂਦਾ ਹੈ।
੨੯ ਸ਼ਰਧਾ, ਪਿਆਰ।
੩੦ ਮਨ ਇੰਦ੍ਰਿਆਂ ਨੂੰ ਰੋਕਣ ਦੀ ਕ੍ਰਿਆ।
੩੧ ਕਰਮ ਅਕਰਮ ਦਾ ਖ਼ਿਆਲ ਦੂਰ ਕਰਦਾ ਹੈ।
੩੨ ਕਰਮਾਂ ਦੇ ਫੁੱਲ ਤੋਂ ਬਿਨਾਂ ਜੋ ਫਲ (ਆਤਮ ਗਿਆਨ ਰੂਪ) ਪੈਦਾ ਹੁੰਦਾ ਹੈ, ਉਸ ਫਲ ਦੀ ਫਾੜੀ ਜੋ ਖਾਵੇ, ਉਹ ਇਸ ਗਿਆਨ ਫਾਂਕ ਦੇ ਵਿਚਾਰ ਦਾ ਸਦਕਾ ਚੁਰਾਸੀ ਵਿੱਚ ਨਹੀਂ ਪੈਂਦਾ। ਉਸ ਫਲ ਦੀ ਫਾੜੀ ਉਨ੍ਹਾਂ ਸਾਰੇ ਸਰੀਰਾਂ ਨੂੰ (ਜਿਨ੍ਹਾਂ ਵਿੱਚ ਅਸਾਂ ਭਟਕਣਾ ਸੀ) ਨਾਸ ਕਰ ਦਿੰਦੀ ਹੈ।
੩੩ ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ, ਵਾਦੀ, ਜਨਮ ਮਰਨ ਦੀ ਘਾਟੀ।
੩੪ ਬੂੰਦ ਵਿੱਚ ਬੂੰਦ ਮਿਲਦੀ ਹੈ (ਬ੍ਰਹਮ ਦਾ ਜੀਵ ਨਾਲ ਮੇਲ ਹੁੰਦਾ ਹੈ) ਫਿਰ ਬੂੰਦ ਤੋਂ ਬੂੰਦ ਦਾ ਵਿਛੋੜਾ ਨਹੀਂ ਹੋ ਸਕਦਾ।
੩੫ ਬੰਦਾ, ਸੇਵਕ।

* ਹੇਠੋਂ ਉੱਤੇ ਜਾਣ ਵਿੱਚ ਭਾਵ ਜੀਵ ਦਾ ਬ੍ਰਹਮ ਨਾਲ ਮੇਲ ਹੋਣ 'ਤੇ ਹੀ ਸੰਸਾਰਕ ਖੇਡ ਮੁੱਕਣੀ ਹੈ, ਫਿਰ ਜੀਵ ਦਾ ਬ੍ਰਹਮ ਵਿੱਚ ਵਾਸਾ ਹੋ ਜਾਂਦਾ ਹੈ। ਜੀਵ ਅਪਣੱਤ ਛੱਡ ਕੇ ਜਦ ਹਰੀ ਵੱਲ ਆਉਂਦਾ ਹੈ, ਤਾਂ ਜੀਵ ਨੂੰ ਹਰੀ ਮਿਲਦਾ ਹੈ ਤੇ ਉਹ ਸੁਖ ਪਾਉਂਦਾ ਹੈ।

ਹੋਇ ਬੰਦਗੀ ਗਹੈ ॥ [੧]ਬੰਦਕ ਹੋਇ ਬੰਧ ਸੁਧਿ ਲਹੈ ॥ ੨੯ ॥ ਭਭਾ [੨]ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥ ਜੋ ਬਾਹਰਿ ਸੋ ਭੀਤਰਿ ਜਾਨਿਆ ॥ [੩]ਭਇਆ ਭੇਦੁ ਭੂਪਤਿ ਪਹਿਚਾਨਿਆ ॥ ੩੦ ॥ ਮਮਾ [੪]ਮੂਲ ਗਹਿਆ ਮਨੁ ਮਾਨੈ ॥ [੫]ਮਰਮੀ ਹੋਇ ਸੁ ਮਨ ਕਉ ਜਾਨੈ ॥ [੬]ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥ ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ[੭] ਮਿਲਿਆ ਨ ਕੋਇ ॥ ੩੨ ॥ ਇਹੁ ਮਨੁ ਸਕਤੀ[੮] ਇਹੁ ਮਨੁ ਸੀਉ[੯] ॥ *ਇਹੁ ਮਨੁ ਪੰਚ ਤਤ ਕੋ ਜੀਉ ॥ [੧੦]ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥ ਯਯਾ ਜਉ ਜਾਨਹਿ ਤਉ ਦੁਰਮਤਿ ਹਨਿ[੧੧] ਕਰਿ ਬਸਿ ਕਾਇਆ ਗਾਉ ॥ ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥ ੩੪ ॥ ਰਾਰਾ [੧੨]ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥ ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ੩੫ ॥ ਲਲਾ ਐਸੇ ਲਿਵ ਮਨੁ ਲਾਵੈ ॥ ਅਨਤ[੧੩] ਨ ਜਾਇ ਪਰਮ ਸਚੁ ਪਾਵੈ ॥ ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ ਤਉ [੧੪]ਅਲਹ ਲਹੈ ਲਹਿ ਚਰਨ ਸਮਾਵੈ ॥ ੩੬ ॥ ਵਵਾ ਬਾਰ ਬਾਰ [੧੫]ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥ ਬਲਿ ਬਲਿ ਜੇ [੧੬]ਬਿਸਨ ਤਨਾ ਜਸੁ ਗਾਵੈ ॥ ਵਿਸਨ ਮਿਲੇ ਸਭ ਹੀ ਸਚੁ ਪਾਵੈ ॥ ੩੭ ॥ ਵਾਵਾ [੧੭]ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥ ਇਹੁ ਅਰੁ ਓਹੁ ਜਬ ਮਿਲੈ ਤਬ [੧੮]ਮਿਲਤ ਨ ਜਾਨੈ ਕੋਇ ॥ ੩੮ ॥ ਸਸਾ [੧੯]ਸੋ ਨੀਕਾ ਕਰਿ ਸੋਧਹੁ ॥ ਘਟ ਪਰਚਾ ਕੀ ਬਾਤ ਨਿਰੋਧਹੁ ॥ ਘਟ ਪਰਚੈ ਜਉ ਉਪਜੈ ਭਾਉ[੨੦] ॥ [੨੧]ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥ ੩੯ ॥ ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ [੨੨]ਬਹੁਰਿ ਨ ਹੋਈ ॥ ਖੋਜ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ[੨੩] ॥ ੪੦ ॥ [੨੪]ਸਸਾ ਸੋ ਸਹ ਸੇਜ ਸਵਾਰੈ ॥ ਸੋਈ ਸਹੀ ਸੰਦੇਹ ਨਿਵਾਰੈ ॥ ਅਲਪ[੨੫] ਸੁਖ ਛਾਡਿ ਪਰਮ ਸੁਖ ਪਾਵਾ ॥ ਤਬ ਇਹ ਤ੍ਰੀਅ[੨੬] ਉਹੁ ਕੰਤੁ ਕਹਾਵਾ ॥ ੪੧ ॥ ਹਾਹਾ [੨੭]ਹੋਤ ਹੋਇ ਨਹੀ ਜਾਨਾ ॥ ਜਬ ਹੀ ਹੋਇ ਤਬਹਿ ਮਨੁ ਮਾਨਾ ॥ ਹੈ ਤਉ ਸਹੀ ਲਖੈ ਜਉ ਕੋਈ ॥ [੨੮]ਤਬ ਓਹੀ ਉਹੁ ਏਹੁ ਨ ਹੋਈ ॥ ੪੨ ॥ [੨੯]ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥ [੩੦]ਲਖਿਮੀ ਬਰ ਸਿਉ ਜਉ ਲਿਉ ਲਾਵੈ ॥ ਸੋਗੁ ਮਿਟੈ ਸਭ ਹੀ ਸੁਖ ਪਾਵੈ ॥ ੪੩ ॥ ਖਖਾ [੩੧]ਖਿਰਤ ਖਪਤ ਗਏ ਕੇਤੇ ॥ ਖਿਰਤ ਖਪਤ ਅਜਹੂੰ ਨਹ ਚੇਤੇ ॥ [੩੨]ਅਬ ਜਗੁ ਜਾਨਿ ਜਉ ਮਨਾ ਰਹੈ ॥ [੩੩]ਜਹ ਕਾ ਬਿਛੁਰਾ ਤਹ ਥਿਰੁ

੧ ਜੋ ਬੰਦਨਾ ਕਰਦਾ ਹੈ, ਉਸ ਦੀ (ਵਾਹਿਗੁਰੂ) ਸੰਬੰਧੀ ਵਾਕੁਰ ਖ਼ਬਰ ਲੈਂਦਾ ਹੈ।
੨ ਜਦ ਭੇਤ ਵਿੱਚ ਭੇਤ ਮਿਲਾ ਦਿੱਤਾ, ਭਾਵ ਦਿਲ ਇਕ ਹੋ ਗਏ ਤਾਂ ਹੁਣ ਡਰ ਨੂੰ ਭੰਨ ਕੇ ਭਰੋਸਾ ਆ ਗਿਆ ਹੈ।
੩ ਭੇਤ ਮਲੂਮ ਹੋ ਗਿਆ ਤੇ ਹਰੀ ਰਾਜਾ ਪਛਾਣ ਲਿਆ।
੪ ਹਰੀ ਮੂਲ ਨੂੰ ਪਕੜਿਆਂ ਹੀ ਮਨ ਪਤੀਜਦਾ ਹੈ।
੫ ਭੇਤ ਜਾਨਣ ਵਾਲਾ।
੬ ਮਨ ਮਿਲਦੇ ਨੂੰ ਮਤ ਕੋਈ ਦੇਰੀ ਕਰੇ; ਭਾਵ ਮਨ ਨੂੰ ਹਰੀ ਨਾਲ ਮੇਲਣ ਵਿੱਚ ਦੇਰ ਨਾ ਕਰੋ।
੭ ਜੈਸਾ, ਵਰਗਾ।
੮ ਮਾਦੀ ਸਮਰਥਾ। *(Energy)*
੯ [ਸ਼ਿਵ] ਚੇਤਨ। *(Spirit)*
੧੦ ਇਸ ਮਨ ਨੂੰ ਉੱਚਾ ਲਿਜਾ ਕੇ ਜੋ ਗਿਆਨ ਪਦ ਵਿੱਚ ਰਹਿੰਦਾ ਹੈ, ਉਹ ਬ੍ਰਹਮ-ਗਿਆਨੀ ਹੈ, ਜੋ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸ ਸਕਦਾ ਹੈ। 'ਉਨਮਨਿ' ਲਈ ਦੇਖੋ 'ਪ੍ਰਾਨਸੰਗਲੀ' ਅਧਿਆਇ ੪।
੧੧ ਦੂਰ ਕਰ। ਜੇ ਤੈਨੂੰ ਕੁਝ ਗਿਆਨ ਮਿਲਿਆ ਹੈ, ਤਾਂ ਉਸ ਨਾਲ ਦੁਰਮਤ ਦੂਰ ਕਰ ਤੇ ਸਰੀਰ ਰੂਪ ਗ੍ਰਾਉਂ ਨੂੰ ਵੱਸ ਕਰ। ਤੇਰਾ ਨਾਮ ਸੂਰਮਾ ਤਾਂ ਹੈ ਜੇ ਰਣ ਵਿੱਚ ਰੁਝ ਕੇ ਮੁੜ ਨੱਸ ਨਾ ਜਾਵੇਂ।
੧੨ ਮਾਇਕ ਰਸਾਂ ਨੂੰ ਬੇਰਸ ਸਮਝਿਆ ਹੈ। ਇਸ ਤਰ੍ਹਾਂ ਬਿਨਾਂ-ਰਸ ਹੋਇਆਂ ਅਸਲ ਰਸ ਨੂੰ ਪਛਾਤਾ ਹੈ।
੧੩ ਹੋਰ ਥਾਂ।
੧੪ ਹਰੀ ਨੂੰ ਲਖਦਾ ਹੈ।
੧੫ ਹਰੀ ਨੂੰ ਯਾਦ ਕਰ।
੧੬ ਵਿਸ਼ਨ ਦੇ ਤਨਾ (ਪੁੱਤਰਾਂ) ਦਾ, ਸੰਤ-ਜਨਾਂ ਦਾ।
੧੭ ਉਸ ਹਰੀ ਨੂੰ ਜਾਣੀਏ; ਉਸ ਦੇ ਜਾਣਿਆਂ ਇਹ ਜੀਵ ਹਰੀ ਰੂਪ ਹੋ ਜਾਂਦਾ ਹੈ।
੧੮ ਐਸੇ ਅਭੇਦ ਕਿ ਕੋਈ ਜਾਣ ਨਹੀਂ ਸਕਦਾ।
੧੯ ਮਨ ਨੂੰ ਚੰਗੀ ਤਰ੍ਹਾਂ ਠੀਕ ਕਰੋ। ਇਸ ਤਰ੍ਹਾਂ ਨਿਰੋਧਹੁ (ਮਨ ਨੂੰ ਰੋਕੋ) ਕਿ ਮਨ ਅੰਤਰ-ਆਤਮੇ ਵਿੱਚ ਪਰਚ ਜਾਵੇ।
੨੦ ਸ਼ਰਧਾ, ਪਿਆਰ।
੨੧ ਫਿਰ ਉਥੇ ਤਿੰਨ ਲੋਕਾਂ ਦੇ ਪਤੀ ਦਾ ਵਾਸਾ ਹੋ ਜਾਂਦਾ ਹੈ।
੨੨ ਫਿਰ ਨਹੀਂ ਰਹਿੰਦਾ, ਨਹੀਂ ਜੰਮਦਾ ਮਰਦਾ।
੨੩ ਦੇਰੀ।
੨੪ ਜਿਸ ਸਖੀ ਦੀ ਉਹ ਵਾਹਿਗੁਰੂ ਸੇਜ ਸਵਾਰਦਾ ਹੈ, ਉਹ ਸਹੀ (ਸਖੀ) ਆਪਣੇ ਸੰਦੇਹ (ਸੰਸੇ) ਦੂਰ ਕਰ ਲੈਂਦੀ ਹੈ।
੨੫ ਥੋੜ੍ਹਾ, ਨਾਸਵੰਤ।
੨੬ ਇਸਤਰੀ।
੨੭ ਇਸ ਸੰਸਾਰ ਵਿੱਚ ਹੋ ਕੇ (ਪੈਦਾ ਹੋ ਕੇ) ਉਸ ਦੀ ਹੋਂਦ ਨਹੀਂ ਜਾਣੀ। ਜਦ ਹੋਂਦ ਦਾ ਯਕੀਨ ਹੋਇਆ ਤਾਂ ਮਨ ਨੂੰ ਸ਼ਾਂਤੀ ਆਈ।
੨੮ ਬ੍ਰਹਮ ਆਪ ਹੀ ਆਪ ਦਿੱਸ ਪੈਂਦਾ ਹੈ, ਇਹ ਜੀਵ ਉਸ ਤੋਂ ਅਡਰਾ ਨਹੀਂ ਦਿੱਸਦਾ।
੨੯ "ਇਹ ਲੈ ਲਵਾਂ", "ਔਹ ਲੈ ਲਵਾਂ" ਲੋਕ ਕਰਦੇ ਫਿਰਦੇ ਹਨ।
੩੦ ਲਛਮੀ ਦਾ ਪਤੀ, ਵਿਸ਼ਨੂੰ, ਭਾਵ ਹਰੀ।
੩੧ ਨਾਸ ਹੁੰਦੇ ਤੇ ਖਪਦੇ।
੩੨ ਜਗਤ ਦੀ ਅਸਲੀਅਤ (ਕਿ ਮਿਥਿਆ ਹੈ) ਨੂੰ ਜਾਣ ਕੇ ਆਪਣੇ ਮਨ ਅੰਦਰ ਟਿਕਿਆ ਰਹੇ।
੩੩ ਜਿਸ ਨਾਲੋਂ ਵਿਛੜਿਆ ਹੈ, ਉਸ ਨੂੰ ਮਿਲ ਪੈਂਦਾ ਹੈ ਤੇ ਥਿਰਤਾ ਪ੍ਰਾਪਤ ਕਰਦਾ ਹੈ।

* ਇਹ ਮਨ ਪੰਜਾਂ ਤੱਤਾਂ ਦਾ ਅੰਤ੍ਰੀਵੀ ਗੁਣ ਹੈ, ਜਿਸ ਨੂੰ 'ਪੰਚ ਭੂ ਆਤਮਾ' ਵੀ ਕਿਹਾ ਹੈ: "ਇਹੁ ਮਨੁ ਪੰਚ ਤਤੁ ਤੇ ਜਨਮਾ" (ਆਸਾ ਮ: ੧-੪੧੫)

ਲਹੈ ॥ ੪੪ ॥ [੧]ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥ ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ[੨] ਰਹੈ ॥ [੩]ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥ ਜਾ ਕੈ [੪]ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥ ੪੫ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਥਿਤੰੀ ਕਬੀਰ ਜੀ ਕੰੀ ॥ ਸਲੋਕੁ ॥ [੫]ਪੰਦ੍ਰਹ ਥਿਤੰੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥ [੬]ਸਾਧਿਕ ਸਿਧ ਲਖੈ ਜਉ ਭੇਉ[੭] ॥ [੮]ਆਪੇ ਕਰਤਾ ਆਪੇ ਦੇਉ ॥ ੧ ॥ ਥਿਤੰੀ ॥ ਅੰਮਾਵਸ[੯] ਮਹਿ ਆਸ ਨਿਵਾਰਹੁ[੧੦] ॥ [੧੧]ਅੰਤਰਜਾਮੀ ਰਾਮੁ ਸਮਾਰਹੁ ॥ ਜੀਵਤ[੧੨] ਪਾਵਹੁ ਮੋਖ ਦੁਆਰ ॥ [੧੩]ਅਨਭਉ ਸਬਦੁ ਤਤੁ ਨਿਜੁ ਸਾਰ ॥ ੧ ॥ ਚਰਨ ਕਮਲ ਗੋਬਿੰਦ ਰੰਗੁ ਲਾਗਾ ॥ [੧੪]ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ[੧੫] ਜਾਗਾ ॥ ੧ ॥ ਰਹਾਉ ॥ ਪਰਿਵਾ[੧੬] ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ[੧੭] ਅਪਾਰ ॥ ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੇ ਸਮਾਇ ॥ ੨ ॥ ਦੁਤੀਆ [੧੮]ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥ [੧੯]ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥ ੩ ॥ ਤ੍ਰਿਤੀਆ [੨੦]ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥ ਸਾਧਸੰਗਤਿ ਉਪਜੈ ਬਿਸ੍ਵਾਸ[੨੧] ॥ ਬਾਹਰਿ ਭੀਤਰਿ ਸਦਾ ਪ੍ਰਗਾਸ[੨੨] ॥ ੪ ॥ ਚਉਥਹਿ ਚੰਚਲ ਮਨ ਕਉ ਗਹਹੁ[੨੩] ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥ ਜਲ ਥਲ ਮਾਹੇ ਆਪਹਿ ਆਪ ॥ [੨੪]ਆਪੈ ਜਪਹੁ ਆਪਨਾ ਜਾਪ ॥ ੫ ॥ ਪਾਂਚੈ ਪੰਚ ਤਤ ਬਿਸਥਾਰ ॥ [੨੫]ਕਨਿਕ ਕਾਮਿਨੀ ਜੁਗ ਬਿਉਹਾਰ ॥ ਪ੍ਰੇਮ [੨੬]ਸੁਧਾ ਰਸੁ ਪੀਵੈ ਕੋਇ ॥ [੨੭]ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥ ਛਠਿ *ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ[੨੮] ਨਹੀ ਥਿਰਾ ਰਹਾਇ ॥ ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ [੨੯]ਕਰਮ ਧਰਮ ਕੀ ਸੂਲ ਨ ਸਹਹੁ ॥ ੭ ॥ ਸਾਤੈਂ ਸਤਿ ਕਰਿ ਬਾਚਾ[੩੦] ਜਾਣਿ ॥ [੩੧]ਆਤਮਰਾਮੁ ਲੇਹੁ ਪਰਵਾਣਿ ॥ ਛੂਟੈ ਸੰਸਾ ਮਿਟਿ ਜਾਹਿ ਦੁਖ ॥ [੩੨]ਸੁੰਨ ਸਰੋਵਰਿ ਪਾਵਹੁ ਸੁਖ ॥ ੮ ॥ ਅਸਟਮੀ †ਅਸਟ ਧਾਤੁ ਕੀ ਕਾਇਆ ॥ [੩੩]ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥ [੩੪]ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥ ੯ ॥ ਨਉਮੀ [੩੫]ਨਵੈ ਦੁਆਰ ਕਉ ਸਾਧਿ ॥ [੩੬]ਬਹਤੀ ਮਨਸਾ ਰਾਖਹੁ ਬਾਂਧਿ ॥ ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ

੧ ਬਵੰਜਾ ਅੱਖਰ ਆਣ ਜੋੜੇ, ਭਾਵ ਸਭ ਕੁਝ ਲਿਖਤ ਅੰਦਰ ਲਿਆ ਦਿੱਤਾ, ਪਰ ਅਸਲੀਅਤ ਦਾ ਇਕ ਅੱਖਰ ਭੀ ਨਾ ਉਠਾਲ ਸਕਿਆ। ਉਹ ਅਸਲੀਅਤ ਵਾਹਿਗੁਰੂ ਦੀ ਅ-ਖਰ (ਨਾ ਖਰਨ ਵਾਲੀ, ਨਾਸ-ਰਹਿਤ) ਹਸਤੀ ਹੈ।

੨ ਵਾਹਿਗੁਰੂ ਵਿੱਚ।

੩ ਪੰਡਤਾਂ ਨੇ ਤਾਂ ਲੋਕਾਂ ਨੂੰ ਅੱਖਰ ਦੱਸਣੇ ਵਿਹਾਰ ਬਣਾਇਆ ਹੋਇਆ ਹੈ।

੪ ਆਪਣੇ ਅੰਦਰ ਦੀ ਸਮਝ ਅਨੁਸਾਰ।

੫ ਜੋ ਇਨ੍ਹਾਂ ਥਿੱਤਾਂ ਵਾਰਾਂ ਦੇ ਚੰਗੇ ਜਾਂ ਮੰਦੇ ਹੋਣ ਦੇ ਭਰਮਾਂ ਵਿੱਚ ਪੈਂਦਾ ਹੈ, ਉਸ ਦਾ ਲੋਕ ਪਰਲੋਕ ਗਵੀਚਦਾ ਹੈ।

੬ ਅਭਿਆਸੀ ਆਦਮੀ ਅਤੇ ਗਿਆਨੀ।

੭ ਭੇਦ।

੮ ਉਹ ਆਪ ਹਰੀ ਰੂਪ ਹੋ ਜਾਂਦਾ ਹੈ।

੯ ਮਸਿਆ ਦੀ ਥਿੱਤ ਦੁਆਰਾ ਦੱਸਦੇ ਹਨ।

੧੦ ਦੂਰ ਕਰੋ।

੧੧ ਅੰਦਰ ਚੀਆਂ ਜਾਨਣ ਵਾਲੇ ਹਰੀ ਨੂੰ ਯਾਦ ਕਰੋ।

੧੨ ਇਸੇ ਜ਼ਿੰਦਗੀ ਵਿੱਚ।

੧੩ ਸਾਰ ਨਿਜ-ਤੱਤ (ਆਪਣੇ ਸ੍ਰੇਸ਼ਟ ਅਸਲੇ) ਦਾ ਤੇ (ਸ਼ਬਦ) ਬ੍ਰਹਮ ਦਾ ਗਿਆਨ ਹੁੰਦਾ ਹੈ।

੧੪ ਗੁਰੂ ਦੀ ਕਿਰਪਾ ਨਾਲ।

੧੫ ਹਰ ਰੋਜ਼।

੧੬ ਏਕਮ ਥਿੱਤ ਦੁਆਰਾ ਕਹਿੰਦੇ ਹਨ।

੧੭ ਘਟ (ਸਰੀਰ) ਰਹਤ ਹਰੀ।

੧੮ ਦੋ ਅੰਗ ਸੰਸਾਰ ਦੇ ਸਮਝੋ ਇਕ ਮਾਇਆ ਤੇ ਦੂਜਾ ਬ੍ਰਹਮ। ਇਹ ਦੋਵੇਂ ਸਭ ਨਾਲ ਰਮੇ (ਮਿਲੇ) ਹਨ।

੧੯ ਜੋ ਕੁਲ-ਰਹਿਤ ਹਰੀ ਦੇ ਪਿਆਰ ਵਿੱਚ ਹੈ ਉਹ ਘਟਦਾ ਵਧਦਾ ਨਹੀਂ।

੨੦ ਤਿੰਨਾਂ ਗੁਣਾਂ ਨੂੰ ਇਕੋ ਜੇਹਾ ਕਰੇ, ਭਾਵ ਖਤਮ ਕਰ ਦੇਵੇ, ਤੇ ਚੌਥੇ ਪਦ ਵਿੱਚ ਵੱਸੇ।

੨੧ ਸ਼ਰਧਾ।

੨੨ ਚਾਨਣਾ।

੨੩ ਪਕੜੋ, ਕਾਬੂ ਕਰੋ।

੨੪ ਬ੍ਰਹਮ ਰੂਪ ਹੋ ਜਾਣ ਕਰਕੇ ਆਪਣਾ ਜਾਪ ਆਪ ਹੀ ਜਪਦੇ ਹੋਵੋਗੇ।

੨੫ ਸੋਨੇ ਅਤੇ ਇਸਤਰੀ ਵਿੱਚ ਜਗਤ ਲੱਗਾ ਹੈ।

੨੬ ਅੰਮ੍ਰਿਤ-ਰਸ।

੨੭ ਬੁਢੇਪੇ ਤੇ ਮੌਤ ਦਾ ਦੁੱਖ।

੨੮ ਗਿਆਨ।

੨੯ ਕਰਮਾਂ ਧਰਮਾਂ ਦੇ ਬੰਧਨਾਂ ਦੀ ਪੀੜ।

੩੦ ਬਚਨ, ਬਾਣੀ।

੩੧ ਹਰੀ ਪ੍ਰਵਾਣ ਹੋ ਕੇ ਆਤਮ-ਰਾਮ (ਵਾਹਿਗੁਰੂ) ਨੂੰ ਪ੍ਰਾਪਤ ਕਰੋ।

੩੨ ਅਫੁਰ ਅਵਸਥਾ ਰੂਪ ਸਰੋਵਰ ਵਿੱਚ।

੩੩ ਉਸ ਵਿੱਚ ਕੁਲ-ਰਹਿਤ ਮਹਾਂ ਖ਼ਜ਼ਾਨੇ ਦਾ ਰਾਜਾ ਵਾਹਿਗੁਰੂ ਵੱਸਦਾ ਹੈ।

੩੪ ਗੁਰੂ ਨੂੰ ਪਹੁੰਚ ਕੇ ਪ੍ਰਾਪਤ ਕੀਤਾ ਗਿਆਨ ਇਹ ਭੇਦ ਦੱਸਦਾ ਹੈ ਕਿ ਵਾਹਿਗੁਰੂ ਸਭ ਵਿੱਚ ਪ੍ਰਵੇਸ਼ ਕਰਦਾ ਹੋਇਆ ਵੀ ਅਭੰਗ ਅਛੇਦ (ਅਬਿਨਾਸੀ) ਹੈ। ਸਰੀਰਕ ਦੁਨੀਆਂ ਵੱਧਦੀ ਘਟਦੀ ਹੈ ਪਰ ਉਹ ਇਸ ਵਿੱਚ ਪ੍ਰਵੇਸ਼ ਕਰਦਾ ਹੋਇਆ ਵੀ ਅਬਿਨਾਸੀ ਹੈ।

੩੫ ਨੌਂ ਗੋਲਕਾਂ ਦੇ ਰਸਾਂ ਨੂੰ ਰੋਕ ਰੱਖ। ਨੌਂ ਦਵਾਰੇ ਮੂੰਹ, ਨੱਕ ਆਦਿ।

੩੬ ਵਗਦੀਆਂ ਖ਼ਾਹਸ਼ਾਂ ਨੂੰ ਬੰਨ੍ਹ ਕੇ ਰੱਖੋ।

* ਛੇ ਚੱਕਰਾਂ ਵਾਲਾ ਸਰੀਰ ਸਭ ਪਾਸੇ ਦੌੜਦਾ ਹੈ। ਛੇ ਦਿਸ਼ਾਂ ਇਹ ਹਨ-ਚੜ੍ਹਦਾ, ਲਹਿੰਦਾ, ਪਹਾੜ, ਦੱਖਣ, ਪਤਾਲ, ਅਕਾਸ਼। 'ਛੇ ਚੱਕਰ' ਲਈ ਦੇਖੋ ਪੰਨਾ ੩੩੩, ਫੁਟ ਨੋਟ †।

† ਖਲੜੀ, ਵਾਲ, ਲਹੂ, ਨਾੜਾਂ, ਹੱਡੀ, ਪਠੇ, ਚਰਬੀ, ਵੀਰਜ; ਇਹ ਅੱਠ ਸਰੀਰ ਦੀਆਂ ਧਾਤਾਂ ਹਨ।

ਜੀਵਹੁ [੧]ਅਮਰ ਫਲ ਖਾਹੁ ॥ ੧੦ ॥ ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥ ਜੋਤਿ ਸਰੂਪੀ ਤਤ ਅਨੂਪ[੨] ॥ [੩]ਅਮਲ ਨ ਮਲ ਨ ਛਾਹ ਨਹੀ ਧੂਪ ॥ ੧੧ ॥ ਏਕਾਦਸੀ [੪]ਏਕ ਦਿਸ ਧਾਵੈ ॥ ਤਉ [੫]ਜੋਨੀ ਸੰਕਟ ਬਹੁਰਿ ਨ ਆਵੈ ॥ ਸੀਤਲ[੬] ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ[੭] ॥ ੧੨ ॥ [੮]ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥ ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ[੯] ॥ ੧੩ ॥ [੧੦]ਤੇਰਸਿ ਤੇਰਹ ਅਗਮ ਬਖਾਣਿ ॥ ਅਰਧ ਉਰਧ ਬਿਚਿ ਸਮ ਪਹਿਚਾਣਿ ॥ ਨੀਚ ਊਚ ਨਹੀ [੧੧]ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥ ੧੪ ॥ ਚਉਦਸਿ [੧੨]ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ[੧੩] ॥ ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥ ੧੫ ॥ [੧੪]ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥ ਆਦਿ ਅੰਤਿ ਮਧਿ ਹੋਇ ਰਹਿਆ ਥੀਰ[੧੫] ॥ ਸੁਖ ਸਾਗਰ ਮਹਿ ਰਮਹਿ[੧੬] ਕਬੀਰ ॥ ੧੬ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਵਾਰ* ਕਬੀਰ ਜੀਉ ਕੇ ੭ ॥

ਬਾਰ ਬਾਰ ਹਰਿ ਕੇ ਗੁਨ ਗਾਵਉ ॥ [੧੭]ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ ੧ ॥ ਰਹਾਉ ॥ ਆਦਿਤ[੧੮] ਕਰੈ ਭਗਤਿ ਆਰੰਭ ॥ ਕਾਇਆ ਮੰਦਰ [੧੯]ਮਨਸਾ ਥੰਭ ॥ ਅਹਿਨਿਸਿ ਅਖੰਡ ਸੁਰਹੀ[੨੦] ਜਾਇ ॥ ਤਉ ਅਨਹਦ ਬੇਣੁ[੨੧] ਸਹਜ ਮਹਿ ਬਾਇ[੨੨] ॥ ੧ ॥ ਸੋਮਵਾਰਿ ਸਸਿ[੨੩] ਅੰਮ੍ਰਿਤੁ ਝਰੈ ॥ [੨੪]ਚਾਖਤ ਬੇਗਿ ਸਗਲ ਬਿਖ ਹਰੈ ॥ [੨੫]ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ[੨੬] ਪੀਵਨਹਾਰ ॥ ੨ ॥ ਮੰਗਲਵਾਰੇ ਲੇ ਮਾਹੀਤਿ[੨੭] ॥ ਪੰਚ ਚੋਰ ਕੀ ਜਾਣੈ ਰੀਤਿ ॥ ਘਰ ਛੋਡੇਂ ਬਾਹਰਿ ਜਿਨਿ[੨੮] ਜਾਇ ॥ [੨੯]ਨਾਤਰੁ ਖਰਾ ਰਿਸੈ ਹੈ ਰਾਇ ॥ ੩ ॥ ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥ ਗੁਰ ਮਿਲਿ [੩੦]ਦੋਊ ਏਕ ਸਮ ਧਰੈ ॥ [੩੧]ਉਰਧ ਪੰਕ ਲੈ ਸੂਧਾ ਕਰੈ ॥ ੪ ॥ ਬ੍ਰਿਹਸਪਤਿ[੩੨] ਬਿਖਿਆ ਦੇਇ ਬਹਾਇ ॥ [੩੩]ਤੀਨਿ ਦੇਵ ਏਕ ਸੰਗਿ ਲਾਇ ॥ [੩੪]ਤੀਨਿ ਨਦੀ ਤਹ ਤ੍ਰਿਕੁਟੀ[੩੫] ਮਾਹਿ ॥ ਅਹਿਨਿਸਿ ਕਸਮਲ[੩੬] ਧੋਵਹਿ ਨਾਹਿ ॥ ੫ ॥ [੩੭]ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ ॥ [੩੮]ਅਨਦਿਨ ਆਪਿ ਆਪ ਸਿਉ ਲੜੈ ॥ [੩੯]ਸੁਰਖੀ ਪਾਂਚਉ ਰਾਖੈ ਸਬੈ ॥ [੪੦]ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥ ੬ ॥ ਥਾਵਰ[੪੧] ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ[੪੨] ਘਟ ਮਹਿ ਜੋਇ ॥ ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ

੧ ਮੌਤ-ਰਹਿਤ ਕਰਨ ਵਾਲਾ ਫਲ।
੨ ਜਿਸ ਦੀ ਉਪਮਾ ਨਾ ਹੋ ਸਕੇ।
੩ ਮਲ-ਰਹਤ ਤੇ ਮਲ, ਛਾਂ ਤੇ ਧੁੱਪ ਇਹ ਦੋ ਪੱਖ ਉਥੇ ਵਰਤੇ ਨਹੀਂ ਜਾ ਸਕਦੇ, ਕਿਉਂਕਿ ਉਥੇ ਤਾਂ ਇਕਾਗਰਤਾ ਹੈ।
੪ ਇਕ ਵਾਹਿਗੁਰੂ ਵੱਲ ਮਨ ਦੌੜੇ।
੫ ਜਨਮ ਮਰਨ ਦਾ ਦੁੱਖ।
੬ ਠੰਢਾ।
੭ ਨੇੜੇ।
੮ ਬਾਰ੍ਹਵੀਂ ਥਿੱਤ ਦਵਾਰਾ ਕਹਿੰਦੇ ਹਨ ਕਿ ਇੰਨਾ ਗਿਆਨ ਪ੍ਰਕਾਸ਼ਿਆ ਹੈ ਕਿ ਮਾਨੋ ੧੨ ਸੂਰਜ ਚੜ੍ਹ ਪਏ ਹਨ ਤੇ ਦਿਨ ਰਾਤ ਅਨਹਦ ਧੁਨੀ ਦਾ ਤੁਰਮ ਵਜਦਾ ਰਹਿੰਦਾ ਹੈ (ਭਾਵ ਅਨੰਤ ਖੁਸ਼ੀ ਪ੍ਰਗਟੀ ਹੈ)। ਤਿੰਨਾਂ ਲੋਕਾਂ ਦਾ ਪਤੀ ਵੇਖਿਆ ਹੈ, ਅਸਚਰਜ ਖੇਡ ਵਰਤੀ ਹੈ ਕਿ ਜੀਵ ਹਰੀ ਰੂਪ ਹੋ ਗਿਆ ਹੈ (ਜੀਵ ਤੋਂ ਰੱਬ ਬਣ ਗਿਆ ਹੈ) 'ਅਨਹਦ' ਲਈ ਵੇਖੋ ਪੰਨਾ ੯੧, ਨੋਟ ੨੪।
੯ [ਸ਼ਿਵ] ਵਾਹਿਗੁਰੂ।
੧੦ ਤੇਰ੍ਹਵੀਂ ਥਿੱਤ ਦੁਆਰਾ ਦੱਸਦੇ ਹਨ ਕਿ ਤੇਰ੍ਹਾਂ ਆਗਮ (ਚਾਰ ਵੇਦ, ਛੇ ਵੇਦਾਂਗ, ਸਿੰਮ੍ਰਿਤੀ, ਪੁਰਾਣ, ਤੰਤ੍ਰ ਸ਼ਾਸਤਰ) ਇਹ ਕਹਿੰਦੇ ਹਨ ਕਿ ਅਰਧ ਉਰਧ (ਹੇਠ ਉੱਤੇ, ਭਾਵ ਸਭ ਥਾਈਂ) ਹਰੀ ਨੂੰ ਇਕੋ ਜੇਹਾ ਪਛਾਣ।
੧੧ ਆਦਰ ਤੇ ਅਪਮਾਨ (ਨਿਆਦਰੀ)।
੧੨ ਚੌਦਾਂ ਲੋਕਾਂ ਵਿੱਚ। ਚੌਦਾਂ ਲੋਕ=੭ ਉੱਤੇ ਤੇ ੭ ਥੱਲੇ।
੧੩ [ਮੁਰ ਰਾਖਸ਼ ਨੂੰ ਮਾਰਨ ਵਾਲਾ; ਕ੍ਰਿਸ਼ਨ] ਹਰੀ।
੧੪ ਪੂੰਨਿਆ ਦਵਾਰਾ ਦੱਸਦੇ ਹਨ ਕਿ ਪੂਰਾ ਚੰਦ (ਵਾਹਿਗੁਰੂ) ਹਿਰਦੇ ਰੂਪ ਅਕਾਸ਼ ਵਿੱਚ ਪ੍ਰਕਾਸ਼ਿਆ ਹੈ, ਜਿਸ ਦੀ ਸ਼ਕਤੀ ਗਿਆਨ ਪ੍ਰਕਾਸ਼ ਕਰਦੀ ਹੈ।
੧੫ ਥਿਰ, ਸਦਾ ਕਾਇਮ।
੧੬ ਤੂੰ ਮਿਲਦਾ ਹੈਂ (ਹਰੀ ਸੁਖ-ਸਾਗਰ ਵਿੱਚ)।
੧੭ ਗੁਰੂ ਪਾਸ ਪਹੁੰਚ ਕੇ।
੧੮ ਐਤਵਾਰ ਨੂੰ।
੧੯ ਖ਼ਾਹਿਸ਼ਾਂ ਰੋਕੇ।
੨੦ ਬਿਰਤੀ। ਅਖੰਡ ਬਿਰਤੀ ਮਨ ਵਿੱਚ ਉਪਜਦੀ ਹੈ।
੨੧ ਵੀਣਾ।
੨੨ ਵੱਜਦੀ ਹੈ। ਅਨਹਦ ਵੀਣਾ ਸਹਜ ਅਵਸਥਾ ਵਿੱਚ ਵੱਜਦੀ ਹੈ।
੨੩ ਚੰਦ੍ਰਮਾ (ਵਾਹਿਗੁਰੂ ਰੂਪ)।
੨੪ ਚਖਦਿਆਂ ਹੀ ਛੇਤੀ ਨਾਲ ਸਭ ਵਿਸ਼ੇ-ਵਿਕਾਰ ਦੂਰ ਹੁੰਦੇ ਹਨ।
੨੫ ਬਾਣੀ ਦਵਾਰਾ ਰੋਕਿਆ ਹੋਇਆ ਮਨ।
੨੬ ਮਤਵਾਲਾ, ਮਸਤ, ਖੀਵਾ।
੨੭ [ਅਰਬੀ ਮਾਹੀਅਤ, ਅਸਲੀਅਤ] ਜਾਂਚ ਪੜਤਾਲ ਕਰ ਕੇ ਕਿਸੇ ਚੀਜ਼ ਦੀ ਅਸਲੀਅਤ ਲੱਭਣੀ। ਆਪਣੀ ਵਿੱਤ ਵੇਖ ਲਵੇ; ਆਪਣੀ ਹਾਲਤ ਨੂੰ ਪਰਖ ਕੇ ਅੰਦਾਜ਼ਾ ਲਾ ਲਵੇ; ਕਿ ਕਿਹੜੀ-ਕਿਹੜੀ ਕਮਜ਼ੋਰੀ ਹੈ ਜਿਥੇ ਹਮਲਾ ਹੋ ਸਕਦਾ ਹੈ। ਪੰਜਾਂ ਵੈਰੀਆਂ ਦੇ ਹਮਲਾ ਕਰਨ ਦਾ ਤਰੀਕਾ ਭੀ ਜਾਣ ਲਵੇ।
੨੮ ਹਰਗਿਜ਼ ਨਾ, ਮਤਾਂ।
੨੯ ਨਹੀਂ ਤਾਂ ਮਾਲਕ ਬਹੁਤ ਗੁੱਸੇ ਹੋਵੇਗਾ।
੩੦ ਹਿਰਦਾ-ਕਮਲ ਤੇ ਹਰੀ ਇਕ ਰੂਪ ਕਰ ਦੇਵੇ।
੩੧ ਉਲਟੇ ਹੋਏ ਹਿਰਦੇ ਰੂਪ ਕਮਲ ਨੂੰ ਸਿੱਧਾ ਕਰੇ, ਤਾਂ ਜੋ ਨਾਮ-ਅੰਮ੍ਰਿਤ ਟਿਕ ਸਕੇ।
੩੨ ਵੀਰਵਾਰ ਦਵਾਰਾ ਕਹਿੰਦੇ ਹਨ ਕਿ ਵਿਸ਼ੇ ਰੋੜ੍ਹ ਦੇਵੇ (ਖ਼ਤਮ ਕਰ ਦੇਵੇ)।
੩੩ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਇਕ ਥਾਂ ਕਰੇ। ਭਾਵ ਇਸ ਤੇਹਰੀ ਵੰਡ ਨੂੰ ਛੱਡ ਕੇ ਇਕ ਵਾਹਿਗੁਰੂ ਨੂੰ ਮੰਨੇ।
੩੪ ਕਰਮ, ਗਿਆਨ ਤੇ ਭਗਤੀ ਇਹ ਤ੍ਰੈ ਨਦੀਆਂ ਉਸ ਵਾਹਿਗੁਰੂ ਤ੍ਰਿਬੇਣੀ ਵਿਚ ਹਨ। ਉਥੇ ਦਿਨ-ਰਾਤ ਕਿਉਂ ਨਹੀਂ ਪਾਪਾਂ ਨੂੰ ਧੋਂਦਾ?
੩੫ ਤਿੰਨਾਂ ਦਾ ਜੋੜ। ਏਥੇ ਵਾਹਿਗੁਰੂ ਲਈ ਵਰਤਿਆ ਹੈ।
੩੬ ਪਾਪ।
੩੭ ਸ਼ੁਕਰਵਾਰ ਦੁਆਰਾ ਕਹਿੰਦੇ ਹਨ ਕਿ ਜੋ ਚੰਗੇ ਕੰਮਾਂ ਦੇ ਅਸਰ ਨੂੰ ਜਰਦਾ ਹੈ, ਉਸ ਦਾ ਬ੍ਰਤ ਸੰਪੂਰਨ ਹੁੰਦਾ ਹੈ। ਪੁੰਨ ਕਰਮ ਕਰਨ ਨਾਲ ਹਉਮੈ ਵਿੱਚ ਪੈ ਜਾਣ ਦਾ ਖ਼ਤਰਾ ਹੁੰਦਾ ਹੈ, ਉਸ ਨੂੰ ਜਰਨਾ ਇਕ ਬੜਾ ਬ੍ਰਤ ਹੈ। ਇਥੇ 'ਸੁਕ੍ਰਿਤੁ' ਦੂਹਰੇ ਅਰਥਾਂ ਨਾਲ ਆਇਆ ਹੈ।
੩੮ ਨਿਤ ਆਪਣੇ ਮਨ ਨਾਲ ਜੁੱਧ ਕਰੇ।
੩੯ ਸੁਰਖੀ (ਇੰਦ੍ਰੀਆਂ) ਪੰਜਾਂ ਨੂੰ ਰੋਕੇ।
੪੦ ਤਾਂ ਦ੍ਵੈਤ ਭਾਵ ਵਾਲੀ ਦ੍ਰਿਸ਼ਟੀ ਵਿੱਚ ਕਦੀ ਵੀ ਨਾ ਪਵੇ।
੪੧ ਸਨੀਚਰਵਾਰ।
੪੨ ਬਤੀ। ਜਿਹੜੀ ਪ੍ਰਭ-ਜੋਤ ਦੀ ਬਤੀ ਹਿਰਦੇ ਵਿੱਚ ਹੈ, ਉਸ ਨੂੰ ਟਿਕਾ ਕੇ ਰੱਖੇ।

* [ਵਾਰੁ ਦਾ ਬਹੁ-ਵਚਨ] ਇਹ ਸਤਵਾਰਾ ਹੈ, ਜੋ ਐਤ, ਸੋਮ, ਆਦਿ ਸੱਤਾਂ ਦਿਨਾਂ ਦੇ ਨਾਮ ਉੱਤੇ ਲਿਖਿਆ ਹੋਇਆ ਹੈ।

॥੭॥ ਜਬ ਲਗੁ ਘਟ ਮਹਿ ਦੂਜੀ ਆਨ[੧] ॥ ਤਉ ਲਉ ਮਹਲਿ ਨ ਲਾਭੈ ਜਾਨ ॥ [੨]ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ [੩]ਨਿਰਮਲ ਅੰਗ ॥ ੮ ॥ ੧ ॥

ਰਾਗੁ ਗਉੜੀ ਚੇਤੀ ਬਾਣੀ ਨਾਮਦੇਉ* ਜੀਉ ਕੀ ੴ ਸਤਿਗੁਰ ਪ੍ਰਸਾਦਿ ॥ [੪]ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ[੫] ਨ ਤਰੇ ॥ ੧ ॥ ਰਹਾਉ ॥ ਤਾਰੀਲੇ ਗਨਿਕਾ[੬] [੭]ਬਿਨੁ ਰੂਪ ਕੁਬਿਜਾ ਬਿਆਧਿ[੮] ਅਜਾਮਲੁ[੯] ਤਾਰੀਅਲੇ ॥ [੧੦]ਚਰਨ ਬਧਿਕ[੧੧] ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥ ੧ ॥ [੧੨]ਦਾਸੀ ਸੁਤ ਜਨੁ ਬਿਦਰੁ ਸੁਦਾਮਾ[੧੩] ਉਗ੍ਰਸੈਨ[੧੪] ਕਉ ਰਾਜ ਦੀਏ ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ [੧੫]ਤੇਊ ਤਰੇ ॥ ੨ ॥ ੧ ॥

ਰਾਗੁ ਗਉੜੀ ਰਵਿਦਾਸ† ਜੀ ਕੇ ਪਦੇ ਗਉੜੀ ਗੁਆਰੇਰੀ

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਮੇਰੀ ਸੰਗਤਿ ਪੋਚ[੧੬] ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ[੧੭] ॥ ੧ ॥ ਰਾਮ ਗੁਸਈਆ [੧੮]ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧ ॥ ਰਹਾਉ ॥ ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ[੧੯] ॥ ਚਰਣ ਨ ਛਾਡਉ [੨੦]ਸਰੀਰ ਕਲ ਜਾਈ ॥ ੨ ॥ ਕਹੁ ਰਵਿਦਾਸ ਪਰਉ ਤੇਰੀ ਸਾਭਾ[੨੧] ॥ ਬੇਗਿ[੨੨] ਮਿਲਹੁ ਜਨ ਕਰਿ ਨ ਬਿਲਾਂਬਾ[੨੩] ॥ ੩ ॥ ੧ ॥ ਬੇਗਮ ਪੁਰਾ[੨੪] ਸਹਰ ਕੋ ਨਾਉ ॥ ਦੂਖੁ ਅੰਦੋਹੁ[੨੫] ਨਹੀ ਤਿਹਿ ਠਾਉ ॥ ਨਾਂ ਤਸਵੀਸ[੨੬] ਖਿਰਾਜੁ[੨੭] ਨ ਮਾਲੁ ॥ ਖਉਫੁ ਨ ਖਤਾ[੨੮] ਨ ਤਰਸੁ[੨੯] ਜਵਾਲੁ[੩੦] ॥ ੧ ॥ [੩੧]ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥ [੩੨]ਕਾਇਮੁ ਦਾਇਮੁ ਸਦਾ ਪਾਤਿਸਾਹੀ ॥ [੩੩]ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ[੩੪] ਸਦਾ ਮਸਹੂਰ ॥ ਊਹਾਂ [੩੫]ਗਨੀ ਬਸਹਿ ਮਾਮੂਰ ॥ ੨ ॥ ਤਿਉ ਤਿਉ [੩੬]ਸੈਲ ਕਰਹਿ ਜਿਉ ਭਾਵੈ ॥ [੩੭]ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ[੩੮] ਚਮਾਰਾ ॥ ਜੋ ਹਮ ਸਹਰੀ[੩੯] ਸੁ ਮੀਤੁ ਹਮਾਰਾ ॥ ੩ ॥ ੨ ॥

ੴ ਸਤਿਗੁਰ ਪ੍ਰਸਾਦਿ ॥ ਗਉੜੀ ਬੈਰਾਗਣਿ ਰਵਿਦਾਸ ਜੀਉ ॥

[੪੦]ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥ [੪੧]ਕੋ ਬਨਜਾਰੋ ਰਾਮ ਕੋ

੧ ਇੱਜ਼ਤ, ਸ਼ਰਨ ਲੈਣ ਦਾ ਭਾਵ। ਜਦ ਤੱਕ ਕਿਸੇ ਹੋਰ ਦੀ ਸ਼ਰਨ ਦਾ ਖ਼ਿਆਲ ਦਿਲ ਵਿੱਚ ਹੈ।
੨ ਰਾਮ ਸਿਮਰਦਿਆਂ ਰਾਮ ਨਾਲ ਪਿਆਰ ਲੱਗਾ।
੩ ਸਰੀਰਕ ਅੰਗ ਪਵਿੱਤਰ ਹੁੰਦੇ ਹਨ।
੪ ਹੇ ਦੇਵ! ਤੂੰ ਪੱਥਰਾਂ ਉੱਤੇ 'ਰਾਮ ਰਾਮ' ਲਿਖ ਕੇ ਸਮੁੰਦਰ ਉੱਤੇ ਤਾਰੇ ਸਨ, ਮਨੁੱਖ "ਰਾਮ" ਕਹਿਣ ਨਾਲ ਕਿਵੇਂ ਨਹੀਂ ਤਰਨਗੇ? ਲੰਕਾ ਜਾਣ ਲਈ ਸਮੁੰਦਰ ਉੱਤੇ ਪੁਲ ਬੰਨ੍ਹਣ ਵਾਲੀ ਕਹਾਣੀ ਵੱਲ ਇਸ਼ਾਰਾ ਹੈ।
੫ ਕਿਵੇਂ?
੬ ਵੇਸਵਾ ਜੋ ਤੋਤੇ ਨੂੰ 'ਰਾਮ ਰਾਮ' ਪੜ੍ਹਾਂਦੀ ਆਪ ਤਰ ਗਈ ।
੭ ਕਸੋਹਣੀ ਕੁੱਬੀ ਜੋ ਕੰਸ ਦੀ ਗਾਂਧਣ ਸੀ। ਕ੍ਰਿਸ਼ਨ ਜੀ ਨੇ ਇਸ ਤੋਂ ਸੁਗੰਧ ਵਾਲਾ ਲੇਪ ਮੰਗਿਆ ਜੋ ਉਸ ਨੇ ਪ੍ਰੇਮ ਨਾਲ ਦਿੱਤਾ। ਕ੍ਰਿਸ਼ਨ ਜੀ ਨੇ ਉਸ ਦੇ ਪੈਰ 'ਤੇ ਅੰਗੂਠਾ ਅਤੇ ਠੋਡੀ ਹੇਠਾਂ ਹੱਥ ਰੱਖ ਕੇ ਹੁਝਕਾ ਦਿੱਤਾ ਤੇ ਉਸ ਦਾ ਕੁੱਬ ਜਾਂਦਾ ਰਿਹਾ।
੮ ਸ਼ਿਕਾਰੀ। ਇਹ ਅਜਾਮਲ ਦਾ ਵਿਸ਼ੇਸ਼ਣ ਹੈ।
੯ ਇਕ ਦੁਰਾਚਾਰੀ ਬ੍ਰਾਹਮਣ, ਜਿਸ ਨੇ ਵੇਸਵਾ ਨਾਲ ਵਿਆਹ ਕੀਤਾ, ਛੋਟੇ ਪੁੱਤਰ ਦਾ ਨਾਉਂ ਨਾਰਾਇਣ ਹੋਣ ਕਰ ਕੇ ਨਾਰਾਇਣ ਦਾ ਭਗਤ ਹੋ ਕੇ ਮੁਕਤ ਹੋਇਆ।
੧੦ ਚਰਨਾਂ ਨੂੰ ਤੀਰ ਮਾਰਨ ਵਾਲੇ ਆਦਮੀ, ਇਹੋ ਜਿਹੇ ਮੁਕਤ ਹੋ ਗਏ।
੧੧ ਸ਼ਿਕਾਰੀ, ਜਿਸ ਨੇ ਕ੍ਰਿਸ਼ਨ ਜੀ ਦੇ ਪੈਰ ਵਿੱਚ ਦੂਰੋਂ ਪਦਮ ਤੱਕਿਆ ਤੇ ਇਸ ਨੂੰ ਹਿਰਨ ਦੀ ਅੱਖ ਸਮਝ ਕੇ ਨਿਸ਼ਾਨਾ ਮਾਰਿਆ, ਪਿੱਛੋਂ ਪਸ਼ਚਾਤਾਪ ਕੀਤਾ ਤੇ ਬਖ਼ਸ਼ਿਆ ਗਿਆ।
੧੨ ਦਾਸੀ ਦਾ ਪੁੱਤਰ; ਵਿਦੁਰ ਭਗਤ ਜੋ ਪਾਂਡੋ ਦਾ ਮਤੇਆ ਭਰਾ ਗੋਲੀ ਵਿੱਚੋਂ ਸੀ।
੧੩ ਕ੍ਰਿਸ਼ਨ ਜੀ ਦਾ ਜਮਾਤੀ ਜੋ ਨਿਰਧਨ ਸੀ, ਆਪਣੀ ਗਰੀਬੀ ਦੂਰ ਕਰਨ ਲਈ ਵਹੁਟੀ ਦਾ ਭੇਜਿਆ ਕ੍ਰਿਸ਼ਨ ਜੀ ਨੂੰ ਮਿਲਣ ਗਿਆ ਤੇ ਮਨ-ਬਾਂਛਤ ਫਲ ਪਰਾਪਤ ਕੀਤੇ।
੧੪ ਕੰਸ ਦਾ ਪਿਉ। ਕੰਸ ਨੂੰ ਮਾਰਨ ਪਿੱਛੋਂ ਰਾਜ ਇਸੇ ਨੂੰ ਮਿਲਿਆ। ਪਹਿਲਾਂ ਭੀ ਇਹ ਰਾਜਾ ਸੀ, ਪਰ ਕੰਸ ਨੇ ਇਸ ਤੋਂ ਰਾਜ ਖੋਹ ਲਿਆ ਸੀ ਤੇ ਆਪ ਗੱਦੀ 'ਤੇ ਹੋ ਬੈਠਾ ਸੀ।
੧੫ ਏਹੋ ਜੇਹੇ ਤਰ ਗਏ (ਤੇ ਕੀ ਮੈਂ ਨਹੀਂ ਤਰਾਂਗਾ?)।
੧੬ ਭੇਡ਼ੀ। ਮੈਨੂੰ ਦਿਨ ਰਾਤ ਏਹੋ ਸੋਚ ਰਹਿੰਦੀ ਹੈ ਕਿ ਮੇਰੀ ਸੰਗਤ ਮਾੜੀ ਹੈ, ਕੰਮ ਖੋਟ ਵਾਲੇ ਹਨ ਅਤੇ ਜਨਮ ਨੀਚ ਕੌਮ ਵਿੱਚ ਹੋਇਆ।
੧੭ ਭੇਡ਼ੀ ਭਾਂਤ ਦਾ, ਨੀਚ।
੧੮ ਹੇ ਪ੍ਰਾਣਾਂ ਦੀ ਜ਼ਿੰਦਗੀ ਰੂਪ!
੧੯ ਚੰਗੀ ਭਾਵਨਾ ਵਾਲਾ।
੨੦ ਸਰੀਰੋਂ ਦੀ ਕਲਾ (ਬਨਾਵਟ)।
੨੧ ਸਾਂਭ ਵਿੱਚ, ਸ਼ਰਨ ਵਿੱਚ।
੨੨ ਛੇਤੀ। ੨੩ ਦੇਰੀ।
੨੪ ਉਹ ਪੁਰੀ ਜਿਥੇ ਗ਼ਮ ਨਹੀਂ ਹੈਂ। ਲੋਕਾਂ ਦੇ ਕਲਪੇ ਹੋਏ ਸੁਰਗਾਂ ਦੇ ਮੁਕਾਬਲੇ 'ਤੇ ਆਤਮਕ ਸੁਖ ਦੀ ਅਵਸਥਾ ਦਾ ਵਰਣਨ ਹੈ।
੨੫ (ਫ਼ਾਰਸੀ-ਅੰਦੋਹ) ਚਿੰਤਾ।
੨੬ (ਅਰਬੀ-ਤਸ਼ਵੀਸ਼) ਘਬਰਾਹਟ, ਸੋਚ।
੨੭ ਕਰ, ਟੈਕਸ।
੨੮ ਉਕਾਈ, ਦੋਸ਼।
੨੯ (ਫ਼ਾਰਸੀ) ਡਰ।
੩੦ ਘਾਟਾ।
੩੧ ਹੁਣ ਚੰਗੀ ਵਤਨ-ਗਾਹ (ਥਾਂ) ਲੱਭ ਪਈ ਹੈ, ਜਿਥੇ ਸਦਾ ਹੀ ਸੁੱਖ ਹੈ।
੩੨ ਸਦਾ ਅਟੱਲ।
੩੩ ਉਥੇ ਦੂਆ ਤੀਆ ਦਰਜਾ ਕਿਸੇ ਦਾ ਨਹੀਂ ਹੈ, ਸਭ ਇਕੋ ਜਿਹੇ ਹਨ।
੩੪ ਆਬਾਦੀ।
੩੫ ਧਨੀ ਤੇ ਮਾਮੂਰ (ਰੱਜੇ ਹੋਏ) ਵੱਸਦੇ ਹਨ।
੩੬ ਭਾਵ ਅਚਿੰਤ ਆਪਣੀ ਮਰਜ਼ੀ ਨਾਲ ਫਿਰਦੇ ਹਨ।
੩੭ ਮਹੱਲ ਦੇ ਵਾਕਫ਼ ਹਨ, ਇਸ ਲਈ ਉਥੇ ਜਾਣੋਂ ਕੋਈ ਰੋਕਦਾ ਨਹੀਂ ਹੈ।
੩੮ ਆਜ਼ਾਦ ਹੋਇਆ, ਹੋਇਆ।
੩੯ ਇਕੋ ਸ਼ਹਿਰ ਦੇ ਵੱਸਣ ਵਾਲਾ, ਸਤਸੰਗੀ।
੪੦ ਘਟ (ਰਸਤਾ) ਬੜਾ ਅਵਘਟ (ਔਖਾ) ਤੇ ਬਹੁਤਾ ਪਹਾੜੀ ਹੈ ਤੇ ਮੇਰਾ ਸਰੀਰ ਰੂਪ ਬਲਦ ਨਿਕੰਮਾ ਹੈ, ਪਰਮਾਰਥ ਦਾ ਰਾਹ ਔਖਾ ਹੈ ਤੇ ਮੇਰਾ ਜਤਨ ਥੋੜ੍ਹਾ ਹੈ।
੪੧ ਮੇਰੀ ਖੇਪ ਤਾਂ ਲੱਦੀ ਜਾ ਰਹੀ ਹੈ, ਕੋਈ ਐਸਾ ਰਾਮ ਦਾ ਵਣਜਾਰਾ ਹੈ ਜੋ ਮੇਰੇ ਨਾਲ ਤੁਰੇ?

* ਮਹਾਰਾਸ਼ਟਰ ਦੇ ਇਕ ਉਘੇ ਭਗਤ, ਜਿਨ੍ਹਾਂ ਦਾ ਜਨਮ ਸੰਨ ੧੨੭੦ ਵਿੱਚ ਜ਼ਿਲ੍ਹਾ ਸਤਾਰਾ ਦੇ ਨਰਸੀ ਵਾਮਨੀ ਪਿੰਡ ਵਿੱਚ ਹੋਇਆ, ਬਹੁਤ ਚਿਰ ਤਾਈਂ ਪੰਡਰਪੁਰ ਵਿੱਚ ਰਹੇ ਅਤੇ ਉਥੇ ਹੀ ੧੩੫੦ ਵਿੱਚ ਦੇਹਾਂਤ ਹੋਇਆ। ਕੰਮ ਛੀਂਬੇ ਦਾ ਕਰਦੇ ਸਨ। ਇਨ੍ਹਾਂ ਦੀ ਬਾਣੀ ਦੇ ਪਦਿਆਂ ਨੂੰ 'ਆਭੰਗ' ਕਹਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮਰਹਟੀ ਵਿੱਚ ਤੇ ਕੁਝ ਹਿੰਦੀ ਵਿੱਚ ਹਨ। ਇਨ੍ਹਾਂ ਹਿੰਦੀ ਪਦਿਆਂ ਵਿੱਚੋਂ ਕੁਝ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੜ੍ਹਾਏ ਗਏ ਹਨ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਨ ਵਿੱਚ ਵੀ ਨਾਮਦੇਵ ਜੀ ਦਾ ਮੰਦਰ ਹੈ, ਜਿਸ ਦੀ ਸੇਵਾ ਸ: ਜੱਸਾ ਸਿੰਘ ਜੀ ਰਾਮਗੜ੍ਹੀਏ ਨੇ ਕਰਾਈ ਅਤੇ ਜਿਸ ਦਾ ਤਲਾਅ ਰਾਣੀ ਸਦਾ ਕੌਰ ਨੇ ਬਣਵਾ ਦਿੱਤਾ।

† ਦੇਖੋ ਪੰਨਾ ੯੩, ਫੁਟ ਨੋਟ ‡।

ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥ ਰਹਾਉ ॥ ਹਉ ਬਨਜਾਰੋ ਰਾਮ ਕੋ ਸਹਜ[੧] ਕਰਉ ਬ੍ਯਾਪਾਰੁ ॥ ਮੈ ਰਾਮ ਨਾਮ ਧਨੁ ਲਾਦਿਆ ਬਿਖੁ[੨] ਲਾਦੀ ਸੰਸਾਰਿ ॥ ੨ ॥ [੩]ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ [੪]ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥ ੩ ॥ ਜੈਸਾ ਰੰਗੁ ਕਸੁੰਭ[੫] ਕਾ ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ[੬] ਕਾ ਕਹੁ ਰਵਿਦਾਸ ਚਮਾਰ ॥ ੪ ॥ ੧ ॥

ਗਉੜੀ ਪੂਰਬੀ ਰਵਿਦਾਸ ਜੀਉ ੴ ਸਤਿਗੁਰ ਪ੍ਰਸਾਦਿ ॥

ਕੂਪੁ[੭] ਭਰਿਓ ਜੈਸੇ ਦਾਦਿਰਾ[੮] ਕਛੁ ਦੇਸੁ ਬਿਦੇਸੁ ਨ ਬੂਝ ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ[੯] ਕਛੁ ਆਰਾ ਪਾਰੁ[੧੦] ਨ ਸੂਝ ॥ ੧ ॥ [੧੧]ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥ [੧੨]ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥ ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥ [੧੩]ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥ ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥ ੩ ॥ ੧ ॥

ਗਉੜੀ ਬੈਰਾਗਣਿ ੴ ਸਤਿਗੁਰ ਪ੍ਰਸਾਦਿ ॥

[੧੪]ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥ ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ [੧੫]ਆਵਾ ਗਵਨੁ ਬਿਲਾਇ ॥ ੧ ॥ ਰਹਾਉ ॥ [੧੬]ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥ ੨ ॥ [੧੭]ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ ੩ ॥ [੧੮]ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ [੧੯]ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥ *ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ [੨੦]ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ ੬ ॥ [੨੧]ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥ ੭ ॥ ਅਨਿਕ ਜਤਨ ਨਿਗ੍ਰਹ[੨੨] ਕੀਏ ਟਾਰੀ[੨੩] ਨ ਟਰੈ [੨੪]ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥ ੮ ॥ ੧ ॥

੧ ਚੌਥੇ ਪਦ ਦਾ। 'ਸਹਜ' ਲਈ ਦੇਖੋ ਪੰਨਾ ੬੮।

੨ ਮਾਇਆ ਰੂਪ ਜ਼ਹਿਰ।

੩ ਹੇ ਲੋਕ ਪ੍ਰਲੋਕ ਦੇ ਜਾਨਣ ਵਾਲਿਓ (ਚਿੱਤਰ ਗੁਪਤੋ)! ਤੁਸੀਂ ਬੇਸ਼ਕ ਊਲ-ਜਲੂਲ ਲਿਖ ਲਵੋ, ਮੈਨੂੰ ਤਾਂ ਡੰਨ ਲੱਗ ਹੀ ਨਹੀਂ ਸਕਦਾ, ਮੈਂ ਤਾਂ ਸਾਰੇ ਮਾਇਆ ਦੇ ਧੰਧੇ ਛੱਡ ਦਿੱਤੇ ਹਨ, (ਭਾਵ ਮੈਂ ਤਿਆਗੀ ਹਾਂ। ਮਸੂਲ ਵਾਲੀ ਚੀਜ਼ ਮੇਰੇ ਪਾਸ ਹੈ ਹੀ ਨਹੀਂ)।

੪ [ਆਕਾਸ਼ ਪਤਾਲ] ਹੇਠ ਉੱਤੇ, ਉਲਟ-ਪੁਲਟ, ਉਲ-ਜਲੂਲ।

੫ ਕਸੁੰਭੇ ਦੇ ਫੁੱਲ ਦਾ ਰੰਗ ਕੱਚਾ ਹੁੰਦਾ ਹੈ।

੬ ਮਜੀਠ ਦਾ ਰੰਗ ਪੱਕਾ ਹੁੰਦਾ ਹੈ।

੭ ਖੂਹ।

੮ ਡੱਡੂ।

੯ ਚੰਗੀ ਤਰ੍ਹਾਂ ਮੋਹਿਆ।

੧੦ ਪਾਰ-ਉਰਾਰ, ਚੰਗਾ-ਮੰਦਾ।

੧੧ ਹੇ ਸਾਰੇ ਲੋਕਾਂ ਦੇ ਮਾਲਕ!

੧੨ ਹੇ ਮਾਧੋ (ਵਾਹਿਗੁਰੂ)! ਮੇਰੀ ਮੱਤ ਮਲੀਨ ਹੋ ਗਈ ਹੈ, ਇਸ ਲਈ ਤੇਰੀ ਗਤੀ (ਹਾਲਤ) ਸਮਝ ਨਹੀਂ ਸਕਦਾ।

੧੩ ਵੱਡੇ ਜੋਗੀ ਵੀ ਤੇਰੇ ਗੁਣ ਸਮਝ ਨਹੀਂ ਸਕਦੇ, ਕਿਉਂਕਿ ਉਹ ਕਥਨ ਨੂੰ ਅਪਾਰ ਹਨ (ਬਿਆਨ ਤੋਂ ਬਾਹਰ ਹਨ), ਮੈਂ ਤਾਂ ਕੇਵਲ ਪ੍ਰੇਮ ਦਾ ਬੱਧਾ ਕਥਨ ਕਰਦਾ ਹਾਂ।

੧੪ ਸਤਜੁਗ ਵਿੱਚ ਸੱਚ ਪ੍ਰਧਾਨ ਸੀ, ਤ੍ਰੇਤੇ ਵਿੱਚ ਯੱਗ ਕਰਨੇ ਤੇ ਦੁਆਪਰ ਵਿੱਚ ਪੂਜਾ ਆਚਾਰ (ਪੂਜਾ ਆਦਿਕ ਕਰਮ)। ਤਿੰਨਾਂ ਜੁੱਗਾਂ ਵਿੱਚ ਇਹ ਤਿੰਨ ਕਰਮ ਪ੍ਰਵਿਰਤ ਸਨ, ਪਰ ਕਲਜੁਗ ਵਿੱਚ ਤਾਂ ਕੇਵਲ ਹਰੀ ਦੇ ਨਾਮ ਦਾ ਹੀ ਆਸਰਾ ਹੈ।

੧੫ ਜੂਨਾਂ ਵਿੱਚ ਆਉਣਾ-ਜਾਣਾ ਦੂਰ ਹੋ ਜਾਵੇ।

੧੬ ਕਈ ਕਿਸਮ ਦੇ ਕਰਮ ਨਿਰੂਪਨ ਕੀਤੇ (ਨਿਰਣਾ ਕਰ ਕੇ ਦੱਸੇ) ਜਾਂਦੇ ਹਨ, ਤੇ ਜਗਤ ਉਨ੍ਹਾਂ ਨੂੰ ਕਰਦਾ ਵੀ ਨਜ਼ਰ ਆ ਰਿਹਾ ਹੈ, ਪਰ ਓਹ ਕਰਮ ਕਿਹੜੇ ਹਨ, ਜਿਨ੍ਹਾਂ ਨਾਲ ਛੁਟਕਾਰਾ ਹੋ ਸਕੇ ਤੇ ਜਿਨ੍ਹਾਂ ਦੇ ਸਾਧਨ ਨਾਲ ਸਿੱਧੀ ਪ੍ਰਾਪਤ ਹੋਵੇ?

੧੭ ਚੰਗੇ-ਮੰਦੇ ਕਰਮ ਵਿਚਾਰਿਆਂ ਤੇ ਵੇਦਾਂ ਪੁਰਾਣਾਂ ਨੂੰ ਸੁਣਿਆ ਸ਼ੰਕਾ ਪੈਦਾ ਹੁੰਦੀ ਹੈ। ਇਹ ਸ਼ੰਕਾ ਸਦਾ ਹਿਰਦੇ ਵਿੱਚ ਰਹਿੰਦੀ ਹੈ ਕਿ ਕਰਮਾਂ ਨਾਲ ਤਾਂ ਹੰਕਾਰ ਪੈਦਾ ਹੁੰਦਾ ਹੈ, ਉਸ ਨੂੰ ਦੂਰ ਕੌਣ ਕਰੇ?

੧੮ (ਮਸਲਨ ਸਰੀਰਕ ਇਸ਼ਨਾਨ ਇਕ ਧਾਰਮਕ ਕੰਮ ਗਿਣਿਆ ਜਾਂਦਾ ਹੈ) ਪਰ ਸਰੀਰ ਦੇ ਬਾਹਰਲੇ ਪਾਸੇ ਨੂੰ ਪਾਣੀ ਨਾਲ ਧੋਵੀਏ, ਤਾਂ ਦਿਲ ਵਿੱਚ ਫਿਰ ਭੀ ਕਈ ਤਰ੍ਹਾਂ ਦੇ ਵਿਕਾਰ (ਮੰਦੇ ਖ਼ਿਆਲ) ਟਿਕੇ ਰਹਿੰਦੇ ਹਨ।

੧੯ ਸ਼ੁੱਧ ਕਿਵੇਂ ਹੋਵੇਗਾ? ਇਹ ਸੁੱਚ ਵਿਹਾਰ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ, ਜੋ ਨਹਾ ਕੇ, ਪਿੱਛੋਂ ਮੁੜ ਖੇਹ ਪਾ ਲੈਂਦਾ ਹੈ।

੨੦ ਗਿਆਨ ਪਦ ਵਿੱਚ ਪੁੱਜਾ ਮਨ ਆਪਣੇ ਸਰੂਪ ਵਿੱਚ ਹੀ ਹਰੀ ਨੂੰ ਲੱਭ ਲੈਂਦਾ ਹੈ, ਤੇ ਉਸ ਦੇ ਕਰੜੇ ਦਰਵਾਜ਼ੇ (ਜੋ ਅੱਗੇ ਬੰਦ ਸਨ ਤੇ ਜਿਨ੍ਹਾਂ ਨੇ ਗਿਆਨ ਨੂੰ ਲੁਕਾਇਆ ਹੋਇਆ ਸੀ) ਖੁਲ੍ਹ ਜਾਂਦੇ ਹਨ। ਉਨਮਨ ਦੇ ਵਿਸਥਾਰ ਨਾਲ ਕੀਤੇ ਅਰਥ ਦੇਖਣੇ ਹੋਣ ਤਾਂ ਪੜ੍ਹੋ 'ਪ੍ਰਾਣਸੰਗਲੀ' ਦਾ ਚੌਥਾ ਅਧਿਆਇ।

੨੧ ਜਦੋਂ ਭਗਤੀ ਦੀ ਜੁਗਤੀ ਆਈ ਤੇ ਮਤ ਸੱਚ ਵਾਲੀ ਹੋਈ, ਜਦੋਂ ਭਰਮ ਦੇ ਬੰਧਨ ਤੇ ਵਿਕਾਰ ਕੱਟ ਦਿੱਤੇ, ਫਿਰ ਉਹ ਜੀਵ ਹਰੀ ਵਿੱਚ ਵੱਸ ਕੇ ਮਨ ਦੇ ਪ੍ਰੇਮ ਨਾਲ ਮਿਲਿਆ ਤੇ ਇਕ ਨਿਰਗੁਣ ਸਰੂਪ ਵਾਹਿਗੁਰੂ ਦੇ ਗੁਣਾਂ ਦੇ ਵਿਚਾਰ ਵਿੱਚ ਲੱਗਾ।

੨੨ ਮਨ ਨੂੰ ਰੋਕਣ ਦੀ ਕ੍ਰਿਆ।

੨੩ ਟਾਲਿਆਂ।

੨੪ ਭਰਮ ਦੀ ਫਾਹੀ (ਟਾਲਿਆ ਨਹੀਂ ਟਲਦੀ। ਹਠ ਆਦਿ ਦੇ ਤਰੀਕੇ ਸਫਲਤਾ ਨਹੀਂ ਦਿੰਦੇ। ਭਗਤੀ ਹੀ ਅਸਲ ਮਾਰਗ ਹੈ)।

* ਯਥਾ (ਜਿਵੇਂ) ਸੂਰਜ ਦੇ ਚੜ੍ਹਨ ਨਾਲ ਰਜਨੀ (ਰਾਤ) ਚਲੀ ਜਾਂਦੀ ਹੈ, ਇਹ ਗੱਲ ਸਾਰੇ ਸੰਸਾਰ ਵਿੱਚ ਪ੍ਰਤੱਖ ਹੈ; ਅਤੇ ਜਿਵੇਂ ਪਾਰਸ ਨਾਲ ਤਾਂਬਾ ਛੋਹਣ ਤੇ ਸੋਨਾ ਬਣਨ ਵਿੱਚ ਦੇਰੀ ਨਹੀਂ ਲੱਗਦੀ, ਤਿਵੇਂ ਲਿਲਾਟ (ਮੱਥੇ) 'ਤੇ ਪਿੱਛਲੇ ਲੇਖ ਲਿਖੇ ਅਨੁਸਾਰ ਗੁਰੂ ਪਰਮ-ਪਾਰਸ ਨੂੰ ਛੋਹ ਕੇ ਸ਼ੁਧ ਹੋਈਦਾ ਹੈ।-